# ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ



ਕੁਲਬੀਰ ਸਿੰਘ ਸਿੱਧੂ



**Kulbir Singh Sidhu**
IAS ( Retd.)
Formerly
Divisional Commissioner

*Original with;*
Kulbir Singh Sidhu(I.A.S)
*Digitized by;*
Panjab Digital Library

*Original with;*
Kulbir Singh Sidhu(I.A.S)
*Digitized by;*
Panjab Digital Library

Original with;
Kulbir Singh Sidhu(I.A.S)
Digitized by;
Panjab Digital Library

## ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ

ਇਹ ਪੁਸਤਕ ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਵਿਚ ਨਿਘਾਰ, ਭਰੂਣ ਹੱਤਿਆ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਾਂ ਬੋਲੀ ਦੀ ਦੁਰਦਸ਼ਾ, ਕਿਰਸਾਣੀ ਦੀ ਬੇਕਦਰੀ, ਪਾਣੀਆਂ ਦੀ ਸਮੱਸਿਆ, ਨੌਜਵਾਨਾਂ ਵਿਚ ਬੇਰੁਜ਼ਗਾਰੀ ਤੇ ਨਸ਼ਿਆਂ-ਪੱਤਿਆਂ ਵਿਚ ਖੁਰਦੀ ਜਾ ਰਹੀ ਜਵਾਨੀ ਜਿਹੀਆਂ ਪੰਜਾਬੀਆਂ ਦੀ ਹੋਣੀ ਬਣ ਚੁੱਕੀਆਂ ਸਮੱਸਿਆਵਾਂ ਦੀ ਬਾਤ ਪਾਉਂਦੀ ਹੈ।

ਫਿਰ ਇਹ ਰਚਨਾ ਬੰਦਗੀਨਾਮੇ ਵਜੋਂ ਆਪਣੇ ਸੋਹਣੇ ਪੰਜਾਬ ਦੇ ਮਹਾਨ ਪੁਰਖਿਆਂ ਵਲੋਂ ਵਰੋਸਾਏ ਸ਼ਾਨਾਮੱਤੇ ਇਤਿਹਾਸ ਤੇ ਅਮੀਰ ਸਭਿਆਚਾਰ ਦਾ ਵਾਸਤਾ ਪਾ ਕੇ ਆਪਣੇ ਧਾਰਮਿਕ, ਸਮਾਜਿਕ ਤੇ ਸਿਆਸੀ ਆਗੂਆਂ ਨੂੰ ਅਰਜ਼ੋਈ ਮਾਤਰ ਸੁਚੇਤ ਕਰਦੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਪੰਜਾਬ ਦੇ ਸਹੀ ਰਹਿਨੁਮਾ ਬਣਾ ਜਾਈਏ।

*Original with;*
Kulbir Singh Sidhu(I.A.S)
*Digitized by;*
Panjab Digital Library

## ਲੇਖਕ ਦੀ ਕਲਮ ਤੋਂ.......

1) ਚਾਨਣ ਦਾ ਬਾਗ਼
(ਜ਼ਿਲ੍ਹਾ ਬਠਿੰਡਾ ਅਤੇ ਫ਼ਿਰੋਜ਼ਪੁਰ ਦਾ ਚੋਣਵਾਂ ਕਿੱਸਾ ਕਾਵਿ)
2) ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ
(ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੀਵਨੀ ਤੇ ਖਾਲਸਾ ਸਿਰਜਣਾ)
3) ਸਰਸਵਤੀ ਤੋਂ ਸਤਲੁਜ ਤੇ ਸਿੰਧ ਤੱਕ
(ਪੰਜਾਬੀ ਸਭਿਅਤਾ ਦੇ ਤ੍ਰਿਵੈਣੀ ਦਿਸਹੱਦੇ)
4) ਕਾਮਰੇਡਜ਼-ਇਨ-ਆਰਮਜ਼
(ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ)
5) ਮਹਾਨ ਗੁਰੂ ਦਾ ਮਹਾਨ ਬੰਦਾ
(ਬਾਬਾ ਬੰਦਾ ਸਿੰਘ ਬਹਾਦਰ)
6) ਸ਼ਬਦਾਂ ਦੇ ਕਾਫ਼ਲੇ
(ਪੰਜਾਬੀ ਸਭਿਆਚਾਰ ਤੇ ਸਾਡੀ ਬਦਲਦੀ ਜਾ ਰਹੀ ਜੀਵਨਸ਼ੈਲੀ)
7) ਧੁਖਦੇ ਮਸਲੇ-ਭਖਦਾ ਪੰਜਾਬ

*Original with;*
Kulbir Singh Sidhu(I.A.S)
*Digitized by;*
Panjab Digital Library

# ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ

ਕੁਲਬੀਰ ਸਿੰਘ ਸਿੱਧੂ

ਸੰਗਮ ਪਬਲੀਕੇਸ਼ਨਜ਼, ਸਮਾਣਾ

*Original with;*
Kulbir Singh Sidhu(I.A.S)
*Digitized by;*
Panjab Digital Library

# Badrang Ho Riha Punjabi Sabhayachar

by

**Kulbir Singh Sidhu, IAS ( Retd.)**

**Formerly Commissioner**

# 1374, Sector 68, Mohali

Sahibzada Ajit Singh Nagar

Mobile : 98140-32009 / 98140-15329

Email : Kulbirsinghsidhuias@gmail.com

© Author

23rd May, 2014

ISBN 978-93-83654-80-2

**Price Rs.425/-**

Published by

**Sangam Publications**

Sekhon Colony, near bus stand

Samana-147101, Distt. Patiala (Pb.)

Ph. 01764-223047

Mob. 99151-03490, 98152-43917

Printed & Bound at:

Aarna Printing Solutions, Patiala

Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

*Original with;*
Kulbir Singh Sidhu(I.A.S)
*Digitized by;*
Panjab Digital Library

# ਸਮਰਪਣ

ਇਹ ਰਚਨਾ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਸਾਡੇ ਸਭ ਦੇ ਸਾਂਝੇ-ਬਾਬੇ ਸਭਿਆਚਾਰ, ਤਾਏ ਵਿਰਸੇ, ਤਾਈ ਸਚਿਆਰ ਤੇ ਉਨ੍ਹਾਂ ਦੀ ਧੀ-ਧਿਆਣੀ ਪੰਜਾਬੀ ਵਿਰਾਸਤ ਨੂੰ ਬੰਦਗੀਨਾਮੇ ਵਜੋਂ ਸਮਰਪਿਤ ਹੈ।

ਇਸ ਦੇ ਨਾਲ ਹੀ ਮੇਰੀ ਇਹ ਰਚਨਾ ਸਾਡੇ ਪਿਤਾ ਜੀ ਸ੍. ਅਜਮੇਰ ਸਿੰਘ ਸਿੱਧੂ ਤੇ ਮਾਤਾ ਜੀ ਮਹਿੰਦਰਪਾਲ ਕੌਰ ਦੇ ਪਰਿਵਾਰ ਵਿਚ ਤਿੰਨ ਭਰਾਵਾਂ ਤੇ ਇਕ ਭੈਣ ਦੀ ਪੀੜ੍ਹੀ ਤੋਂ ਅੱਗੇ ਹੁਣ ਸਾਡੇ ਬੱਚਿਆਂ ਦੀ ਪੀੜ੍ਹੀ ਵਿਚ ਆਪਣੀ ਦਾਦੀ-ਭੂਆ ਸੁਖਦੀਪ ਕੌਰ ਦੇ ਜਨਮ ਤੋਂ 60 ਸਾਲ ਬਾਅਦ ਮਿਤੀ 23 ਮਈ 2011 ਨੂੰ ਆਈ ਸਾਡੀ 'ਪਲੇਠੀ ਤੇ ਇਕਲੌਤੀ ਧੌਲਾਂ-ਪੋਤੀ' ਕੁੰਵਰ ਗੁਣਤਾਸ ਕੌਰ ਨੂੰ ਉਸ ਦੇ ਤੀਜੇ ਸ਼ੁਭ ਜਨਮ-ਦਿਨ 'ਤੇ ਵਧਾਈ ਵਜੋਂ ਇਕ ਸਨੇਹ ਭਰੀ ਸੁਗਾਤ ਹੈ।

*Original with;*
Kulbir Singh Sidhu(I.A.S)
*Digitized by;*
Panjab Digital Library

# ਅਰਜ਼ੋਈ

ਮਨੁੱਖਤਾ ਦੀਆਂ ਪੀੜ੍ਹੀਆਂ ਮੁਢ-ਕਦੀਮ ਤੋਂ ਹੀ ਨਿਰੰਤਰ ਚਲ ਰਹੀਆਂ ਹਨ। ਮਨੁੱਖੀ ਪੀੜ੍ਹੀਆਂ ਦੀ ਲੜੀ ਵਿਚ ਪਰੌੜ੍ਹ-ਪੀੜ੍ਹੀ ਹਮੇਸ਼ਾਂ ਹੀ ਬਜ਼ੁਰਗਾਂ ਤੇ ਬੱਚਿਆਂ ਦੇ ਦਰਮਿਆਨ ਬੜੀ ਅਹਿਮ ਕੜੀ ਰਹੀ ਹੈ। ਇਉਂ ਹੀ ਅਜੋਕੇ ਸਮੇਂ ਵਿਚ ਹੁਣ ਬਜ਼ੁਰਗੀ ਨੂੰ ਪਹੁੰਚ ਚੁਕੀ ਸਾਡੀ ਪੀੜ੍ਹੀ ਦਾ ਇਹ ਇਕ ਨੈਤਿਕ ਤੇ ਸਭਿਆਚਾਰਕ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਸਾਡੀਆਂ ਬੀਤ ਚੁੱਕੀਆਂ ਪੀੜ੍ਹੀਆਂ ਦੇ ਸਚਿਆਰੇ ਜੀਵਨ ਤੇ ਸਭਿਆਚਾਰ ਨਾਲ ਵਾਬਸਤਾ ਕਰੀਏ।

ਇਸ ਸੰਦਰਭ ਵਿਚ ਮੈਂ ਪਹਿਲ-ਪ੍ਰਿਥਮੇ ਆਪਣੇ ਮਹਾਨ ਪੁਰਖਿਆਂ ਦੇ ਮਹਾਨ ਫ਼ਲਸਫ਼ੇ ਤੇ ਕੁਰਬਾਨੀਆਂ ਨੂੰ ਆਪਣੀ ਅਜੋਕੀ ਪਰੌੜ੍ਹ-ਪੀੜ੍ਹੀ ਦਾ ਇਕ ਬਸ਼ਰ ਹੋਣ ਦੇ ਨਾਤੇ ਸਿਜਦਾ ਕਰਦਾ ਹਾਂ। ਵਾਹਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਮੇਰੀ ਫ਼ਰਜ਼ ਮਾਤਰ ਹਮੇਸ਼ਾਂ ਇਹ ਹੀ ਕੋਸ਼ਿਸ਼ ਰਹੀ ਹੈ ਕਿ ਮੈਂ ਭਾਰਤ ਮਾਂ ਦੇ ਸਪੂਤਾਂ ਵਲੋਂ ਦੇਸ਼ ਤੇ ਕੌਮ ਵਾਸਤੇ ਕੀਤੀਆਂ ਕੁਰਬਾਨੀਆਂ, ਸੰਘਰਸ਼ਾਂ ਤੇ ਉਨ੍ਹਾਂ ਦੇ ਸਚਿਆਰੇ ਕਾਰਨਾਮਿਆਂ ਸਬੰਧੀ ਜਾਣਕਾਰੀ ਨੂੰ ਮਤਵਾਤਰ ਆਪਣੇ ਲੋਕਾਂ ਤੇ ਖਾਸ ਕਰਕੇ ਨੌਜਵਾਨਾਂ ਨਾਲ ਸਾਂਝੀ ਕਰਦਾ ਰਹਾਂ।

ਮੇਰੀ ਅਕਾਲ ਪੁਰਖਿ ਦੇ ਦਰਿ 'ਤੇ ਅਰਦਾਸ-ਬੰਦਨਾ ਹੈ ਕਿ ਮੈਂ ਆਪਣੇ ਸਰਬ-ਸਾਂਝੇ ਮਹਾਨ ਪੁਰਖਿਆਂ ਤੇ ਵਡੇਰਿਆਂ ਦੀ ਅਣਮੋਲ ਸਦਾਚਾਰਕ ਤੇ ਸਭਿਆਚਾਰਕ ਪੰਜਾਬੀ ਰਹਿਤਲ ਨਾਲ ਆਪਣੇ ਸਮਾਜ ਨੂੰ ਜੋੜਨ ਵਾਸਤੇ ਭਵਿੱਖ ਵਿਚ ਵੀ ਸਿਦਕ-ਦਿਲੀ ਸਹਿਤ ਉਦਮ-ਉਪਰਾਲੇ ਕਰਦਾ ਰਹਾਂ।

ਰੱਬਾ! ਮੈਂ ਤੇਰਾ ਬੰਦਾ ਤੇਰੇ ਦਰਿ 'ਤੇ ਦੁਆ ਕਰਦਾ ਹਾਂ।
ਹੇ ਦਿਆਲੂ! ਦਯਾ ਕਰੋ।
ਹੇ ਕ੍ਰਿਪਾਲੂ! ਕਿਰਪਾ ਕਰੋ।

*Original with;*
Kulbir Singh Sidhu(I.A.S)
*Digitized by;*
Panjab Digital Library

# ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ

## ਤਤਕਰਾ


ੳ) ਬਾਈ ਜੀ ਦਾ ਤੀਸਰਾ ਨੇਤਰ 9-14

ਅ) ਬਾਈ ਕੁਲਬੀਰ ਦੀ ਇੱਕੀ ਨੂੰ ਇਕੱਤੀ ਦੀ ਸਲਾਮੀ 15-19

ੲ) ਆਪੇ ਮੈਂ ਬਾਲੜੀ ਹਾਲੇ....... 20-32

1. ਗੁਰੂ ਸਾਹਿਬਾਨ ਦੇ ਆਦਰਸ਼ ਸੰਕਲਪ....... 33-48

2. ਪੰਜਾਬ, ਪੰਜਾਬੀ ਤੇ ਪੰਜਾਬੀਅਤ....... 49-56

3. ਮੇਲ ਕਰਾ ਦੇ ਰੱਬਾ..... 57-66

4. ਪਿੰਡਾਂ ਵਿਚ ਹੁਣ ਰੱਬ ਨਹੀਂ ਵਸਦਾ 67-72

5. ਉਡ ਗਈ ਰੂਹ ਮਿੱਤਰਾ....... 73-101

6. ਮੇਰੀ ਖਿੜਕੀ ਦੇ ਝਰੋਖੇ 'ਚੋਂ....... 102-116

7. ਮਾਰ੍ਹੇ ਗਾਮ ਮੇਂ ਤੋਂ ਊਂਟ ਜਲੇਬੀ ਨਾ....... 117-127

8. ਅੰਗਰੇਜ਼ੀ ਦੀ ਮੁਥਾਜੀ 128-144

9. ਪੱਗ ਦੀ ਸ਼ਾਨ ਤੇ ਬੇਅਦਬੀ 145-153

10. ਕੌਮੀ ਆਚਰਣ ਬਨਾਮ ਅਨੈਤਿਕਤਾ 154-163

11. ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ 164-178

12. ਭਰੂਣ ਹੱਤਿਆ ਤੋਂ ਕਤਲ ਤੱਕ ਔਰਤ....... 179-201

13. ਨਿਘਰਦੀ ਜਾ ਰਹੀ ਕਿਰਸਾਣੀ 202-209

14. ਨਸ਼ਿਆਂ ਨੇ ਗੋਲ ਗੰਢ ਪਾ ਲਈ ਮਿੱਤਰੋ....... 210-223

15. ਅਮਰ ਵੇਲ ਵਾਂਗ ਵਧਦੀ ਬੇਰੁਜ਼ਗਾਰੀ ....... 224-238

16. ਪ੍ਰਦੂਸ਼ਣੀ ਲਗੜਾਂ ਨੇ ਘੇਰੀ ਜਿੰਦੜੀ 239-253

17. ਤਾਣ ਛਤਰੀ ਵੇ ਜਿਹੜੀ ਲੰਦਨੋਂ ਮੰਗਾਈ ਆ 254-264

18. ਵਤਨ ਕੀ ਆਬਰੂ ਖ਼ਤਰੇ ਮੇਂ ਹੈ....... 265-275

19. ਕਿਥੇ ਸਭਰਾਉਂ ਦੀ ਜੰਗ ਤੇ ਕਿਥੇ ਵੈਲਨਟਾਈਨ ਡੇਅ 276-284

20. ਜਿਹੜੇ ਰੋਗੋਂ ਬੱਕਰੀ ਮੋਈ, ਉਹੀ ਰੋਗ ਪਠੋਰੇ ਨੂੰ 285-304

21. ਮਾਂ ਦੀਏ ਰਾਮ ਰੱਖੀਏ, ਨੀਅਤ ਨਾ ਮਾੜੀ ਰੱਖੀਏ 305-312

22. ਰੰਗੋਂ ਬਦਰੰਗ ਹੋ ਰਹੀਆਂ ਪ੍ਰਸ਼ਾਸਨਿਕ ਸੇਵਾਵਾਂ 313-320



*Original with;*
Kulbir Singh Sidhu(I.A.S)
*Digitized by;*
Panjab Digital Library

23. ਸਾਡੇ ਵਡੇਰੇ ਸੁਲਤਾਨ ਹੁੰਦੇ ਸਨ 321-330
24. ਅਫ਼ਸਰ ਚੋਰ ਕਿ ਕਬੂਤਰ ਚੋਰ 331-333
25. ਬੁੱਢੇ-ਵਾਰੇ ਜਨਾਬਾਂ ਦਾ ਹਸ਼ਰ 334-356
26. ਦੇਸ਼ ਨੂੰ ਪੈ ਗਏ ਮਾਮਲੇ ਭਾਰੀ 357-364
27. ਭਲਾ ਹੋਇਆ ਮੇਰਾ ਚਰਖਾ ਟੁੱਟਾ....... 365-372
28. ਇਤਿਹਾਸਿਕ ਘਟਨਾਵਾਂ ਦਾ ਸੱਚ 373-383
29. ਸ਼ਹੀਦੀ ਜੋੜ ਮੇਲੇ ਤੇ ਸਾਡਾ ਕਿਰਦਾਰ 384-392
30. ਦੇਰ ਆਏ, ਦਰੁਸਤ ਆਏ....... 393-402
31. ਉੱਚਾ ਬੁਰਜ ਲਾਹੌਰ ਦਾ....... 403-415

*Original with;*
Kulbir Singh Sidhu(I.A.S)
*Digitized by;*
Panjab Digital Library

# ਬਾਈ ਜੀ ਦਾ ਤੀਸਰਾ ਨੇਤਰ

ਸ੍ਰ: ਕੁਲਬੀਰ ਸਿੰਘ ਸਿੱਧੂ ਨੇ ਸਾਰੀ ਉਮਰ ਅਫ਼ਸਰਸ਼ਾਹੀ ਦੀ ਕਲਮ ਵਾਹੁਣ ਤੋਂ ਬਾਅਦ ਹੁਣ ਸਾਹਿਤਕ ਕਲਮ ਫੜੀ ਹੈ। ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਦੇ ਅੰਤਲੇ ਵਰ੍ਹਿਆਂ ਵਿਚ ਉਨ੍ਹਾਂ ਨੇ ਲਿਖਣ ਕਾਰਜ ਛੋਹਿਆ। ਅੰਗਰੇਜ਼ੀ ਗਿਆਤਾ ਤੇ ਇਤਿਹਾਸ ਦੇ ਗੂੜ੍ਹੇ ਵਾਕਿਫ਼ ਹੋਣ ਕਾਰਨ ਉਨ੍ਹਾਂ ਵਿਚਲੇ ਸਿਰਜਕ ਨੇ ਪਹਿਲਾਂ ਧਰਤੀ 'ਤੇ ਸੁਪਨੇ ਬੀਜੇ। ਪ੍ਰਸ਼ਾਸਕੀ ਜ਼ਿੰਮੇਵਾਰੀ ਨਿਭਾਉਂਦਿਆਂ ਉਹ ਜਿਥੇ-ਜਿਥੇ ਵੀ ਨਿਯੁਕਤ ਰਹੇ, ਓਥੇ-ਓਥੇ ਪੈੜਾਂ ਪਾਉਂਦੇ ਰਹੇ; ਪਰ ਸਭ ਤੋਂ ਗੂੜ੍ਹੀ ਪੈੜ ਰੋਪੜ ਜ਼ਿਲ੍ਹੇ ਵਿਚ ਖ਼ਾਲਸਾ ਪੰਥ ਦੀ ਸਿਰਜਣਾ ਦੇ 300 ਸਾਲਾ ਸ਼ਤਾਬਦੀ ਦੇ ਸਬੱਬ ਨਾਲ ਪਈ। ਇਹ ਸਿਫ਼ਤ ਕਰਨੀ ਬਣਦੀ ਹੈ ਕਿ ਬਾਈ ਕੁਲਬੀਰ ਸਿੰਘ ਸਿੱਧੂ ਨੇ ਇਤਿਹਾਸ ਦੇ ਇਸ ਜਸ਼ਨ ਸਮੇਂ ਲੋਕ ਹਿਤੂ ਅੱਖ ਨਾਲ ਵੇਖਦੇ ਹੋਏ ਵੇਲੇ ਦੀ ਸਰਕਾਰ ਨੂੰ ਸਹੀ ਸਿੱਖ ਮੱਤ ਦੇ ਕੇ ਵੱਡੇ-ਵੱਡੇ ਵਿਕਾਸ ਕਾਰਜ ਕਰਵਾ ਲਏ।

ਰੋਪੜ ਜ਼ਿਲ੍ਹੇ ਦੇ ਚੋਆਂ 'ਤੇ ਪੁਲਾਂ ਦਾ ਤਾਣਾ-ਪੇਟਾ ਉਨ੍ਹਾਂ ਦੀ ਹੀ ਦੂਰ-ਦ੍ਰਿਸ਼ਟੀ ਸੀ। ਉਦੋਂ ਵੀ ਮੈਂ ਲਿਖਿਆ ਸੀ ਕਿ ਉਸ ਵਕਤ ਇਉਂ ਜਾਪਦਾ ਸੀ ਕਿ ਕੰਮ ਕਰਦੇ ਹੋਏ ਜਿਵੇਂ ਬਾਈ ਜੀ 'ਤੇ ਕੋਈ ਸ਼ਹੀਦੀ ਪਹਿਰਾ ਲੱਗਾ ਹੋਵੇ ਕਿਉਂਕਿ ਉਹ ਉੱਡਦੇ-ਫਿਰਦੇ ਹੀ ਦਿਸਦੇ ਸਨ। ਪ੍ਰਸ਼ਾਸਨ ਦੇ ਇਤਿਹਾਸ ਵਿਚ ਹੁਣ ਤਕ ਵੀ ਇੰਨੇ ਵੱਡੇ ਪੈਮਾਨੇ 'ਤੇ ਇੰਤਜ਼ਾਮ ਪਹਿਲੀ ਵਾਰ ਹੀ ਹੋਏ ਸਨ, ਇਨ੍ਹਾਂ ਪ੍ਰਬੰਧਾਂ ਦੀ ਮੁਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ ਅਜ ਤਕ ਵੀ 'ਅਨੰਦਪੁਰ ਸਾਹਿਬ ਵਿਖੇ ਨਾ ਬੰਦਾ ਪੈਂਚਰ ਹੋਇਆ ਤੇ ਨਾ ਹੀ ਕੋਈ ਸਾਈਕਲ ਪੈਂਚਰ ਹੋਇਆ' ਕਹਿ ਕੇ ਪ੍ਰਸ਼ੰਸਾ ਕਰਦੇ ਹਨ। ਬੇਸ਼ੱਕ ਸੂਰਜ ਦੀ ਅੱਖ ਵਿਚ ਅੱਖ ਪਾ ਕੇ ਵੇਖਣਾ ਕਿਸੇ-ਕਿਸੇ ਦੇ ਹੀ ਭਾਗੀਂ ਆਉਂਦਾ ਹੈ, ਪਰ ਬਾਈ ਜੀ ਹਮੇਸ਼ਾਂ ਹੀ ਕਹਿੰਦੇ ਹਨ "ਕਲਾ ਵਾਹਿਗੁਰੂ ਦੀ ਹੀ ਵਰਤੀ"।

ਰੋਪੜ ਦੇ ਡਿਪਟੀ ਕਮਿਸ਼ਨਰ ਤਾਂ ਪਹਿਲਾਂ ਵੀ ਕਈ ਰਹੇ ਹੋਣਗੇ, ਹੁਣ ਵੀ ਲੱਗਦੇ ਰਹਿਣਗੇ; ਪਰ 1999 ਦੀ ਸੇਵਾ ਸ੍ਰ: ਕੁਲਬੀਰ ਸਿੰਘ ਸਿੱਧੂ ਦੇ ਹਿੱਸੇ ਆਉਣ ਕਰਕੇ ਪੰਜਾਬ ਨੂੰ ਸਫ਼ਲ ਅਫ਼ਸਰ ਮਿਲਣ ਦੇ ਨਾਲ-ਨਾਲ ਪੰਜਾਬੀ ਵਾਰਤਕ ਨੂੰ ਵੀ ਇਕ ਹੀਰਾ ਮਿਲ ਗਿਆ। ਸਰਕਾਰੀ ਤੰਤਰ ਦਾ ਅਹਿਮ ਰੁਕਨ ਹੋਣ ਕਰਕੇ ਆਪ ਦਿਨ ਵੇਲੇ ਅਫ਼ਸਰੀ ਕਰਦੇ, ਸ਼ਾਮੀਂ ਮਨ ਅੰਦਰਲੀ ਬੱਤੀ ਜਗਾ ਕੇ ਇਤਿਹਾਸ ਦੇ ਨਾਲ-ਨਾਲ ਤੁਰਦੇ। ਕਦੇ ਅਨੰਦਪੁਰ ਸਾਹਿਬ ਦੀ ਟਿੱਬੀ ਤੋਂ ਚਮਕੌਰ ਸਾਹਿਬ ਤਕ



*Original with;*
Kulbir Singh Sidhu(I.A.S)
*Digitized by;*
Panjab Digital Library

ਗੁਰੂ ਸਾਹਿਬ, ਗੁਰੂ ਪਰਿਵਾਰ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਤੇ ਸਿੰਘਾਂ ਦੀਆਂ ਪੈੜਾਂ ਨੂੰ ਨਿਹਾਰਦੇ। ਕਦੇ ਗੁਰੂ ਸੰਵਾਰੇ ਸਿੰਘਾਂ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਪੂਰਨ ਤੌਰ 'ਤੇ ਆਤਮ ਸਮਰਪਣ ਕਰਦੇ ਵੇਖਦੇ।

ਕਦੇ ਭਾਈ ਬਚਿੱਤਰ ਸਿੰਘ ਦੀ ਸੂਰਮਗਤੀ ਨਾਲ ਰੂ-ਬ-ਰੂ ਹੁੰਦੇ। ਚਮਕੌਰ ਦੀ ਗੜ੍ਹੀ ਵਿਚੋਂ ਲੰਘਦੇ ਤਾਂ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਪਾਸੋਂ ਸੂਰਮਗਤੀ ਤੇ ਬਹਾਦਰੀ ਦੀ ਵਾਰਤਾ ਸੁਣਦੇ। ਉਹ ਕਦੇ ਸਰਸਾ ਨਦੀ ਨੂੰ ਪੁਛਦੇ ਮੇਰੇ ਗੁਰੂ ਦੇ ਲਿਖੇ ਮਹਾਨ ਗਰੰਥ ਕਿਥੇ ਹਨ? ਚਮਕੌਰ ਦੀ ਜੰਗ ਦੇ ਇਕ-ਇਕ ਪਲ ਨੂੰ ਆਤਮਸਾਤ ਕਰਕੇ ਕੋਰੇ ਵਰਕਿਆਂ 'ਤੇ ਉਤਾਰਦੇ। ਸ਼ਬਦ ਅਕਲ 'ਚ ਆਣ ਖਲੋਂਦੇ। ਵਰਕੇ ਬੋਲਣ ਲਗ ਪਏ। ਦਮਦਮਾ ਸਾਹਿਬ ਤਲਵੰਡੀ ਸਾਬੋ ਇਲਾਕੇ ਦੇ ਜੰਮੇ-ਜਾਏ ਕੁਲਬੀਰ ਸਿੰਘ ਦੇ ਮਾਤਾ ਜੀ ਨੇ ਲਾਜ਼ਮੀ ਲਿਖਣਸਰ ਗੁਰਦੁਆਰੇ ਤੋਂ ਕਲਮ ਲੈ ਕੇ ਪੁੱਤਰ ਦੇ ਨਿੱਕੇ-ਨਿੱਕੇ ਹੱਥਾਂ ਵਿਚ ਫੜਾਈ ਹੋਵੇਗੀ। ਓਹੀ ਕਲਮ ਬੋਲ ਉੱਠੀ। ਖ਼ੂਬ ਬੋਲੀ। ਅੱਜ ਤੀਕ ਬੋਲ ਰਹੀ ਹੈ।

ਸ੍ਰ: ਕੁਲਬੀਰ ਸਿੰਘ ਸਿੱਧੂ ਨੇ ਇਤਿਹਾਸ ਦੀਆਂ ਗਲੀਆਂ ਕੱਛਦਿਆਂ ਇਕ ਸੋਵੀਨਰ ਪ੍ਰਕਾਸ਼ਿਤ ਕੀਤਾ 1999 ਵਿਚ। ਸਰਕਾਰੀ ਖਰਚੇ ਤੇ ਛਪਿਆ। ਸਰਕਾਰੀ ਮੋਹਰਛਾਪ ਸਪਸ਼ਟ ਸੀ। ਅਧਿਕਾਰੀਆਂ ਦੇ ਨਾਵਾਂ 'ਤੇ ਛਪੇ ਲੇਖ। ਸਰਕਾਰੀ ਤੰਤਰ ਦੇ ਰੂਹੋਂ ਕੋਰੇ ਕੱਚ-ਘਰੜ ਸੰਦੇਸ਼। ਵੱਡ-ਅਕਾਰੀ ਸੋਵੀਨਰ ਸਾਨੂੰ ਮਿਲਿਆ ਤਾਂ ਅਸੀਂ ਕੁਝ ਦੋਸਤਾਂ ਨੇ ਸ੍ਰ: ਤੇਜਪ੍ਰਤਾਪ ਸਿੰਘ ਸੰਧੂ ਦੇ ਸਟੂਡੀਓ 'ਚ ਬਾਈ ਜੀ ਨੂੰ ਘੇਰ ਲਿਆ। ਮਜ਼ਾਹੀਆ ਅੰਦਾਜ਼ ਵਿਚ ਅੰਦਰੋਂ ਕੁੰਡੀ ਲਾ ਲਈ। ਕਿਹਾ, "ਬਾਈ ਜੀ ਇਸ ਸੋਵੀਨਰ 'ਚ ਪੰਦਰਾਂ ਤੋਂ ਵਧ ਲੇਖ ਤੁਹਾਡੇ ਲਿਖੇ ਹੋਏ ਨੇ, ਪਰ ਵੱਖ-ਵੱਖ ਨਾਵਾਂ 'ਤੇ ਕਿਉਂ ਛਪੇ ਨੇ। ਇਹ ਗੱਲ ਕਿਸੇ ਹੋਰ ਨੇ ਨਹੀਂ, ਤੁਹਾਡੀ ਕਲਮ ਨੇ ਹੀ ਸਾਨੂੰ ਦੱਸ ਦਿੱਤੀ ਹੈ।" ਬਾਈ ਜੀ ਕੱਚੇ ਚੋਰ ਵਾਂਗੂੰ ਝੱਟ ਮੰਨ ਗਏ। ਬੜਾ ਭੋਲਾ ਜਿਹਾ ਜੁਆਬ ਸੀ। ਸਾਰੇ ਮੈਂ ਆਪਣੇ ਛਾਪਦਾ ਤਾਂ ਲੋਕਾਂ ਕਹਿਣਾ ਸੀ; ਕੁਰਸੀ ਦਾ ਲਾਭ ਲੈਂਦੇ।

ਮੈਂ ਕਿਹਾ, ਬਾਈ ਜੀ ਆਪਣੇ ਨਾਲ ਧੱਕਾ ਨਾ ਕਰੋ। ਇਹ ਲੇਖ ਮੁੜ ਵਿਉਂਤ ਕੇ ਫਿਰ ਲਿਖੋ ਤੇ ਆਪਣੇ ਨਾਂ 'ਤੇ ਛਾਪੋ। ਸਾਲ ਮਗਰੋਂ "ਮਾਨਵਤਾ ਦਾ ਪ੍ਰਣਾਮ; ਸਰਬੰਸਦਾਨੀ ਦੇ ਨਾਮ" ਅਧੀਨ ਪੁਸਤਕ ਛਪ ਗਈ। ਕਈ ਹਜ਼ਾਰ ਕਾਪੀਆਂ ਪੂਰੇ ਪੰਜਾਬੀਆਂ ਨੇ ਮੁਫ਼ਤੋ-ਮੁਫ਼ਤੀ ਭੇਟਾ ਵਜੋਂ ਪੜ੍ਹੀਆਂ। ਕਿਉਂਕਿ ਬਾਈ ਜੀ ਨੇ ਇਸ ਰਚਨਾ ਦਾ ਮੁੱਲ ਲਿਖਣ ਵਾਲੀ ਥਾਂ 'ਤੇ ਖ਼ੁਦ ਹੀ ਲਿਖਿਆ ਸੀ "ਮੁੱਲ ਕੌਣ ਕਰੇ" ਫਿਰ ਚਲ ਸੋ ਚਲ! ਹੁਣ ਤੀਕ ਪੁਹੰਚ ਕੇ ਬਾਈ ਜੀ ਸੱਤ ਵੱਡ-ਅਕਾਰੀ ਪੁਸਤਕਾਂ ਦੇ ਲਿਖਾਰੀ ਬਣ ਚੁੱਕੇ ਹਨ। ਸੇਵਾ ਮੁਕਤੀ ਤੋਂ ਬਾਅਦ ਹੁਣ ਕੁਲ-ਵਕਤੀ ਲਿਖਾਰੀ ਹਨ। ਰਾਤ ਨੂੰ ਨੀਂਦਰ 'ਚ ਵੀ ਸੋਚਦੇ, ਕੁਝ ਨਾ ਕੁਝ ਨਵਾਂ ਵਿਉਂਤਦੇ ਤੇ ਲਿਖਦੇ ਹਨ।

"ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ" ਉਨ੍ਹਾਂ ਦੀ ਸੱਜਰੀ ਕਿਰਤ ਹੈ। ਸ਼ਬਦਾਂ ਨਾਲ ਨਹੀਂ, ਹੰਝੂਆਂ ਤੇ ਸੁੱਚੇ ਲਹੂ ਨਾਲ ਲਿਖੀ ਇਬਾਰਤ ਹੈ। ਪੜ੍ਹਦਿਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਇੰਝ ਮਹਿਸੂਸ ਹੁੰਦੈ ਜਿਵੇਂ ਬੰਦਾ ਹੱਸਦਾ-ਹੱਸਦਾ ਰੋ ਪਵੇ, ਤੇ ਰੋਂਦਾ-ਰੋਂਦਾ ਹੱਸ ਪਵੇ। ਮਾਣ-ਮਰਿਆਦਾ ਦੀ ਰਖਵਾਲੀ ਕਰਨ ਦਾ ਫਿਕਰਮੰਦ ਬਾਬਾ ਜਾਪਦੈ ਸ੍ਰ: ਕੁਲਬੀਰ ਸਿੰਘ ਸਿੱਧੂ। ਧੁਰ-ਅੰਦਰੋਂ ਪੰਜਾਬ ਲਈ ਨੇਕ-ਦੁਆਵਾਂ ਮੰਗਦਾ ਬਾਬਾ ਡਾਂਗ ਵਾਲਾ। ਛਈ-ਛਈ-ਛਈ, ਮੋੜੀਂ ਬਾਬਾ ਡਾਂਗ ਵਾਲਿਆ; ਰੰਨ ਬਸਰੇ ਨੂੰ ਗਈ। ਉਦੋਂ ਤਾਂ ਧਾੜਵੀ ਸਾਡੀਆਂ ਧੀਆਂ ਖੋਹ ਕੇ ਬਸਰੇ ਬਗਦਾਦ ਨੂੰ ਲੈ ਜਾਂਦੇ ਸਨ। ਪਰ ਹੁਣ ਤਾਂ ਸਾਡੇ ਪੁੱਤਰ-ਧੀਆਂ ਆਪ ਹੀ ਉੱਧਲਣ ਨੂੰ ਫਿਰਦੇ ਹਨ। ਏਡੀ ਗੁਣਵੰਤੀ ਤੇ ਮਾਣਮੱਤੀ ਵਿਰਾਸਤ ਵੱਲ ਜਵਾਨੀ ਕਰੇ ਪਿੱਠ ਹਰ ਸੁਚੇਤ ਅੱਖ ਵਾਲੇ ਸੱਜਣ ਨੂੰ ਪਰੇਸ਼ਾਨ ਕਰ ਰਹੀ ਹੈ।

ਵਿਰਸੇ ਤੋਂ ਵਰਤਮਾਨ ਵੱਲ ਤੁਰਦਿਆਂ, ਬਾਈ ਜੀ ਕੁਲਬੀਰ ਸਿੰਘ ਨੇ ਗੁਰੂ ਸੰਦੇਸ਼ ਤੋਂ ਆਪਣਾ ਸਫ਼ਰ ਅਰੰਭਿਆ ਹੈ। ਦਸ ਗੁਰੂ ਸਾਹਿਬਾਨ ਨੇ ਜੀਵਨ ਜੁਗਤ ਉਸਾਰਨ ਅਤੇ ਸੰਵਾਰਨ ਹਿਤ ਸਾਨੂੰ ਕਿਹੜੀਆਂ-ਕਿਹੜੀਆਂ ਅਨਮੋਲ ਦਾਤਾਂ ਦਿੱਤੀਆਂ ਹਨ, ਉਨ੍ਹਾਂ ਤੋਂ ਕਿਤਾਬ ਸ਼ੁਰੂ ਹੁੰਦੀ ਹੈ। ਪੰਜਾਬ ਨੂੰ ਪੰਜਾਬ ਬਣਾਈ ਰੱਖਣ ਵਿਚ ਪੰਜਾਬੀ ਭਾਸ਼ਾ ਤੇ ਪੰਜਾਬੀਅਤ ਦਾ ਸੁਮੇਲ ਕਿਵੇਂ ਕੀਤਾ ਜਾਵੇ। 'ਮੇਲ ਕਰਾ ਦੇ ਰੱਬਾ' ਵਿਚ ਵੀ ਓਹੀ ਹੂਕ ਹੈ, ਵਿੱਛੜੇ ਮੇਲਣ ਵਾਲੀ ਪਿੰਡਾਂ ਦੀ ਕਾਵਿਕ ਪੇਸ਼ਕਾਰੀ ਦੀ ਥਾਂ ਹਕੀਕਤ ਨਾਲ ਰੂ-ਬ-ਰੂ ਕਰਾਇਆ ਹੈ। ਪਿੰਡ ਵੀ ਉਹ ਨਹੀਂ ਰਹੇ ਬਦਲ ਰਹੇ ਹਨ ਲਗਾਤਾਰ। ਅੰਗਰੇਜ਼ੀ ਦੀ ਗੁਲਾਮੀ ਨੂੰ ਕਿੰਨੀ ਬਰੀਕੀ ਨਾਲ ਸ੍ਰ: ਕੁਲਬੀਰ ਸਿੰਘ ਸਿੱਧੂ ਨੇ ਮੰਨਿਆ ਹੈ, ਕਮਾਲ ਹੈ। ਮਾਂ ਬੋਲੀ ਦੀ ਕੀਮਤ 'ਤੇ ਹੋਰ ਜ਼ੁਬਾਨਾਂ ਦੀ ਸਰਦਾਰੀ ਹਰ ਧਰਤੀ ਲਈ ਘਾਤਕ ਹੁੰਦੀ ਹੈ। ਮਾਰੂ ਰਾਗ ਲਗਾਤਾਰ ਵੱਜ ਰਿਹਾ ਹੈ, ਪਰ ਅਸੀਂ ਘੂਕ ਸੁੱਤੇ ਪਏ ਹਾਂ। ਬਾਈ ਜੀ ਨੇ ਸਾਨੂੰ ਹਲੂਣ ਕੇ ਜਗਾਇਆ ਹੈ।

ਸ੍ਰ: ਕੁਲਬੀਰ ਸਿੰਘ ਸਿੱਧੂ ਨੇ ਔਰਤਜ਼ਾਤ ਦੀ ਬੇਹੁਰਮਤੀ ਨੂੰ ਵੀ ਆਪਣੀ ਲਿਖਤ ਦਾ ਆਧਾਰ ਬਣਾਇਆ ਹੈ। ਫੋਕੀ ਸ਼ਾਨ ਖਾਤਰ ਧੀਆਂ ਦਾ ਕਤਲ ਅਤੇ ਕੁਖ ਵਿਚ ਮਦੀਨ ਦਾ ਕਤਲ ਭਰੂਣ ਦੇ ਰੂਪ ਵਿਚ ਉਸ ਨੂੰ ਉਦਾਸ ਹੀ ਨਹੀਂ, ਬੇਚੈਨ ਵੀ ਕਰਦਾ ਹੈ। ਔਰਤਜ਼ਾਤ ਦੀ ਖ਼ਤਰੇ ਅਧੀਨ ਹਸਤੀ ਸਾਡੇ ਸਭ ਲਈ ਫ਼ਿਕਰਮੰਦੀ ਦਾ ਸਬੱਬ ਹੋਣਾ ਚਾਹੀਦਾ ਹੈ। ਮਨੁੱਖ ਲਈ ਮਨੁੱਖਤਾ ਦਾ ਜੀਉਣ ਯਕੀਨੀ ਬਣਾਉਣ ਵਾਲੀ ਔਰਤ ਹੀ ਜੇਕਰ ਖ਼ਤਮ ਹੋ ਗਈ ਤਾਂ ਧਰਤੀ ਤੇ ਕੌਣ ਰਹੇਗਾ? ਨਿੱਘਰਦੀ ਜਾ ਰਹੀ ਕਿਰਸਾਣੀ ਦਾ ਦਰਦ ਵੀ ਉਨ੍ਹਾਂ ਨੂੰ ਬੇਚੈਨ ਕਰਦਾ ਹੈ। ਪੰਜਾਬ ਦੇ ਕਿਸਾਨ ਦਾ ਪੁੱਤਰ ਹੋਣ ਕਾਰਨ ਉਹ ਜਾਣਦਾ ਹੈ ਆਰਥਿਕਤਾ ਦੀ ਇਕ ਇੱਟ ਹਿੱਲਣ ਨਾਲ ਪੂਰਾ ਢਾਂਚਾ ਕਿਵੇਂ ਧੜੰਮ ਕਰਕੇ ਧਰਤੀ 'ਤੇ ਆਣ ਡਿੱਗਦਾ ਹੈ। ਸਿਰਫ਼ ਕਿਸਾਨੀ ਹੀ ਨਹੀਂ ਪੂਰੀ ਆਰਥਿਕਤਾ ਹੀ ਢਹਿ ਢੇਰੀ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ।

ਖੇਤਾਂ ਦੀ ਬਦਹਾਲੀ ਹੋਣ ਕਾਰਨ ਨਿੱਘਰਦੀ ਕਿਰਸਾਣੀ ਦਾ ਪਰਿਵਾਰਿਕ ਤਾਣਾ-ਬਾਣਾ ਵੀ ਸਮਾਜਿਕ ਹੀਣ-ਭਾਵ ਨਾਲ ਗਰਕਦਾ ਹੈ। ਅਗਲੀ ਪੀੜ੍ਹੀ ਨਾ ਤਾਂ ਪੂਰਾ ਗਿਆਨ ਹੀ ਹਾਸਿਲ ਕਰ ਸਕਦੀ ਹੈ ਅਤੇ ਨਾ ਹੀ ਵਿਕਾਸ ਦੇ ਬਾਕੀ



*Original with;*
Kulbir Singh Sidhu(I.A.S)
*Digitized by;*
Panjab Digital Library

ਮੌਕਿਆਂ 'ਚੋ ਬਣਦਾ ਹਿੱਸਾ ਹਾਸਿਲ ਕਰ ਸਕਦੀ ਹੈ। ਇਹ ਨਿਰੰਤਰ ਮੌਤ ਵਰਗੀ ਸਥਿਤੀ ਹੀ ਉਸ ਨੂੰ ਗੁਰਬਤ ਦੀ ਅੰਨ੍ਹੀ ਗਲੀ ਵੱਲ ਤੋਰ ਦਿੰਦੀ ਹੈ। ਜਿਸ ਵਿਚ ਤੁਰਦੇ-ਤੁਰਦੇ ਬੰਦੇ ਨੂੰ ਇਕੋ-ਇਕ ਰਾਹ ਕੇਵਲ ਖ਼ੁਦਕੁਸੀ ਹੀ ਸੁਝਦਾ ਹੈ। ਸ੍ਰ: ਕੁਲਬੀਰ ਸਿੰਘ ਸਿੱਧੂ ਨੇ ਬੜੇ ਮਾਰਮਿਕ ਸ਼ਬਦਾਂ ਵਿਚ ਕਿਸਾਨੀ ਦੀ ਪੀੜ ਨੂੰ ਮਹਿਸੂਸਿਆ ਤੇ ਲਿਖਿਆ ਹੈ। ਸੁਆਲ ਇਹ ਹੈ ਕਿ ਕੀ ਨੀਤੀ ਘਾੜੇ ਇਹੋ ਜਿਹੀਆਂ ਲਿਖਤਾਂ ਨੂੰ ਪੜ੍ਹਦੇ ਵੀ ਹਨ ਜਾਂ ਨਹੀਂ। ਜੇ ਪੜ੍ਹਦੇ ਹਨ ਤਾਂ ਉਸ 'ਤੇ ਅਮਲ ਵੀ ਕਰਦੇ ਹਨ ਜਾਂ ਨਹੀਂ। ਮੇਰੀ ਜਾਣਕਾਰੀ ਮੁਤਾਬਿਕ ਨੌਕਰਸ਼ਾਹੀ ਇਸ ਤਰ੍ਹਾਂ ਦੇ ਲੇਖਾਂ ਨੂੰ ਚਿਮਟੇ ਨਾਲ ਵੀ ਨਹੀਂ ਚੁੱਕਦੀ, ਇਸੇ ਕਰਕੇ ਸਾਡੇ ਦੁੱਖਾਂ ਦੇ ਪਹਾੜ ਹੋਰ ਉੱਚੇ ਹੋਈ ਜਾ ਰਹੇ ਨੇ। ਸ੍ਰ: ਸਿੱਧੂ ਇਸ ਲਈ ਸਾਡੇ ਧੰਨਵਾਦ ਦੇ ਪਾਤਰ ਹਨ , ਜਿਨ੍ਹਾਂ ਨੇ ਕਿਰਸਾਣ ਦੀ ਪੀੜ ਦੀ ਬੜੀ ਡੂੰਘੀ ਸੰਵੇਦਨਾ ਨਾਲ ਤਰਜਮਾਨੀ ਕੀਤੀ ਹੈ।

ਨਸ਼ਿਆਂ ਦੇ ਚੱਕਰਵਿਊ ਨੂੰ ਲੋਕ ਭਾਸ਼ਾ ਵਿਚ ਲਿਖ ਕੇ ਸਰਦਾਰ ਸਾਹਿਬ ਨੇ ਸਾਨੂੰ ਇਸ ਮੱਕੜਜਾਲ ਦੀ ਹਕੀਕਤ ਨਾਲ ਵਾਬਸਤਾ ਕੀਤਾ ਹੈ। ਉਹ ਇਸ ਚੱਕਰਵਿਊ 'ਚੋਂ ਨਿਕਲਣ ਲਈ ਵੀ ਰਾਹ ਤਲਾਸ਼ਦਾ ਹੈ। "ਨਸ਼ਿਆਂ ਨੇ ਗੋਲ ਗੰਢ ਪਾ ਲਈ ਮਿੱਤਰੋ" ਲੇਖ ਸਾਨੂੰ ਪ੍ਰੇਸ਼ਾਨ ਕਰਦਾ ਹੈ। ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਨਸ਼ਿਆਂ ਦੀ ਗੋਲ ਗੰਢ ਫ਼ਨੀਅਰ ਸੱਪ ਦਾ ਨਾਗਵਲ ਬਣ ਕੇ ਸਾਡੇ ਗਲ ਦੁਆਲੇ ਕੱਸੀ ਜਾ ਰਹੀ ਹੈ। ਸਾਡਾ ਦਮ ਟੁੱਟ ਰਿਹਾ ਹੈ। ਇਹ ਲਿਖਤ ਪੜ੍ਹ ਕੇ ਤੁਸੀਂ ਚੈਨ ਦੀ ਨੀਂਦਰ ਨਹੀਂ ਸੌਂ ਸਕੋਗੇ। ਇਕ ਉੱਚ ਪੁਲਿਸ ਅਧਿਕਾਰੀ ਸ੍ਰ: ਗੁਰਪ੍ਰੀਤ ਸਿੰਘ ਤੂਰ ਨੇ ਵੀ ਆਪਣੀਆਂ ਲਿਖਤਾਂ "ਸੰਭਲੋ ਪੰਜਾਬ" ਅਤੇ "ਜੀਵੇ ਜਵਾਨੀ" ਵਿਚ ਇਹੋ ਜਿਹੀਆਂ ਫਿਕਰਮੰਦੀਆਂ ਪ੍ਰਗਟਾਈਆਂ ਹਨ। ਦੋਵੇਂ ਸੱਜਣ-ਪਿਆਰੇ ਰੁਦਨ ਕਰਨ ਦੇ ਨਾਲ ਮੁਕਤੀ ਮਾਰਗ ਤਲਾਸ਼ਣ ਵਿਚ ਵੀ ਮਦਦ ਕਰਦੇ ਹਨ।

ਦੇਸ਼ ਤੇ ਖਾਸ ਕਰਕੇ ਪੰਜਾਬ ਵਿਚ ਵੱਧਦੀ ਬੇਰੁਜ਼ਗਾਰੀ, ਪ੍ਰਦੂਸ਼ਣ ਦੀ ਸਮੱਸਿਆ, ਪ੍ਰਵਾਸੀ ਵੀਰਾਂ ਦੇ ਮਸਲੇ, ਪ੍ਰਸ਼ਾਸਨਿਕ ਸੇਵਾਵਾਂ ਵਿਚ ਆ ਰਹੀ ਗਿਰਾਵਟ, ਅਫ਼ਸਰਸ਼ਾਹੀ ਦਾ ਭ੍ਰਿਸ਼ਟ ਤੇ ਬਹਾਨੇਬਾਜ਼ ਤੰਤਰ, ਬੁਢਾਪੇ ਦੀ ਮਾਰ, ਸ਼ਹੀਦੀ ਜੋੜ ਮੇਲਿਆਂ ਮੌਕੇ ਸਾਡਾ ਵਿਹਾਰ ਤੇ ਕਿਰਦਾਰ ਬਾਈ ਜੀ ਕੁਲਬੀਰ ਸਿੰਘ ਨੂੰ ਉਦਾਸ ਕਰਦਾ ਹੈ। ਇਕੋ ਵੇਲੇ ਇੰਨੇ ਮਸਲਿਆਂ ਨੂੰ ਸਮਝਣਾ, ਵਿਚਾਰਨਾ, ਲਿਖਣਾ ਤੇ ਪ੍ਰਕਾਸ਼ਮਾਨ ਕਰ ਕੇ ਲੋਕ-ਕਚਿਹਰੀ 'ਚ ਪੇਸ਼ ਕਰਨਾ ਸ੍ਰ: ਕੁਲਬੀਰ ਸਿੰਘ ਸਿੱਧੂ ਦੇ ਹੀ ਹਿੱਸੇ ਆਇਆ ਹੈ। ਸਾਡਾ ਇਹ 'ਜਥੇਦਾਰ ਬਾਈ' ਕੁਲਬੀਰ ਸਿੰਘ ਆਪਣੇ ਸੋਹਣੇ ਪੰਜਾਬੀ ਸਭਿਆਚਾਰ ਨੂੰ ਕਰੂਪ ਕਰਨ ਵਾਲੇ 'ਬਦਰੰਗੀਆਂ' ਨੂੰ ਜਗਾਉਣ ਤੇ ਸੁਚੇਤ ਕਰਨ ਵਾਸਤੇ ਉਨ੍ਹਾਂ ਨੂੰ ਥਪੇੜਨ ਦੀ ਹੱਦ ਤਕ ਵੀ ਜਾਂਦਾ ਹੈ। ਇਸ ਲਈ ਉਹ ਇਨ੍ਹਾਂ 'ਬਦਰੰਗੀਆਂ' ਦੀਆਂ ਬਦਨੀਤੀਆਂ ਨੂੰ ਇੱਕੀ ਦੀ ਥਾਂ ਇਕੱਤੀ ਦੀ ਮੋੜਵੀਂ ਸਲਾਮੀ ਵੀ ਖੁਲ੍ਹਕੇ ਪਾਉਂਦਾ ਹੈ।

ਸਿੱਧੂ ਬਾਈ ਰਾਜਨੀਤਕਾਂ ਦੀਆਂ ਲੂੰਬੜ ਚਾਲਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਸਰਹੱਦਾਂ 'ਤੇ ਕੋਈ 'ਤਣਾਓ' ਪੈਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਹੋਵੇ ਤਾਂ ਬਸ ਸਮਝੋ ਕਿ ਕੋਈ 'ਚੁਣਾਓ' ਨੇੜੇ ਹੀ ਹੈ। ਸਾਡੇ ਇਹ 'ਨਿਹੰਗ ਬਾਈ ਜੀ' ਔਰਤਜ਼ਾਤ ਤੇ ਨੌਜਵਾਨਾਂ ਦਾ ਜਨਮਜਾਤ ਮੱਦਾਹ ਤੇ ਮੁਦਈ ਵੀ ਹਨ ਅਤੇ ਖ਼ਾਸ ਕਰਕੇ ਉਹ ਨੌਜੁਆਨਾਂ ਦੇ ਤਾਂ ਬੜੇ ਵੱਡੇ ਹਮਦਰਦ ਹੱਫੇ ਭਾਵ ਹਮਾਇਤੀ ਹਨ। ਇਸ ਵਾਸਤੇ ਉਹ ਨੌਜੁਆਨਾਂ ਦੀਆਂ ਪਾਟੀਆਂ ਬਿਆਈਆਂ 'ਤੇ ਮਲ੍ਹਮ ਲਾਉਣ ਦੀ ਗਰਜ਼ ਨਾਲ ਉਨ੍ਹਾਂ ਦੀਆਂ ਅੱਡੀਆਂ ਵੀ ਕੂਚਣ ਤਕ ਜਾਂਦੇ ਹਨ। ਪਰ ਇਸ ਦੇ ਨਾਲ ਹੀ ਇਹ ਵੀ ਗੌਰਤਲਬ ਹੈ ਕਿ ਸਾਡੇ ਬਾਈ ਜੀ ਆਪਣੀ ਸਰਵਿਸ ਦੇ ਦੌਰਾਨ ਇੱਲਤੀ ਤੇ ਖਾਸ ਕਰਕੇ ਨਸ਼ੇੜੀ ਮੁੰਡਿਆਂ-ਕੁੜੀਆਂ ਨੂੰ ਨਿਹੰਗਾਂ ਦੇ ਡੋਲ ਵਾਂਗੂੰ ਮਾਂਜਣ ਵਿਚ ਕੋਈ ਸੰਕੋਚ ਨਹੀਂ ਕਰਦੇ ਸਨ।

ਮੈਨੂੰ ਬੇਅੰਤ ਖੁਸ਼ੀ ਹੈ ਕਿ ਸਰਦਾਰ ਕੁਲਬੀਰ ਸਿੰਘ ਸਿੱਧੂ ਨੇ ਕਲਮ ਨੂੰ ਰਵਾਂ ਕਰ ਕੇ ਪਿਛੇ ਮੁੜ ਕੇ ਨਹੀਂ ਵੇਖਿਆ, ਉਹ ਲਗਾਤਾਰ ਅੱਗੇ ਵਧ ਰਹੇ ਨੇ। ਪਹਿਲਾਂ ਨਾਲੋਂ ਵਧੇਰੇ ਵਿਅੰਗਮਈ ਵਾਰਤਕ ਸਿਰਜੀ ਜਾ ਰਹੀ ਹੈ। ਸਗੋਂ ਇਸ ਦੇ ਨਾਲ ਹੀ ਉਹ ਆਪਣੇ ਸਭਿਆਚਾਰ, ਇਤਿਹਾਸ ਤੇ ਸਾਹਿਤ ਸਬੰਧੀ ਵਿਦਵਤਾ ਭਰਪੂਰ ਡੂੰਘੀ ਜਾਣਕਾਰੀ ਨੂੰ ਬੜੇ ਸਰਲ ਜਿਹੇ ਅੰਦਾਜ਼ ਵਿਚ ਬਿਆਨ ਕਰ ਜਾਂਦੇ ਨੇ। ਬਾਈ ਜੀ ਸਿੱਧੂ ਦੀ ਵਾਰਤਕ ਸ਼ੈਲੀ ਵਿਚ ਸਹਿਜ-ਸੁਭਾਅ ਹੀ ਲੋਕ ਸਿਆਣਪਾਂ, ਲੋਕ ਬੋਲੀਆਂ, ਅਖਾਣ-ਮੁਹਾਵਰੇ, ਵਿਅੰਗ ਤੇ ਖ਼ਾਸ ਕਰਕੇ ਉਰਦੂ ਜ਼ੁਬਾਨ ਦੇ ਸ਼ਿਅਰ ਸਭਿਆਚਾਰਕ ਮੋਤੀ ਬਣ ਕੇ ਬਿਖਰਦੇ ਰਹਿੰਦੇ ਹਨ।

ਬਾਈ ਜੀ ਦੀ ਕਮਾਲ ਇਸ ਗੱਲ ਵਿਚ ਹੈ ਕਿ ਉਹ ਸ਼ਬਦ ਦੀ ਤਹਿ ਤੀਕ ਜਾ ਕੇ ਉਸ ਦੇ ਅਸਲ ਅਰਥ ਤਲਾਸ਼ਦੇ ਹਨ ਤੇ ਪਾਠਕ ਨੂੰ ਬੜੀ ਸੁਖਾਲੀ ਤੇ ਜਟਕੀ ਜਿਹੀ ਸਿੱਧੀ ਭਾਸ਼ਾ ਵਿਚ ਪਰੋਸਦੇ ਹਨ। ਇਹ ਕਾਰਜ ਪੇਸ਼ਾਵਰ ਲਿਖਾਰੀ ਵੀ ਬਹੁਤ ਵਾਰ ਨਹੀਂ ਕਰਦੇ। ਆਪਣੇ ਬਹੁ-ਦਿਸ਼ਾਵੀ ਗਿਆਨ ਨੂੰ ਪੂਰੀ ਸ਼ਕਤੀ ਨਾਲ ਲਿਖਣ ਤੇ ਬੋਲਣ ਦੇ ਕਾਰਨ ਉਨ੍ਹਾਂ ਦੇ ਲੇਖ ਜਦ ਕਦੇ ਵੀ ਮੈਗਜ਼ੀਨਾਂ ਜਾਂ ਅਖ਼ਬਾਰਾਂ 'ਚ ਛਪਦੇ ਹਨ ਜਾਂ ਉਹ ਆਪ ਸਟੇਜਾਂ ਤੋਂ ਟੈਲੀਵੀਜ਼ਨਾਂ ਤਕ ਇਕ ਬੜੇ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਸੁਣੇ ਜਾਂਦੇ ਹਨ ਤਾਂ ਉਹ ਪਾਠਕਾਂ ਤੇ ਦਰਸ਼ਕਾਂ ਦਾ ਪੂਰਾ ਧਿਆਨ ਖਿਚਦੇ ਹਨ। ਮੈਂ ਸੋਚਦਾ ਹਾਂ ਕਿ ਕਾਸ਼! ਮੈਂ ਵੀ ਇੰਝ ਕਰ ਸਕਦਾ।

ਆਖਰ 'ਚ ਬਾਈ ਜੀ ਦਾ ਕਥਨ ਹੀ ਦੁਹਰਾਵਾਂਗਾ "ਜੇਕਰ ਮੈਂ ਕਲਮ ਨਾ ਫੜਦਾ ਤਾਂ ਮੈਂ ਉਦਾਸੀ ਦੇ ਅੰਨ੍ਹੇ ਖੂਹ ਦਾ ਵਾਸੀ ਹੋਣਾ ਸੀ। ਮੈਂ ਸ਼ਬਦਾਂ ਨਾਲ ਖੇਡਦਾ ਰਹਿੰਦਾ ਹਾਂ ਤੇ ਫਿਰ ਸ਼ਬਦ ਵੀ ਸਾਰਾ ਦਿਨ ਮੇਰੇ ਮਨ ਦੇ ਵਿਹੜੇ ਵਿਚ ਰੌਣਕ-ਮੇਲੇ ਵਰਗੀ ਰਚਨਾ ਲਾਈ ਰੱਖਦੇ ਹਨ। ਮੈਂ ਆਪਣੇ ਵਿਚਾਰਾਂ ਤੇ ਸ਼ਬਦਾਂ ਦੇ ਸੁਮੇਲ ਦਾ ਭਰਪੂਰ ਅਨੰਦ ਲੈਂਦਾ ਹਾਂ ਅਤੇ ਮੇਰੀਆਂ ਇਹ ਲਿਖਤਾਂ ਮੈਨੂੰ ਸਮਾਜ ਦਾ ਸਾਰਥਕ ਜੀਵ ਹੋਣ ਦਾ ਅਹਿਸਾਸ ਕਰਾਉਂਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਮੈਂ ਆਪਣਾ ਆਪਾ ਇਨ੍ਹਾਂ ਸ਼ਬਦਾਂ ਨੂੰ ਸੌਂਪ ਕੇ ਸੁਰਖ਼ਰੂ ਹੋ ਜਾਂਦਾ ਹਾਂ।"

ਬਾਈ ਜੀ ਦੇ ਦਿਲ ਵਿਚ ਪੰਜਾਬ ਲਈ ਪਿਆਰ ਵੀ ਹੈ ਤੇ ਦਰਦ ਵੀ। ਇਸ ਵਾਸਤੇ ਹੀ ਉਨ੍ਹਾਂ ਦੀਆਂ ਲੇਖਣੀਆਂ ਵਿਚ ਦਰਦ ਵੀ ਹੈ ਤੇ ਸੋਜ਼ ਵੀ ਹੈ। ਇੰਝ ਉਨ੍ਹਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਦੀ ਵਾਰਤਕ ਵਿਚ ਸੁਹੱਪਣ ਤਾਂ ਹੈ ਹੀ, ਪਰ ਇਸ ਦੇ ਨਾਲ ਹੀ ਉਨ੍ਹਾਂ ਦੇ ਸ਼ਬਦਾਂ ਵਿਚ ਦਿਲ ਧੜਕਦਾ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਵਿਚ ਸੱਚਮੁੱਚ ਹੀ ਬੜਾ ਦਮ-ਖ਼ਮ ਹੈ। ਕੁਲ ਮਿਲਾ ਕੇ ਉਨ੍ਹਾਂ ਦੀਆਂ ਰਚਨਾਵਾਂ ਸਾਡੀ ਮਾਨਸਿਕਤਾ ਨੂੰ ਝੰਜੋੜਦੀਆਂ ਹਨ, ਪਰ ਇਸ ਦੇ ਨਾਲ ਹੀ ਇਹ ਸਾਡੇ ਵਾਸਤੇ ਇਕ ਪੁਰ-ਸਕੂਨ ਸਮਾਜਿਕ ਤੇ ਰਾਜਨੀਤਿਕ ਮਾਹੌਲ ਵੀ ਚਿਤਵਦੀਆਂ ਹਨ।

ਖ਼ੈਰ! ਬਾਈ ਜੀ ਕੁਲਬੀਰ ਸਿੰਘ ਸਿੱਧੂ ਸਾਹਿਤਕ ਪਿੜ ਵਿਚ ਪਿਛੋਂ ਭੱਜ ਕੇ ਵੀ ਆਤਿਸ਼ ਲਖਨਵੀ ਦੇ ਸੁਖ਼ਨ 'ਯਾਰਾਨੇ-ਤੇਜ਼ ਗਾਮ ਨੇ ਮੰਜ਼ਿਲ ਕੋ ਪਾ ਲੀਆ' ਅਨੁਸਾਰ ਆਪਣੇ ਤੇਜ਼-ਤਰਾਰ ਅੰਦਾਜ਼ ਸਦਕਾ ਸਭਿਆਚਾਰਕ ਪੜਾਅ ਦੀ ਮਹਿਮਲ ਭਾਵ ਡੋਲੀ ਨੂੰ ਜਾ ਪਹੁੰਚੇ ਹਨ। ਨੇੜ-ਭਵਿੱਖ 'ਚ ਹੋਰ ਚੰਗੇਰੀਆਂ ਤੇ ਉਚੇਰੀਆਂ ਲਿਖਤਾਂ ਦੀ ਉਡੀਕ ਬਣੀ ਰਹੇਗੀ। ਮੈਂ ਉਸ ਦਿਨ ਦੀ ਵੀ ਉਡੀਕ ਕਰਾਂਗਾ, ਜਦ ਬਾਈ ਜੀ ਆਪਣੀ ਸਵੈਜੀਵਨੀ ਲਿਖ ਕੇ ਦੱਸਣਗੇ ਕਿ ਸਰਵਿਸ ਦੀ ਜ਼ਿੰਦਗੀ ਵਿਚ ਕਿਹੜੇ ਮੌਕੇ 'ਤੇ ਕਿਹੜੇ ਵੱਡੇ ਫੈਸਲੇ ਕਰਦਿਆਂ ਉਨ੍ਹਾਂ ਨੇ ਕਿਵੇਂ ਮਹਿਸੂਸ ਕੀਤਾ ਸੀ। ਵੱਡੇ-ਵੱਡੇ ਬੰਦਿਆਂ ਵਿਚ ਵਿਚਰਨ ਸਦਕਾ ਉਨ੍ਹਾਂ ਦੇ ਵਿਸ਼ਾਲ ਤਜਰਬੇ ਨੂੰ ਸ਼ਾਬਦਕ ਜਾਮਾ ਮਿਲਣਾ ਚਾਹੀਦਾ ਹੈ ਤਾਂ ਜੋ ਸਰਦਾਰ ਮਹਿੰਦਰ ਸਿੰਘ ਰੰਧਾਵਾ ਜਿਹੇ ਪੰਜਾਬ ਦੇ ਵਡਾਰੂ ਪ੍ਰਸ਼ਾਸਕਾਂ ਦੀਆਂ ਪੈੜਾਂ ਵਿਚ ਪੈਰ ਧਰਦੇ ਇਸ ਲੋਕ-ਹੇਤੂ ਪ੍ਰਸ਼ਾਸਕ ਤੇ ਕਲਮਜ਼ਾਰ ਦੇ ਜੀਵਨ ਤੋਂ ਸਾਡੇ ਪੁੱਤਰਾਂ-ਧੀਆਂ ਨੂੰ ਉਤਸ਼ਾਹ ਤੇ ਰੋਸ਼ਨੀ ਦੀ ਕੋਈ ਚਿਣਗ ਮਿਲ ਸਕੇ।

**ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ** **ਗੁਰਭਜਨ ਸਿੰਘ ਗਿੱਲ**

**ਲੁਧਿਆਣਾ**



*Original with;*
Kulbir Singh Sidhu(I.A.S)
*Digitized by;*
Panjab Digital Library

# ਬਾਈ ਕੁਲਬੀਰ ਦੀ ਇੱਕੀ ਨੂੰ ਇਕੱਤੀ ਦੀ ਸਲਾਮੀ

ਇਹ ਪੁਸਤਕ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਬਾਈ ਕੁਲਬੀਰ ਸਿੰਘ ਸਿੱਧੂ ਦੀ ਸਾਡੇ ਸਭਿਆਚਾਰ ਵਿਚ ਇੱਕੀ ਨੂੰ ਇਕੱਤੀ ਦੀ ਮੋੜਵੀਂ ਸਲਾਮੀ ਦੀ ਰਵਾਇਤ ਵਾਂਗ ਹੈ। ਉਹ ਇਸ ਪੁਸਤਕ ਦੇ ਇਕੱਤੀ ਲੇਖਾਂ ਰਾਹੀਂ ਖ਼ਾਸ ਕਰਕੇ ਪੰਜਾਬੀ ਸਭਿਆਚਾਰ ਨੂੰ ਬਦਰੰਗ ਕਰਨ ਵਾਲੇ ਗੈਰ-ਜ਼ਿੰਮੇਵਾਰ ਲੋਕਾਂ ਨੂੰ ਕਟਾਕਸ਼ ਦੀ ਮੋੜਵੀਂ ਕਾਟ ਨਾਲ ਲੰਮੇ ਹੱਥੀਂ ਲੈਂਦਾ ਹੈ। ਉਹ ਲੰਬਾ ਸਮਾਂ ਸਿਵਲ ਸਰਵਿਸਜ਼ ਦਾ ਉਚ ਅਧਿਕਾਰੀ ਹੋਣ ਸਦਕਾ ਸਮੇ-ਸਮੇਂ ਦੀਆਂ ਸਰਕਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ ਤੇ ਆਪਣੇ ਆਮ ਲੋਕਾਂ ਅਤੇ ਉਨ੍ਹਾਂ ਦੇ ਮਸਲਿਆਂ ਨਾਲ ਵਾਬਸਤਾ ਰਿਹਾ ਹੈ। ਇਸ ਵਾਸਤੇ ਉਹ ਆਪਣੀ ਉਚ-ਪੱਧਰੀ ਲੋਕ ਸੇਵਾ ਦੇ ਸਬੱਬੀ ਤਜਰਬੇ ਦੇ ਸਿਰ 'ਤੇ ਆਪਣੇ ਰਾਜਤੰਤਰੀ ਨਿਜ਼ਾਮ ਦੇ ਸਗੋਂ ਬਖੀਏ ਉਧੇੜਨ ਤੋਂ ਵੀ ਗੁਰੇਜ਼ ਨਹੀਂ ਕਰਦਾ।

ਬਾਈ ਕੁਲਬੀਰ ਸਿਰੇ ਦੀ ਹੱਦ ਤੱਕ ਸਪੱਸ਼ਟਵਾਦੀ ਹੈ, ਪਰ ਇਸ ਦੇ ਨਾਲ ਹੀ ਉਹ ਕਿਸੇ ਵੀ ਬੜੀ ਟੇਢੀ-ਮੇਢੀ ਤੇ ਗੰਭੀਰ ਗੱਲ ਨੂੰ ਆਪਣੇ ਬੜੇ ਵਿਅੰਗਾਤਮਿਕ ਪਰ ਸਿੱਧੇ-ਪੱਧਰੇ ਖ਼ੁਸ਼-ਤਬੀਅਤੀ ਜਿਹੇ ਅੰਦਾਜ਼ ਵਿਚ ਕਹਿਣਾ ਵੀ ਜਾਣਦਾ ਹੈ। ਇਸ ਪ੍ਰਥਾਇ ਉਹ ਆਪਣੇ ਆਪ ਨੂੰ ਵੀ ਕਈ ਵਾਰੀ ਮੁਆਫ਼ ਨਹੀਂ ਕਰਦਾ, ਸਗੋਂ ਜਦੋਂ ਕਿਤੇ ਆਪਣੀ ਅਫ਼ਸਰੀ ਜਮਾਤ ਦੀ ਕੋਈ ਬੜੀ ਤਿੱਖੀ ਅਲੋਚਨਾ ਦੀ ਗੱਲ ਆਉਂਦੀ ਹੈ ਤਾਂ ਉਹ ਖਿਡਾਰੀਆਂ ਵਾਲੀ ਖੇਡ ਭਾਵਨਾ ਨਾਲ ਇਕ ਜਮਾਤ ਦੀ ਪ੍ਰੰਪਰਾ ਨਿਭਾਉਂਦਾ ਹੋਇਆ, ਆਪਣੇ ਦਫ਼ਤਰੀ ਭਾਈਚਾਰੇ ਵਿਚ ਪਹਿਲਾਂ ਆਪਣੇ-ਆਪ ਨੂੰ ਸ਼ਾਮਿਲ ਕਰਦਾ ਹੈ ਅਤੇ ਫਿਰ ਖ਼ੁਦ ਨੂੰ ਵੀ ਦਬੱਲ-ਭਜਾ ਲੈਂਦਾ ਹੈ। ਇਸ ਸੂਰਤ ਵਿਚ ਸਗੋਂ ਉਸ ਨੂੰ ਜਾਣਨ ਵਾਲੇ ਅਕਸਰ ਹੀ ਜਾਣਦੇ ਹੁੰਦੇ ਹਨ ਕਿ ਅਜਿਹੀਆਂ ਕਿੰਨੀਆਂ ਹੀ ਮਾੜੀਆਂ ਅਲੋਚਨਾਤਮਿਕ ਸੂਰਤਾਂ ਵਿਚ ਉਹ ਆਪਣੇ ਕਿਰਦਾਰ ਤੇ ਕਾਰਗੁਜ਼ਾਰੀ ਦੇ ਪੱਖੋਂ ਖ਼ੁਦ ਨਿਰਲੇਪ ਤੇ ਬਿਲਕੁਲ ਬਰੀ-ਉਲ-ਜ਼ੁੰਮਾ ਹੁੰਦਾ ਹੈ।

ਖ਼ੈਰ! ਸਾਡਾ ਬਾਈ ਤੁਰਦੇ-ਫਿਰਦੇ ਬਸ ਸਹਿਜ-ਸੁਭਾਅ ਹੀ ਆਪਣੇ ਆਲੇ-ਦੁਆਲੇ ਵਾਪਰਦੀਆਂ ਨਿੱਕੀਆਂ-ਵੱਡੀਆਂ ਘਟਨਾਵਾਂ ਦਾ ਬੜਾ ਸਹਿਜੇ ਜਿਹੇ ਹੀ ਜਾਇਜ਼ਾ ਲੈਣ ਅਤੇ ਫਿਰ ਉਨ੍ਹਾਂ ਦਾ ਬੜਾ ਸੋਹਣਾ ਚਿਤਰਣ ਕਰਨ ਦੀ ਮੁਹਾਰਤ ਰਖਦਾ ਹੈ। ਉਹ ਮੌਕੇ ਦੀ ਨਜ਼ਾਕਤ ਨੂੰ ਦੇਖਦੇ ਹੋਏ, ਕਿਸੇ ਵੀ ਘਟਨਾ ਦੀ ਚੁਭਣ, ਮਾਹੌਲ ਦੀ ਖਟਾਸ ਤੇ ਕਿਸੇ ਬੰਦੇ ਦੀ ਕੁੜੱਤਣ ਨੂੰ ਆਪਣੇ ਖ਼ੁਸ਼-ਤਬਾ



*Original with;*
Kulbir Singh Sidhu(I.A.S)
*Digitized by;*
Panjab Digital Library

ਅੰਦਾਜ਼ ਨਾਲ ਘੱਟ ਕਰਨ ਦਾ ਮਾਹਿਰ ਹੈ। ਫਿਰ ਇਹ ਹੋ ਹੀ ਨਹੀਂ ਸਕਦਾ ਕਿ ਜਿਥੇ ਕਿਤੇ ਵੀ ਇਹ ਖ਼ੁਸ਼ਮਿਜ਼ਾਜ ਬੰਦਾ ਕਿਸੇ ਸਭਾ-ਸੱਥ ਜਾਂ ਅਦਬੀ ਨਸ਼ਿਸਤ ਭਾਵ ਬੈਠਕ ਵਿਚ ਖੜ੍ਹਾ-ਬੈਠਾ ਹੋਵੇ ਤਾਂ ਉਥੇ ਲੋਕਾਂ ਦੇ ਬੁਲ੍ਹਾਂ ਤੋਂ ਹਾਸੇ ਝੜਦੇ ਨਾ ਹੋਣ। ਸਗੋਂ ਹੱਸਣ-ਖੇਡਣ ਦੇ ਪੱਖੋਂ ਜੇ ਕਿਤੇ ਕੋਈ ਕਬਜ਼ ਦਾ ਮਾਰਿਆ ਜਾਂ ਬੇਮਤਲਬ ਹੀ ਮੂੰਹ ਵਿਚ ਕੌੜੀ ਮਿਰਚ ਪਾਈ ਬੈਠਾ ਕੋਈ ਹਾਸੇ-ਠੱਠੇ ਦਾ ਦੁਸ਼ਮਣ ਵੀ ਉਸ ਦੇ ਦੁਆਲੇ ਖੜ੍ਹਾ ਹੋਵੇ ਤਾਂ ਉਹ ਵੀ 'ਹਾਂ-ਹਾਂ : ਹੀਂ-ਹੀਂ ' ਕਰਨ ਲੱਗ ਪੈਂਦਾ ਹੈ।

ਕੁਲਬੀਰ ਸਿੰਘ ਇਕ ਜਿਗਿਆਸੂ ਹੋਣ ਵਜੋਂ ਸਾਡੇ ਸਮਾਜ ਦਾ ਨਿਰਾ-ਪੁਰਾ ਸਿਖਿਆਰਥੀ ਤੇ ਵਿਦਿਆਰਥੀ ਹੀ ਨਹੀਂ ਹੈ, ਸਗੋਂ ਸਤਿਆਰਥੀ ਵੀ ਹੈ। ਇਸ ਵਾਸਤੇ ਹੀ ਉਸ ਨੇ ਸਤਿਆਰਥੀ ਜਿਗਿਆਸਾ ਨਾਲ ਆਪਣੇ ਸਭਿਆਚਾਰ, ਸਾਹਿਤ ਤੇ ਇਤਿਹਾਸ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸ ਨੇ ਬੜੀ ਸਪੱਸ਼ਟਵਾਦਤਾ ਦੇ ਨਾਲ ਪੰਜਾਬੀ ਸਭਿਆਚਾਰ ਨੂੰ ਉਘੇੜਿਆ ਤੇ ਚਮਕਾਇਆ ਹੈ। ਇਉਂ ਹੀ ਉਸ ਨੇ ਸਾਡੇ ਅਜੋਕੇ ਸਭਿਆਚਾਰ ਦੇ ਬਦਰੰਗ ਹਾਲਾਤਾਂ ਨੂੰ ਸਿਰਫ਼ ਘੋਖਿਆ ਤੇ ਖੰਘਾਲਿਆ ਹੀ ਨਹੀਂ, ਸਗੋਂ ਸਭਿਆਚਾਰਕ ਪੱਖੋਂ ਮੌਜੂਦਾ ਸਮੇਂ ਦੀਆਂ ਸਮੱਸਿਆਵਾਂ ਤੇ ਖ਼ਾਸ ਕਰਕੇ ਇਨ੍ਹਾਂ ਲਈ ਜ਼ਿੰਮੇਵਾਰ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਆਗੂਆਂ ਤੇ ਪ੍ਰਸ਼ਾਸਕਾਂ ਨਾਲ ਉਸ ਨੇ ਚੜ੍ਹਦੀ ਕੌਡੀ ਪਾਉਣ ਦੇ ਅੰਦਾਜ਼ ਵਿਚ ਲੋੜੀਂਦਾ ਧੌਲ-ਧੱਫਾ ਵੀ ਕੀਤਾ ਹੈ।

ਇਸ ਸੰਦਰਭ ਵਿਚ ਕੁਲਬੀਰ ਸਿੰਘ ਨੇ ਆਪਣੇ ਸੇਵਾ ਕਾਲ ਦੇ ਦੌਰਾਨ ਜਿੱਥੇ ਆਮ ਸਧਾਰਨ ਲੋਕਾਂ ਦੇ ਹੱਕ-ਸੱਚ 'ਤੇ ਪਹਿਰਾ ਦਿੱਤਾ ਹੈ, ਉਥੇ ਹੀ ਉਸ ਨੇ ਪੰਜਾਬ, ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਨੂੰ ਅਲੰਬਰਦਾਰੀ ਸੇਵਾ ਵੀ ਦਿੱਤੀ ਹੈ। ਇਸ ਵਾਸਤੇ ਉਹ ਸਾਡੇ ਸਮਾਜ ਨੂੰ ਦਰਪੇਸ਼ ਹਾਲਾਤਾਂ, ਮੁਸ਼ਕਿਲਾਂ ਤੇ ਅੜਾਉਣੀਆਂ ਦੇ ਨਾਲ ਸਿਰਫ਼ ਦੋ-ਦੋ ਹੱਥ ਹੀ ਨਹੀਂ ਕਰਦਾ, ਸਗੋਂ ਆਪਣੇ ਕੁਸ਼ਲਤਾ ਭਰਪੂਰ ਪ੍ਰਸ਼ਾਸਕੀ ਤਜਰਬੇ ਤੇ ਜ਼ਿੰਦਗੀ ਦੇ ਅਨੁਭਵਾਂ ਦੁਆਰਾ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਹੀਲਾ-ਵਸੀਲਾ ਵੀ ਦੱਸਦਾ ਹੈ।

ਸਾਡੇ ਸਭਿਆਚਾਰ ਤੇ ਸਮਾਜ ਦਾ ਹੀ ਜੀਅ ਹੋਣ ਦੇ ਨਾਤੇ ਕੁਲਬੀਰ ਆਪਣੇ ਜੀਵਨ ਦੇ ਪਿਛਲੇ 40 ਕੁ ਸਾਲ ਵਿਚ ਸਭਿਆਚਾਰ ਪ੍ਰਤੀ ਆਪਣੀ ਜ਼ਿੰਮੇਵਾਰੀ ਤੇ ਗੈਰ-ਤਸੱਲੀਬਖਸ਼ ਕਾਰਗੁਜ਼ਾਰੀ ਸਬੰਧੀ ਆਪਣੇ ਆਪ ਨੂੰ ਵੀ ਮੁਆਫ ਨਹੀਂ ਕਰਦਾ। ਉਸ ਦਾ ਇਕੋ-ਇਕ ਸੁਪਨਾ ਸਾਡੇ ਮਹਾਨ ਪੁਰਖ਼ਿਆਂ ਤੇ ਵਡੇਰਿਆਂ ਦੇ ਵਿਰਸੇ-ਵਿਰਾਸਤ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਚਾਰਨਾ ਤੇ ਪ੍ਰਸਾਰਨਾ ਹੈ। ਇਸ ਲਈ ਉਹ ਆਪਣੀਆਂ ਪੀੜ੍ਹੀਆਂ ਦੇ ਹਮਰਾਹ ਚਲਦਾ ਹੋਇਆ, ਆਪਣੇ ਲੋਕਾਂ ਨੂੰ ਪੰਜਾਬ ਦੇ ਸ਼ਾਨਾਮੱਤੇ ਸਭਿਆਚਾਰ, ਸੰਸਕ੍ਰਿਤੀ, ਇਤਿਹਾਸ ਤੇ ਸਾਹਿਤ ਦੇ ਨਾਲ ਜੋੜਦਾ ਹੈ। ਫਿਰ ਇਸ ਦੇ ਨਾਲ ਹੀ ਉਹ ਆਪਣੇ ਸ਼ਾਨਦਾਰ ਪੰਜਾਬੀ ਵਿਰਸੇ ਤੇ ਸਭਿਆਚਾਰਕ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਸਬੰਧੀ ਸਾਡੇ ਭਵਿੱਖ ਦੇ ਵਾਰਿਸ ਨੌਜਵਾਨਾਂ ਨੂੰ ਕੁਝ ਨਾ ਕੁਝ ਦੱਸਣ ਲਈ ਹਮੇਸ਼ਾ ਚਿੰਤਾਤੁਰ ਰਹਿੰਦਾ ਹੈ।



Original with;
Kulbir Singh Sidhu(I.A.S)
Digitized by;
Panjab Digital Library

ਇਸ ਵਾਸਤੇ ਕੁਲਬੀਰ ਸਿੰਘ ਆਪਣੇ ਇਤਿਹਾਸ, ਸਾਹਿਤ ਤੇ ਸਭਿਆਚਾਰ ਦੀ ਜਾਣਕਾਰੀ ਦੇਣ ਲਈ 'ਵੰਨ ਮੈਨ ਆਰਮੀ' ਵਾਂਗੂੰ ਭਾਵ ਇਕੱਲਾ-ਇਕਹਿਰਾ ਸਦੋਂ ਨੰਗੇ-ਧੜ ਹੀ ਆਪਣੇ ਮਿਸ਼ਨ ਵਿਚ ਲੱਗਾ ਰਹਿੰਦਾ ਹੈ। ਆਪਣੇ ਪੰਜਾਬੀ ਸਭਿਆਚਾਰ ਨੂੰ ਗਲੋਬਲ ਪੱਧਰ 'ਤੇ ਨਸ਼ਰ ਕਰਨਾ ਉਸ ਦਾ ਸਿੱਧਾ-ਸਾਧਾ ਮੰਤਵ ਹੈ ਅਤੇ ਇਹ ਹੀ ਉਸ ਦਾ ਇਕ ਵਿਲੱਖਣ ਜਿਹਾ ਫ਼ਿਕਰ ਹੈ। ਉਹ ਚਾਹੁੰਦਾ ਹੈ ਕਿ ਸਾਡੀਆਂ ਅਜੋਕੀਆਂ ਪੀੜ੍ਹੀਆਂ ਦੇ ਮਾਪੇ, ਅਧਿਆਪਕ, ਆਗੂ ਤੇ ਖ਼ਾਸ ਕਰਕੇ ਸਰਕਾਰਾਂ ਆਪਣੀਆਂ ਬੀਤ ਚੁੱਕੀਆਂ ਪੀੜ੍ਹੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਦਰਮਿਆਨੀ ਕੜੀ ਹੋਣ ਦੇ ਨਾਤੇ ਆਪਣੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸਹੀ ਦਸ਼ਾ ਤੇ ਦਿਸ਼ਾ ਦੇਣ ਦਾ ਆਪਣਾ ਅਹਿਮ ਫਰਜ਼ ਨਿਭਾਉਣ।

ਇਸ ਪ੍ਰਥਾਇ ਬਾਈ ਜੀ ਸਿੱਧੂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਸਾਨੂੰ ਆਪਣੇ ਆਪ ਨੂੰ ਆਪਣੇ ਪੁਰਖ਼ਿਆਂ ਤੇ ਵਡੇਰਿਆਂ ਦੇ ਜੀਵਨ ਫ਼ਲਸਫ਼ੇ ਤੇ ਉਨ੍ਹਾਂ ਦੇ ਸੰਘਰਸ਼ਾਂ ਤੇ ਕਾਰਨਾਮਿਆਂ ਪ੍ਰਤੀ ਜਾਣੂੰ ਤੇ ਜਾਗਰੂਕ ਹੋਣਾ ਪਵੇਗਾ। ਫਿਰ ਇਸ ਤੋਂ ਅੱਗੇ ਉਸ ਦਾ ਪੱਕਾ ਅਕੀਦਾ ਹੈ ਕਿ ਇਹ ਜਾਣਕਾਰੀ ਆਪਣੇ ਵਾਰਿਸ ਨੌਜਵਾਨਾਂ ਤੋਂ ਲੈ ਕੇ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਦਾ ਫਰਜ਼-ਅੱਵਲ ਅਦਾ ਕੀਤਾ ਜਾਵੇ। ਉਸ ਦੀਆਂ ਲਿਖਤਾਂ ਵਿਚ ਮੋਨਾਲਿਜ਼ਾ ਦੀ ਮੁਸਕਾਨ ਵਾਂਗ ਪਤਾ ਹੀ ਨਹੀਂ ਲਗਦਾ ਕਿ ਇਹ ਤਨਜ਼ ਹੈ ਜਾਂ ਰਮਜ਼ ਹੈ ਕਿਉਂਕਿ ਇਹ ਦੋਵੇਂ ਸਿਮਤਾਂ ਆਪਸ ਵਿਚ ਇਕ ਦੂਜੀ ਨਾਲ ਪੂਰੀ ਤਰ੍ਹਾਂ ਗੜੁਚ ਹਨ। ਇਸ ਤਰ੍ਹਾਂ ਹੀ ਆਮ ਸਰਸਰੀ ਜਿਹੀ ਨਜ਼ਰੇਂ ਇਨ੍ਹਾਂ ਲੇਖਣੀਆਂ ਦੇ ਪਿੱਛੇ ਛਿਪੇ ਰਾਜ਼ ਦਾ ਪਤਾ ਨਹੀਂ ਚਲਦਾ ਕਿ ਇਹ ਲੇਖਕ ਦੀ ਸੋਚਣੀ ਵਿਚ ਆਪਣੇ ਅਕੀਦੇ ਦੀ ਪੁਸ਼ਟੀ ਦਾ ਪੂਰਵ ਅਨੁਮਾਨ ਹੈ ਜਾਂ ਸੰਭਾਵੀ ਤੌਰ 'ਤੇ ਕਿਸੇ ਵਿਚਾਰ ਦੇ ਖੰਡਿਤ ਹੋ ਜਾਣ 'ਤੇ ਉਸ ਦਾ ਫ਼ਲਸਫ਼ਾਨਾ ਜਿਹਾ ਪਰਿਹਾਸ ਹੈ।

ਬੇਸ਼ਕ ਕੁਲਬੀਰ ਸਿੰਘ ਆਪਣੇ ਸਭਿਆਚਾਰ ਦੀਆਂ ਬਦਰੰਗੀਆਂ ਦੇਖਕੇ ਬੇਚੈਨ ਹੁੰਦਾ ਹੈ, ਪਰ ਉਹ ਆਪਣੇ ਆਲੇ-ਦੁਆਲੇ ਬਿਖਰੇ ਹਾਸੇ, ਖ਼ੁਸ਼ੀਆਂ ਤੇ ਖ਼ੂਬਸੂਰਤੀ ਨੂੰ ਵੇਖਣਾ ਤੇ ਚੁਗਣਾ ਨਹੀਂ ਭੁਲਿਆ। ਫਿਰ ਉਸ ਨੂੰ ਹਾਸੇ-ਖੇੜੇ ਆਪਣੇ ਲੋਕਾਂ ਨਾਲ ਸਾਂਝੇ ਕਰਨੇ ਆਉਂਦੇ ਹਨ। ਉਹ ਨਾ ਤਾਂ ਆਪ ਹੱਸਣਾ ਭੁੱਲਿਆ ਹੈ ਤੇ ਨਾ ਹੀ ਉਹ ਆਪਣੇ ਪਾਠਕਾਂ ਨੂੰ ਹਾਸੇ ਵੰਡਣ ਦਾ ਕੋਈ ਮੌਕਾ ਗੁਆਉਂਦਾ ਹੈ। ਸਿੱਧੂ ਗੁਫ਼ਤਗੂ ਦਾ ਵੀ ਉਸਤਾਦ ਹੈ, ਉਸ ਨੂੰ ਗੱਲ ਕਰਨੀ ਆਉਂਦੀ ਹੈ। ਉਹ ਸੰਜੀਦਾ ਤੋਂ ਸੰਜੀਦਾ ਗੱਲ ਨੂੰ ਵੀ ਗੋਲ-ਮਸ਼ਕਰੀ ਦੇ ਅੰਦਾਜ਼ ਵਿਚ ਕਹਿਣਾ ਜਾਣਦਾ ਹੈ। ਉਹ ਜਿਥੇ ਵੀ ਕੋਈ ਗੱਲਬਾਤ ਕਰ ਰਿਹਾ ਹੁੰਦਾ ਹੈ ਤਾਂ ਉਸ ਦੇ ਆਸੇ-ਪਾਸੇ ਹਾਸਿਆਂ ਦੇ ਛਣਕਾਟੇ ਪੈਂਦੇ ਸੁਣਦੇ ਹਨ।

ਇਸ ਪੁਸਤਕ ਦਾ 'ਉਡ ਗਈ ਰੂਹ ਮਿੱਤਰਾ ਵਾਲਾ ਲੇਖ ਖ਼ਾਸ ਕਰਕੇ ਇਸ ਸੱਚਾਈ ਦਾ ਲਖਾਇਕ ਹੈ ਕਿ ਸਾਡੇ ਸਮਾਜ ਤੇ ਸਭਿਆਚਾਰ ਵਿਚ ਖ਼ੁਸ਼ੀਆਂ-ਖੇੜਿਆਂ ਦੀ ਰੂਹ ਮਰ-ਮੁੱਕ ਰਹੀ ਹੈ ਤੇ ਸਾਨੂੰ ਸਾਡੇ ਆਮ ਜੀਵਨ ਵਿਚ ਹੱਸਣ ਦੀ ਆਦਤ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਨਹੀਂ ਰਹਿ ਗਈ। ਫਿਰ ਵੀ ਸਿੱਧੂ ਸਾਹਿਬ ਦਾ ਯਤਨ ਹੈ ਕਿ ਬੇਸ਼ਕ ਸਾਨੂੰ ਹੱਸਣਾ-ਖੇਡਣਾ ਭੁੱਲ ਹੀ ਗਿਆ ਹੈ; ਪਰ ਸਮਾਜ ਵਾਸਤੇ ਹਾਸੇ-ਖੇੜੇ ਇਕ ਸੋਹਣੀ ਜੀਵਨ-ਜਾਚ ਵਜੋਂ ਬੜੇ ਜ਼ਰੂਰੀ ਹਨ। ਇਸ ਲੇਖ ਵਿਚਲੇ ਪ੍ਰਸੰਗ-ਟੋਟਕੇ ਜੀਵਨ ਦੇ ਸਾਖ਼ਸ਼ਾਤ ਵਰਤਾਰੇ ਹਨ ਅਤੇ ਇਹ ਕਿਤਾਬਾਂ ਵਿਚੋਂ ਨਹੀਂ, ਸਗੋਂ ਜ਼ਿੰਦਗੀ ਦੀ ਕਿਤਾਬ ਵਿਚੋਂ ਲੱਭਦੇ ਹਨ।

ਇਉਂ ਹੀ ਸਿੱਧੂ ਦੀਆਂ ਰਚਨਾਵਾਂ ਇਕੋ ਸਮੇਂ ਹੀ ਆਪਣੇ ਪੁਰਖਿਆਂ ਦੇ ਸਭਿਆਚਾਰ ਪ੍ਰਤੀ ਉਸ ਦੀ ਨਿਆਜ਼ਮੰਦੀ ਦਾ ਇਕਰਾਰ ਹਨ ਅਤੇ ਇਸ ਦੇ ਨਾਲ ਹੀ ਉਸ ਅੰਦਰ ਸਮਾਜ ਪ੍ਰਤੀ ਕਿਸੇ ਗੁੱਝੀ ਅਹਿਸਾਨਮੰਦੀ ਦਾ ਇਜ਼ਹਾਰ ਵੀ ਹਨ। ਬਹਿਰਹਾਲ, ਉਸ ਦੀਆਂ ਪੁਸਤਕਾਂ ਧਰਾਤਲੀ ਪੱਧਰ ਤੋਂ ਲੈ ਕੇ ਅਧਿਆਤਮਿਕ ਪੱਧਰ ਤੱਕ ਦੇ ਖਿਆਲਾਂ ਤੇ ਵਿਚਾਰਾਂ ਨਾਲ ਗੜੂੰਦ ਹਨ। ਇਸ ਕਰਕੇ ਇਨ੍ਹਾਂ ਵਿਚ ਜ਼ਮੀਨੀ ਯਥਾਰਥ ਦੇ ਨਜ਼ਾਰੇ ਵੀ ਹਨ ਅਤੇ ਫ਼ਰਸ਼ੋਂ ਅਰਸ਼ ਤੱਕ ਪਹੁੰਚਣ ਦੀ ਤਾਂਘ ਦੇ ਆਦਰਸ਼ਵਾਦੀ ਝਲਕਾਰੇ ਵੀ ਹਨ। ਇੰਝ ਹੀ 'ਜ਼ਾਹਿਰਾ ਪੀਰ' ਵਾਂਗੂੰ ਇਕ ਗੱਲ ਜੋ ਬਾਈ ਕੁਲਬੀਰ ਸਿੰਘ ਸਿੱਧੂ ਦੀ ਸ਼ਖਸੀ ਤੇ ਸਾਹਿਤਕ ਹੋਂਦ ਵਿਚ ਜ਼ਾਹਿਰ ਹੈ, ਉਹ ਉਸ ਦੀ ਦਿਆਨਤਦਾਰੀ ਤੇ ਜ਼ਿੰਦਾ-ਦਿਲੀ ਹੈ।

ਕੁਲਬੀਰ ਸਿੰਘ ਪੰਜ ਦਰਿਆਵਾਂ ਦੀ ਧਰਤੀ ਦੀ ਗੱਲ ਕਰਦਾ ਹੋਇਆ ਪੰਜਾਬੀ ਸਵੈਮਾਣ ਨਾਲ ਸਰਾਬੋਰ ਹੋ ਜਾਂਦਾ ਹੈ। ਉਹ ਪੰਜ ਆਬਾਂ ਦੇ ਸਾਂਝੇ ਪੰਜਾਬੀ ਸਭਿਆਚਾਰ ਦੀਆਂ ਬਾਤਾਂ ਪਾਉਂਦਾ ਇਕ ਅਵੱਲੀ ਜਿਹੀ ਸਭਿਆਚਾਰਕ ਖੁਮਾਰੀ ਨਾਲ ਸਰਸ਼ਾਰ ਹੋ ਜਾਂਦਾ ਹੈ। ਫਿਰ ਜਦੋਂ ਉਹ ਢਾਈ ਦਰਿਆਵਾਂ ਦੇ ਯਥਾਰਥ ਵੱਲ ਆਉਂਦਾ ਹੈ ਤਾਂ ਅਜੋਕੇ ਪੰਜਾਬ ਦੀ ਗੱਲ ਕਰਦਾ ਹੋਇਆ, ਉਹ ਪਸੀਜੇ ਜਿਹੇ ਮਨ ਨਾਲ ਰੱਬ ਦੀ ਹੋਣੀ ਨੂੰ ਔਖਾ-ਸੌਖਾ ਮੰਨ ਤਾਂ ਲੈਂਦਾ ਹੈ, ਪਰ ਉਹ ਆਪਣੇ ਦਿਲ ਦੀ ਕਸਕ ਨੂੰ ਨਹੀਂ ਗੁਆਉਂਦਾ।

ਇਸ ਪ੍ਰਥਾਇ ਜਦੋਂ ਉਹ ਇਸ ਤੋਂ ਅੱਗੇ ਭਰੇ ਮਨ ਨਾਲ ਮੌਜੂਦਾ ਪੰਜਾਬ ਵਿਚ ਸਿਆਸੀ ਆਗੂਆਂ ਤੇ ਖੁਦ ਪੰਜਾਬੀਆਂ ਦੀ ਆਪਣੀ ਹੀ ਘੜੀ ਹੋਣੀ ਦੇ ਛੇ ਗੰਧਲੇ ਦਰਿਆਵਾਂ ਭਾਵ ਭ੍ਰਿਸ਼ਟਾਚਾਰ-ਰਿਸ਼ਵਤਖੋਰੀ, ਔਰਤ ਸਮਾਜ ਦੀ ਦੁਰਗਤੀ ਤੇ ਭਰੂਣ ਹੱਤਿਆ, ਮਾਂ ਬੋਲੀ ਪੰਜਾਬੀ ਤੇ ਵਿਦਿਅਕ ਪ੍ਰਣਾਲੀ ਦੀ ਦੁਰਦਸ਼ਾ, ਬੇਰੁਜ਼ਗਾਰੀ, ਰੁੜ੍ਹ-ਪੁੜ੍ਹ ਰਹੇ ਪਾਣੀਆਂ, ਕਿਰਸਾਣੀ ਦੀ ਬੇਕਦਰੀ ਅਤੇ ਨਸ਼ਿਆਂ-ਪੱਤਿਆਂ ਵਿਚ ਖੁਰਦੀ ਜਾ ਰਹੀ ਜਵਾਨੀ ਦੀ ਗੱਲ ਕਰਦਾ ਹੈ ਤਾਂ ਉਸ ਦਾ ਗੱਚ ਭਰ ਜਾਂਦਾ ਹੈ।

ਫਿਰ ਸਾਡਾ ਬਾਈ ਕੁਲਬੀਰ ਰੱਬ ਅੱਗੇ ਅਰਦਾਸਾਂ ਕਰਦਾ ਹੈ ਅਤੇ ਆਪਣੀ ਕੌਮ ਤੇ ਖਾਸ ਤੌਰ 'ਤੇ ਆਪਣੇ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਤਰਲੇ ਪਾਉਂਦਾ ਹੈ ਕਿ ਆਪਾਂ ਸਾਰੇ ਸੁਚੇਤ ਹੋ ਕੇ ਆਪਣੇ ਸੁਹਣੇ ਪੰਜਾਬ ਦੇ ਸਾਡੇ ਮਹਾਨ ਪੁਰਖਿਆਂ ਵਲੋਂ ਵਰੋਸਾਏ ਸ਼ਾਨਾਮੱਤੇ ਇਤਿਹਾਸ ਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਵਾਲੇ ਅਮੀਰ ਸਭਿਆਚਾਰ ਦੇ ਵਾਰਸ ਬਣੀਏ। ਫਿਰ ਸਿੱਧੂ ਸਾਰੇ ਪੰਜਾਬੀਆਂ ਨੂੰ ਇਸ ਪਖੋਂ ਸੰਭਲਣ ਤੇ ਸੁਚੇਤ ਹੋਣ ਦੀਆਂ ਅਰਜ਼ੋਈਆਂ ਕਰਦਾ ਹੈ



*Original with;*
Kulbir Singh Sidhu(I.A.S)
*Digitized by;*
Panjab Digital Library

ਕਿ ਆਪਾਂ ਸਾਰੇ ਰਲ-ਮਿਲ ਕੇ ਆਪਣੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਦੀਆਂ ਉਚੀਆਂ-ਸੁਚੀਆਂ ਪ੍ਰੰਪਰਾਵਾਂ ਤੇ ਨੇਕ ਕਦਰਾਂ-ਕੀਮਤਾਂ ਨੂੰ ਪੁਨਰ ਸੁਰਜੀਤ ਕਰੀਏ। ਉਸ ਦਾ ਇਸ ਪਿਛੇ ਇਕੋ ਹੀ ਉਦੇਸ਼ ਤੇ ਮੰਤਵ ਹੈ ਕਿ ਅਸੀਂ ਅਜੋਕੀ ਪੀੜ੍ਹੀ ਦੇ ਬਸ਼ਰ ਹੋਣ ਵਜੋਂ ਆਪਣੀਆਂ ਆਉਣ ਵਾਲੀਆਂ ਨੌਜਵਾਨ ਪੀੜ੍ਹੀਆਂ ਨੂੰ ਸਹੀ ਰੂਪ ਵਿਚ ਪੰਜਾਬ ਦੇ ਭਵਿਖ ਦੇ ਸੰਭਾਵੀ ਰਹਿਨੁਮਾ ਬਣਾ ਜਾਈਏ।

ਪੰਜਾਬੀ ਸੱਥ ਨੂੰ ਕੁਲਬੀਰ ਸਿੰਘ ਸਿੱਧੂ ਤੇ ਉਸ ਦੀਆਂ ਰਚਨਾਵਾਂ 'ਤੇ ਮਾਣ ਹੈ ਕਿ ਜਿੰਨਾ ਚਿਰ ਸਾਡੇ ਕੋਲ ਉਸ ਵਰਗੀਆਂ ਸੂਝਵਾਨ ਤੇ ਚੇਤੰਨ ਸ਼ਖਸੀਅਤਾਂ ਮੌਜੂਦ ਹਨ, ਉਨਾਂ ਚਿਰ ਹੱਕ, ਸੱਚ ਤੇ ਨਿਆਂ ਦੀ ਗੱਲ ਹੁੰਦੀ ਰਹੇਗੀ। ਹੁਣ ਉਮੀਦ ਬੱਝਣ ਲੱਗੀ ਹੈ ਕਿ ਉਹ ਦਿਨ ਦੂਰ ਨਹੀਂ ਕਿ ਜਦੋਂ ਕਦਰਾਂ-ਕੀਮਤਾਂ 'ਤੇ ਅਧਾਰਿਤ ਵਿਵਸਥਾ ਕਾਇਮ ਹੋ ਜਾਵੇਗੀ। ਨਿਰਸੰਦੇਹ ਇਸ ਵਾਸਤੇ ਸਾਨੂੰ ਸਭ ਨੂੰ ਸੰਜੀਦਗੀ ਨਾਲ ਯਤਨ ਕਰਨੇ ਪੈਣਗੇ। ਇਸ ਵਾਸਤੇ ਸਭ ਤੋਂ ਪਹਿਲਾਂ ਤਾਂ ਆਪਣੇ ਕਿਰਦਾਰ ਤੇ ਕਾਰ-ਵਿਹਾਰ ਵਿਚ ਸਾਨੂੰ ਸੁਧਾਰ ਕਰਨਾ ਪਵੇਗਾ।

ਇਸ ਪ੍ਰਥਾਇ ਆਓ ਰਲ-ਮਿਲ ਕੇ ਚੰਗੇਰੇ ਸਮਾਜ ਦੀ ਸਿਰਜਣਾ ਲਈ ਯਤਨ ਕਰੀਏ ਤੇ ਆਪਣੇ ਨੌਜਵਾਨਾਂ ਨੂੰ ਦੇਸ਼-ਪ੍ਰੇਮ ਦਾ ਸਬਕ ਦੇ ਕੇ ਕਿਰਤ ਨਾਲ ਜੋੜੀਏ। ਬੇਸ਼ੱਕ ਇਸ ਵਾਸਤੇ ਸਾਨੂੰ ਪਹਿਲਾਂ ਆਪਣੇ ਆਪ ਨੂੰ ਵਧੀਆ ਨਾਗਰਿਕ ਬਣਾਉਣਾ ਪਵੇਗਾ ਤੇ ਖ਼ਾਸ ਕਰਕੇ ਆਪਣੇ ਪੰਜਾਬ ਦੀ ਵਾਗਡੋਰ ਆਪਣੇ ਆਗੂਆਂ ਦੇ ਹੱਥ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਠਣਕਾ-ਵਜਾ ਕੇ ਵੇਖਣਾ ਪਵੇਗਾ।

ਸ੍ਰ. ਕੁਲਬੀਰ ਸਿੰਘ ਸਿੱਧੂ ਹੋਰਾਂ ਦੀ ਇਸ ਪੁਸਤਕ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਦੀ ਪ੍ਰਕਾਸ਼ਨਾਂ ਨੂੰ ਅਸੀਂ ਯੂਰਪੀ ਪੰਜਾਬੀ ਸੱਥ, ਵਾਲਸਲ ਅਤੇ ਮੰਝਕੀ ਪੰਜਾਬੀ ਸੱਥ ਭੰਗਾਲਾ ਵਲੋਂ ਖੁਸ਼-ਆਮਦੀਦ ਕਹਿੰਦੇ ਹਾਂ।

| | | |
|---|---|---|
| ਮੋਤਾ ਸਿੰਘ ਸਰਾਏ | ਪ੍ਰਿੰ. ਕੁਲਵਿੰਦਰ ਸਿੰਘ ਸਰਾਏ | ਡਾ. ਨਿਰਮਲ ਸਿੰਘ |
| ਯੂਰਪੀ ਪੰਜਾਬੀ ਸੱਥ | ਮੰਝਕੀ ਪੰਜਾਬੀ ਸੱਥ ਭੰਗਾਲਾ | ਪੰਜਾਬੀ ਸੱਥ ਲਾਂਬੜਾ |



*Original with;*
Kulbir Singh Sidhu(I.A.S)
*Digitized by;*
Panjab Digital Library

# ਆਪੇ ਮੈਂ ਬਾਲੜੀ, ਹਾਲੇ ਆਪ ਮੱਤਾਂ ਜੋਗੀ....

ਸਾਡੇ ਰੰਗਲੇ ਪੰਜਾਬ ਦਾ ਸ਼ਾਨਦਾਰ ਤੇ ਬਹੁਰੰਗੀ ਸਭਿਆਚਾਰ ਸਾਡੀਆਂ ਆਪਣੀਆਂ ਅਣਗਹਿਲੀਆਂ ਤੇ ਕਰਤੂਤਾਂ ਦੇ ਕਾਰਨ ਸਾਡੇ ਵਿਂਹਦੇ-ਵਿਂਹਦੇ ਦਿਨ-ਬ-ਦਿਨ ਬਦਰੰਗ ਹੋ ਰਿਹਾ ਹੈ। ਜਦੋਂ ਕਿ ਕੁਝ ਕੁ ਸਮਾਂ ਪਹਿਲਾਂ ਸਾਡਾ ਪੰਜਾਬੀ ਸਭਿਆਚਾਰ ਦਾ ਮੂਲ ਅਧਾਰ ਬੜੀਆਂ ਉੱਤਮ ਕਦਰਾਂ-ਕੀਮਤਾਂ 'ਤੇ ਅਧਾਰਿਤ ਹੁੰਦਾ ਸੀ। ਮੁੱਖ ਤੌਰ 'ਤੇ ਸਾਡੀ ਸਮੁੱਚੀ ਪੰਜਾਬੀ ਜੀਵਨਸ਼ੈਲੀ ਬਾਬਾ ਨਾਨਕ ਦੇਵ ਜੀ ਦੀ ਇਲਾਹੀ ਸੰਥਾ 'ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ' ਉਤੇ ਅਧਾਰਿਤ ਸੀ। ਸਾਡੇ ਸਮਾਜ ਵਿਚ ਤੇ ਖ਼ਾਸ ਕਰਕੇ ਪੇਂਡੂ ਵਰਗ ਵਿਚ 'ਵੱਡਿਆਂ ਦਾ ਸਤਿਕਾਰ, ਹਮਉਮਰ ਭਾਈਚਾਰੇ ਨਾਲ 'ਸਤਿ ਸ੍ਰੀ ਅਕਾਲ' ਜਿਹੀ ਸਾਂਝ ਤੇ ਛੋਟਿਆਂ ਲਈ ਪਿਆਰ ਵਰਗੀਆਂ ਮਾਨਵੀ ਭਾਵਨਾਵਾਂ ਸਾਡੀ ਜੀਵਨ ਜਾਚ ਦੇ ਖੁਲਾਸੇ ਵਜੋਂ ਦ੍ਰਿਸ਼ਟਮਾਨ ਹੁੰਦੀਆਂ ਸਨ।

ਇਉਂ ਹੀ ਪੰਜ-ਸੱਤ ਦਹਾਕੇ ਪਹਿਲਾਂ ਦੇ ਪੰਜਾਬੀ ਸਮਾਜ ਦੀਆਂ ਖੁਸ਼ੀਆਂ, ਗਮੀਆਂ ਤੇ ਦੁੱਖ-ਤਕਲੀਫਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਸਨ। ਵਿਆਹ, ਸ਼ਾਦੀਆਂ ਤੇ ਮੇਲੇ-ਅਖਾੜਿਆਂ ਵਿਚ ਮਨੁੱਖਤਾ ਦੇ ਉੱਚੇ-ਸੁੱਚੇ ਤੇ ਗੂਹੜੇ ਰੰਗ ਭਰੇ ਜਾਂਦੇ ਸਨ। ਇਉਂ ਉਦੋਂ ਲੋਕਾਂ ਵਿਚ ਆਪਸੀ ਪ੍ਰੇਮ-ਪਿਆਰ ਤੇ ਮੁਹੱਬਤਾਂ ਖਾਸੀਆਂ ਗੂਹੜੀਆਂ ਹੁੰਦੀਆਂ ਸਨ। ਸਾਡੇ ਮਨਾਂ ਵਿਚ ਰੱਬ ਤੇ ਰਾਮ ਦਾ 'ਹੈਅ-ਭੈਅ' ਤੇ ਦਿਆ-ਖਿਮਾਂ ਜਿਹੀਆਂ ਇਨਸਾਨੀ ਭਾਵਨਾਵਾਂ ਬਣੀਆਂ ਹੁੰਦੀਆਂ ਸਨ। ਆਮ ਬੰਦੇ ਵਰ-ਸਰਾਪ ਨੂੰ ਸਮਝਦੇ ਸਨ ਤੇ ਦੁਰਸੀਸ ਤੋਂ ਡਰਦੇ ਸਨ, ਇਉਂ ਸਾਡਾ ਸਮੁੱਚਾ ਸਮਾਜ ਅਸੀਸਾਂ ਲੈਣ ਦਾ ਚਾਹਵਾਨ ਹੁੰਦਾ ਸੀ। ਫਿਰ ਸਾਡੇ ਪੁਰਖਿਆਂ, ਵਡੇਰਿਆਂ ਤੇ ਬਜ਼ੁਰਗਾਂ ਦੀ ਅਸੀਸ ਵਿਚ ਵੀ ਨਾਮ ਖੁਮਾਰੀ ਜਿਹੀ ਰੰਗਤ-ਰੰਗਣਾ ਤੇ ਅਸਰ ਹੁੰਦਾ ਸੀ। ਅੱਜ ਕਿਸੇ ਨੂੰ ਅਸੀਸ ਲੈਣੀ ਨਹੀਂ ਆਉਂਦੀ ਤੇ ਕਿਸੇ ਨੂੰ ਅਸੀਸ ਦੇਣੀ ਨਹੀਂ ਆਉਂਦੀ।

ਬੇਸ਼ੱਕ ਹੁਣ ਇਹ ਪ੍ਰੇਸ਼ਾਨੀ ਹੁੰਦੀ ਹੈ ਕਿ ਸਾਡੇ ਸਭਿਆਚਾਰ ਵਿਚ ਸਦਾਚਾਰ ਅਤੇ ਭਾਈਚਾਰੇ ਵਿਚ ਸੁੱਚਾ ਸਨੇਹ ਤੇ ਪਿਆਰ ਖਤਮ ਹੋ ਰਿਹਾ ਹੈ। ਅੱਜ ਸਾਡਾ ਬਹੁਰੰਗੀ ਪੰਜਾਬੀ ਸਭਿਆਚਾਰ ਬਦਰੰਗ ਹੋ ਰਿਹਾ ਹੈ। ਸਾਡੀ ਸੰਸਕ੍ਰਿਤੀ ਤੇ ਸਭਿਆਚਾਰਕ ਵਿਰਾਸਤ ਮੁੱਠੀ ਵਿਚੋਂ ਰੇਤ ਕਿਰਨ ਵਾਂਗੂੰ ਸਾਡੇ ਹੱਥੋਂ ਕਿਰਦੀ ਜਾ ਰਹੀ ਹੈ। ਫਿਰ ਸਿਤਮ ਇਹ ਹੈ ਕਿ ਸਾਡਾ ਸਮੁੱਚਾ ਸਮਾਜ ਤੇ ਅਸੀਂ ਸਾਰੇ ਹੀ ਇਸ



*Original with;*
Kulbir Singh Sidhu(I.A.S)
*Digitized by;*
Panjab Digital Library

ਦਾਵਾਨਲੀ ਅੱਗ ਰੂਪੀ ਵਰਤਾਰੇ ਦੇ ਖੁਦ ਹੀ ਮੂਕ ਦਰਸ਼ਕ ਬਣੇ ਬੈਠੇ ਹਾਂ। ਫਿਰ ਅਲੋਕਾਰੀ ਇਹ ਹੈ ਕਿ ਸਾਡਾ ਤੇ ਖ਼ਾਸ ਕਰਕੇ ਕਿਸੇ ਵੀ ਸਰਕਾਰ ਜਾਂ ਸੰਸਥਾ ਦਾ ਇਸ ਪਾਸੇ ਵੱਲ ਕੋਈ ਧਿਆਨ ਹੀ ਨਹੀਂ ਹੈ। ਅਸੀਂ ਵਧ ਰਹੇ ਨੈਤਿਕ, ਸਮਾਜਿਕ ਤੇ ਰਾਜਨੀਤਿਕ ਕੋਹੜਾਂ ਨੂੰ ਠੱਲ੍ਹ ਪਾਉਣ ਵਾਸਤੇ ਕੁਝ ਵੀ ਨਹੀਂ ਕਰ ਰਹੇ; ਸਗੋਂ ਹਰ ਹੀਲੇ ਆਪਣੀਆਂ ਕੋਝੀਆਂ ਕਰਤੂਤਾਂ ਦੇ ਕਾਰਨ ਆਪਣੀ ਮਾੜੀ ਕਿਸਮਤ ਨੂੰ ਹਰ ਲਗਦੀ-ਵਾਹ ਵਾਜਾਂ ਮਾਰਦੇ ਹੀ ਦਿਸਦੇ ਹਾਂ। ਕਿੱਸਾ ਮੁਖ਼ਤਸਰ; ਸਾਡੇ ਸਭਿਆਚਾਰ ਦੇ ਸਤਰੰਗੀ ਪੀਂਘ ਵਰਗੇ ਨਜ਼ਾਰਿਆਂ ਦੀ ਤਾਂ ਹੁਣ ਕੋਈ ਗੱਲ ਹੀ ਨਹੀਂ ਰਹਿ ਗਈ, ਸਗੋਂ ਸਾਡਾ ਸਭਿਆਚਾਰ ਤਾਂ ਹੁਣ ਬੇਰੰਗ ਤੇ ਕਰੂਪ ਹੋ ਚੁੱਕਾ ਹੈ।

ਖ਼ੈਰ! ਪੰਜਾਬੀ ਵੀਰੋ ਤੇ ਭੈਣੋ! ਸਾਨੂੰ ਸਭ ਨੂੰ ਬੀਤੇ ਕੱਲ੍ਹ ਦੀ ਗੱਲ ਵਾਂਗ ਇਹ ਯਾਦ ਹੀ ਹੈ ਕਿ ਸਾਡਾ ਇਕ 'ਬਾਬਾ ਸਭਿਆਚਾਰ, ਤਾਇਆ ਵਿਰਸਾ, ਤਾਈ ਸਚਿਆਰ ਤੇ ਉਨ੍ਹਾਂ ਦੀ ਧੀ-ਧਿਆਣੀ ਵਿਰਾਸਤ' ਹੁੰਦੀ ਸੀ। ਫਿਰ ਅਸੀਂ ਇਨ੍ਹਾਂ ਬਜ਼ੁਰਗਾਂ ਦੇ ਅੱਗੇ ਨਿਰੇ ਹੀ ਪੁੱਤ-ਧੀਆਂ ਹੋਏ। ਫਿਰ ਥੋੜ੍ਹਾ ਸਮਾਂ ਪਹਿਲਾਂ ਦੀ ਗੱਲ ਹੈ ਕਿ ਇਕ ਦਿਨ ਸਾਡੇ ਪੁਰਖੇ ਤੇ ਸਦਾਚਾਰੀ ਵਡੇਰੇ-ਵਡਿਕੇ ਸਾਡੀਆਂ ਮਾੜੀਆਂ ਸਮਾਜਿਕ ਹਰਕਤਾਂ ਵੇਖ ਕੇ ਸਾਥੋਂ ਅੱਡ ਹੋ ਕੇ ਆਪਣੇ ਡੇਰੇ ਕੂਚ ਕਰ ਗਏ ਸਨ।

ਬੱਸ ਇਹ ਸਮਾਂ ਅਜ਼ਾਦੀ ਦੇ ਰੌਲਿਆਂ-ਗੌਲਿਆਂ ਤੋਂ ਤਕਰੀਬਨ 15-20 ਸਾਲ ਬਾਅਦ 'ਪੰਜਾਬੀ ਸੂਬਾ' ਬਣਨ ਵੇਲੇ ਦਾ ਹੈ; ਜਦੋਂ ਕਿ ਸਾਡੀ ਮੌਜੂਦਾ ਕਬੀਲਦਾਰੀ ਦੀ ਕਥਿਤ ਖ਼ੁਦਮੁਖ਼ਤਿਆਰੀ ਦੇ ਤਹਿਤ ਆਪਣੀ ਸਭਿਅਤਾ, ਸੰਸਕ੍ਰਿਤੀ, ਸਭਿਆਚਾਰ ਤੇ ਖ਼ਾਸ ਕਰਕੇ ਨੈਤਿਕ ਕਦਰਾਂ-ਕੀਮਤਾਂ ਨਾਲ ਸਾਡੀ ਵਪਾਰਿਕ ਤੇ ਬਜ਼ਾਰੂ ਜਿਹੀ ਛੇੜ-ਛਾੜ ਸ਼ੁਰੂ ਹੋਈ। ਉਦੋਂ ਤੰਗ ਆ ਕੇ ਸਾਡਾ ਬਾਬਾ ਸਭਿਆਚਾਰ ਆਪਣੇ ਟੱਬਰ-ਟੀਰ ਤੇ ਆਪਣੇ ਹੋਰ ਸਾਰੇ ਵਧੀਆ ਨਿੱਕ-ਸੁੱਕ ਸਮੇਤ ਅਲੋਪ ਹੋ ਗਿਆ ਸੀ। ਲਿਹਾਜ਼ਾ ਇਹ ਪੁਸਤਕ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਆਪਣੇ ਵਡੇਰਿਆਂ ਤੇ ਉਨ੍ਹਾਂ ਦੇ ਸ਼ਫ਼ਕਤ-ਪਿਆਰ ਨੂੰ ਭਾਲਣ ਦੀ ਗਰਜ਼ ਨਾਲ ਬੱਸ ਇਕ ਤਰ੍ਹਾਂ ਦੀ ਗੁੰਮਸ਼ੁਦਗੀ ਰਪਟ ਹੀ ਹੈ।

ਖੈਰ! ਸਾਡੇ ਸਭਿਆਚਾਰ ਦੇ ਅਲੰਬਰਦਾਰ ਬਾਬਿਆਂ ਤੋਂ ਬਾਅਦ ਹੁਣ ਬਾਕੀ ਬਚੇ ਸਾਡੇ ਵਰਗੇ ਕੱਚ-ਘਰੜ 'ਰਹਿੰਦੇ-ਖੂੰਹਦੇ ਮੁਕੰਦਿਆਂ' ਦੇ ਆਪੋ-ਆਪਣੇ ਡੇਰਿਆਂ 'ਤੇ ਕਥਿਤ ਚੌਧਰਪਣ ਦੇ ਝੰਡੇ-ਡੰਡੇ ਤਾਂ ਬੇਸ਼ੱਕ ਗੱਡੇ ਗਏ ਹਨ, ਪਰ ਸਭਿਆਚਾਰਕ ਪੱਖੋਂ ਕੁਲ ਮਿਲਾ ਕੇ ਸਾਡੇ ਨਾਲ ਬੜੀ ਸੁਥਰੀ ਹੋਈ ਬੀਤੀ ਹੈ। ਬੱਸ ਇਉਂ ਸਮਝੋ ਕਿ 'ਲੰਬੜਾਂ ਦੇ ਸੰਨ੍ਹ ਲਗ ਗਈ, ਅੰਦਰੋਂ ਨਿਕਲੀ ਸਾਗ ਵਾਲੀ ਤੌੜੀ' ਜਿਹੀ ਗੱਲ ਹੀ ਸਾਡੇ ਨਾਲ ਹੋਈ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਅਸੀਂ ਹੁੱਬ ਕੇ ਆਪਣੇ ਆਪ ਨੂੰ ਪੰਜਾਬੀ ਮਾਂ ਦੇ ਪੁੱਤ ਤਾਂ ਕਹਾਉਂਦੇ ਹਾਂ, ਪਰ ਪੰਜਾਬ, ਪੰਜਾਬੀ ਬੋਲੀ ਤੇ ਪੰਜਾਬੀਅਤ ਨਾਲ ਸਾਡਾ ਕੋਈ ਬਹੁਤਾ ਤੁਅਲਕ-ਵਾਸਤਾ ਨਹੀਂ ਜਾਪਦਾ।

ਨਿਰਸੰਦੇਹ ਇਸ ਦੇ ਬਾਵਜੂਦ ਵੀ ਸਾਡੇ ਕੋਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।। ਤਾ ਮੇਰੈ ਮਨਿ ਭਇਆ ਨਿਧਾਨਾ।। ਰਤਨ ਲਾਲ ਜਾ ਕਾ ਕਛੂ ਨਾ ਮੋਲੁ।। ਭਰੇ ਭੰਡਾਰ ਅਖੂਟ ਅਤੋਲ।।" ਜਿਹੇ ਬੇਸ਼ਕੀਮਤੀ ਗੁਰਮਤਿ ਵਿਚਾਰਾਂ ਦੇ ਖਜ਼ਾਨੇ ਮੌਜੂਦ ਹਨ। ਇਸ ਦਾ ਭਾਵ ਇਹ ਹੈ ਕਿ ਪਿਓ-ਦਾਦੇ ਦੇ ਸੰਚਿਤ ਸੰਸਕਾਰੀ ਖਜ਼ਾਨਿਆਂ ਦੀ ਪ੍ਰਾਪਤੀ ਸਾਡੇ ਵਾਸਤੇ ਖੁਸ਼ੀਆਂ ਦੇ ਬੂਹੇ ਖੋਲ ਦਿੰਦੀ ਹੈ। ਇਉਂ ਹੀ ਸ੍ਰੀ ਗੁਰੂ ਅਮਰਦਾਸ ਜੀ ਦੇ "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ" ਜਿਹੇ ਫ਼ੁਰਮਾਨ ਸਾਨੂੰ ਆਪਣੇ ਪੁਰਖਿਆਂ ਦੇ ਸਲੱਗ-ਸਪੂਤ ਬਣਨ ਦੀ ਨਸੀਹਤ ਦਿੰਦੇ ਹਨ।

ਅਫ਼ਸੋਸ ਹੈ ਕਿ ਫਿਰ ਇਸ ਦੇ ਬਾਵਜੂਦ ਵੀ ਪਰ ਸਾਨੂੰ ਆਪਣੇ ਸ਼ਾਨਾਮੱਤੇ ਸਭਿਆਚਾਰ, ਇਤਿਹਾਸ ਤੇ ਸਾਹਿਤ ਦਾ ਕੋਈ ਬਹੁਤਾ ਗਿਆਨ ਨਹੀਂ ਹੈ। ਬੇਸ਼ੱਕ ਅਸੀਂ ਮਹਾਨ ਸਭਿਅਤਾ ਤੇ ਸੰਸਕ੍ਰਿਤੀ ਦੇ ਵਾਰਿਸ ਤਾਂ ਕਹਾਉਂਦੇ ਹਾਂ, ਪਰ ਸਾਨੂੰ ਆਪਣੇ ਪੁਰਖਿਆਂ ਦੇ ਜੀਵਨ, ਫ਼ਲਸਫ਼ੇ ਤੇ ਕਾਰਨਾਮਿਆਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ। ਸਗੋਂ ਸਾਡੀ ਇਸ ਸੂਰਤੇ-ਹਾਲ 'ਤੇ ਮਹਾਨ ਸ਼ਾਇਰ ਤੇ ਚਿੰਤਕ ਮੁਹੰਮਦ ਇਕਬਾਲ ਦਾ ਇਕ ਮਕਬੂਲ ਸ਼ਿਅਰ ਬੜਾ ਸੋਹਣਾ ਕਟਾਕਸ਼ ਕਰਦਾ ਹੈ ਕਿ :-

'ਬਾਪ ਕਾ ਇਲਮ ਨਾ ਬੇਟੇ ਕੋ ਅਗਰ ਅਜ਼ਬਰ ਹੋ
ਫਿਰ ਪਿਸਰ ਕਾਬਿਲੇ-ਮੀਰਾਸੇ ਪਿਦਰ ਕਿਉਂ ਕਰ ਹੋ'

ਇਸ ਦਾ ਮਤਲਬ ਇਹ ਹੈ ਕਿ ਜਿਸ ਬੰਦੇ ਨੂੰ ਆਪਣੇ ਮਾਂ-ਬਾਪ ਦੇ ਬਾਰੇ ਵੀ ਪੂਰੀ ਜਾਣਕਾਰੀ ਨਾ ਹੋਵੇ ਉਸ ਨੂੰ ਆਪਣੇ ਪਿਤਾ ਦੀ ਜ਼ਮੀਨ-ਜਾਇਦਾਦ ਦਾ ਵਾਰਿਸ ਹੋਣ ਦਾ ਵੀ ਕੀ ਹੱਕ ਹੈ? ਇਸ ਪ੍ਰਥਾਇ ਸਗੋਂ ਸਾਡੇ ਜੀਵਨ ਦਾ ਸੱਚਾ-ਸੁੱਚਾ ਕਬੂਲਨਾਮਾ ਤਾਂ ਇਹ ਹੈ ਕਿ ਹੁਣ ਹਰ ਕਿਸੇ ਦੀ ਅੱਖ ਆਪਣੇ ਪਿਉ-ਦਾਦੇ ਦੀ ਦੌਲਤ ਉਪਰ ਤਾਂ ਟਿਕੀ ਰਹਿੰਦੀ ਹੈ, ਪਰ ਆਪਣੇ ਪੁਰਖਿਆਂ ਤੇ ਵਡੇਰਿਆਂ ਦੀ ਇਨਸਾਨੀਅਤ ਪ੍ਰਾਪਤ ਕਰਨ ਵਾਸਤੇ ਨਾ ਤਾਂ ਸਾਡਾ ਕਿਸੇ ਦਾ ਮਨ ਵਧਦਾ ਹੈ ਤੇ ਨਾ ਹੀ ਹੱਥ ਵਧਦਾ ਹੈ। ਇਸ ਦਾ ਸਪਸ਼ਟ ਕਾਰਨ ਇਹ ਹੈ ਕਿ ਅਸੀਂ ਪਰ ਅਸੀਂ ਤਾਂ ਆਦਮੀ ਤੋਂ ਇਨਸਾਨ ਵੀ ਨਹੀਂ ਬਣਦੇ। ਇਸ ਦੇ ਬਿਲਕੁਲ ਉਲਟ ਲੋਕ ਅਮੂਮਨ ਹੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਜਿਹੇ ਪੰਜ ਭੂਤਾਂ ਦੇ ਅਸਰ ਤਹਿਤ ਆਪਣੇ ਅੰਦਰ ਖੂੰਖਾਰ ਪਸ਼ੂ ਬਿਰਤੀਆਂ ਸਾਂਭੀ ਰੱਖਦੇ ਹਨ ਅਤੇ ਖੁਦ ਨੂੰ ਲਹੂ-ਲੂਹਾਨ ਕਰਦੇ ਰਹਿੰਦੇ ਹਨ। ਫਿਰ ਅਸੀਂ ਜਿਹੜੇ ਲੋਕ ਹਾਲੇ ਆਦਮੀ ਦੇ ਪੱਧਰ ਤੱਕ ਵੀ ਨਹੀਂ ਪਹੁੰਚੇ, ਉਨ੍ਹਾਂ ਵਾਸਤੇ ਨਿਰਸੰਦੇਹ ਮਹਾਂ-ਮਾਨਵ ਤਾਂ ਕੀ ਸਗੋਂ ਮਾਨਵ ਬਣਨ ਦੀ ਗੱਲ ਵੀ ਦੂਰ ਦੀ ਕੌਡੀ ਹੈ।

ਜਦੋਂ ਕਿ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਜਾਮੇ ਵਿਚ ਮਨੁੱਖ ਤੋਂ ਮਾਨਵ ਤੇ ਅੱਗੇ ਬ੍ਰਹਮ ਗਿਆਨੀ ਅਤੇ ਉਸ ਤੋਂ ਉਪਰ 'ਮਹਾਂ-ਮਾਨਵ' ਅਤੇ 'ਪਰਮ ਮਨੁੱਖ' ਬਣਨ ਜਿਹੇ ਪੜਾਅ ਆਉਂਦੇ ਹਨ। ਇਸ ਤਰ੍ਹਾਂ ਮਨੁੱਖ ਤੋਂ ਇਨਸਾਨ ਬਣਨ ਦਾ ਸਫ਼ਰ ਜ਼ਿੰਦਗੀ ਦੇ ਮਹਾਂ-ਸਮਰ ਭਾਵ ਮਹਾਂ-ਜੰਗ ਵਿਚੋਂ ਦੀ ਗੁਜ਼ਰਦਾ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਦਰਅਸਲ, ਸਾਨੂੰ ਆਦਮੀ ਤੋਂ ਮਾਨਵ, ਮਾਨਸ ਜਾਂ ਇਨਸਾਨ ਬਣਨ ਦੀ ਤਮੰਨਾ ਆਮ ਤੌਰ 'ਤੇ 'ਦੂਰ ਦੇ ਢੋਲ ਸੁਹਾਵਣੇ' ਦੇ ਅਖਾਣ ਮੁਤਾਬਿਕ ਲੁਭਾਉਂਦੀ ਤਾਂ ਰਹਿੰਦੀ ਹੈ, ਪਰ ਅਸੀਂ ਆਪਣੇ ਪੁਰਖਿਆਂ ਦੇ ਗਿਆਨਵਾਨ ਤੇ ਭਲੇਮਾਣਸ ਵਾਰਿਸ ਬਣਨ ਦੀ ਜੱਦੋ-ਜਹਿਦ ਤੋਂ ਟਾਲਾ ਵੱਟਦੇ ਹਾਂ।

ਸਾਨੂੰ ਭੁੱਲੇ-ਵਿਸਰੇ ਆਪਣੇ ਵਿਰਸੇ ਅਤੇ ਆਪਣੇ ਵੱਲੋਂ ਹੀ ਵਿਸਾਰੇ ਗਏ ਆਪਣੇ ਪੁਰਖਿਆਂ ਦੀ ਯਾਦ ਸਿਰਫ਼ ਉਦੋਂ ਹੀ ਆਉਂਦੀ ਹੈ ਕਿ ਜਦੋਂ ਹੁਣ ਅੱਗੇ ਸਾਡੇ ਨਿਆਣੇ ਤੇ ਖਾਸ ਕਰਕੇ ਨੌਜਵਾਨ ਸਾਨੂੰ ਪੁੱਛਦੇ ਹਨ ਕਿ ਉਨ੍ਹਾਂ ਦੇ ਦਾਦੇ-ਦਾਦੀਆਂ ਤੇ ਨਾਨੇ-ਨਾਨੀਆਂ ਕੌਣ ਸਨ। ਪਰ ਸਾਡੇ ਕੋਲ ਕੋਈ ਵਾਜਿਬ ਜੁਆਬ ਨਹੀਂ ਹੁੰਦਾ ਕਿਉਂਕਿ ਦਰਹਕੀਕਤ ਅਸੀਂ ਖ਼ੁਦ ਹੀ ਉਨ੍ਹਾਂ ਦੀਆਂ ਸਮਾਜਿਕ ਤੇ ਨੈਤਿਕ ਖ਼ੂਬੀਆਂ ਤੋਂ ਵਾਕਿਫ਼ ਨਹੀਂ ਹੁੰਦੇ। ਬਿਲਕੁਲ ਇਸ ਤਰ੍ਹਾਂ ਹੀ ਜਦੋਂ ਸਾਡੇ ਬੱਚੇ ਆਪਣੇ ਮਾਪਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਜਾਂ ਮਾਸੀ ਪੰਜਾਬੀਅਤ ਸਬੰਧੀ ਜਾਨਣਾ ਚਾਹੁੰਦੇ ਹਨ ਕਿ ਸਾਡੀ ਅਜੋਕੀ ਪੀੜ੍ਹੀ ਆਪਣੀਆਂ ਇਨ੍ਹਾਂ ਮਾਵਾਂ ਨੂੰ ਕਿਸ ਅਖੌਤੀ ਪੰਜਾਬ ਹਿਤੈਸ਼ੀ ਅਲੰਬਰਦਾਰ ਦੇ ਲੜ ਲਾ ਆਈ ਹੈ। ਫਿਰ ਸਾਡੀ ਆਤਮਾ ਉਦੋਂ ਹੋਰ ਵੀ ਝੰਜੋੜਦੀ ਹੈ ਕਿ ਜਦੋਂ ਸਾਡੇ ਨੌਜਵਾਨ ਸਾਨੂੰ ਸਿੱਧਾ ਹੀ ਪੁੱਛਦੇ ਹਨ ਕਿ ਅਸੀਂ ਸਮੁੱਚੀ ਪੰਜਾਬੀਅਤ ਨੂੰ ਕਿਸ ਬਿਰਧ ਆਸ਼ਰਮ ਵਿਚ ਛੱਡ ਆਏ ਹਾਂ।

ਖ਼ੈਰ! ਅਸੀਂ ਦਿਲੋਂ-ਮਨੋਂ ਜਾਣਦੇ ਹਾਂ ਕਿ ਸਾਡੇ ਕੋਲ ਆਪਣੀ ਨੌਜਵਾਨ ਪੀੜ੍ਹੀ ਦੀ ਇਸ ਕੁਦਰਤੀ ਜਗਿਆਸਾ ਦਾ ਨਾ ਤਾਂ ਕੋਈ ਜਵਾਬ ਹੈ ਅਤੇ ਨਾ ਹੀ ਸਾਡੇ ਕੋਲ ਉਨ੍ਹਾਂ ਨੂੰ ਕੋਈ ਦਿਸ਼ਾ ਜਾਂ ਦਸ਼ਾ ਦੇਣ ਦੀ ਕੋਈ ਕਾਬਲੀਅਤ ਜਾਂ ਸਮਰਥਾ ਹੈ। ਫਿਰ ਅਸੀਂ ਹੀ ਨਹੀਂ, ਸਗੋਂ ਕੁੱਲ ਦੁਨੀਆਂ ਵੀ ਜਾਣਦੀ-ਬੁੱਝਦੀ ਹੈ ਕਿ ਸਾਡੇ ਕੋਲ ਉਨ੍ਹਾਂ ਦੇ ਚੰਗੇ ਭਵਿੱਖ ਦੀ ਖਾਤਿਰ ਕੋਈ ਜਚਦੀ-ਬਣਦੀ ਸਬੀਲ ਹੀ ਨਹੀਂ ਹੈ। ਇਸ ਵਾਸਤੇ ਪ੍ਰਤੱਖ ਤੌਰ 'ਤੇ ਸਾਡੇ ਚੌਲ ਚਿੱਟੇ ਹੋ ਰਹੇ ਹਨ ਕਿਉਂਕਿ ਸਾਡੇ ਵਲੋਂ ਆਪਣੇ ਨੌਜਵਾਨਾਂ ਨੂੰ ਚੰਗੀ ਸੇਧ ਦੇ ਕੇ ਅਗਵਾਈ ਕਰਨ ਮਾਤਰ ਸਾਡੇ 'ਫਰਜ਼ ਅਵੱਲ' ਦੀ ਗੱਲ ਤਾਂ 'ਅੱਲ੍ਹਾ-ਅੱਲ੍ਹਾ ਖ਼ੈਰ ਸੱਲਾ' ਵਾਲੀ ਬਣੀ ਹੋਈ ਹੈ।

ਇਥੇ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਇਸ ਸਾਰੀ ਸਮਾਜਿਕ ਉਪਰੋ-ਥੱਲੀ ਦੇ ਸੰਤਾਪੀ ਵਰਤਾਰੇ ਪਿੱਛੇ ਰੱਬ ਜਾਂ ਕੋਈ ਦੈਵੀ ਤਾਕਤਾਂ ਨਹੀਂ ਹਨ। ਸਗੋਂ ਇਹ ਕਾਰੇ-ਨਿਆਰੇ ਤਾਂ ਮਨੁੱਖ ਦੀ ਆਪਣੀ ਮਿਰਗ ਤ੍ਰਿਸ਼ਨਾ ਤੇ ਅਣਬੁੱਝ ਹਵਸ ਦੇ ਵਰਤਾਰੇ ਹੀ ਹਨ। ਵੰਨਗੀ ਮਾਤਰ ਇਕ ਮਨੁੱਖੀ ਭੱਦਰਕਾਰੀ ਇਹ ਹੈ ਕਿ ਬਦਲਦੇ ਸਮਿਆਂ ਦੇ ਨਾਲ ਵਧਦੀ ਅਬਾਦੀ ਕਰਕੇ ਰੋਟੀ-ਰੋਜ਼ੀ ਤੇ ਖਾਸ ਤੌਰ 'ਤੇ ਪੈਸੇ ਦੀ ਤ੍ਰਿਸ਼ਨਾ ਕਰਕੇ ਪਿੰਡਾਂ ਦੇ ਲੋਕਾਂ ਦਾ ਸ਼ਹਿਰਾਂ ਵੱਲ ਨੂੰ ਪਲਾਇਨ ਹੋਇਆ। ਇਸ ਤਰ੍ਹਾਂ ਪੇਂਡੂ ਜੀਵਨ ਸ਼ਹਿਰੀ ਜੀਵਨ ਨਾਲ ਰਲ-ਗੱਡ ਹੋ ਗਿਆ। ਇਸ ਤਰ੍ਹਾਂ ਦੇ ਇਸ ਗਲ-ਮੱਡ ਵਿਚ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ



*Original with;*
Kulbir Singh Sidhu(I.A.S)
*Digitized by;*
Panjab Digital Library

ਗਿਆ। ਹੁਣ ਪਿੰਡਾਂ ਵਿਚ ਘਰਾਂ ਤੇ ਕੱਚੀਆਂ ਗਲੀਆਂ ਦੀ ਥਾਂ ਕੋਠੀਆਂ ਤੇ ਪੱਕੀਆਂ ਗਲੀਆਂ-ਨਾਲੀਆਂ ਤਾਂ ਬਣ ਗਈਆਂ ਹਨ, ਪਰ ਪਿੰਡ ਦੇ ਵਸਨੀਕਾਂ ਦੇ ਮਨਾਂ ਵਿਚ ਮਿੱਟੀ ਦਾ ਮੋਹ ਨਹੀਂ ਰਿਹਾ।

ਹੁਣ ਸਾਡੇ ਲੋਕਾਂ ਦੇ ਮਨ ਪੱਕੀਆਂ ਇੱਟਾਂ ਵਾਂਗ ਪਕਰੋੜ ਬਣ ਗਏ ਹਨ ਤੇ ਦਿਲ ਆਪਸੀ ਸਾਂਝਾ ਤੋਂ ਸੱਖਣੇ ਹੋ ਗਏ ਹਨ। 'ਬੇਸ਼ੱਕ ਪਿੰਡ ਹੁਣ ਸ਼ਹਿਰਾਂ ਵਰਗੇ ਤਾਂ ਬਣ ਗਏ ਹਨ, ਪਰ ਨਾਲ ਹੀ ਉਥੇ ਰਹਿੰਦੇ ਆਪਣੇ ਲੋਕ ਵੀ ਹੁਣ ਸ਼ਹਿਰੀ ਲੋਕਾਂ ਵਾਂਗੂੰ ਬੇਗਾਨੇ ਹੋ ਗਏ ਹਨ।' ਹੁਣ ਪਿੰਡਾਂ ਦੇ ਲੋਕ ਵੀ ਸ਼ਹਿਰੀਆਂ ਦੀ ਤਰਜ਼-ਏ-ਜ਼ਿੰਦਗੀ ਦੀ ਰੀਸ ਕਰਦੇ-ਕਰਦੇ ਤਿਜਾਰਤੀ, ਬੇਲਿਹਾਜ਼ ਤੇ ਬੇਮੁਰੱਵਤ ਹੋ ਗਏ ਹਨ। ਇਸ ਕਾਰਨ ਸਾਡੇ ਪੇਂਡੂ ਸਭਿਆਚਾਰ ਵਿਚ ਮੁੱਢ ਕਦੀਮ ਤੋਂ ਜੋ ਅਪਣੱਤ, ਪਿਆਰ ਤੇ ਸਾਂਝ ਸੀ, ਉਹ ਹੁਣ ਨਵੀਂ ਤਹਿਜ਼ੀਬ ਤੇ ਤਰੱਕੀ ਦੇ ਨਾਮ ਉਤੇ ਨਦਾਰਦ ਹੋ ਰਹੀ ਹੈ।

ਬੇਸ਼ੱਕ ਮੰਨਿਆ ਗਿਆ ਹੈ ਕਿ ਸਮਾਂ ਤੇ ਸਭਿਆਚਾਰ ਦੋਨੋਂ ਹੀ ਗਤੀਸ਼ੀਲ ਹੋਣ ਕਰਕੇ ਬਦਲਦੇ ਰਹਿੰਦੇ ਹਨ, ਪਰ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਬਜ਼ੁਰਗਾਂ ਦੇ ਸਮਿਆਂ ਦੇ ਸਮਾਜਿਕ ਬਦਲਾਵਾਂ ਵਿਚ ਕਦਰਾਂ-ਕੀਮਤਾਂ ਦਾ ਘਾਣ ਹੁਣ ਵਾਂਗ ਨਹੀਂ ਹੁੰਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਯੁੱਗ ਤੇ ਹਰ ਸਭਿਆਚਾਰ ਵਿਚ ਹੜ੍ਹਾਂ ਵਰਗੀ ਰੁੜ੍ਹ-ਪੁੜ੍ਹ ਜਾਣੀ ਅੱਥਰੀ ਜਵਾਨੀ ਨੇ ਕਦੇ-ਕਦਾਈਂ ਪੁਆੜੇ ਪਾਏ ਹਨ। ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਕਹਿੰਦੇ-ਕਹਾਉਂਦੇ ਭਲਿਆਂ ਵੇਲਿਆਂ ਸਮੇਂ ਵੀ ਕੁਝ ਕੁ ਵਹਿਵਤੀ ਤੇ ਖਰੂਦੀ ਬੰਦੇ ਕਿਤੇ ਵੇਲੇ-ਕੁਵੇਲੇ ਉੱਚੀਆਂ-ਲੰਮੀਆਂ ਦੇਸੀ ਕਣਕਾਂ, ਸਰ੍ਹੋਆਂ ਤੇ ਕਪਾਹਾਂ ਦੇ ਖੇਤਾਂ ਵਿਚ ਜਾਂ ਫਿਰ ਰਾਤ-ਬਰਾਤੇ ਗਹੀਰਿਆਂ ਵਿਚ ਠਰਕ-ਸ਼ਰਕ ਭੋਰਿਆ ਹੋਵੇਗਾ। ਪਰ ਇਹ ਗੱਲ ਪੱਕੀ ਹੈ ਕਿ ਉਦੋਂ ਇਹ ਇਸ਼ਕ-ਮੁਸ਼ਕ ਬੱਸ ਬਰਫ਼ ਦੀ ਅੱਗ ਵਰਗਾ ਹੁੰਦਾ ਸੀ ਅਤੇ ਪਿਆਰ ਅੱਜ ਵਾਂਗੂੰ ਕਾਮਵਾਸਨਾ ਦੀ ਅੱਗ ਦਾ ਭਾਂਬੜ ਬਣ ਕੇ ਨਹੀਂ ਮਚਦਾ ਸੀ।

ਜ਼ਾਹਿਰ ਹੈ ਕਿ ਅਜਿਹੇ ਮਾੜੇ ਕਾਰਿਆਂ-ਵਰਤਾਰਿਆਂ ਦਾ ਬੋਲਬਾਲਾ ਤੇ ਭੰਡੀ ਪ੍ਰਚਾਰ ਹਰ ਸੱਥ-ਪਰ੍ਹੇ ਵਿਚ ਅੱਜ ਦੇ ਮੀਡੀਏ ਵਾਂਗ 'ਸਨਸਨੀ' ਦੇ ਤੌਰ 'ਤੇ ਨਹੀਂ ਕੀਤਾ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਹਰ ਅੰਨ੍ਹੀ-ਕਾਣੀ ਦੇ ਮੂੰਹ 'ਤੇ ਅਜਿਹੀ ਅਣਹੋਣੀ ਦਾ ਜ਼ਿਕਰ ਨਹੀਂ ਹੁੰਦਾ ਸੀ। ਹੁਣ ਤਾਂ ਸਮਾਜ ਦੀ ਖਬਰਸਾਰ ਲੈਣ ਦੇ ਬਹਾਨੇ ਇਕ-ਦੂਜੇ ਦਾ ਭੰਡੀ ਪ੍ਰਚਾਰ ਸ਼ਰੇਆਮ ਹੋ ਰਿਹਾ ਹੈ। ਇਸ ਤਰ੍ਹਾਂ ਇਸਤਰੀ ਜਾਤੀ ਦੇ ਇੱਜ਼ਤ-ਆਬਰੂ ਤੇ ਹੱਕਾਂ ਦੀ ਗੱਲ ਕਰਦੇ ਹੋਏ; ਸਾਡਾ ਮੀਡੀਆ ਅਕਸਰ ਬੇਸੁਆਦੇ ਪ੍ਰਚਾਰ ਵਿਚ ਗਲਤਾਨ ਹੋ ਜਾਂਦਾ ਹੈ।

ਇਸ ਤਰ੍ਹਾਂ ਦਾ ਹੀ ਮੀਡੀਆ ਦਾ ਨਕਾਰਾਤਮਿਕ ਰੋਲ ਬੱਚਿਆਂ ਪ੍ਰਤੀ ਵੀ ਹੈ। ਅਜੋਕੇ ਸਮੇਂ ਵਿਚ ਨੌਜਵਾਨ ਪੀੜ੍ਹੀਆਂ ਪ੍ਰਤੀ ਮੀਡੀਆ ਬਹੁਤ ਸਾਰੇ 'ਗੁਨਾਹ ਬੇਲੱਜ਼ਤ' ਕਰ ਰਿਹਾ ਹੈ। ਮਤਲਬ ਸਪਸ਼ਟ ਹੈ ਕਿ ਕਈ ਕੁਕਰਮਾਂ, ਦੁਰਾਚਾਰਾਂ ਤੇ ਗੁਨਾਹਾਂ ਦਾ ਬੱਚਿਆਂ ਨੂੰ ਪਤਾ ਵੀ ਨਹੀਂ ਹੁੰਦਾ ਕਿ ਇਲੈਕਟ੍ਰਾਨਿਕ ਮੀਡੀਆ ਤੇ ਪ੍ਰੈੱਸ ਅੱਜ ਕੱਲ੍ਹ



*Original with;*
Kulbir Singh Sidhu(I.A.S)
*Digitized by;*
Panjab Digital Library

ਉਨ੍ਹਾਂ ਨੂੰ ਜਾਗ੍ਰਿਤੀ ਤੇ ਜਾਗਰੂਕਤਾ ਦੇ ਨਾਮ 'ਤੇ ਨਸ਼ਿਆਂ ਤੇ ਕਾਮਵਾਸ਼ਨਾ ਸਬੰਧੀ ਗਿਆਨ-ਵਿਗਿਆਨ ਦੀ ਜਾਣਕਾਰੀ ਵਜੋਂ ਕੁੱਝ ਅਜਿਹੇ ਰੰਗੀਨ ਨਜ਼ਾਰੇ ਦਿਖਾ ਦਿੰਦੇ ਹਨ ਕਿ ਮਾਸੂਮ ਤੇ ਅਣਭੋਲ ਬੱਚੇ ਸੰਗੀਨ ਜੁਰਮਾਂ ਦੀ ਚੌਖਟ 'ਤੇ ਦਸਤਕ ਦੇਣ ਲੱਗ ਪੈਂਦੇ ਹਨ।

ਅੱਜ ਸਾਡੇ ਸੋਹਣੇ ਪੰਜਾਬ ਨੂੰ ਫਿਰ ਕਿਸੇ ਦੀ ਨਜ਼ਰ ਲੱਗ ਗਈ ਲਗਦੀ ਹੈ। ਹੁਣ ਇਉਂ ਜਾਪਦਾ ਹੈ ਕਿ ਸਾਡੇ ਜਨ-ਜੀਵਨ ਦੇ ਵਿਹੜੇ ਵਿਚ ਕਿਸੇ ਸੇਹ ਨੇ ਅਨੈਤਿਕਤਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਜਮਾਂਖੋਰੀ, ਭਰੂਣ ਹੱਤਿਆ ਤੇ ਔਰਤ ਦੀ ਬੇਕਦਰੀ, ਪੰਜਾਬੀ ਮਾਂ ਬੋਲੀ ਦੀ ਦੁਰਦਸ਼ਾ, ਕਿੱਤਾਮੁਖੀ ਤੇ ਮਿਆਰੀ ਸਿੱਖਿਆ ਦੀ ਅਣਹੋਂਦ, ਬੇਰੁਜ਼ਗਾਰੀ, ਨਿਘਰਦੀ ਜਾ ਰਹੀ ਕਿਰਸਾਣੀ, ਨਸ਼ਿਆਂ ਦੀ ਚੜ੍ਹਤ ਤੇ ਬੋਲਬਾਲਾ, ਵਿਖਾਵੇ ਵਜੋਂ ਐਸ਼ੋ-ਇਸ਼ਰਤ, ਰਿਹਾਇਸ਼ਾਂ ਤੇ ਵਿਆਹ ਸ਼ਾਦੀਆਂ 'ਤੇ ਖਰਚੇ ਅਤੇ ਰਾਜਨੀਤੀ ਵਿਚ ਬਦਨੀਤੀ ਦੇ ਖੋਟ ਜਿਹੇ ਕਿੰਨੇ ਹੀ ਆਪਣੇ ਤੱਕਲੇ ਗੱਡ ਛੱਡੇ ਹਨ।

ਬੇਸ਼ੱਕ ਭੈੜੇ ਸਮਾਜਿਕ ਚਲਣ ਅੱਜ ਕਹਿਰ-ਬਰਪਾ ਸਾਬਿਤ ਹੋ ਰਹੇ ਹਨ। ਪਰ ਅਜਿਹੇ ਮਾੜੇ ਵਰਤਾਰਿਆਂ ਦੇ ਪ੍ਰਤੀਕਰਮ ਕਈ ਵਾਰੀ ਹੋਰ ਵੀ ਘਿਨਾਉਣਾ ਰੂਪ ਧਾਰਨ ਕਰ ਲੈਂਦਾ ਹੈ। ਖਾਸ ਤੌਰ 'ਤੇ ਉਦੋਂ ਜਦੋਂ ਕਿ 'ਔਰੋਂ ਕੋ ਨਸੀਹਤ ਔਰ ਖੁਦ ਮੀਆਂ ਫ਼ਸੀਹਤ' ਵਰਗੀ ਸਮਾਜ ਦੀ ਹਰ ਅੰਨ੍ਹੀ-ਕਾਣੀ ਤੇ ਹਾਈਂ-ਮਾਈਂ ਵੀ ਭੰਡੀ ਪ੍ਰਚਾਰ ਵਿਚ ਸ਼ਾਮਿਲ ਹੋ ਜਾਂਦੀ ਹੈ। ਅਕਸਰ ਹੁੰਦਾ ਹੈ ਕਿ ਕੋਈ ਸੜਕ ਛਾਪ ਮਜਨੂੰ ਕਿਤੇ ਚੌਕ-ਚੁਰਾਹੇ ਵਿਚ ਕੋਈ ਕੁਤਾਹੀ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਦੀ ਹੋ ਰਹੀ ਗਿੱਦੜ ਕੁੱਟ ਵਿਚ ਹਾਰੀ-ਸਾਰੀ ਵੀ ਛਿੱਤਰ ਲਾਹੀ ਫਿਰਦੇ ਹਨ। ਇਸ ਤਰ੍ਹਾਂ ਹੀ ਸਮਾਜ ਵਿਚ ਕੋਈ ਕਿਸਮਤ ਤੇ ਆਪਣੇ ਰਾਸ਼ੀਫਲ ਦਾ ਮਾਰਿਆ ਪ੍ਰੇਮੀ ਜੋੜਾ ਅਜਿਹੇ ਪ੍ਰਤੀਕਰਮਾਂ ਵਜੋਂ ਪੰਚਾਇਤੀ ਤੇ ਖਾਪਾਂ ਦੇ ਅਖੌਤੀ ਖਾਪੀ-ਫੈਸਲਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਬੱਸ ਇਹ ਸਮੇਂ ਦੀ ਤਬਦੀਲੀ ਤੇ ਤੇਜ਼ ਰਫ਼ਤਾਰੀ ਹੀ ਹੈ ਕਿ ਗਲਤ ਹਵਾ ਦਾ ਜ਼ੋਰ ਪ੍ਰਬਲ ਹੋ ਰਿਹਾ ਹੈ, ਜਿਸ 'ਤੇ ਕਿਸੇ ਦਾ ਕੋਈ ਵਸ ਨਹੀਂ ਚਲਦਾ ਦਿਸਦਾ।

ਮੁੱਕਦੀ ਗੱਲ! ਸਮਾਜ ਦੀਆਂ ਨਿਰੰਤਰ ਚਲ ਰਹੀਆਂ ਪੀੜ੍ਹੀਆਂ ਦੀ ਲੜੀ ਵਿਚ ਹਰ ਪੀੜ੍ਹੀ ਆਪਣੇ ਤੋਂ ਪਹਿਲਾਂ ਦੀ ਪੀੜ੍ਹੀ ਅਤੇ ਫਿਰ ਆਪਣੇ ਤੋਂ ਬਾਅਦ ਵਾਲੀ ਪੀੜ੍ਹੀ ਦੇ ਦਰਮਿਆਨ ਇਕ ਬੜੀ ਅਹਿਮ ਕੜੀ ਹੁੰਦੀ ਹੈ। ਇਉਂ ਹਰ ਪੀੜ੍ਹੀ ਆਪਣੇ ਵਡੇਰਿਆਂ-ਵਡਿਕਿਆਂ ਦੇ ਅਤੀਤ ਤੇ ਅਗਲੇਰੀ ਪੀੜ੍ਹੀ ਦੇ ਭਵਿਖ ਦੇ ਵਿਚਕਾਰ ਸਮੇਂ ਦੀ ਜ਼ੰਜੀਰ ਦੀ ਮਹੱਤਵਪੂਰਨ ਕੜੀ ਬਣਦੀ ਹੈ। ਇਸ ਵਾਸਤੇ ਹੀ ਚੱਲ ਰਹੀ ਮੌਜੂਦਾ ਪੀੜ੍ਹੀ ਦਾ ਇਹ ਪਹਿਲਾ ਫਰਜ਼ ਬਣਦਾ ਹੈ ਕਿ ਉਹ ਆਪਣੇ ਵਡੇਰਿਆਂ ਤੇ ਪੁਰਖ਼ਿਆਂ ਦੇ ਸਭਿਆਚਾਰ ਦੀਆਂ ਚੰਗੇਰੀਆਂ ਪ੍ਰੰਪਰਾਵਾਂ ਤੇ ਰਵਾਇਤਾਂ ਤੋਂ ਪਹਿਲਾਂ ਆਪ ਜਾਣੂੰ ਹੋਵੇ ਅਤੇ ਫਿਰ ਆਪਣੇ ਬੱਚਿਆਂ ਤੇ ਨੌਜਵਾਨਾਂ ਦੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਪੀੜ੍ਹੀਆਂ ਨੂੰ ਆਪਣੀ ਸ਼ਾਨਦਾਰ ਸੱਭਿਅਤਾ, ਸੰਸਕ੍ਰਿਤੀ, ਇਤਿਹਾਸ ਤੇ ਸਾਹਿਤ ਤੋਂ ਸਿਆਣੂੰ ਕਰਵਾਵੇ। ਜ਼ਾਹਿਰ ਹੈ ਕਿ ਹਰ ਨਵੀਂ ਪੀੜ੍ਹੀ ਆਪਣੇ ਅਜਿਹੇ ਬਜ਼ੁਰਗ ਤੇ ਵਡੇਰੇ ਚਾਹੁੰਦੀ ਹੈ ਕਿ ਜਿਹੜੇ ਨਵੇਂ ਜ਼ਮਾਨੇ ਦੇ ਬਦਲਦੇ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਤੇ ਸੁਆਲਾਂ ਦਾ ਜੁਆਬ ਨਵੇਂ ਜ਼ਾਵੀਆਂ ਅਨੁਸਾਰ ਦੇ ਸਕਣ।

ਇਸ ਪ੍ਰਸੰਗ ਵਿਚ ਫਿਰ ਇਹ ਵੀ ਸਪੱਸ਼ਟ ਹੈ ਕਿ ਹਰ ਨਵੀਂ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਤੋਂ ਬੜੇ ਸਿੱਧੇ ਤੇ ਸਪੱਸ਼ਟ ਉਤਰ ਮੰਗਦੀ ਹੈ। ਇਸ ਵਾਸਤੇ ਫਿਰ ਜੇ ਕਿਤੇ ਪਰਿਵਾਰ ਦੇ ਵਡੇਰੇ ਤੇ ਖ਼ਾਸ ਕਰਕੇ ਸਮਾਜ ਦੇ ਅਗਵਾਨੂੰ ਕੌਮ ਦੇ ਬੱਚਿਆਂ ਤੇ ਨੌਜਵਾਨਾਂ ਦੀ ਜਿਗਿਆਸਾ ਨੂੰ ਸ਼ਾਂਤ ਨਾ ਕਰ ਸਕਣ ਜਾਂ ਉਨ੍ਹਾਂ ਦੇ ਸਵਾਲਾਂ ਦਾ ਸਹੀ ਉਤਰ ਨਾ ਦੇ ਸਕਣ ਤਾਂ ਉਦੋਂ ਇਨਕਲਾਬੀ ਸੋਚ ਜਨਮ ਲੈਂਦੀ ਹੈ। ਦਰਅਸਲ, ਅਸੀਂ ਇਸ ਸੱਚਾਈ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਅਸੀਂ ਨੈਤਿਕ, ਬੌਧਿਕ ਤੇ ਸਭਿਆਚਾਰਕ ਪੱਖੋਂ ਹਾਲੇ ਤੱਕ ਖ਼ੁਦ ਆਪ ਵੀ ਬਾਲਪਣ ਜਿਹੀ ਅਵਸਥਾ ਵਿਚ ਹੀ ਤੁਰੇ ਫਿਰਦੇ ਹਾਂ।

ਇਸ ਲਈ ਸੋਚਣ ਦੀ ਲੋੜ ਹੈ ਕਿ ਜਦੋਂ ਅਸੀਂ ਆਪ ਸਦਾਚਾਰੀ ਤੇ ਸਚਿਆਰਾ ਜੀਵਨ ਜਿਊਣ ਜੋਗੇ ਹੀ ਨਹੀਂ ਹਾਂ ਤਾਂ ਫਿਰ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਲਈ ਖ਼ੁਦ ਨੂੰ ਕਾਬਿਲੇ ਮਿਸਾਲ ਕਿਵੇਂ ਬਣਾ ਸਕਦੇ ਹਾਂ? ਜਦੋਂ ਸਾਨੂੰ ਆਪ ਨੂੰ ਹੀ ਵਧੀਆ ਜੀਵਨ ਜਾਚ ਤੇ ਚੰਗੇਰੀ ਜੀਵਨ ਸੇਧ ਸਬੰਧੀ ਕੋਈ ਬਹੁਤਾ ਗਿਆਨ ਜਾਂ ਥਹੁ ਹੀ ਨਹੀਂ ਹੈ ਤਾਂ ਫੇਰ ਅਸੀਂ ਆਪਣੇ ਬੱਚਿਆਂ ਨੂੰ ਸੁੱਚੀ-ਸਚਿਆਰੀ ਜੀਵਨ ਸ਼ੈਲੀ ਤੋਂ ਕਿਵੇਂ ਜਾਣੂੰ ਕਰਵਾ ਸਕਦੇ ਹਾਂ। ਨਿਰਸੰਦੇਹ ਇਸ ਸਭ ਕਾਸੇ ਲਈ ਅਸੀਂ ਖ਼ੁਦ ਜ਼ਿੰਮੇਵਾਰ ਹਾਂ ਕਿਉਂਕਿ ਅਸੀਂ ਆਚਰਣ ਦੇ ਪੱਖੋਂ ਆਪ ਬਹੁਤ ਊਣੇ-ਬੌਣੇ ਹਾਂ। ਫਿਰ ਅਸੀਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਤੋਂ ਅਣਜਾਣ ਹੁੰਦੇ ਹੋਏ; ਇਸ ਸੂਰਤ ਵਿਚ ਆਪਣੇ ਬੱਚਿਆਂ ਨੂੰ ਮੱਤ ਦੇਣ ਜੋਗੇ ਵੀ ਕਿੱਥੇ ਹਾਂ।

ਬੱਸ ਗੱਲ ਇਥੇ ਹੀ ਮੁੱਕਦੀ ਹੈ ਕਿ ਅਸੀਂ ਆਪ ਸਚਿਆਰੇ ਨਹੀਂ ਹਾਂ, ਸਗੋਂ ਸਚਿਆਰੇਪਣ ਦੀ ਗੱਲ ਤਾਂ ਦੂਰ ਦੀ ਗੱਲ ਹੈ, ਅਸੀਂ ਤਾਂ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਤੋਂ ਵੀ ਅਣਜਾਣ ਹਾਂ। ਇਸ ਦੇ ਉਲਟ ਅਸੀਂ ਪ੍ਰਤੱਖ ਤੌਰ ’ਤੇ ਲੋਭੀ ਤੇ ਮਾਇਆਧਾਰੀ ਜੀਵਨ ਦੇ ਧਾਰਨੀ ਹਾਂ। ਇਸ ਵਾਸਤੇ ਜਦੋਂ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਸਹੀ ਜੀਵਨ ਜਾਚ ਤੇ ਸੇਧ ਹੀ ਨਹੀਂ ਦੇ ਰਹੇ ਤਾਂ ਘੱਟੋ ਘੱਟ ਆਪਾਂ ਸ਼ੈਕਸਪੀਅਰ ਦੇ ਸ਼ਬਦਾਂ ਅਨੁਸਾਰ “ਪਿਆਰੇ ਬਰੂਟਸ ਸਾਰਾ ਕਸੂਰ ਸਾਡਾ ਹੈ” ਜਿਹਾ ਸੱਚਾ-ਸੁੱਚਾ ਇਕਬਾਲ-ਏ-ਜੁਰਮ ਕਿਉਂ ਨਹੀਂ ਕਰ ਲੈਂਦੇ?

ਖ਼ੈਰ! ਰੱਬ ਸਾਡਾ ਭਲਾ ਕਰੇ ਤੇ ਅਸੀਂ ਇਹ ‘ਕਬੂਲਨਾਮੇ’ ਵਜੋਂ ‘ਬਿਰਹਾ ਦੇ ਸੁਲਤਾਨ ਕਵੀ’ ਸਾਡੇ ਸ਼ਿਵ ਕੁਮਾਰ ਦੀ “ਆਪੇ ਨੀ ਮੈਂ ਬਾਲੜੀ, ਮੈਂ ਹਾਲੇ ਆਪ ਮੱਤਾਂ ਜੋਗੀ” ਗੱਲ ਮੰਨ ਲਈਏ ਕਿ ਅਸੀ ਤਾਂ ਹਾਲੇ ਆਪ ਹੀ ਅਣਜਾਣ ਤੇ ਭੁੱਲਣਹਾਰ ਹਾਂ ਅਤੇ ਕਿਸੇ ਨੂੰ ਕੋਈ ਮੱਤ ਦੇਣ ਜੋਗੇ ਹੀ ਨਹੀਂ ਹਾਂ। ਸਾਡਾ ਹਾਲ ਤਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਹਾਲ ਦੀ ਘੜੀ 'ਆਪ ਨਾ ਵਸਾਂ ਸੌਹਰਿਆਂ ਲੋਕੀਂ ਮਤਾਂ ਦੇ' ਵਾਲਾ ਹੀ ਹੈ। ਇਸ ਤੋਂ ਅੱਗੇ ਇਹ ਵੀ ਸਪਸ਼ਟ ਹੈ ਕਿ ਅਸੀਂ ਆਪਣੇ ਸਾਰੇ ਮਾੜੇ ਸਮਾਜਿਕ ਵਰਤਾਰਿਆਂ ਦੇ ਖ਼ੁਦ ਕਸੂਰਵਾਰ ਹਾਂ। ਅਸੀਂ ਆਪਣੀਆਂ ਹੁਣ ਵਾਲੀਆਂ ਨੌਜਵਾਨ ਪੀੜ੍ਹੀਆਂ ਤੇ ਆਉਣ ਵਾਲੀਆਂ ਆਪਣੀਆਂ ਨਸਲਾਂ ਦੇ ਨਾ ਕਾਬਿਲੇ-ਮੁਆਫ਼ ਗੁਨਾਹਗਾਰ ਹਾਂ ਕਿਉਂਕਿ ਅਸੀ ਆਪਣੇ ਫਰਜ਼-ਅਵੱਲ ਮਾਤਰ ਉਨ੍ਹਾਂ ਨੂੰ ਸਦਾਚਾਰਕ ਕਦਰਾਂ-ਕੀਮਤਾਂ ਸਬੰਧੀ ਕੋਈ ਸਿੱਖਿਆ ਜਾਂ ਸੇਧ ਨਹੀਂ ਦੇ ਰਹੇ।

ਇਸ ਵਾਸਤੇ ਬੱਸ ਰੱਬ ਹੀ ਸਾਡੇ ਗੁਨਾਹ ਮੁਆਫ ਕਰੇ ਅਤੇ ਅੱਗੇ ਤੋਂ ਸਾਡਾ ਨਿਗਾਹਬਾਨ ਹੋਵੇ ਤਾਂ ਕਿ ਅਸੀਂ ਆਪਣੇ ਪੰਜਾਬ ਦੀ ਸਮਿਆਂ ਤੋਂ ਚੱਲੀ ਆ ਰਹੀ ਆਲੀਸ਼ਾਨ ਪ੍ਰੰਪਰਾਵਾਦੀ ਤੇ ਅਮੀਰ ਰਿਵਾਇਤੀ ਵਿਰਾਸਤ ਨੂੰ ਸਾਂਭ ਸਕੀਏ। ਪਰ ਇਹ ਕਾਰਜ ਇੰਨਾ ਸੌਖਾ ਵੀ ਨਹੀਂ ਜਾਪਦਾ ਕਿਉਂਕਿ ਸਾਡਾ ਅਜੋਕਾ ਸਭਿਆਚਾਰ ਹੁਣ ਇੰਨਾ ਬਦਰੰਗ ਹੋ ਚੁੱਕਾ ਹੈ ਕਿ ਇਸ ਦਾ ਹੁਣ ਰੰਗ-ਰੂਪ ਠੀਕ ਕਰਨ ਦੀ ਕਹਾਣੀ ਇਕ ਸਮਾਜਿਕ ਦਵੰਧ ਵਿਚ ਫਸੀ ਹੋਈ ਹੈ। ਬਾਬਾ ਫਰੀਦ ਨੇ ਜਿਵੇਂ ਕਿਹਾ ਹੈ ਕਿ : "ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ; ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ" ਬਿਲਕੁਲ ਉਸ ਤਰ੍ਹਾਂ ਹੀ ਅਸੀਂ ਆਪਣੀਆਂ ਸਮਾਜਿਕ ਤੇ ਸਭਿਆਚਾਰਕ ਅਤੇ ਖ਼ਾਸ ਕਰਕੇ ਸਦਾਚਾਰਕ ਕਦਰਾਂ-ਕੀਮਤਾਂ ਦੀ ਬਹਾਲੀ ਵਾਸਤੇ ਇਕ ਕਸੂਤੀ ਜਿਹੀ ਮਾਨਸਿਕ ਉਲਝਣ ਵਿਚ ਉਲਝੇ ਪਏ ਹਨ।

ਬਹਿਰਹਾਲ, ਅਸੀਂ ਇਸ ਸਿਲਸਿਲੇ ਵਿਚ ਜੇ ਆਪਣੇ ਵਿਗੜ ਰਹੇ ਸਭਿਆਚਾਰ ਨੂੰ ਮੋੜਾ ਨਹੀਂ ਪਾਉਂਦੇ ਤਾਂ ਜ਼ਾਹਿਰ ਹੈ ਕਿ ਇਕ ਪਾਸੇ ਸਾਡਾ ਸਭਿਆਚਾਰ ਰੰਗੋਂ ਬਦਰੰਗ ਹੋ ਰਿਹਾ ਹੈ, ਜਿਸ ਕਰਕੇ ਸਾਡਾ ਸਮੁੱਚਾ ਸਮਾਜ ਰੂਪੋਂ ਕਰੂਪ ਹੋ ਰਿਹਾ ਹੈ। ਦੂਜੇ ਪਾਸੇ ਇਸ ਔਝੜ ਰਾਹ ਤੋਂ ਬਚਣ ਲਈ ਜੇ ਅਸੀਂ ਹੁਣ ਕੋਈ ਵੱਡੀ ਲੋੜੀਂਦੀ ਤਬਦੀਲੀ ਲਿਆਉਣ ਦੀ ਗੱਲ ਕਰਦੇ ਹਾਂ ਤਾਂ ਸਾਡਾ ਆਪਣਾ ਹੀ ਨੌਜਵਾਨ ਵਰਗ ਸਾਡੇ ਨਾਲ ਆਢਾ ਲਾਉਣ ਲਈ ਤਿਆਰ ਹੋ ਜਾਂਦਾ ਹੈ ਕਿ ਅਸੀਂ ਕਿਹੜੇ ਬੀਤੇ ਜ਼ਮਾਨਿਆਂ ਦੀਆਂ ਗੱਲਾਂ ਕਰਨ ਲੱਗ ਪਏ ਹਾਂ।

ਇਸ ਸੰਦਰਭ ਵਿਚ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਸਮਾਜ ਵਿਚ ਹਰ ਵਕਤ ਸਭਿਆਚਾਰਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਤਬਦੀਲੀਆਂ ਹੋ ਰਹੀਆਂ ਹਨ। ਇਹ ਹੀ ਨਹੀਂ, ਸਗੋਂ ਨਵੇਂ ਜ਼ਮਾਨੇ ਦੀਆਂ ਕਥਿਤ ਨਵੀਆਂ ਮਾਦਾਪ੍ਰਸਤ ਤੇ ਸ਼ੂੰ-ਫ਼ੈਅ ਦੀਆਂ ਹਵਾਵਾਂ ਨੇ ਤਾਂ ਸਾਡੀਆਂ ਨੈਤਿਕ ਕਦਰਾਂ-ਕੀਮਤਾਂ, ਸ਼ਾਨਦਾਰ ਪ੍ਰੰਪਰਾਵਾਂ ਤੇ ਸੋਹਣੀਆਂ ਰਵਾਇਤਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ। ਇਸ ਦੇ ਕਾਰਨ ਸਾਡੀ ਜੀਵਨ ਜਾਚ, ਜੀਵਨ ਸ਼ੈਲੀ ਤੇ ਇਥੋਂ ਤੱਕ ਕਿ ਸਾਡੀ ਧਰਮ-ਪਰਾਇਣ ਮਾਨਸਿਕਤਾ ਦੀਆਂ ਜੜ੍ਹਾਂ ਵੀ ਹਿਲ ਗਈਆਂ ਹਨ ਜਿਸ ਕਰਕੇ ਸਾਡੀ ਸੋਚਣੀ, ਸਾਡੀ ਰਹਿਤ-ਬਹਿਤ ਤੇ ਸਾਡੇ ਰਸਮੋਂ-ਰਿਵਾਜ ਤਾਂ ਕੀ ਸਗੋਂ ਸਾਡਾ ਸਮੁੱਚਾ ਸਭਿਆਚਾਰ ਤੇ ਖਾਸ ਕਰਕੇ ਸਾਡਾ ਸਾਰਾ ਸਮਾਜ ਰਸਾਤਲ ਵੱਲ ਨੂੰ ਤੁਰ ਪਿਆ ਹੈ।



Original with;
Kulbir Singh Sidhu(I.A.S)
Digitized by;
Panjab Digital Library

ਫਿਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ 'ਚਲ ਹੋਊ! ਆਪਾਂ ਨੂੰ ਕੀ' ਦੀ ਪ੍ਰਵਿਰਤੀ ਦੇ ਮਾਰੇ ਇਕ ਘੇਸਲ ਜਿਹੀ ਵੱਟੀ ਬੈਠੇ ਹਾਂ। ਕਿਤੇ-ਕਿਤੇ ਤਾਂ ਸਾਡੀ ਸੋਚ ਇੰਨੀ ਸੌੜੀ ਤੇ ਸੁਆਰਥੀ ਹੋ ਗਈ ਹੈ ਕਿ ਅਸੀਂ 'ਕੋਈ ਮਰੇ ਤੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ' ਜਿਹੀ ਮਾੜੀ ਮਾਨਸਿਕਤਾ ਦੇ ਹੀ ਧਾਰਨੀ ਬਣ ਚੁੱਕੇ ਹਾਂ। ਕਿਸੇ ਸ਼ਾਇਰ ਨੇ ਸਾਡੇ ਸਮਾਜ ਵਿਚ ਹੋ ਰਹੀ ਉੱਥਲ-ਪੁੱਥਲ ਤੇ ਉਸ ਦੇ ਸਨਮੁੱਖ ਸਾਡੀ ਇਸ ਮਾਨਸਿਕ ਸਥਿਤੀ ਦੀ ਬੜੀ ਸੋਹਣੀ ਤਸਵੀਰ ਖਿੱਚੀ ਹੈ ਕਿ : -

ਮੁਝੇ ਅਹਿਸਾਸ ਕਮ ਥਾ ਵਰਨਾ ਦੌਰੇ ਜ਼ਿੰਦਗਾਨੀ ਮੇਂ
ਮੇਰੀ ਹਰ ਸਾਂਸ ਕੇ ਹਮਰਾਹ ਮੁਝ ਮੇਂ ਇਨਕਲਾਬ ਆਯਾ।

ਬਹਿਰਹਾਲ! ਇਹ ਗੱਲ ਵੱਖਰੀ ਹੈ ਕਿ ਅਸੀਂ ਆਪਣੇ ਸਭਿਆਚਾਰ ਵਿਚ ਹੋ ਰਹੀਆਂ ਇਨ੍ਹਾਂ ਮਾੜੀਆਂ ਤਬਦੀਲੀਆਂ ਤੋਂ ਅਣਭਿੱਜ ਤੇ ਅਨਜਾਣ ਬਣੇ ਹੋਏ ਹਾਂ। ਪਰ ਜੱਗ ਜਾਣਦਾ ਹੈ ਕਿ ਜੇ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਮੋੜਾ ਨਹੀਂ ਪਾਉਂਦੇ ਜਾਂ ਆਪਣੇ ਆਪ ਨੂੰ ਸਦਾਚਾਰਕ ਤੌਰ ਤੇ ਪੱਕੇ ਪੈਰੀਂ ਨਹੀਂ ਕਰਦੇ ਤਾਂ ਸਾਡੀ ਹਾਲਤ ਬੜੀ ਹਾਸੋ-ਹੀਣੀ ਹੋਵੇਗੀ। ਇਸ ਤਰ੍ਹਾਂ ਹੀ ਖ਼ਾਸ ਕਰਕੇ ਜੇ ਅਸੀਂ ਆਪਣੀਆਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਜ਼ਮਾਨੇ ਦੇ ਨਵੇਂ ਹਾਲਾਤਾਂ ਦਾ ਮੁਕਾਬਲਾ ਕਰਨ ਹਿੱਤ ਉਨ੍ਹਾਂ ਦੀ ਯੋਗ ਅਗਵਾਈ ਨਹੀਂ ਕਰਦੇ ਤਾਂ ਕੌਮੀ ਪੱਧਰ 'ਤੇ ਦਰਪੇਸ਼ ਸਮੱਸਿਆਵਾਂ ਦੇ ਜ਼ਲਜ਼ਲੇ ਤੇ ਭੂਚਾਲ ਇਕ ਦਿਨ ਸਾਨੂੰ ਆਪਣੇ ਨਾਲ ਬਹਾਅ ਕੇ ਲੈ ਜਾਣਗੇ।

ਇਸ ਸਾਰੀ ਸੂਰਤੇ-ਹਾਲ ਵਿਚ ਭਾਵੇਂ ਕੁਝ ਵੀ ਹੋਵੇ, ਪਰ ਸਾਡੇ ਸੋਹਣੇ ਸਭਿਆਚਾਰ ਦੇ ਡਿੱਗ ਰਹੇ ਢਾਰੇ ਨੂੰ ਸੰਭਾਲਣ ਤੇ ਸੁਆਰਨ ਵਾਸਤੇ ਸਾਨੂੰ ਸਭ ਨੂੰ ਕਿਰਿਆਵੰਤ ਹੋਣ ਦੀ ਲੋੜ ਹੈ। ਬਹਿਰਹਾਲ, ਇਸ ਸਿਲਸਿਲੇ ਵਿਚ ਮੇਰੀ ਸੋਚ ਤੇ ਮੇਰਾ ਫ਼ਿਕਰ ਵੀ ਇਹ ਹੀ ਹੈ ਕਿ ਸਾਡਾ ਹੁਣ ਬਦਰੰਗ ਹੋ ਰਿਹਾ ਬਹੁਰੰਗੀ ਸਭਿਆਚਾਰ ਕਿਵੇਂ ਨਾ ਕਿਵੇਂ ਫਿਰ ਦੁਬਾਰਾ ਤੋਂ ਆਪਣੇ ਪਿਤਾ-ਪੁਰਖੀ ਰੰਗਾਂ ਵਿਚ ਆਵੇ। ਕੁਝ ਇਸ ਤਰ੍ਹਾਂ ਜਿਹੇ ਪ੍ਰਸੰਗ ਵਿਚ ਹੀ ਕੋਈ 6-7 ਮਹੀਨੇ ਪਹਿਲਾਂ ਕਵੀ ਸਰਦਾਰ ਪੰਛੀ ਨੇ ਲੁਧਿਆਣੇ ਤੋਂ ਮੈਨੂੰ ਇਕ ਦਿਨ ਟੈਲੀਫੋਨ ਕੀਤਾ ਤੇ ਪੁੱਛਿਆ ਸੀ ਕਿ ਕਿਤੇ ਉਸ ਨੇ ਮੈਨੂੰ ਸੁੱਤੇ ਨੂੰ ਤਾਂ ਨਹੀਂ ਜਗਾ ਦਿੱਤਾ। ਉਨ੍ਹਾਂ ਨੂੰ ਮੇਰਾ ਸਹਿਵਨ ਜਿਹਾ ਜਵਾਬ ਇਹ ਸੀ ਕਿ ਤੁਸੀਂ ਬਹੁਤ ਵਧੀਆ ਕੀਤਾ; ਨਹੀਂ ਤਾਂ, ਅਸੀਂ ਤਾਂ ਜਦੋਂ ਦੀ ਸੁਰਤ ਸੰਭਾਲੀ ਹੈ, ਉਦੋਂ ਤੋਂ ਹੀ ਬੱਸ ਸੁੱਤੇ ਹੀ ਪਏ ਹਾਂ।

ਇਸ ਤਰ੍ਹਾਂ ਹੀ ਜਦੋਂ ਕਦੇ ਮੈਨੂੰ ਕੋਈ ਸਵੇਰੇ-ਸਵੇਰੇ ਔਪਚਾਰਿਕਤਾ ਵਜੋਂ ਟੈਲੀਫੋਨ ਤੇ ਪੁੱਛਦਾ ਹੈ ਕਿ ਜਾਗ ਪਏ ਹੋ ਤਾਂ ਮੇਰਾ ਅਕਸਰ ਹੀ ਜਵਾਬ ਹੁੰਦਾ ਹੈ ਕਿ ਭਲਾ ਹੋਵੇ ਤੁਸੀਂ ਮੇਰੇ ਲਈ ਚੜ੍ਹਦੇ ਸੂਰਜ ਦੇ ਦਰਸ਼ਨ ਕਰਨ ਦਾ ਸਬੱਬੀ ਮੌਕਾ ਬਣਾ ਦਿੱਤਾ ਹੈ। ਵੈਸੇ ਤਾਂ ਅਸੀਂ ਆਮ ਤੌਰ 'ਤੇ ਪੰਜਾਬ ਦੇ ਹਿਤਾਂ ਦੀ ਖਾਤਿਰ ਆਪਣੇ ਆਪ ਨੂੰ ਜੁਝਾਰੂ ਯੋਧੇ ਕਹਾਉਂਦੇ ਹਾਂ ਤੇ ਅਕਸਰ ਹੀ ਕਹਿਣ ਦੇ ਆਦੀ ਹਾਂ ਕਿ 'ਲੱਗੀ ਵਾਲੇ ਕਦੇ ਨਾ ਸੌਂਦੇ, ਤੇਰੀ ਕਿਵੇਂ ਅੱਖ ਲਗ ਗਈ'।



Original with;
Kulbir Singh Sidhu(I.A.S)
Digitized by;
Panjab Digital Library

ਜ਼ਾਹਿਰ ਹੈ ਕਿ ਅਸੀਂ ਆਪਣਾ ਸ਼ੁਮਾਰ ਵੀ ਪੰਜਾਬ ਹਿਤੈਸ਼ੀਆਂ ਵਿਚ ਵੀ ਕਰਦੇ ਹਾਂ, ਪਰ ਅਸਲ ਗੱਲ ਇਹ ਹੈ ਕਿ ਅਸੀਂ ਕੌਮੀ, ਸਮਾਜਿਕ ਤੇ ਆਰਥਿਕ ਮਸਲਿਆਂ 'ਤੇ ਧੁਰ ਚਿਰਾਂ ਤੋਂ ਹੀ ਧੁਰ ਅੰਦਰੋਂ ਸੁੱਤੇ ਪਏ ਹਾਂ। ਇਉਂ ਹੀ ਜਦੋਂ ਵੀ ਕਿਸੇ ਨੇ ਮੈਨੂੰ ਰਸਮੀ ਤੌਰ 'ਤੇ ਪੁੱਛਿਆ ਕਿ ਕੀ ਜੇ ਤੁਸੀਂ ਫ਼ਰੀ ਹੋ ਤਾਂ ਮੈਂ ਗੱਲ ਕਰਾਂ। ਮੇਰੇ ਕੋਲ ਇਸ ਪੁੱਛ ਦਾ ਇਕ ਹੀ ਜਵਾਬ ਹੁੰਦਾ ਹੈ ਕਿ ਮੈਂ ਤਾਂ 1947 ਤੋਂ ਹੀ ਅਜ਼ਾਦ ਹਾਂ; ਫਿਰ ਤੁਸੀਂ ਦੇਖ ਲਵੋ ਕਿ ਤੁਸੀਂ ਆਪਣੇ ਆਪ ਨੂੰ ਕਦੋਂ ਤੋਂ ਅਜ਼ਾਦ ਸਮਝਦੇ ਹੋ। ਗੱਲ ਸਿਰਫ਼ ਇੰਨੀ ਹੈ ਕਿ ਅਸੀਂ ਦੇਸ਼ ਦੀ ਅਜ਼ਾਦੀ ਤੋਂ ਬਾਅਦ ਮਾਨਸਿਕ ਤੇ ਸ਼ਖ਼ਸੀਅਤੀ ਤੌਰ 'ਤੇ ਕੀ ਸਚਮੁੱਚ ਹੀ ਅਜ਼ਾਦ ਹੋ ਸਕੇ ਹਾਂ ਕਿ ਨਹੀਂ।

ਖ਼ੈਰ! ਸਾਡੀਆਂ ਬਹੁਤੀਆਂ ਮੁਸ਼ਕਿਲਾਂ ਤਾਂ ਸਾਡੀ ਲੰਮੀ ਗੁਲਾਮੀ ਤੇ ਗੁਲਾਮ ਮਾਨਸਿਕਤਾ ਦੀ ਉਪਜ ਹਨ ਅਤੇ ਫਿਰ ਇਨ੍ਹਾਂ ਵਿਚੋਂ ਜ਼ਿਆਦਾ ਸਮੱਸਿਆਵਾਂ ਅਸੀਂ ਆਪ ਹੀ ਸਹੇੜੀਆਂ ਹੋਈਆਂ ਹਨ। ਇਸ ਵਾਸਤੇ ਸਭ ਤੋਂ ਪਹਿਲੀ ਗੱਲ ਤਾਂ ਹੁਣ ਇਹ ਹੈ ਕਿ ਅਸੀਂ ਆਪਣੀ ਗੂੜ੍ਹੀ ਨੀਂਦ ਤੋਂ ਜਾਗੀਏ ਅਤੇ ਆਪਣੀ ਬੇਅਕਲੀ ਦੇ ਖ਼ੁਮਾਰ ਵਿਚੋਂ ਨਿਕਲ ਕੇ ਦੇਸ਼ ਤੇ ਸਮਾਜ ਦੇ ਭਲੇ ਦੀ ਗੱਲ ਬੜੀ ਸੰਜੀਦਗੀ ਨਾਲ ਵਿਚਾਰੀਏ। ਹੁਣ ਸਾਡੇ ਕੋਲ ਅਜ਼ਾਦੀ ਤੋਂ ਬਾਅਦ ਇੰਨਾ ਸਮਾਂ ਵਿਹਾਅ ਕੇ ਇੱਧਰ-ਉਧਰ ਦੇ ਟਪੱਲੇ-ਟਰਪੱਲੇ ਮਾਰਨ ਅਤੇ ਹੱਥ 'ਤੇ ਹੱਥ ਧਰਕੇ ਬੈਠਣ ਦਾ ਵਕਤ ਨਹੀਂ ਹੈ। ਇਸ ਪੱਖੋਂ ਮੈਂ ਪੁਰ-ਉਮੀਦ ਹਾਂ ਕਿ ਅਸੀਂ ਰਲ-ਮਿਲ ਕੇ ਆਪਣੇ ਸੋਹਣੇ ਪੰਜਾਬ ਦੇ ਸੋਹਣੇ ਸਭਿਆਚਾਰ ਦੀ ਫਿਰ ਤੋਂ ਤਾਬੀਰ ਤੇ ਤਾਮੀਰ ਕਰ ਸਕਾਂਗੇ। ਹੁਣ ਸਾਨੂੰ ਇਕ ਸ਼ਾਇਰ ਦੇ ਸੁਖਨ ਤੋਂ ਅਗਵਾਈ ਲੈਣ ਦੀ ਲੋੜ ਹੈ ਕਿ :-

ਮੈਂ ਕਹਿਤਾ ਥਾ ਇਨਸਾਨ ਕੀ ਤਕਦੀਰ ਨਹੀਂ ਤੋ ਕੁਛ ਭੀ ਨਹੀਂ
ਹਿੰਮਤ ਬੜ ਕਰ ਬੋਲ ਉਠੀ ਤਦਬੀਰ ਨਹੀਂ ਤੋ ਕੁਛ ਭੀ ਨਹੀਂ।

ਇਸ ਵਾਸਤੇ ਸਾਡੇ ਦੇਸ਼, ਸਮਾਜ ਤੇ ਸਭਿਆਚਾਰ ਨੂੰ ਦਰਪੇਸ਼ ਮੁਸ਼ਕਿਲਾਂ ਦਾ ਪਹਿਲਾ ਤੋੜ ਤਾਂ ਮਾਨਸਿਕ ਖੜੋਤ ਤੇ ਮਚਲੇਪਣ ਤੋਂ ਨਿਜਾਤ ਪਾਉਣ ਵਿਚ ਹੀ ਹੈ। ਇਸ ਉਪਰੰਤ ਫਿਰ ਸਾਡੇ ਆਪਣੇ ਜੀਵਨ ਵਿਚ ਕੌਮੀ ਸਵੈਮਾਣ, ਆਚਰਣ ਤੇ ਅਨੁਸ਼ਾਸਨ ਦੀ ਬਹਾਲੀ ਸਾਡੀਆਂ ਸਾਰੀਆਂ ਹੀ ਮੁਸ਼ਕਿਲਾਂ ਦਾ ਵਧੀਆ ਹੱਲ ਸਾਬਿਤ ਹੋ ਸਕਦੀ ਹੈ। ਇਸ ਮੰਜ਼ਿਲ ਦੇ ਰਸਤੇ ਬਹੁਤ ਹਨ, ਇਸ ਲਈ ਹੁਣ ਸਿਰਫ਼ ਦ੍ਰਿੜ ਵਿਸ਼ਵਾਸ, ਦ੍ਰਿੜ ਇੱਛਾ ਸ਼ਕਤਤੇ ਦ੍ਰਿੜ ਫ਼ੈਸਲਿਆਂ ਦੀ ਲੋੜ ਹੈ। ਇਸ ਪ੍ਰਥਾਇ **ਸ਼ਾਇਰ ਜ਼ਫਰ** ਨੇ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ :-

ਜ਼ਫਰ ਕਿਆ ਪੂਛਤਾ ਹੈ ਰਾਹ ਮੁਝਸੇ ਉਸ ਕੋ ਮਿਲਨੇ ਕਾ
ਇਰਾਦਾ ਹੈ ਅਗਰ ਤੇਰਾ ਤੋ ਹਰ ਜਾਨਿਬ ਸੇ ਰਸਤਾ ਹੈ।

ਇਸ ਲਈ ਅੱਜ ਸਮੇਂ ਦੀ ਮੰਗ ਹੈ ਕਿ ਪੰਜਾਬ ਦਾ ਹਰ ਵਾਸੀ ਆਪਣੇ ਦੁਆਲੇ ਫੈਲੇ ਹਰ ਕਿਸਮ ਦੇ ਭ੍ਰਿਸ਼ਟਾਚਾਰ ਪ੍ਰਤੀ ਜਾਗਰੂਕ ਹੋਵੇ। ਇਹ ਹੀ ਨਹੀਂ ਸਗੋਂ ਹਰ ਇਕ ਪੰਜਾਬੀ ਸਮਾਜਿਕ, ਸਦਾਚਾਰਕ, ਆਰਥਿਕ ਤੇ ਰਾਜਨੀਤਕ ਵਾਤਾਵਰਣ ਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਵੇ-ਥਾਵੇ ਕਰਨ ਵਾਸਤੇ ਲਾਮਬੱਧ ਹੋਵੇ। ਇਸ ਤਰ੍ਹਾਂ ਮੌਜੂਦਾ ਪੀੜ੍ਹੀ ਆਪਣੇ ਪੁਰਖਿਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਦਰਮਿਆਨ ਇਕ ਕੜੀ ਵਜੋਂ ਹੁਣ ਵਿਗੜ ਚੁੱਕੇ ਮਾਹੌਲ ਨੂੰ ਸੁਖਾਵਾਂ ਕਰਨ ਦਾ ਆਪਣਾ ਪਹਿਲਾ ਫਰਜ਼ ਅਦਾ ਕਰ ਸਕੇਗੀ।

ਇਸ ਪ੍ਰਸੰਗ ਵਿਚ ਜਿਥੋਂ ਤਕ ਮੇਰਾ ਆਪਣਾ ਜ਼ਾਤੀ ਸਬੰਧ ਹੈ; ਮੈਂ ਤਾਂ ਸਨਿਮਰ ਇਹ ਹੀ ਬੇਨਤੀ ਕਰਾਂਗਾ ਕਿ ਜੇਕਰ ਮੈਂ ਕਲਮ ਨਾ ਫੜਦਾ ਤਾਂ ਮੈਂ ਉਦਾਸੀ ਦੇ ਅੰਨ੍ਹੇ ਖ਼ੂਹ ਦਾ ਵਾਸੀ ਹੋਣਾ ਸੀ। ਮੈਂ ਸ਼ਬਦਾਂ ਨਾਲ ਖੇਡਦਾ ਰਹਿੰਦਾ ਹਾਂ ਤੇ ਫਿਰ ਸ਼ਬਦ ਵੀ ਮੇਰੇ ਮਨ ਦੇ ਵਿਹੜੇ ਵਿਚ ਰੌਣਕ-ਮੇਲੇ ਜਿਹੀ ਰਚਨਾ ਲਾਈ ਰੱਖਦੇ ਹਨ। ਮੈਂ ਆਪਣੀ ਮਸਤਾਨੀ ਜਿਹੀ ਮੌਜ ਵਿਚ ਆਪਣੇ ਵਿਚਾਰਾਂ ਤੇ ਸ਼ਬਦਾਂ ਦੇ ਸੁਮੇਲ ਦਾ ਭਰਪੂਰ ਅਨੰਦ ਲੈਂਦਾ ਹਾਂ। ਇਉਂ ਮੇਰੀਆਂ ਇਹ ਰਚਨਾਵਾਂ ਮੈਨੂੰ ਹੁਲਾਸ ਭਰੇ ਹੁਲਾਰਿਆਂ ਨਾਲ ਸਰਸ਼ਾਰ ਕਰਦੀਆਂ ਰਹਿੰਦੀਆਂ ਹਨ ਅਤੇ ਮੈਂ ਆਪਣੇ ਆਪ ਨੂੰ ਇਨ੍ਹਾਂ ਸ਼ਬਦਾਂ ਦੇ ਹਵਾਲੇ ਕਰਕੇ ਸੁਰਖ਼ਰੂ ਹੋ ਜਾਂਦਾ ਹਾਂ। ਇਸ ਤਰ੍ਹਾਂ ਮੈਨੂੰ ਖਾਸੇ ਅਰਸੇ ਤੀਕ ਆਪਣੇ ਮਹਾਨ ਪੁਰਖਿਆਂ ਤੇ ਵਡੇਰਿਆਂ ਦੀ ਯਾਦ ਵਿਚ ਰੰਗੇ-ਰੱਤੇ ਇਨ੍ਹਾਂ ਸਾਹਿਤਕ ਲਮਹਿਆਂ ਵਿਚ ਜਿਉਣ ਦਾ ਸੁਭਾਗ ਮੌਕਾ ਮਿਲਦਾ ਹੈ।

ਵਾਹਿਗੁਰੂ ਦੀ ਕ੍ਰਿਪਾ ਸਦਕਾ ਮੈਂ ਸਾਡੇ ਸਭਿਆਚਾਰ ਦੇ ਇਨ੍ਹਾਂ ਮਹਾਨ ਪਿਤਾਮਿਆਂ ਦੀਆਂ ਪੈੜਾਂ ਨਿਹਾਰਦੇ ਹੋਏ ਤੇ ਫਿਰ ਉਨ੍ਹਾਂ ਦੇ ਮਗਰ ਪ੍ਰੇਮ-ਮਾਰਗ 'ਤੇ ਚਲਦੇ ਹੋਏ ਆਪਣੇ ਨਿਜੀ-ਜੀਵਨ ਦੇ ਦੁੱਖਾਂ ਤੇ ਦੋਖੀਆਂ ਤੋਂ ਨਿਜਾਤ ਪਾ ਕੇ ਕਿਤੇ ਦੂਰ ਅੱਗੇ ਲੰਘ ਜਾਂਦਾ ਹਾਂ। ਜ਼ਾਹਿਰ ਹੈ ਕਿ ਇਸ ਤਰ੍ਹਾਂ ਮੈਨੂੰ ਆਪਣੇ ਆਪ ਨੂੰ ਸਮਾਜ ਦਾ ਇਕ ਸਾਰਥਕ ਜੀਅ ਹੋਣ ਦਾ ਅਹਿਸਾਸ ਜਿਹਾ ਹੁੰਦਾ ਹੈ।

ਰੱਬ ਕਰੇ, ਅਸੀਂ ਸਾਰੇ ਰਲ-ਮਿਲ ਕੇ ਆਪਣੇ ਸਭਿਆਚਾਰਕ ਵਿਰਸੇ-ਵਿਰਾਸਤ ਨੂੰ ਸੰਭਾਲ ਸਕੀਏ ਅਤੇ ਅੱਗੇ ਆਪਣੀਆਂ ਨੌਜਵਾਨ ਪੀੜ੍ਹੀਆਂ ਤੇ ਦੁਨੀਆਂ ਨੂੰ ਆਪਣੇ ਸ਼ਾਨਦਾਰ ਸਭਿਆਚਾਰ, ਸ਼ਾਨਾਮੱਤੇ ਇਤਿਹਾਸ ਤੇ ਸਾਹਿਤ ਤੋਂ ਜਾਣੂੰ ਕਰਵਾ ਸਕੀਏ। ਬੇਸ਼ੱਕ ਇਸ ਸੰਦਰਭ ਵਿਚ ਜ਼ਿੰਦਗੀ ਹਰ ਰੋਜ਼ ਇਕ ਨਵੀਂ ਜੰਗ ਹੈ। ਸਭਿਆਚਾਰਕ ਪੱਖ ਤੋਂ ਸਾਡੀ ਜ਼ਿੰਦਗੀ ਦੀ ਹਰ ਸੁਬ੍ਹਾ ਇਕ ਨਵੀਂ ਜੰਗ ਨਾਲ ਸ਼ੁਰੂ ਹੁੰਦੀ ਹੈ। ਹਰੇਕ ਪੰਜਾਬੀ ਲਈ ਸਾਡੇ ਸਮਾਜਿਕ ਤੇ ਨੈਤਿਕ ਮਸਲੇ 'ਕਾਬਲ ਜੰਮਿਆਂ ਨਿਤ ਮੁਹਿੰਮਾਂ' ਅਨੁਸਾਰ ਇਕ ਨਵੀਂ ਮੁਹਿੰਮ ਬਣ ਰਹੇ ਹਨ। ਇਸ ਵਾਸਤੇ ਹੋਰ ਸਭ ਉਦਮ-ਉਪਰਾਲੇ ਕਰਨ ਦੇ ਨਾਲ-ਨਾਲ ਸਾਡੇ ਲਈ ਹੋਰ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਸ਼ਾਨਾਮੱਤੇ ਪੰਜਾਬ, ਪੰਜਾਬੀਅਤ, ਮਾਂ ਬੋਲੀ ਪੰਜਾਬੀ ਅਤੇ ਸਾਡੇ ਸ਼ਾਨਦਾਰ ਸਭਿਆਚਾਰ, ਕੁਰਬਾਨੀਆਂ ਭਰੇ ਇਤਿਹਾਸ ਤੇ ਸਾਹਿਤ ਨੂੰ ਸਹੀ ਪਰਿਪੇਖ ਵਿਚ ਲਿਆਉਣ ਵਾਸਤੇ ਦਿਨ-ਰਾਤ ਯਤਨਸ਼ੀਲ ਹੋਈਏ।

ਸ਼ਾਲਾ! ਅਸੀਂ ਸਾਰੇ ਪੰਜਾਬੀ ਮਿਲ ਕੇ ਆਪਣੇ ਗੁਰੂ ਸਾਹਿਬਾਨ, ਸੰਤਾਂ ਤੇ ਭਗਤਾਂ ਦੇ ਅਧਿਆਤਮ ਨੂੰ ਖ਼ਿਰਾਜੇ-ਅਕੀਦਤ ਪੇਸ਼ ਕਰਦੇ ਹੋਏ; ਫਿਰ ਤੋਂ 'ਪੰਜਾਬ



Original with;
Kulbir Singh Sidhu(I.A.S)
Digitized by;
Panjab Digital Library

ਜਿਉਂਦਾ ਗੁਰੂਆਂ ਦੇ ਨਾਂ 'ਤੇ' ਜਿਹੇ ਆਪਣੇ ਸੋਹਣੇ ਅਹਿਦ ਨੂੰ ਨਿਭਾ ਸਕੀਏ।

ਅਕਾਲ ਪੁਰਖਿ ਦੀ ਕ੍ਰਿਪਾ ਸਦਕਾ ਮੇਰੀ ਆਪਣੇ ਲੋਕਾਂ ਤੇ ਖ਼ਾਸ ਕਰਕੇ ਸਾਡੇ ਕੌਮੀ ਆਕਾ-ਇਮਾਮਾਂ ਦੇ ਨਾਲ ਮੇਰੀ ਸ਼ਬਦਾਂ ਤੇ ਮੌਖਿਕ ਵਿਚਾਰਾਂ ਦੀ ਥੋੜ ਮਾਤਰ ਜੰਗ ਮੇਰੀਆਂ ਪਹਿਲੀਆਂ ਕਿਤਾਬਾਂ ਤੋਂ ਇਲਾਵਾ ਹੁਣ ਇਸ ਪੁਸਤਕ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਜਿਹੇ ਦੁਆਰਾ ਵੀ ਜਾਰੀ ਹੈ। ਮੇਰਾ ਨਿੱਜੀ ਅਕੀਦਾ ਹੈ ਕਿ ਕੋਈ ਵੀ ਅਜੋਕੀ ਪੀੜ੍ਹੀ ਆਪਣੇ ਵਡੇਰਿਆਂ ਤੇ ਨੌਜਵਾਨਾਂ ਦੀਆਂ ਨਿਰੰਤਰ ਚੱਲ ਰਹੀਆਂ ਪੀੜ੍ਹੀਆਂ ਦੀ ਲੜੀ ਵਿਚ ਇਕ ਬੜੀ ਅਹਿਮ ਦਰਮਿਆਨੀ ਕੜੀ ਹੁੰਦੀ ਹੈ। ਇਸ ਲਈ ਸਾਡੀ ਵਰਤਮਾਨ ਪਰੌੜ ਪੀੜ੍ਹੀ ਦਾ ਇਕ ਬਸ਼ਰ ਹੋਣ ਦੇ ਨਾਤੇ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਆਪਣੀ ਸ਼ਾਨਦਾਰ ਸਭਿਆਚਾਰਕ ਲੜੀ ਦੀ ਇਕ ਕੜੀ ਬਣ ਸਕਾਂ।

ਇਸ ਵਾਸਤੇ ਮੇਰੀ ਇਹ ਧਾਰਨਾ ਬਣੀ ਹੋਈ ਹੈ ਕਿ ਮੈਂ ਨੇਕ-ਦਿਲੀ ਨਾਲ ਆਪਣੀ ਸਭਿਆਚਾਰਕ ਵਿਰਾਸਤ ਦੀ ਬੜੀ ਹੀ ਰੌਚਿਕ ਤੇ ਦਿਲਚਸਪ ਜਾਣਕਾਰੀ ਆਪਣੇ ਲੋਕਾਂ ਨਾਲ ਸਾਂਝੀ ਕਰਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਚੰਗੇ ਸੰਸਕਾਰ ਦੇਣ ਹਿਤ ਕ੍ਰਿਆਵੰਤ ਹੋਵਾਂ।

ਇਹ ਅਹਿਮ ਸਭਿਆਚਾਰਕ ਤੇ ਨੈਤਿਕ ਫਰਜ਼ ਨਿਭਾਉਣ ਦੀ ਖਾਤਿਰ ਮੇਰਾ ਅਕਸਰ ਹੀ ਇਹ ਉਦਮ-ਉਪਰਾਲਾ ਰਿਹਾ ਹੈ ਕਿ ਮੈਂ ਆਪਣੇ ਪੁਰਖਿਆਂ ਦੇ ਸਚਿਆਰੇ ਸਭਿਆਚਾਰ ਅਤੇ ਉਨ੍ਹਾਂ ਦੀਆਂ ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਦੇ ਅਣਮੋਲ ਵਿਰਾਸਤੀ ਖ਼ਜ਼ਾਨੇ ਨਾਲ ਆਪਣੇ ਸਮਾਜ ਨੂੰ ਵਾਬਸਤਾ ਕਰ ਸਕਾਂ। ਬੇਸ਼ੱਕ ਨੈਤਿਕ , ਸਮਾਜਿਕ ਤੇ ਸਭਿਆਚਾਰਕ ਪੱਖੋਂ ਵਿਗੜ ਰਹੇ ਮੌਜੂਦਾ ਹਾਲਾਤਾਂ ਵਿਚ ਇਹ ਯਤਨ-ਪ੍ਰਯਤਨ ਤੇ ਖ਼ਾਸ ਕਰਕੇ ਕਲਮਜ਼ਾਰੀ ਇੰਨੀ ਸੌਖੀ ਵੀ ਨਹੀਂ।

ਸਗੋਂ ਅਜੋਕੇ ਸਮੇਂ ਦੇ ਪ੍ਰਸੰਗ ਦੇ ਵਿਚ ਜਦੋਂ ਹੁਣ ਸੰਵੇਦਨਸ਼ੀਲਤਾ ਦੀ ਥਾਂ ਸੰਵੇਦਨਹੀਣਤਾ ਵਧ ਰਹੀ ਹੈ ਤਾਂ ਲਿਖਣ-ਪੜ੍ਹਨ ਦਾ ਇਹ ਕਿਸਬ ਹੋਰ ਵੀ ਔਖਾ ਤੇ ਅਰਥਹੀਣ ਜਾਪਣ ਲਗ ਪੈਂਦਾ ਹੈ। ਇਹ ਲੰਮੀ ਕਹਾਣੀ ਬਸ 'ਮੁਰਗੀ ਜਾਨੋਂ ਗਈ, ਪਰ ਖਾਣ ਵਾਲੇ ਨੂੰ ਸੁਆਦ ਨਾ ਆਇਆ' ਵਾਲੀ ਹੀ ਬਣ ਜਾਂਦੀ ਹੈ। ਕਦੇ-ਕਦੇ ਤਾਂ ਸਾਡੇ ਅਜੋਕੇ ਸਮਾਜ ਦੀ ਬੇਰੁਖੀ ਤੇ ਖਾਸ ਕਰਕੇ ਥੋੜ੍ਹੇ-ਬਹੁਤੇ ਹੁਣ ਬਚੇ ਪਾਠਕਾਂ ਦੇ ਸੁਹਿਰਦ ਪ੍ਰਤੀਕਰਮ ਦੀ ਅਣਹੋਂਦ ਵਿਚ ਸ਼ੁਜਾਹ ਖਾਵਰ ਦੇ ਸੁਖਨ ਦਾ ਯਥਾਰਥੀ ਪਹਿਲੂ ਬੰਦੇ ਨੂੰ ਚੱਕਰ ਵਿਚ ਪਾ ਦਿੰਦਾ ਹੈ ਕਿ ਬਦਲਾਅ ਦੀ ਕਿਹੜੀ ਗੱਲ ਕਰੀਏ ਤੇ ਕਿਵੇਂ ਕਰੀਏ :-

ਕਹਾਂ ਸੇ ਇਬਤਦਾ ਕੀਜੇ ਬੜੀ ਮੁਸ਼ਕਿਲ ਹੈ ਦਰਵੇਸ਼ੋ,
ਕਹਾਨੀ ਉਮਰ ਭਰ ਕੀ ਔਰ ਜਲਸਾ ਰਾਤ ਭਰ ਕਾ।

ਇਸ ਲਈ ਆਮ ਤੌਰ 'ਤੇ ਇਹ ਵੀ ਖਿਆਲ ਆਉਂਦਾ ਹੈ ਕਿ ਆਪਣੇ ਸਭਿਆਚਾਰ ਤੇ ਕਦਰਾਂ-ਕੀਮਤਾਂ ਵਾਸਤੇ ਫ਼ਿਕਰਮੰਦ ਲੇਖਕਾਂ ਵੱਲੋਂ ਲਿਖਣ ਤੇ ਪਾਠਕਾਂ ਵੱਲੋਂ ਪੜ੍ਹਨ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਇਹ ਖੇਡ ਸੁਰਜੀਤ ਪਾਤਰ ਦੇ ਇਨ੍ਹਾਂ ਸ਼ਬਦਾਂ "ਅਸੀਂ ਤਾਂ ਮੱਚਦਿਆਂ ਅੰਗਿਆਰਿਆਂ 'ਤੇ ਨੱਚਦੇ ਰਹੇ; ਤੁਹਾਡੇ ਸ਼ਹਿਰ 'ਚ ਹੀ ਝਾਂਝਰਾਂ ਦਾ ਕਾਲ ਰਿਹਾ" 'ਤੇ ਜਾ ਮੁੱਕਦੀ ਹੈ। ਪਰ ਫਿਰ ਵੀ ਵਾਹਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਮੈਂ ਅਕਸਰ ਹੀ ਆਪਣੇ ਪੰਜਾਬੀ ਸਭਿਆਚਾਰ ਤੇ ਆਪਣੇ ਲੋਕਾਂ ਦੀ ਖੁਸ਼ੀ ਤੇ ਖੁਸ਼ਹਾਲੀ ਵਾਸਤੇ **ਬੇਤਾਬ ਲਖਨਵੀ** ਦੇ ਸੁਖਨ ਨਾਲ ਹੋ ਤੁਰਦਾ ਹਾਂ ਕਿ :-

ਹਜ਼ੂਰ ਆਪ ਕਾ ਭੀ ਏਹਤਰਾਮ ਕਰਤਾ ਚਲੂੰ,
ਇਧਰ ਸੇ ਗੁਜ਼ਰਾ ਤੋ ਸੋਚਾ ਸਲਾਮ ਕਰਤਾ ਚਲੂੰ।

ਖੈਰ! ਇਸ ਤਰ੍ਹਾਂ ਮੇਰੀ ਇਹ ਰਚਨਾ ਸਾਡੇ ਸਭ ਦੇ ਸਾਂਝੇ-ਬਾਬੇ ਸਭਿਆਚਾਰ, ਤਾਏ ਵਿਰਸੇ ਤੇ ਤਾਈ ਸਚਿਆਰ ਤੇ ਉਨ੍ਹਾਂ ਦੀ ਧੀ-ਧਿਆਣੀ ਵਿਰਾਸਤ ਨੂੰ ਖਿਰਾਜੇ-ਅਕੀਦਤ ਵਜੋਂ ਸਮਰਪਿਤ ਹੈ। ਮੈਂ ਬੜੀ ਸਿਦਕ-ਦਿਲੀ ਨਾਲ ਆਪਣੀ ਇਸ ਪੁਸਤਕ 'ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ' ਨੂੰ ਇਉਂ ਇਕ ਬੰਦਗੀਨਾਮੇ ਦੇ ਰੂਪ ਵਿਚ ਲੈ ਕੇ ਆਪ ਸਭ ਦੇ ਰੂ-ਬ-ਰੂ ਹਾਂ।

ਅਕਾਲ ਪੁਰਖਿ ਦੇ ਦਰ-ਘਰਿ 'ਤੇ ਮੇਰੀ ਅਰਦਾਸ-ਬਿਨਉ ਹੈ ਕਿ ਇਸ 'ਵਨ ਮੈਨ ਆਰਮੀ' ਜਿਹੇ ਮਿਸ਼ਨ ਵਿਚ ਮੇਰੇ ਵਰਗੇ ਇਕਲੇ-ਇਕਹਿਰੇ ਬੰਦੇ ਦੀ ਘਾਲਿ ਥਾਇ ਪਵੇ ਅਤੇ ਵਾਹਿਗੁਰੂ ਮੈਨੂੰ ਪੰਜਾਬ, ਪੰਜਾਬੀਅਤ ਤੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਦੀ ਸੁਮੱਤ ਤੇ ਸਮਰਥਾ ਬਖਸ਼ੇ। ਆਮੀਨ!



*Original with;*
Kulbir Singh Sidhu(I.A.S)
*Digitized by;*
Panjab Digital Library

# ਗੁਰੂ ਸਾਹਿਬਾਨ ਦੇ ਆਦਰਸ਼ ਸੰਕਲਪ

# ਅਤੇ

# ਸਾਡੀ ਅਗਿਆਨਤਾ

ਪੰਜਾਬ ਦੀ ਸਰਜ਼ਮੀਨ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ, ਸੰਤਾਂ, ਭਗਤਾਂ ਤੇ ਸ਼ਹੀਦਾਂ ਦੀਆਂ ਪੈੜਾਂ ਨਾਲ ਸੁਸ਼ੋਭਿਤ ਹੈ। ਸਾਂਝੇ ਪੰਜਾਬ ਦੀ ਇਸ ਪਾਵਨ ਧਰਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਡੇ ਦਸ ਗੁਰੂ ਸਾਹਿਬਾਨ ਦੀ ਜਨਮ ਤੇ ਕਰਮ-ਭੂਮੀ ਹੋਣ ਦਾ ਅਲੌਕਿਕ ਮਾਣ ਹੈ। ਸਾਡੇ ਗੁਰੂ ਸਾਹਿਬਾਨ ਨੇ ਸਾਡੇ ਦੇਸ਼, ਕੌਮ ਤੇ ਸਮਾਜ ਨੂੰ ਹੀ ਨਹੀਂ, ਸਗੋਂ ਸਾਰੀ ਮਾਨਵਤਾ ਨੂੰ ਸਦਾਚਾਰਕ ਤੇ ਸਭਿਆਚਾਰਕ ਸੁਗਾਤਾਂ ਦੇਣ ਵਜੋਂ ਆਪਣੇ ਲਾਸਾਨੀ ਤੇ ਲਾਫ਼ਾਨੀ ਯੋਗਦਾਨ ਨਾਲ ਨਿਵਾਜਿਆ ਹੈ। ਗੁਰੂ ਸਾਹਿਬਾਨ, ਪੀਰਾਂ-ਫ਼ਕੀਰਾਂ, ਸੰਤਾਂ-ਭਗਤਾਂ, ਸ਼ਹੀਦਾਂ-ਮੁਰੀਦਾਂ ਤੇ ਕੌਮੀ ਸਪੂਤਾਂ ਦੀਆਂ 'ਵੱਡਮੁੱਲੀਆਂ ਦਾਤਾਂ' ਕਿਸੇ ਇਕ ਸਮਾਜ, ਇਕ ਕੌਮ ਤੇ ਇਕ ਦੇਸ਼ ਵਾਸਤੇ ਹੀ ਨਹੀਂ, ਸਗੋਂ ਇਹ ਵਿਸ਼ਵਵਿਆਪੀ ਹਨ। ਪਰ ਇਸ ਦੇ ਉਲਟ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੇ ਪੁਰਖਿਆਂ ਨੂੰ ਜਾਨਣ ਤੇ ਸਮਝਣ ਦੇ ਪੱਖੋਂ ਅਗਿਆਨੀ ਤੇ ਅਣਜਾਣ ਬਣੇ ਬੈਠੇ ਹਾਂ।

ਅਸੀਂ ਕਹਿਣ ਨੂੰ ਤਾਂ ਅਕਸਰ ਹੀ ਕਹਿੰਦੇ ਰਹਿੰਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਗੁਰੂਆਂ, ਪੀਰਾਂ ਤੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ; ਉਹ ਆਪ ਵੀ ਸਫ਼ਾ ਹਸਤੀ ਤੋਂ ਮਿਟ ਜਾਂਦੀਆਂ ਹਨ, ਪਰ ਅਸੀਂ ਤਾਂ ਇਸ ਤੋਂ ਵੀ ਅੱਗੇ ਛੜੱਪ ਕੇ ਹੁਣ ਰੱਬ ਨੂੰ ਵੀ ਭੁੱਲੇ ਬੈਠੇ ਹਾਂ। ਕਦੇ-ਕਦੇ ਖਿਆਲ ਆਉਂਦਾ ਹੈ ਕਿ ਅਸੀਂ ਕੌਮੀ ਤੌਰ 'ਤੇ ਅਕ੍ਰਿਤਘਣਤਾ ਦੀਆਂ ਹੱਦਾਂ-ਬੰਨੇ ਟੱਪ ਕੇ ਆਪਣੇ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਮਹਾਨ ਫ਼ਲਸਫ਼ੇ ਤੋਂ ਵੀ ਬੇਮੁੱਖ ਹੋਏ ਫਿਰਦੇ ਹਾਂ। ਇਸ ਵਾਸਤੇ ਅਸੀਂ ਆਪਣਿਆਂ ਤੋਂ ਲੈ ਕੇ ਬੇਗਾਨਿਆਂ ਅਤੇ ਅੱਗੇ ਪਛਮੀ ਸਭਿਅਤਾ ਤੱਕ ਨੂੰ ਦੋਸ਼ੀ ਕਰਾਰ ਦਿੰਦੇ ਹਾਂ ਕਿ ਕੌਮੀਅਤ ਦੇ ਪਖੋਂ ਇਨ੍ਹਾਂ ਸਭ ਨੇ ਸਾਨੂੰ ਬਦਰੰਗ ਬਣਾ ਦਿੱਤਾ ਹੈ। ਜਦੋਂ ਕਿ ਸੱਚ ਤਾਂ ਇਹ ਹੈ ਕਿ ਅਸੀਂ ਆਪਣੀ ਕਰਤੂਤੀਂ ਖੁਦ ਹੀ ਸਿਰਫ਼ ਬਦਰੰਗ ਹੀ ਨਹੀਂ, ਸਗੋਂ ਬਦਰੂਪ ਹੋਏ ਫਿਰਦੇ ਹਾਂ। ਅਸੀਂ ਅਗਿਆਨਤਾ ਦਾ ਹਨੇਰਾ ਢੋਅ ਰਹੇ ਹਾਂ, ਜਿਸ ਕਰਕੇ ਸਦਾਚਾਰਕ, ਸਭਿਆਚਾਰਕ ਤੇ ਇਤਿਹਾਸਿਕ ਪੱਖੋਂ ਅਸੀਂ ਮੁਗਧ-ਅਜਾਣ ਬਣ ਕੇ ਆਪਣੇ ਮੂੰਹ ਕਾਲੇ ਕਰਨ ਤੱਕ ਪਹੁੰਚੇ ਹੋਏ ਹਾਂ।



*Original with;*
Kulbir Singh Sidhu(I.A.S)
*Digitized by;*
Panjab Digital Library

ਗੌਰਤਲਬ ਹੈ ਕਿ ਆਪਾ ਚੀਨਣ ਵਜੋਂ ਜੇ ਅਸੀਂ ਗੱਲ ਕਰੀਏ ਤਾਂ ਸਾਡੇ ਗੁਰੂ ਸਾਹਿਬਾਨ ਦੀ ਸਿੱਖਿਆ ਸੰਥਾ ਤੋਂ ਅਸੀਂ ਕੋਹਾਂ ਦੂਰ ਆ ਚੁੱਕੇ ਹਾਂ। ਅਸੀਂ ਇਸ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਦੇ ਮਹਾਨ ਫ਼ਲਸਫ਼ੇ 'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਨੂੰ ਆਪਣੇ ਜੀਵਨ ਵਿਚੋਂ ਤਕਰੀਬਨ ਮਨਫ਼ੀ ਹੀ ਕਰ ਦਿੱਤਾ ਹੈ। ਅਫ਼ਸੋਸ ਹੈ ਕਿ ਹੁਣ ਅਸੀਂ ਮਿਹਨਤ-ਮੁਸ਼ੱਕਤ ਦੀ ਕਿਰਤ-ਕਮਾਈ ਨੂੰ ਤਿਆਗ ਦਿੱਤਾ ਹੈ। ਸਗੋਂ ਅਸੀਂ ਇਸ ਦੀ ਥਾਂ ਰਾਤੋ-ਰਾਤ ਅਮੀਰ ਹੋਣ ਦੇ ਸੁਪਨੇ ਪਾਲਣ ਲਗ ਪਏ ਹਾਂ।

ਇਸ ਤੋਂ ਇਲਾਵਾ ਅਸੀਂ ਮਾਇਆ ਦੇ ਇੰਨੇ ਵੱਡੇ ਪੁਜਾਰੀ ਬਣ ਗਏ ਹਾਂ ਕਿ ਅਸੀਂ ਜ਼ਖੀਰੇਬਾਜ਼ੀ, ਮੁਨਾਫ਼ੇਖੋਰੀ ਤੇ ਰਿਸ਼ਵਤਖੋਰੀ ਨਾਲ ਕੀਤੀ ਦੋ ਨੰਬਰ ਦੀ ਕਮਾਈ ਨੂੰ ਆਪਣਾ ਅਧਿਕਾਰ ਹੀ ਸਮਝਦੇ ਹਾਂ। ਇਸ ਤਰ੍ਹਾਂ ਹੀ ਅਸੀਂ 'ਪਰਾਏ ਧਨ' ਤੇ 'ਪਰਾਏ ਹੱਕ' ਨੂੰ ਆਪਣਾ ਹੱਕ ਸਮਝ ਕੇ ਲੁੱਟ-ਖਸੁੱਟ ਤੇ ਸ਼ੋਸ਼ਣ ਦੇ ਨਵੇਂ-ਨਵੇਂ ਹਥਕੰਢੇ ਘੜ ਲਏ ਹਨ। ਫਿਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਅਸੀਂ ਗੁਰਮਤਿ ਦੀ ਸਿੱਖਿਆ 'ਛੋਡੀਲੇ ਪਾਖੰਡਾ' ਨੂੰ ਭੁਲਾ ਕੇ ਪੂਰਨ ਤੌਰ 'ਤੇ ਭੇਖੀ ਤੇ ਕਪਟੀ ਬਣ ਚੁੱਕੇ ਹਾਂ।

ਕਾਫ਼ੀ ਸਮੇਂ ਤੋਂ ਜੱਗ ਜ਼ਾਹਿਰ ਹੈ ਕਿ ਆਧੁਨਿਕ ਯੁੱਗ ਦੇ ਕਥਿਤ ਪ੍ਰਗਤੀਵਾਦੀ ਦੌਰੇ-ਦੌਰਾਂ ਦੀਆਂ ਨਵੀਆਂ ਹੀ ਹਵਾਵਾਂ ਦੇ ਕਾਰਨ ਸਾਡੀ ਆਸਥਾ, ਸ਼ਰਧਾ, ਵਿਸ਼ਵਾਸ ਤੇ ਭਗਤੀ ਵਿਚ ਇਕ ਵੱਡੀ ਤਬਦੀਲੀ ਆ ਗਈ ਹੈ। ਸਾਡੇ ਜੀਵਨ ਵਿਚ ਧਰਮ, ਸਦਾਚਾਰ ਤੇ ਨੇਕੀ ਦੇ ਪੌੜੇ ਹਿੱਲ ਰਹੇ ਹਨ ਤੇ ਇਸ ਦੀ ਥਾਂ ਅਧਰਮ, ਅਨੈਤਿਕਤਾ ਤੇ ਬਦੀ ਦਾ ਬੋਲਬਾਲਾ ਹੋ ਰਿਹਾ ਹੈ। ਇਸ ਤਰ੍ਹਾਂ ਹੀ ਸਾਡੀ ਜੀਵਨ ਸ਼ੈਲੀ ਵਿਚੋਂ ਆਪਣੇ ਪੁਰਖਿਆਂ ਵਾਲਾ ਸਬਰ-ਸੰਤੋਖ, ਸਿਰੜ ਤੇ ਕ੍ਰਿਤਗਤਾ ਜਿਹੀਆਂ ਕਿੰਨੀਆਂ ਹੀ ਹੋਰ ਸਿਫ਼ਤਾਂ ਨਦਾਰਦ ਹੋ ਰਹੀਆਂ ਹਨ। ਇਸ ਦੀ ਥਾਂ ਹੁਣ ਸਾਡੇ ਆਚਰਣ ਵਿਚ ਲੋਭ-ਲਾਲਚ, ਐਸ਼ਪ੍ਰਸਤੀ ਤੇ ਅਕ੍ਰਿਤਘਣਤਾ ਆਣ ਵੜੀ ਹੈ। ਇਥੋਂ ਤੱਕ ਕਿ ਅਸੀਂ ਆਪਣੇ ਗੁਰੂਆਂ, ਪੀਰਾਂ, ਸੰਤਾਂ-ਭਗਤਾਂ ਦੇ ਇਲਾਹੀ ਫ਼ਲਸਫ਼ੇ ਅਤੇ ਕੌਮ ਦੇ ਸ਼ਹੀਦਾਂ-ਮੁਰੀਦਾਂ ਦੀਆਂ ਕੁਰਬਾਨੀਆਂ ਤੇ ਸੰਘਰਸ਼ਾਂ ਨੂੰ ਭੁੱਲ-ਭੁਲਾ ਕੇ ਅਜ ਉਨ੍ਹਾਂ ਦੇ ਤਪ, ਤਿਆਗ, ਪਰਸੁਆਰਥ ਤੇ ਸਮਾਜਵਾਦ ਦੇ ਰਾਹ ਤੋਂ ਭਟਕ ਚੁੱਕੇ ਹਾਂ। ਸਗੋਂ ਇਸ ਦੇ ਉਲਟ ਹੁਣ ਸਾਡੀ ਸਾਰੀ ਜੀਵਨਸ਼ੈਲੀ ਹੀ ਲਾਲਚ, ਲਾਲਸਾ, ਸੁਆਰਥ ਤੇ ਨਿਜਵਾਦ 'ਤੇ ਅਧਾਰਿਤ ਹੋ ਗਈ ਹੈ।

ਬਹਿਰਹਾਲ, ਜ਼ਾਹਿਰ ਹੈ ਕਿ ਸਾਡੀ ਮਾਨਸਿਕਤਾ ਵਿਚ ਆਪਣੇ ਇਸ਼ਟ ਤੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਤੇ ਅਹਿਸਾਨਮੰਦੀ ਬੜੀ ਘੱਟ ਅਤੇ ਵਿਖਾਵੇ ਤੇ ਅਹਿਸਾਨਫ਼ਰੋਸ਼ੀ ਦੇ ਅਡੰਬਰ-ਖੇਖਣ ਹੁਣ ਜ਼ਿਆਦਾ ਹੀ ਜਲਵਾਗਰ ਹੋ ਰਹੇ ਹਨ। ਹੋਰ ਗੱਲਾਂ ਤਾਂ ਛੱਡੀਏ, ਸਗੋਂ ਹੁਣ ਤਾਂ ਸਾਡੀ ਭਗਤੀ ਤੇ ਅਰਦਾਸ-ਬੰਦਨਾ ਵੀ ਠਗਤੀ-ਠਗੌਰੀ ਜਿਹੀ ਬਣ ਗਈ ਹੈ। ਬਾਕੀ ਗੱਲ ਤਾਂ ਇਕ ਪਾਸੇ ਰਹੀ, ਸਗੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੀ ਦੁਆ ਵੀ ਹੁਣ ਦਗਾ ਜਿਹੀ ਹੀ ਬਣ ਗਈ ਜਾਪਦੀ ਹੈ। ਸਾਡੀ ਦੁਆ ਵਿਚ ਹੁਣ ਸਰਬੱਤ ਦੇ ਭਲੇ ਦੀ ਥਾਂ ਸਿਰਫ਼ ਤੇ ਸਿਰਫ਼ ਆਪਣੀਆਂ ਚਾਹਤਾਂ-ਖ਼ਾਹਿਸ਼ਾਂ ਦੀ ਪੂਰਤੀ ਦੀ ਹੀ ਮੰਗ ਹੁੰਦੀ ਹੈ।

ਇਥੋਂ ਤਕ ਕਿ ਅਸੀਂ ਗੁਰਦੁਆਰੇ, ਮੰਦਿਰ ਤੇ ਮਸਜਿਦ ਜਿਹੇ ਗੁਰੂ ਘਰਾਂ ਵਿਚ ਜਾ ਕੇ ਵੀ ਸ਼ਰਧਾ ਤੇ ਕ੍ਰਿਤਗਤਾ ਦੀ ਭਾਵਨਾ ਦੀ ਜਗ੍ਹਾ ਆਪਣੇ ਅੰਦਰ ਵਸ ਚੁੱਕੀ ਹਉਮੈ ਤੇ ਅਕ੍ਰਿਤਘਣ ਮਾਨਸਿਕਤਾ ਦਾ ਵਿਖਾਵਾ-ਪ੍ਰਗਟਾਵਾ ਜ਼ਿਆਦਾ ਕਰਦੇ ਹਾਂ। ਅਸੀਂ ਅਕਾਲ ਪੁਰਖਿ ਦੇ ਦਰਿ-ਘਰਿ ਜਾ ਕੇ ਵੀ ਇਉਂ ਸਮਝਦੇ ਹਾਂ ਕਿ ਜਿਵੇਂ ਅਸੀਂ ਕੋਈ ਆਪਣੇ 'ਇਸ਼ਟ-ਗੁਰੂਆਂ' 'ਤੇ ਕੋਈ ਵੱਡਾ ਅਹਿਸਾਨ ਕਰ ਰਹੇ ਹੋਈਏ। ਸਾਡਾ ਅਜਿਹਾ ਕੋਝਾ ਚੱਲਣ ਮੱਥਾ ਟੇਕਣ ਤੋਂ ਲੈ ਕੇ ਸਾਡੇ ਵੱਲੋਂ ਚੜ੍ਹਾਵੇ ਚੜ੍ਹਾਉਣ ਤੱਕ ਸਿਰ ਚੜ੍ਹ ਕੇ ਬੋਲ ਰਿਹਾ ਹੁੰਦਾ ਹੈ।

ਜੱਗ ਜ਼ਾਹਿਰ ਹੈ ਕਿ ਅਸੀਂ ਆਪਣੇ ਚੜ੍ਹਾਵਿਆਂ ਦੇ ਸਿਰ 'ਤੇ ਆਪਣੀਆਂ ਨਿੱਜੀ ਸਮੱਸਿਆਵਾਂ ਨੂੰ ਮੇਨਯੂੰ ਕਾਰਡ ਦੇ ਪਰੋਸਿਆਂ ਮਾਤਰ ਇਹ ਵੀ ਦੇ-ਦੇਅ ਤੇ ਉਹ ਵੀ ਦੇ-ਦੇਅ ਜਿਹੇ ਆਪਣੀ ਭੁੱਖ ਤੇ ਮੰਗਾਂ ਦਰਸਾਉਂਦੇ ਆਰਡਰ ਦੇਣੋਂ ਬਾਜ਼ ਨਹੀਂ ਆਉਂਦੇ। ਇਉਂ ਲਗਦਾ ਹੈ ਕਿ ਜਿਵੇਂ ਅਸੀਂ 'ਭਾਈਏ ਦੇ ਢਾਬੇ' 'ਤੇ ਖੜ੍ਹੇ ਹੋਈਏ। ਫਿਰ ਹੋਰ ਵੱਡੀ ਸ਼ਰਮ ਦੀ ਗੱਲ ਹੈ ਕਿ ਅਸੀਂ ਹੁਕਮੀ ਜਿਹੇ ਰੂਪ ਵਿਚ ਇਹ ਵੀ ਜਤਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਦੇਵਤਿਓ! ਤੁਸੀਂ ਸਾਡੇ ਚੜ੍ਹਾਵੇ ਨਾਲ ਕੁਝ ਖਾਉ ਜਾਂ ਨਾ ਖਾਉ, ਪਰ ਸਾਨੂੰ ਜ਼ਰੂਰ ਰਜਾ ਕੇ ਬਦਹਜ਼ਮੀ ਦੀ ਹੱਦ ਤੱਕ ਪਹੁੰਚਦਾ ਕਰੋ। ਇਉਂ ਸਾਡੀ ਫਿਰ ਵੱਡੀ ਖਾਹਿਸ਼ ਇਹ ਹੁੰਦੀ ਹੈ ਕਿ ਰੱਬ ਸਾਡੇ ਚੜ੍ਹਾਵਿਆਂ ਦੇ ਇਵਜ਼ਾਨੇ ਵਿਚ ਸਾਡੀਆਂ ਚਾਹਤਾਂ ਦੇ ਪਰੋਸੇ ਤਿਆਰ ਕਰਕੇ ਸਾਡੀ ਮਰਜ਼ੀ ਅਨੁਸਾਰ ਸਾਨੂੰ ਪਰੋਸੇ। ਮੁੱਕਦੀ ਗੱਲ ਤਾਂ ਇਹ ਹੈ ਕਿ ਅਸੀਂ ਰੱਬ ਨਾਲ ਵੀ ਠੱਗੀਆਂ-ਠੋਰੀਆਂ ਮਾਰਨੋਂ ਨਹੀਂ ਟਲਦੇ।

ਹੁਣ ਸਾਡੇ ਅੰਦਰ ਘਰ ਕਰ ਚੁੱਕੇ ਸੁਆਰਥ ਤੇ ਭ੍ਰਿਸ਼ਟਾਚਾਰ ਨੇ ਸਾਨੂੰ ਸਰਬੱਤ ਦੇ ਭਲੇ ਦੀ ਅਰਦਾਸ ਹੀ ਭੁਲਾ ਦਿੱਤੀ ਹੈ। ਇਸ ਪ੍ਰਸੰਗ ਵਿਚ ਜ਼ਿਕਰ ਯੋਗ ਹੈ ਕਿ ਬੇਸ਼ੱਕ ਗਰੀਬੀ ਰੇਖਾ ਤੋਂ ਥੱਲੇ ਕਰੋੜਾਂ ਲੋਕਾਂ ਨੂੰ ਤਾਂ ਆਮ ਤੌਰ 'ਤੇ ਰੋਟੀ-ਰੋਜ਼ੀ ਦੇ ਫ਼ਿਕਰਾਂ ਨੇ ਅਰਦਾਸ ਹੀ ਭੁਲਾ ਰੱਖੀ ਹੈ, ਪਰ ਫੇਰ ਵੀ ਉਹ ਲੋਕ ਜਦੋਂ ਮੰਗਦੇ ਹਨ ਤਾਂ ਸਰਬੱਤ ਦਾ ਭਲਾ ਹੀ ਮੰਗਦੇ ਹਨ। ਗਰੀਬਾਂ ਦੇ ਇਸ ਮਜਬੂਰੀ ਦਾਅਵੇ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਜਿਹੜੀ ਗੱਲ ਸਮਝੋਂ ਬਾਹਰ ਹੈ, ਉਹ ਇਹ ਹੈ ਕਿ ਸਾਡਾ ਅਜੋਕਾ ਹੰਕਾਰਿਆ ਤੇ ਆਫ਼ਰਿਆ ਹੋਇਆ ਅਮੀਰ ਵਰਗ ਸਰਬੱਤ ਦੇ ਭਲੇ ਨੂੰ ਕਿਉਂ ਭੁੱਲਿਆ ਹੋਇਆ ਹੈ। ਅਸੀਂ ਤਕਰੀਬਨ ਸਾਰੇ ਹੀ ਤੇ ਖਾਸ ਕਰਕੇ ਅਮੀਰ ਤੇ ਵੱਡੇ ਕਹਾਉਂਦੇ ਲੋਕ ਆਪਣੇ ਸ਼ਰੀਕਾਂ ਨੂੰ ਠਿੱਬੀ ਲਾਉਣ ਤੋਂ ਲੈ ਕੇ ਉਨ੍ਹਾਂ ਦੇ ਗਲ ਵੱਢਣ ਤੱਕ ਦੇ ਪ੍ਰਯੋਜਨ ਵੀ ਕਰਦੇ ਰਹਿੰਦੇ ਹਾਂ। ਫਿਰ ਦੁਨੀਆਂ ਜਾਣਦੀ ਹੈ ਕਿ ਸਾਡੇ ਜੀਵਨ ਵਿਚ ਕੂੜ-ਕਪਟ, ਦੰਭ, ਭੇਖ ਤੇ ਪਖੰਡ ਇੰਨਾ ਹਾਵੀ ਹੋ ਚੁੱਕਾ ਹੈ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਅਸੀਂ ਆਪਣੇ ਪੁਰਖਿਆਂ ਦੇ ਕਾਰਨਾਮਿਆਂ, ਕੁਰਬਾਨੀਆਂ ਤੇ ਉਨ੍ਹਾਂ ਦੀਆਂ ਮਾਨਵਤਾ ਨੂੰ ਅਣਮੋਲ ਸੁਗਾਤਾਂ ਤੋਂ ਵੀ ਮੁਨਕਰ ਹੋ ਰਹੇ ਹਾਂ।

ਸਾਡੇ ਗੁਰੂ ਸਾਹਿਬਾਨ ਦੇ ਮਹਾਨ ਫ਼ਲਸਫ਼ੇ ਪ੍ਰਤੀ ਸਾਡੀ ਅਗਿਆਨਤਾ ਦੇ ਪ੍ਰਸੰਗ ਵਿਚ ਤਾਂ ਅਸੀਂ ਬਿਲਕੁਲ ਹੀ ਕੋਰੇ-ਨਿਕੋਰੇ ਤੇ ਊਣੇ-ਬੌਣੇ ਜਿਹੇ ਹੀ ਹਾਂ। ਇਸ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਦਾ ਵਿਸ਼ਵਵਿਆਪੀ ਸਿੱਖੀ ਸਿਧਾਂਤ ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਸਮੁੱਚੀ ਮਾਨਵਤਾ ਲਈ ਵਰਦਾਨ ਮਾਤਰ ਹੈ। ਇਸ ਵਿਚ 'ਏਕੋ ਰੱਬ' ਤੇ ਉਸ ਸਰਵ-ਸ਼ਕਤੀਮਾਨ ਦੀ ਅਰਾਧਨਾ, ਹੱਥੀ ਕਿਰਤ ਕਰਨ ਤੇ ਮਨੁੱਖੀ ਭਾਈਚਾਰੇ ਅਤੇ ਸਾਂਝੀਵਾਲਤਾ ਜਿਹੇ ਮਹਾਨ ਸੰਕਲਪ ਸ਼ਾਮਿਲ ਹਨ। ਮਨੁੱਖਤਾ ਨੂੰ ਇਸ ਮਹਾਨ ਸਿੱਖੀ ਸਿਧਾਂਤ ਅਨੁਸਾਰ "ਅੰਜਨ ਮਾਹਿ ਨਿਰੰਜਨਿ ਰਹੀਐ" ਭਾਵ ਦੁਨੀਆਂਦਾਰੀ ਵਿਚ ਰਹਿੰਦੇ ਹੋਏ ਵੀ ਮਾੜੀਆਂ ਪ੍ਰਵਿਰਤੀਆਂ ਤੋਂ ਅਲੇਪ-ਅਲਿਪਤ ਰਹਿਣ ਜਿਹੀ ਆਦਰਸ਼ ਜੀਵਨ ਜਾਚ ਤੇ ਜੀਵਨ ਸੇਧ ਦਿੱਤੀ ਗਈ ਹੈ। ਪਰ ਅਫ਼ਸੋਸ ਕਿ ਅਸੀਂ ਅਜ ਆਪਣੀ ਮਾੜੀ ਕਿਸਮਤ ਨੂੰ ਬਾਬੇ ਨਾਨਕ ਤੋਂ ਹੀ ਬੇਮੁੱਖ ਹੋਏ ਫਿਰਦੇ ਹਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵਤਾ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਿਰਜਣਾ ਜਿਹੀ ਅਲੌਕਿਕ ਸੌਗਾਤ ਨਾਲ ਸੰਨ 1699 ਦੀ ਵਿਸਾਖੀ ਦੇ ਦਿਨ ਨਿਵਾਜਿਆ ਸੀ। ਇਕ ਮਹਾਨ ਕੌਮੀ ਉਸਰਈਏ ਵਜੋਂ ਦਸਮੇਸ਼ ਪਿਤਾ ਨੇ ਸਾਡੀ ਦਬੀ-ਕੁਚਲੀ ਕੌਮ ਵਿਚ ਇਕ ਮਹਾਨ ਜਾਗ੍ਰਤੀ ਤੇ ਕ੍ਰਾਂਤੀ ਪੈਦਾ ਕਰਕੇ ਸੰਤ-ਸਿਪਾਹੀਆਂ ਦੀ ਜੁਝਾਰੂ ਖਾਲਸਾ ਪੰਥ ਦੀ ਸਾਜਣਾ ਕੀਤੀ ਸੀ। ਉਨ੍ਹਾਂ ਨੇ ਖਾਲਸੇ ਨੂੰ 'ਪੰਜ-ਕਕਾਰ' ਦੇ ਕੇ ਅਤੇ ਇਕ ਅਕਾਲ ਪੁਰਖਿ ਦੇ ਧਾਰਨੀ ਬਣਾਉਂਦੇ ਹੋਏ ਖਾਲਸਾ ਪੰਥ ਨੂੰ ਸੰਸਾਰ ਭਰ ਦੀਆਂ ਕੌਮਾਂ ਵਿਚ ਸ਼ਿਰੋਮਣੀ ਤੇ ਵਿਲੱਖਣ ਪਛਾਣ ਦਿੱਤੀ। ਉਨ੍ਹਾਂ ਦਾ ਇਹ ਇਲਾਹੀ ਕਾਰਨਾਮਾ ਕੁਕਨੂਸ ਪੰਛੀ ਵਾਂਗ ਅੱਗ ਵਿਚ ਜਲਣ ਤੇ ਫਿਰ ਆਪਣੀ ਹੀ ਰਾਖ ਵਿਚੋਂ ਪੁਨਰ-ਸੁਰਜੀਤ ਹੋਣ ਦੇ ਸਮਾਨ ਹੀ ਹੈ। ਗੁਰੂ ਸਾਹਿਬ ਨੇ ਖਾਲਸਾ ਸਿਰਜਣਾ ਦੇ ਆਦਰਸ਼ ਸੰਕਲਪਾਂ ਦੁਆਰਾ ਅਜੋਕੀ ਲੋਕਤੰਤਰੀ ਪ੍ਰਣਾਲੀ ਦੇ ਲਿਬਰਟੀ ਭਾਵ ਮਨੁੱਖੀ ਅਜ਼ਾਦੀ, ਇਕੁਐਲਿਟੀ ਭਾਵ ਮਨੁੱਖੀ ਬਰਾਬਰੀ ਤੇ ਫਰੈਟਰਨਟੀ ਅਰਥਾਤ ਮਨੁੱਖੀ ਭਾਈਚਾਰੇ ਜਿਹੇ ਬੁਨਿਆਦੀ ਸਿਧਾਂਤਾਂ ਨੂੰ ਦੁਨੀਆਂ ਸਾਹਮਣੇ ਨਸ਼ਰ ਕੀਤਾ ਸੀ।

ਇਸ ਦੇ ਨਾਲ ਹੀ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਤੇ ਗੁਰੂ ਸਾਹਿਬਾਨ ਵਲੋਂ ਦਿੱਤੇ ਗਏ 'ਇਕ ਓਂਕਾਰ' ਦੇ ਸੰਦੇਸ਼, ਜ਼ਾਤ-ਪਾਤ ਰਹਿਤ ਸਮਾਜ ਤੇ ਸਾਂਝੀਵਾਲਤਾ ਜਿਹੇ ਸਮਾਜਿਕ ਸੰਕਲਪਾਂ ਨੂੰ ਵੀ ਅਮਲੀ ਤੌਰ 'ਤੇ ਕੌਮ ਨੂੰ ਦ੍ਰਿੜਾਇਆ ਸੀ। ਇਸ ਤਰ੍ਹਾਂ ਦਸਮੇਸ਼ ਪਿਤਾ ਨੇ ਗੁਰੂ ਨਾਨਕ ਦੇਵ ਜੀ ਵਲੋਂ ਨਾਮ ਸਿਮਰਨ, ਕਿਰਤ ਕਰਨ ਤੇ ਵੰਡ ਛਕਣ ਦੇ ਇਲਾਹੀ ਸਿਧਾਂਤਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਸਿਖ ਕੌਮ ਨੂੰ ਇਕ ਵਿਲੱਖਣ ਹੋਂਦ-ਹਸਤੀ ਤੇ ਪਛਾਣ ਦਿੱਤੀ। ਜ਼ਿਕਰਯੋਗ ਹੈ ਕਿ ਸਾਡੇ ਗੁਰੂ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਹਿਬਾਨ ਨੇ ਸਿੱਖ ਕੌਮ ਵਾਸਤੇ ਬਹੁਤ ਹੀ ਆਦਰਸ਼ ਸਿਧਾਂਤ ਤੇ ਮਹਾਨ ਸੰਕਲਪ ਚਿਤਵੇ ਸਨ, ਜਿਸ ਵਾਸਤੇ ਉਨ੍ਹਾਂ ਨੂੰ ਖ਼ੁਦ-ਆਪ ਸਾਡੇ ਸੁਨਿਹਰੇ ਭਵਿੱਖ ਲਈ ਅਤਿ ਦੇ ਸੰਘਰਸ਼ਾਂ ਤੇ ਕੁਰਬਾਨੀਆਂ ਭਰਪੂਰ ਦੌਰ ਵਿਚੋਂ ਦੀ ਲੰਘਣਾ ਪਿਆ ਸੀ। ਇਸ ਤਰ੍ਹਾਂ ਸਾਡੇ ਸਾਰੇ ਗੁਰੂ ਸਾਹਿਬਾਨ ਵਲੋਂ ਬਖ਼ਸ਼ੀਆਂ ਵਡਮੁੱਲੀਆਂ ਦਾਤਾਂ ਸਦਕਾ ਇਹ 'ਗੋਬਿੰਦ ਮਾਰਗ' ਬਣ ਕੇ ਸਿੱਖ ਕੌਮ ਲਈ ਵਰਦਾਨ ਸਾਬਿਤ ਹੋਇਆ ਹੈ।

ਇਥੇ ਸਾਡੇ ਵਾਸਤੇ ਇਹ ਦੇਖਣ-ਸੁਣਨ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਦੀ ਕ੍ਰਾਂਤੀਕਾਰੀ ਕਲਮ ਤੋਂ ਸ਼ੁਰੂ ਹੋਇਆ ਮਨੁੱਖਤਾ ਲਈ ਇਹ ਅਧਿਆਤਮਿਕ ਸਫ਼ਰ ਦਸਵੇਂ ਪਾਤਿਸ਼ਾਹ ਤਕ ਜ਼ੁਲਮ ਤੇ ਜਬਰ ਦੇ ਖਿਲਾਫ਼ ਤਲਵਾਰ ਦੀ ਕੌਮੀ ਸ਼ਾਹਰਾਹ ਤਕ ਪਹੁੰਚਿਆ ਸੀ। ਹੁਣ ਸੋਚਣ ਤੇ ਸਮਝਣ ਵਾਲੀ ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਖਾਲਸਾ ਸਿਰਜਣਾ ਦੁਆਰਾ ਮਾਨਵਤਾ ਨੂੰ ਕਿੰਨੀਆਂ ਮਹਾਨ ਦੇਣਾਂ ਦਿੱਤੀਆਂ ਸਨ, ਪਰ ਅਫ਼ਸੋਸ ਹੈ ਕਿ ਇੰਨੀਆਂ ਅਣਮੋਲ ਕੌਮੀ ਦਾਤਾਂ ਨੂੰ ਜੱਗ-ਜ਼ਾਹਿਰ ਕਰਨ ਦੇ ਪੱਖੋਂ ਅਸੀਂ ਕੌਮੀ ਪੱਧਰ 'ਤੇ ਬਿਲਕੁਲ ਫੇਲ੍ਹ ਹੋ ਗਏ ਹਾਂ। ਸਗੋਂ ਸਮੁੱਚੇ ਤੌਰ 'ਤੇ ਜੇ ਵੇਖਿਆ ਜਾਵੇ ਤਾਂ ਸਾਡੇ ਸਾਰੇ ਗੁਰੂ ਸਾਹਿਬਾਨ ਵਲੋਂ ਦਿੱਤੇ ਗਏ ਸਿੱਖ ਮੱਤ ਦੇ ਫ਼ਲਸਫ਼ੇ ਅਤੇ ਖਾਲਸਾ ਸਿਰਜਣਾ ਦੇ ਆਦਰਸ਼ ਸਿਧਾਂਤਾਂ, ਸੰਕਲਪਾਂ ਤੇ ਰਹਿਤ-ਮਰਿਆਦਾ ਪ੍ਰਤੀ ਸਾਡੀ ਅਗਿਆਨਤਾ, ਬੇਸਮਝੀ, ਬੇਖ਼ਬਰੀ ਤੇ ਲਾਪ੍ਰਵਾਹੀ ਭਰੀ ਕਾਰਗੁਜ਼ਾਰੀ ਅਜ ਰਸਾਤਲ ਨੂੰ ਪਹੁੰਚ ਚੁਕੀ ਹੈ।

ਸਪਸ਼ਟ ਤੌਰ 'ਤੇ ਇਸ ਕਰਕੇ ਸਾਡੀ ਜੀਵਨਸ਼ੈਲੀ ਵਿਚ ਆਪਣੇ ਗੁਰੂਆਂ ਪ੍ਰਤੀ ਸਾਡੀ ਮਨਮੁਖਤਾ ਹੁਣ ਮੂਰਖਤਾ ਦੇ ਛੱਤਣੀਂ ਚੜ੍ਹੀ ਫਿਰਦੀ ਹੈ। ਇਉਂ ਸਾਡਾ ਅਜੋਕਾ ਸਿੱਖ ਸਮਾਜ ਗੁਰੂ ਸ਼ਰਧਾ, ਮਰਿਆਦਾ ਤੇ ਰਹਿਤ-ਬਹਿਤ ਦੇ ਪੱਖੋਂ ਕਰਮਕਾਂਡੀ ਜਿਹਾ ਬਣ ਕੇ ਦੁਬਾਰਾ ਤੋਂ ਬ੍ਰਾਹਮਣਵਾਦ ਤੇ ਡੇਰਾਵਾਦ ਦੇ ਧੱਕੇ ਚੜ੍ਹ ਕੇ ਛੱਤਣ ਟੱਪਿਆ ਫਿਰਦਾ ਹੈ। ਫਿਰ ਇਸ ਤੋਂ ਅੱਗੇ ਇਉਂ ਹੀ ਸਾਡੀ ਇਆਣ-ਮੱਤ ਦੇ ਕਾਰਨ ਸਾਡੇ ਇਤਿਹਾਸ, ਸਾਹਿਤ ਤੇ ਸਭਿਆਚਾਰ ਪ੍ਰਤੀ ਸਾਡਾ ਅਣਜਾਣਪੁਣਾ ਹੁਣ ਬੜੇ ਹੀ ਔਝੜ ਰਾਹ ਤੁਰਿਆ ਹੋਇਆ ਹੈ। ਜਿਸ ਕਰਕੇ ਅਸੀਂ ਪੰਜਾਬੀ ਲੋਕ ਦੁਨੀਆਂ ਦੀ ਸਿਰਮੌਰ ਤੇ ਸਿਰਕੱਢ ਕੌਮ ਹੋਣ ਦੇ ਬਾਵਜੂਦ ਵੀ ਸੰਸਾਰ ਵਿਚ ਬਸ ਅਣਜਾਣਮੱਤ ਤੇ ਮਸਤ-ਮੌਲਾ ਜਿਹੇ ਬਣੇ ਫਿਰਦੇ ਹਾਂ।

ਜ਼ਾਹਿਰ ਹੈ ਕਿ ਸਾਡੀ ਅਗਿਆਨਤਾ, ਅਣਗਹਿਲੀ ਤੇ ਅਲਗਰਜ਼ੀ ਦੇ ਕਾਰਨ ਅੱਜ ਦੁਨੀਆਂ ਇਨ੍ਹਾਂ ਲੋਕਤੰਤਰੀ ਸਿਧਾਂਤਾਂ ਨੂੰ ਉਜਾਗਰ ਕਰਨ ਦਾ ਸਿਹਰਾ ਸੰਨ 1789 ਵਿਚ ਹੋਈ ਫਰਾਂਸ ਦੀ ਕ੍ਰਾਂਤੀ ਨੂੰ ਦੇ ਰਹੀ ਹੈ, ਜੋ ਕਿ ਖਾਲਸਾ ਸਿਰਜਣਾ ਤੋਂ 90 ਸਾਲ ਬਾਅਦ ਦੀ ਘਟਨਾ ਹੈ। ਇਉਂ ਹੁਣ ਜੇ ਭਾਰਤ ਤੇ ਖਾਸ ਕਰਕੇ ਸਾਡੇ ਪੰਜਾਬ ਦੇ ਇਤਿਹਾਸ ਵਿਚ ਲੋਕਤੰਤਰੀ ਸਿਧਾਂਤਾਂ ਨੂੰ ਨਸ਼ਰ ਕਰਨ ਦਾ ਸਿਹਰਾ ਖ਼ਾਲਸਾ ਸਿਰਜਣਾ ਦੀ ਬਜਾਏ ਫਰਾਂਸ ਦੀ ਕ੍ਰਾਂਤੀ ਨੂੰ ਮਿਲ ਰਿਹਾ ਹੈ ਤਾਂ ਬਿਲਾ-ਸ਼ੱਕ ਇਹ ਸਾਡੀ ਕੌਮੀ ਅਗਿਆਨਤਾ ਤੇ ਕਮਜ਼ੋਰੀ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਤਰ੍ਹਾਂ ਹੀ ਉਦੋਂ ਦਸਵੇਂ ਪਾਤਿਸ਼ਾਹ ਨੂੰ ਖਾਲਸਾ ਸਿਰਜਣਾ ਸਮੇਂ ਪੰਚਾਇਤੀ ਪ੍ਰਥਾ ਦੀ ਅਹਿਮੀਅਤ ਨੂੰ 'ਆਪੇ ਗੁਰ-ਚੇਲਾ' ਦੇ ਸਿਧਾਂਤ ਦੁਆਰਾ ਉਜਾਗਰ ਕੀਤਾ ਗਿਆ ਸੀ? ਇਸ ਸੰਦਰਭ ਵਿਚ ਖਾਲਸਾ ਪੰਚਾਇਤ ਵਲੋਂ 22 ਦਸੰਬਰ 1705 ਦੀ ਰਾਤ ਨੂੰ ਕੀਤੇ ਗਏ 'ਪਹਿਲੇ ਗੁਰਮਤੇ' ਦੀ ਗਵਾਹੀ ਚਮਕੌਰ ਦੀ ਗੜ੍ਹੀ ਅੱਜ ਵੀ ਦੇ ਰਹੀ ਹੈ। ਪਰ ਪਤਾ ਨਹੀਂ ਕਿ ਸਾਡੇ ਕੌਮੀ ਸਵੈਮਾਣ ਤੇ ਖ਼ੁਦਦਾਰੀ ਨੂੰ ਉਦੋਂ ਸੱਟ ਕਿਉਂ ਨਹੀਂ ਵੱਜਦੀ ਕਿ ਜਦੋਂ ਅਸੀਂ ਅੱਜ ਵੀ ਆਪਣੇ ਵਿਦਿਅਕ ਕੋਰਸਾਂ ਵਿਚ ਆਪਣੇ ਵਿਦਿਆਰਥੀਆਂ ਨੂੰ ਇਹ ਹੀ ਸਿਖਾ-ਪੜ੍ਹਾ ਰਹੇ ਹਾਂ ਕਿ ਪਹਿਲਾ ਲੋਕਤੰਤਰੀ ਰੈਜ਼ੋਲਿਊਸ਼ਨ ਸੰਨ 1806 ਵਿਚ ਪ੍ਰਾਈਮ ਮਨਿਸਟਰ ਵਿਲੀਅਮ ਪਿੱਟ ਯੰਗਰ ਦੇ ਸਮੇਂ ਬ੍ਰਿਟਿਸ਼ ਪਾਰਲੀਮੈਂਟ ਵਿਚ ਪਾਸ ਹੋਇਆ ਸੀ। ਇਸ ਲਈ ਵਿਚਾਰਨ ਵਾਲੀ ਗੱਲ ਹੈ ਕਿ ਇਤਿਹਾਸਿਕ ਤੌਰ 'ਤੇ 101 ਸਾਲ ਬਾਅਦ ਪਾਸ ਹੋਏ ਮਤੇ ਨੂੰ ਅਸੀਂ ਆਪਣੀ ਕੌਮ ਦੇ 'ਪਹਿਲੇ ਗੁਰਮਤੇ' ਨਾਲੋਂ ਵੱਧ ਤਰਜੀਹ ਦੇ ਰਹੇ ਹਾਂ।

ਗੌਰਤਲਬ ਹੈ ਕਿ ਇਹ ਵੀ ਸਾਡੀ ਬੇਸਮਝੀ ਹੀ ਹੈ ਕਿ ਅਸੀਂ ਦੁਨੀਆਂ ਨੂੰ ਇਹ ਵੀ ਨਹੀਂ ਦੱਸ ਸਕੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਭਾਈ ਘਨੱਈਆ ਜੀ ਨੇ ਸੰਨ 1701 ਦੀ ਅਨੰਦਪੁਰ ਸਾਹਿਬ ਦੀ ਲੜਾਈ ਵਿਚ ਜ਼ਖਮੀਆਂ ਨੂੰ ਪਾਣੀ ਪਿਆਉਣ ਤੇ ਮਲ੍ਹੱਮ ਪੱਟੀ ਦੀ ਸੇਵਾ ਸ਼ੁਰੂ ਕੀਤੀ ਸੀ ਅਤੇ ਇਉਂ ਉਹ ਰੈੱਡ ਕਰਾਸ ਦੇ ਬਾਨੀ ਬਣਦੇ ਹਨ। ਪਰ ਅਫ਼ਸੋਸ ਹੈ ਕਿ ਸੰਸਾਰ ਨੂੰ ਇਹ ਦੱਸਣ ਖੁਣੋਂ ਅਸੀਂ ਖ਼ੁਦ ਆਪਣੇ ਬੀ. ਏ. ਤੇ ਐੱਮ. ਏ. ਦੇ ਇਮਤਿਹਾਨ ਇਹ ਲਿਖ ਕੇ ਪਾਸ ਕੀਤੇ ਹਨ ਕਿ ਹੈਨਰੀ ਡਿਊਨਾ ਤੇ ਫਲੋਰੈਂਸ ਨਾਈਟਇੰਗੇਲ ਨੇ ਕਰੀਮੀਆਂ ਦੀ ਜੰਗ ਸਮੇਂ 1859 ਦੀ ਸੈਲਫਰੀਨੋ ਦੀ ਲੜਾਈ ਵਿਚ ਜ਼ਖਮੀਆਂ ਦੀ ਸੇਵਾ ਕੀਤੀ ਸੀ, ਜਿਸ ਕਰਕੇ ਉਹ ਰੈੱਡ ਕਰਾਸ ਦੇ ਬਾਨੀ ਕਹਾਏ ਗਏ। ਹੋਰ ਵੀ ਅਫ਼ਸੋਸਨਾਕ ਗੱਲ ਇਹ ਹੈ ਕਿ ਹੁਣ 21ਵੀਂ ਸਦੀ ਵਿਚ ਆ ਕੇ ਵੀ ਸਾਡੀ ਇਹ ਅਗਿਆਨਤਾ ਖਤਮ ਨਹੀਂ ਹੋ ਰਹੀ ਅਤੇ ਨਾ ਹੀ ਅਸੀਂ ਆਪਣੀ ਇਸ ਭੁੱਲ ਦੀ ਕੋਈ ਸੋਧ ਕਰ ਰਹੇ ਹਾਂ। ਇਸ ਕਰਕੇ ਹੀ ਸਾਡੇ ਪੁੱਤ-ਪੋਤਰੇ ਹੁਣ ਵੀ ਮਤਵਾਤਰ ਇਮਤਿਹਾਨਾਂ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਸਮੇਂ ਸਾਡੇ ਵਾਂਗੂੰ ਅੰਗਰੇਜ਼ਾਂ ਨੂੰ ਹੀ ਰੈੱਡ ਕਰਾਸ ਦੇ ਬਾਨੀ ਮੰਨ ਰਹੇ ਹਨ। ਜ਼ਾਹਿਰ ਹੈ ਕਿ ਅਸੀਂ ਠੀਕ 158 ਸਾਲ ਪਹਿਲਾਂ ਦੀ ਆਪਣੀ ਕੌਮੀ ਇਤਿਹਾਸਿਕ ਦੇਣ ਨੂੰ ਖ਼ੁਦ ਹੀ ਅੱਖ-ਪਰੋਖੇ ਕਰ ਰਹੇ ਹਾਂ।

ਇਸ ਤਰਾਂ ਹੀ ਸਾਡੇ ਵਲੋਂ ਸਰੀਂਦ ਮੰਨਿਆ ਜਾ ਰਿਹਾ ਹੈ ਫਰਾਂਸ ਦੇ 'ਲੀ ਕੌਬਰਤਿਨ' ਨੇ ਯੂਨਾਨ ਦੀਆਂ ਪ੍ਰਾਚੀਨ ਖੇਡਾਂ ਨੂੰ ਸੰਨ 1896 ਵਿਚ ਮਾਡਰਨ ਓਲੰਪਿਕਸ ਦੇ ਤੌਰ 'ਤੇ ਪੁਨਰ-ਸੁਰਜੀਤ ਕੀਤਾ ਸੀ। ਪਰ ਬੜੀ ਸੰਜੀਦਗੀ ਨਾਲ ਸੋਚਣ ਦੀ ਗੱਲ ਹੈ ਕਿ ਇਸ ਤੋਂ ਠੀਕ 200 ਸਾਲ ਪਹਿਲਾਂ ਸੰਨ 1696 ਨੂੰ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੋਲੇ-ਮੁਹੱਲੇ ਦੇ ਰੂਪ ਵਿਚ ਮਾਰਸ਼ਲ ਆਰਟਸ ਭਾਵ ਘੋਲ-ਦੰਗਲ, ਘੋੜ-ਦੌੜਾਂ, ਤਲਵਾਰ-ਗੱਤਕੇਬਾਜ਼ੀ ਤੇ ਤੀਰ-



Original with;
Kulbir Singh Sidhu(I.A.S)
Digitized by;
Panjab Digital Library

ਅੰਦਾਜ਼ੀ ਜਿਹੇ ਕਰਤਬਾਂ ਦੀ ਸ਼ੁਰੂਆਤ ਕੀਤੀ ਸੀ। ਅਫ਼ਸੋਸ ਹੈ ਕਿ ਦਸਮੇਸ਼ ਪਿਤਾ ਦੀ ਇਸ ਮਹਾਨ ਕੌਮੀ ਦੇਣ ਦਾ ਜ਼ਿਕਰ ਦੁਨੀਆਂ ਦੇ ਇਤਿਹਾਸ ਵਿਚ ਤਾਂ ਕੀ ਹੋਣਾ ਸੀ; ਸਗੋਂ ਅਸੀਂ ਤਾਂ ਇਹ ਇਤਿਹਾਸਿਕ ਤੱਥ ਭਾਰਤ ਤਾਂ ਦੂਰ ਰਿਹਾ, ਬਲਕਿ ਆਪਣੇ ਪੰਜਾਬ ਦੇ ਇਤਿਹਾਸ ਵਿਚ ਵੀ ਦਰਜ ਨਹੀਂ ਕਰਵਾ ਸਕੇ। ਹੋਰ ਤਾਂ ਹੋਰ, ਅਸੀਂ ਤਾਂ 'ਹੋਲੇ-ਮਹੱਲੇ' ਦੇ ਇਸ ਕੌਮੀ ਤਿਉਹਾਰ ਦੇ ਮਹੱਤਵ-ਮਹਾਤਮ ਨੂੰ ਅਨੰਦਪੁਰ ਸਾਹਿਬ ਤਕ ਹੀ ਮਹਿਦੂਦ ਕਰ ਰੱਖਿਆ ਹੈ।

ਕੀ ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿ ਸਾਡਾ ਅੰਗਰੇਜ਼ੀ ਵੱਲੋਂ ਹੱਥ ਤੰਗ ਹੈ? ਜਿਸ ਕਰਕੇ ਅਸੀਂ ਦੁਨੀਆਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਇਹ ਨਹੀਂ ਸਮਝਾ ਸਕੇ ਕਿ ਹੋਲੇ-ਮੁਹੱਲੇ ਦੇ ਇਨਾਂ ਘੋਲਾਂ ਤੇ ਦੰਗਲਾਂ ਨੂੰ ਰੈਸਲਿੰਗ, ਘੋੜ-ਦੌੜਾਂ ਨੂੰ ਈਕੁਏਸਟ੍ਰੀਅਨ, ਤਲਵਾਰ ਤੇ ਗੱਤਕੇਬਾਜ਼ੀ ਨੂੰ ਫੈਨਸਿੰਗ ਤੇ ਤੀਰ-ਅੰਦਾਜ਼ੀ ਨੂੰ ਆਰਚਰੀ ਕਹਿੰਦੇ ਹਨ।

ਇਸ ਪ੍ਰਸੰਗ ਵਿਚ ਹੀ ਪੂਰਨ ਸ਼ਰਧਾ ਸਹਿਤ ਜ਼ਿਕਰ ਕਰਨਾ ਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸੰਸਾਰ ਦੀ ਏਕੋ-ਵਿਲੱਖਣ ਸ਼ਖਸੀਅਤ ਹਨ ਕਿ ਜਿਨ੍ਹਾਂ ਨੇ ਦੇਸ਼ ਤੇ ਕੌਮ ਦੀ ਖਾਤਿਰ ਆਪਣਾ ਸਰਬੰਸ ਵਾਰ ਦਿਤਾ ਸੀ। ਫਿਰ ਇਹ ਵੀ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੀ ਹੋਇਆ ਸੀ ਕਿ ਦਸਮੇਸ਼ ਪਿਤਾ ਦੇ ਲਖਤੇ-ਜਿਗਰ ਚਾਰ ਸਾਹਿਬਜ਼ਾਦਿਆਂ ਤੇ ਪੁੱਤਰਾਂ ਵਰਗੇ ਸੂਰਬੀਰ ਸਿੰਘਾਂ ਨੇ ਉਦੋਂ ਆਪਣੇ ਪਿਤਾ ਦੇ 39ਵੇਂ ਜਨਮ ਦਿਨ 'ਤੇ ਆਪਣੀਆਂ ਜਿੰਦਾਂ ਵਾਰ ਕੇ ਆਪਣੇ 'ਗੁਰੂ ਪਿਤਾ' ਨੂੰ ਨਾਯਾਬ ਨਜ਼ਰਾਨਾ ਦਿੱਤਾ। ਫਿਰ ਹੋਰ ਵੀ ਦੈਵੀ ਅਚੰਭੇ ਦੀ ਗੱਲ ਹੈ ਕਿ ਗੁਰੂ-ਪਿਤਾ ਨੇ ਆਪਣੇ ਪੁੱਤਰਾਂ ਰੂਪੀ ਅਮਾਨਤ ਮੋੜ ਕੇ ਆਪਣੇ ਅਕਾਲ ਪੁਰਖਿ ਪਿਤਾ ਦਾ ਸ਼ੁਕਰਾਨਾ ਕੀਤਾ ਸੀ। ਦੁਨੀਆਂ ਦੇ ਇਤਿਹਾਸ ਵਿਚ ਇਸ ਅਲੌਕਿਕ ਸਰਬੰਸਦਾਨ ਜਿਹੀ ਹੋਰ ਕੋਈ ਮਿਸਾਲ ਲੱਭਣ 'ਤੇ ਵੀ ਨਹੀਂ ਲੱਭਦੀ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਅਸੀਂ ਸੰਸਾਰ ਭਰ ਦੇ ਇਤਿਹਾਸ ਦੇ ਇਸ ਵਿਲੱਖਣ ਇਲਾਹੀ ਵਰਤਾਰੇ ਨੂੰ ਹਾਲੇ ਤਕ ਵੀ ਦੁਨੀਆਂ ਨੂੰ ਸਹੀ ਤਰੀਕੇ ਨਾਲ ਨਹੀਂ ਦਸ ਸਕੇ।

ਇਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਨੂੰ ਖਤਮ ਕਰਕੇ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਸਾਡੇ 'ਤੇ ਜੋ ਮਹਾਨ ਪਰਉਪਕਾਰ ਕੀਤਾ ਸੀ; ਉਹ ਵੀ ਦੁਨੀਆਂ ਦੇ ਕਿਸੇ ਵੀ ਧਰਮ ਵਿਚ ਪਹਿਲੀ ਵਾਰ ਹੀ ਹੋਇਆ ਹੈ। ਅਸੀਂ ਗੁਰੂ ਸਾਹਿਬ ਦੇ ਇਸ ਮਹਾਨ ਕਾਰਨਾਮੇ ਸਬੰਧੀ ਦੁਨੀਆਂ ਨੂੰ ਤਾਂ ਕੀ ਦੱਸਣਾ ਸੀ, ਸਗੋਂ ਅਫ਼ਸੋਸ ਹੈ ਕਿ ਸਾਡੀ ਮਾਨਸਿਕਤਾ ਦੀ ਖੋਤੀ ਮੁੜ-ਘਿੜ ਕੇ ਫਿਰ ਬੋਹੜ ਥੱਲੇ ਆਣ ਖਲੋਤੀ ਹੈ ਅਤੇ ਅਸੀਂ ਫਿਰ ਤੋਂ ਦੇਹਧਾਰੀ ਬਾਬਿਆਂ ਤੇ ਉਨ੍ਹਾਂ ਦੇ ਡੇਰਿਆਂ ਦੀ ਪਰਿਕਰਮਾ ਕਰਦੇ ਫਿਰਦੇ ਹਾਂ।

ਦਸਮੇਸ਼ ਪਿਤਾ ਦੀਆਂ ਮਾਨਵਤਾ ਨੂੰ ਅਜਿਹੀਆਂ ਅਲੌਕਿਕ ਦੇਣਾਂ ਦੇ ਸਦਕਾ ਹੀ ਸੰਸਾਰ ਪ੍ਰਸਿੱਧ ਆਰਨੌਲਡ ਟੋਆਇਨਬੀ ਜਿਹੇ ਇਤਿਹਾਸਕਾਰਾਂ ਅਤੇ ਸਵਾਮੀ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਵੇਕਾਨੰਦ ਤੇ ਸਾਬਕਾ ਰਾਸ਼ਟਰਪਤੀ ਰਾਧਾਕ੍ਰਿਸ਼ਨਨ ਜਿਹੇ ਸੰਸਾਰ ਭਰ ਦੇ ਅਨੇਕਾਂ ਹੀ ਵਿਦਵਾਨਾਂ ਨੇ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਤ-ਮਸਤਕ ਸਿਜਦਾ ਕੀਤਾ ਹੈ। ਟੋਆਇਨਬੀ ਨੇ ਤਾਂ ਸੰਸਾਰ ਦਾ ਇਤਿਹਾਸ ਲਿਖਦੇ ਹੋਏ ਆਪਣੀ ਬਾਰਾਂ-ਵਾਲਿਯੂਮ ਦੀ ਵੱਡ-ਅਕਾਰੀ ਪੁਸਤਕ 'ਸਟੱਡੀ ਆਫ਼ ਹਿਸਟਰੀ' ਵਿਚ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਉਨ੍ਹਾਂ ਦੀ ਸਮਾਜਵਾਦੀ ਸੋਚ ਤੇ ਕਾਰਨਾਮਿਆਂ ਸਦਕਾ ਕਾਰਲ ਮਾਰਕਸ ਤੇ ਲੈਨਿਨ ਦੇ ਮਾਰਗ ਦਰਸ਼ਕ ਮੰਨਿਆ ਹੈ।

ਇਉਂ ਹੀ ਅਸੀਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਗੁਰੂ ਸਾਹਿਬਾਨ ਵਲੋਂ 'ਇਕ ਓਂਕਾਰ' ਵਿਚ ਆਸਥਾ, ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ, ਸਾਂਝੀਵਾਲਤਾ, 'ਪੰਜਾਬੀ ਲਿਪੀ', ਲੰਗਰ ਪ੍ਰਥਾ, ਗੁਰੂਆਂ ਤੇ ਸੰਤਾਂ-ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਵਰੂਪ ਵਿਚ ਸੰਕਲਣ ਜਿਹੀਆਂ ਅਣਮੋਲ ਲਾਸਾਨੀ ਤੇ ਲਾਫ਼ਾਨੀ ਦਾਤਾਂ ਨੂੰ ਦੁਨੀਆਂ ਦੇ ਸਾਹਮਣੇ ਹਾਲੇ ਵੀ ਸਹੀ ਰੂਪ ਵਿਚ ਨਸ਼ਰ ਨਹੀਂ ਕਰ ਸਕੇ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖ ਮੱਤ ਦੀ ਨੀਂਹ ਰੱਖੀ ਸੀ। ਉਨ੍ਹਾਂ ਤੋਂ ਬਾਅਦ ਸਿੱਖ ਗੁਰੂ ਸਾਹਿਬਾਨ ਨੇ ਉਸ ਬੁਨਿਆਦ ਉਤੇ ਸਿੱਖੀ ਦੀ ਤਾਮੀਰ ਕੀਤੀ। ਇਸ ਮਹਾਨ ਕੌਮੀ ਉਸਾਰੀ ਵਿਚ ਕੌਮ ਦੇ ਸ਼ਿਰੋਮਣੀ ਸ਼ਹੀਦਾਂ ਵਜੋਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਕੁਰਬਾਨੀਆਂ ਨੇ ਸਿੱਖ ਮੱਤ ਨੂੰ ਇਕ ਸਿੱਕੇਬੰਦ ਮਜ਼ਬੂਤੀ ਦਿੱਤੀ।

ਗੌਰਤਲਬ ਹੈ ਕਿ ਸਮੇਂ ਦੀ ਲੋੜ ਅਨੁਸਾਰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਮੱਤ ਵਿਚ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸ਼ਕਤੀ ਤੇ ਭਗਤੀ ਦਾ ਸੰਚਾਰ ਕੀਤਾ। ਫਿਰ ਜੱਗ ਜ਼ਾਹਿਰ ਹੈ ਕਿ ਦਸਵੇਂ ਪਾਤਿਸ਼ਾਹ ਨੇ ਸਿੱਖ ਮੱਤ ਦੀ ਇਸ ਬੁਲੰਦ-ਤਰੀਨ ਕੌਮੀ ਉਸਾਰੀ ਉਤੇ ਖਾਲਸਾ ਕੌਮ ਜਿਹੀ ਮਹਾਨ ਸਿਰਜਣਾ ਕੀਤੀ। ਉਨ੍ਹਾਂ ਨੇ ਖਾਲਸਾ ਕੌਮ ਨੂੰ ਇਕ ਵਿਲੱਖਣ ਹੋਂਦ-ਹਸਤੀ ਤੇ ਪਛਾਣ ਦੇ ਕੇ ਸੰਸਾਰ ਭਰ ਦੀਆਂ ਕੌਮਾਂ ਵਿਚੋਂ ਇਕ ਸਿਰਮੌਰ ਕੌਮ ਬਣਾਇਆ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਸੰਤ-ਸਿਪਾਹੀ ਦੇ ਰੂਪ ਵਿਚ ਸਦਾਚਾਰ ਅਤੇ ਫਿਰ ਦੁਨੀਆਂ ਵਿਚ ਬਦੀ ਤੇ ਨਾਬਰਸ਼ਾਹੀ ਦੇ ਖਿਲਾਫ਼ ਜੂਝਣ ਦਾ ਬਲ ਬਖਸ਼ਿਆ।

ਪਰ ਅਫ਼ਸੋਸ ਹੈ ਕਿ ਗੁਰੂ ਸਾਹਿਬਾਨ ਦੀਆਂ ਅਣਮੋਲ ਦਾਤਾਂ ਪ੍ਰਤੀ ਸਾਡੇ ਵਿਚਲਾ ਗਿਆਨ ਦੇ ਪੱਖੋਂ ਕੋਰਾਪਣ ਅਤੇ ਸੁਭਾਅ ਦੇ ਪੱਖੋਂ ਰੁੱਖਾਪਣ ਤੇ ਦੋਗਲਾਪਣ ਸਿਰ ਚੜ੍ਹ ਕੇ ਬੋਲ ਰਿਹਾ ਹੈ। ਅਸੀਂ '300 ਸਾਲ ਗੁਰੂ ਦੇ ਨਾਲ' ਜਿਹੇ ਦਮਗਜੇ ਮਾਰਨ ਵਾਲੇ ਸਿੱਖ ਕੌਮ ਦੇ ਵਾਰਿਸ ਗੁਰੂ ਸਾਹਿਬਾਨ ਦੇ ਮਹਾਨ ਵਰਦਾਨਾਂ ਦਾ ਅਨੰਦ ਤਾਂ ਮਾਣ ਰਹੇ ਹਾਂ, ਪਰ ਇਹ ਵੀ ਸਪਸ਼ਟ ਹੈ ਕਿ ਅਸੀਂ ਅਕ੍ਰਿਤਘਣਤਾ ਦੇ ਸਾਰੇ ਡੰਡੇ-ਡੇਰੇ ਟੱਪ ਚੁੱਕੇ ਹਾਂ। ਇਸ ਕਰਕੇ ਹੁਣ ਅਜ਼ਾਦ ਹੋਣ ਦੇ ਬਾਵਜੂਦ ਵੀ



*Original with;*
Kulbir Singh Sidhu(I.A.S)
*Digitized by;*
Panjab Digital Library

ਅਸੀਂ ਆਪਣੇ ਗੁਰੂ ਸਾਹਿਬਾਨ ਦੇ ਮਹਾਨ ਫ਼ਲਸਫ਼ੇ ਤੇ ਕੁਰਬਾਨੀਆਂ ਨੂੰ ਅਜ ਤਕ ਵੀ ਦੁਨੀਆਂ ਦੇ ਸਾਹਮਣੇ ਡੰਕੇ ਦੀ ਚੋਟ 'ਤੇ ਨਹੀਂ ਲਿਆ ਰਹੇ।

ਹੋਰ ਤਾਂ ਹੋਰ ਅਸੀਂ ਗੁਰਬਾਣੀ ਦੇ ਮਹਾਨ ਫ਼ਲਸਫ਼ੇ ਨੂੰ ਵੀ ਸੰਸਾਰ ਵਿਚ ਨਸ਼ਰ ਨਹੀਂ ਕਰ ਸਕੇ। ਜਦੋਂ ਕਿ ਹਰ ਪੰਜਾਬੀ ਤੇ ਖਾਸ ਕਰਕੇ ਹਰ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਜੀਵਨ ਵਿਚ ਗੁਰਬਾਣੀ ਦੇ ਫ਼ਲਸਫ਼ੇ ਨੂੰ ਤਨੋਂ-ਮਨੋਂ ਅਪਣਾਵੇ ਤੇ ਸੰਸਾਰ ਭਰ ਦੇ ਲੋਕਾਂ ਵਿਚ ਗੁਰਬਾਣੀ ਦੇ ਚਾਨਣ ਨੂੰ ਫੈਲਾਵੇ। ਪਰ ਅਫ਼ਸੋਸ ਹੈ ਕਿ ਅਸੀਂ ਇਸ ਪੱਖੋਂ ਆਪ ਹੀ ਬਹੁਤ ਊਣੇ-ਬੌਣੇ ਹਾਂ। ਅਸੀਂ ਆਪਣੀ ਇਸ ਘੇਸਲਵਟ ਤੇ ਅਕ੍ਰਿਤਘਣ ਕਰਤੂਤ ਤੇ ਸ਼ਰਮਿੰਦਾ ਹੋਣ ਦੀ ਥਾਂ 'ਮੂੰਹ ਮਿੱਟੀ ਮਲ ਕੇ' ਤੁਰੇ ਫਿਰਦੇ ਹਾਂ। ਬਸ ਰੱਬ ਹੀ ਜਾਣਦਾ ਹੈ ਕਿ ਸਾਡੇ ਵਿਚ ਆਪਣੇ ਮਹਾਨ ਗੁਰੂ ਸਾਹਿਬਾਨ ਦੇ ਵਾਰਿਸ ਹੋਣ ਵਜੋਂ ਸਵੈਮਾਣ ਦੀ ਭਾਵਨਾ ਦਿਨ-ਬ-ਦਿਨ ਕਿਉਂ ਘਟ ਰਹੀ ਹੈ ਅਤੇ ਅਸੀਂ ਬਸ ਢੀਠ ਜਿਹੇ ਕਿਉਂ ਬਣੇ ਫਿਰਦੇ ਹਾਂ।

ਬਹਿਰਹਾਲ, ਸਿੱਖ ਧਰਮ ਦੀਆਂ ਇਨ੍ਹਾਂ ਸਾਰੀਆਂ ਅਣਮੋਲ ਦਾਤਾਂ ਤੇ ਇਤਿਹਾਸਕ ਪ੍ਰਸੰਗਾਂ ਨੂੰ ਜੱਗ-ਜ਼ਾਹਿਰ ਨਾ ਕਰਨ ਦੇ ਪਿਛੇ ਸਿਰਫ਼ ਕੋਈ ਨਿੱਕੀ ਜਿਹੀ ਗੱਲ ਹੀ ਨਹੀਂ ਹੈ। ਸਗੋਂ ਇਸ ਦੇ ਪਿੱਛੇ ਹੋਰ ਵੀ ਬੜੇ ਭੇਦ ਛੁਪੇ ਹੋਏ ਹਨ ਅਤੇ ਇਸ ਵਿਚ ਸਾਡੀਆਂ ਹੋਰ ਵੀ ਕਈ ਕਿਸਮ ਦੀਆਂ ਕਮਜ਼ੋਰੀਆਂ ਸ਼ਾਮਿਲ ਹਨ। ਕੀ ਮੰਨ ਲਿਆ ਜਾਵੇ ਕਿ ਆਪਣੀ ਮਹਾਨ ਪੰਜਾਬੀ ਕੌਮ ਦੇ ਵਿਰਸੇ-ਵਿਰਾਸਤ ਨੂੰ ਸੰਸਾਰ ਵਿਚ ਪ੍ਰਚਾਰਣ ਤੇ ਪ੍ਰਸਾਰਣ ਦੇ ਪੱਖੋਂ ਵਾਕਿਆ ਹੀ ਸਾਡਾ ਕੀ ਅੰਗਰੇਜ਼ੀ ਵਿਚ ਹੱਥ ਤੰਗ ਹੈ?

ਖ਼ੈਰ! ਇਹ ਗੱਲ ਮੰਨਣ ਵਾਲੀ ਤਾਂ ਨਹੀਂ ਲਗਦੀ ਕਿਉਂਕਿ ਅੰਗਰੇਜ਼ੀ ਭਾਸ਼ਾ ਤਾਂ ਸਾਡੀ ਮਤਰੇਈ ਭਾਸ਼ਾ ਹੋਣ ਦੇ ਬਾਵਜੂਦ ਵੀ ਸਾਡੀ ਮਾਂ-ਬੋਲੀ ਪੰਜਾਬੀ 'ਤੇ ਹੁਣ ਪੂਰਨ ਤੌਰ 'ਤੇ ਹਾਵੀ ਹੋਈ ਖੜ੍ਹੀ ਹੈ। ਸਗੋਂ ਜੇ ਅਸੀਂ ਸਮੇਂ ਦੇ ਇਤਿਹਾਸਿਕ ਯਥਾਰਥ ਨੂੰ ਮੰਨੀਏ ਤਾਂ ਜ਼ਾਹਿਰ ਹੈ ਕਿ ਅਸੀਂ ਦੁਨੀਆਂ ਨੂੰ ਆਪਣੀ ਅਮੀਰ ਸਭਿਅਤਾ, ਸੰਸਕ੍ਰਿਤੀ ਤੇ ਸ਼ਾਨਾਮੱਤੇ ਸਭਿਆਚਾਰ ਸਬੰਧੀ ਇਸ ਲਈ ਨਹੀਂ ਜਾਣੂੰ ਕਰਵਾ ਸਕੇ ਕਿਉਂਕਿ ਅਜ਼ਾਦ ਹੋਣ ਦੇ ਬਾਵਜੂਦ ਵੀ ਅਸੀਂ ਆਪਣੀ ਗੁਲਾਮ ਜਿਹੀ ਮਾਨਸਿਕਤਾ ਦੇ ਸ਼ਿਕਾਰ ਹਾਂ। ਇਕ ਕੌੜੀ ਸੱਚਾਈ ਇਹ ਹੈ ਕਿ ਇਨ੍ਹਾਂ ਇਤਿਹਾਸਿਕ ਤੱਥਾਂ ਨੂੰ ਹੁਣ ਤੱਕ ਅਣਗੌਲੇ ਕੀਤੇ ਜਾਣ ਦੇ ਕਾਰਨ ਸਾਡੇ ਕੌਮੀ ਸਵੈਮਾਣ ਤੇ ਮਰਿਆਦਾ ਨੂੰ ਚੋਭ ਲੱਗਣੀ ਚਾਹੀਦੀ ਸੀ, ਪਰ ਇਸ ਦੇ ਉਲਟ ਅਸੀਂ ਬੜੇ ਹੀ ਅਣਜਾਣ ਤੇ ਅਲਗਰਜ਼ ਜਿਹੇ ਬਣੇ ਹੋਏ ਹਾਂ। ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਇਸ ਬਾਰੇ ਦੁਨੀਆਂ ਨੂੰ ਤਾਂ ਕੀ ਜਾਗਰੂਕ ਕਰਨਾ ਸੀ, ਸਗੋਂ ਅਸੀਂ ਤਾਂ ਆਪਣੇ ਇਤਿਹਾਸ ਸਬੰਧੀ ਆਪ ਹੀ ਸੁੱਤ-ਉਨੀਂਦੇ ਜਿਹੇ ਤੁਰੇ ਫਿਰਦੇ ਹਾਂ।

ਦਰਅਸਲ, ਇਤਿਹਾਸਿਕ ਪੱਖ ਤੋਂ ਸਾਡੀ ਬੇਰੁਖ਼ੀ ਤੇ ਅਣਗਹਿਲੀ ਦੇ ਪ੍ਰਸੰਗ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਾਨੂੰ ਕੋਈ ਅਕਲ-ਹੋਸ਼ ਹੀ ਨਹੀਂ ਹੈ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਅਸੀਂ ਕੌਣ ਹਾਂ ਅਤੇ ਅਸੀਂ ਕਿੰਨੇ ਮਹਾਨ ਪੁਰਖਿਆਂ ਦੇ ਵਾਰਿਸ ਹਾਂ। ਜ਼ਿਕਰਯੋਗ ਹੈ ਕਿ ਪੰਜਾਬ ਦੀ ਧਰਤੀ ਦਾ ਚੱਪਾ-ਚੱਪਾ ਕੁਰਬਾਨੀ ਦੇ ਪੁੰਜ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੇ ਖ਼ੂਨ ਨਾਲ ਸਿੰਜਿਆ ਹੋਇਆ ਹੈ ਅਤੇ ਸਿੱਖ ਇਤਿਹਾਸ ਦਾ ਵਰਕਾ-ਵਰਕਾ ਮਰਜੀਵੜਿਆਂ ਤੇ ਸੰਘਰਸ਼ੀ ਯੋਧਿਆਂ ਦੇ ਬੇਮਿਸਾਲ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਇਸ ਵਾਸਤੇ ਕਿਸੇ ਵੀ ਸ਼ਹੀਦ, ਮੁਰੀਦ ਜਾਂ ਕੌਮੀ ਸਪੂਤਾਂ ਦਾ ਜ਼ਿਕਰੇ-ਖ਼ਾਸ ਕੀਤੇ ਬਿਨਾਂ ਕਹਾਣੀ ਨਿਰਸੰਦੇਹ ਅਧੂਰੀ ਹੀ ਰਹਿ ਜਾਂਦੀ ਹੈ ਅਤੇ ਫਿਰ ਇਹ ਅਕ੍ਰਿਤਘਣਤਾ ਦੇ ਮੁਹਾਣੇ 'ਤੇ ਖੜ੍ਹੇ ਹੋਣ ਵਾਲੀ ਗੱਲ ਵੀ ਹੈ।

ਪ੍ਰੰਤੂ ਕਿਸੇ ਵੀ ਪੁਸਤਕ ਦੇ ਵਿਸਥਾਰ ਵਜੋਂ ਉਸ ਦੇ ਕਲੇਵਰ ਦੀ ਪ੍ਰਿਧੀ ਅਤੇ ਸਮੇਂ ਦੀ ਸੀਮਾ ਦੇ ਲਿਹਾਜ਼ ਨਾਲ ਬੇਸ਼ੱਕ ਇਹ ਕੰਮ ਅਸੰਭਵ ਤਾਂ ਨਹੀਂ, ਪਰ ਛੇਤੀ ਕੀਤੇ ਮੁਮਕਿਨ ਵੀ ਨਹੀਂ ਹੈ। ਸੋ ਇਸ ਚਲ ਰਹੇ ਵਿਸ਼ੇ-ਵਿਸਥਾਰ ਵਿਚ ਮਹਿਜ਼ ਇਕ ਮਿਸਾਲ ਵਜੋਂ ਸਿੱਖ ਧਰਮ ਦੇ ਸ਼੍ਰੋਮਣੀ ਸ਼ਹੀਦਾਂ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਅਨਿੰਨ-ਭਗਤ ਭਾਈ ਸਤੀ ਦਾਸ, ਮਤੀ ਦਾਸ ਤੇ ਭਾਈ ਦਿਆਲਾ ਜੀ ਉਪਰੰਤ 'ਮਹਾਨ ਗੁਰੂ ਦੇ ਮਹਾਨ ਬੰਦੇ' ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ 700 ਮਰਜੀਵੜੇ ਸਾਥੀ ਅਤੇ ਫਿਰ ਸ਼ਹੀਦ ਬਾਬਾ ਦੀਪ ਸਿੰਘ ਦੇ ਨਾਮ ਲੱਖਾਂ ਹੀ ਸ਼ਹੀਦਾਂ ਤੇ ਸੂਰਬੀਰ ਯੋਧਿਆਂ ਦੇ ਨਾਲ ਸਿੱਖ ਇਤਿਹਾਸ ਵਿਚ ਨੁਮਾਇਆ ਹਨ ਕਿ ਜਿਹੜੇ ਖਾਲਸਾ ਪੰਥ ਦੇ ਸ਼ੁਰੂਆਤੀ ਦੌਰ ਵਿਚ ਸਿੱਖੀ ਕੇਸਾਂ-ਸੁਆਸਾਂ ਨਾਲ ਨਿਭਾਉਂਦੇ ਹੋਏ, ਆਪਣੇ ਆਪ ਨੂੰ ਧਰਮ ਤੇ ਕੌਮ ਤੋਂ ਕੁਰਬਾਨ ਕਰ ਗਏ।

ਪਰ ਅਫ਼ਸੋਸ ਹੈ ਕਿ ਅੱਜ ਅਸੀਂ ਧਰਮ ਲਈ ਸਿਰ ਕਟਾਉਣ ਦੀ ਥਾਂ ਖ਼ੁਦ ਹੀ ਕੇਸ ਕਟਾਉਣ ਜਿਹੀ ਘੋਰ ਅਵੱਗਿਆ ਕਰਕੇ ਸ਼ਰੇਆਮ ਮੂੰਹ-ਕਾਲਸ ਲੈ ਰਹੇ ਹਾਂ। ਫਿਰ ਇਹ ਕੋਝੇ ਕਾਰੇ-ਵਰਤਾਰੇ ਕਰਦੇ ਸਮੇਂ ਸਾਡੇ ਕੌਮੀ ਸਵੈਮਾਣ ਤੇ ਖ਼ੁਦਦਾਰੀ ਨੂੰ ਪਤਾ ਨਹੀਂ ਸੱਟ ਕਿਉਂ ਨਹੀਂ ਵੱਜਦੀ। ਫਿਰ ਇਉਂ ਹੀ ਜੇ ਅਸੀਂ ਆਪਣੇ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ 20ਵੀਂ ਸਦੀ ਦੇ ਲੱਖਾਂ ਨੌਜਵਾਨਾਂ ਦੀਆਂ ਕੁਰਬਾਨੀਆਂ ਦੇ ਇਤਿਹਾਸਿਕ ਬਾਬ ਸਾਡੇ ਸਾਹਮਣੇ ਖੁੱਲ ਜਾਂਦੇ ਹਨ। ਇਸ ਪ੍ਰਸੰਗ ਵਿਚ ਗਦਰੀ ਬਾਬਿਆਂ, ਬਬਰ-ਸ਼ਹੀਦਾਂ ਤੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਤੇ ਉਨ੍ਹਾਂ ਦੇ ਨੌਜਵਾਨ ਕ੍ਰਾਂਤੀਕਾਰੀ ਸਾਥੀਆਂ ਦੀ ਕੁਰਬਾਨੀ ਨੇ ਸਿਰਫ਼ ਪੰਜਾਬੀਆਂ ਨੂੰ ਹੀ ਨਹੀਂ, ਸਗੋਂ ਸਮੁੱਚੇ ਭਾਰਤ ਵਾਸੀਆਂ ਦੀ ਰੂਹ ਨੂੰ ਝੰਜੋੜਿਆ ਹੈ, ਪਰ ਅਸੀਂ ਉਨ੍ਹਾਂ ਨੂੰ ਪਹਿਲੀ ਗੱਲ ਤਾਂ ਜਾਣਦੇ ਹੀ ਨਹੀਂ ਅਤੇ ਜੇ ਫਿਰ ਜਾਣਦੇ ਵੀ ਹਾਂ ਤਾਂ ਅਸੀਂ ਉਨ੍ਹਾਂ ਨੂੰ ਸਮਝਿਆ ਹੀ ਨਹੀਂ ਹੈ। ਕਿੱਸਾ ਮੁਖ਼ਤਸਰ! ਅੱਜ ਅਸੀਂ ਉਨ੍ਹਾਂ ਦੇ ਸਮਾਜਵਾਦੀ ਤੇ ਇਨਕਲਾਬੀ ਫ਼ਲਸਫ਼ੇ ਨੂੰ ਭੁੱਲ ਭੁਲਾ ਕੇ, ਉਨ੍ਹਾਂ ਸ਼ਹੀਦਾਂ ਨੂੰ ਸਿਰਫ਼ ਬੰਬਾਂ-ਪਿਸਤੌਲਾਂ ਵਾਲੇ ਹੀ ਬਣਾ ਰਹੇ ਹਾਂ।

ਇਸ ਤਰ੍ਹਾਂ ਅਸੀਂ ਸਾਰੇ ਤੇ ਖ਼ਾਸ ਕਰਕੇ ਸਾਡਾ ਨੌਜਵਾਨ ਵਰਗ ਮਾਨਸਿਕ ਤੌਰ 'ਤੇ ਸਿਰਫ਼ ਰੰਗੋਂ ਬਦਰੰਗ ਹੀ ਨਹੀਂ ਹੋ ਰਹੇ, ਸਗੋਂ ਸਾਡਾ ਸਮੁੱਚਾ ਸਮਾਜ ਹੀ ਆਪਣੇ



*Original with;*
Kulbir Singh Sidhu(I.A.S)
*Digitized by;*
Panjab Digital Library

ਆਪ ਨੂੰ ਬਹੁਤ ਹੀ ਘਟੀਆ ਕਿਸਮ ਦਾ ਬਹਿਰੂਪੀਆ ਸਾਬਿਤ ਕਰ ਰਿਹਾ ਹੈ। ਜੱਗ ਜਾਣਦਾ ਹੈ ਕਿ ਸਾਡੀ ਇਸ ਘਟੀਆ ਸੋਚ ਤੇ ਘਟੀਆ ਕਿਰਦਾਰ ਦੇ ਨਤੀਜੇ ਇਕ ਦਿਨ ਬੇਹੱਦ ਮਾੜੇ ਹੋਣਗੇ। ਇਸ ਵਾਸਤੇ ਇਹ ਕੋਈ ਵੱਡੀ ਗੱਲ ਨਹੀਂ ਕਿ ਜੇ ਅਸੀਂ ਆਪਣੇ ਪੁਰਖਿਆਂ ਦੇ ਸਭਿਆਚਾਰ, ਇਤਿਹਾਸ ਤੇ ਕਾਰਨਾਮਿਆਂ ਤੋਂ ਜਾਣ-ਬੁੱਝ ਕੇ ਅਣਜਾਣ ਬਣੇ ਰਹੇ ਤਾਂ ਇਕ ਦਿਨ ਸਾਡੀ ਸਵੈਮਾਨੀ ਹੋਂਦ ਤੇ ਹਸਤੀ ਨੂੰ ਫਿਰ ਗੁਲਾਮੀ ਦਾ ਜੂਲਾ ਜਕੜ ਲਵੇਗਾ।

ਖੈਰ! ਸਾਡੀ ਇਸ ਆਪਣੀ ਹੀ ਕੁਤਾਹੀ ਦਾ ਹੱਲ ਇਹ ਹੈ ਕਿ ਅਸੀਂ ਆਪਣੇ ਮਹਾਨ ਪੁਰਖਿਆਂ ਦੇ ਜੀਵਨ ਫ਼ਲਸਫ਼ੇ ਤੇ ਉਨਾਂ ਦੇ ਕਾਰਨਾਮਿਆਂ ਤੋਂ ਖੁਦ ਜਾਣੂੰ ਹੋਈਏ ਅਤੇ ਫਿਰ ਆਪਣੀਆਂ ਨੌਜਵਾਨ ਪੀੜੀਆਂ ਨੂੰ ਆਪਣੇ ਇਤਿਹਾਸ, ਸਭਿਆਚਾਰ ਤੇ ਸਾਹਿਤ ਨਾਲ ਜੋੜੀਏ। ਇਸ ਕੌਮੀ ਕਾਰਜ ਨੂੰ ਨੇਪਰੇ ਚਾੜ੍ਹਨਾ ਹੀ ਸਾਡਾ ਇਕੋ-ਇਕ ਮਿਸ਼ਨ ਤੇ ਟੀਚਾ ਹੋਣਾ ਚਾਹੀਦਾ ਹੈ। ਇਸ ਵਾਸਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਸਭਿਆਚਾਰ ਦੀਆਂ ਨੈਤਿਕ ਤੇ ਸਦਾਚਾਰਿਕ ਕਦਰਾਂ-ਕੀਮਤਾਂ ਸਬੰਧੀ ਆਪਣੇ ਨੌਜਵਾਨਾਂ ਨਾਲ ਸਿੱਧੇ ਤੌਰ 'ਤੇ ਮੁਖਾਤਿਬ ਹੋਈਏ ਅਤੇ ਉਨਾਂ ਨੂੰ ਘਰਾਂ ਤੋਂ ਸਕੂਲਾਂ ਤਕ ਮੁੱਢਲੀ ਸਿੱਖਿਆ ਦੇ ਕੇ ਦੇਸ਼ ਦੇ ਵਧੀਆ ਨਾਗਰਿਕ ਬਣਾਉਣ ਦੀ ਕੋਈ ਸਬੀਲ ਕਰੀਏ। ਪਰ ਅਫ਼ਸੋਸ ਹੈ ਕਿ ਅਸੀਂ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਨਿੱਜੀ ਪੱਧਰ ਤੋਂ ਲੈ ਕੇ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ, ਰਾਜਸੀ ਪਾਰਟੀਆਂ ਤੇ ਸਬੰਧਤ ਸਰਕਾਰੀ ਅਦਾਰਿਆਂ ਤਕ ਜਾਣੇ-ਅਣਜਾਣੇ ਖੁਦ ਹੀ ਅਣਗੌਲਿਆ ਕਰ ਰੱਖਿਆ ਹੈ। ਜ਼ਾਹਿਰ ਹੈ ਕਿ ਇਸ ਪੱਖੋਂ ਸਾਡੀ ਅਲਗਰਜ਼ੀ ਦੇ ਕਾਰਨ ਸਾਡੀਆਂ ਸਮੱਸਿਆਵਾਂ ਵਿਚ ਬੇਲੋੜਾ ਇਜ਼ਾਫਾ ਹੋਇਆ ਹੈ।

ਬਹਿਰਹਾਲ, ਹਾਲੇ ਵੀ ਸਾਡੇ ਵਿਚ ਕੌਮ-ਪ੍ਰਸਤੀ ਦੀ ਥਾਂ ਬਿਗਾਨਿਆਂ ਦੀ ਬੇਮਤਲਬ ਉਸਤਤੀ ਕਰਨ ਦੀ ਪ੍ਰਵਿਰਤੀ ਬਣੀ ਹੋਈ ਹੈ। ਇਸ ਪ੍ਰਥਾਇ ਸਾਨੂੰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਬਾਬਰ, ਔਰੰਗਜ਼ੇਬ ਤੇ ਕਲਾਈਵ ਜਿਹੇ ਗੈਰ ਮੁਲਕੀ ਹੁਕਮਰਾਨਾਂ ਦੇ ਸੋਹਲੇ ਗਾਉਣ ਵਜੋਂ ਜੋ ਸਾਨੂੰ ਅਜ਼ਾਦੀ ਤੋਂ ਪਹਿਲਾਂ ਪੜ੍ਹਾਇਆ ਜਾ ਰਿਹਾ ਸੀ, ਉਹ ਹੀ ਸਭ ਕੁਝ ਹੁਣ ਵੀ ਸਾਡੇ ਬੱਚਿਆਂ ਨੂੰ ਅਸੀਂ ਖੁਦ ਪੜ੍ਹਾ ਰਹੇ ਹਾਂ। ਇਸ ਵਾਸਤੇ ਸਾਡੇ ਵਾਂਗੂੰ ਹੀ ਸਾਡੇ ਵਿਦਿਆਰਥੀ ਵੀ ਆਪਣੇ ਵਿਦਿਅਕ ਕੋਰਸਾਂ ਤੇ ਇਮਤਿਹਾਨਾਂ ਵਿਚ ਆਪਣੇ ਮਹਾਪੁਰਖਾਂ ਤੇ ਸੰਘਰਸ਼ੀ ਯੋਧਿਆਂ ਦੀ ਥਾਂ ਗੈਰ-ਮੁਲਕੀ ਹੁਕਮਰਾਨਾਂ ਤੇ ਧਾੜਵੀਆਂ ਸਬੰਧੀ ਗਿਆਨ, ਵਿਖਿਆਨ ਤੇ ਉਨ੍ਹਾਂ ਦਾ ਗੁਣਗਾਣ ਕਰ ਰਹੇ ਹਨ।

ਪਰ ਅਫਸੋਸ ਦੀ ਗੱਲ ਇਹ ਹੈ ਕਿ ਸਾਨੂੰ ਇਕ ਮੋਟੀ ਜਿਹੀ ਗੱਲ ਸਮਝ ਨਹੀ ਆ ਰਹੀ ਕਿ ਜਿੰਨੀ ਦੇਰ ਅਸੀਂ ਆਪਣੇ ਗੁਰੂ ਸਾਹਿਬਾਨ, ਸ਼ਹੀਦਾਂ ਤੇ ਅਜ਼ਾਦੀ ਵਾਸਤੇ ਲੜਨ ਵਾਲੇ ਸੰਘਰਸ਼ੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਨਹੀਂ



*Original with;*
Kulbir Singh Sidhu(I.A.S)
*Digitized by;*
Panjab Digital Library

ਕਰਦੇ, ਓਨੀ ਦੇਰ ਕੌਮ ਦੇ ਆਚਰਣ ਵਿਚ ਦੇਸ਼-ਭਗਤੀ ਤੇ ਦੇਸ਼-ਪ੍ਰੇਮ ਜਿਹੀਆਂ ਕੌਮੀ ਭਾਵਨਾਵਾਂ ਤੇ ਸਦਾਚਾਰੀ ਸਿਫਤਾਂ ਨਹੀਂ ਆ ਸਕਣਗੀਆਂ। ਫਿਰ ਸਮਝਣ ਵਾਲੀ ਵੱਡੀ ਗੱਲ ਇਹ ਵੀ ਹੈ ਕਿ ਸਾਡੀ ਇਸ ਬੇਸਮਝੀ ਤੇ ਅਲਗਰਜ਼ੀ ਭਰੀ ਕੋਤਾਹੀ ਦਾ ਅਸੀਂ ਪਹਿਲਾਂ ਹੀ ਬਹੁਤ ਖਮਿਆਜ਼ਾ ਭੁਗਤ ਚੁੱਕੇ ਹਾਂ। ਬਸ ਰੱਬ ਹੀ ਜਾਣਦਾ ਹੈ ਕਿ ਦੇਸ਼ ਤੇ ਕੌਮ ਨੂੰ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਵਿਸਾਰਨ ਦੇ ਪੱਖੋਂ ਹੋਰ ਪਤਾ ਨਹੀਂ ਕਿ ਕਿੰਨਾ ਕੁ ਨੁਕਸਾਨ ਭੁਗਤਣਾ ਪਵੇਗਾ; ਬਸ ਰੱਬ ਖ਼ੈਰ-ਮਿਹਰ ਹੀ ਰੱਖੇ।

ਬੱਸ ਹੁਣ ਸਮੇਂ ਦੀ ਇਕੋ ਮੰਗ ਇਹ ਹੀ ਜਾਪਦੀ ਹੈ ਕਿ ਚੀਨ ਦੇ 'ਕਲਚਰਲ ਇਨਕਲਾਬ' ਵਾਂਗੂੰ ਸਮਾਜ ਵਿਚ ਸਭਿਆਚਾਰਕ ਜਾਗ੍ਰਿਤੀ ਤੇ ਕ੍ਰਾਂਤੀ ਲਿਆਂਦੀ ਜਾਵੇ। ਇਸ ਲਈ ਸਭ ਤੋਂ ਪਹਿਲਾਂ ਅਸੀਂ ਅਜ਼ਾਦ ਕੌਮਾਂ ਵਾਂਗ ਆਪਣੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਆਪਣੇ ਸ਼ਾਨਦਾਰ ਵਿਰਸੇ ਤੇ ਵਿਰਾਸਤ ਬਾਰੇ ਘਰਾਂ ਤੋਂ ਸਕੂਲਾਂ ਤੇ ਕਾਲਜਾਂ ਤਕ ਅਤੇ ਫਿਰ ਗਲੀਆਂ-ਮਹੱਲਿਆਂ ਤੇ ਚੌਕਾਂ ਤਕ ਮੁਢਲੀ ਸਿੱਖਿਆ ਦੇ ਰੂਪ ਵਿਚ ਜਾਣੂ ਕਰਵਾਈਏ। ਇਉਂ ਫਿਰ ਅਸੀਂ ਸਾਰੇ ਪੰਜਾਬੀ ਆਪਣੇ ਮਹਾਨ ਪੰਜਾਬੀ ਵਿਰਸੇ ਨੂੰ ਆਪਣੀ ਜੀਵਨ-ਸ਼ੈੱਲੀ ਦਾ ਅੰਗ ਬਣਾਈਏ।

ਗੌਰਤਲਬ ਹੈ ਕਿ ਆਪਣੇ ਮਹਾਨ ਪੁਰਖਿਆਂ ਦੀਆਂ ਅਮੀਰ ਕਦਰਾਂ-ਕੀਮਤਾਂ 'ਤੇ ਅਧਾਰਿਤ ਸ਼ਾਨਾਮੱਤੀ ਵਿਰਾਸਤ ਕਿਸੇ ਵੀ ਕੌਮ ਵਾਸਤੇ ਉਸ ਦਾ ਸਭਿਆਚਾਰ ਹੁੰਦੀ ਹੈ। ਉਹ ਕੌਮਾਂ ਹੀ ਅੱਗੇ ਵਧਦੀਆਂ ਹਨ, ਜੋ ਆਪਣੇ ਪੁਰਖਿਆਂ ਦੀ ਸੰਸਕ੍ਰਿਤੀ ਤੇ ਉਨ੍ਹਾਂ ਦੇ ਨੇਕ ਕਾਰਨਾਮਿਆਂ ਨੂੰ ਸੁਰਜੀਤ ਰਖਦੀਆਂ ਹਨ। ਇਸ ਤਰ੍ਹਾਂ ਹੀ ਫਿਰ ਉਹ ਕੌਮਾਂ ਹੀ ਕਾਇਮ-ਦਾਇਮ ਰਹਿੰਦੀਆਂ ਹਨ ਜੋ ਆਪਣੇ ਵਡੇਰਿਆਂ ਦੇ ਪਾਏ ਸੋਹਣੇ ਪੂਰਨਿਆਂ 'ਤੇ ਚਲਦੀਆਂ ਹਨ ਅਤੇ ਉਨ੍ਹਾਂ ਵੱਲੋਂ ਨਿਸ਼ਚਿਤ ਕੀਤੀਆਂ ਕਦਰਾਂ-ਕੀਮਤਾਂ ਨੂੰ ਆਪਣੇ ਸਾਹਾਂ ਵਾਂਗ ਹੀ ਜਿਉਂਦੀਆਂ ਹਨ।

ਹੁਣ ਜਦੋਂ ਕਿ ਸਰਕਾਰਾਂ ਨੇ ਲੋਕਤੰਤਰ ਦੀ ਡਗਰ ਛੱਡਕੇ ਨਿਰਸੰਦੇਹ ਹੀ ਰਾਜਤੰਤਰ ਦੀ ਸ਼ਾਹਰਾਹ ਫੜ ਲਈ ਹੈ ਤਾਂ ਸਾਡੀਆਂ ਸਰਕਾਰਾਂ ਨੂੰ ਇਹ ਇਲਤਜਾ ਹੈ ਕਿ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਹਰ ਹਾਲ ਵਿਚ ਖੁਸ਼ਹਾਲ ਤੇ ਮਾਲੋ-ਮਾਲ ਕਰਨ ਦੇ ਉਦਮ ਉਪਰਾਲੇ ਕਰਨ। ਇਸ ਵਾਸਤੇ ਸਰਕਾਰਾਂ ਨੂੰ ਅਜ ਲੋੜ ਹੈ ਕਿ ਉਹ ਮੌਜੂਦਾ ਸਮੇਂ ਦੇ ਪ੍ਰਚੱਲਤ ਸ਼ਾਹੀ ਤੌਰ-ਤਰੀਕੇ ਤੇ ਸਰਕਾਰੀ ਚਲਣ ਦੇ ਬਾਵਜੂਦ ਵੀ ਅਵਾਮ ਨੂੰ ਆਪਣੇ ਮਹਾਨ ਸਭਿਆਚਾਰਕ ਵਿਰਸੇ ਨਾਲ ਵਾਬਸਤਾ ਕਰਨ। ਇਸ ਲਈ ਸਾਨੂੰ ਸਮੁੱਚੇ ਤੌਰ 'ਤੇ ਆਪਣੇ ਸ਼ਾਨਾਮੱਤੇ ਇਤਿਹਾਸ ਤੇ ਸਭਿਆਚਾਰ ਨੂੰ ਸੰਭਾਲਣ ਵਾਸਤੇ ਸਭ ਤੋਂ ਪਹਿਲਾਂ 'ਵਿਰਾਸਤ ਤੇ ਸਭਿਆਚਾਰ' ਦੀ ਨੀਤੀ ਦੇ ਨਾਲ-ਨਾਲ ਸਿੱਖਿਆ ਨੀਤੀ, ਖੇਡ ਨੀਤੀ ਅਤੇ ਸੈਰ-ਸਪਾਟੇ ਜਿਹੀਆਂ ਨੀਤੀਆਂ ਬਣਾਉਣ ਤੇ ਸੰਵਾਰਨ ਦੀ ਚਿਰੋਕਣੀ ਲੋੜ 'ਤੇ ਧਿਆਨ ਦੇਣਾ ਚਾਹੀਦਾ ਹੈ। ਫਿਰ ਇਹ ਨੀਤੀਆਂ ਘੜਨ-ਬਣਾਉਣ ਵੇਲੇ ਇਤਿਹਾਸ ਦਾ ਗਿਆਨ ਤੇ ਸਭਿਆਚਾਰਿਕ



*Original with;*
Kulbir Singh Sidhu(I.A.S)
*Digitized by;*
Panjab Digital Library

ਸੋਝੀ ਰਖਣ ਵਾਲੇ ਸੂਝਵਾਨ ਬੁੱਧੀਜੀਵੀਆਂ ਤੇ ਤਜਰਬਾਕਾਰ ਅਫਸਰਾਂ ਤੇ ਸਮਾਜ ਦੇ ਕਾਬਿਲ ਬੰਦਿਆਂ ਤੋਂ ਵੀ ਸਲਾਹ ਲੈਣ ਦੀ ਵੀ ਬੜੀ ਜ਼ਰੂਰਤ ਹੈ।

ਫਿਰ ਸਰਕਾਰੀ, ਧਾਰਮਿਕ ਤੇ ਵਿਦਿਅਕ ਅਦਾਰਿਆਂ ਵਲੋਂ ਇਤਿਹਾਸ, ਸਾਹਿਤ ਤੇ ਸਾਡੇ ਸਭਿਆਚਾਰ ਸਬੰਧੀ ਗਿਆਨ-ਵਿਗਿਆਨ ਦੀ ਜਾਣਕਾਰੀ ਦੇਣ ਵਾਸਤੇ ਸੈਮੀਨਾਰ ਤੇ ਗਿਆਨ-ਗੋਸ਼ਟੀਆਂ ਦੇ ਮੁਕਾਬਲੇ ਰੈਗੂਲਰ ਰੂਪ ਵਿਚ ਕਰਵਾਉਣ ਦੀ ਅਹਿਮੀਅਤ ਨੂੰ ਸਮਝਣ ਦੀ ਅਤਿਅੰਤ ਲੋੜ ਹੈ। ਇਸ ਪ੍ਰਸੰਗ ਵਿਚ ਸਵਾਮੀ ਵਿਵੇਕਾਨੰਦ ਦੀ ਇਕ ਬਹੁਤ ਹੀ ਵਧੀਆ ਨਸੀਹਤ 'ਤੇ ਕੰਨ ਧਰਨ ਤੇ ਅਮਲ ਕਰਨ ਦੀ ਵੀ ਸਾਨੂੰ ਲੋੜ ਹੈ ਕਿ ਸਵਾਮੀ ਜੀ ਨੇ ਕਿਹਾ ਸੀ ਕਿ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਸਬੰਧੀ ਲਿਖਿਆ ਤੇ ਪੜ੍ਹਿਆ ਜਾਣਾ ਬੇਸ਼ੱਕ ਜ਼ਰੂਰੀ ਹੈ, ਪਰ ਇਸ ਤੋਂ ਵੀ ਕਿਤੇ ਵੱਧ ਬੇਹੱਦ ਜ਼ਰੂਰੀ ਇਹ ਹੈ ਕਿ ਆਪਣੀ ਸੰਸਕ੍ਰਿਤੀ ਤੇ ਪ੍ਰੰਪਰਾਵਾਂ ਨੂੰ ਬੋਲ ਕੇ ਸ਼ਬਦਾਂ ਦੁਆਰਾ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ। ਇਸ ਪ੍ਰਥਾਇ ਜੱਗ ਜਾਣਦਾ ਹੈ ਕਿ ਬੁੱਧ ਧਰਮ ਤੇ ਈਸਾਈ ਧਰਮ ਦੁਨੀਆਂ ਵਿਚ ਪ੍ਰਚਾਰਕਾਂ ਤੇ ਸਮਾਜ ਸੇਵਕਾਂ ਦੇ ਸਿਰ 'ਤੇ ਹੀ ਫੈਲੇ ਹਨ।

ਇਸ ਵਾਸਤੇ ਇਸ ਪ੍ਰਸੰਗ ਵਿਚ ਹੁਣ ਸਰਕਾਰ ਅੱਗੇ ਇਕ ਬਹੁਤ ਹੀ ਵੱਡੀ ਚੁਣੌਤੀ ਹੈ ਕਿ ਪੰਜਾਬ ਦੇ ਸ਼ਾਨਦਾਰ ਇਤਿਹਾਸਿਕ, ਸਾਹਿਤਕ ਤੇ ਨਾਯਾਬ ਸਭਿਅਚਾਰਿਕ ਖ਼ਜ਼ਾਨਿਆਂ ਦੀ ਸਾਂਭ-ਸੰਭਾਲ ਲਈ ਸਹੀ ਗਿਆਨ ਤੇ ਸਦਬੁੱਧੀ 'ਤੇ ਆਧਾਰਿਤ ਕੋਈ ਬਹੁਤ ਹੀ ਆਲ੍ਹਾ ਤੇ ਮਿਆਰੀ 'ਸਭਿਆਚਾਰ ਤੇ ਵਿਰਾਸਤ' ਦੀ ਨੀਤੀ ਬਣਾਈ ਜਾਵੇ। ਇਸ ਉਪਰੰਤ ਸਰਕਾਰ ਆਪਣੇ ਸਮੁੱਚੇ ਸਮਾਜ ਨੂੰ ਆਪਣੇ ਵਿਰਸੇ-ਵਿਰਾਸਤ ਪ੍ਰਤੀ ਜਾਗ੍ਰਿਤ ਕਰਨ ਅਤੇ ਖਾਸ ਤੌਰ 'ਤੇ ਆਪਣੀ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਤੇ ਦਸ਼ਾ ਦੇਣ ਹਿੱਤ ਕੋਈ ਨਿੱਗਰ ਉੱਦਮ ਉਪਰਾਲਾ ਕਰੇ। ਫਿਰ ਸਰਕਾਰ ਲਗਦੇ ਹੱਥ ਉੱਤੋ-ਅੜਿੱਤੀ ਆਪਣੀਆਂ ਸਭਿਆਚਾਰਿਕ, ਸਿੱਖਿਆ ਤੇ ਖੇਡ ਅਤੇ ਸੈਰ-ਸਪਾਟੇ ਦੀਆਂ ਨੀਤੀਆਂ ਨੂੰ ਅਪਨਾਉਣ ਤੇ ਲਾਗੂ ਕਰਨ ਵਾਸਤੇ 'ਹੈਰੀਟੇਜ ਤੇ ਕਲਚਰਲ ਕਮਿਸ਼ਨ' ਬਣਾਉਣ ਜਿਹਾ ਆਪਣਾ ਅਹਿਮ ਫ਼ਰਜ਼ ਨਿਭਾਵੇ। ਫਿਰ ਇਹ ਸਭਿਆਚਾਰਕ ਅਦਾਰਾ ਅਜ਼ਾਦਾਨਾ ਤਰੀਕੇ ਨਾਲ ਪੰਜਾਬੀ ਜੀਵਨ ਵਿਚ ਪਹਿਲਾਂ ਪੰਜਾਬ ਦੀ ਸ਼ਾਨਾਮੱਤੀ ਸੰਸਕ੍ਰਿਤੀ ਦਾ ਸਹੀ ਪਰਿਪੇਖ ਵਿਚ ਸੰਚਾਰ ਕਰੇ ਅਤੇ ਫਿਰ ਸਾਡੇ ਵਿਲੱਖਣ ਪੰਜਾਬੀ ਸਭਿਆਚਾਰ ਨੂੰ ਸਾਰੀ ਦੁਨੀਆਂ ਵਿਚ ਨਸ਼ਰ ਕਰਨ ਦਾ ਫ਼ਰਜ਼ ਸਰਅੰਜਾਮ ਦੇਵੇ।

ਇਥੇ ਖਾਸ ਕਰਕੇ ਇਹ ਵੀ ਸਮਝਣ ਵਾਲੀ ਗੱਲ ਹੈ ਕਿ ਜਿੰਨੀ ਦੇਰ ਸਾਡੇ ਵਿਦਿਅਕ ਕੋਰਸ ਸਾਡੇ ਕੌਮੀ ਇਤਿਹਾਸ ਤੇ ਸਾਹਿਤ ਸਬੰਧੀ ਜਾਣਕਾਰੀ ਨੂੰ ਸਹੀ ਤਥਾਂ ਅਨੁਸਾਰ ਸਹੀ ਪ੍ਰਸੰਗ ਵਿਚ ਲਿਆ ਕੇ ਸਾਡੀਆਂ ਹੁਣ ਦੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਨਹੀਂ ਪਹੁੰਚਾਉਂਦੇ ਤਾਂ ਓਨੀ ਦੇਰ ਅਸੀਂ ਕਦਾਚਿੱਤ ਵੀ ਆਪਣੇ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਨਹੀਂ ਜੋੜ ਸਕਾਂਗੇ। ਇਸ



Original with;
Kulbir Singh Sidhu(I.A.S)
Digitized by;
Panjab Digital Library

ਵਾਸਤੇ ਹੁਣ ਇਹ ਅਤਿਅੰਤ ਜ਼ਰੂਰੀ ਹੋ ਗਿਆ ਹੈ ਕਿ ਆਪਣੇ ਗੁਰੂ ਸਾਹਿਬਾਨ, ਸ਼ਹੀਦਾਂ-ਮੁਰੀਦਾਂ ਤੇ ਕੌਮ ਦੇ ਸੰਘਰਸ਼ੀ ਯੋਧਿਆਂ ਦੀ ਮਹਾਨ ਵਿਰਾਸਤ ਨੂੰ ਤੁਰੰਤ ਸੰਭਾਲਿਆ ਜਾਵੇ।

ਹੁਣ ਇਸ ਗਲ ਦੀ ਜ਼ਰੂਰਤ ਹੈ ਕਿ ਅਸੀਂ ਆਪਣੇ ਮਹਾਨ ਪੁਰਖਿਆਂ ਤੇ ਕੌਮੀ ਸਪੂਤਾਂ ਦੀਆਂ ਕੁਰਬਾਨੀਆਂ ਤੇ ਉਨ੍ਹਾਂ ਦੇ ਸੰਘਰਸ਼ੀ ਜੀਵਨਾਂ ਦੀ ਯਾਦ ਨੂੰ ਸੰਭਾਲਦੇ ਹੋਏ, ਪਹਿਲਾਂ ਉਨ੍ਹਾਂ ਬਾਰੇ ਆਪ ਲੋੜੀਂਦੀ ਜਾਣਕਾਰੀ ਹਾਸਿਲ ਕਰੀਏ। ਫਿਰ ਇਸ ਉਪਰੰਤ ਇਹ ਵੀ ਜ਼ਰੂਰੀ ਹੈ ਕਿ ਅਸੀਂ ਕੌਮੀ ਪੱਧਰ 'ਤੇ ਆਪਣੇ ਪੁਰਖਿਆਂ, ਵਡੇਰਿਆਂ ਤੇ ਵਡਿਕਿਆਂ ਦੀ ਜੀਵਨ ਸ਼ੈਲੀ ਤੇ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਨੂੰ ਦੁਨੀਆਂ ਵਿਚ ਨਸ਼ਰ ਕਰੀਏ। ਇਸ ਤਰ੍ਹਾਂ ਸਾਡੇ ਵਲੋਂ ਇਹ ਪਿਤਾ-ਪੁਰਖੀ ਨਿਭਾਉਣ ਜਿਹੇ ਇਸ ਕਰਮ ਦੇ ਸਦਕਾ ਨਿਰਸੰਦੇਹ ਸਾਡਾ ਸ਼ੁਮਾਰ ਦੁਨੀਆਂ ਦੀਆਂ ਸਵੈਮਾਨੀ ਕੌਮਾਂ ਵਿਚ ਹੋ ਸਕੇਗਾ। ਅੱਜ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ, ਸਾਹਿਤ ਤੇ ਸਭਿਆਚਾਰ ਨੂੰ ਸੰਭਾਲਣ ਤੇ ਪ੍ਰਸਾਰਣ ਦਾ ਮਸਲਾ ਪੰਜਾਬ ਦਾ ਸਿਰਫ਼ ਧੁੱਖਦਾ ਮਸਲਾ ਹੀ ਨਹੀਂ, ਸਗੋਂ ਇਹ ਭਖਦਾ ਮਸਲਾ ਬਣ ਚੁਕਾ ਹੈ। ਇਸ ਪਰਿਪੇਖ ਵਿਚ ਹੁਣ ਪਹਿਲ ਦੇ ਅਧਾਰ 'ਤੇ ਸਮੁੱਚੀ ਪੰਜਾਬੀਅਤ ਤੇ ਖਾਸ ਕਰਕੇ ਸਾਡੇ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂਆਂ ਤੇ ਵਿਦਿਅਕ ਸੰਸਥਾਵਾਂ ਵਲੋਂ ਧਿਆਨ ਦੇਣ ਤੇ ਫੌਰੀ ਅਮਲ ਕਰਨ ਦੀ ਲੋੜ ਅਜ ਸਮੇਂ ਦੀ ਇਕੋ-ਇਕ ਮੰਗ ਹੈ।

ਗੌਰਤਲਬ ਹੈ ਕਿ ਅਸੀਂ ਹੁਣ ਗਲੋਬਲ ਤੇ ਅੰਤਰ-ਰਾਸ਼ਟਰੀ ਪ੍ਰਭਾਵਾਂ ਦੇ ਮੱਦੇਨਜ਼ਰ ਆਪਣੇ ਸਮਿਆਂ ਦੇ ਹਾਣੀ ਜ਼ਰੂਰ ਬਣੀਏ। ਇਸ ਵਾਸਤੇ ਅਸੀਂ ਬੇਸ਼ੱਕ ਸੱਤ ਸਮੁੰਦਰਾਂ ਦੇ ਤਾਰੂ ਤੇ ਸੱਤ ਅਕਾਸ਼ਾਂ ਦੇ ਉਡਾਰੂ ਬਣ ਕੇ ਨਵੀਂ ਤਹਿਜ਼ੀਬ ਦੀਆਂ ਨਵੀਆਂ ਫ਼ਿਜ਼ਾਵਾਂ ਤੇ ਬਹਾਰਾਂ ਮਾਣੀਏ; ਪਰ ਇਸ ਦੇ ਨਾਲ ਹੀ ਅਸੀਂ ਆਪਣੇ ਸਮਾਜ ਦੀਆਂ ਅਧਿਆਤਮਿਕ, ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਹਰ ਹੀਲੇ ਬਰਕਰਾਰ ਰੱਖੀਏ। ਇਸ ਲਈ ਅੱਜ ਲੋੜ ਹੈ ਕਿ ਸਾਡੇ ਸਮਾਜ ਦੇ 'ਵੈਲਿਯੂ ਸਿਸਟਮ' ਭਾਵ ਕਦਰਾਂ-ਕੀਮਤਾਂ ਅਨੁਸਾਰ 'ਪ੍ਰੇਮ ਦੇ ਢਾਈ ਅੱਖਰ' ਵਾਲੀ ਪ੍ਰਾਚੀਨ ਪ੍ਰੰਪਰਾ ਤੇ ਮਰਿਆਦਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇ। ਖ਼ੈਰ! ਮੁੱਕਦੀ ਗੱਲ ਇਹ ਹੈ ਕਿ ਬੇਸ਼ੱਕ ਅਸੀਂ ਭਾਵੇਂ ਹੋਰ ਕਿੰਨਾ ਕੁਝ ਹੀ ਛੱਡ ਦੇਈਏ, ਪਰ ਦੇਸ਼ ਪ੍ਰੇਮ, ਭਰਾਤਰੀ ਭਾਵ ਤੇ ਸਦਾਚਾਰੀ ਆਚਰਣ ਕਿਸੇ ਕੀਮਤ 'ਤੇ ਵੀ ਨਾ ਛੱਡੀਏ।

ਮੇਰੇ ਖਿਆਲ ਅਨੁਸਾਰ ਲੰਮੀ-ਚੌੜੀ ਫ਼ਿਲਾਸਫ਼ੀ ਵਿਚ ਨਾ ਪੈਂਦੇ ਹੋਏ, ਪੰਜਾਬ ਦੇ ਸਮੁੱਚੇ ਸਭਿਆਚਾਰ ਦੀ ਵਿਆਖਿਆ ਦੋ ਲਾਈਨਾਂ ਵਿਚ ਹੀ ਕੀਤੀ ਜਾ ਸਕਦੀ ਹੈ। ਸਦੀਆਂ ਤੋਂ ਹੀ ਸਾਡੀ ਸਮੁੱਚੀ ਜੀਵਨ ਸ਼ੈਲੀ ਦੇ ਫ਼ਲਸਫ਼ੇ ਅਨੁਸਾਰ ਸਾਡੇ ਸਭਿਆਚਾਰ ਦਾ ਮੂਲ ਅਧਾਰ 'ਵੱਡਿਆਂ ਦਾ ਸਤਿਕਾਰ, ਭਾਈਚਾਰੇ ਨਾਲ ਸਤਿ ਸ੍ਰੀ ਅਕਾਲ ਦੀ ਸਾਂਝ ਅਤੇ ਬੱਚਿਆਂ ਨਾਲ ਪਿਆਰ' ਰਿਹਾ ਹੈ।

ਇਸ ਵਾਸਤੇ ਅਸੀਂ ਜੇ ਆਪਣੀ ਸਭਿਆਚਾਰਿਕ ਨੀਤੀ ਤੇ ਵਿਦਿਅਕ ਪ੍ਰਣਾਲੀ



Original with;
Kulbir Singh Sidhu(I.A.S)
Digitized by;
Panjab Digital Library

ਵਿਚ ਇਸ ਦੋ-ਸਤਰੀ 'ਬੀਜ ਮੰਤਰ' ਦੀ ਹੀ ਬਹਾਲੀ ਤੇ ਬਕਾਇਮੀ ਕਰ ਦੇਈਏ ਤਾਂ ਵੀ ਸਾਡੇ ਸਮੁੱਚੇ ਸਮਾਜ ਦੀ ਸਾਰੀ ਉਖੜੀ-ਬਿਖੜੀ ਸਭਿਆਚਾਰਿਕ ਚੂਲ੍ਹ ਇਕ ਵਾਰ ਫਿਰ ਤੋਂ ਸੱਚਮੁਚ ਹੀ ਥਾਂ-ਸਿਰ ਆ ਸਕਦੀ ਹੈ।

ਬਹਿਰਹਾਲ! ਇਸ ਵਾਸਤੇ ਅੱਜ ਲੋੜ ਹੈ ਕਿ ਅਸੀਂ ਪਹਿਲਾਂ ਤਾਂ ਸਾਡੇ ਪੁਰਾਣੇ ਸਮਿਆਂ ਤੋਂ ਚੱਲੇ ਆ ਰਹੇ ਆਪਸੀ ਪ੍ਰੇਮ-ਪਿਆਰ 'ਤੇ ਅਧਾਰਿਤ ਇਸ ਸਮਾਜਿਕ ਟੋਟਕੇ ਨੂੰ ਖ਼ੁਦ ਆਪ ਨਾ ਭੁੱਲੀਏ ਅਤੇ ਫਿਰ ਇਸ ਗੁਰ-ਮੰਤਰ ਜਿਹੇ ਇਸ ਜੀਵਨ ਮੰਤਰ ਨੂੰ ਅੱਗੇ ਆਪਣੇ ਬੱਚਿਆਂ ਨੂੰ ਦ੍ਰਿੜ੍ਹ ਕਰਵਾਈਏ। ਇਸ ਸੰਦਰਭ ਵਿਚ ਸਾਡਾ ਜੀਵਨ ਉਦੋਂ ਹੀ ਸਾਰਥਿਕ ਮੰਨਿਆ ਜਾਵੇਗਾ ਕਿ ਜਦੋਂ ਅਸੀਂ ਖ਼ੁਦ ਆਪਣੇ ਵਡੇਰਿਆਂ ਤੇ ਆਪਣੇ ਬੱਚਿਆਂ ਦੀ ਦਰਮਿਆਨੀ ਲਿੰਕ ਪੀੜ੍ਹੀ ਹੋਣ ਵਜੋਂ ਆਪਣੇ ਮਹਾਨ ਪੁਰਖ਼ਿਆਂ ਦੇ ਜੀਵਨ-ਦਰਸ਼ਨ ਤੋਂ ਸਾਨੂੰ ਮਿਲੇ ਮਾਰਗ-ਦਰਸ਼ਨ ਨੂੰ ਅਗੇ ਆਪਣੇ ਭਵਿੱਖ ਦੇ ਸੂਤਰਧਾਰ ਨੌਜਵਾਨਾਂ ਦੀ ਪੀੜ੍ਹੀ ਤੱਕ ਪਹੁੰਚਾ ਸਕਾਂਗੇ।

ਇਥੇ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਅੱਜ ਦੁਨੀਆਂ ਬੜੀ ਸ਼ਿੱਦਤ ਨਾਲ ਸਾਡੇ ਬਾਰੇ ਬਹੁਤ ਕੁਝ ਜਾਨਣ ਲਈ ਤਲਬਗਾਰ ਤੇ ਬੇਕਰਾਰ ਹੈ। ਇਸ ਵਾਸਤੇ ਜੇ ਸਰਕਾਰ ਆਪਣੇ ਕੌਮੀ ਸਪੂਤਾਂ ਪ੍ਰਤੀ ਬਣਦਾ ਆਪਣਾ ਇਹ ਫਰਜ਼ ਅੱਵਲ ਨਿਭਾ ਦੇਵੇ ਤਾਂ ਸਰਕਾਰ ਵਲੋਂ ਕੌਮੀ ਕਲਿਆਣ ਹਿੱਤ ਇਹ ਇਕ ਵੱਡਾ ਕਾਰਨਾਮਾ ਸਿੱਧ ਹੋਵੇਗਾ। ਜ਼ਾਹਿਰ ਹੈ ਕਿ ਇਸ ਤਰ੍ਹਾਂ ਸਾਡੇ ਗੁਰੂ ਸਾਹਿਬਾਨ ਦੀਆਂ ਮਹਾਨ ਦਾਤਾਂ ਅਤੇ ਸਾਡੀ ਕੌਮ ਦੇ ਅਮਰ ਸ਼ਹੀਦਾਂ ਤੇ ਸੰਘਰਸ਼ੀ ਕੌਮੀ ਸਪੂਤਾਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਨੂੰ ਦੁਨੀਆਂ ਵਿਚ ਉਜਾਗਰ ਕਰਨ ਵਜੋਂ ਕੋਈ ਵੀ ਸਰਕਾਰ ਪ੍ਰਸਿਧੀ ਨੂੰ ਪ੍ਰਾਪਤ ਹੋ ਕੇ ਇਤਿਹਾਸ ਵਿਚ ਅਮਰਤਾ ਨੂੰ ਪਹੁੰਚ ਸਕਦੀ ਹੈ।

ਇਸ ਸੰਦਰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਸਾਡੇ ਗੁਰੂ ਸਾਹਿਬਾਨ ਦੀਆਂ ਲੋਕਾਈ ਨੂੰ ਵਰਦਾਨਾਂ ਮਾਤਰ ਮਹਾਨ ਦਾਤਾਂ ਸੰਬੰਧੀ ਸਾਡੇ ਆਪਣੇ ਦੇਸ਼ ਦੀ ਪਾਰਲੀਮੈਂਟ, ਯੂ.ਐੱਨ.ਓ ਤੇ ਯੂਨੈਸਕੋ ਜਿਹੀਆਂ ਅੰਤਰ-ਰਾਸ਼ਟਰੀ ਸੰਸਥਾਵਾਂ ਨੂੰ ਸਹੀ ਇਤਿਹਾਸਕ ਪਰਿਪੇਖ ਵਿਚ ਜਾਣੂ ਕਰਾਉਣ ਦੀ ਲੋੜ ਹੈ। ਆਪਣੀ ਕੌਮ ਦੇ ਅਮੀਰਤਰੀਨ ਵਿਰਸੇ ਤੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਸੰਸਾਰ ਦੇ ਇਤਿਹਾਸ ਵਿਚ ਸ਼ੁਮਾਰ ਕਰਾਉਣ ਵਾਸਤੇ ਇਹ ਅਤਿ ਲੋੜੀਂਦਾ ਕਦਮ ਸਾਬਿਤ ਹੋਵੇਗਾ। ਜ਼ਾਹਿਰ ਹੈ ਕਿ ਇਸ ਤੋਂ ਵੀ ਪਹਿਲਾਂ ਸਾਨੂੰ ਆਪਣੇ ਪੰਜਾਬ ਤੇ ਭਾਰਤ ਦੇ ਇਤਿਹਾਸ ਤੇ ਸਾਹਿਤ ਨੂੰ ਸਹੀ ਪਰਿਪੇਖ ਲਿਆਉਣ ਅਤੇ ਆਪਣੇ ਵਿਦਿਅਕ ਕੋਰਸਾਂ ਤੇ ਸਿਲੇਬਸਾਂ ਵਿਚ ਇਹ ਅਹਿਮ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ। ਰੱਬ ਕਰੇ; ਸਾਡੀਆਂ ਧਾਰਮਿਕ ਤੇ ਰਾਜਸੀ ਸੰਸਥਾਵਾਂ ਨੂੰ ਹੁਣ ਚੋਣਾਵੀ-ਦੰਗਲਾਂ ਦੇ ਨਾਲ-ਨਾਲ ਅਜਿਹੇ ਕੌਮੀ ਕਾਰਜ ਕਰਨ ਦੀ ਕੋਈ ਸੋਝੀ ਤੇ ਸਮਾਂ ਦਰਕਾਰ ਹੋ ਸਕੇ।

ਇਸ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ ਕਿ ਜੇ ਸਰਕਾਰ ਸਾਡੇ ਇਨ੍ਹਾਂ ਸਾਰੇ



Original with;
Kulbir Singh Sidhu(I.A.S)
Digitized by;
Panjab Digital Library

ਸਮਾਜਿਕ ਤੇ ਸਭਿਆਚਾਰਕ ਮਸਲਿਆਂ ਅਤੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਪਛਾਣ ਜਿਹੇ ਕੌਮੀ ਮੁੱਦਿਆਂ ਤੋਂ ਥਿੜਕਦੀ ਹੈ ਤਾਂ ਸਿਆਸੀ ਪੱਧਰ 'ਤੇ ਜੰਗਾਂ ਜਿਹੀਆਂ ਚੋਣਾਂ ਜਿੱਤ ਕੇ ਵੀ ਹਾਰੀ ਸਮਝੀ ਜਾ ਸਕਦੀ ਹੈ। ਉਧਰ ਦੂਜੇ ਪਾਸੇ ਇਸ ਦੇ ਉਲਟ ਜੇ ਕਿਸੇ ਸੂਰਤ ਵਿਚ ਸਰਕਾਰ ਸਿਆਸਤ ਦੀ ਬਾਜ਼ੀ ਵਿਚ ਸਿਆਸੀ ਲੜਾਈ ਹਾਰ ਵੀ ਜਾਂਦੀ ਹੈ, ਪਰ ਜੇ ਉਹ ਪੰਜਾਬ ਦੀ ਅਧਿਆਤਮਕ ਤੇ ਸਭਿਆਚਾਰਕ ਵਿਰਾਸਤ ਨੂੰ ਸੰਭਾਲ ਲੈਂਦੀ ਹੈ ਤਾਂ ਇਹ ਸਰਕਾਰ ਦੀ ਨਿਰਸੰਦੇਹ ਇਕ ਕਾਇਮ-ਦਾਇਮ ਰਹਿਣ ਵਾਲੀ ਚਿਰ-ਸਥਾਈ ਜਿਤ ਸਾਬਿਤ ਹੋ ਸਕਦੀ ਹੈ। ਬਹਿਰਹਾਲ, ਇਸ ਸਾਰੀ ਸੂਰਤੇਹਾਲ ਵਿਚ ਜੋ ਵੀ ਸਰਕਾਰ ਜਾਂ ਸੰਸਥਾ ਆਪਣੀ ਕੌਮੀ ਧਰੋਹਰ ਤੇ ਸਭਿਆਚਾਰਕ ਸਰਮਾਏ ਦੇ ਖ਼ਜ਼ਾਨਿਆਂ ਨੂੰ ਸੰਭਾਲਦੀ ਹੈ ਤਾਂ ਇਤਿਹਾਸ ਉਸ ਦੇ ਇਸ ਮਹਾਨ ਕਾਰਨਾਮੇ ਨੂੰ ਬਿਲਾ-ਸ਼ੱਕ ਇਕ ਵੱਡੀ ਜਿੱਤ ਦੇ ਰੂਪ ਵਿਚ ਅੰਕਿਤ ਕਰੇਗਾ। ਜ਼ਾਹਿਰ ਹੈ ਕਿ ਸਾਡੀ ਸਮੁੱਚੀ ਕੌਮ ਦਾ ਇਹ ਕਰਮ ਪੰਜਾਬ ਦੇ ਮਹਾਨ ਯੋਧੇ ਪੋਰਸ ਵਾਂਗੂੰ ਸਿਕੰਦਰ ਦੇ ਖਿਲਾਫ਼ ਹਾਰ ਕੇ ਵੀ ਜਿੱਤਣ ਦੇ ਬਰਾਬਰ ਹੋਵੇਗਾ।

ਸ਼ਾਲਾ! ਇਸ ਵਾਸਤੇ ਹੁਣ ਕੌਮੀ ਪੱਧਰ 'ਤੇ ਅਸੀਂ ਅਜ਼ਾਦ ਕੌਮਾਂ ਵਾਂਗੂੰ ਘੱਟੋ-ਘੱਟ ਆਪਣੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਦੀ ਪ੍ਰਤੀਕ 'ਹੈਰੀਟੇਜ ਤੇ ਕਲਚਰ' ਦੀ ਕੋਈ ਨਿੱਗਰ ਨੀਤੀ ਬਣਾ ਸਕੀਏ। ਇਸ ਲਈ ਹੁਣ ਇਸ ਅਹਿਮ ਕੌਮੀ ਮੁੱਦੇ 'ਤੇ ਬੜੀ ਸੰਜੀਦਗੀ ਨਾਲ ਵਿਚਾਰ ਕਰਨ ਅਤੇ ਇਸ ਤੋਂ ਵੀ ਵੱਧ ਸਾਡੇ ਸਭ ਵਲੋਂ ਸਮੁੱਚੇ ਤੌਰ 'ਤੇ ਜੰਗੀ ਪੱਧਰ 'ਤੇ ਇਕ ਸੰਗਰਾਮ ਵਿੱਢਣ ਦੀ ਲੋੜ ਹੈ। ਮੁੱਕਦੀ ਗੱਲ! ਜੇ ਅਸੀਂ ਆਪਣੀ ਹੈਰੀਟੇਜ ਤੇ ਕਲਚਰਲ ਪਾਲਿਸੀ ਵਿਚ ਪੰਜਾਬ, ਪੰਜਾਬੀਅਤ, ਮਾਂ ਬੋਲੀ ਪੰਜਾਬੀ ਅਤੇ ਸਮੁੱਚੇ ਪੰਜਾਬੀਆਂ ਦੇ ਸਵੈਮਾਣ, ਵਿਕਾਸ ਤੇ ਖੁਸ਼ਹਾਲੀ ਜਿਹੇ ਮੁੱਖ ਉਦੇਸ਼ਾਂ ਤੇ ਮੰਤਵਾਂ ਨੂੰ ਸ਼ਾਮਲ ਕਰਕੇ ਪੂਰੀ ਨਿਸ਼ਠਾ ਤੇ ਦ੍ਰਿੜ੍ਹਤਾ ਨਾਲ 'ਸ਼ਹੀਦੀ ਪਹਿਰਾ' ਦੇ ਦਿੰਦੇ ਹਾਂ ਤਾਂ ਨਿਰਸੰਦੇਹ ਸਾਡੇ ਸੋਹਣੇ ਪੰਜਾਬ ਤੇ ਪੰਜਾਬੀਆਂ ਨੂੰ ਰੱਬ ਦੀਆਂ ਸੱਤੋਂ ਹੀ ਖ਼ੈਰਾਂ ਹਨ। ਰੱਬ ਰਾਖਾ।



*Original with;*
Kulbir Singh Sidhu(I.A.S)
*Digitized by;*
Panjab Digital Library

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀਆਂ ਆਸਾਂ-ਉਮੀਦਾਂ

ਸਾਡੇ ਸੰਵਿਧਾਨ ਅਨੁਸਾਰ ਸਾਡੀ ਲੋਕਤੰਤਰੀ ਪ੍ਰਣਾਲੀ ਵਿਚ ਸਭ ਕੁੱਝ ਵਧੀਆ ਹੈ, ਪਰ ਅਸੀਂ ਸਮਾਂ ਪਾ ਕੇ ਲੋਕਤੰਤਰ ਨੂੰ ਰਾਜਤੰਤਰੀ ਸੱਤਾ ਦੇ ਰਾਹ ਪਾ ਲਿਆ ਹੈ। ਅਸੀਂ ਇਸ ਲਈ ਆਪਣੀ ਸੁਆਰਥ ਸਿੱਧੀ ਵਾਸਤੇ ਦੇਸ਼ ਭਗਤੀ ਨੂੰ ਜੇਬ ਭਗਤੀ ਤੇ ਲੋਕ ਸੇਵਾ ਨੂੰ ਜੇਬ ਸੇਵਾ ਬਣਾ ਲਿਆ ਹੈ। ਸਗੋਂ ਹੁਣ ਤਾਂ ਲੋਕ-ਸੇਵਾ ਸਾਡੇ ਸਮਾਜ ਵਿਚ ਸਾਡੇ ਵਾਸਤੇ ਬਸ ਘਰੋਗੀ-ਘਰੇਲੂ ਸੇਵਾ ਹੀ ਬਣ ਗਈ ਹੈ ਕਿਉਂਕਿ ਅਸੀਂ ਇਸ ਨੂੰ ਜੇਬ ਸੇਵਾ ਤੋਂ ਅੱਗੇ ਆਪਣੇ ਹੋਰ ਕਿੰਨੇ ਹੀ ਨਿੱਜੀ ਸੁੱਖ ਸਾਧਨਾਂ ਦੀ ਪੂਰਤੀ ਵਜੋਂ ਵਰਤਣ ਲੱਗ ਪਏ ਹਾਂ। ਦਰਅਸਲ, ਹੁਣ ਸਾਨੂੰ ਸਮਾਜ ਸੇਵਾ ਤੇ ਲੋਕ ਭਲਾਈ ਜਿਹੇ ਸੇਵਾ ਦੇ ਪਿਆਰੇ ਸੰਕਲਪ ਉਦੋਂ ਹੀ ਯਾਦ ਆਉਂਦੇ ਹਨ ਕਿ ਜਦੋਂ 5 ਸਾਲ ਬਾਅਦ ਚੋਣਾਂ ਸਾਡੇ ਬੂਹੇ 'ਤੇ ਆ ਖੜ੍ਹੀਆਂ ਹੁੰਦੀਆਂ ਹਨ।

ਫਿਰ ਉਦੋਂ ਰਾਜਸੱਤਾ ਵਾਲੇ ਨੇਤਾ ਆਪਣੇ ਰਾਜਭਾਗ ਦੀ ਸੁਰੱਖਿਆ ਤੇ ਦੂਜੇ ਪਾਸੇ ਵਿਰੋਧੀ ਧਿਰਾਂ ਦੇ ਆਗੂ ਆਪਣੇ ਰਾਜਭਾਗ ਦੀ ਦੁਬਾਰਾ ਤੋਂ ਬਹਾਲੀ ਵਾਸਤੇ 'ਲੋਕਾਂ ਦੇ ਦਰਬਾਰ' ਵਿਚ ਆਉਂਦੇ ਹਨ। ਬੇਸ਼ੱਕ ਹੁਣ ਕਹਿਣ ਨੂੰ ਤਾਂ ਇਹ ਲੋਕ ਰਾਜ ਸਾਡੇ ਲੋਕਾਂ ਦਾ ਹੀ ਰਾਜ ਹੈ, ਪਰ ਅਸਲ ਵਿਚ ਲੋਕਾਂ ਦੀ ਪੁੱਛ-ਪ੍ਰਤੀਤ ਤਾਂ ਸਿਰਫ਼ ਤੇ ਸਿਰਫ਼ ਚੋਣਾਂ ਦੌਰਾਨ ਹੀ ਕੁੱਝ ਕੁ ਦਿਨ ਲਈ ਸਿਆਸਤ ਦੇ ਰਾਜਿਆਂ ਨੂੰ ਚੁਣਨ ਖਾਤਿਰ ਹੀ ਹੁੰਦੀ ਹੈ। ਅਸੀਂ ਜਾਣਦੇ-ਬੁਝਦੇ ਹੋਏ ਵੀ ਕਿ ਸਾਡੇ ਆਗੂਆਂ ਦਾ ਸਾਡੇ ਸਮਾਜ ਦੀਆਂ ਧਾਰਮਿਕ ਤੇ ਰਾਜਨੀਤਿਕ ਸਮੱਸਿਆਵਾਂ ਪ੍ਰਤੀ ਰੁਖ-ਰਵਈਆ ਬਾਦਸ਼ਾਹ ਨੀਰੋ ਵਰਗਾ ਬਣਿਆ ਹੋਇਆ ਹੈ ਜਿਹੜਾ ਕਿ ਰੋਮ ਸ਼ਹਿਰ ਜਲਣ ਵੇਲੇ ਆਪਣੀ ਬੰਸਰੀ ਵਜਾ ਰਿਹਾ ਸੀ। ਅਸੀਂ ਇਹ ਸਭ ਕੁਝ ਸਮਝਦੇ ਹੋਏ ਵੀ ਆਪਣੀ ਉਲਾਰ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਧੜੇਬੰਦੀਆਂ ਤੇ ਫਿਰਕਾਪ੍ਰਸਤੀ ਦੇ ਅਧਾਰ 'ਤੇ ਆਪਣੇ ਸਿਆਸੀ ਆਗੂਆਂ ਨੂੰ ਹੀ ਚੁਣਦੇ ਹਾਂ।

ਅਫ਼ਸੋਸ ਹੈ ਕਿ ਸਾਡੇ ਲੋਕਤੰਤਰੀ ਢਾਂਚੇ ਵਿਚ ਸਮਾਂ ਪੈ ਕੇ ਚੋਣਾਂ ਦਾ ਪ੍ਰਚਲਣ ਕੁੱਝ ਇਸ ਤਰ੍ਹਾਂ ਜਿਹੇ ਦਾ ਹੋ ਗਿਆ ਹੈ ਕਿ ਵੋਟਾਂ ਦੇ ਦਿਨਾਂ ਵਿਚ ਹੁਣ ਕੁੱਝ ਦਿਨ ਵਾਸਤੇ ਚੋਣ ਮਨੋਰਥ ਪੱਤਰਾਂ ਤੇ ਲਾਰੇ-ਲੱਪੇ ਜਿਹੇ ਵਾਅਦੇ ਭਰਪੂਰ ਐਲਾਨਾਮਿਆਂ ਤੋਂ ਇਲਾਵਾ ਲੋਕਾਂ ਦੀ ਖੁੱਲ੍ਹੇ ਦਾਰੂ-ਸਿੱਕੇ ਤੇ ਥੋੜ੍ਹੇ ਬਹੁਤੇ ਦਮੜਿਆਂ ਦੇ ਨਾਲ-ਨਾਲ ਦਿਨ-ਰਾਤ ਭਰਪੂਰ ਸੇਵਾ ਹੁੰਦੀ ਹੈ। ਪਰ ਅਫ਼ਸੋਸ ਹੈ ਕਿ ਸਾਡੇ ਲੋਕਤੰਤਰੀ ਢਾਂਚੇ ਵਿਚ ਸਮਾਂ ਪੈ ਕੇ ਚੋਣਾਂ ਦਾ ਪ੍ਰਚਲਣ ਬਸ ਕੁੱਝ ਇਸ ਤਰ੍ਹਾਂ ਜਿਹੇ ਦਾ ਹੀ ਹੋ ਗਿਆ



Original with;
Kulbir Singh Sidhu(I.A.S)
Digitized by;
Panjab Digital Library

ਹੈ ਕਿ ਵੋਟਾਂ ਲੈਣ ਵੇਲੇ ਤਾਂ ਜਨਤਾ ਨੂੰ ਮਾਈ-ਬਾਪ ਬਣਾ ਦਿੱਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਫਿਰ ਪੂਰੇ 5 ਸਾਲ ਲਈ ਸਿਆਸਤੀ ਆਗੂਆਂ ਵਲੋਂ 'ਤੂੰ ਕੌਣ ਤੇ ਮੈਂ ਕੌਣ' ਵਾਲੀ ਖੇਡ ਚਲਦੀ ਰਹਿੰਦੀ ਹੈ। ਇਸ ਲਈ ਸਾਡੇ ਇਹ ਇਲੈਕਸ਼ਨ ਉਮੀਦਵਾਰਾਂ ਅਤੇ ਸਿਆਸੀ ਲੋਕਾਂ ਨਾਲੋਂ ਆਮ ਲੋਕਾਂ ਤੇ ਖਾਸ ਕਰਕੇ ਚੋਣਕਾਰਾਂ ਵਾਸਤੇ ਇਕ ਵੱਡਾ ਇਮਤਿਹਾਨ ਹੁੰਦੇ ਹਨ ਕਿ ਉਹ ਆਪਣੀ ਭਲਾਈ ਤੇ ਵਿਕਾਸ ਲਈ ਆਪਣੇ ਕਿਹੋ-ਜਿਹੇ ਨੁਮਾਇੰਦੇ ਚੁਣਦੇ ਹਨ।

ਫਿਰ ਗੌਰਤਲਬ ਹੈ ਕਿ ਅਸੀਂ ਆਪਣੇ ਲੀਡਰਾਂ ਤੋਂ ਆਸ-ਉਮੀਦ ਤਾਂ ਬਹੁਤ ਰਖਦੇ ਹਾਂ, ਪਰ ਆਪਣੇ ਜਨਮਜਾਤ ਹੱਕਾਂ ਤੇ ਕੌਮ ਦੀ ਖੁਸ਼ਹਾਲੀ ਦੀ ਮੰਗ ਕਰਨ ਤੋਂ ਸੰਕੋਚ ਕਰਦੇ ਹਾਂ ਕਿਉਂਕਿ ਅਸੀਂ ਆਪਣੀਆਂ ਨਿੱਜੀ ਗਰਜ਼ਾਂ ਤੇ ਲਾਲਚ ਨੂੰ ਤਰਜੀਹ ਦਿੰਦੇ ਹਾਂ। ਫਿਰ ਖਾਸ ਕਰਕੇ ਚੋਣਾਂ ਵੇਲੇ ਸਾਡੇ ਵੋਟਰ ਕੁਝ-ਕੁ ਨੋਟਾਂ ਜਾਂ ਦਾਰੂ ਪਿਆਲੇ ਜਾਂ ਹੋਰ ਬਹੁਤ ਹੀ ਛੋਟੇ-ਛੋਟੇ ਲਾਲਚਾਂ ਵਿਚ ਆ ਕੇ ਪੰਜ ਸਾਲ ਲਈ ਆਪਣੀਆਂ ਕੌਮ ਪ੍ਰਤੀ ਵੱਡੀਆਂ ਆਸਾਂ-ਉਮੀਦਾਂ ਨੂੰ ਮੁਲਤਵੀ ਕਰ ਦਿੰਦੇ ਹਨ। ਇਉਂ ਅਸੀਂ ਖ਼ੁਦ ਹੀ ਆਪਣੀ ਬਦਹਾਲੀ ਤੇ ਮੰਦਹਾਲੀ ਦੇ ਮੂਕ ਦਰਸ਼ਕ ਬਣੇ ਹੋਏ ਹਾਂ।

ਖੈਰ! ਹੁਣ ਇਹ ਗੱਲ ਤਾਂ ਛੱਡੋ ਕਿਉਂਕਿ ਜਦੋਂ ਵੋਟਾਂ ਪਾਉਣ-ਪੁਆਉਣ ਦਾ ਭਾਣਾ ਵਰਤ ਚੁੱਕਾ ਹੁੰਦਾ ਹੈ ਤਾਂ; ਸਾਡੇ ਆਗੂਆਂ ਨੂੰ ਸਿਰਫ਼ ਰਾਜਸੱਤਾ ਦੀ ਕੁਰਸੀ ਸੰਭਾਲਣ ਦਾ ਫਿਕਰ ਹੀ ਬਾਕੀ ਰਹਿ ਜਾਂਦਾ ਹੈ। ਫਿਰ ਜਦੋਂ ਸਰਕਾਰ ਬਣ ਜਾਂਦੀ ਹੈ ਤਾਂ ਲੋਕਾਂ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਨੂੰ ਅਜਿਹੀ ਸਰਕਾਰ ਮਿਲੇ ਜੋ ਕਿ ਸਮੁੱਚੇ ਪੰਜਾਬ ਦੇ ਹਿੱਤ ਵਿਚ ਲੋੜੀਂਦੀ ਰਾਜਸੀ ਇੱਛਾ ਸ਼ਕਤੀ ਤੇ ਦ੍ਰਿੜ੍ਹਤਾ ਨਾਲ ਫੈਸਲੇ ਲੈ ਸਕੇ ਅਤੇ ਪੰਜਾਬ ਤੇ ਪੰਜਾਬੀਅਤ ਨੂੰ ਦਰਪੇਸ਼ ਮਸਲਿਆਂ ਦਾ ਕੋਈ ਯੋਗ ਹੱਲ ਲੱਭੇ।

ਇਸ ਵਾਸਤੇ ਪੰਜਾਬੀਆਂ ਨੂੰ ਹਮੇਸ਼ਾਂ ਉਮੀਦ ਰਹੀ ਹੈ ਕਿ ਸਾਡਾ ਮੁਖ ਮੰਤਰੀ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਅਤੇ ਪੰਜਾਬ ਦੇ ਨੈਤਿਕ ਕਦਰਾਂ-ਕੀਮਤਾਂ ਵਾਲੇ ਸਭਿਆਚਾਰ ਦਾ ਅਲੰਬਰਦਾਰ ਹੋਵੇ। ਇਉਂ ਹੁਣ ਲੋਕ ਅਰਦਾਸਾਂ ਕਰਦੇ ਹਨ ਕਿ ਅਕਾਲ ਪੁਰਖਿ ਵਾਹਿਗੁਰੂ ਸਾਡੇ ਸਮੁੱਚੇ ਸਮਾਜ ਨੂੰ ਬਲ-ਬੁੱਧੀ ਬਖਸ਼ੇ ਤਾਂ ਕਿ ਪੰਜਾਬ ਵਿਚ ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਦੇ ਦੈਂਤ ਨਾਲ ਯੁੱਧ ਰਚਾਇਆ ਜਾ ਸਕੇ। ਸੌ ਹੱਥ ਰੱਸਾ ਸਿਰੇ ਤੇ ਗੰਢ; ਹੁਣ ਸਾਡੀ ਜਨਤਾ ਸੰਕਟਮੋਚਨ ਹਨੂੰਮਾਨ ਜੀ ਤੇ ਉਨ੍ਹਾਂ ਦੀ ਸੰਜੀਵਨੀ ਬੂਟੀ ਜਿਹੀ ਰਾਹਤ ਦੀ ਉਡੀਕ ਵਿਚ ਹੈ।

ਪੰਜਾਬ ਦੇ ਵਰਤਮਾਨ ਸਮੇਂ ਦੇ ਪ੍ਰਸੰਗ ਵਿਚ ਪੰਜਾਬ ਦੇ ਭਵਿੱਖ ਦਾ ਇਹ ਭਖਦਾ ਮਸਲਾ ਅਤਿ ਚਿੰਤਾਜਨਕ ਬਣ ਗਿਆ ਹੈ ਕਿ ਮੌਜੂਦਾ ਦੌਰੇ-ਦੌਰਾਂ ਵਿਚ ਪੰਜਾਬ ਦੀ ਧਰਤੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਕਦਰਾਂ-ਕੀਮਤਾਂ ਦੇ ਨਿਘਾਰ ਦੇ ਕਾਰਣ ਅਤੇ ਕਰਜ਼ਾਈ ਅਰਥਚਾਰੇ ਦੇ ਬੋਝ ਨਾਲ ਬੋਝਲ ਹੋ ਕੇ ਦਿਨ-ਬ-ਦਿਨ ਨਿਘਰਦੀ ਜਾ ਰਹੀ ਹੈ। ਪ੍ਰਮਾਤਮਾ ਕਰੇ ਕਿ ਸਾਡੇ ਇਹ ਰਾਜਸੀ ਰਹਿਨੁਮਾ ਗੁਰੂ ਦੇ 'ਧਰਤੀ-ਧਕੇਲ ਸਿੰਘ' ਬਣ ਕੇ ਪੰਜਾਬ ਦੀ ਸਰਜ਼ਮੀਨ ਨੂੰ ਉਗਾਸਾ ਦੇਣ ਅਤੇ ਪੰਜਾਬੀਅਤ ਨੂੰ ਡੋਬੂ ਹੋਣ ਤੋਂ ਬਚਾ ਸਕਣ।



*Original with;*
Kulbir Singh Sidhu(I.A.S)
*Digitized by;*
Panjab Digital Library

ਅੱਜ ਸਭ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਦੀ ਬੇਹਤਰੀ ਤੇ ਖ਼ੁਸ਼ਹਾਲੀ ਵਾਸਤੇ ਖੇਤਰੀ ਮੁੱਦਿਆਂ ਨੂੰ ਸਮਝਣ ਅਤੇ ਹੱਲ ਕਰਨ ਦੀ ਲੋੜ ਹੈ। ਅਸੀਂ ਜਾਣਦੇ ਹਾਂ ਕਿ ਬੇਸ਼ੱਕ ਸਿੱਖਾਂ ਦੀ ਪਛਾਣ ਦਾ ਮਸਲਾ ਪੰਜਾਬ ਤੋਂ ਲੈ ਕੇ ਦੇਸ਼ ਅਤੇ ਉਸ ਤੋਂ ਅੱਗੇ ਅੰਤਰਰਾਸ਼ਟਰੀ ਪੱਧਰ 'ਤੇ ਅਤਿ ਗੰਭੀਰ ਮਸਲਾ ਬਣ ਚੁੱਕਾ ਹੈ। ਪਰ ਫਿਰ ਵੀ ਖੇਤਰੀ ਪੱਧਰ 'ਤੇ ਲੋਕਾਂ ਨੂੰ ਨਿੱਤ ਦਿਹਾੜੇ ਦਰਪੇਸ਼ ਲੋਕਲ ਮੁੱਦਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਬਣਦਾ ਹੈ ਕਿਉਂਕਿ ਜੇ ਇਨ੍ਹਾਂ ਘਾਤਕ ਮੁੱਦਿਆਂ ਨੇ ਪੰਜਾਬੀਅਤ ਹੀ ਨਾ ਰਹਿਣ ਦਿੱਤੀ ਤਾਂ ਫਿਰ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਵਿਲੱਖਣ ਪਛਾਣ ਦੀ ਬਹਾਲੀ ਦੀ ਗੱਲ ਕਰਨੀ ਬੇਮਾਇਅਨੇ ਹੋ ਕੇ ਫਜ਼ੂਲ ਜਿਹੀ ਕਾਰਵਾਈ ਬਣ ਜਾਵੇਗੀ।

ਇਸ ਸੰਦਰਭ ਵਿਚ ਅੱਜ ਇਹ ਗੱਲ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਹੈ ਕਿ ਹੁਣ ਹਥਿਆਰਾਂ ਦੇ ਧਾੜਵੀ ਹਮਲਿਆਂ ਤੋਂ ਕਿਤੇ ਵੱਧ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਤਸੱਕਰੀ ਹਮਲੇ ਸਮਾਜ ਤੇ ਕੌਮ ਲਈ ਬੇਹੱਦ ਘਾਤਕ ਹਨ। ਇਸ ਲਈ ਹੁਣ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਵਾਸਤੇ ਆਪਣੇ 'ਜੰਗਲ ਰਾਜ' ਅਤੇ ਸਮੁੱਚੀ ਪ੍ਰਸ਼ਾਸਨਿਕ ਵਿਵਸਥਾ ਨੂੰ ਸੋਧ ਕੇ ਆਪਣੇ ਸਹੀ ਸਥਾਨ ਤੇ ਸਹੀ ਪਰਿਪੇਖ ਵਿਚ ਲਿਆਉਣ ਦਾ ਕਾਰਜ ਹੋਰ ਸਭ ਕਾਸੇ ਤੋਂ ਜ਼ਰੂਰੀ ਹੈ। ਹੁਣ ਵਧਦੀ ਅਬਾਦੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗਰੀਬੀ ਤੇ ਕਿਰਸਾਣੀ ਦੀਆਂ ਸਮੱਸਿਆਵਾਂ, ਪੰਜਾਬੀ ਤਹਿਜ਼ੀਬ, ਸਭਿਆਚਾਰ, ਪੰਜਾਬੀ ਭਾਸ਼ਾ ਦੀ ਦੁਰਦਸ਼ਾ ਅਤੇ ਸਮਾਜ ਦੀ ਜੀਵਨਸ਼ੈਲੀ ਵਿਚ ਮਨਫੀ ਹੋ ਰਹੇ ਸਦਾਚਾਰ ਤੇ ਸਲੀਕੇ ਵਰਗੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਣਾ ਪਵੇਗਾ।

ਮੇਰੇ ਇਕ ਨਿਗੂਣੇ ਜਿਹੇ ਸੁਝਾਅ ਮੁਤਾਬਿਕ ਪੰਜਾਬੀ ਸਭਿਆਚਾਰ ਵਿਚ ਸਦਾਚਾਰ ਤੇ ਸਲੀਕੇ ਜਿਹੀਆਂ ਵਿਸ਼ੇਸ਼ਤਾਵਾਂ ਨੂੰ ਪੁਨਰ-ਸੁਰਜੀਤ ਕਰਨ ਲਈ ਸੁਧਾਰਨ ਤੇ ਉਭਾਰਨ ਦੀ ਲੋੜ ਹੈ। ਸਾਡਾ ਸ਼ਾਨਾਮੱਤਾ ਇਤਿਹਾਸ ਹੈ ਤੇ ਅਮੀਰ ਸਾਹਿਤ ਹੈ, ਪਰ ਅਸੀਂ ਇਸ ਨੂੰ ਪ੍ਰਚਾਰਨ ਤੇ ਪ੍ਰਸਾਰਨਾ ਵਿਚ ਬਿਲਕੁੱਲ ਅਸਫਲ ਰਹੇ ਹਾਂ। ਅਫਸੋਸ ਦੀ ਗੱਲ ਹੈ ਕਿ ਅਸੀਂ ਇਹ ਵੀ ਜਾਣਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਗੁਰੂਆਂ, ਪੀਰਾਂ ਤੇ ਸ਼ਹੀਦਾਂ ਦੇ ਵਿਰਸੇ-ਵਿਰਾਸਤ ਨੂੰ ਅੱਗੇ ਦੁਨੀਆਂ ਨੂੰ ਨਹੀਂ ਦੱਸ ਸਕਦੀਆਂ, ਉਨ੍ਹਾਂ ਕੌਮਾਂ ਨੂੰ ਕੋਈ ਧੇਲੇ ਵੱਟੇ ਵੀ ਨਹੀਂ ਸਿਆਣਦਾ। ਇਸ ਪ੍ਰਸੰਗ ਵਿਚ ਹੋਰਨਾਂ ਧਾਰਮਿਕ ਤੇ ਸਦਾਚਾਰਕ ਉੱਦਮ-ਉਪਰਾਲਿਆਂ ਤੋਂ ਇਲਾਵਾ ਅਤਿ ਸਲੀਕੇ ਭਰਪੂਰ ਤੇ ਸ਼ਾਇਰਾਨਾ ਉਰਦੂ ਜ਼ੁਬਾਨ ਨੂੰ ਵੀ ਸੰਨ 1947 ਦੀ ਪੰਜਾਬ ਵੰਡ ਸਮੇਂ ਦੀ ਕੱਟੜਵਾਦ ਸੰਪ੍ਰਦਾਇਕਤਾ ਦੇ ਦਾਇਰੇ ਵਿਚੋਂ ਕੱਢ ਕੇ ਫਿਰ ਤੋਂ ਪੰਜਾਬੀਆਂ ਦੀ ਸਦੀਆਂ ਤੋਂ ਚੱਲੀ ਆ ਰਹੀ ਬੋਲ ਬਾਣੀ ਵਿਚ ਦੁਬਾਰਾ ਤੋਂ ਯੋਗ ਸਥਾਨ ਦੇਣ ਦੀ ਅਹਿਮੀਅਤ ਨੂੰ ਸਮਝਣਾ ਪਵੇਗਾ। ਹੁਣ ਇਨ੍ਹਾਂ ਸਾਰੇ ਪੰਜਾਬ ਹਿਤੈਸ਼ੀ ਤੇ ਲੋਕ ਭਲਾਈ ਦੇ ਕਾਰਜਾਂ ਵਾਸਤੇ ਕੋਈ ਹੋਰ ਸਮਾਂ ਗੁਆਏ ਬਿਨਾਂ ਹੁਣ ਹੀ ਲੋੜੀਂਦੀ ਕਾਰਵਾਈ ਸ਼ੁਰੂ ਕਰਨ ਦੀ ਲੋੜ ਹੈ।



Original with;
Kulbir Singh Sidhu(I.A.S)
Digitized by;
Panjab Digital Library

ਫਿਰ ਇਨ੍ਹਾਂ ਸਾਰੇ ਮੁੱਦਿਆਂ ਵਿਚੋਂ ਸਭ ਤੋਂ ਵੱਡਾ ਮਸਲਾ ਅੱਜ ਪੰਜਾਬ ਵਿਚ ਫੈਲ ਚੁਕੇ ਨਸ਼ਿਆਂ ਦੇ ਦਾਵਾਨਲ ਤੇ ਪੁਲਸਿਰਾਤੀ ਛੇਵੇਂ ਦਰਿਆ ਦਾ ਹੈ। ਜੰਗਲ ਦੀ ਅੱਗ ਵਾਂਗੂੰ ਫੈਲੇ ਨਸ਼ਿਆਂ ਨੇ ਪੰਜਾਬ ਦੀ ਅੱਧੀ ਤੋਂ ਵੱਧ ਜਵਾਨੀ ਖਾ ਲਈ ਹੈ। ਇਸ ਵਾਸਤੇ ਜੇ ਪੰਜਾਬ ਵਿਚ ਨਸ਼ਿਆਂ ਨੂੰ ਠੱਲ੍ਹ ਨਾ ਪਾਈ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਸੰਭਾਵੀ ਭਵਿੱਖ ਦੀ ਗੱਲ ਕਰਨੀ ਵੀ ਬੇਵਕੂਫੀ ਹੀ ਜਾਪੇਗੀ। ਇਸ ਤਰ੍ਹਾਂ ਹੀ ਦੇਸ਼ ਦੇ ਅੰਨਦਾਤੇ ਕਿਰਸਾਨਾਂ ਦੀ ਮੰਦਹਾਲੀ ਨੂੰ ਡੱਕਾ ਲਾਉਣ ਦੀ ਲੋੜ ਹੈ। ਵੇਖਦੇ-ਵੇਖਦੇ ਅਸੀਂ ਅੰਨ ਦਾਤਿਆਂ ਨੂੰ ਮੰਗਤੇ ਬਣਾ ਲਿਆ ਹੈ। ਇਸ ਲਈ ਸਮਝਣ ਦੀ ਲੋੜ ਹੈ ਕਿ ਜੇ ਪੰਜਾਬ ਦੀ ਕਿਰਸਾਣੀ ਹੀ ਨਾ ਰਹੀ ਤਾਂ ਕਿਰਸਾਣ ਵੀ ਨਹੀਂ ਰਹੇਗਾ।

ਇਸ ਸੂਰਤ ਵਿਚ ਇਕ ਪਾਸੇ ਅਜੋਕੀ ਪੀੜ੍ਹੀ ਦੇ ਤਕਰੀਬਨ 70 ਫੀਸਦੀ ਕਿਰਸਾਣ ਲੋਕ ਹੀ ਜੇ ਨਾ ਰਹੇ ਅਤੇ ਫਿਰ 50 ਫੀਸਦੀ ਤੋਂ ਵੱਧ ਸਾਡੇ ਨੌਜਵਾਨ ਹੀ ਖਤਮ ਹੋ ਗਏ ਤਾਂ ਪੰਜਾਬ ਦਾ ਕੀ ਬਣੂੰ ਤੇ ਸਾਡਾ ਸੋਹਣਾ ਤੇ ਸ਼ਾਨਾਮੱਤਾ ਪੰਜਾਬ ਕਿੱਥੇ ਲੱਭੇਗਾ? ਨੌਜਵਾਨ ਵਰਗ ਦੀ ਦੇਸ਼ ਵਿਚ ਬੇਰੁਜ਼ਗਾਰੀ ਦੇ ਕਾਰਨ ਦੁਰਗਤੀ ਹੋ ਰਹੀ ਹੈ, ਇਸ ਲਈ ਸਾਡੇ ਵਿਦਿਆਰਥੀ ਵਰਗ ਦਾ ਵੱਡਾ ਹਿੱਸਾ ਡਾਕਟਰ, ਇੰਜੀਨੀਅਰ ਤੇ ਹੋਰ ਲਾਇਕ ਬੱਚੇ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹਨ। ਜਿਥੇ ਇਹ ਆਪਣੇ ਆਪ ਵਿਚ ਦੇਸ਼ ਲਈ ਇਕ ਗੰਭੀਰ ਮਸਲਾ ਹੈ, ਉਥੇ ਹੀ ਪੰਜਾਬੀਆਂ ਦੀ ਵਿਦੇਸ਼ਾਂ ਵਿਚ ਹੋ ਰਹੀ ਕੁੱਟਮਾਰ ਤੇ ਕਤਲਾਂ ਤੱਕ ਪਹੁੰਚੀ ਸਮੱਸਿਆ ਨੂੰ ਵੀ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਲੋੜ ਹੈ।

ਇਸ ਤਰ੍ਹਾਂ ਹੀ ਪੰਜਾਬ ਦੇ ਸਾਹਮਣੇ ਕੌਮੀ ਤੇ ਕੌਮਾਂਤਰੀ ਮਸਲੇ ਜਿਵੇਂ ਕਿ ਸਿੱਖਾਂ ਦੀ ਪਛਾਣ, ਪੱਗ ਦੀ ਸ਼ਾਨ ਦੀ ਬਹਾਲੀ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ, ਪਾਣੀਆਂ ਦਾ ਮਸਲਾ, ਪੰਜਾਬੀ ਮਾਂ ਬੋਲੀ ਦੀ ਦੁਰਦਸ਼ਾ, ਨਸ਼ਿਆਂ ਦੀ ਮਾਰ ਅਤੇ ਭਰੂਣ ਹੱਤਿਆ ਆਦਿ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਕਿ ਪੰਜਾਬ ਸਰਕਾਰ ਨੂੰ ਪਹਿਲੇ ਦਿਨ ਤੋਂ ਹੀ ਪਹਿਲ ਦੇਣ ਦੀ ਜ਼ਰੂਰਤ ਹੈ। ਇਸ ਵਾਸਤੇ ਕਿਸੇ ਵੀ ਪਾਰਟੀ ਦੀ ਸਰਕਾਰ ਆਵੇ, ਉਸ ਨੂੰ ਇਨ੍ਹਾਂ ਕਾਰਜਾਂ ਵਾਸਤੇ ਪਹਿਲਾਂ ਆਪਣੀ ਜਥੇਬੰਦੀ ਨੂੰ ਲਾਮਬੰਦ ਕਰਨ ਦੀ ਬੜੀ ਲੋੜ ਹੈ।

ਇਸ ਤਰ੍ਹਾਂ ਹੀ ਖਾਸ ਕਰਕੇ ਸੰਨ 1975 ਤੋਂ ਬਾਅਦ ਵਧਦੀ ਅਬਾਦੀ ਨੂੰ ਰੋਕਣ ਵਾਸਤੇ ਕਿਸੇ ਵੀ ਪਾਰਟੀ ਜਾਂ ਸਰਕਾਰ ਨੇ ਕੋਈ ਖਾਸ ਉਪਰਾਲਾ ਨਹੀਂ ਕੀਤਾ, ਜਿਸ ਦੇ ਕਾਰਨ ਦੇਸ਼ ਵਿਚ ਵਧਦੀ ਆਬਾਦੀ ਤੇ ਉਸ ਤੋਂ ਕਿਤੇ ਵੱਧ ਭ੍ਰਿਸ਼ਟਾਚਾਰ ਨੇ ਪੰਜਾਬ ਤੇ ਪੰਜਾਬੀਆਂ ਦੀ ਭਿਆਂ ਹੀ ਬੁਲਾ ਰੱਖੀ ਹੈ। ਬੇਸ਼ੱਕ ਹੁਣ ਸਮਾਂ ਇਹ ਵੀ ਆ ਗਿਆ ਹੈ ਕਿ ਅਸੀਂ ਆਪਣੇ ਰਾਜਨੀਤਿਕ ਆਗੂਆਂ ਤੇ ਸਿਆਸੀ ਬੰਦਿਆਂ ਨੂੰ ਇਹ ਸਿੱਧਾ ਸਵਾਲ ਪੁੱਛੀਏ ਕਿ ਉਨ੍ਹਾਂ ਨੇ ਵਧਦੀ ਅਬਾਦੀ ਨੂੰ ਰੋਕਣ ਵਾਸਤੇ ਕੀ ਯਤਨ ਕੀਤੇ ਹਨ ਅਤੇ ਸਮਾਜ ਦੇ ਨਿੱਗਰ-ਨਰੋਏ ਨਿਰਮਾਣ ਲਈ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਉਪਰ ਅਧਾਰਿਤ



Original with;
Kulbir Singh Sidhu(I.A.S)
Digitized by;
Panjab Digital Library

ਸਾਡੇ ਅਮੀਰ ਸਭਿਆਚਾਰ ਦੀ ਬਹਾਲੀ ਤੇ ਸੁਰੱਖਿਆ ਲਈ ਸਾਡੀ ਵਿਦਿਅਕ ਪ੍ਰਣਾਲੀ ਵਿਚ ਕੀ ਸੋਧਾਂ ਕੀਤੀਆਂ ਹਨ।

ਫਿਰ ਸਾਡੀਆਂ ਸਰਕਾਰਾਂ ਨੇ ਖ਼ਾਸ ਕਰਕੇ ਕੌਮੀ ਆਚਰਣ ਤੇ ਕੌਮੀ ਅਨੁਸ਼ਾਸਨ ਨੂੰ ਪੁਨਰ ਸੁਰਜੀਤ ਕਰਨ ਲਈ ਅੱਜ ਤੋਂ ਪਹਿਲਾਂ ਕੀ ਕੀਤਾ ਹੈ ਤੇ ਹੁਣ ਇਨ੍ਹਾਂ ਕੌਮੀ ਮਸਲਿਆਂ ਦੇ ਸਬੰਧ ਵਿਚ ਉਨ੍ਹਾਂ ਦਾ ਕੀ ਇਰਾਦਾ ਤੇ ਮਨਸੂਬਾ ਹੈ। ਇਸ ਤੋਂ ਇਲਾਵਾ ਸਮਾਜਿਕ ਤੇ ਧਾਰਮਿਕ ਲੋਕਾਂ ਤੇ ਖਾਸ ਕਰਕੇ ਚੁਣੇ ਗਏ ਉਮੀਦਵਾਰਾਂ ਨੂੰ ਇਹ ਵੀ ਪੁੱਛਣ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਸਰਕਾਰਾਂ ਪੰਜਾਬੀ ਮਾਂ ਬੋਲੀ ਦੀ ਹੋ ਰਹੀ ਦੁਰਗਤੀ, ਘਾਟੇ ਵਾਲਾ ਸੌਦਾ ਬਣ ਚੁਕੀ ਕਿਰਸਾਣੀ, ਨਿਰਾਸ਼ ਤੇ ਹਤਾਸ਼ ਹੋ ਰਹੀ ਬੇਰੁਜ਼ਗਾਰ ਨੌਜਵਾਨੀ, ਨਸ਼ਿਆਂ-ਪੱਤਿਆਂ ਦੇ ਛੇਵੇਂ ਦਰਿਆ ਵਿਚ ਰੁੜ੍ਹ ਰਹੀ ਮੁੰਡੇ-ਕੁੜੀਆਂ ਦੀ ਜਵਾਨੀ ਅਤੇ ਸਾਡੇ ਹੀ ਜੁਲਮ ਤੇ ਬੇਰੁਖੀ ਦਾ ਸ਼ਿਕਾਰ ਹੋ ਰਹੇ ਨਾਰੀ ਸੰਸਾਰ ਅਤੇ ਮੁੱਖ ਤੌਰ 'ਤੇ ਭਰੂਣ ਹੱਤਿਆ ਤੇ ਅਣਖ ਲਈ ਹੋ ਰਹੇ ਕਤਲਾਂ ਬਾਰੇ ਹੁਣ ਤੱਕ ਕੀ ਕੀਤਾ ਹੈ ਤੇ ਅੱਗੇ ਹੋਰ ਕੁੱਝ ਕਰਨ ਦੀ ਕੀ ਉਨ੍ਹਾਂ ਕੋਲ ਕੋਈ ਠੋਸ ਸਕੀਮ ਹੈ ਵੀ ਜਾਂ ਨਹੀਂ।

ਇਸ ਸੰਦਰਭ ਵਿਚ ਪੰਜਾਬ ਦੀ ਅਫਸਰਸ਼ਾਹੀ ਦੇ ਰੋਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਇਹ ਆਪਣੇ ਸਟੀਲ ਫਰੇਮ ਭਾਵ ਇਸਪਾਤੀ ਢਾਂਚੇ ਤੋਂ ਕਿਤੇ ਥੱਲੇ ਉਤਰ ਕੇ ਹੁਣ ਬਾਂਸਾਂ ਦੇ ਲਿਫਣ ਵਾਲੇ ਢਾਂਚੇ ਵਿਚ ਤਬਦੀਲ ਹੋ ਗਈ ਹੈ। ਇਹ ਆਪਣੀ ਕਾਬਲੀਅਤ ਤੇ ਤਜਰਬੇ ਦੇ ਸਿਰ 'ਤੇ ਠੀਕ ਤੇ ਗਲਤ ਨੂੰ ਤਾਂ ਬਾਖੂਬੀ ਜਾਣਦੇ ਹਨ, ਪਰ ਯੈੱਸ ਸਰ ਤੇ ਆਪਾਂ ਨੂੰ ਕੀ ਦੀ ਪ੍ਰਵਿਰਤੀ ਤਹਿਤ ਗਲਤ ਪ੍ਰਿਤਾਂ ਤੇ ਪ੍ਰਥਾਵਾਂ ਦੇ ਮੂਕ ਦਰਸ਼ਕ ਬਣੇ ਹੋਏ ਹਨ।

ਇਥੇ ਜ਼ਿਕਰਯੋਗ ਹੈ ਕਿ ਸਾਡੇ ਸਮਾਜ ਦੀਆਂ ਸਮਾਜਿਕ, ਸਭਿਆਚਾਰਕ ਤੇ ਆਰਥਿਕ ਸਮੱਸਿਆਵਾਂ ਅਤੇ ਪੰਜਾਬ ਦੇ ਸਮੁੱਚੇ ਸਰਵਪੱਖੀ ਵਿਕਾਸ ਸਬੰਧੀ ਦਰਸਾਉਂਦੀਆਂ ਖੋਜਾਂ ਤੇ ਸਿਫਾਰਿਸ਼ਾਂ ਦੇ ਗੱਡਿਆਂ ਦੇ ਗੱਡੇ ਲੱਦੇ ਪਏ ਹਨ। ਪਰ ਕਿਸੇ ਵੀ ਮੰਤਰੀ ਜਾਂ ਮਹਿਕਮੇ ਦੇ ਅਫਸਰ ਕੋਲ ਇੰਨੀਂ ਸਮਰਥਾ ਤੇ ਸਮਾਂ ਨਹੀਂ ਕਿ ਉਹ ਕਿਸੇ ਇਕ ਵੀ ਖੋਜ ਨਿਬੰਧ ਜਾਂ ਲੱਖਾਂ ਰੁਪਏ ਸਾਲਾਨਾ ਖਰਚ ਕੇ ਬਣਵਾਈਆਂ ਸਰਕਾਰੀ ਰਿਪੋਰਟਾਂ ਤੋਂ ਮਿੱਟੀ ਝਾੜ ਕੇ ਕੋਈ ਚੰਗਾ ਸਬਕ ਲੈ ਸਕਣ। ਇਸ ਸਬੰਧ ਵਿਚ ਖ਼ਾਸ ਕਰਕੇ ਮੰਤਰੀਆਂ ਤੇ ਅਫਸਰਸ਼ਾਹੀ ਵਿਚ ਪ੍ਰਫੈਕਸ਼ਨਿਸਟ ਐਟੀਚਿਊਡ ਭਾਵ ਸਿਰੇ ਦਾ ਵਧੀਆ ਕੰਮ ਕਰਨ ਦੀ ਭਾਵਨਾ ਰਹਿ ਹੀ ਨਹੀਂ ਗਈ।

ਅੱਜ ਸਾਡੇ ਹਰ ਇਕ ਦਫਤਰ ਵਿਚ ਬੱਸ ਬੁੱਤਾ ਸਾਰਨ ਜਿਹੀ ਜੁਗਾੜਬੰਦੀ ਪ੍ਰਤੱਖ ਤੌਰ 'ਤੇ ਨਜ਼ਰ ਆਉਂਦੀ ਹੈ। ਸਾਡੇ ਦਫਤਰਾਂ ਤੋਂ ਲੈ ਕੇ ਅੰਕੜਾ ਵਿਭਾਗਾਂ ਤੱਕ ਜ਼ਮੀਨੀ ਹਕੀਕਤਾਂ ਨੂੰ ਦਰਕਿਨਾਰ ਕਰਕੇ ਬੱਸ ਅੰਕੜਿਆਂ ਤੇ ਜ਼ਰਬਾਂ-ਤਕਸੀਮਾਂ ਦੀ ਖੇਡ ਚੱਲ ਰਹੀ ਹੈ। ਮੀਟਿੰਗਾਂ ਵਿਚ ਰੁੱਖੇ-ਸੁੱਖੇ ਹਿਸਾਬੀ ਅੰਕੜੇ ਬੋਲੇ ਜਾਂਦੇ ਹਨ ਤੇ ਅੰਕੜੇ ਸੁਣੇ ਜਾਂਦੇ ਹਨ; ਇਨ੍ਹਾਂ ਵਿਚੋਂ ਜਨਤਾ ਤੇ ਸਾਡੀਆਂ ਉਸ ਪ੍ਰਤੀ ਮਨੁੱਖੀ ਭਾਵਨਾਵਾਂ ਮਨਫੀ ਹੁੰਦੀਆਂ ਹਨ। ਜਿਸ ਦੇ ਕਾਰਨ ਵਧੀਆ ਤੋਂ ਵਧੀਆ ਸਮਾਜ



*Original with;*
Kulbir Singh Sidhu(I.A.S)
*Digitized by;*
Panjab Digital Library

ਦੀਆਂ ਲੋਕ ਭਲਾਈ ਸਕੀਮਾਂ ਤੇ ਪ੍ਰਾਜੈਕਟ ਸ਼ੁਰੂ ਹੋਣ ਤੋਂ ਬਾਅਦ ਕੁੱਝ ਕੁ ਫਾਸਲਾ ਢੀਚਕ ਚਾਲ ਨਾਲ ਤੈਅ ਕਰਨ ਉਪਰੰਤ ਦਮ ਤੋੜਦੇ ਦਿਸਦੇ ਹਨ।

ਫਿਰ ਮੌਕੇ 'ਤੇ ਰੁਪਈਆਂ ਦੀਆਂ ਛਲਾਂ ਦੇਣ ਵਾਲੇ ਸਾਡੇ ਸਿਆਸੀ ਆਗੂ ਵੀ ਸਮਾਜ ਹਿਤੈਸ਼ੀ ਤੇ ਕੁੱਲ ਵਕਤੀ ਦੂਰਗਾਮੀ ਸਕੀਮਾਂ ਤੇ ਪ੍ਰਾਜੈਕਟਾਂ ਵਾਸਤੇ ਕੋਈ ਦੂਰਦੁਰਸ਼ਤਾ ਤੋਂ ਕੰਮ ਲੈਣ ਦੀ ਥਾਂ ਬੱਸ ਗਲੀਆਂ-ਨਾਲੀਆਂ ਜਿਹੀਆਂ ਕੁੱਝ ਵਕਤੀ ਸਕੀਮਾਂ ਵਾਸਤੇ ਹਰ ਪੰਜ ਸਾਲ ਬਾਦ ਲੱਖਾਂ-ਕਰੋੜਾਂ ਰੁਪਏ ਗਲੀਆਂ ਦੀ ਮਿੱਟੀ ਵਿਚ ਰੋਲ ਰਹੇ ਹਨ ਤੇ ਨਾਲੀਆਂ ਵਿਚ ਰੋੜ੍ਹ ਰਹੇ ਹਨ। ਇਕ ਮਹਿਕਮਾ ਸੜਕ ਬਣਾਉਂਦਾ ਹੈ ਤੇ ਸੀਵਰੇਜ ਤੇ ਟੈਲੀਫੋਨ ਮਹਿਕਮੇ ਵਾਲੇ ਆਪਣੀਆਂ ਪਾਈਪਾਂ ਪਾਉਣ ਲਈ ਉਸ ਨੂੰ ਪੁੱਟ ਦਿੰਦੇ ਹਨ। ਬੀਮਹਿਕਮੇ ਦਾ 'ਮੀਟਰ' ਦੁਬਾਰਾ ਚਲਦਾ ਹੈ ਤੇ ਇਸ ਤਰ੍ਹਾਂ ਡਬਲ ਕਮਿਸ਼ਨਾਂ ਦੇ ਦੂਹਰੇ ਗੱਫੇ ਲੱਗਦੇ ਹਨ। ਬੱਸ ਅਜਿਹੇ ਤਾਲਮੇਲ ਦੀ ਕੀ ਸਿਫਤ ਕੀਤੀ ਜਾਵੇ ਕਿ ਇਕ ਮਹਿਕਮਾ ਬਣਾ ਰਿਹਾ ਹੈ ਤੇ ਦੂਜਾ ਢਾਹ ਰਿਹਾ ਹੈ।

ਫਿਰ ਸਭ ਤੋਂ ਵੱਡੀ ਗੱਲ ਤਾਂ ਸਰਕਾਰ ਨੂੰ ਪੁੱਛਣ-ਦੱਸਣ ਵਾਲੀ ਇਹ ਹੈ ਕਿ ਸਾਡੇ 'ਅੰਨਦਾਤਾ-ਪੰਜਾਬ' ਦੇ ਦੋ ਕਰੋੜ ਪੰਝੱਤਰ ਲੱਖ ਲੋਕਾਂ ਵਿਚੋਂ ਤਕਰੀਬਨ ਇਕ ਕਰੋੜ ਅੱਜ ਗਰੀਬੀ ਰੇਖਾ ਤੋਂ ਥੱਲੇ ਬੈਠੇ ਗਰੀਬ ਆਟਾ-ਦਾਲ ਵੀ ਮੰਗਦੇ ਹਨ, ਪਰ ਇਸ ਤੋਂ ਵੱਧ ਉਹ ਸਰਕਾਰ ਤੋਂ ਰੋਟੀ-ਰੋਜ਼ੀ ਦੇ ਸਾਧਨ ਮੰਗਦੇ ਹਨ। ਉਨ੍ਹਾਂ ਲਈ ਸਰਕਾਰ ਕੀ ਕਰ ਰਹੀ ਹੈ ਤੇ ਅੱਗੇ ਕੀ ਕਰੇਗੀ? ਪੰਜਾਬੀ ਕਵੀ **ਸੁਲੱਖਣ ਸਰਹੱਦੀ** ਇਨ੍ਹਾਂ ਲੋਕਾਂ ਦੀਆਂ ਦਿਲੀ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ :-

ਧੂਣੇ ਬੈਠਾ ਫੱਗੂ ਕਹਿੰਦੈ ਇਸ ਵੇਰਾਂ ਮੈਂ ਕਹਿਣਾ
ਵੋਟ ਦੇ ਬਦਲੇ ਲਿਖ ਦਿਓ ਮੈਨੂੰ ਰੋਟੀਆਂ ਦਾ ਸਿਰਨਾਵਾਂ

ਇਸ ਪ੍ਰਥਾਇ ਲੀਡਰਾਂ ਨੂੰ ਇਹ ਕਹਿਣ-ਸਮਝਾਉਣ ਦੀ ਲੋੜ ਹੈ ਕਿ ਹੁਣ ਰੱਬ ਤੁਹਾਡਾ ਭਲਾ ਕਰੇ ਕਿ ਤੁਸੀਂ ਲੱਖਾਂ ਕਰੋੜਾਂ ਗਰੀਬ ਫੱਗੂ-ਫੁੰਮਣਾ ਨੂੰ ਆਟਾ-ਦਾਲ ਤਾਂ ਸਾਫ਼-ਸੱਚੀ ਨੀਅਤ ਤੇ ਨੀਤੀ ਅਨੁਸਾਰ ਦਿੰਦੇ ਹੀ ਰਹੋ, ਪਰ ਨਾਲ ਹੀ ਗਰੀਬਾਂ ਨੂੰ ਜੇ ਕਿਤੇ ਦਿਹਾੜੀ-ਮਜ਼ੂਰੀ ਵੀ ਦੇ ਦੇਵੋ ਤਾਂ ਕਿ ਉਨ੍ਹਾਂ ਦੇ ਚੁੱਲ੍ਹਿਆਂ 'ਤੇ ਵੀ ਕਦੇ ਉਨ੍ਹਾਂ ਦੇ ਬੱਚਿਆਂ ਵਾਸਤੇ ਕੋਈ ਸ਼ਾਕ-ਸਬਜ਼ੀ ਦੀ ਪਤੀਲੀ ਜਾਂ ਦੁੱਧ-ਵਾਧ ਦਾ ਕੋਈ ਅੱਧਾ-ਪੌਣਾ ਗਿਲਾਸ ਦਿਸ ਸਕੇ। ਫਿਰ ਇਸ ਤਰ੍ਹਾਂ ਕਰਨ ਨਾਲ ਸੱਚੀ-ਮੁੱਚੀਂ ਹੀ ਤੁਹਾਡੀ ਦੋ ਜਹਾਨਾਂ ਵਿਚ ਬੱਲੇ-ਬੱਲੇ ਹੋ ਸਕਦੀ ਹੈ।

ਇਸ ਸੰਦਰਭ ਵਿਚ ਸਰਕਾਰ ਨੂੰ ਸਰਕਾਰੀ ਖ਼ਜ਼ਾਨੇ ਨੂੰ ਕਰਜ਼ ਤੇ ਦਿਵਾਲੀਏਪਣ ਤੋਂ ਨਿਜਾਤ ਦਿਵਾ ਕੇ ਮੁੜ ਤੋਂ ਆਪਣੇ ਖ਼ਜ਼ਾਨੇ ਭਰਪੂਰ ਕਰਨ ਦੀ ਅਹਿਮੀਅਤ ਵੱਲ ਧਿਆਨ ਦੇਣ ਦੀ ਲੋੜ ਹੈ। ਪਿਛਲੇ ਕਾਫੀ ਸਮੇਂ ਤੋਂ ਸਰਕਾਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਾਇਜ਼ ਟੈਕਸ ਵਸੂਲੀ ਜਾਂ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਤੋਂ ਜ਼ੁਬਾਨੀ ਕਲਾਮੀ ਨਿਰਉਤਸ਼ਾਹਿਤ ਹੀ ਕੀਤਾ ਹੈ ਤਾਂ ਕਿ ਵੋਟ ਬੈਂਕ ਹਰ ਹਾਲਤ ਵਿਚ ਕਾਇਮ-ਦਾਇਮ ਰਹਿਣ। ਇਸ ਤਰ੍ਹਾਂ ਪ੍ਰਸ਼ਾਸਨ ਨੂੰ ਕਈ ਦਹਾਕਿਆਂ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਅਣਗੌਲਿਆ ਜਿਹਾ ਕੀਤਾ ਗਿਆ ਹੈ। ਇਸ ਨਾਲ ਪ੍ਰਸ਼ਾਸਨ ਵਿਚ ਵੀ ਢਿੱਲ-ਮੱਠ ਤੇ ਖੜੋਤ ਆਈ ਹੈ। ਉਹੀ ਪ੍ਰਸ਼ਾਸਨ ਜਿਹੜਾ ਕਦੇ ਰੁਟੀਨ ਵਿਚ ਹੀ ਸਰਕਾਰ ਦੇ ਹਰ ਹੁਕਮ ਦੀ ਪਾਲਣਾ ਹਿੱਤ ਪੱਬਾਂ ਭਾਰ ਹੋਇਆ ਫਿਰਦਾ ਸੀ, ਉਹ ਹੁਣ ਪ੍ਰਸ਼ਾਸਨਿਕ ਮੁਹਿੰਮਾਂ ਦੇ ਹਫਤੇ ਤੇ ਦਿਨ ਮਨਾਉਣ ਵਜੋਂ 'ਵਿਸ਼ੇਸ਼ ਮੁਹਿੰਮ' ਦੇ ਅਧਾਰ 'ਤੇ ਸਾਲ-ਛਿਮਾਹੀ ਪਿੱਛੋਂ ਹੀ ਮਾੜੀ-ਮੋਟੀ ਗਰਦ-ਮਿੱਟੀ ਝਾੜਦਾ ਹੈ।

ਸਰਕਾਰ ਦੀ ਪ੍ਰਸ਼ਾਸਨਿਕ ਕਾਬਲੀਅਤ ਤੇ ਸਮਰਥਾ ਦੇ ਸੰਦਰਭ ਵਿਚ ਸਵਾਮੀ ਵਿਵੇਕਾਨੰਦ ਦਾ ਕਹਿਣਾ ਹੈ, "ਮੈਨੂੰ ਹਰ ਉਹ ਇਨਸਾਨ ਗੱਦਾਰ ਲੱਗਦਾ ਹੈ ਜਿਹੜਾ ਦੇਸ਼ ਦੇ ਹਜ਼ਾਰਾਂ ਗਰੀਬਾਂ ਦੀ ਕੀਮਤ 'ਤੇ ਉੱਚਾ ਰੁਤਬਾ ਹਾਸਲ ਕਰਕੇ ਮਗਰੋਂ ਉਨ੍ਹਾਂ ਦਾ ਕੁੱਝ ਨਹੀਂ ਸੰਵਾਰਦਾ।" ਇਸ ਪ੍ਰਥਾਇ ਮੇਰੀ ਨਿੱਜੀ ਧਾਰਨਾ ਵੀ ਇਹ ਹੈ ਕਿ ਰੱਬ ਹਰ ਇਕ ਬੰਦੇ ਨੂੰ ਉਸ ਦੇ ਪੂਰਬਲੇ ਸੰਸਕਾਰਾਂ ਦੀ ਨਿਸਬਤ ਵਿਚ ਲੋਕ ਭਲਾਈ ਵਾਸਤੇ 'ਮੋਹਲਤ ਤੇ ਸਮਰਥਾ' ਦਿੰਦਾ ਹੈ। ਪਰ ਥੋੜੇ ਲੋਕ ਹੀ ਹੁੰਦੇ ਹਨ ਜੋ ਕਿ ਆਪਣੇ ਸੁਆਰਥ ਤੋਂ ਉਪਰ ਉਠ ਕੇ ਇਸ ਇਲਾਹੀ ਬਖਸ਼ਿਸ਼ ਨੂੰ ਪਰਸੁਆਰਥ ਵਿਚ ਲਾਉਂਦੇ ਹਨ। ਬਹੁਤ ਥੋੜ੍ਹੇ ਲੋਕ ਜੀਵਨ ਦੇ ਵੱਖੋ-ਵੱਖ ਪੜਾਵਾਂ ਤੇ ਉਤਰਾਵਾਂ-ਚੜ੍ਹਾਵਾਂ ਦੇ ਵਖਰੇ-ਵਖਰੇ ਰੰਗ ਮਾਣਦੇ ਹਨ ਅਤੇ ਆਪਣੇ ਚੁਗਿਰਦੇ ਵਿਚ ਲੋਕਾਂ ਦੀ ਖੁਸ਼ੀ ਦਾ ਸੱਬਬ ਬਣਦੇ ਹਨ। ਇਸ ਸੰਦਰਭ ਵਿਚ **ਸਰਦਾਰ ਪੰਛੀ** ਦਾ ਮਸ਼ਹੂਰ ਸ਼ਿਅਰ ਹੈ ਕਿ:-

ਬਹੁਤ ਕਮ ਲੋਗ ਹੈਂ ਜੋ ਮੁਖਤਲਿਫ ਰੰਗੋਂ ਮੇਂ ਜੀਤੇ ਹੈਂ
ਬਹੁਤ ਕਮ ਲੋਗ ਆਤੇ ਹੈਂ ਜਹਾਂ ਮੇਂ ਕਹਿਕਸ਼ਾਂ ਬਨ ਕਰ

ਇਸ ਵਾਸਤੇ ਅੱਜ ਸਮੁੱਚੀ ਪੰਜਾਬੀਅਤ ਦੀ ਇਕ ਹੀ ਮੰਗ ਤੇ ਅਰਦਾਸ ਹੈ ਕਿ ਹੇ ਰੱਬਾ ਸਾਡੇ ਵਿਚ ਕੋਈ ਅਜਿਹਾ ਮਰਦੇ-ਕਾਮਿਲ ਭੇਜ ਜੋ ਕਿ ਪੰਜਾਬ ਨੂੰ ਫਿਰ ਤੋਂ ਸਵੈਮਾਣ ਤੇ ਖੁਸ਼ੀ-ਖੁਸ਼ਹਾਲੀ ਦੇ ਰਾਹ ਤੋਰ ਸਕੇ। **ਮੁਹੰਮਦ ਇਕਬਾਲ** ਦੇ ਸ਼ਬਦਾਂ ਵਿਚ ਲੋਕ ਅਜਿਹੇ ਰੱਬ ਦੇ ਬੰਦੇ ਨੂੰ ਦੇਖਣ ਵਾਸਤੇ ਤਰਸ ਗਏ ਹਨ।

ਨਿਸ਼ਾਨੇ ਰਾਹ ਦਿਖਾਤੇ ਥੇ ਜੋ ਸਿਤਾਰੋਂ ਕੋ
ਤਰਸ ਗਏ ਹੈਂ ਕਿਸੀ ਮਰਦੇ ਰਾਹਦਾਂ ਕੇ ਲੀਏ

ਖੈਰ! ਇਸ ਪ੍ਰਥਾਇ ਹਾਲੇ ਇਕ ਸਿਫ਼ਤੀ ਜਿਹੀ ਗੱਲ ਬਾਕੀ ਬਚੀ ਹੈ ਕਿ ਪੰਜਾਬੀਆਂ ਦੇ ਵਿਚ ਅਜੇ ਵੀ ਗਊ ਦੇ ਜਾਏ ਬਲਦ ਦੇ ਕੰਨ੍ਹੇ ਵਾਲਾ ਜੱਤ ਤੇ ਸਾਹ-ਸੱਤ ਕਾਇਮ ਹੈ। ਬੱਸ ਪੰਜਾਬੀਆਂ ਦੀ ਬਾਂਹ ਫੜ੍ਹ ਕੇ ਆਪਣੇ ਦੇਸ਼ ਵਾਸੀਆਂ ਵਾਸਤੇ ਸਵੈਮਾਣ ਤੇ ਵਿਕਾਸ ਦੇ ਰਾਹ 'ਤੇ ਤੋਰਨ ਦੀ ਲੋੜ ਹੈ। ਫਿਰ ਇਸ ਤਰ੍ਹਾਂ ਹੀ ਪੰਜਾਬ ਨੂੰ ਦੇਸ਼ ਦਾ ਅੰਨਦਾਤਾ, ਬਲਭੁਜਾ ਤੇ ਦੁਸ਼ਮਣਾਂ ਵਾਸਤੇ ਖੜਗਭੁਜਾ ਵਰਗੇ ਗੌਰਵਮਈ ਲਕਬਾਂ ਦੇ ਦੁਬਾਰਾ ਤੁਲ ਬਣਾਉਣ ਤੇ ਕਾਇਮ-ਦਾਇਮ ਕਰਨ ਦੀ ਲੋੜ ਹੈ। ਫਿਰ ਅਕਾਲ ਪੁਰਖ ਬਖਸ਼ਿੰਦ ਪੰਜਾਬ ਦੇ ਧਰਮ, ਇਤਿਹਾਸ, ਸਾਹਿਤ ਤੇ ਸਭਿਆਚਾਰਕ ਵਿਰਸੇ-ਵਿਰਾਸਤ ਦਾ ਸਵੈਮਾਣ ਖੁਦ-ਬ-ਖੁਦ ਕੌਮ 'ਤੇ ਨਿਛਾਵਰ ਕਰਕੇ ਪੰਜਾਬ ਤੇ ਪੰਜਾਬੀਅਤ ਦੀ ਗੁਆਚ ਰਹੀ ਪਛਾਣ ਨੂੰ ਬਹਾਲ ਕਰਕੇ ਪੰਜਾਬੀ ਕੌਮ ਨੂੰ ਨਿਹਾਲ-ਨਿਹਾਲ ਕਰੇਗਾ।



*Original with;*
Kulbir Singh Sidhu(I.A.S)
*Digitized by;*
Panjab Digital Library

ਪਰ ਇਥੇ ਬਹੁਤ ਹੀ ਸੰਜੀਦਗੀ ਨਾਲ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਹੁਣ ਪੰਜਾਬ ਦੀ ਹਰ ਸਮੱਸਿਆ ਦੀ ਜ਼ਿੰਮੇਵਾਰੀ ਹਮੇਸ਼ਾਂ ਵਾਂਗ ਕੇਂਦਰ ਸਰਕਾਰ 'ਤੇ ਸੁੱਟ ਕੇ ਪੰਜਾਬ ਦੇ ਵਿਕਾਸ ਦੀ ਕਹਾਣੀ ਕਿਸੇ ਤਣ-ਪੱਤਣ ਨਹੀਂ ਲਗਣੀ, ਸਗੋਂ ਹੁਣ ਤਾਂ ਪੰਜਾਬ ਦੀ ਗੌਰਵ ਗਾਥਾ ਨੂੰ ਆਪ ਹੀ ਆਪਣੇ ਕਿਰਦਾਰ ਤੇ ਕਾਰਗੁਜ਼ਾਰੀ ਸਦਕਾ ਪ੍ਰਵਾਨ ਚੜ੍ਹਾਉਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਲੋਕ ਭਲਾਈ ਤੇ ਪੰਜਾਬ ਦੇ ਸਮੁੱਚੇ ਵਿਕਾਸ ਵਾਸਤੇ ਆਪਾ-ਚੀਨਣ ਤੇ ਖ਼ੁਦ ਆਪਣੇ ਨੈਣ-ਪ੍ਰਾਣ ਥਾਵੇਂ-ਸਾਵੇਂ ਕਰਨ ਦੀ ਬੇਅੰਤ ਲੋੜ ਹੈ।

ਪੰਜਾਬ ਦੇ ਮਸਲਿਆਂ ਦੇ ਸੰਦਰਭ ਵਿਚ ਹੁਣ ਇਕ ਕਰਮੱਠ ਸਿਆਸੀ ਯੋਧੇ ਦੀ ਲੋੜ ਹੈ ਜੋ ਕਿ ਯੂਨਾਨ ਦੇ ਦੇਵਤੇ ਪਰੋਮਿਥੀਅਸ ਵਾਂਗੂੰ ਲੋਕ ਕਲਿਆਣ ਤੇ ਲੋਕ ਭਲਾਈ ਵਾਸਤੇ ਸਵਰਗ ਲੋਕ ਵਿਚੋਂ ਵੀ ਕੋਈ ਅਮੋਘ ਅਸਤਰ ਖੋਹ-ਖਿੰਝ ਕੇ ਵੀ ਲੈ ਆਵੇ। ਫਿਰ ਲੋਕ ਇਹ ਵੀ ਚਾਹੁੰਦੇ ਹਨ ਕਿ ਸਾਡੇ ਪੰਜਾਬ ਦਾ ਚੀਫ਼ ਮਨਿਸਟਰ ਮੁੱਖ ਪ੍ਰਸ਼ਾਸਕ ਵਜੋਂ ਇਕ ਕਰਮਯੋਗੀ ਦੇ ਰੂਪ ਵਿਚ ਸਾਡੀ ਵਿਗੜੀ ਹੋਈ ਪ੍ਰਸ਼ਾਸਨਿਕ ਵਿਵਸਥਾ ਨੂੰ ਮੁੜ ਤੋਂ ਲੀਹਾਂ 'ਤੇ ਲਿਆਉਣ ਵਾਸਤੇ ਆਪਣੇ ਸਹਿਯੋਗੀਆਂ ਤੇ ਪ੍ਰਬੰਧਕਾਂ ਨੂੰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਜਮਾਂਖੋਰੀ ਦੇ ਖਿਲਾਫ ਜੂਝਣ ਦੀ ਪ੍ਰੇਰਣਾ ਤੇ ਆਦੇਸ਼ ਦੇ ਸਕੇ। ਫਿਰ ਇਸ ਤੋਂ ਵੀ ਅੱਗੇ ਇਹ ਮਰਦੇ-ਕਾਮਿਲ ਵਿਗੜੇ-ਤਿਗੜੇ ਲੋਟੂ-ਟੋਲਿਆਂ ਦਾ ਖ਼ੁਦ ਡੰਡਾ ਪੀਰ ਬਣ ਕੇ ਜਨਤਾ ਤੇ ਖਾਸ ਕਰਕੇ ਨੌਜਵਾਨ ਵਰਗ ਨੂੰ ਰੋਟੀ-ਰੋਜ਼ੀ ਦੇਣ ਦੇ ਹੀਲੇ-ਵਸੀਲਿਆਂ ਦਾ ਜੁਗਾੜ ਕਰ ਸਕੇ।

ਬੱਸ ਮੁਕਦੀ ਗੱਲ ਇਹ ਹੈ ਕਿ ਹੁਣ ਪੰਜਾਬ ਨੂੰ ਸਿਰਫ਼ ਤੇ ਸਿਰਫ਼ ਰੱਬ ਦੇ ਬਖ਼ਸ਼ੇ ਇਕ ਕਰਮੱਠ ਤੇ ਸ਼ਕਤੀਵਾਨ ਰਾਜਸੀ ਪ੍ਰਮੁੱਖ ਦੀ ਲੋੜ ਹੈ, ਜੋ ਕਿ 'ਧੌਲੇ ਬਲਦ' ਵਾਂਗ ਪੰਜਾਬ ਦੀਆਂ ਔਕੜਾਂ-ਮੁਸ਼ਕਿਲਾਂ ਦਾ ਭਾਰ ਚੁਕਣ ਦੇ ਸਮਰਥ ਹੋਵੇ। ਕਿਉਂਕਿ ਹੁਣ ਪੰਜਾਬ ਦੀ ਸਮੁੱਚੀ ਸਥਿਤੀ 'ਮਾਰੀ ਪਾਪਾਂ ਦੀ ਧਰਤੀ ਖਾ ਗਈ ਡੋਲਾ' ਦੇ ਅਨੁਸਾਰ ਡਾਵਾਂਡੋਲ ਜਿਹੀ ਹੋ ਚੁਕੀ ਹੈ। ਇਸ ਲਈ ਹੀ ਹੁਣ ਸਾਨੂੰ ਅਜਿਹੇ ਯੋਧੇ ਰਾਜ ਪ੍ਰਮੁੱਖ ਦੀ ਲੋੜ ਹੈ ਜੋ ਕਿ ਖ਼ੁਦ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪਿਆਰ ਅਤੇ ਲੋਕ ਸੇਵਾ ਦੇ ਜਜ਼ਬੇ ਨਾਲ ਲਬਰੇਜ਼ ਹੋਵੇ। ਨਿਰਸੰਦੇਹ ਸਾਨੂੰ ਹੁਣ ਲੀਡਰਾਂ ਦੀ ਵੱਡੀ ਧਾੜ ਦੀ ਥਾਂ 'ਤੇ ਕਿਸੇ ਨੇਕ ਦਿਲ ਤੇ ਦਮਦਾਰ ਨੇਤਾ ਦੀ ਲੋੜ ਹੈ, ਜੋ ਕਿ ਯੂਨਾਨ ਦੀ ਪ੍ਰਾਚੀਨ ਸਭਿਅਤਾ ਦੇ ਮਹਾਂਬਲੀ 'ਹਰਕੁਲੀਸ' ਵਾਂਗੂੰ ਆਪਣੇ ਪੰਜਾਬ ਦੀ ਧਰਤੀ ਦੀਆਂ ਸਮੱਸਿਆਵਾਂ ਨੂੰ ਆਪਣੇ ਮੋਢਿਆਂ 'ਤੇ ਸਹਾਰ ਸਕਦਾ ਹੋਵੇ।

ਪ੍ਰਮਾਤਮਾ ਭਲੀ ਕਰੇ ਤਾਂ ਕਿ ਪੰਜਾਬੀ ਕੌਮ ਦੇ ਇਹ ਉੱਚੇ-ਸੁੱਚੇ ਅਕੀਦੇ ਰਾਇਗਾਨ ਨਾ ਜਾਣ, ਸਗੋਂ ਸਾਡੇ ਸੋਹਣੇ ਪੰਜਾਬ ਦੀ ਆਣ-ਬਾਣ-ਸ਼ਾਨ ਤੇ ਇੱਜ਼ਤ-ਓ-ਇਕਬਾਲ ਸਦਾ ਹੀ ਸਰਬੁਲੰਦ ਰਹੇ।



*Original with;*
Kulbir Singh Sidhu(I.A.S)
*Digitized by;*
Panjab Digital Library

# ਮੇਲ ਕਰਾ ਦੇ ਰੱਬਾ.....

ਸੰਨ 1947 ਦੀ ਅਣਹੋਣੀ ਵੰਡ ਨੇ ਸਾਡੇ ਸੋਹਣੇ ਪੰਜਾਬ ਦੇ ਘੁੱਗ ਵਸਦੇ ਪੰਜਾਬੀ ਭਾਈਚਾਰੇ ਤੇ ਸਾਡੇ ਪੁਰਖਿਆਂ ਦੇ ਸਦੀਆਂ ਤੋਂ ਚਲੇ ਆਉਂਦੇ ਸਾਂਝੇ ਸਭਿਆਚਾਰ ਨੂੰ ਦੋਫਾੜ ਕਰਕੇ ਰੱਖ ਦਿੱਤਾ ਸੀ। ਫਿਰ ਹੋਰ ਵੀ ਕੌੜੀ ਸੱਚਾਈ ਇਹ ਹੈ ਕਿ ਇਸ ਵੰਡ ਦੇ ਕਾਰਨ ਪੰਜਾਬ ਤੇ ਪੰਜਾਬੀਅਤ ਦੇ ਪੈਰੋਕਾਰ ਲੱਖਾਂ ਲੋਕਾਂ ਨੂੰ ਦੁਵਲਿਉਂ ਆਪਣੇ ਘਰ-ਬਾਰ ਤੇ ਜਾਨ-ਮਾਲ ਗਵਾਉਣ ਉਪਰੰਤ ਦਰ-ਬ-ਦਰ ਠੋਕਰਾਂ ਖਾਣ ਲਈ ਮਜਬੂਰ ਹੋਣਾ ਪਿਆ ਸੀ। ਫਿਰ ਸਿਤਮ ਇਹ ਕਿ ਆਪਣੇ ਹੀ ਆਗੂਆਂ ਦੇ ਕਹਿਰੀ ਫੈਸਲਿਆਂ ਦੇ ਕਾਰਨ ਇਹ ਕਿਸਮਤ ਦੇ ਮਾਰੇ ਲੋਕ ਆਪਣੇ ਲੱਖਾਂ ਭੈਣਾਂ-ਭਾਈਆਂ ਦੇ ਵਿਛੋੜੇ ਤੋਂ ਲੈ ਕੇ ਲੁੱਟ-ਖਸੁੱਟ ਤੇ ਕਤਲੋਗਾਰਤ ਦਾ ਸ਼ਿਕਾਰ ਹੋ ਰਹੇ ਸਨ। ਇਥੇ ਹੀ ਬਸ ਨਹੀਂ ਸਗੋਂ ਸਮੁੱਚੀ ਪੰਜਾਬੀ ਕੌਮ ਦੀ ਅਜ਼ਮਤ ਰੁਲ ਰਹੀ ਸੀ ਤੇ ਧੀਆਂ-ਭੈਣਾਂ ਦੀ ਇਜ਼ਤ-ਆਬਰੂ ਸਰ੍ਹੇ-ਬਜ਼ਾਰ ਨਿਲਾਮ ਹੋ ਰਹੀ ਸੀ।

ਗੱਲ ਖਤਮ ਕਿ ਇਉਂ ਜਦੋਂ ਇਨਸਾਨੀਅਤ ਮਰ-ਮੁੱਕ ਰਹੀ ਸੀ ਤਾਂ ਉਦੋਂ ਸਿਆਸਤ ਚਾਂਬੜਾ ਪਾ ਰਹੀ ਸੀ। ਇਸ ਅਣਹੋਏ ਤੇ ਅਣਸੁਣੇ ਵਰਤਾਰੇ ਨੇ ਇਨਸਾਨੀਅਤ ਤਾਂ ਕੀ ਸਗੋਂ ਖੁਦਾਈ ਨੂੰ ਵੀ ਧੁਰ-ਅੰਦਰੋਂ ਝੰਜੋੜ ਕੇ ਰੱਖ ਦਿੱਤਾ ਸੀ। ਇਥੇ ਟੀ.ਵੀ. ਦੇ ਅੱਜ-ਕੱਲ੍ਹ ਚੱਲ ਰਹੇ ਸੀਰੀਅਲ 'ਮਧੂਬਾਲਾ' ਦਾ ਇਕ ਪ੍ਰਸੰਗ ਬੜਾ ਢੁੱਕਦਾ ਹੈ ਕਿ ਇਕ ਬੱਚਾ ਆਪਣੇ ਪਿਤਾ ਨੂੰ ਕਹਿੰਦਾ ਹੈ ਕਿ ਮੈਂ ਬਹਾਦਰ ਤਾਂ ਹਾਂ, ਪਰ ਡਰ ਗਿਆ ਹਾਂ। ਉਸ ਦਾ ਪਿਤਾ ਉਸ ਨੂੰ ਸਮਝਾਉਂਦਾ ਹੈ ਕਿ ਬੇਟਾ ਡਰਨਾ ਤੇ ਰੋਣਾ ਇਨਸਾਨ ਦੀ ਕੁਦਰਤੀ ਫ਼ਿਤਰਤ ਹੈ। ਜਿਹੜਾ ਬੰਦਾ ਚੰਗਾ ਹੁੰਦਾ ਹੈ, ਉਸ ਵਿਚ ਇਨਸਾਨੀ ਭਾਵਨਾਵਾਂ ਦੇ ਵੇਗ ਦੀ ਝਲਕ ਨਜ਼ਰ ਆਉਂਦੀ ਹੈ। ਇਸਦੇ ਉਲਟ ਜਿਨ੍ਹਾਂ ਆਦਮੀਆਂ ਵਿਚ ਡਰਨ ਤੇ ਰੋਣ ਦਾ ਅਹਿਸਾਸ ਮਾਤਰ ਨਹੀਂ ਹੁੰਦਾ, ਉਹ ਅਕਸਰ ਹੀ ਹਉਮੈ ਦੇ ਮਾਰੇ ਨਿਰਦਈ ਲੋਕ ਹੁੰਦੇ ਹਨ।

ਇਸ ਤਰ੍ਹਾਂ ਉਦੋਂ ਦੁਵਲਿਉਂ ਨਿਰਦੈਤਾ ਦੇ ਤਾਂਡਵ ਦੇ ਕਾਰਨ ਪੂਰਬੀ ਤੇ ਪੱਛਮੀ ਪੰਜਾਬ ਦੇ ਲੱਖਾਂ ਲੋਕ ਜੋ ਕਿ ਕੁਝ ਦਿਨ ਪਹਿਲਾਂ ਹੀ ਵੱਡੀਆਂ ਮਿਲਖਾਂ ਤੇ ਜਾਇਦਾਦਾਂ ਦੇ ਮਾਲਕ ਸਨ ਤੇ ਭਰਾਵਾਂ ਵਾਗੂੰ ਰਹਿੰਦੇ ਸਨ, ਉਹ ਹੁਣ ਰਿਫਿਊਜੀ ਬਣ ਕੇ ਉਦਾਸ ਅੱਖਾਂ ਤੇ ਬੁਝੇ ਦਿਲਾਂ ਨਾਲ ਭਾਰਤ ਤੇ ਪਾਕਿਸਤਾਨ ਦੀ ਸਰਹੱਦ 'ਤੇ ਖੜ੍ਹੇ ਕਦੇ ਦਿੱਲੀ ਤੇ ਕਦੇ ਇਸਲਾਮਾਬਾਦ ਦੀਆਂ ਰੋਸ਼ਨੀਆਂ ਵੱਲ ਦੇਖਦੇ ਹੋਏ ਆਪਸੀ ਵੰਡ ਦੇ ਦਾਵਾਨਲੀ ਵਰਤਾਰਿਆਂ ਦਾ ਸੰਤਾਪ ਆਪਣੇ ਹੱਡਾਂ ਤੇ ਹੰਢਾ ਰਹੇ ਸਨ।



*Original with;*
Kulbir Singh Sidhu(I.A.S)
*Digitized by;*
Panjab Digital Library

ਬੇਸ਼ੱਕ ਕੁਝ ਕੁ ਭਲੇਮਾਣਸ 'ਹਾਅ' ਦਾ ਨਾਹਰਾ ਵੀ ਮਾਰ ਰਹੇ ਸਨ; ਪਰ ਜਨੂੰਨ ਭਰੇ ਨਗਾਰਖਾਨੇ ਵਿਚ ਤੂਤੀ ਦੀ ਤੂ-ਤੂ ਦੀ ਕੌਣ ਸੁਣਦਾ ਹੈ। ਇਸ ਸਾਰੀ ਖ਼ੌਫਨਾਕ ਤ੍ਰਾਸਦੀ ਦਾ ਜਦੋਂ ਕੋਈ ਬੰਨ੍ਹ-ਸੁਭ ਕਰਨ ਦੀ ਕਿਤੇ ਆਗੂਆਂ ਨੂੰ ਕੁਝ ਹੋਸ਼ ਆਈ ਤਾਂ ਉਦੋਂ ਬਹੁਤ ਦੇਰ ਹੋ ਚੁੱਕੀ ਸੀ ਕਿਉਂਕਿ ਉਦੋਂ ਤਕ ਤਾਂ ਪੰਜਾਬ ਦੀ ਪਾਵਨ ਧਰਤੀ ਖ਼ੂਨੀ ਹਤਿਆਰਿਆਂ ਨੇ ਨਿਰਦੋਸ਼ਾਂ ਤੇ ਮਾਸੂਮਾਂ ਦੇ ਲਹੂ ਨਾਲ ਸੈਲਾਬ ਕਰ ਦਿੱਤੀ ਸੀ। ਬਾਕੀ ਗੱਲ ਤਾਂ ਛੱਡੋ! ਉਦੋਂ ਤਾਂ ਇਹ ਸਾਰੇ ਅਣਮਨੁੱਖੀ ਤੇ ਅਮਾਨਵੀ ਕਾਰੇ ਤਾਂ ਉਰ੍ਹਾਂ ਦੀ ਗੱਲ ਹੈ, ਸਗੋਂ ਕਿੰਨੇ ਹੀ ਹੋਰ ਅਤਿ ਦੇ ਘਿਨਾਉਣੇ ਦਾਨਵੀ ਕਾਰਿਆ ਨੂੰ ਵੇਖ ਕੇ ਰੱਬ ਵੀ ਪਲਾਇਨ ਕਰ ਗਿਆ ਸੀ।

ਦੇਸ਼ ਦੀ ਇਹ ਅਣਚਾਹੀ ਵੰਡ ਦੀ ਅਣਹੋਣੀ ਖੇਡ ਕਿਉਂ ਤੇ ਕਿਵੇਂ ਹੋਈ ਇਹ ਇਕ ਲੰਬੀ ਕਹਾਣੀ ਹੈ। ਪਰ ਸਿਤਮ ਇਹ ਹੈ ਕਿ ਉਧਰ ਦੂਜੇ ਪਾਸੇ ਅਜ਼ਾਦੀ ਦੇ ਨਾਮ 'ਤੇ ਪੰਜਾਬ ਨੂੰ ਵੰਡਣ ਵਾਲੇ ਦੋਨਾਂ ਦੇਸ਼ਾਂ ਦੇ ਝੰਡਾਬਰਦਾਰ 14 ਤੇ 15 ਅਗਸਤ 1947 ਨੂੰ ਆਪੋ-ਆਪਣੀਆਂ ਰਾਜਧਾਨੀਆਂ ਦਿੱਲੀ ਤੇ ਇਸਲਾਮਾਬਾਦ ਵਿਚ ਅਜ਼ਾਦੀ ਦੀਆਂ ਖੁਸ਼ੀਆਂ ਮਨਾਉਣ ਲਈ ਰੋਸ਼ਨੀਆਂ ਕਰ ਰਹੇ ਸਨ। ਉਦੋਂ ਖ਼ਾਸ ਕਰਕੇ ਮਜ਼ਹਬਾਂ ਵਾਲਿਆਂ ਤੇ ਸਿਆਸਤਦਾਨਾਂ ਨੇ ਲੋਕਾਂ ਦੇ ਲਹੂ ਦਾ ਮੁੱਲ ਵਜ਼ੀਰੀਆਂ, ਅਫ਼ਸਰੀਆਂ ਤੇ ਚੌਧਰਾਂ ਖੱਟ ਕੇ ਵੱਟਿਆ, ਉਹ ਮਾੜਾ ਲੀਹਾ ਅੱਜ ਵੀ ਚਲ ਰਿਹਾ ਹੈ। ਹੁਣ ਵੀ ਸਾਂਝੀ ਸਰਹੱਦ 'ਤੇ ਪਹਿਰੇਦਾਰੀ ਦੇ ਨਾਮ 'ਤੇ ਫ਼ੌਜੀਆਂ ਦਾ ਲਹੂ ਵੀਟਿਆ ਜਾ ਰਿਹਾ ਹੈ, ਜੋ ਕਿ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ ਹੈ। ਬੇਸ਼ੱਕ ਥੋੜ੍ਹੇ ਸਮੇਂ ਬਾਅਦ ਹੀ ਉਸ ਸਮੇਂ ਦੇ ਹਾਲਾਤਾਂ ਨੂੰ ਵੇਖ ਕੇ ਦੋਨੋਂ ਮੁਲਕਾਂ ਦੇ ਅਲੰਬਰਦਾਰ ਆਕਾ ਇਕ ਵਾਰ ਤਾਂ 'ਖਿਸਿਆਨੀ ਬਿੱਲੀ ਖੰਬਾ ਨੋਚੇ' ਦੇ ਅਖਾਣ ਮੁਤਾਬਿਕ ਪਛਤਾਵੇ ਦੇ ਹੰਝੂ ਬਹਾ ਰਹੇ ਸਨ, ਪਰ ਉਦੋਂ ਤਕ ਖੇਡ ਵਿਗੜ ਚੁੱਕੀ ਸੀ ।

ਇਸ ਸੰਦਰਭ ਵਿਚ ਇਸ ਸਭ ਕਾਸੇ ਤੋਂ ਕਿਤੇ ਵੱਧ ਸਮਝਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਭਗਤਾਂ ਤੇ ਸਵਤੰਤਰਤਾ ਸੰਗਰਾਮੀਆਂ ਨੇ ਹਿੰਦੋਸਤਾਨ ਦੀ ਅਜ਼ਾਦੀ ਵਾਸਤੇ ਇਕ ਸਾਂਝਾ ਸੰਘਰਸ਼ ਵਿਢਿਆ ਸੀ ਅਤੇ ਇਸ ਲਈ ਇਕ ਬੇਮਿਸਾਲ ਜੱਦੋ-ਜਹਿਦ ਕੀਤੀ ਸੀ। ਅਜ਼ਾਦੀ ਦੀ ਸ਼ਮ੍ਹਾਂ 'ਤੇ ਕੁਰਬਾਨ ਹੋਣ ਵਾਲੇ ਇੰਨ੍ਹਾਂ ਕੁਰਬਾਨੀ ਦੇ ਪੁੰਜਾਂ ਤੇ ਮਹਾਨ ਸੰਘਰਸ਼ੀ ਯੋਧਿਆਂ ਨੇ ਸਾਡੇ ਸਾਂਝੇ-ਸੋਹਣੇ ਪੰਜਾਬ ਦੀ ਸਰਜ਼ਮੀਨ ਤੋਂ ਬਿਨਾਂ ਮਜ਼ਬੋ-ਮਿਲਤ ਸਾਂਝੇ ਤੌਰ 'ਤੇ ਉੱਠ ਕੇ ਭਾਰਤ ਨੂੰ ਅਜ਼ਾਦ ਕਰਾਉਣ ਦਾ ਇਕ ਦ੍ਰਿੜ ਸੰਕਲਪ ਲਿਆ ਸੀ। ਉਨ੍ਹਾਂ ਮਹਾਨ ਰੂਹਾਂ ਦਾ ਇਕੋ-ਇਕ ਨਿਸ਼ਾਨਾ ਭਾਰਤ ਦੀ ਅਜ਼ਾਦੀ ਸੀ, ਜਿਸ ਵਾਸਤੇ ਅਜ਼ਾਦੀ ਦੇ ਉਨ੍ਹਾਂ ਪ੍ਰਵਾਨਿਆਂ ਨੇ ਸਾਡੀਆਂ ਅਜੋਕੀਆਂ ਪੀੜ੍ਹੀਆਂ ਦੇ ਅਜ਼ਾਦ ਭਵਿੱਖ ਵਾਸਤੇ ਆਪਣੇ-ਆਪ ਨੂੰ ਵਾਰ ਦਿੱਤਾ ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਸਾਡੇ ਗਦਰੀ ਤੇ ਬੱਬਰੀ ਬਾਬੇ ਅਤੇ ਫਿਰ ਸਾਡੇ ਸ਼ਹੀਦ ਕਰਤਾਰ ਸਿੰਘ ਸਰਾਭਾ, ਰਹਿਮਤ ਅਲੀ, ਕਾਸ਼ੀ ਰਾਮ ਮੜੌਲੀ, ਮਦਨ ਲਾਲ ਢੀਂਗਰਾ, ਸ਼ਹੀਦੇ-ਆਜ਼ਮ ਸ਼ ਭਗਤ ਸਿੰਘ, ਸ਼ਹੀਦ ਸੁਖਦੇਵ, ਰਾਜਗੁਰੂ,



*Original with;*
Kulbir Singh Sidhu(I.A.S)
*Digitized by;*
Panjab Digital Library

ਊਧਮ ਸਿੰਘ, ਅਸ਼ਫਾਕ ਉੱਲਾ ਖਾਨ, ਰਾਮ ਪ੍ਰਸਾਦ ਬਿਸਮਿੱਲ, ਰਾਜਿੰਦਰ ਨਾਥ ਲਹਿਰੀ, ਠਾਕੁਰ ਰੋਸ਼ਨ ਸਿੰਘ ਤੇ ਚੰਦਰ ਸ਼ੇਖਰ ਅਜ਼ਾਦ ਜਿਹੇ ਅਨੇਕਾਂ ਮਰਜੀਵੜੇ ਤੇ ਸਿਰਲੱਥ ਕੌਮੀ ਸ਼ਹੀਦਾਂ ਨੇ ਕੀ ਆਪਣਾ ਸਭ ਕੁਝ ਇਸ ਵਾਸਤੇ ਨਿਛਾਵਰ ਕੀਤਾ ਸੀ ਕਿ ਅਜ਼ਾਦੀ ਤੋਂ ਬਾਅਦ ਅਸੀਂ ਅੱਡੋ-ਫਾਟੀ ਹੋ ਕੇ ਦੋਨੋਂ ਪਾਸੇ ਆਪੋ-ਆਪਣੀਆਂ ਚੌਧਰਾਂ ਕਾਇਮ ਕਰ ਲਈਏ ।

ਇਕ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ 85 ਪ੍ਰਤੀਸ਼ਤ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੇ ਦੇਸ਼ ਵਾਸੀਆਂ ਵਾਸਤੇ ਕੀ ਕੁਰਬਾਨੀਆਂ ਇਸ ਲਈ ਦਿੱਤੀਆਂ ਸਨ ਕਿ ਉਨ੍ਹਾਂ ਦੇ ਇੰਨੇ ਵੱਡੇ ਅਹਿਸਾਨ ਦੇ ਇਵਜ਼ ਵਿਚ ਸਭ ਤੋਂ ਵੱਡਾ ਘਾਣ ਆਖ਼ਿਰ ਨੂੰ ਪੰਜਾਬੀਆਂ ਦਾ ਹੀ ਹੋਵੇ। ਜ਼ਾਹਿਰ ਹੈ ਕਿ ਸਾਡੇ ਮਹਾਨ ਦੇਸ਼ ਭਗਤ ਤੇ ਸ਼ਹੀਦ ਸਾਡੀ ਇਸ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਅਣਹੋਣੀ ਤੇ ਕੋਝੀ ਵੰਡ ਨਾਲ ਕਦੇ ਵੀ ਸਹਿਮਤ ਨਾ ਹੁੰਦੇ। ਪਰ ਅੱਜ ਇਹ ਗੱਲ ਵਿਚਾਰਨ ਦਾ ਨਾ ਤਾਂ ਸਾਡਾ ਮਨ ਹੈ ਅਤੇ ਨਾ ਹੀ ਸਾਡੇ ਆਗੂਆਂ ਕੋਲ ਇਹ ਟੁੱਟੀ-ਗੰਢਣ ਵਾਸਤੇ ਕੋਈ ਸਮਾਂ ਹੈ। ਰੱਬ ਹੀ ਜਾਣਦਾ ਹੈ ਕਿ ਫਿਰ ਤੋਂ ਇਕ ਹੋ ਜਾਣ ਦੀ ਗੱਲ ਤਾਂ ਇੰਨ੍ਹਾਂ ਨੂੰ ਕਾਣੀ ਅੱਖ ਵੀ ਨਹੀਂ ਭਾਉਂਦੀ ।

ਸਗੋਂ ਅਫ਼ਸੋਸ ਹੈ ਕਿ ਇਸ ਦੇ ਉਲਟ ਸਾਡੇ ਆਗੂ ਆਪੋ-ਆਪਣੀਆਂ ਬਾਦਸ਼ਾਹੀਆਂ ਕਾਇਮ ਕਰਨ ਤੇ ਖੁਲ੍ਹ-ਬਹਾਰੇ ਸਲਤਨਤੀ ਲਹਿਰੇ ਮਾਨਣ ਦੀ ਹਿਰਸ ਦੇ ਕਾਰਨ ਇਸ ਅਹਿਮ ਮਸਲੇ ਨੂੰ ਕੋਈ ਅਹਿਮੀਅਤ ਹੀ ਨਹੀਂ ਦੇ ਰਹੇ। ਦਰਹਕੀਕਤ ਅੱਜ ਦੁਵੱਲੇ ਹੀ ਅਸੀਂ ਸਾਰੇ ਆਪੋ-ਆਪਣੀ ਡੱਫਲੀ 'ਤੇ ਆਪੋ-ਆਪਣਾ ਰਾਗ ਅਲਾਪ ਰਹੇ ਹਾਂ। ਇਸ ਵਾਸਤੇ ਰੱਬ ਦਾ ਵਾਸਤਾ ਹੈ; ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਹਮਵਤਨੋ ਕਿ ਸਾਡੇ ਵਿਚੋਂ ਕੋਈ ਤਾਂ ਦੱਸੇ ਕਿ ਇਹ ਗੈਰ-ਕੁਦਰਤੀ ਵੰਡ ਕਿੰਨੀ ਕੁ ਵਾਜਿਬ ਸੀ ਅਤੇ ਅਸੀਂ ਹੁਣ ਫਿਰ ਕਦੋਂ ਤਕ ਇਸ ਦਾ ਸੰਤਾਪ ਭੋਗਦੇ ਰਹਿਣਾ ਹੈ। ਨਿਰਸੰਦੇਹ ਇੰਨ੍ਹਾਂ ਸਾਰੇ ਸੁਆਲਾਂ ਦਾ ਜਵਾਬ ਸਾਡੇ ਕੋਲ ਨਹੀਂ ਹੈ ਅਤੇ ਇਸ ਪ੍ਰਥਾਇ ਅਸੀਂ ਦਵੰਧ ਦਾ ਜੀਵਨ ਜੀਅ ਰਹੇ ਹਾਂ। ਸਾਡੀ ਕਮਜ਼ੋਰ ਮਾਨਸਿਕਤਾ ਤੇ ਦੁਚਿਤੀ ਨੂੰ **ਸੁਰਜੀਤ ਪਾਤਰ** ਬੜੇ ਢੁਕਵੇਂ ਸ਼ਬਦਾਂ ਵਿਚ ਬਿਆਨ ਕਰਦਾ ਹੈ :-

"ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ;
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।"

ਖ਼ੈਰ! ਇਸ ਸਬੰਧ ਵਿਚ ਅਸੀਂ ਦੁਵਲਿਉਂ ਆਪਣੇ ਮਨਾਂ ਦੀ ਘੁੰਡੀ ਖੋਲੀਏ ਜਾਂ ਨਾ ਖੋਲੀਏ, ਪਰ ਰੱਬ ਲਗਦੀ ਗੱਲ ਇਹ ਹੈ ਕਿ ਅਸੀਂ ਦੋਨੋਂ ਪਾਸੇ ਦੇ ਆਮ ਲੋਕ ਹਾਲੇ ਵੀ ਮੇਲ-ਮਿਲਾਪ ਦੀ ਭਾਵਨਾ ਰਖਦੇ ਹਾਂ। ਪਰ ਇਸ ਦੇ ਉਲਟ ਦੋਨੋਂ ਮੁਲਕਾਂ ਦੇ ਆਗੂਆਂ ਦੀਆਂ ਆਪਸੀ ਏਕਤਾ ਦੇ ਸਬੰਧ ਵਿਚ ਮੀਟਿੰਗਾਂ-ਦਰ-ਮੀਟਿੰਗਾਂ ਤੋਂ ਦੋਨੋਂ ਤਰਫ਼ ਦੇ ਅਵਾਮ ਇਸ ਪ੍ਰਥਾਇ ਚੰਗੇ ਫ਼ੈਸਲਿਆਂ ਦੀ ਉਡੀਕ ਵਿਚ ਖੜ੍ਹੇ-ਖੜ੍ਹੇ ਖ਼ੁਦ ਹੀ ਬਿਰਖ ਹੋ ਗਏ ਹਨ। ਇਸ ਪ੍ਰਸੰਗ ਵਿਚ ਇਹ ਵੀ ਕੌੜਾ



*Original with;*
Kulbir Singh Sidhu(I.A.S)
*Digitized by;*
Panjab Digital Library

ਅੱਕ ਚੱਬਣ ਵਰਗੀ ਗੱਲ ਹੈ ਕਿ ਹੁਣ ਤੀਜੀ ਪੀੜ੍ਹੀ ਤਕ ਇਸ ਗ਼ੈਰ-ਕੁਦਰਤੀ ਤੋੜ-ਵਿਛੋੜੇ ਦਾ ਸੰਤਾਪ ਹਢਾਉਂਦੇ-ਹਢਾਉਂਦੇ ਅਸੀਂ ਲੋਕ ਬੇਸ਼ੱਕ ਹੁਣ ਸਹਿੰਦੜ ਤਾਂ ਹੋ ਗਏ ਹਾਂ, ਪਰ ਕਿਤੇ ਨਾ ਕਿਤੇ ਹਾਲੇ ਵੀ ਵਿਛੋੜੇ ਦਾ ਇਹ ਦੁੱਖ ਸਹਿਣ ਦੇ ਬਾਵਜੂਦ ਵੀ ਆਮ ਲੋਕਾਂ ਨੂੰ ਰੱਬੀ ਇਨਸਾਫ਼ ਦੀ ਉਮੀਦ ਹੈ ਕਿ ਸੱਚ ਦਾ ਸੂਰਜ ਕਦੇ ਨਹੀਂ ਛਿਪਦਾ।

ਦਰਅਸਲ ਇਸ ਸੰਦਰਭ ਵਿਚ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਬੇਸ਼ੱਕ ਸੰਨ 1947 ਦੀ ਵੰਡ ਦੀ ਲਕੀਰ ਸਾਡੇ ਸੋਹਣੇ ਪੰਜਾਬ, ਸਾਡੇ ਸਾਂਝੇ ਸਭਿਆਚਾਰ ਤੇ ਭਾਈਚਾਰੇ ਨੂੰ ਢਾਈ-ਢਾਈ ਦਰਿਆਵਾਂ ਦੀ ਅਨੁਪਾਤ ਵਿਚ ਵੰਡ ਗਈ। ਗ਼ੈਰ ਮੁਲਕੀ ਹੁਕਮਰਾਨਾਂ ਦੇ ਟੋਲੇ ਵਿਚੋਂ ਇਕ ਅੰਗਰੇਜ਼ ਰੈਡਕਲਿਫ਼ ਦੀ ਖਿੱਚੀ ਇਹ ਅਣਡਿਠੀ ਰੇਖਾ ਪੰਜਾਂ ਪਾਣੀਆਂ ਦੀ ਸਰਜ਼ਮੀਨ, ਪੰਜਾਬੀ ਘਰਾਂ ਤੇ ਪਰਿਵਾਰਾਂ ਨੂੰ ਵੀ ਵੰਡ ਗਈ। ਬਹਿਰਹਾਲ! ਇਹ ਕਮਲ-ਰਮਲ ਵਿਚ ਕੀਤੀ ਜਨੂੰਨੀ ਹੱਦਬੰਦੀ 'ਪੰਜਾਬ' ਦੇ ਨਾਮ ਨੂੰ ਨਹੀਂ ਵੰਡ ਸਕੀ। ਅਸੀਂ ਅੱਜ ਵੀ ਦੋਨੋਂ ਪਾਸੇ ਢਾਈ-ਢਾਈ ਦਰਿਆਵਾਂ ਦੀ ਧਰਤੀ ਨੂੰ ਇਕੋ ਨਾਮ 'ਪੰਜਾਬ' ਭਾਵ ਪੰਜ-ਆਬਾਂ ਦੀ ਸਰਜ਼ਮੀਨ ਕਹਿ ਕੇ ਸਤਿਕਾਰਦੇ ਹਾਂ। ਅੱਜ ਦੋਨਾਂ ਦੇਸ਼ਾਂ ਦੇ ਲੋਕਾਂ ਵਿਚ ਇਕ ਨਵੀਂ ਸਾਂਝ ਤੇ ਮਿਲਵਰਤਣ ਦਾ ਫਿਰ ਤੋਂ ਮਾਹੌਲ ਬਣਿਆ ਹੈ ।

ਅੱਜ ਦੋਨੋਂ ਪਾਸੇ ਅੰਦਰੋਂ-ਅੰਦਰੀਂ ਇਕ ਚਿੰਤਾ ਤੋਂ ਇਕ ਨਵੀਂ ਸੋਚ ਉਭਰੀ ਹੈ ਕਿ ਪੰਜ ਦਰਿਆਵਾਂ ਦੀ ਸਾਂਝੀ ਸੰਸਕ੍ਰਿਤੀ, ਖੁਸ਼ਹਾਲ ਮਲਕੀਅਤ ਤੇ ਸਾਂਝੇ ਭਾਈਚਾਰੇ ਤੋਂ ਬਿਨਾਂ ਕੀ ਵਾਕਿਆ ਹੀ ਸਾਡਾ ਸਭ ਦਾ ਜੀਊਣਾ ਮੁਹਾਲ ਤਾਂ ਨਹੀਂ ਹੋ ਗਿਆ ਹੈ? ਅੱਜ ਇਕ ਇਹ ਵੀ ਵਿਚਾਰ ਉਭਰਿਆ ਹੈ ਕਿ ਅਸੀਂ ਹੋਰ ਕਿੰਨੀ ਕੁ ਦੇਰ ਆਪਣੇ ਜੀਵਨ ਦੇ ਗਾਡੀ ਰਾਹ 'ਤੇ ਆਪਸੀ ਏਕਤਾ ਤੇ ਮਿਲਵਰਤਣ ਤੋਂ ਬਿਨਾਂ ਇਉਂ ਹੀ ਨਿਰਾਸ਼ਾ ਤੇ ਉਦਾਸੀ ਦੇ ਆਲਮ ਵਿਚ ਤੋਰਾ ਤੋਰ ਸਕਾਂਗੇ। ਦਰਅਸਲ ਮੌਜੂਦਾ ਹਾਲਾਤਾਂ ਵਿਚ ਯਥਾਰਥ ਤਾਂ ਇਹ ਹੈ ਕਿ ਸਾਡੀ ਸਾਂਝੀ ਖੁਸ਼ੀ ਤੇ ਖੁਸ਼ਹਾਲੀ ਤਾਂ ਹੁਣ ਦੂਰ ਦੀ ਗੱਲ ਹੋ ਚੁੱਕੀ ਹੈ। ਖ਼ੈਰ! ਇਥੇ ਬਹੁਤ ਹੀ ਸੰਜੀਦਗੀ ਨਾਲ ਸੋਚਣ ਤੇ ਵਿਚਾਰਨ ਦੀ ਲੋੜ ਇਹ ਹੈ ਕਿ ਦੁਨੀਆਂ ਦੀਆਂ ਦੋ ਵੱਡੀਆਂ ਤਾਕਤਾਂ ਦੇ ਘਮਸਾਨੀ ਪੁੜਾਂ ਦੇ ਦਰਮਿਆਨ ਅਸੀਂ ਕਦੋਂ ਤਕ ਨਿਰਬਾਹ ਕਰ ਸਕਾਂਗੇ?

ਦਰਹਕੀਕਤ ਹਰ ਇਕ ਪੰਜਾਬੀ ਦਾ ਦਿਲ ਖੁੱਸਦਾ, ਦੁੱਖਦਾ ਤੇ ਰੋਂਦਾ ਹੈ; ਜਦੋਂ ਕੋਈ ਪੰਜਾਬ ਨੂੰ ਚੜ੍ਹਦਾ ਤੇ ਲਹਿੰਦਾ ਕਹਿੰਦਾ ਹੈ। ਮੁੱਢ ਕਦੀਮ ਤੋਂ ਧਰਤੀ ਦਾ ਇਹ ਸਿਰਮੌਰ ਤੇ ਜ਼ਰਖੇਜ਼ ਖਿੱਤਾ ਤਾਂ ਪੰਜ-ਆਬ ਹੀ ਰਿਹਾ ਹੈ। ਦੁਨੀਆਂ ਨੇ ਇਸ ਨੂੰ ਸਪਤ ਸਿੰਧੂ ਵੀ ਕਿਹਾ, ਆਰੀਆਵਰਤ ਤੇ ਬ੍ਰਹਮਵਰਤ ਵੀ ਕਹਿ ਕੇ ਵੇਖ ਲਿਆ ਹੈ। ਬੇਸ਼ੱਕ ਅੱਜ ਫੇਰ ਸੰਸਾਰ ਇਸ ਨੂੰ ਕੁੱਝ ਸਮੇਂ ਲਈ ਚੜ੍ਹਦਾ ਤੇ ਲਹਿੰਦਾ ਪੰਜਾਬ ਵੀ ਆਖ ਕੇ ਵੇਖ ਲਵੇ; ਇਸ ਨੇ ਰਹਿਣਾ ਤਾਂ ਪੰਜ ਪਾਣੀਆਂ ਦੀ ਧਰਤੀ ਹੀ ਹੈ। ਇਸ ਵਾਸਤੇ ਰੱਬੀ ਕਾਇਨਾਤ ਦੀਆਂ ਖੁਸ਼ੀਆਂ-ਖੁਸ਼ਹਾਲੀਆਂ ਦਾ ਮਾਲਕ 'ਸੂਰਜ' ਮਨੁੱਖਤਾ ਦੀ ਇਸ ਅਲਪਬੁੱਧੀ 'ਤੇ ਬਹੁਤ ਹੀ ਹੱਸਦਾ ਹੈ ਕਿ ਜਦੋਂ ਦੁਨੀਆਂ ਪੰਜਾਬ ਨੂੰ ਤਾਂ ਕੀ



Original with;
Kulbir Singh Sidhu(I.A.S)
Digitized by;
Panjab Digital Library

ਸਗੋਂ ਸੂਰਜ ਨੂੰ ਚੜ੍ਹਦਾ ਜਾਂ ਲਹਿੰਦਾ ਕਹਿੰਦੀ ਹੈ।

ਇਕ ਅੰਗਰੇਜ਼ ਵਿਦਵਾਨ ਰੁਡਯਾਰਡ ਕਿਪਲਿੰਗ ਕਿਤੇ ਬੁਧੀਮਤਾ ਦੇ ਵੇਗ ਵਿਚ ਕਹਿ ਬੈਠਾ ਹੈ ਕਿ ਪੂਰਬ ਤਾਂ ਪੂਰਬ ਹੈ ਅਤੇ ਪੱਛਮ ਤਾਂ ਪੱਛਮ ਹੀ ਹੈ; ਇਹ ਦੋਨੋਂ ਦਸਹਿੱਦੇ ਕਦੇ ਨਹੀਂ ਮਿਲ ਸਕਦੇ। ਉਸ ਅਨੁਸਾਰ ਪੂਰਬ ਤੇ ਪੱਛਮ ਦੋ ਕੁਦਰਤ ਵੱਲੋਂ ਦੂਰ-ਦੂਰ ਨਿਸ਼ਚਿਤ ਕੀਤੀਆਂ ਗਈਆਂ ਹੱਦਾਂ ਹਨ, ਪਰ ਉਹ ਇਹ ਵੀ ਮੰਨਦਾ ਹੈ ਕਿ ਪਿਆਰ ਭਰੇ ਦਿਲਾਂ ਦੇ ਮਾਲਕ ਇਨ੍ਹਾਂ ਹੱਦਾਂ ਨੂੰ ਜੋੜਨ ਦੀ ਸਮਰਥਾ ਰੱਖਦੇ ਹਨ। ਇਸ ਸੰਦਰਭ ਵਿਚ ਹੀ ਇਤਿਹਾਸ ਵੀ ਗਵਾਹ ਹੈ ਕਿ ਇਸ਼ਕ ਹਕੀਕੀ ਦਾ ਪਾਤਿਸ਼ਾਹ ਬਾਬਾ ਨਾਨਕ "ਮਨਿ ਜੀਤੈ ਜਗਿ ਜੀਤੁ" ਦਾ ਸਬਕ ਦਿੰਦਾ ਹੋਇਆ; ਦੁਨੀਆਂ ਦੀ ਬੁੱਧੀਮਤਾ ਦੀ ਇਸ ਅਤਿ ਲੰਮੇਰੀ ਦਲੀਲ ਨੂੰ ਸੱਚਮੁੱਚ ਹੀ ਪਿਆਰ ਦੀ ਇਕ ਪੁਲਾਂਘ ਨਾਲ ਹੀ ਉਲੰਘ ਕੇ ਮੱਕੇ-ਮਦੀਨੇ ਪਹੁੰਚ ਗਿਆ ਸੀ।

ਦੇਸ਼ ਦੀ ਵੰਡ ਦੇ ਇਸ ਚਲ ਰਹੇ ਪ੍ਰਸੰਗ ਵਿਚ ਕੀ ਅਸੀਂ ਇਸ ਸੱਚਾਈ ਤੋਂ ਮੁਨਕਰ ਹੋ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਅਜੋਕੇ ਪਾਕਿਸਤਾਨੀ ਪੰਜਾਬ ਦੇ ਜੰਮਪਲ ਸਨ ਅਤੇ ਹਿੰਦੋਸਤਾਨੀ ਪੰਜਾਬ ਨਾਲ ਮੋਦੀ ਖਾਨੇ ਅਤੇ ਵਿਆਹ ਦੇ ਸਬੰਧਾਂ ਤੋਂ ਬਿਨਾਂ ਜਨਮ ਤੋਂ ਜੋਤੀ-ਜੋਤ ਸਮਾਉਣ ਤੱਕ ਉਨ੍ਹਾਂ ਦਾ ਸਾਰਾ ਜੀਵਨ ਹੀ ਪਾਕਿਸਤਾਨ ਵਿਚਲੇ ਲਹਿੰਦੇ ਪੰਜਾਬ ਦੀ ਹੀ ਵਿਰਾਸਤ ਸੀ। ਇਉਂ ਹੀ ਬਾਬਾ ਫ਼ਰੀਦ ਪਾਕਪਟਨ ਤੋਂ ਚਲ ਕੇ ਸਾਡੇ ਚੜ੍ਹਦੇ ਪੰਜਾਬ ਦੀ ਅਧਿਆਤਮਿਕ ਵਿਰਾਸਤ ਨਹੀਂ ਬਣ ਗਿਆ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਬਾਬਾ ਨਾਨਕ ਤੇ ਬਾਬਾ ਫ਼ਰੀਦ ਨੂੰ ਕਦੇ ਵੰਡ ਸਕਾਂਗੇ? ਜੇ ਸੰਨ 1947 ਵਾਂਗ ਫਿਰ ਕਿਤੇ ਸਾਡੀਆਂ ਸਾਂਝਾਂ ਤੇ ਪ੍ਰੀਤਾਂ 'ਤੇ ਬਦਰੂਹਾਂ ਦਾ ਦੁਬਾਰਾ ਪਹਿਰਾ ਲੱਗ ਗਿਆ ਤਾਂ ਸੋਚੋ ਕਿ ਬਾਬਾ ਫ਼ਰੀਦ ਜਾਂ ਬਾਬਾ ਨਾਨਕ ਦੋਨਾਂ ਵਿਚੋਂ ਕਿਸ ਨੂੰ ਆਪਣੇ ਵੱਲ ਰੱਖਾਂਗੇ ਤੇ ਕਿਸ ਨੂੰ ਛੱਡਾਂਗੇ

ਨਿਰਸੰਦੇਹ ਇਹ ਦਿਲਾਂ ਦੇ ਮਹਾਨ ਬਾਦਸ਼ਾਹ ਵੀ ਪੂਰਬ-ਪੱਛਮ, ਉੱਤਰ-ਦੱਖਣ, ਜਾਤਪਾਤ ਤੇ ਵੱਖਵਾਦ ਦੇ ਵਾਦ-ਵਿਵਾਦਾਂ ਦੀਆਂ ਬੋਝਲ ਦਲੀਲਾਂ ਦੇ ਕਾਇਲ ਨਹੀਂ ਸਨ। ਉਨ੍ਹਾਂ ਲਈ ਇਸ਼ਕ ਹੀ ਹਰਫ਼ੇ ਅਵੱਲ ਸੀ ਤੇ ਇਸ਼ਕ ਹੀ ਹਰਫ਼ੇ ਆਖ਼ਿਰ ਸੀ। ਉਨ੍ਹਾਂ ਲਈ ਇਸ਼ਕ ਹੀ ਰੱਬ ਸੀ ਤੇ ਇਸ਼ਕ ਹੀ ਕਾਅਬਾ ਸੀ। ਇਸ ਲਈ ਸੋਚੀਏ ਕਿ ਰੱਬ ਤੇ ਕਾਅਬਾ ਕਿਵੇਂ ਵੰਡੇ ਜਾ ਸਕਦੇ ਹਨ। ਕੀ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਬੰਧੀ ਮੁਹੰਮਦ ਇਕਬਾਲ ਨਹੀਂ ਸਮਝਾਉਂਦਾ ਕਿ "ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖਵਾਬ ਸੇ।" ਫਿਰ ਕੀ ਬਾ-ਇਮਾਨ ਮੁਸਲਮਾਨ ਅੱਲਾ ਯਾਰ ਖਾਂ ਜੋਗੀ ਚਮਕੌਰ ਤੇ ਸਰਹਿੰਦ ਦੇ ਸਾਕੇ ਨੂੰ ਸਿਜਦਾ ਕਰਦਾ ਹੋਇਆ ਸਾਨੂੰ ਨਹੀਂ ਦੱਸਦਾ ਕਿ:-

"ਗ਼ਰ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲੀਏ।
ਚਮਕ ਹੈ ਮਹਰ ਕੀ ਐ ਚਮਕੌਰ ਤੇਰੇ ਜ਼ੱਰੋਂ ਮੇ,
ਸਯਾਰੇ ਯਹੀਂ ਸੇ ਗਏ ਹੈਂ ਆਸਮਾਂ ਕੇ ਲੀਏ।"



Original with;
Kulbir Singh Sidhu(I.A.S)
Digitized by;
Panjab Digital Library

ਇਉਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਾਲਿਓ! ਕੋਈ ਤਾਂ ਦੱਸੋ ਕਿ ਕੀ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਵਡੇਰਿਆਂ ਪੰਜਵੇਂ ਪਾਤਿਸ਼ਾਹ ਤੇ ਨੌਵੇਂ ਪਾਤਿਸ਼ਾਹ ਦੀਆਂ ਕੁਰਬਾਨੀਆਂ ਸਿਰਫ਼ ਤੇ ਸਿਰਫ਼ ਮਾਨਵਤਾ ਦੀਆਂ ਕਦਰਾਂ-ਕੀਮਤਾਂ ਤੇ ਇਨਸਾਨੀਅਤ ਦੀ ਬਕਾਇਮੀ ਲਈ ਨਹੀਂ ਸਨ? ਇਸ ਹੀ ਪ੍ਰਸੰਗ ਵਿਚ ਫਿਰ ਕੀ ਅਸੀਂ ਪੰਜਵੇਂ ਪਾਤਿਸ਼ਾਹ ਦੇ ਸ਼ਰਧਾਲੂ ਸਾਈਂ ਮੀਆਂ ਮੀਰ ਤੇ ਨੌਵੇਂ ਪਾਤਿਸ਼ਾਹ ਦੇ ਮੁਰੀਦ ਪੀਰ ਦਰਗਾਹੀ ਸ਼ਾਹ ਅਤੇ ਦਸਵੇਂ ਪਾਤਿਸ਼ਾਹ ਸਮੇਂ ਦੇ ਪੀਰ ਬੁੱਧੂ ਸ਼ਾਹ, ਨਿਹੰਗ ਖਾਨ, ਨਬੀ ਖਾਨ ਤੇ ਗਨੀ ਖਾਨ ਜਿਹੇ ਮੁਸਲਮਾਨ ਪੈਰੋਕਾਰਾਂ ਦੇ ਗੁਰੂ ਘਰ ਪ੍ਰਤੀ ਪ੍ਰੇਮ ਤੇ ਸ਼ਰਧਾ ਨੂੰ ਕਦੇ ਵੰਡ ਸਕਾਂਗੇ?

ਚੜ੍ਹਦੇ ਪੰਜਾਬ ਵਾਲਿਓ! ਕਿੱਸਾ ਮੁਖਤਸਰ; ਕੀ ਅਸੀਂ ਵਜਦ ਦੀਆਂ ਮੰਜ਼ਿਲਾਂ ਲੰਘੇ ਰੱਬ ਦੇ ਮਿਲਾਪੀ ਬਾਬਾ ਫ਼ਰੀਦ, ਹਾਸ਼ਮ, ਸੁਲਤਾਨ ਬਾਹੂ, ਬੁੱਲੇਸ਼ਾਹ ਤੇ ਵਾਰਿਸ ਸ਼ਾਹ ਨੂੰ ਵਾਪਸ ਲਹਿੰਦੇ ਪੰਜਾਬ ਨੂੰ ਮੋੜ ਸਕਾਂਗੇ? ਇਉਂ ਹੀ ਭਾਵੇਂ ਦਿਲਾਂ ਦੇ ਮਹਿਰਮ ਵਾਰਿਸ ਸ਼ਾਹ ਨੂੰ ਪੁੱਛ ਲਵੋ ਜਾਂ ਸੰਵੇਦਨਸ਼ੀਲ ਦਿਲਾਂ ਦੀ ਮਲਿਕਾ ਅੰਮ੍ਰਿਤਾ ਪ੍ਰੀਤਮ ਨੂੰ ਹੀ ਪੁੱਛ ਲਵੋ ਕਿ ਉਹ ਇਸ ਸਬੰਧੀ ਕੀ ਜਵਾਬ ਦਿੰਦੇ ਹਨ। ਸੱਚ ਤਾਂ ਇਹ ਹੈ ਕਿ ਦਿਲਾਂ ਦੇ ਸੌਦਾਗਰ ਤੇ ਇਸ਼ਕ-ਮਿਜ਼ਾਜ਼ੀ ਦੀਆਂ ਪਿਤਾਮਾ ਜੋੜੀਆਂ ਹੀਰ-ਰਾਂਝਾ, ਸੱਸੀ-ਪੁਨੂੰ, ਸੋਹਣੀ-ਮਹੀਂਵਾਲ, ਸ਼ੀਰੀ-ਫਰਿਹਾਦ ਤੇ ਮਿਰਜ਼ਾ-ਸਾਹਿਬਾਂ ਵਰਗੀ ਇਕ ਵੀ ਇਸ਼ਕ ਮੱਤੀ ਜੋੜੀ ਜਿਸ ਦੇ ਹੱਡੀਂ ਇਸ਼ਕ ਰਚਿਆ ਹੋਵੇ; ਅਸੀਂ ਉਹ ਫਿਰ ਕਿੱਥੋਂ ਲੱਭ ਲਿਆਵਾਂਗੇ। ਜ਼ਰਾ ਸੋਚੀਏ! ਇਨ੍ਹਾਂ ਰੱਬ ਮਿਲਾਈਆਂ ਰੂਹਾਂ ਵਾਸਤੇ ਕੀ ਲਹਿੰਦਾ ਤੇ ਚੜ੍ਹਦਾ ਪੰਜਾਬ ਸਾਡੇ ਦਿਲਾਂ ਵਿਚ ਪਿਆਰ ਦੀਆਂ ਵੰਡੀਆਂ ਪਾ ਸਕਿਆ ਹੈ?

ਆਓ! ਵਿਚਾਰ ਕੇ ਵੇਖੀਏ; ਕੀ ਪ੍ਰੋ: ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਧਨੀ ਰਾਮ ਚਾਤ੍ਰਿਕ, ਪ੍ਰੋ: ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਗੁਰਬਖਸ਼ ਸਿੰਘ ਪ੍ਰੀਤਲੜੀ, ਸਾਹਿਰ ਲੁਧਿਆਣਵੀ, ਸਦਾਅਤ ਹਸਨ ਮੰਟੋ, ਇਲੀਆਸ ਘੁੰਮਣ, ਇਕਬਾਲ ਤੇ ਫੈਜ਼ ਜਿਹੇ ਕਿੰਨੇ ਹੀ ਪ੍ਰੀਤਾਂ ਦੇ ਪਹਿਰੇਦਾਰ; ਪੋਠੋਹਾਰ ਦੀ ਕੁੜੀ ਦੀ ਗੱਲ ਕਰਨ ਦੇ ਬਹਾਨੇ ਅਣਵੰਡੇ ਪੰਜਾਬ ਦੀ ਕਿਤਾਬੇ-ਇਸ਼ਕ ਦੀ ਬਾਤ ਤਾਂ ਨਹੀਂ ਪਾ ਗਏ? ਫਿਰ **ਬਾਬਾ ਫਿਰੋਜ਼ਦੀਨ ਸ਼ਰਫ਼** ਤਾਂ ਗੱਲ ਹੀ ਸਿਰੇ ਲਾ ਗਏ ਹਨ ਕਿ ਜਦੋਂ ਉਨ੍ਹਾਂ ਨੇ ਲਿਖਿਆ:-

"ਸੋਹਣੇ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ,
ਜੀਕਣ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਈਓ!

ਆਓ! ਗੱਲ ਮੁਕਾ ਵੇਖੀਏ; ਕੀ ਅਸੀਂ ਮਲਕਾ-ਏ-ਤੱਰਨਮ ਨੂਰਜਹਾਂ, ਸੁਰਈਆ, ਬੇਗਮ ਅਖ਼ਤਰ, ਮਲਕਾ ਪੁਖ਼ਰਾਜ, ਰੋਸ਼ਨ ਆਰਾ ਬੇਗਮ, ਰੇਸ਼ਮਾ, ਸੁਰਿੰਦਰ ਕੌਰ ਤੇ ਸੁਰ ਸਮਰਾਟ ਬੜੇ ਗੁਲਾਮ ਅਲੀ ਖਾਨ, ਕੇ ਐਲ. ਸਹਿਗਲ, ਮੁਹੰਮਦ ਰਫੀ, ਤਲਤ ਮਹਿਮੂਦ, ਮਹਿੰਦੀ ਹਸਨ, ਨੁਸਰਤ ਅਲੀ ਖਾਨ, ਮੌਸੀਕੀ ਦੇ ਬਾਦਸ਼ਾਹ ਉਸਤਾਦ ਅੱਲਾ ਰਾਖਾ ਖਾਨ, ਬਿਸਮਿੱਲਾ ਖਾਨ, ਹੁਸਨ ਲਾਲ-ਭਗਤ ਰਾਮ ਦੀ ਜੋੜੀ, ਨੌਸ਼ਾਦ ਅਲੀ, ਦੀਨਾ ਨਾਥ ਮਧੋਕ ਤੇ ਗੁਲਾਮ ਹੈਦਰ ਦੇ ਲਾਸਾਨੀ ਸੁਰ-ਤਾਲ



*Original with;*
Kulbir Singh Sidhu(I.A.S)
*Digitized by;*
Panjab Digital Library

ਨੂੰ ਰੂਹ ਦੀਆਂ ਡੂੰਘਾਈਆਂ ਤੱਕ ਹੁਣ ਤੱਕ ਨਹੀਂ ਮਾਣ ਰਹੇ? ਕੀ ਅਜੋਕੇ ਸਮੇਂ ਵਿਚ ਇਕ ਪਾਸੇ ਆਲਮ ਲੁਹਾਰ, ਗੁਲਾਮ ਅਲੀ ਤੇ ਇਧਰੋਂ ਸੂਫੀਆਨੇ ਕਲਾਮ ਦੇ ਵਾਰਸ ਹੰਸ ਰਾਜ ਹੰਸ ਵਰਗੇ ਸਾਡੀਆਂ ਰੂਹਾਂ ਨੂੰ ਸਾਂਝੇ ਸੁਰਾਂ ਨਾਲ ਨਹੀਂ ਸਰਸ਼ਾਰ ਕਰ ਰਹੇ।

ਇਓਂ ਹੀ ਮਨੁੱਖੀ ਤਾਕਤ ਦੇ ਸ਼ਾਹਜ਼ੋਰ ਪਹਿਲਵਾਨ ਨੂਰਉਦੀਨ, ਕਿੱਕਰ ਸਿੰਘ, ਬੂਟਾ ਸਿੰਘ, ਗੁਲਾਮ, ਕੱਲੂ, ਗਾਮਾ, ਇਮਾਮ ਬਖ਼ਸ਼, ਭੋਲੂ ਤੇ ਬੰਤਾ ਸਿੰਘ ਵਲਟੋਹੇ ਵਾਲੇ ਨੂੰ ਕੀ ਅਸੀਂ ਅੱਜ ਤੱਕ ਵੰਡ ਸਕੇ ਹਾਂ? ਆਓ! ਕੋਈ ਤਾਂ ਜੁਆਬ ਬਣਾਈਏ ਕਿ ਸਾਡੀਆਂ ਵਿਰਾਸਤੀ ਖੇਡਾਂ ਘੋਲ, ਛਿੰਝਾਂ, ਸੌਂਚੀ ਪੱਤੀ ਤੇ ਕੌਡੀ ਲਹਿੰਦੇ ਪੰਜਾਬ ਜਾਂ ਚੜ੍ਹਦੇ ਪੰਜਾਬ ਵਿਚੋਂ ਕਿਹੜੇ ਪਾਸੇ ਦੇ ਇਕ ਪੰਜਾਬ ਦੀ ਵਿਰਾਸਤ ਹੈ? ਖ਼ੈਰ! ਸੱਚ ਤਾਂ ਇਹ ਹੈ ਕਿ ਅੱਜ ਵੀ ਸਾਡੇ ਸਾਂਝੇ ਪੰਜਾਬ ਦੀ ਅਮੀਰ ਵਿਰਾਸਤ ਤੇ ਪੰਜਾਬੀਅਤ ਦੀਆਂ ਧੁੰਮਾਂ ਕੁਲ ਜਹਾਨ ਅੰਦਰ ਵੇਖ ਕੇ ਹਰ ਪੰਜਾਬੀ ਦਾ ਮਨ ਸੁੱਤੇ-ਸਿੱਧ ਹੀ ਗਾ ਉੱਠਦਾ ਹੈ:-

ਵਾਹ ਪੰਜਾਬੀ ਵਿਰਸਿਆ ਤੈਨੂੰ ਰੱਬ ਦੀਆਂ ਖੈਰਾਂ
ਰਹਿਣ ਸਲਾਮਤ ਤੇਰੀਆਂ ਵੱਖਰੀਆਂ ਪੈੜਾਂ

ਦਰਅਸਲ ਰੱਬ ਲਗਦੀ ਗੱਲ ਤਾਂ ਇਹ ਹੈ ਕਿ ਸਾਡੇ ਅਲੰਬਰਦਾਰਾਂ ਦੇ ਆਪ ਹੀ ਸਹੇੜੇ ਇਸ ਵੰਡ ਦੇ ਵਰਤਾਰੇ ਤੋਂ ਦੁੱਖੀ ਦੋਨੋਂ ਤਰਫ਼ ਅਵਾਮ ਵਿਚ ਇਕੋ ਜਿਹੀ ਤਰਲੋ-ਮੱਛੀ ਲਗੀ ਹੋਈ ਹੈ ਅਤੇ ਹਰ ਦਿਲ ਤੇ ਦਿਮਾਗ ਇਕ ਭੰਬਲਭੂਸੇ ਵਿਚ ਪਿਆ ਹੋਇਆ ਹੈ। ਹੋਰ ਤਾਂ ਹੋਰ ਦੋਹਾਂ ਪਾਸਿਆਂ ਤੋਂ ਬੱਸ ਭਮੱਤਰਿਆ ਜਿਹਾ ਅਵਾਮ ਆਪਣੇ ਆਪ ਨੂੰ ਹੀ ਇਕ ਸੁਆਲ ਕਰ ਰਿਹਾ ਹੈ ਕਿ ਜਨੌਰ, ਕਾਂ ਤੇ ਕੁੱਤੇ ਤਾਂ ਰੈੱਡਕਲਿਫ ਦੀ ਲਾਈਨ ਪਾਰ ਕਰਕੇ ਆਪਣੇ ਮਨ ਦੀਆਂ ਸੱਧਰਾਂ-ਮੁਰਾਦਾਂ ਪੂਰੀਆਂ ਕਰ ਰਹੇ ਹਨ, ਪਰ ਇਸ ਦੇ ਉਲਟ ਅਸੀਂ ਦਾਨਿਸ਼ਮੰਦ ਕਹਾਉਣ ਦੇ ਬਾਵਜੂਦ ਵੀ ਆਪਣੀਆਂ ਹੀ ਬੰਦਿਸ਼ਾਂ ਦੇ ਬੰਨ੍ਹੇ ਹੋਏ, ਇਨ੍ਹਾਂ ਅਲਪਗ ਜੀਵਾਂ ਤੋਂ ਵੀ ਗਏ-ਗੁਜ਼ਰੇ ਸਾਬਤ ਹੋ ਰਹੇ ਹਾਂ?

ਇਸ ਪ੍ਰਥਾਇ ਮੈਂ 25 ਕੁ ਸਾਲ ਪਹਿਲਾਂ ਇਕ ਮਿੰਨੀ ਕਹਾਣੀ ਲਿਖੀ ਸੀ ਕਿ ਅਸਲ ਵਿਚ ਕਾਂ, ਕੁੱਤੇ ਤੇ ਬੰਦੇ ਵਿਚੋਂ ਅਜ਼ਾਦ ਕੌਣ ਹੈ। ਬਹਿਰਹਾਲ! ਨਿਰਣੇ ਵਜੋਂ ਮੈਂ ਸਪਸ਼ਟ ਲਿਖਿਆ ਸੀ ਕਿ ਪੰਛੀ ਤੇ ਜਾਨਵਰ ਅਜ਼ਾਦ ਹਨ ਤੇ ਬੰਦਾ ਹਾਲੇ ਵੀ ਗੁਲਾਮ ਹੈ। ਇਸ ਸੰਦਰਭ ਵਿਚ ਪੰਜਾਬ ਦੇ ਬਾਰਡਰ ਦੇ ਜ਼ਿਲ੍ਹਿਆਂ ਦਾ ਨਜ਼ਾਰਾ ਮੈਂ ਬਤੌਰ ਡਿਪਟੀ ਕਮਿਸ਼ਨਰ ਅੱਖੀਂ ਵੇਖਿਆ ਹੈ ਕਿ ਪੰਛੀ ਕੁਦਰਤੀ ਨੇਮ ਅਨੁਸਾਰ ਪ੍ਰਕਾਸ਼ ਦੀ ਦਿਸ਼ਾ ਵਿਚ ਸਵੇਰੇ ਪੂਰਬ ਵਲ ਹਿੰਦੋਸਤਾਨ ਦੀ ਧਰਤੀ ’ਤੇ ਦਾਣਾ-ਦੁਣਕਾ ਚੁਗਣ ਆਉਂਦੇ ਹਨ ਅਤੇ ਫਿਰ ਸ਼ਾਮ ਨੂੰ ਪੱਛਮ ਦੀ ਤਰਫ਼ ਵਾਪਸ ਪਾਕਿਸਤਾਨ ਵਿਚ ਆਪਣੇ ਰੈਣ-ਬਸੇਰਿਆਂ ਵਲ ਬੇਰੋਕ-ਟੋਕ ਉਡਾਣਾਂ ਭਰਦੇ ਵੇਖੇ ਜਾ ਸਕਦੇ ਹਨ।

ਇਕ ਵਾਰ ਜਦੋਂ ਸਾਡੀ ਦੋਨੋਂ ਪਾਸੇ ਦੇ ਉੱਚ ਅਧਿਕਾਰੀਆਂ ਦੀ ਹੁਸੈਨੀਵਾਲਾ



Original with;
Kulbir Singh Sidhu(I.A.S)
Digitized by;
Panjab Digital Library

ਬਾਰਡਰ 'ਤੇ ਮੀਟਿੰਗ ਹੋ ਰਹੀ ਸੀ ਤਾਂ ਮੈਂ ਬਤੌਰ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੋਨੋਂ ਪਾਸੇ ਦੇ ਸੰਗੀਨਧਾਰੀ ਫੌਜੀਆਂ ਨੂੰ ਵਿਖਾਇਆ ਕਿ ਪੰਛੀ ਬੇਰੋਕ ਸਰਹੱਦਾਂ ਉਲੰਘ ਰਹੇ ਸਨ। ਇਕੋਂ ਤੱਕ ਕਿ ਇਕ ਕੁੱਤਾ ਆਦਤ ਤੋਂ ਮਜਬੂਰ ਸਰਹੱਦੀ ਮੀਲ ਪੱਥਰ 'ਤੇ ਪਿਸ਼ਾਬ ਕਰਨ ਉਪਰੰਤ ਸਰਹੱਦੋਂ ਪਾਰ ਓਹ ਗਿਆ-ਓਹ ਗਿਆ। ਪਰ ਅਸੀਂ ਆਪਣੀਆਂ ਹੀ ਬਣਾਈਆਂ ਮਜਬੂਰੀਆਂ ਦੇ ਬੰਧਨਾਂ ਦੇ ਪਾਬੰਦ ਸਾਰੇ ਛੋਟੇ-ਵੱਡੇ ਅਧਿਕਾਰੀ ਉਨ੍ਹਾਂ ਪੰਛੀਆਂ ਤੇ ਜਾਨਵਰਾਂ ਦੇ ਅਜ਼ਾਦਾਨਾ ਤੌਰ-ਤਰੀਕੇ ਦੇ ਮੂਕ-ਦਰਸ਼ਕ ਬਣੇ ਖੜ੍ਹੇ ਸੀ। ਸਗੋਂ ਅਸੀਂ ਝੂਰ ਰਹੇ ਸੀ ਕਿ ਕਾਇਨਾਤ ਦੀ ਸਭ ਤੋਂ ਵਧੀਆਂ ਜੂਨੀ ਹੋਣ ਦੇ ਬਾਵਜੂਦ ਵੀ ਅਸੀਂ ਆਪਣੀਆਂ ਹੀ ਖਿਚੀਆਂ ਲਛਮਣ ਰੇਖਾਵਾਂ ਨੂੰ ਉਲੰਘ ਨਹੀਂ ਸਕਦੇ। ਸਾਨੂੰ ਪੰਛੀਆਂ ਤੇ ਚੌਪਾਇਆਂ ਜਿੰਨੀ ਵੀ ਖੁਲ੍ਹ ਨਹੀਂ ਹੈ।

ਇਸ ਪ੍ਰਥਾਇ ਸਾਡੇ ਨਾਲੋਂ ਤਾਂ ਚਿੜੀ-ਜਨੌਰ ਹੀ ਚੰਗੇ ਹਨ ਕਿ ਜਿਹੜੇ ਮਨੁੱਖ ਦੀਆਂ ਪਾਈਆਂ ਵੰਡੀਆਂ ਤੋਂ ਮੁਨਕਰ ਹੋ ਕੇ ਇਕ-ਦੂਜੇ ਨਾਲ ਇਨਸਾਨਾਂ ਨਾਲੋਂ ਵੱਧ ਮਿਲਵਰਤਣ ਤੇ ਸਦਭਾਵਨਾ ਦੀ ਪ੍ਰੰਪਰਾ ਨਿਭਾ ਰਹੇ ਹਨ। ਇਸ ਸੰਦਰਭ ਵਿਚ ਸਾਨੂੰ ਇਹ ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਭਰਾਵੋ ਆਪਾਂ ਧਰਤੀ ਤਾਂ ਵੰਡ ਲਈ ਪਰ ਆਪਣੇ ਪੁਰਖੇ ਤੇ ਵਡੇਰੇ ਕਿਵੇਂ ਵੰਡਾਂਗੇ? ਸਾਡੀ ਸੰਸਕ੍ਰਿਤੀ ਤੇ ਸਭਿਆਚਾਰ ਦੇ ਪ੍ਰਤੀਕ ਸਾਡੇ ਗੁਰਧਾਮ, ਪੀਰਾਂ-ਫਕੀਰਾਂ ਦੀਆਂ ਜ਼ਿਆਰਤ ਗਾਹਾਂ ਤੇ ਸਾਡੇ ਸਾਂਝੇ ਮੇਲੇ-ਤਿਉਹਾਰ ਕੀ ਸਾਡੀ ਦੁਵੱਲੀ ਸਦਭਾਵਨਾ ਤੇ ਅਮੀਰ ਵਿਰਾਸਤ ਦੇ ਮੁਜੱਸਮਾ ਨਹੀਂ ਹਨ? ਕੀ ਸਾਂਝਾ ਦੇ ਇਹ ਸਾਰੇ ਮੁਜੱਸਮੇ ਰੈੱਡਕਲਿਫ ਵੱਲੋਂ ਵਾਹੀ ਗਈ ਦਿਮਾਗੀ ਪਰ ਦਿਲੋਂ ਸੱਖਣੀ ਲਕੀਰ ਦੇ ਆਰ-ਪਾਰ, ਸਾਡੀ ਸਭ ਦੀ ਸਮੁੱਚੀ ਚੇਤਨਾ ਦਾ ਹੁਣ ਅਨਿਖੜ ਅੰਗ ਨਹੀਂ ਬਣ ਗਏ? ਕੀ ਚਿਰ ਦੇਰ ਤੋਂ ਚਿਰੀ ਵਿਛੁੰਨੇ ਸਾਕਾਂ ਨੂੰ ਰੋ-ਰੋ ਕੇ ਹੁਣ ਅੱਥਰੂ ਵਿਹੂਣੀਆਂ ਅੱਖਾਂ; ਬਾਰਡਰ ਦੀ ਤਾਰ ਤੋਂ ਪਾਰ ਅੱਜ ਵੀ ਆਪਣਿਆਂ ਦੇ ਨਕਸ਼-ਮੁਹਾਂਦਰੇ ਨਹੀਂ ਨਿਹਾਰ ਰਹੀਆਂ? ਕੀ ਅੱਜ ਵੀ ਦੁਵਲਿਉਂ ਹੀ ਲੋਕ ਸ਼ਾਇਰ **ਸੁਰਜੀਤ ਪਾਤਰ** ਦੇ ਸ਼ਬਦਾਂ ਵਿਚ ਇਕ-ਦੂਜੇ ਨੂੰ ਇਹ ਸੁਨੇਹੜਾ ਨਹੀਂ ਦੇ ਰਹੇ ਕਿ :-

ਕਹੇ ਸਤਲੁਜ ਦਾ ਪਾਣੀ, ਆਖੇ ਬਿਆਸ ਦੀ ਰਵਾਨੀ,
ਆਪਣੀਆਂ ਲਹਿਰਾਂ ਦੀ ਜ਼ੁਬਾਨੀ, ਸਾਡਾ ਜੇਹਲਮ ਚਨਾਬ ਨੂੰ ਸਲਾਮ ਆਖਣਾ;
ਅਸੀਂ ਮੰਗਦੇ ਹਾਂ ਖੈਰਾਂ, ਸੁਬਾਹ-ਸ਼ਾਮ ਆਖਣਾ।

ਗ਼ੌਰਤਲਬ ਹੈ ਕਿ ਥੋੜ੍ਹਾ ਸਮਾਂ ਪਹਿਲਾਂ ਜਦੋਂ ਸਰਹੱਦ 'ਤੇ ਕੰਡਿਆਲੀ ਤਾਰ ਨਹੀਂ ਲੱਗੀ ਸੀ ਤਾਂ ਸਰਹੱਦ ਦੇ ਨੇੜਲੇ ਪਿੰਡਾਂ ਦੇ ਲੋਕ ਰਾਤ-ਬਰਾਤੇ ਆਪਸ ਵਿਚ ਮੇਲ-ਮਿਲਾਪ ਤੇ ਪ੍ਰੀਤ ਦੀ ਰੀਤ ਨਿਭਾਉਂਦੇ ਰਹਿੰਦੇ ਸਨ। ਜ਼ਿਕਰਯੋਗ ਹੈ ਕਿ ਦੋਵਾਂ ਦੇਸ਼ਾਂ ਦੀ ਵੰਡ ਵੇਲੇ ਕੁੱਝ ਲੋਕਾਂ ਨੇ ਆਪਣੇ ਜੱਦੀ ਘਰਾਂ ਤੇ ਜ਼ਮੀਨਾਂ ਨੂੰ ਨਹੀਂ ਛੱਡਿਆ ਸੀ ਕਿਉਂਕਿ ਉਨ੍ਹਾਂ ਨੂੰ ਸ਼ਾਇਦ ਇਹ ਹੀ ਯਕੀਨ ਸੀ ਕਿ ਇਹ ਵੰਡ ਤਾਂ ਕੱਚੀ ਹੈ, ਪਰ



*Original with;*
Kulbir Singh Sidhu(I.A.S)
*Digitized by;*
Panjab Digital Library

ਉਨ੍ਹਾਂ ਅੰਦਾਜ਼ਾ ਗਲਤ ਨਿਕਲਿਆ। ਹੁਣ ਸਮੇਂ ਦੇ ਨਾਲ ਨਾਲ ਜਦੋਂ ਕਿ ਇਹ ਵੰਡ ਚਿਰ-ਸਥਾਈ ਬਣ ਗਈ ਹੈ ਤਾਂ ਹੁਣ 66 ਕੁ ਸਾਲ ਬਾਅਦ ਇਕੋ ਹੀ ਪਰਿਵਾਰ ਵਿਚ ਜੰਮੇ-ਪਲੇ ਤੇ ਇਕੱਠੇ ਖੇਡੇ ਭੈਣ-ਭਰਾਵਾਂ ਦੇ ਹੁਣ ਉਮਰ ਦੇ ਲਿਹਾਜ਼ ਨਾਲ ਚਿਹਰੇ ਬੇਨੂਰ ਅਤੇ ਨੈਣ-ਨਕਸ਼ ਬੇਪਛਾਣ ਹੁੰਦੇ ਜਾ ਰਹੇ ਹਨ। ਹੁਣ ਇਹ ਲੋਕ ਦੋਨੋਂ ਪਾਸਿਓਂ ਕੰਡਿਆਲੀ ਤਾਰ ਦੇ ਆਰ-ਪਾਰ ਸੱਜਣਾਂ-ਮਿੱਤਰਾਂ ਨੂੰ ਦੂਰੋਂ ਨਿਹਾਰਦੇ ਰਹਿੰਦੇ ਹਨ। ਬੇਸ਼ੱਕ ਕਦੇ-ਕਦਾਈਂ ਸਰਹੱਦਾਂ 'ਤੇ ਇਹ ਵੀ ਹੁੰਦਾ ਹੈ ਕਿ ਦੋਨਾਂ ਸਰਕਾਰਾਂ ਤੋਂ ਮਿਲੀਆਂ ਸਹੂਲਤਾਂ ਸਦਕਾ ਸੁਭਾਗ ਮਿਲਣੀਆਂ ਉਪਰੰਤ ਲਿਸ਼ਕ ਉਠਦੇ ਹਨ।

ਬਹਿਰਹਾਲ! ਇਹ ਇਕ ਖੱਟੀ-ਮਿੱਠੀ ਸੱਚਾਈ ਹੈ ਕਿ ਇਸ ਲੰਬੇ ਵਿਛੋੜੇ ਦੇ ਦੌਰਾਨ ਰੋ-ਰੋਅ ਕੇ ਨੀਰੋਂ ਸੱਖਣੀਆਂ ਹੋਈਆਂ ਅੱਖੀਆਂ ਆਪਣੇ ਸੱਜਣਾਂ-ਮਿੱਤਰਾਂ ਨੂੰ ਗਲਵੱਕੜੀਆਂ ਪਾਉਣ ਸਮੇਂ ਚਸ਼ਮੇ-ਹਯਾਤ ਬਣ ਕੇ ਡੁੱਲ ਪੈਂਦੀਆਂ ਹਨ। ਮੁੱਕਦੀ ਗੱਲ! ਅੱਜ ਮੁੜ ਤੋਂ ਵਿਚਾਰਨ ਦੀ ਲੋੜ ਹੈ ਕਿ ਰੈੱਡਕਲਿਫ ਜਿਹੇ ਗੈਰਮੁਲਕੀ ਹੁਕਮਰਾਨਾਂ ਦੇ ਇਕ ਬੰਦੇ ਦੀ ਝੁੰਝਲਾਹਟ ਤੇ ਕਾਹਲੀ ਵਿਚ ਨਕਸ਼ੇ 'ਤੇ ਵਾਹੀ ਲਕੀਰ ਕੀ 'ਰੱਬੀ ਰਜ਼ਾ' ਹੈ ਜਾਂ ਚਾਣਕੀਆ ਨੀਤੀ ਵਰਗੀ ਕੁਟਿਲ ਕੂਟਨੀਤਿਕ ਚਾਲ ਸੀ। ਦੋਨੋਂ ਪਾਸੇ ਦੇ ਅਵਾਮ ਦਾ ਸਾਂਝਾ ਅਕੀਦਾ ਹੈ ਕਿ ਇਕੱਠੇ ਵਸਦੇ ਲੋਕਾਂ ਦੇ ਵਿਚ ਵੰਡੀਆਂ ਪਾ ਕੇ ਤੋੜ-ਵਿਛੋੜ ਕਰਨ ਦੀ ਇਹ ਮਨੁੱਖੀ ਘਤਿੱਤ ਹੀ ਹੈ।

ਫਿਰ ਇਹ ਵੀ ਸੋਚੀਏ ਕਿ ਅਣਦਿਸ ਰੈੱਡਕਲਿਫ ਰੇਖਾ ਦੇ ਆਰ-ਪਾਰ ਗ਼ੈਰ ਕੁਦਰਤੀ ਢੰਗ ਨਾਲ ਵਿਛੜੇ ਸਾਕ-ਸਬੰਧੀਆਂ ਨੂੰ ਕੀ ਅੱਜ ਵੀ ਮਿਲਣ ਦੀ ਤਾਂਘ ਨਹੀਂ ਹੈ? ਦੋਨੋਂ ਪਾਸਿਆਂ ਦੇ ਸੰਵਿਧਾਨਾਂ ਤੋਂ ਉਪਰ ਉਠਕੇ ਇਹ ਤਾਂਘ ਤੇ ਰੀਝ ਅੱਜ ਸਾਡੀਆਂ ਰੋਜ਼ਾਨਾਂ ਦੀਆਂ ਅਰਦਾਸਾਂ ਦਾ ਅਟੁੱਟ ਅੰਗ ਨਹੀਂ ਬਣ ਚੁੱਕੀ? ਸਾਡੀ ਨਿਤਾ-ਪ੍ਰਤੀ ਦੀ ਅਰਦਾਸ ਵਿਚ ਅਸੀਂ ਰੋਜ਼ਾਨਾ ਅਕਾਲ ਪੁਰਖਿ ਦੇ ਦਰਿ 'ਤੇ ਅਰਜ਼ੋਈਆਂ ਕਰਦੇ ਹਾਂ ਕਿ ਜਿਹੜੇ ਗੁਰੂਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ ਹੈ; ਵਾਹਿਗੁਰੂ ਉਨ੍ਹਾਂ ਦੇ ਖੁਲ੍ਹੇ ਦਰਸ਼ਨ-ਦਿਦਾਰੇ ਬਖਸ਼ੇ।

ਖ਼ੈਰ! ਰੱਬ ਮਿਹਰ ਕਰੇ ਕਿ ਮਨੁੱਖਤਾ ਫਿਰ ਇਕ ਵਾਰ ਮਾਨਵਤਾ ਦੇ ਘਰ ਆ ਕੇ ਆਪਸੀ ਪ੍ਰੇਮ-ਪਿਆਰ ਤੇ ਸਦਭਾਵਨਾ ਜਿਹੇ ਕੁਦਰਤ ਦੇ ਬੁਨਿਆਦੀ ਅਸੂਲਾਂ ਨੂੰ ਸਮਝ ਸਕੇ। ਰੱਬ ਸੱਚਾ; ਸਾਨੂੰ ਸਭ ਨੂੰ ਸੁਮੱਤ ਬਖਸ਼ੇ ਤਾਂ ਕਿ ਅਸੀਂ ਬਾਬੇ ਆਦਮ ਤੇ ਬੇਬੇ ਹਵਾ ਦੇ ਬਹਿਸ਼ਤੀ ਬਾਗ ਨੂੰ ਕਿਸੇ ਵੱਡੇ ਮਾਰੂ ਉਜਾੜੇ ਤੋਂ ਬਚਾ ਸਕੀਏ। ਨਹੀਂ ਤਾਂ, ਇਕ ਸਾਧਾਰਨ ਜੱਟ ਬਾਬੇ ਦੀ ਕਹੀ ਗੱਲ ਕਿਤੇ ਸੱਚੀ ਹੀ ਸਾਬਤ ਨਾ ਹੋ ਜਾਵੇ। ਜਿਸ ਨੂੰ ਕਿਸੇ ਨੇ ਪੁੱਛਿਆ ਸੀ ਕਿ ਸੁਣਦੇ ਹਾਂ ਕਿ ਦੁਨੀਆਂ ਭਰ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਨੇਤਾ ਯੂ ਵਿਚ ਇਕੱਠੇ ਹੋ ਰਹੇ ਹਨ। ਉਥੇ ਐਡਾ ਵਿਸ਼ਾਲ ਇਕੱਠ ਕਰਕੇ ਕੀ ਕਰਨਗੇ? ਜੱਟ ਬਾਬੇ ਨੇ ਸਿੱਧਾ-ਪੱਧਰਾ ਜਿਹਾ ਜੁਆਬ ਦਿੱਤਾ ਸੀ ਕਿ ਲੈ ਇਹ ਹੋਰ ਕੀ ਕਰਨਗੇ। ਬੱਸ ਯੂ ਰਾਹੀਂ ਵਿਸ਼ਵ ਸ਼ਾਂਤੀ ਲਈ ਸ਼ਬਦਾਂ ਦਾ ਘਸਮਾਣ ਯੁੱਧ ਕਰਨਗੇ।

ਜੇ ਕਿਤੇ ਬਾਬੇ ਦੀ ਕਥਨੀ ਸੱਚੀ ਹੋ ਗਈ ਅਤੇ ਮਹਾਂਯੁੱਧ ਜਿਹਾ ਭਾਣਾ ਫੇਰ



*Original with;*
Kulbir Singh Sidhu(I.A.S)
*Digitized by;*
Panjab Digital Library

ਵਰਤ ਗਿਆ ਤਾਂ ਕਿਸੇ ਅੰਮ੍ਰਿਤਾ ਪ੍ਰੀਤਮ ਨੂੰ ਹੁਣ ਫਿਰ ਦੁਹਰਾਉਣਾ ਪਵੇਗਾ "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ਼; ਅਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ"। ਇਉਂ ਹੀ ਅਸੀਂ ਜਿਸ ਤਰ੍ਹਾਂ ਦੇ ਹਾਲਾਤ ਬਣਾ ਰਹੇ ਹਾਂ, ਉਸ ਅਨੁਸਾਰ ਤਾਂ ਫਿਰ ਕਿਸੇ ਸ਼ਿਵ ਕੁਮਾਰ ਨੂੰ ਹਾੜ੍ਹਾ ਕੱਢਣਾ ਪਵੇਗਾ "ਵਾਸਤਾ ਜੇ ਦੇਸ਼ਾਂ ਵਾਲਿਉ, ਹਾੜ੍ਹਾ ਜੇ ਕੌਮਾਂ ਵਾਲਿਉ; ਓ ਐਟਮਾਂ ਦਿਉ ਤਾਜਰੋ; ਬਾਰੂਦ ਦੇ ਵਣਜਾਰਿਉ; ਹੁਣ ਹੋਰ ਨਾ ਮਨੁੱਖ ਸਿਰ; ਲਹੂਆਂ ਦਾ ਕਰਜ਼ਾ ਚਾੜ੍ਹਿਉ"।

ਇਸ ਵਾਸਤੇ ਸਾਡੀ ਸਭ ਦੀ ਅਕਾਲ ਪੁਰਖਿ ਦੇ ਦਰਿ 'ਤੇ ਦੁਆ ਹੈ ਕਿ ਪੰਜਾਂ-ਪਾਣੀਆਂ ਦੇ ਸਾਂਝੇ ਪੰਜਾਬ ਵਿਚ ਕਦੇ ਵੀ ਫਿਰ ਤੁਫ਼ਰਕੇ ਦੀ ਲਕੀਰ ਪੱਕੀ ਨਾ ਹੋਵੇ। ਕਿਉਂਕਿ ਇਹ ਵੀ ਰੱਬੀ ਰਜ਼ਾ ਹੈ ਕਿ ਪਾਣੀ ਵਿਚ ਲਕੀਰ ਖਿੱਚਣ ਜਿਹੀਆਂ ਸਬੀਲਾਂ ਨਿਰਸੰਦੇਹ ਹਵਾ ਵਿਚ ਤਲਵਾਰਾਂ ਮਾਰਨ ਤੋਂ ਵੱਧ ਕੁਝ ਵੀ ਨਹੀਂ ਹੁੰਦੀਆਂ।

ਫਿਰ ਇਸ ਪ੍ਰਸੰਗ ਵਿਚ ਹੀ ਇਕ ਬੜੀ ਵੱਡੀ ਕੌਮੀ ਉਮੀਦ ਹੈ ਕਿ ਜੇ ਬਰਲਿਨ ਦੀ ਕੰਧ ਡਿੱਗ ਸਕਦੀ ਹੈ ਤਾਂ ਸਾਡੇ ਦੋਨੋਂ ਦੇਸ਼ਾਂ ਦੇ ਦਰਮਿਆਨ ਤਾਂ ਪੱਥਰਾਂ ਦੀ ਕੋਈ ਦੀਵਾਰ ਹੈ ਹੀ ਨਹੀਂ; ਸਗੋਂ ਇਹ ਤਾਂ ਇਕ ਨਾ ਦਿਸਦੀ ਜਿਹੀ ਲਕੀਰ ਹੀ ਹੈ। ਜੋ ਕਿ ਦੋਨੋਂ ਪਾਸੇ ਦੇ ਲੋਕਾਂ ਦੀਆਂ ਨਿੱਘੀਆਂ ਗਲਵਕੜੀਆਂ ਤੇ ਨੇਕ ਖ਼ੁਹਾਇਸ਼ਾਂ ਸਦਕਾ ਨਿਰਸੰਦੇਹ ਮਿਟਾਈ ਜਾ ਸਕਦੀ ਹੈ। ਇਸ ਲਈ ਬਾਬਾ ਬਸ ਤੇਰੇ ਦਰਿ 'ਤੇ ਅਰਦਾਸ-ਬੰਦਨਾ ਹੈ ਕਿ 'ਮੇਲ ਕਰਾ ਦੇ ਰੱਬਾ ਅੰਮ੍ਰਿਤਸਰ ਤੇ ਲਾਹੌਰ ਦਾ ਤੇਰਾ ਕਿਹੜਾ ਮੁੱਲ ਲਗਦਾ'।

ਸ਼ਾਲਾ! ਸਾਡੇ ਅਵਾਮ ਦੀਆਂ ਦੁਵੱਲਿਓਂ ਇਨ੍ਹਾਂ ਸਾਂਝੀਆਂ ਦੁਆਵਾਂ ਤੇ ਅਕੀਦਿਆਂ ਦਾ ਪ੍ਰਮਾਤਮਾ ਖ਼ੁਦ ਨਿਗਾਹਬਾਨ ਹੋਵੇ।



*Original with;*
Kulbir Singh Sidhu(I.A.S)
*Digitized by;*
Panjab Digital Library

# ਪਿੰਡਾਂ ਵਿਚ ਹੁਣ ਰੱਬ ਨਹੀਂ ਵਸਦਾ

ਕੁਝ ਸਮਾਂ ਪਹਿਲਾਂ ਤਕ ਕਿਹਾ ਜਾਂਦਾ ਸੀ ਕਿ ਸਾਡਾ ਸਾਰਾ ਦੇਸ਼ ਹੀ ਪਿੰਡਾਂ ਵਿਚ ਵਸਦਾ ਹੈ। ਸਗੋਂ ਉਨ੍ਹਾਂ ਸਮਿਆਂ ਵਿਚ ਉਦੋਂ ਪਿੰਡਾਂ ਅੰਦਰ ਦੇਸ਼ ਹੀ ਨਹੀਂ, ਸਗੋਂ ਰੱਬ ਵੀ ਵਸਦਾ ਸੀ ਅਤੇ ਸਾਰੇ ਦੇਸ਼ ਵਿਚ ਪੇਂਡੂ ਸਮਾਜ ਦਾ ਬੋਲਬਾਲਾ ਹੁੰਦਾ ਸੀ। ਹਿੰਦੋਸਤਾਨ ਨੂੰ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਦੇਸ਼ ਵਜੋਂ ਹੀ ਜਾਣਿਆ ਜਾਂਦਾ ਰਿਹਾ ਹੈ, ਜਿਸ ਕਰਕੇ ਸਾਡੇ ਕਿਰਸਾਣੀ ਸਮਾਜ ਦੀ ਹਮੇਸ਼ਾਂ ਹੀ ਚੜ੍ਹਤ ਰਹੀ ਹੈ। ਉਦੋਂ ਬਸ ਤੜਕਸਾਰ ਹੀ ਇਕ ਪਾਸੇ ਨੌਹਰਿਆਂ-ਹਵੇਲੀਆਂ ਵਿਚ ਦੁੱਧ ਦੀਆਂ ਬਾਲਟੀਆਂ ਵਿਚ ਡੋਕੇ-ਧਾਰਾਂ ਦੀਆਂ ਫੁਹਾਰਾਂ ਪੈਂਦੀਆਂ ਸਨ ਤੇ ਘਰਾਂ ਵਿਚ ਰਿੜਕਣਿਆਂ-ਚਾਟੀਆਂ ਤੇ ਮਧਾਣੀਆਂ ਦੀ ਘੰਮਾ-ਘੰਮ ਹੁੰਦੀ ਸੀ। ਉਧਰ ਦੂਜੇ ਪਾਸੇ ਖੂਹਾਂ 'ਤੇ ਪਾਣੀ ਦੇ ਡੋਲ ਖੜਕਦੇ ਸਨ ਤੇ ਇਉਂ ਹੀ ਫਿਰ ਖੇਤਾਂ ਵਿਚ ਬਲਦਾਂ ਦੀਆਂ ਟੱਲੀਆਂ ਖੜਕਦੀਆਂ ਸਨ ਤੇ ਹਲਟਾਂ ਉਤੇ ਟਿੰਡਾਂ ਦੇ ਪਾਣੀਆਂ ਦੇ ਛਰਾਟੇ ਪੈਂਦੇ ਸਨ। ਇਸ ਪ੍ਰਥਾਇ ਹੀ ਇਕ ਕਥਨ ਹੈ ਕਿ 'ਜਿਹੜਾ ਰੱਬ ਨੂੰ ਮਿਲਣਾ ਚਾਹੇ, ਉਹ ਸਾਡੀ ਬੰਬੀ 'ਤੇ ਆਵੇ'।

ਇਉਂ ਜਦੋਂ ਪਿੰਡਾਂ ਵਿਚ ਕੁਦਰਤ ਵਸਦੀ ਸੀ ਤਾਂ ਦਿਨ-ਰਾਤ ਹੀ ਕੁਦਰਤੀ ਨਜ਼ਾਰਿਆਂ ਦੇ ਦੀਦਾਰ ਹੁੰਦੇ ਰਹਿੰਦੇ ਸਨ। ਇਸ ਦੇ ਉਲਟ ਖਾਸ ਕਰਕੇ ਸ਼ਹਿਰਾਂ ਦੇ ਆਸੇ-ਪਾਸੇ ਕੰਕਰੀਟ-ਪੱਥਰ ਦੀਆਂ ਜੰਗਲਨੁਮਾ ਉੱਚੀਆਂ ਇਮਾਰਤਾਂ ਤੋਂ ਪਿੱਛੇ ਹੁਣ ਜਦੋਂ ਧਰਤੀ ਹੀ ਨਹੀਂ ਦਿਸਦੀ ਤਾਂ ਇਉਂ ਜਾਪਦਾ ਹੈ ਕਿ ਹੁਣ ਸੂਰਜ ਤੇ ਚੰਦ ਬਹੁ-ਮੰਜ਼ਲੀ ਇਮਾਰਤਾਂ ਤੋਂ ਹੀ ਚੜ੍ਹਦੇ ਹਨ ਤੇ ਉਨ੍ਹਾਂ ਦੇ ਪਿੱਛੇ ਹੀ ਛਿਪਦੇ ਹਨ।

ਖੈਰ! ਹੁਣ ਵੀ ਜਦੋਂ ਕੋਈ ਕਾਦਰ ਦੀ ਕੁਦਰਤ ਦੇ ਨੇੜੇ ਵਸਦੇ ਇਸ ਪੇਂਡੂ ਸਮਾਜ ਦੀ ਗੱਲ ਕਰਦਾ ਹੈ ਤਾਂ ਰੱਬ ਦੇ ਇਨ੍ਹਾਂ ਬੰਦਿਆਂ ਦੀ ਵਿਲੱਖਣ ਜੀਵਨ ਸ਼ੈਲੀ ਤੇ ਜੀਵਨ ਜਾਚ ਦੇ ਦੀਦਾਰ ਹੋ ਜਾਂਦੇ ਹਨ। ਇਨ੍ਹਾਂ ਪੰਜਾਬੀਆਂ ਦੇ ਜਰਵਾਣੇ ਸੁਭਾਅ, ਹਾਸੇ-ਖੇੜੇ, ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵੇ ਵਿਚ ਚੜ੍ਹਦੀ ਕਲਾ ਦਿਨ ਚਿੱਟੇ ਉਜਾਲੇ ਵਾਂਗ ਦਿਸਦੀ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਪੇਂਡੂ ਸਮਾਜ ਦਾ ਜਨ-ਜੀਵਨ ਕੁਦਰਤ ਦੇ ਜਲਵਿਆਂ ਤੇ ਕੁਦਰਤੀ ਨੇਮਾਂ ਦੇ ਬਹੁਤ ਨੇੜੇ ਹੁੰਦਾ ਸੀ।

ਇਸ ਸੰਦਰਭ ਵਿਚ ਪਿੰਡ ਵਿਚ ਖੇਤੀ, ਖੇਤੀ ਦੇ ਸਹਾਇਕ ਕਿੱਤਿਆਂ ਅਤੇ ਕਿਰਸਾਣੀ 'ਤੇ ਨਿਰਭਰ ਹਰ ਜ਼ਾਤ ਦੇ ਲੋਕ ਇਕੱਠੇ ਰਹਿੰਦੇ ਸਨ। ਕਿਰਸਾਣ, ਤਰਖਾਣ, ਲੁਹਾਰ, ਘੁਮਿਆਰ, ਖੱਤਰੀ, ਅਨੁਸੂਚਿਤ ਖੇਤੀ ਕਾਮੇ ਤੇ ਦਿਹਾੜੀਦਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਗਰੀਬ-ਗੁਰਬਾ ਆਦਿ ਸਭ ਲੋਕ ਇਕ ਭਾਈਚਾਰੇ ਵਾਂਗ ਰਹਿੰਦੇ ਸਨ ਅਤੇ ਉਨ੍ਹਾਂ ਵਿਚ ਆਪਸੀ ਸਾਂਝਾਂ ਹੁੰਦੀਆਂ ਸਨ। ਮੁੱਕਦੀ ਗੱਲ, ਇਕ ਪਿੰਡ ਦੀ ਵਸੋਂ ਦਾ ਰੂਪ ਆਪਣੇ ਆਪ ਵਿਚ ਇਕ ਪੂਰਨ ਸੰਸਾਰ ਵਰਗਾ ਹੁੰਦਾ ਸੀ। ਵੱਡੀਆਂ ਜ਼ਮੀਨਾਂ ਵਾਲੇ ਸਰਦਾਰਾਂ ਦੇ ਘਰ ਹਵੇਲੀਆਂ ਦੇ ਰੂਪ ਵਿਚ ਹੁੰਦੇ ਸਨ। ਆਮ ਕਿਰਸਾਣਾਂ ਦੇ ਘਰ ਅੱਧ ਕੱਚੇ ਤੇ ਅੱਧ ਪੱਕੇ ਅਤੇ ਗਰੀਬਾਂ ਦੇ ਘਰ ਵੱਖ-ਵੱਖ ਜ਼ਾਤਾਂ ਦੇ ਵਿਹੜਿਆਂ ਵਿਚ ਕੱਚੇ ਹੀ ਹੁੰਦੇ ਸਨ। ਪਰ ਜਿਹੜੀ ਇਕ ਗੱਲ ਸਮੁੱਚੇ ਪਿੰਡ ਤੇ ਹਰ ਘਰ ਵਿਚ ਪ੍ਰਤੱਖ ਦਿਸਦੀ ਸੀ, ਉਹ ਇਹ ਸੀ ਕਿ ਸਮੁੱਚੇ ਪੇਂਡੂ ਸਮਾਜ ਵਿਚ ਪਿਆਰ ਤੇ ਸਾਂਝ ਦਾ ਨਿੱਘ ਮੌਜੂਦ ਹੁੰਦਾ ਸੀ।

ਕਦੇ ਗਰੀਬ ਵਰਗ ਨੂੰ ਜ਼ਿਮੀਦਾਰਾਂ ਦੇ ਖੇਤਾਂ ਵਿਚੋਂ ਸਾਗ-ਸਬਜ਼ੀਆਂ ਤੇ ਪਸ਼ੂਆਂ ਲਈ ਘਾਹ-ਬੂਟ ਖੋਤਣ ਦੀ ਖੁਲ੍ਹ ਹੁੰਦੀ ਸੀ, ਪਰ ਹੁਣ ਆਮ ਹੀ ਪਿੰਡਾਂ ਵਿਚ ਜ਼ਿਮੀਦਾਰ ਲੋਕ ਗਰੀਬਾਂ ਦੇ ਵਿਹੜਿਆਂ ਦੇ ਨੇੜੇ-ਤੇੜੇ ਲਗਦੀਆਂ ਨਿਆਈਆਂ ਵਿਚ ਰਫ਼ਾਏ-ਹਾਜਤ ਭਾਵ ਜੰਗਲ-ਪਾਣੀ ਜਾਣ ਤੋਂ ਰੋਕਦੇ ਹਨ। ਹੋਰ ਤਾਂ ਹੋਰ ਹੁਣ ਤਾਂ ਖਾਸ ਕਰਕੇ 1947 ਦੀ ਵੰਡ ਤੋਂ ਬਾਅਦ ਸਦੀਆਂ ਤੋਂ ਚੱਲੇ ਆ ਰਹੇ ਮੁਸਲਮਾਨ ਭਾਈਚਾਰੇ ਨਾਲ ਕਈ-ਕਈ ਪਿੰਡਾਂ ਵਿਚ ਤਾਂ ਇੰਨੀ ਵੀ ਸਾਂਝ ਨਹੀਂ ਰਹਿ ਗਈ ਕਿ ਉਨ੍ਹਾਂ ਨੂੰ ਆਪਣੇ ਮ੍ਰਿਤਕਾਂ ਨੂੰ ਦਫ਼ਨਾਉਣ ਲਈ ਕੋਈ ਦੋ ਗਜ਼ ਜਗ੍ਹਾ ਵੀ ਮਿਲ ਸਕੇ।

ਹੁਣ ਇਹ ਸਹਿਚਾਰ ਵਧਦੀ ਅਬਾਦੀ ਦੇ ਕਾਰਨ ਛੋਟੀਆਂ ਹੋ ਰਹੀਆਂ ਮਿਲਖਾਂ ਅਤੇ ਫਿਰ ਖ਼ਾਸ ਕਰਕੇ ਕਿਰਸਾਣੀ ਵਿਚ ਆ ਰਹੇ ਵਪਾਰੀਕਰਣ ਦੇ ਕਾਰਨ ਖਤਮ ਹੁੰਦਾ ਜਾ ਰਿਹਾ ਹੈ। ਇਸ ਵਾਸਤੇ ਪ੍ਰੰਪਰਾਵਾਦੀ ਦਿਆ, ਖਿਮਾਂ ਤੇ ਦਾਨਸ਼ੀਲਤਾ ਦੀ ਥਾਂ ਸੁਆਰਥ ਤੇ ਬੇਕਿਰਕ ਵਿਹਾਰ ਸਾਡੀ ਸੋਚ 'ਤੇ ਹਾਵੀ ਹੋ ਗਿਆ ਹੈ। ਹੁਣ ਦੇ ਸਮਿਆਂ ਵਿਚ ਹਰ ਪਾਸੇ ਇਕ ਬੇਰੁਖੀ ਜਿਹੀ ਦੇ ਕਾਰਨ ਸਾਡਾ ਸਮਾਜਿਕ ਢਾਂਚਾ ਪੂਰੀ ਤਰ੍ਹਾਂ ਹਿੱਲ ਚੁਕਾ ਹੈ। ਪੰਜਾਬੀ ਬੋਲੀ ਵਿਚ 'ਤਾਣੀ ਵਿਚ ਝੋਟਾ ਵਾੜਣ' ਵਾਲਾ ਇਕ ਪੁਰਾਣਾ ਮੁਹਾਵਰਾ ਹੈ ਕਿ ਕੋਈ ਵਿਚਾਰਾ ਜੁਲਾਹਾ ਤੰਦ-ਤੰਦ ਕਰਕੇ ਆਪਣੀ ਤਾਣੀ ਬੁਣਦਾ ਸੀ ਅਤੇ ਕੋਈ ਸ਼ਰੀਕ ਤਾਣੀ ਵਿਚ ਢੋਰ-ਡੰਗਰ ਵਾੜ ਕੇ ਤਾਣੀ ਨੂੰ ਤਹਿਸ-ਨਹਿਸ ਕਰ ਦਿੰਦਾ ਸੀ। ਬਿਲਕੁਲ ਇਸ ਤਰ੍ਹਾਂ ਹੀ ਸਾਡੇ ਸਮਾਜ ਦੇ ਤਾਣੇ-ਬਾਣੇ ਵਿਚ ਨਵੀਆਂ ਗੁੱਡੀਆਂ ਤੇ ਨਵੇਂ ਪਟੋਲਿਆਂ ਨੇ ਤਰਥੋਲਾ ਹੀ ਮਚਾ ਦਿੱਤਾ ਹੈ। ਪਿੰਡ ਦੇ ਕਿਰਸਾਣ ਲੋਕਾਂ ਦਾ ਭਾਈਚਾਰਾ ਪਹਿਲਾਂ ਜਿਥੇ ਗਰੀਬਾਂ ਨੂੰ ਲੋੜੀਂਦਾ ਠੁੰਮਣਾ ਦਿੰਦਾ ਸੀ। ਹੁਣ ਉਹ ਨਿਮਨ ਵਰਗ ਵੀ ਕੁਝ ਤਾਂ ਖੇਤੀ ਦੀ ਮੁਕੰਮਲ ਪ੍ਰਧਾਨਤਾ ਨਾ ਰਹਿਣ ਕਰਕੇ ਅਤੇ ਕੁਝ ਕੁ ਪਿਛਲੀਆਂ ਪੀੜ੍ਹੀਆਂ ਵਿਚ ਪ੍ਰਚਲਿਤ ਜਾਤ-ਪਾਤ ਦੇ ਬੰਧਨਾਂ ਦੇ ਪ੍ਰਤੀਕਰਮ ਵਜੋਂ ਜੱਟ ਸਮਾਜ ਨਾਲੋਂ ਟੁੱਟ ਚੁੱਕਾ ਹੈ।

ਹੁਣ ਕਿਰਸਾਣੀ ਦੇ ਸਹਾਇਕ ਕਿੱਤਿਆਂ 'ਤੇ ਨਿਰਭਰ ਜ਼ਿਆਦਾ ਲੋਕ ਨੇੜੇ ਦੀਆਂ ਮੰਡੀਆਂ ਤੇ ਸ਼ਹਿਰਾਂ ਵਿਚ ਕਿੱਤਾ ਮੁਖੀ ਕੰਮਾਂ ਨੂੰ ਅਪਣਾ ਚੁੱਕੇ ਹਨ। ਖਾਸ ਤੌਰ 'ਤੇ ਇਨ੍ਹਾਂ ਲੋਕਾਂ ਨੇ ਹੁਣ ਜ਼ਿਮੀਂਦਾਰ ਸਮਾਜ ਵਲੋਂ ਜ਼ਾਤ-ਪਾਤ ਵਿਚ ਵਿਸ਼ਵਾਸ ਦੇ ਵਿਰੋਧ ਵਜੋਂ ਆਪਣੇ-ਆਪ ਨੂੰ ਆਪਣੇ ਵਿਹੜਿਆਂ ਦੇ ਚੰਗੇ ਸਹਿੰਦੇ-ਬਹਿੰਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਘਰ-ਸੰਸਾਰ ਵਿਚ ਬੰਦ ਕਰ ਲਿਆ ਹੈ। ਅਜੋਕੇ ਸਮੇਂ ਵਿਚ ਇਹ ਲੋਕ ਆਰਥਿਕ ਸੋਸ਼ਣ ਦੇ ਇਕ ਕੁਦਰਤੀ ਪ੍ਰਤੀਕਰਮ ਵਜੋਂ ਆਮ ਜੱਟਾਂ ਨਾਲੋਂ ਵੱਧ ਕਮਾਈ ਕਰਨ ਲੱਗ ਪਏ ਹਨ। ਹੁਣ ਇਨ੍ਹਾਂ ਲੋਕਾਂ ਨੂੰ ਜੱਟ ਸਮਾਜ ਦੀ ਪਹਿਲਾਂ ਵਾਲੀ ਮੁਥਾਜੀ ਵੀ ਨਹੀਂ ਹੈ, ਸਗੋਂ ਹੁਣ ਤਾਂ ਇਹ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਮੰਚਾਂ 'ਤੇ ਬਰਾਬਰ ਮੜ੍ਹਕਦੇ ਹਨ। ਲੌਂਗੋਵਾਲ ਦੇ ਸਾਧ ਵਾਂਗੂੰ ਪਹਿਲਾਂ ਜੱਟ ਇਨ੍ਹਾਂ ਨੂੰ ਟਿੱਚ ਜਾਣਦਾ ਸੀ ਤੇ ਹੁਣ ਇਹ ਵੀ ਹੱਕ-ਬ-ਜਾਨਬ ਹੀ ਚੌਧਰੀਆਂ ਤੇ ਜੱਟਾਂ ਨੂੰ ਟਿੱਚ ਜਾਣਦੇ ਹਨ।

ਇਸ ਪ੍ਰਸੰਗ ਵਿਚ ਜੇ ਮੈਂ ਆਪਣੇ ਪਿੰਡ ਦੀ ਹੀ ਗੱਲ ਲੈ ਲਵਾਂ ਤਾਂ ਗਰੀਬਾਂ ਦੇ ਵਿਹੜੇ ਤਾਂ ਦੂਰ ਹੋਣੇ ਹੀ ਸਨ। ਸਗੋਂ ਸਾਡੇ ਪਿੰਡ ਦੀਆਂ ਸਿਰਫ ਚਾਰ ਪੱਤੀਆਂ ਦਾ ਨਿਰੋਲ ਸਿੱਧੂ ਭਾਈਚਾਰਾ ਆਪਸ ਵਿਚ ਦੂਰ ਹੋ ਗਿਆ ਹੈ ਅਤੇ ਸਾਡੇ ਆਪਣੇ ਘਰ ਵੀ ਵੰਡੇ ਗਏ ਹਨ। ਆਪਸੀ ਪਿਆਰ-ਭਾਵਨਾ ਤੇ ਭਾਈਵਾਲੀ ਤਾਂ ਹੁਣ ਵਧ ਚੁਕੇ ਲੋਭ-ਲਾਲਚ ਦੇ ਕਾਰਨ ਡਾਂਗ ਸੋਟੀ ਤੇ ਮਾਰੋ-ਮਾਰੀ ਦਾ ਅਖਾੜਾ ਬਣ ਚੁੱਕੀ ਹੈ। ਕੋਈ ਬਹੁਤ ਸਮਾਂ ਪਹਿਲਾਂ ਦੀ ਗੱਲ ਨਹੀਂ ਕਿ ਪਿੰਡਾਂ ਵਿਚ ਸਮਾਜਿਕ ਤੇ ਆਰਥਿਕ ਪਾੜਿਆਂ ਤੇ ਝਗੜਿਆਂ ਦਾ ਇਲਾਜ ਭਾਈਚਾਰਕ ਪੰਚਾਇਤਾਂ ਕੋਲ ਹੁੰਦਾ ਸੀ। ਜੇ ਗੱਲ ਬਹੁਤ ਹੀ ਵਧ ਜਾਂਦੀ ਤਾਂ ਇਸ ਦਾ ਹੱਲ ਚੁਣੀਆਂ ਹੋਈਆਂ ਪੰਚਾਇਤਾਂ ਕੋਲ ਮਿਲ ਹੀ ਜਾਂਦਾ ਸੀ।

ਪਰ ਅੱਜ ਦੇ ਸਮੇਂ ਦੀ ਨੇਤਾਗਿਰੀ ਤੇ ਸਿਆਸਤ ਨੇ ਪਿੰਡਾਂ ਤੇ ਪੱਤੀਆਂ ਦੀ ਗੱਲ ਤਾਂ ਛੱਡੋ, ਪਰਿਵਾਰਾਂ ਵਿਚ ਵੀ ਸਿਆਸੀਕਰਨ ਕਰ ਦਿੱਤਾ ਹੈ। ਸਾਂਝੇ ਪਰਿਵਾਰਾਂ ਦੀ ਤਾਂ ਹੁਣ ਗੱਲ ਮੁੱਕੀ ਨੂੰ ਚਿਰ ਹੋ ਗਿਆ ਹੈ। ਇਕ ਭਰਾ ਇਕ ਪਾਰਟੀ ਵਿਚ ਹੈ ਤੇ ਦੂਜਾ ਭਰਾ ਦੂਜੀ ਪਾਰਟੀ ਵਿਚ ਹੈ। ਇਥੋਂ ਤੱਕ ਕਿ ਕੋਈ ਵੱਡੀ ਗੱਲ ਨਹੀਂ ਕਿ ਬੰਦੇ ਨਾਲੋਂ ਉਸ ਦੇ ਪੁੱਤ ਤੇ ਉਸ ਦੀ ਘਰ ਵਾਲੀ ਦੀ ਵੋਟ ਉਸ ਦੀ ਉਲਟ ਪਾਰਟੀ ਨੂੰ ਜਾਂਦੀ ਹੋਵੇ। ਫਿਰ ਸਿਤਮ ਵਾਲੀ ਗੱਲ ਇਹ ਹੈ ਕਿ ਇਕ ਅਖੌਤ 'ਜੱਟ ਜੱਟ ਦਾ ਤੇ ਭੋਲੂ ਨਰਾਇਣ ਦਾ' ਅਨੁਸਾਰ ਚੁਣੇ ਤੇ ਹਾਰੇ ਸਰਪੰਚ ਤੇ ਲੀਡਰ ਤਾਂ ਅਕਸਰ ਇਕੱਠੇ ਹੋ ਜਾਂਦੇ ਹਨ, ਪਰ ਚੋਣਾਂ ਦਰ ਚੋਣਾਂ ਘਰਾਂ ਵਿਚ ਪਈ ਸਿਆਸੀ ਅੱਗ ਸੁਲਗਦੀ ਰਹਿੰਦੀ ਹੈ।

ਖ਼ੈਰ! ਸਮਾਜ ਗਤੀਸ਼ੀਲ ਹੈ, ਇਸ ਲਈ ਇਹ ਤਬਦੀਲੀਆਂ ਸ਼ੁਰੂ ਤੋਂ ਹੀ ਹੁੰਦੀਆਂ ਆਈਆਂ ਹਨ ਤੇ ਹੁੰਦੀਆਂ ਰਹਿਣਗੀਆਂ। ਪਰ ਕਿੰਨਾ ਚੰਗਾ ਹੋਵੇ ਕਿ ਜੋ ਸਾਡੀਆਂ ਸਦੀਆਂ ਪੁਰਾਣੀਆਂ ਆਪਸੀ ਭਾਈਚਾਰੇ ਤੇ ਭਾਈਵਾਲਤਾ ਦੀਆਂ ਚੰਗੀਆਂ ਪ੍ਰੰਪਰਾਵਾਂ ਤੇ ਨੇਕ ਕਦਰਾਂ-ਕੀਮਤਾਂ ਸਨ; ਉਨ੍ਹਾਂ ਨੂੰ ਅਸੀਂ ਕਾਇਮ ਰੱਖ ਸਕੀਏ। ਇਸ ਪ੍ਰਥਾਇ ਮੈਨੂੰ ਆਪਣੇ ਪਿੰਡ ਵਿਚ ਗੁਜ਼ਾਰੇ ਬਚਪਨ ਦੇ ਦਿਨ ਯਾਦ ਹਨ। ਮੈਨੂੰ ਭਾਵੇਂ ਆਪਣੀ ਜੂਨ ਦੇ ਚੰਗੇ-ਮਾੜੇ ਧੱਕੇ-ਧੋੜਿਆਂ ਅਨੁਸਾਰ ਆਪ ਵੀ ਪਿੰਡ ਛੱਡੇ ਨੂੰ 40 ਸਾਲ ਦੇ ਕਰੀਬ ਹੋ ਗਏ ਹਨ। ਪਰ ਜਦੋਂ ਕਦੇ ਮੈਂ ਆਪਣੇ ਪਿੰਡ ਜਾਂਦਾ ਹਾਂ ਤਾਂ ਮੈਨੂੰ ਇਕ ਉਦਾਸੀ ਜਿਹੀ ਲਗਦੀ ਹੈ, ਜਦੋਂ ਕਿ ਮੈਨੂੰ ਤਰਕਾਲਾਂ ਵੇਲੇ ਗੌਰੇ ਵਾਗੀ ਦਾ ਆਉਂਦਾ ਵੱਗ ਨਹੀਂ ਦਿਸਦਾ ਤੇ ਨਾ ਹੀ ਵੱਗ ਦੀ ਧੂੜ ਦਿਸਦੀ ਹੈ, ਜਿਸ ਨੂੰ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਰਾ ਪਿੰਡ ਗਊ-ਧੂਲੀ ਸਮਝਦਾ ਸੀ। ਇਸ ਤਰ੍ਹਾਂ ਹੀ ਮੈਨੂੰ ਹੁਣ ਨਾਲ ਦੇ ਪਿੰਡ ਡੱਬਵਾਲੀ ਦੀ ਚੱਕੀ ਦੀ ਧੁੱਕ-ਧੁੱਕ ਵਿਚ ਸ਼ਾਮ ਨੂੰ ਮੈਂਗਲ ਬਾਜ਼ੀਗਰ ਦੇ ਇੱਜੜ ਪਿੰਡ ਨੂੰ ਮੁੜਦੇ ਨਹੀਂ ਦਿਸਦੇ।

ਹੁਣ ਸਾਡੇ ਪਿੰਡ ਦੀ ਬੁਨਿਆਦ ਤੇ ਤਾਮੀਰ ਵਿਚ ਲੱਗੀਆਂ ਇੱਟਾਂ ਦਾ ਆਵਾ ਵੀ ਚਿਰਾਂ ਤੋਂ ਇਕ ਥੇਹ ਹੋ ਚੁੱਕਾ ਹੈ। ਨਾ ਇਥੇ ਇੱਟਾਂ ਹਨ ਤੇ ਨਾ ਹੀ ਸਾਡੇ ਬਾਬੇ ਦੰਮਣ ਤੇ ਫੱਲੇ ਹੋਰੀਂ ਅਤੇ ਚਾਚਾ ਮੁਖਤਿਆਰਾ ਉਰਫ਼ ਬਿਗੜੂ ਤੇ ਚਾਚਾ ਗੁਰਾ ਹੁਣ ਇਥੇ ਖੋਤਿਆਂ 'ਤੇ ਇੱਟਾਂ ਢੋਂਦੇ ਹਨ। ਭਾਂਡੇ ਬਣਾਉਣ ਦਾ ਕਿਸਬ ਤਾਂ ਉਨ੍ਹਾਂ ਨੇ ਆਪ ਹੀ ਮੰਡੀ ਦੇ ਗੋਲ ਬਜ਼ਾਰ ਤੋਂ ਮਿਲਦੇ ਭਾਂਡਿਆਂ ਕਰਕੇ ਬਹੁਤ ਦੇਰ ਪਹਿਲਾਂ ਹੀ ਛੱਡ ਦਿੱਤਾ ਸੀ। ਇਥੇ ਮੈਨੂੰ ਪੰਜਵੀਂ ਜਮਾਤ ਵਿਚ ਮੰਡੀ ਡੱਬਵਾਲੀ ਸਕੂਲ ਜਾਣ ਦੀ ਯਾਦ ਆਈ ਹੈ। ਮੇਰਾ ਉਸ ਸਮੇਂ ਕੱਦ ਛੋਟਾ ਹੋਣ ਕਰਕੇ ਮੇਰੇ ਪੈਰ ਸਾਈਕਲ ਦੇ ਪੈਡਲਾਂ 'ਤੇ ਨਹੀਂ ਪਹੁੰਚਦੇ ਸਨ। ਇਸ ਲਈ ਮੈਨੂੰ ਸਾਡਾ ਕੋਈ ਸੀਰੀ ਜਾਂ ਪਾਲੀ ਘੋੜੀ 'ਤੇ ਛੱਡਣ ਜਾਂਦਾ ਸੀ। ਪਰ ਜੇ ਕਿਤੇ ਘੋੜੀ ਨਾ ਹੁੰਦੀ ਤਾਂ ਇਹ ਡਿਊਟੀ ਬਾਬੇ ਦੰਮਣ ਦੀ ਹੁੰਦੀ ਸੀ ਕਿ ਉਹ ਮੈਨੂੰ ਮੰਡੀ ਇੱਟਾਂ ਢੋਣ ਜਾਂਦੇ ਸਮੇਂ ਲੈ ਕੇ ਜਾਂਦਾ। ਉਦੋਂ ਪਿੰਡਾਂ ਵਿਚ ਭਾਈਚਾਰੇ ਦੀ ਲਿਹਾਜ਼ ਇੰਨੀ ਸੀ ਕਿ ਮੰਡੀ ਨੂੰ ਜਾਂਦੇ ਤਾਂ ਠੀਕ ਹੈ, ਪਰ ਆਉਂਦੇ ਹੋਏ ਵੀ ਉਹ ਇਕ ਸਾਊ ਤੇ ਸੀਲ ਜਿਹੇ ਖੋਤੇ ਉਤੇ ਇੱਟਾਂ ਇਸ ਲਈ ਨਹੀਂ ਸੀ ਲੱਦਦਾ ਕਿਉਂਕਿ ਇਹ 'ਮੇਰੀ ਖਾਸ ਸਵਾਰੀ' ਲਈ ਰੱਖਿਆ ਹੁੰਦਾ ਸੀ।

ਇਸ ਤਰ੍ਹਾਂ ਹੀ ਪਿੰਡ ਦੇ ਸਾਂਝੇ ਭਾਈਚਾਰੇ ਦੀ ਖੁਸ਼ੀ-ਗਮੀ ਵਿਚ ਸ਼ਰੀਕ ਨਾਈਆਂ ਦੇ ਘਰ ਵੀ ਸਨ। ਬੇਸ਼ੱਕ ਚਾਚਾ ਜੰਗੀਰ ਸਿੰਘ ਨਾ ਆਪ ਆਪਣੇ ਵਾਲ ਕੱਟਦਾ ਸੀ ਤੇ ਨਾ ਹੀ ਕਦੇ ਉਸ ਨੂੰ ਮੈਂ ਕਿਸੇ ਦੇ ਵਾਲ ਕੱਟਦੇ ਦੇਖਿਆ ਸੀ। ਫਿਰ ਸਾਡੀ ਸੋਹਣੀ-ਸੁਨੱਖੀ ਚਾਚੀ ਨੈਣ ਗੁਰਨਾਮ ਕੌਰ ਤੋਂ ਬਿਨਾਂ ਨਾ ਤਾਂ ਖੁਸ਼ੀ-ਗਮੀ ਦਾ ਕਿਸੇ ਘਰ ਕੋਈ ਸੁਨੇਹਾ ਜਾਂਦਾ ਸੀ ਤੇ ਨਾ ਹੀ ਵਿਆਹ-ਮੁਕਲਾਵੇ ਦੀ ਮਠਿਆਈ ਉਸ ਤੋਂ ਬਿਨਾਂ ਵੰਡੀ ਜਾਂਦੀ ਸੀ। ਚਾਚੀ ਗੁਰਨਾਮ ਕੌਰ ਤੋਂ ਬਾਅਦ ਵਿਆਹ-ਸ਼ਾਦੀਆਂ 'ਤੇ ਸਾਡੀਆਂ ਅੰਮਾਂ ਭਾਨੋ, ਆਸੋ ਤੇ ਭਾਬੀ ਬਾਜੀਗਰਾਂ ਦੀ ਸੰਤੀ ਦੀ ਸੇਵਾ ਲਗਦੀ ਸੀ। ਪਿੰਡ ਦੇ ਦੋ ਮਸ਼ਹੂਰ 'ਸੈਲਫ-ਸਟਾਈਲਡ' ਖਾਨਸਾਮੇ ਬਾਈ ਰੁਲਦੂ ਤੇ ਦੇਵ ਸੋਢੀ ਹੁੰਦੇ ਸਨ। ਮੇਰਾ ਨਹੀਂ ਖਿਆਲ ਕਿ ਇਨ੍ਹਾਂ ਦੀ ਪੁੱਛਗਿੱਛ ਪਿੰਡ ਵਿਚ ਅੱਜ ਦੇ ਫੋਰਸੀਜ਼ਨ ਜਾਂ ਐਮਬਰੋਜ਼ੀਆ ਦੇ ਖਾਨਸਾਮਿਆਂ ਤੋਂ ਘੱਟ ਹੋਵੇ।

ਪਿੰਡ ਦੇ ਭਾਈਚਾਰੇ ਵਿਚ ਵੈਸੇ ਤਾਂ ਹਰ ਕੋਈ ਅਹਿਮ ਹੁੰਦਾ ਸੀ, ਪਰ ਕਹਿੰਦੇ ਹਨ ਕਿ ਦਾਈ ਤੋਂ ਕਿਸੇ ਦਾ ਢਿੱਡ ਨਹੀਂ ਲੁਕਿਆ ਹੁੰਦਾ। ਇਸ ਮੁਤਾਬਿਕ ਸਾਡੇ ਪਿੰਡ ਵਿਚ ਜੱਚੇ-ਬੱਚੇ ਦੀ ਮਾਹਿਰ ਦਾਈ ਨੈਕਾਂ ਦੀ ਘੋਟਕੀ ਹੁੰਦੀ ਸੀ। ਜਿਹੜੀ ਪੇਟ ਦਰਦ ਸਮੇਂ ਢਿਡ ਤੋਂ ਲੈ ਕੇ ਖੰਘ ਜ਼ੁਕਾਮ ਵੇਲੇ ਗਲ੍ਹ ਵੀ ਮਲਦਿਆ ਕਰਦੀ ਸੀ। ਮੈਨੂੰ ਯਾਦ ਹੈ ਕਿ ਇਹ ਮਾਈ ਗਲ੍ਹ ਕੀ ਮਲਦੀ ਸੀ; ਬੱਸ ਬੰਦੇ ਦੀਆਂ ਰਗਾਂ ਹੀ ਮਲ ਦਿੰਦੀ ਸੀ। ਬੰਦਿਆਂ ਦਾ ਗਾਰੜੂ ਤੇ ਡਾਕਟਰ ਬਾਬਾ ਮਹਿੰਗਾ ਹੁੰਦਾ ਸੀ। ਕਿਸੇ ਦਾ ਕਿੰਨਾ ਹੀ ਢਿੱਡ ਦੁੱਖਦਾ ਹੁੰਦਾ, ਬਾਬੇ ਦਾ ਹੱਥੌਲਾ ਮੰਤਰ 'ਬੀਲਾ ਵੱਢ, ਸੀਲਾ ਵੱਢ' ਹੀ ਕਾਰਗਰ ਹੁੰਦਾ ਸੀ। ਇਸ ਤਰ੍ਹਾਂ ਹੀ ਚੁੱਲ੍ਹੇ ਚੌਂਕੇ ਦੀ ਸੁਚੱਮ ਬਹਾਲ ਕਰਨ ਲਈ ਅਤੇ



Original with;
Kulbir Singh Sidhu(I.A.S)
Digitized by;
Panjab Digital Library

ਘਰ ਬੈਠੇ ਹੀ ਹਰਿਦੁਆਰ ਦੇ ਇਸ਼ਨਾਨ ਵਰਗਾ ਪੁੰਨ-ਸਬਾਬ ਦੇਣ ਵਾਲੀ ਇਕ ਪੰਡਤਾਣੀ ਬੇਬੇ ਠਾਕਰੀ ਹੁੰਦੀ ਸੀ, ਜਿਸ ਨੂੰ ਸਾਡੀਆਂ ਮਾਈਆਂ ਦੇਵੀ ਵਾਂਗ ਪੂਜਦੀਆਂ ਸਨ।

ਪਿੰਡਾਂ ਵਿਚ ਵੱਡੇ ਤੇ ਛੋਟੇ ਹਰ ਬੰਦੇ ਦੀ ਇਕ ਪਛਾਣ ਹੁੰਦੀ ਸੀ। ਪਿੰਡ ਦੀ ਜੂਹ ਵਿਚ ਵੜ੍ਹਦੇ ਹੀ ਬਟਾਊ ਭਾਵ ਮਹਿਮਾਨ ਨੂੰ ਕੋਈ ਨਾ ਕੋਈ ਦੱਸਣ ਵਾਲਾ ਮਿਲ ਜਾਂਦਾ ਸੀ ਕਿ ਜਿਸ ਬੰਦੇ ਨੂੰ ਉਹ ਮਿਲਣ ਜਾ ਰਿਹਾ ਹੈ ਉਸ ਦਾ ਘਰ ਕਿੱਥੇ ਹੈ ਅਤੇ ਜਾਂ ਫਿਰ ਉਹ ਆਪਣੇ ਕਿਹੜੇ ਖੇਤ ਕੰਮ ਕਰ ਰਿਹਾ ਹੈ। ਜਦੋਂ ਕਿ ਸ਼ਹਿਰਾਂ ਵਿਚ ਨਾਲ ਦੇ ਘਰ ਵਾਲੇ ਨੂੰ ਵੀ ਪੂਰਾ ਪਤਾ ਨਹੀਂ ਹੁੰਦਾ ਕਿ ਉਸ ਦੇ ਗੁਆਂਢ ਵਿਚ ਕੌਣ ਰਹਿ ਰਿਹਾ ਹੈ। ਖਾਸ ਤੌਰ 'ਤੇ ਗੁਆਂਢ ਵਿਚ ਕੋਈ ਨਾਢੂ ਖਾਂ ਭਾਵ 'ਜਨਾਬ' ਰਹਿ ਰਿਹਾ ਹੋਵੇ ਤਾਂ ਨਾਲ ਦੇ ਘਰ ਵਾਲਾ ਤਾਂ ਬਿਲਕੁਲ ਹੀ ਉਸ ਦੇ ਅਤੇ-ਪਤੇ ਬਾਰੇ ਬੋਲਦਾ ਨਹੀਂ। ਬਾਕੀ ਗੱਲ ਤਾਂ ਛੱਡੋ ਸ਼ਹਿਰੀ ਤਾਂ ਲੋਹੜੀ ਤੇ ਦੀਵਾਲੀ ਵੀ ਆਪਣੀ ਆਪਣੀ ਮਨਾਉਂਦੇ ਹਨ। ਭਾਵੇਂ ਆਪਣੇ ਵਿਹੜੇ ਵਿਚ ਬਲਦੀ ਲੋਹੜੀ ਜਾਂ ਦੀਵਾਲੀ ਦੀ ਚਰਖੀ ਜਾਂ ਫੁਲਝੜੀ ਨਾਲ ਆਪਣੇ ਝੁੱਗੇ ਨੂੰ ਹੀ ਅੱਗ ਲੱਗ ਜਾਵੇ। ਹੋਲੀ ਵਰਗਾ ਪ੍ਰੇਮ ਭਾਵ ਦਾ ਤਿਉਹਾਰ ਤਾਂ ਸ਼ਹਿਰਾਂ ਵਿਚ ਸੋਚਿਆ ਵੀ ਨਹੀਂ ਜਾ ਸਕਦਾ। ਹਾਂ, ਸ਼ਹਿਰਾਂ ਵਿਚ ਹੋਲੀ ਦੇ ਨਾਂਅ 'ਤੇ ਮਨਚਲੇ ਜਵਾਨ ਜੱਫੋ-ਜੱਫੀ ਤੇ ਆਪਸ ਵਿਚ ਘਸਰੋ-ਘਸਰੀ ਜ਼ਰੂਰ ਹੁੰਦੇ ਦਿਸਦੇ ਹਨ।

ਹੁਣ ਇਸ ਪੱਖੋਂ ਸਿਰਫ ਪਿੰਡਾਂ ਦੀ ਨੁਹਾਰ ਹੀ ਨਹੀਂ ਬਦਲੀ, ਸਗੋਂ ਪਿੰਡਾਂ ਦੇ ਲੋਕਾਂ ਦੀ ਚਾਲ-ਢਾਲ ਵੀ ਬਦਲ ਚੁਕੀ ਹੈ। ਜਦੋਂ ਆਵਾਜਾਈ ਦੇ ਹੁਣ ਵਾਲੇ ਸਾਧਨ ਨਹੀਂ ਸਨ ਤਾਂ ਆਮ ਲੋਕ ਪੈਦਲ ਹੀ ਪੈਂਡੇ ਮਾਰਦੇ ਸਨ। ਕੁਝ ਸਹਿੰਦੇ ਲੋਕ ਸਵਾਰੀ ਲਈ ਘੋੜੀਆਂ ਤੇ ਊਠ ਰੱਖਦੇ ਸਨ। ਬੰਦਿਆਂ ਦੀ ਤਾਂ ਕੀ ਘੋੜੀਆਂ ਤੇ ਊਠਾਂ ਦੀ ਵੀ ਆਪਣੀ ਨਿਰਾਲੀ ਚਾਲ ਹੁੰਦੀ ਸੀ। ਘੋੜੀਆਂ ਦੀ ਵਧੀਆ ਪੈਂਡਾ ਮੁਕਾਊ ਚਾਲ ਨੂੰ 'ਰੇਵੀਆ' ਕਹਿੰਦੇ ਸਨ ਤੇ ਊਠਾਂ ਦੀ ਅਜਿਹੀ ਚਾਲ ਨੂੰ 'ਢਾਣ' ਪਾਉਣਾ ਕਹਿੰਦੇ ਸਨ। ਪੈਰੀਂ ਤੁਰਨ ਵਾਲਿਆਂ 'ਪੈਦਲ ਸਵਾਰਾਂ' ਦੀ ਵੀ ਆਪਣੀ ਹੀ ਚੁਸਤ-ਦਰੁਸਤ ਚਾਲ ਹੁੰਦੀ ਸੀ। ਇਸ ਨੂੰ 'ਵਗਣਾ' ਕਹਿੰਦੇ ਸੀ। ਮੇਰੇ ਬਾਬਾ ਜੀ ਜਗਤ ਸਿੰਘ, ਬਾਬਾ ਬਿਸ਼ਨਾ ਬਾਣੀਆ ਤੇ ਭਜਨ ਸਿੰਘ ਦਰਜ਼ੀ ਜਦੋਂ ਕਦੇ ਮੰਡੀ ਨੂੰ ਜਾਂਦੇ ਇਕੱਠੇ ਹੋ ਜਾਂਦੇ ਤਾਂ ਇਨ੍ਹਾਂ ਨੂੰ ਵਗੇ ਜਾਂਦਿਆਂ ਨੂੰ ਲੋਕ ਖੜ੍ਹ ਕੇ ਦੇਖਦੇ ਸਨ।

ਇਸ ਤਰ੍ਹਾਂ ਹੀ ਪਿੰਡਾਂ ਵਿਚ ਕਦੇ ਨਿਹੰਗ-ਸਿੰਘਾਂ ਦੇ ਵਹੀਰ ਪਿੰਡਾਂ ਵਿਚ ਉਤਰਦੇ ਸਨ। ਫਿਰ ਕਦੇ ਕਵੀਸ਼ਰ ਆਪਣੇ ਅਖਾੜੇ ਲਾਉਣ ਲਈ ਪਿੰਡਾਂ ਵਿਚ ਆਉਂਦੇ ਸਨ । ਸਾਡੇ ਪਿੰਡ ਇਕ ਜੁਗਨੀ ਨਾਮ ਦਾ ਬੰਦਾ ਆਉਂਦਾ ਹੁੰਦਾ ਸੀ। ਬੇਸ਼ਕ ਉਹ ਥਥਲਾ ਸੀ, ਪਰ ਜਦੋਂ ਗਾਉਂਦਾ ਸੀ ਤਾਂ ਸੱਚ ਜਾਣਿਓ ਕਿ ਉਹ ਮੁਹੰਮਦ ਰਫੀ ਹੀ ਲੱਗਦਾ ਸੀ। ਉਸ ਨੂੰ ਸੁਣਨ ਵਾਸਤੇ ਸੱਥ ਵਿਚ ਇਕੱਠ ਜੁੜ ਜਾਂਦਾ ਸੀ ਅਤੇ ਸਵਾਣੀਆਂ ਵੀ ਛੱਤਾਂ 'ਤੇ ਬਹਿ ਕੇ ਉਸ ਨੂੰ ਸੁਣਦੀਆਂ ਸਨ।

ਖੈਰ! ਉਦੋਂ ਦੇ ਸਮਾਜ ਵਿਚ ਵਾਤਸਲ ਹੀ ਵੱਖਰਾ ਸੀ। ਸਾਡੇ ਸਮਾਜ ਵਿਚ ਖਤਮ ਹੋ ਰਹੀ ਸੰਵੇਦਨਾ ਤੇ ਹਮਦਰਦੀ ਦੀ ਭਾਵਨਾ ਦੇ ਸੰਦਰਭ ਵਿਚ ਜ਼ਿਕਰਯੋਗ



*Original with;*
Kulbir Singh Sidhu(I.A.S)
*Digitized by;*
Panjab Digital Library

ਹੈ ਕਿ ਸਾਡੇ ਪਿੰਡ ਦੀਆਂ ਭਾਰੀ-ਭਰਕਮ ਸਰਦਾਰਨੀਆਂ ਦੋ ਕੁ ਮੀਲ ਦੂਰ ਮੰਡੀ ਡੱਬਵਾਲੀ 'ਸ਼ੌਪਿੰਗ' ਸੌਦਾ-ਸੀਧਾ ਜਾਂ ਕੱਪੜਾ-ਲੱਤਾ ਖਰੀਦਣ ਵਾਸਤੇ 'ਝੋਟਾ-ਗੱਡੀ' 'ਤੇ ਸਵਾਰ ਹੋ ਕੇ ਜਾਂਦੀਆਂ ਸਨ। ਉਹ ਧੁੱਪ ਤੋਂ ਬਚਣ ਵਾਸਤੇ ਗੱਡੀ 'ਤੇ ਬੈਠ ਕੇ ਛਤਰੀਆਂ ਤਾਣ ਲੈਂਦੀਆਂ ਸਨ। ਬਸ ਪਾਲੀ ਸਾਰੇ ਰਾਹ ਜੇਠ-ਹਾੜ ਦੀ ਗਰਮੀ ਵਿਚ ਝੋਟੇ ਨੂੰ ਕੁੱਟਦਾ ਜਾਂਦਾ ਸੀ। ਮੇਰੇ ਬੀਜੀ ਸਿਆਲਕੋਟ ਦੇ ਸਨ, ਸ਼ਾਇਦ ਇਸ ਵਾਸਤੇ ਉਨ੍ਹਾਂ ਵਿਚ ਆਪਣੇ ਮਲਵਈ ਦਰਾਣੇ-ਜਠਾਣੇ ਨਾਲੋਂ ਵੱਧ ਇਖਲਾਕੀ ਹੁਸਨ ਸੀ। ਇਸ ਲਈ ਉਹ ਝੋਟੇ ਦੀ ਦੁਰਗਤੀ ਦੇਖ ਕੇ ਕਦੇ ਵੀ ਗੱਡੀ 'ਤੇ ਨਹੀਂ ਬਹਿੰਦੇ ਸਨ। ਉਨ੍ਹਾਂ ਦੀ ਪਸ਼ੂ-ਪ੍ਰਾਣੀਆਂ ਪ੍ਰਤੀ ਇਹ ਨੇਕ ਖ਼ਸਲਤੀ ਸੰਵੇਦਨਾ ਪਿੰਡ ਦੇ ਮਾਈ-ਭਾਈ ਨੂੰ ਅੱਜ ਵੀ ਯਾਦ ਹੈ।

ਖ਼ੈਰ! ਹੁਣ ਵਾਲੀਆਂ ਪੀੜ੍ਹੀਆਂ ਨੂੰ ਤਾਂ ਨੇਕ ਕਦਰਾਂ-ਕੀਮਤਾਂ ਦੀ ਜ਼ਿਆਦਾ ਪਛਾਣ ਹੀ ਨਹੀਂ ਰਹੀ। ਫਿਰ ਇਨ੍ਹਾਂ ਨੂੰ ਚੰਗੇ ਬੰਦਿਆਂ ਜਾਂ ਮਨੁਖੀ ਸਮਾਜ ਦੇ ਸਹਾਇਕ ਪਸ਼ੂ-ਪੰਛੀਆਂ ਬਾਰੇ ਤਾਂ ਸੰਵੇਦਨਾ ਕੀ ਹੋਣੀ ਹੈ? ਬਹਿਰਹਾਲ, ਸਾਡੇ ਬੱਚਿਆਂ ਦੀਆਂ ਹੁਣ ਵਾਲੀਆਂ ਪੀੜ੍ਹੀਆਂ ਦਾ ਇਸ ਵਿਚ ਕਸੂਰ ਵੀ ਕੋਈ ਨਹੀਂ ਹੈ ਕਿਉਂਕਿ ਅਸੀਂ ਖ਼ੁਦ ਪਿੰਡਾਂ ਦੇ ਸਾਦ-ਮੁਰਾਦੇ ਤੇ ਪ੍ਰੇਮ ਭਾਵ ਵਾਲੇ ਮਾਹੌਲ ਤੋਂ ਕੋਹਾਂ ਦੂਰ ਆ ਚੁੱਕੇ ਹਾਂ। ਫਿਰ ਬੱਚਿਆਂ ਨੂੰ ਜਾਨਵਰਾਂ ਦੀ ਚਾਲ ਤਾਂ ਕੀ ਸਗੋਂ ਊਠ-ਘੋੜੇ ਦੀ ਪਛਾਣ ਵੀ ਨਹੀਂ ਰਹਿ ਗਈ। ਇਸ ਤਰ੍ਹਾਂ ਹੀ ਉਨ੍ਹਾਂ ਨੂੰ ਕਦਰਾਂ-ਕੀਮਤਾਂ ਦੇ ਅਧਾਰ 'ਤੇ ਬੰਦਿਆਂ ਵਿਚ ਗਧੇ-ਘੋੜੇ ਦੀ ਪਛਾਣ ਨਹੀਂ ਰਹਿ ਗਈ, ਪਰ ਮੰਨਣਾ ਪਵੇਗਾ ਕਿ ਇਸ ਸਭ ਕਾਸੇ ਲਈ ਅਸੀਂ ਖ਼ੁਦ ਜ਼ਿੰਮੇਵਾਰ ਹਾਂ।

ਹੁਣ ਪਿੰਡਾਂ ਦੀ ਪੁਰਾਣੀ ਬਣਤਰ ਤੇ ਪੇਂਡੂ ਜੀਵਨ ਦੀ ਨੁਹਾਰ ਬਿਲਕੁਲ ਹੀ ਬਦਲ ਗਈ ਹੈ। ਇਸ ਦੇ ਨਾਲ ਹੀ ਹੁਣ ਸਮੇਂ ਦੀ ਭੱਜ-ਦੌੜ ਦੇ ਮੌਜੂਦਾ ਰਫ਼ਤਾਰੀ ਦੌਰ ਵਿਚ ਪੇਂਡੂ ਸਮਾਜ ਦੀ ਜੀਵਨਸ਼ੈਲੀ ਵੀ ਬਹੁਤ ਬਦਲ ਗਈ ਹੈ। ਬੇਸ਼ੱਕ ਹੁਣ ਤਕਨੀਕੀ ਤਰੱਕੀ ਤਾਂ ਹੋਈ ਹੈ, ਪਰ ਇਸ ਦੇ ਬਾਵਜੂਦ ਵੀ ਕਿਰਸਾਣੀ ਸਮਾਜ ਦੀ ਸਰਦਾਰੀ ਦੀ ਅਜ ਪਛਾਣ ਗੁਆਚਦੀ ਜਾ ਰਹੀ ਹੈ। ਅਜ ਸ਼ਹਿਰ ਸਾਡੇ ਪਿੰਡਾਂ ਦੀਆਂ ਜੂਹਾਂ ਵਿਚ ਵੜ ਚੁਕੇ ਹਨ, ਜਿਸ ਕਰਕੇ ਪੇਂਡੂ ਸਮਾਜ ਦਾ ਸ਼ਹਿਰੀ ਰ ਹਿਤ-ਬਹਿਤ ਵੱਲ ਰੁਝਾਨ ਬਹੁਤ ਹੀ ਵਧ ਗਿਆ ਹੈ। ਇਸ ਵਧ ਰਹੇ ਸ਼ਹਿਰੀਕਰਣ ਦੇ ਕਾਰਨ ਆਮ ਬੰਦਾ ਅਨੇਕਾਂ ਚਿਹਰਿਆਂ ਵਿਚ ਆਪਣਾ ਚਿਹਰਾ-ਮੋਹਰਾ ਗੁਆਉਂਦਾ ਜਾ ਰਿਹਾ ਹੈ। ਇਥੋਂ ਤੱਕ ਕਿ ਉਹ ਆਪਣੀ ਹੋਂਦ ਤੇ ਹਸਤੀ ਵੀ ਗੁਆਚੀ ਜਿਹੀ ਮਹਿਸੂਸ ਕਰਦਾ ਹੈ। ਇਸ ਪ੍ਰਥਾਇ **ਸੁਰਜੀਤ ਪਾਤਰ** ਦੇ ਸ਼ਬਦ ਬੜੇ ਅਰਥ ਭਰਪੂਰ ਹਨ :-

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ ਹੁਕਮ ਅਤੇ ਸਰਦਾਰੀ,
ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ਬੱਸ ਦੀ ਇਕ ਸਵਾਰੀ।

ਰੱਬ ਕਰੇ ਕਿ ਅਸੀਂ ਆਪਣੇ ਪੰਜਾਬ ਦੀਆਂ ਸਮਿਆਂ ਤੋਂ ਚੱਲੀਆਂ ਆ ਰਹੀਆਂ ਸਮਾਜਿਕ ਤੇ ਸਦਾਚਾਰਕ ਪ੍ਰੰਪਰਾਵਾਂ ਤੇ ਰਵਾਇਤਾਂ 'ਤੇ ਅਧਾਰਿਤ ਆਪਣੀ ਪੇਂਡੂ ਜੀਵਨਸ਼ੈਲੀ ਦੀ ਆਲੀਸ਼ਾਨ ਵਿਰਾਸਤ ਨੂੰ ਸੰਭਾਲ ਸਕੀਏ।



*Original with;*
Kulbir Singh Sidhu(I.A.S)
*Digitized by;*
Panjab Digital Library

# ਉਡ ਗਈ ਰੂਹ ਮਿੱਤਰਾ ; ਦਿਲ ਲੈ ਗਏ ਦਿਲਾਂ ਦੇ ਜਾਨੀ

ਸਾਡਾ ਖ਼ੁਸ਼ਰੰਗ ਪੰਜਾਬੀ ਸਭਿਆਚਾਰ ਹੁਣ ਚਾਅ-ਮਲ੍ਹਾਰਾਂ ਤੇ ਹੱਸਣ-ਖੇਡਣ ਦੇ ਪੱਖੋਂ ਬਦਰੰਗ ਜਿਹਾ ਹੋ ਰਿਹਾ ਹੈ। ਪਹਿਲਾਂ ਕਦੇ ਸਾਡੇ ਸਮਾਜ ਦੇ ਬੰਦਿਆਂ ਦੇ ਫੁੱਲਾਂ ਵਾਂਗੂੰ ਖਿੜੇ ਮੁਖੜਿਆਂ 'ਤੇ ਹਾਸੇ ਡੁੱਲ੍ਹ-ਡੁੱਲ੍ਹ ਪੈਂਦੇ ਸਨ, ਪਰ ਹੁਣ ਇਹ ਸੁਹਾਵੇ-ਮੁਖ ਬੱਸ ਫ਼ਿਕਰਾਂ-ਫਾਕਿਆਂ ਨਾਲ ਧੁਆਂਖੇ ਹੀ ਗਏ ਹਨ। ਸਾਡਾ ਅੱਧਾ ਸਮਾਜ ਤਾਂ ਲੂਣ ਤੇਲ ਤੇ ਲੱਕੜੀਆਂ ਦੀ ਚਿੰਤਾ ਵਿਚ ਚਿੰਤਾਤੁਰ ਹੈ ਅਤੇ ਬਾਕੀ ਦਾ ਅੱਧਾ ਸਮਾਜ ਲੋੜੋਂ ਵੱਧ ਮਾਇਆ ਇਕੱਠੀ ਕਰਨ ਵਾਸਤੇ ਅਵੱਲੇ ਹੀ ਔਹੜਾਂ-ਪੌਹੜਾਂ ਵਿਚ ਲੱਗਾ ਹੋਇਆ ਹੈ। ਇਉਂ ਸਾਡਾ ਸਮਾਜ ਤੁਰਿਆ ਫਿਰਦਾ ਤਾਂ ਦਿਸਦਾ ਹੈ, ਪਰ ਹੁਣ ਇਸ ਵਿਚੋਂ ਖ਼ੁਸ਼ੀਆਂ ਤੇ ਹਾਸੇ-ਖੇੜੇ ਕਫ਼ੂਰ ਬਣ ਕੇ ਉਡ-ਪੁਡ ਰਹੇ ਹਨ।

ਇੰਝ ਜਾਪਦਾ ਹੈ ਕਿ ਬੰਦਾ ਹੁਣ ਨੈਣੋਂ-ਪ੍ਰਾਣੋਂ ਸਾਹ-ਸੱਤ ਹੀਣ ਹੋ ਕੇ ਬੱਸ ਕਲਬੂਤ ਮਾਤਰ ਹੀ ਰਹਿ ਗਿਆ ਹੈ। ਇਸ ਮਿੱਟੀ ਦੇ ਪੁਤਲੇ ਵਿਚ ਰੂਹ, ਰੂਹਾਨੀਅਤ ਤੇ ਖ਼ੁਸ਼ੀ ਵਾਲੀ ਕੋਈ ਗੱਲ ਨਹੀਂ ਰਹਿ ਗਈ, ਸਗੋਂ ਸਾਡੇ ਅਜੋਕੇ ਸਮਾਜ ਦੇ ਚਿਹਰਿਆਂ 'ਤੇ ਹੁਣ ਚਿੰਤਾ ਤੇ ਫਿਕਰਾਂ ਦੀਆਂ ਲਕੀਰਾਂ ਬੰਦੇ ਦੇ 'ਬਾਰਾਂ ਹੀ ਵਜਾਈ ਰੱਖਦੀਆਂ ਹਨ। ਦਰਅਸਲ ਹੁਣ ਤਾਂ ਹੱਸਣਾ-ਖੇਡਣਾ ਆਮ ਦੁਨੀਆਂਦਾਰਾਂ ਦੇ ਵੱਸ ਵਿਚ ਹੀ ਨਹੀਂ ਰਹਿ ਗਿਆ। ਇਸ ਵਾਸਤੇ ਸਾਡੀ ਅੱਜ ਦੀ ਦੁਨੀਆਂ ਵਿਚ ਜਾਂ ਤਾਂ ਕੋਈ ਫ਼ੱਕਰ ਹੱਸਦਾ ਹੈ ਤੇ ਜਾਂ ਕੋਈ ਪਹੁੰਚਿਆ ਹੋਇਆ ਪੀਰ-ਫ਼ਕੀਰ ਹੀ ਹੱਸ ਸਕਦਾ ਹੈ।

ਇਸ ਪ੍ਰਥਾਇ ਸੰਨ 1915 ਦੇ ਕਰੀਬ ਮੱਧ ਪ੍ਰਦੇਸ਼ ਵਿਚ ਹੋਏ ਪੀਰੇ-ਯਜ਼ਦਾਨੀ ਮੁਹੰਮਦ ਫਜ਼ਲ ਹੁਸੈਨ ਸ਼ਾਹ ਕਾਦਰੀ ਦਾ ਕਥਨ ਹੈ ਕਿ :-

ਹੱਦ ਟੱਪੇ ਔਲੀਆ, ਬੇਹੱਦ ਟੱਪੇ ਪੀਰ।
ਹੱਦ ਸੇ ਬੇਹੱਦ ਟੱਪੇ, ਉਸ ਕਾ ਨਾਮ ਫ਼ਕੀਰ।

ਜਦੋਂ ਕੋਈ ਫ਼ੱਕਰ ਕਿਸਮ ਦਾ ਬੰਦਾ ਹੱਸਦਾ-ਖੇਡਦਾ ਸਾਡੇ ਸਮਾਜ ਵਿਚ ਵਿਚਰਦਾ ਹੈ ਤਾਂ ਦੁਨੀਆਂ ਈਰਖ਼ਾ ਵਜੋਂ ਬੇਮਤਲਬ ਹੀ ਕਿੰਤੂ-ਪ੍ਰੰਤੂ ਕਰਦੀ ਹੋਈ, ਉਸ 'ਤੇ ਬੇਵਜ੍ਹਾ ਹੀ ਤੋਹਮਤਾਂ ਲਾਉਂਦੀ ਹੈ। ਅਸੀਂ ਆਪਣੇ ਆਪ ਨੂੰ ਕਹਾਉਂਦੇ ਸੱਭਿਅਕ ਲੋਕ ਅਕਸਰ ਹੀ ਖੁਸ਼-ਤਬੀਅਤ ਬੰਦਿਆਂ ਅਤੇ ਹਾਸੇ-ਮਖੌਲ ਦੇ ਮਾਹੌਲ



Original with;
Kulbir Singh Sidhu(I.A.S)
Digitized by;
Panjab Digital Library

ਨੂੰ ਬਰਦਾਸ਼ਤ ਨਹੀਂ ਕਰਦੇ। ਇਸ ਲਈ ਜਿਵੇਂ ਟਹਿਕਦੇ ਫੁੱਲਾਂ ਨੂੰ ਕੰਡਿਆਂ ਵਿਚ ਜਿਉਣਾ ਔਖਾ ਹੁੰਦਾ ਹੈ, ਉਸ ਤਰ੍ਹਾਂ ਹੀ ਖੁਸ਼ਗਵਾਰ ਮਾਹੌਲ ਦੇ ਬਾਸ਼ਿੰਦਿਆਂ ਵਾਸਤੇ ਦੁਸ਼ਵਾਰੀਆਂ ਭਰਿਆ ਜੀਵਨ ਨਿਭਾਉਣਾ ਕੋਈ ਸੌਖਾ ਕੰਮ ਨਹੀਂ ਹੁੰਦਾ ਹੈ।

ਸਾਡੇ ਸਮਾਜ ਦੀ ਇਸ ਤ੍ਰਾਸਦੀ ਦੀ ਤਰਜਮਾਨੀ ਸ਼ਾਇਰ **ਮਾਧੋ ਰਾਮ** ਨੇ ਬੜੇ ਖੂਬਸੂਰਤ ਸ਼ਬਦਾਂ ਵਿਚ ਕੀਤੀ ਹੈ :-

ਅਬ ਇਤਰ ਭੀ ਮਲੋ ਤੋ ਤਕਲੁਫ਼ ਕੀ ਬੂ ਕਹਾਂ,
ਵੋਹ ਦਿਨ ਹਵਾ ਹੂਏ ਕਿ ਪਸੀਨਾ ਭੀ ਗੁਲਾਬ ਥਾ।

ਬਹਿਰਹਾਲ! ਸਾਡੇ ਲੋਕਾਂ ਦੇ ਕਦੇ ਹਸੂੰ-ਹਸੂੰ ਕਰਦੇ ਮੂੰਹਾਂ 'ਤੇ ਚਿੰਤਾ ਦੀਆਂ ਲਕੀਰਾਂ ਨਾਲ ਉਕਰੀ ਹਾਲ-ਪਾਰ੍ਹਿਆ ਦੀ 'ਹਾਹੋ' ਵਰਗੀ ਇਬਾਰਤ ਜਦੋਂ ਮਰਜ਼ੀ ਪੜ੍ਹ ਲਵੋ। ਇਸ ਪ੍ਰਥਾਇ **ਗਾਲਿਬ** ਨੇ ਸਾਡੀ ਇਸ ਮਾਨਸਿਕ ਸਥਿਤੀ ਬਾਰੇ ਕਿਤੇ ਬਹੁਤ ਖੂਬ ਕਿਹਾ ਹੈ : -

ਆਗੇ ਆਤੀ ਥੀ ਹਾਲੇ-ਦਿਲ ਪੇ ਹੰਸੀ,
ਅਬ ਕਿਸੀ ਬਾਤ ਪਰ ਨਹੀਂ ਆਤੀ।

ਮੁੱਕਦੀ ਗੱਲ! ਦਰਅਸਲ, ਹੁਣ ਤਾਂ ਹਾਸੇ-ਖੇੜਿਆਂ ਦਾ ਕਿੱਸਾ ਖਤਮ ਹੋਇਆ ਹੀ ਸਮਝੋ ਕਿਉਂਕਿ ਅੱਜ ਦਾ ਆਦਮੀ ਤਾਂ ਹੱਸਣਾ ਹੀ ਭੁੱਲ ਗਿਆ ਹੈ ਤੇ ਖੁਸ਼ੀ ਨਾਂ ਦੀ ਚੀਜ਼ ਉਸ ਦੀ ਸਮਝ ਤੋਂ ਬਾਹਰ ਹੋ ਚੁੱਕੀ ਹੈ। ਕਿਸੇ ਵੀ ਬੰਦੇ ਨੂੰ ਜਿਊਣ ਦੀ ਜਾਂਚ ਹੀ ਨਹੀਂ ਰਹਿ ਗਈ। ਸ਼ਾਇਦ ਇਸ ਲਈ ਹੀ ਸਾਡਾ ਇਕ ਮੁਹਾਵਰਾ 'ਤੂੰ ਬੰਦਾ ਹੈਂ ਕਿ ਪਜਾਮਾ' ਪ੍ਰਚੱਲਤ ਹੋਇਆ ਜਾਪਦਾ ਹੈ। ਇਸ ਦਾ ਮਤਲਬ ਹੈ ਕਿ ਜਦੋਂ ਬੰਦਾ ਸਿੱਧੇ ਦੀ ਥਾਂ ਪੁੱਠੇ ਕੰਮ ਕਰ ਲਵੇ ਤਾਂ ਉਸ ਨੂੰ ਬੰਦੇ ਦੀ ਥਾਂ ਪਜਾਮਾ ਕਿਹਾ ਜਾਂਦਾ ਹੈ। ਇਉਂ ਹੀ ਅਜੋਕਾ ਮਨੁੱਖ ਮਾਨਸਿਕ ਤੇ ਸਰੀਰਿਕ ਤੌਰ 'ਤੇ ਕਦੇ ਘੱਟ ਹੀ 'ਆਪੇ' ਵਿਚ ਹੁੰਦਾ ਹੈ।

ਜ਼ਾਹਿਰ ਹੈ ਕਿ ਅੱਜ ਅਸੀਂ ਸਾਵੀਂ-ਪੱਧਰੀ ਸੋਚ ਤੇ ਜੀਵਨਸ਼ੈਲੀ ਤੋਂ ਥਿੜਕ ਕੇ ਬੱਸ ਉਲਾਰ ਜਿਹੀ ਮਾਨਸਿਕਤਾ ਵਿਚ ਹੀ ਜਿਉਂਦੇ ਹਾਂ। ਕਦੇ ਅਸੀਂ ਲੋੜੋਂ ਵੱਧ ਕਮਲ ਮਾਰ ਕੇ ਆਪਣੇ ਆਪ ਨੂੰ ਹੱਸਮੁੱਖ ਸਾਬਿਤ ਕਰਨਾ ਚਾਹੁੰਦੇ ਹਾਂ ਅਤੇ ਕਦੇ ਬੇਮਤਲਬ ਹੀ ਵਾਧੂ ਜਿਹੇ ਮਾਨਸਿਕ ਤਣਾਵਾਂ ਦੇ ਤਹਿਤ ਰੋਂਦੂ-ਭੌਂਦੂ ਬਣੇ ਹੁੰਦੇ ਹਾਂ। ਪਹਿਲਾਂ ਕਦੇ ਪੰਜਾਬੀਆਂ ਦੀ ਦਿਲਦਾਰੀ, ਖੁਸ਼ਰੰਗ ਤਬੀਅਤ ਤੇ ਹਾਸੇ-ਠੱਠਿਆਂ ਦੀ ਗੱਲ ਕਰਕੇ ਦੁਨੀਆਂ ਦਿਲੋਂ ਖੁਸ਼ ਹੁੰਦੀ ਸੀ, ਪਰ ਉਹੀ ਦੁਨੀਆਂ ਦੇ ਲੋਕ ਹੁਣ ਸਾਡੇ ਸੁਭਾਅ ਵਿਚ ਆ ਰਹੇ ਸੌੜੇਪਣ ਤੇ ਸਾੜਿਆਂ 'ਤੇ ਹਸਦੇ ਹਨ ਅਤੇ ਸਗੋਂ ਸਾਨੂੰ ਹਾਸੇ-ਮਖੌਲ ਦਾ ਮੌਜ਼ੂ ਬਣਾਉਂਦੇ ਹਨ।

ਇਸ ਸਬੰਧ ਵਿਚ ਸਾਡੇ ਬਾਰੇ ਮਸ਼ਹੂਰ ਹੈ ਕਿ ਜੇ ਕਿਤੇ ਪੰਜਾਬੀ ਮੌਜ ਵਿਚ ਬੈਠੇ ਹੋਣ ਤਾਂ ਭਾਵੇਂ ਇਨ੍ਹਾਂ ਦੇ ਸਾਹਮਣੇ ਘਿਉ ਦੇ ਘੜੇ ਡੋਲ ਦਿਉ ਤੇ ਭਾਵੇਂ ਇਨ੍ਹਾਂ ਦੇ ਕੱਪੜੇ ਹੀ ਲਾ ਲਉ; ਇਹ ਟੱਸ ਤੋਂ ਮੱਸ ਨਹੀਂ ਹੋਣਗੇ। ਇਸ ਦੇ ਉਲਟ ਜੇ ਕਿਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਇਨ੍ਹਾਂ ਦੀਆਂ ਸ਼ਰਾਂ ਚੜ੍ਹੀਆਂ ਹੋਣ ਤਾਂ ਸ਼ਰਾਬ ਦੀ ਬੋਤਲ ਟੁੱਟਣ ਨੂੰ ਹੀ ਇਹ ਦੁਨੀਆਂ ਦੀ ਸਭ ਤੋਂ ਵੱਡੀ ਬਦਸ਼ਗਨੀ ਸਮਝ ਕੇ ਪਤਾ ਨਹੀਂ ਕਿਹੜੀ ਪਰਲੋਂ ਲਿਆ ਦੇਣ।

ਦਰਅਸਲ, ਇਨ੍ਹਾਂ ਦੀ ਮੌਜਮਸਤੀ ਤੇ ਅਵੱਲੇ ਜਿਹੇ ਕਮਲ ਦਾ ਕੋਈ ਹੱਦ-ਬੰਨ੍ਹਾ ਹੀ ਨਹੀਂ ਹੁੰਦਾ। ਕੋਈ ਵੱਡੀ ਗੱਲ ਨਹੀਂ ਕਿ ਇਕ ਬੰਨ੍ਹੇ ਜੇ ਜਨ-ਗਨ-ਮਨ ਕੌਮੀ ਤਰਾਨਾ ਵੀ ਵੱਜ ਰਿਹਾ ਹੋਵੇ ਤਾਂ ਇਨ੍ਹਾਂ ਦਾ ਇਸ ਪਾਸੇ ਕੋਈ ਧਿਆਨ ਹੀ ਨਾ ਹੋਵੇ ਅਤੇ ਦੂਜੇ ਬੰਨ੍ਹੇ ਇਹ ਵੀ ਹੋ ਸਕਦਾ ਹੈ ਕਿ ਜੇ ਕਿਤੇ ਇਹ ਆਪਣੀ ਮੌਜ ਵਿਚ ਆ ਜਾਣ ਤਾਂ ਰੇਡੀਉ ਤੋਂ ਖ਼ਬਰਾਂ ਸੁਣ ਕੇ ਹੀ ਭੰਗੜਾ ਪਾਉਣ ਲੱਗ ਪੈਣ। ਕੁਲ ਮਿਲਾ ਕੇ ਪੰਜਾਬੀ ਸੁਭਾਅ ਆਹ ਤੇ ਵਾਹ ਦੇ ਫ਼ਰਕ ਨੂੰ ਘੱਟ ਹੀ ਗੌਲਦਾ ਤੇ ਸਮਝਦਾ ਹੈ।

ਇਸ ਪ੍ਰਥਾਇ ਹੀ ਆਮ ਤੌਰ 'ਤੇ ਵੇਖਿਆ ਹੈ ਕਿ ਪੰਜਾਬੀ ਲੋਕ ਬੇਵਕਤੀ ਤੇ ਬੇਮੌਸਮੀ ਜਿਹੀ ਠਾਹ ਸੋਟਾ ਮਾਰਨ ਵਾਲੀ ਬਿਰਤੀ ਦੇ ਮਾਲਕ ਮੰਨੇ ਗਏ ਹਨ। ਬੱਸ ਪੰਜਾਬੀ ਸਿਰਫ਼ ਤੇ ਸਿਰਫ਼ ਸਰਹੱਦ 'ਤੇ ਲੜਾਈ ਲੱਗਣ ਸਮੇਂ ਹੀ ਸੰਜੀਦਾ ਹੁੰਦੇ ਹਨ। ਫਿਰ ਇਹ ਜਾਨ-ਮਾਲ ਦੀ ਪ੍ਰਵਾਹ ਨਾ ਕਰਦੇ ਹੋਏ ਤਨੋਂ-ਮਨੋਂ ਤੇ ਧਨੋਂ ਆਪਣੇ ਘਰ-ਬਾਰ ਤੋਂ ਲੈ ਕੇ ਆਪਣੀ ਜਾਨ ਤੱਕ ਵੀ ਆਪਣੇ ਦੇਸ਼ ਤੋਂ ਨਿਛਾਵਰ ਕਰ ਦਿੰਦੇ ਹਨ। ਇਸ ਸਾਰੀ ਮੌਜੂਦਾ ਸਥਿਤੀ ਨੂੰ ਦੇਖ ਕੇ ਸੱਚ-ਮੁੱਚ ਹੀ ਦਿਲ ਦੁਖਦਾ ਹੈ ਕਿ ਉਹ ਦਿਨ ਤਾਂ ਹੁਣ ਦੂਰ ਦੇ ਢੋਲ ਹੀ ਹੋ ਗਏ ਹਨ ਕਿ 'ਜਦੋਂ ਮੀਆਂ ਖ਼ਲੀਲ ਖ਼ਾਂ ਫ਼ਾਖਤਾ-ਘੁੱਗੀਆਂ ਉਡਾਉਂਦੇ ਹੁੰਦੇ ਸਨ'। ਇਸ ਦਾ ਭਾਵ ਇਹ ਹੈ ਕਿ ਪੰਜਾਬੀ ਲੋਕ ਆਮ ਹੀ ਜੀਅ-ਜਾਨ ਤੋਂ ਹੱਸਦੇ-ਖੇਡਦੇ ਆਪਸ ਵਿਚ ਚਹੇਡਾਂ-ਮਸ਼ਕਰੀਆਂ ਕਰਦੇ ਤੇ ਬੱਸ ਤਾੜੀ ਮਾਰ ਕੇ ਜਿਉਂਦੇ ਸਨ।

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਸਾਡੀ ਅੰਤਰੀਵ ਖ਼ੁਸ਼ੀ ਤੇ ਅਨੰਦ ਦੀ ਥਾਂ ਹੁਣ ਬਨਾਵਟੀ ਤੇ ਓਪਰੀ ਜਿਹੀ ਹਾ-ਹੂ ਨੇ ਲੈ ਲਈ ਹੈ। ਅਸੀਂ ਅੱਜ ਅੰਦਰੂਨੀ ਮੌਜ ਦੀ ਅਹਿਮੀਅਤ ਨੂੰ ਭੁਲਾ ਕੇ ਬਾਹਰੀ ਮੌਜ-ਮੇਲਿਆਂ ਦੇ ਲੜ ਲੱਗ ਗਏ ਹਾਂ। ਕੁਲ ਮਿਲਾ ਕੇ ਹੁਣ ਕਿਹਾ ਜਾ ਸਕਦਾ ਹੈ ਕਿ ਬੁਨਿਆਦੀ ਤੌਰ 'ਤੇ ਪੰਜਾਬੀ ਲੋਕ ਮਨਮੌਜੀ ਜਿਹੇ ਹੋ ਗਏ ਹਨ ਅਤੇ ਸਾਡਾ ਸਮਾਜ ਫ਼ਿਤਰਤਨ ਹੀ ਮੌਜਵਾਦੀ ਬਣ ਚੁੱਕਾ ਹੈ।

ਸਾਡੀ ਇਸ ਸਮਾਜਿਕ ਸਥਿਤੀ ਨੂੰ ਸਮਝਣ ਦੇ ਪ੍ਰਸੰਗ ਵਿਚ ਮੈਨੂੰ ਇਕ ਘਟਨਾ ਦੀ ਯਾਦ ਆਈ ਹੈ ਕਿ ਕੋਈ ਪੰਜਾਬੀ ਕਲਕੱਤੇ ਗਿਆ ਸੀ। ਉਸ ਦੇ ਰਿਸ਼ਤੇਦਾਰ ਉਸ ਨੂੰ ਸਾਡੇ ਪੰਜਾਬ ਦੇ ਬੇਮਿਸਾਲ ਫੁੱਟਬਾਲਰ ਏਸ਼ੀਅਨ ਸਟਾਰ ਜਰਨੈਲ ਸਿੰਘ ਪਨਾਮੀਏ ਦਾ ਮੈਚ ਵੇਖਣ ਲਈ ਲੈ ਗਏ। ਉਦੋਂ ਉਥੇ ਮੈਚ ਵਿਚ ਲੜਾਈ ਹੋ ਗਈ ਤਾਂ ਉਹ ਵੀ ਕੁੱਟ-ਮਾਰ ਕਰਦਾ ਫੜਿਆ ਗਿਆ। ਜਦੋਂ ਪੁਲਿਸ ਬਿਆਨ ਕਲਮਬੰਦ ਕਰਨ ਲੱਗੀ ਤਾਂ ਸਾਡਾ ਇਹ ਬਾਈ ਕਹਿਣ ਲੱਗਾ ਕਿ ਪਹਿਲਾਂ ਤਾਂ ਫੁੱਟਬਾਲ ਨੂੰ ਖਿਡਾਰੀ ਇਧਰ-ਉੱਧਰ ਭਜਾਈ ਫਿਰਦੇ ਸੀ। ਮੈਨੂੰ ਨਹੀਂ ਪਤਾ ਕਿ



Original with;
Kulbir Singh Sidhu(I.A.S)
Digitized by;
Panjab Digital Library

ਫਿਰ ਕੀ ਹੋਇਆ, ਪਰ ਜਦੋਂ ਮੇਰੇ ਸਿਰ ਵਿਚ ਸੋਟੀ ਵੱਜੀ ਤਾਂ ਮੈਨੂੰ ਸਮਝ ਆਈ ਕਿ ਲੜਾਈ ਹੋ ਰਹੀ ਹੈ। ਇਸ ਉਪਰੰਤ ਮੈਂ ਵੀ ਡਾਂਗ ਕੱਢ ਲਈ; ਫਿਰ ਜੀਹਦੇ ਮੈਂ ਮਾਰਾਂ ਉਹ ਹੀ ਬੇਹੋਸ਼ ਹੋ ਜਾਵੇ। ਸੋ ਮੇਰੀ ਜਾਚੇ ਇਹ ਸਾਰੀ ਕਹਾਣੀ ਸਾਡੇ ਸਮਾਜ ਦੇ ਮਨਮੌਜੀ ਤੇ ਮੌਜਵਾਦੀ ਸੁਭਾਅ ਦੀ ਤਰਜਮਾਨੀ ਕਰਦੀ ਹੈ ਕਿ ਅਸੀਂ ਆਪਣੀ ਸਭਿਆਚਾਰਕ ਬਦਰੰਗੀ ਤੇ ਬਦਹਾਲੀ ਦੇ ਪੱਖੋਂ ਬੇਖ਼ਬਰ ਜਿਹੇ ਹੋਏ ਬੈਠੇ ਹਾਂ ਅਤੇ ਇਸ ਪ੍ਰਥਾਇ ਸਾਨੂੰ ਜਿੰਨੀ ਦੇਰ ਕੋਈ 'ਵਧਾਣੀ ਸੱਟ' ਨਹੀਂ ਵੱਜਦੀ ਸਾਨੂੰ ਸੂਰਤ ਵੀ ਨਹੀਂ ਆਉਣੀ।

ਇਸ ਚੱਲ ਰਹੇ ਖ਼ੁਸ਼ੀ-ਖੇੜੇ ਤੇ ਹਾਸੇ-ਠੱਠੇ ਦੇ ਇਸ ਪ੍ਰਸੰਗ ਵਿਚ ਸਾਡੇ ਸਮਾਜ ਦੀ ਅਜੋਕੀ ਹਾਲਤ ਬਾਰੇ ਜੇ ਸ਼ਾਇਰ **ਬਾਬਾ ਗਾਲਿਬ** ਦੀ ਗੱਲ ਮੰਨੀਏ ਤਾਂ ਮਿਲ-ਮਿਲਾ ਕੇ ਹੁਣ ਸਾਡਾ ਹਾਲ ਬਿਲਕੁਲ ਇਉਂ ਜਿਹੇ ਬਣਿਆ ਹੋਇਆ ਕਿ :-

ਹਮ ਵਹਾਂ ਹੈਂ ਜਹਾਂ ਸੇ ਹਮ ਕੋ ਭੀ, ਕੁਛ ਹਮਾਰੀ ਖ਼ਬਰ ਨਹੀਂ ਆਤੀ।

ਬਹਿਰਹਾਲ, ਸਾਡੇ ਸਮਾਜ ਤੇ ਸਭਿਆਚਾਰਵਿਚ ਕੋਈ ਸੱਠ ਕੁ ਸਾਲ ਪਹਿਲਾਂ ਦੇ ਸਾਡੇ ਸਮਾਜ ਵਿਚ ਜੋ ਹਾਸੇ-ਖੇੜਿਆਂ, ਚਾਵਾਂ-ਮਲਾਰ੍ਹਾਂ ਤੇ ਖ਼ੁਸ਼ੀਆਂ ਦੀ ਅਹਿਮੀਅਤ ਸੀ; ਉਸ ਦੇ ਮੁਕਾਬਲੇ ਵਿਚ ਅੱਜ ਸਾਡੇ ਹਾਸਿਆਂ-ਖੇੜਿਆਂ ਦੇ ਵਿਹੜੇ ਬੱਸ ਹੁਣ ਬੇਚਿਰਾਗ ਤੇ ਬੇਨੂਰ ਹੋ ਗਏ ਹਨ। ਸਾਡੇ ਸਭਿਆਚਾਰ ਵਿਚ ਕਦੇ ਬੜੇ ਹੀ ਭਾਵਪੂਰਨ ਹਾਸੇ-ਠੱਠੇ ਤੇ ਰੰਗ ਤਮਾਸ਼ੇ ਆਮ ਹੀ ਪ੍ਰਚਲਿਤ ਸਨ। ਕਦੇ ਸਾਡੇ ਜੀਵਨ ਵਿਚ ਖੇਡਣ-ਮੱਲਣ ਦੇ ਚਾਅ ਤੇ ਹਾਸੇ-ਖੇੜੇ ਸਾਡੀ ਰੂਹ ਦੀ ਖੁਰਾਕ ਹੁੰਦੇ ਸਨ ਅਤੇ ਇਉਂ ਪੰਜਾਬੀਆਂ ਦੀ ਰੂਹ ਇਕ ਅਵੱਲੀ ਜਿਹੀ ਖੁਮਾਰੀ ਨਾਲ ਮਖ਼ਮੂਰ ਹੁੰਦੀ ਸੀ।

ਸਮੁੱਚੇ ਪੰਜਾਬ ਦੀ ਰੂਹ ਵਿਚ ਕੌਮੀ ਸੰਘਰਸ਼ਾਂ ਤੇ ਦੁਸ਼ਵਾਰੀਆਂ ਦੇ ਬਾਵਜੂਦ ਵੀ ਤਸਕੀਨ ਤੇ ਪੰਜਾਬੀਆਂ ਦੇ ਮਨਾਂ ਵਿਚ ਸਕੂਨ ਰਿਹਾ ਹੈ। ਇਉਂ ਹੀ ਸਾਡੀ ਸਭਿਆਚਾਰਕ ਖ਼ੁਸ਼ਹਾਲੀ ਨਾਲ ਸਾਡਾ ਸਮੁੱਚਾ ਪੰਜਾਬੀ ਜੀਵਨ ਸਰਸ਼ਾਰ ਰਿਹਾ ਹੈ, ਜਿਸ ਕਰਕੇ 'ਭਿੱਜ ਗਈ ਰੂਹ ਮਿੱਤਰਾ ਕਾਲੀਆਂ ਘਟਾਂ ਚੜ੍ਹ ਆਈਆਂ' ਜਿਹੀਆਂ ਲੋਕ ਬੋਲੀਆਂ ਬੜੀਆਂ ਮਕਬੂਲ ਹੁੰਦੀਆਂ ਸਨ। ਜ਼ਿਕਰਯੋਗ ਹੈ ਕਿ ਮੋਰ ਜਿਵੇਂ ਘਣਘੋਰ ਕਾਲੀਆਂ ਘਟਾਵਾਂ ਨੂੰ ਵੇਖ ਕੇ ਮਾਇਲ ਭਾਵ ਆਨੰਦ-ਵਿਭੋਰ ਹੋ ਉਠਦਾ ਹੈ ਅਤੇ ਪੈਲ ਪਾਉਣ ਲਗਦਾ ਹੈ, ਬੱਸ ਉਵੇਂ ਹੀ ਪੰਜਾਬ ਦੀਆਂ ਕੁੜੀਆਂ-ਚਿੜੀਆਂ ਤੇ ਬੁੱਢੇ-ਨੱਢੇ ਜੀਵਨ ਦੇ ਘੋਰ ਸੰਕਟਾਂ ਦੇ ਬਾਵਜੂਦ ਵੀ ਇਕ ਸਵੈਮਾਣੀ ਜਿਹੀ ਖੁਮਾਰੀ ਵਿਚ ਖੀਵੇ ਹੋਏ ਰਹਿੰਦੇ ਸਨ।

ਇਸ ਸੰਦਰਭ ਵਿਚ ਹਾਲੇ ਕੱਲ੍ਹ ਹੀ ਬੀਤੀਆਂ ਪੀੜ੍ਹੀਆਂ ਦੇ ਜੀਵਨ ਤੇ ਜੀਵਨਸ਼ੈਲੀ ਉਤੇ ਪੰਛੀ ਝਾਤ ਪਾਉਣ ਨਾਲ ਸਾਰੀ ਬਾਤ ਸਮਝ ਆ ਜਾਂਦੀ ਹੈ ਕਿ ਸਾਡੇ ਬਦਰੰਗ ਹੋ ਰਹੇ ਸਭਿਆਚਾਰ ਵਿਚ ਪੰਜਾਬੀਆਂ ਦੀ ਰਹਿਣੀ ਬਹਿਣੀ ਅਤੇ ਸਾਡੇ ਜੀਵਨ ਵਿਚ ਕਿੱਡੀ ਵੱਡੀ ਤੇ ਕੋਝੀ ਤਬਦੀਲੀ ਆ ਚੁਕੀ ਹੈ। ਮੈਂ ਬਚਪਨ ਵਿਚ ਕਿਸੇ ਔਰਤ ਵੱਲੋਂ ਆਪਣੇ ਦਿਲ ਦੇ ਚੋਰ-ਜਾਨੀ ਪ੍ਰਤੀ ਤਾਹਨੇ-ਮਿਹਣੇ ਤੇ



Original with;
Kulbir Singh Sidhu(I.A.S)
Digitized by;
Panjab Digital Library

ਨਿਹੋਰੇ ਦੇ ਰੂਪ ਵਿਚ ਇਕ ਗੱਲ ਸੁਣੀ ਸੀ ਕਿ 'ਭੌਰ ਬਣ ਕੇ ਰਸ ਪੀ ਲਿਆ ਜਵਾਨੀ ਵਾਲਾ ਸਾਰਾ ਤੇ ਹੁਣ ਫੋਗ ਦੀ ਕਾਹਨੂੰ ਬਾਤ ਪੁਛਦਾ'। ਇਸ ਸਬੰਧ ਵਿਚ ਸਾਨੂੰ ਵੀ ਸਾਡੇ ਅਤੀਤ ਦਾ ਸਭਿਆਚਾਰ ਕੁਝ ਇਉਂ ਹੀ ਕਹਿੰਦਾ ਜਾਪਦਾ ਹੈ ਕਿ ਹੁਣ ਅਸੀਂ ਪਹਿਲਾਂ ਵਾਂਗ ਆਪਣੀਆਂ ਪੁਰਾਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਪ੍ਰਵਾਹ ਨਹੀਂ ਕਰ ਰਹੇ।

ਸਾਡੇ ਸਭਿਆਚਾਰ ਵਿਚ ਇਸ ਵੱਡੀ ਤਬਦੀਲੀ ਦੇ ਸਬੰਧ ਵਿਚ ਮੈਂ ਤਾਂ ਇਹ ਹੀ ਕਹਾਂਗਾ ਕਿ ਪੰਜਾਬੀਅਤ ਦੀ ਰੂਹ ਵਿਚ ਹੁਣ ਪਹਿਲਾਂ ਵਾਲਾ ਸਰੂਰ ਤੇ ਸਵੈਮਾਣ ਨਹੀਂ ਰਿਹਾ। ਮੇਰੀ ਜਾਚੇ ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਆਪਣੇ ਜੀਵਨ ਵਿਚ ਕੁਦਰਤ ਦੀ ਨਿੱਘੀ ਗੋਦ ਤੋਂ ਬਹੁਤ ਦੂਰ ਆ ਗਏ ਹਾਂ। ਫਿਰ ਇਸ ਦੇ ਉਲਟ ਅਸੀਂ ਨਵੇਂ ਜ਼ਮਾਨੇ ਦੀਆਂ ਨਵੀਆਂ ਜਿਹੀਆਂ ਮਾਇਆਵਾਦੀ ਤੇ ਪਦਾਰਥਵਾਦੀ ਗਰਮ ਹਵਾਵਾਂ ਦੀ ਜ਼ਦ ਵਿਚ ਆ ਗਏ ਹਾਂ। ਆਧੁਨਿਕਤਾ ਤੇ ਤਰੱਕੀ ਦੇ ਨਾਮ 'ਤੇ ਅਸੀਂ ਸੁਆਰਥੀ ਤੇ ਲਾਲਚੀ ਪ੍ਰਭਾਵਾਂ ਦਾ ਦਾਇਰਾ ਇੰਨਾ ਵਧਾ ਲਿਆ ਹੈ ਕਿ ਆਪਣੀ ਧਰਤੀ ਤੇ ਆਪਣੇ ਲੋਕਾਂ ਨਾਲੋਂ ਹੀ ਟੁੱਟ ਕੇ ਬਹਿ ਗਏ ਹਾਂ। ਇਸ ਤਰ੍ਹਾਂ ਅਸੀਂ ਜ਼ਿਆਦਾਤਰ ਆਪਣੀਆਂ ਹੀ ਸਹੇੜੀਆਂ ਪ੍ਰੇਸ਼ਾਨੀਆਂ ਤੇ ਬੇਚੈਨੀਆਂ ਦੀ ਗ੍ਰਿਫਤ ਵਿਚ ਆ ਗਏ ਹਾਂ।

ਇਉਂ ਅਸੀਂ ਪੈਸੇ ਦੇ ਜ਼ੋਰ ਨਾਲ ਦੁਨਿਆਵੀ ਸਹੂਲਤਾਂ ਤਾਂ ਮੁੱਲ ਲੈ ਲਈਆਂ ਹਨ, ਪਰ 'ਅਣਮੁੱਲਾ ਸੁੱਖ' ਤੇ ਪਿਆਰ ਸਾਡੇ ਪੱਲੇ ਨਹੀਂ ਪਿਆ। ਜ਼ਾਹਿਰ ਹੈ ਕਿ ਅਸੀਂ ਬਿਲਕੁਲ ਹੀ ਭੁੱਲ ਗਏ ਹਾਂ ਕਿ ਸਿਹਤ, ਸੁੱਖ ਤੇ ਖ਼ੁਸ਼ੀ ਕਿਸੇ ਵੀ ਕੀਮਤ 'ਤੇ ਦੁਨੀਆਂ ਦੇ ਕਿਸੇ ਵੀ ਬਜ਼ਾਰ ਵਿਚੋਂ ਖਰੀਦੀ ਨਹੀਂ ਜਾ ਸਕਦੀ।

ਜੱਗ ਜ਼ਾਹਿਰ ਹੈ ਕਿ ਖ਼ੁਸ਼ੀ ਕਿਸੇ ਬਜ਼ਾਰ ਵਿਚੋਂ ਨਹੀਂ ਮਿਲਦੀ ਤੇ ਨਾ ਹੀ ਇਸ ਦੀ ਕੋਈ ਕੀਮਤ ਹੁੰਦੀ ਹੈ। ਇਸ ਸਬੰਧ ਵਿਚ ਮੈਨੂੰ ਆਪਣੇ ਹੀ ਘਰ ਦੀ ਇਕ ਬਹੁਤ ਵਧੀਆ ਮਿਸਾਲ ਹਮੇਸ਼ਾਂ ਹੀ ਯਾਦ ਰਹੀ ਹੈ ਕਿ ਕੋਈ ਚਾਲੀ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਸਾਡੀ ਵੱਡੀ ਭੈਣ ਪਰਮਜੀਤ ਕੌਰ ਆਪਣੇ ਲਈ ਕੁਝ ਸਮਾਨ ਖਰੀਦਣ ਵਾਸਤੇ ਬਜ਼ਾਰ ਗਏ ਤਾਂ ਉਥੇ ਉਨ੍ਹਾਂ ਨੇ ਕੈਸੀਓ ਕੰਪਨੀ ਦਾ ਇਕ ਸਾਜ਼ ਪਿਆ ਵੇਖਿਆ। ਉਨ੍ਹਾਂ ਨੇ ਦੁਕਾਨਦਾਰ ਤੋਂ ਉਸ ਦਾ ਭਾਅ ਪੁੱਛਿਆ ਤਾਂ ਉਨ੍ਹਾਂ ਨੂੰ ਗਿਆਨ ਹੋਇਆ ਕਿ ਉਨ੍ਹਾਂ ਕੋਲ ਤਾਂ ਉਸ ਵਕਤ ਜਿੰਨੇ ਪੈਸੇ ਸਨ, ਉਹ ਤਕਰੀਬਨ ਉਸ ਕੈਸੀਓ ਦੀ ਕੀਮਤ ਕੁ ਜਿੰਨੇ ਹੀ ਸਨ। ਭੈਣ ਜੀ ਨੇ ਇਸ ਵਾਸਤੇ ਸਾਰਾ ਪੈਕ ਕੀਤਾ ਸਮਾਨ ਛੱਡ ਦਿਤਾ ਤੇ ਉਹ ਸਾਜ਼ ਖਰੀਦ ਲਿਆ ਤਾਂ ਦੁਕਾਨਦਾਰ ਪੁੱਛਣ ਲੱਗਾ ਕਿ ਭੈਣ ਜੀ ਤੁਸੀਂ ਸਾਰਾ ਸਮਾਨ ਛੱਡ ਕੇ ਕੈਸੀਓ ਕਿਉਂ ਖਰੀਦ ਰਹੇ ਹੋ।

ਖ਼ੈਰ! ਭੈਣ ਜੀ ਨੇ ਜਵਾਬ ਦਿਤਾ ਕਿ ਮੇਰੇ ਪੰਜ-ਛੇ ਸਾਲ ਦੇ ਬੇਟੇ ਪਿੰਕੀ ਨੂੰ ਜਨਮਜਾਤ ਹੀ ਸੰਗੀਤ ਨਾਲ ਲਗਾਅ ਹੈ। ਇਸ ਵਾਸਤੇ ਮੈਂ ਸਮਝਦੀ ਹਾਂ ਕਿ ਇਸ ਕੈਸੀਓ ਨੂੰ ਪ੍ਰਾਪਤ ਕਰਨ ਉਪਰੰਤ ਮੈਨੂੰ ਬੱਚੇ ਦੇ ਚਿਹਰੇ 'ਤੇ ਜੋ ਮੁਸਕਾਨ ਵੇਖਣ ਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਮਿਲੇਗੀ, ਉਸ ਦੀ ਮੈਨੂੰ ਖ਼ੁਸ਼ੀ ਆਪਣੇ ਲਈ ਖਰੀਦੇ ਇਸ ਸਾਰੇ ਸਮਾਨ ਦੀ ਸੰਤੁਸ਼ਟੀ ਨਾਲੋਂ ਕਿਤੇ ਵੱਧ ਹੋਵੇਗੀ। ਇਹ ਮਾਂ ਦੀ ਮਮਤਾ, ਬੱਚੇ ਦੀ ਮਾਸੂਮੀਅਤ ਤੇ ਅੰਤਰੀਵ ਖ਼ੁਸ਼ੀ ਹਾਸਿਲ ਕਰਨ ਦੀ ਇਕ ਬੇਮਿਸਾਲ ਉਦਾਹਰਣ ਹੈ।

ਮੁੱਕਦੀ ਗੱਲ! ਸਾਡੇ ਇਸ ਅਜੋਕੇ ਸਭਿਆਚਾਰ ਵਿਚ ਸਾਡੇ ਜੀਵਨ ਵਿਚ ਪਿਆਰ ਦੀ ਥਾਂ ਵਪਾਰ ਨੇ ਲੈ ਲਈ ਹੈ ਅਤੇ ਖ਼ੁਸ਼ੀ ਦੀ ਥਾਂ ਖ਼ੁਸ਼ਕੀ ਵਧ ਗਈ ਹੈ; ਜਿਸ ਕਰਕੇ ਸਾਂਝਾਂ ਟੁੱਟ ਰਹੀਆਂ ਹਨ ਤੇ ਝਗੜੇ ਵਧ ਰਹੇ ਹਨ। ਹੁਣ ਸਾਡਾ ਹਾਲ 'ਦਿਲ ਲੈ ਗਏ ਦਿਲਾਂ ਦੇ ਜਾਨੀ, ਬਾਕੀ ਰਹਿ ਗਏ ਹਾਲ ਪੁੱਛਦੇ' ਅਨੁਸਾਰ ਬਸ ਟੁੱਟੇ-ਭੱਜੇ ਜਿਹੇ ਆਸ਼ਕਾਂ ਵਾਲਾ ਬਣਿਆ ਹੋਇਆ ਹੈ। ਸਾਡੇ ਸ਼ਾਨਦਾਰ ਪੰਜਾਬੀ ਸਭਿਆਚਾਰ ਤੇ ਸਾਡੀਆਂ ਨੇਕ ਕਦਰਾਂ-ਕੀਮਤਾਂ ਵਿਚ ਹੋਈ ਇਸ ਵੱਡੀ ਉੱਥਲ-ਪੁੱਥਲ ਦੀ ਤਰਜਮਾਨੀ ਮੈਂ 'ਉੱਡ ਗਈ ਰੂਹ ਮਿੱਤਰਾ, ਬਾਕੀ ਰਹਿ ਗਏ ਕਲਬੂਤ ਬਸ ਫ਼ਾਨੀ' ਜਿਹੇ ਆਪਣੇ ਟੋਟਕੇ ਨਾਲ ਕਰਦਾ ਹਾਂ। ਇਉਂ ਹੀ ਮੈਂ ਸਮਝਦਾ ਹਾਂ ਕਿ ਜੇ ਸਾਥੋਂ ਪਹਿਲਾਂ ਸਾਡੇ ਵਡੇਰਿਆਂ ਦੀਆਂ ਬੀਤ ਚੁੱਕੀਆਂ ਇਕ-ਦੋ ਪੀੜ੍ਹੀਆਂ ਦੇ ਸਭਿਆਚਾਰ ਅਤੇ ਸਾਡੇ ਅਜੋਕੇ ਸਭਿਆਚਾਰ ਦੇ ਘਾਟਿਆਂ-ਵਾਧਿਆਂ ਦਾ ਕਿਤੇ ਲੇਖਾ-ਜੋਖਾ ਕਰਨਾ ਹੋਵੇ ਤਾਂ ਗੱਲ 'ਹੀਰ ਨੂੰ ਲੈ ਗਏ ਖੇੜੇ, ਰਾਂਝੇ ਰਹਿ ਗਏ ਮੱਝਾਂ ਚਾਰਦੇ' ਤੇ ਆ ਕੇ ਮੁੱਕਦੀ ਹੈ।

ਖ਼ੈਰ! ਪੰਜਾਬੀ ਜੀਵਨ ਵਿਚ ਹਾਸੇ-ਖੇੜਿਆਂ ਵਾਲੇ ਸਭਿਆਚਾਰ ਦੀ ਅਤਿਅੰਤ ਅਹਿਮੀਅਤ ਰਹੀ ਹੈ। ਪੰਜਾਬੀ ਸਭਿਆਚਾਰ ਪੁਰਾਤਨ ਸਮਿਆਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਵੱਖ-ਵੱਖ ਖ਼ਿੱਤਿਆਂ ਵਿਚ ਵਿਚਰਦੇ ਜਨ-ਜੀਵਨ ਦੀ ਜਿਊਣ ਤਾਂਘ ਨੂੰ ਮਘਦੇ ਅੰਗਿਆਰਿਆਂ ਵਾਂਗ ਭਖਾਉਂਦਾ ਰਿਹਾ ਹੈ। ਇਉਂ ਸਾਡਾ ਸਭਿਆਚਾਰ ਸਦੋਂ ਤੋਂ ਹੀ ਸਾਡੀ ਸੰਸਕ੍ਰਿਤੀ ਦਾ ਸਿਰਮੌਰ ਅੰਗ ਬਣਿਆ ਰਿਹਾ ਹੈ। ਸਭਿਆਚਾਰਕ ਜੀਵਨ ਦੀਆਂ ਵੱਖ-ਵੱਖ ਵੰਨਗੀਆਂ ਤੇ ਸਿਮਤਾਂ ਵਿਚੋਂ ਮਨੁੱਖੀ ਚਾਅ-ਉਮੰਗਾਂ ਤੇ ਹਾਸੇ-ਖੇੜੇ ਇਸ ਦੀ ਅੰਤਰ-ਆਤਮਾ ਮੰਨੇ ਗਏ ਹਨ। ਗੁਰਬਾਣੀ ਦਾ ਫ਼ੁਰਮਾਨ "ਨਚਣੁ ਕੁਦਣੁ ਮਨ ਕਾ ਚਾਉ।" ਇਸ ਗੱਲ ਦਾ ਪ੍ਰਤੀਕ ਤਾਂ ਹੈ ਹੀ ਕਿ ਖ਼ੁਸ਼ੀ ਮਨੁੱਖਤਾ ਨੂੰ ਹਮੇਸ਼ਾਂ ਲੋੜੀਂਦੀ ਹੈ, ਪਰ ਇਸ ਦੇ ਨਾਲ ਹੀ ਗੁਰਮਤਿ ਅਨੁਸਾਰ ਮਨੁੱਖ ਵਾਸਤੇ ਨੱਚਣ-ਕੁੱਦਣ ਦੀ ਬਾਹਰੀ ਖ਼ੁਸ਼ੀ ਤੋਂ ਅੱਗੇ ਅੰਤਰੀਵ 'ਆਨੰਦ' ਨਾਲ ਜੁੜਨਾ ਹੋਰ ਵੀ ਜ਼ਰੂਰੀ ਹੈ।

ਇਸ ਪ੍ਰਸੰਗ ਵਿਚ ਇਹ ਵੀ ਸਾਡੀ ਸਭਿਆਚਾਰਕ ਮਾਨਤਾ ਹੈ ਕਿ ਖ਼ੁਸ਼ੀ ਜਾਂ ਪ੍ਰਸੰਨਤਾ ਦਾ ਤੁਅਲਕ ਸਿੱਧਾ ਬੰਦੇ ਦੀ ਆਤਮਾ ਤੇ ਮਾਨਸਿਕਤਾ ਨਾਲ ਹੁੰਦਾ ਹੈ। ਇਸ ਵਾਸਤੇ ਕਾਦਰ ਨੇ ਕੁਦਰਤ ਵਿਚ ਖ਼ੂਬਸੂਰਤੀ ਤੇ ਖ਼ੁਸ਼ੀ ਦੀ ਸਿਰਜਣਾ ਕਰਨ ਵਿਚ ਕੋਈ ਕਮੀ ਨਹੀਂ ਰੱਖੀ, ਸਗੋਂ ਬੰਦੇ ਦੀ ਦੇਖਣ ਵਾਲੀ ਅੱਖ ਚਾਹੀਦੀ ਹੈ ਤੇ ਅਨੁਭਵ ਕਰਨ ਵਾਲਾ ਸੋਹਣਾ ਮਨ ਚਾਹੀਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਸੁਹੱਪਣ ਦੇ ਨਜ਼ਾਰੇ ਦੇਖ ਸਕੇ ਅਤੇ ਆਪਣੇ ਜੀਵਨ ਖ਼ੁਸ਼ੀਆਂ ਦੇ ਚਸ਼ਮਿਆਂ ਤੇ ਫੁਹਾਰਿਆਂ ਦੀਆਂ ਠੰਡੀਆਂ ਫੁਹਾਰਾਂ ਮਾਣ ਸਕੇ।



Original with;
Kulbir Singh Sidhu(I.A.S)
Digitized by;
Panjab Digital Library

ਬਹਿਰਹਾਲ! ਇਸ ਪੱਖੋਂ ਬਿਲਕੁਲ ਇਸ ਦੇ ਉਲਟ ਹੁਣ ਇਕ ਕੌੜੀ-ਕਸੈਲੀ ਸੱਚਾਈ ਸਾਡੇ ਸਾਹਮਣੇ ਹੀ ਹੈ ਕਿ ਸਾਡਾ ਸਭਿਆਚਾਰ ਮੌਜੂਦਾ ਮਾਦਾਪ੍ਰਸਤ ਤੇ ਸੁਆਰਥੀ ਝੱਖੜ-ਝੋਲਿਆਂ ਦੇ ਵਿਚ ਫਸ ਗਿਆ ਹੈ। ਜੀਵਨ ਦੀਆਂ ਸੋਹਣੀਆਂ ਕਦਰਾਂ-ਕੀਮਤਾਂ ਦੀ ਥਾਂ ਹੁਣ ਮਾਇਆਵਾਦ ਦੀਆਂ ਬਜ਼ਾਰੂ ਕੀਮਤਾਂ ਨੇ ਲੈ ਲਈ ਹੈ ਅਤੇ ਪੈਸੇ ਦੀ ਤੇਜ਼ ਹਨ੍ਹੇਰੀ ਵਿਚ ਸਾਡਾ ਸਭਿਆਚਾਰ ਇਕ ਬੇਚਿਰਾਗ ਪਿੰਡ ਵਾਂਗ ਬਣਦਾ ਜਾ ਰਿਹਾ ਹੈ। ਅੱਜ ਦੇ ਦੌਰ ਦੀਆਂ ਪੀੜ੍ਹੀਆਂ ਨੇ ਸਾਡੇ ਸਭਿਆਚਾਰਕ ਵਿਰਸੇ ਦੇ ਧੁਰੇ ਖ਼ੁਸ਼ੀ-ਖੇੜੇ ਤੇ ਹਾਸੇ-ਠੱਠੇ ਜਿਹੀਆਂ ਸਿਮਤਾਂ ਨੂੰ ਹੁਣ ਸਾਡੇ ਕਥਿਤ ਜਿਹੇ ਨਵੇਂ-ਨਵੇਂ ਅਦਬ-ਅਦਾਬਾਂ ਦੇ ਮੁਕਾਬਲੇ ਭੁਲਾ ਦਿੱਤਾ ਹੈ।

ਸਾਡੇ ਸਮਾਜ ਨੇ ਨਵੇਂ ਜ਼ਮਾਨੇ ਦੀ ਅਖੌਤੀ ਜਿਹੀ ਨਵੀਂ ਤਹਿਜ਼ੀਬ ਦੀ ਸ਼ੂੰ-ਫ਼ੂੰਅ ਤੇ ਫੈਲ-ਸੂਫੀਆਂ ਦੇ ਬਨਾਵਟੀ ਤੇ ਵਿਖਾਵੇ ਦੇ ਮਾਹੌਲ ਦੇ ਮਾੜੇ ਅਸਰ ਤਹਿਤ ਆਪਣੀਆਂ ਪੁਰਾਤਨ ਰਵਾਇਤਾਂ, ਪ੍ਰੰਪਰਾਵਾਂ ਤੇ ਰਸਮਾਂ-ਰਿਵਾਜਾਂ ਨੂੰ ਕੁਰਬਾਨ ਕਰ ਦਿੱਤਾ ਹੈ। ਬਾਕੀ ਦੀ ਕਸਰ ਮੰਦਵਾੜੇ ਦੀ ਮਾਰ ਅਤੇ ਲੂਣ-ਤੇਲ-ਲੱਕੜੀਆਂ ਦੇ ਹਿਸਾਬ ਨੇ ਪੂਰੀ ਕਰ ਦਿੱਤੀ ਹੈ।

ਮਨੁੱਖ ਆਪਣਾ ਹਾਸਾ ਗੁਆ ਬੈਠਾ ਹੈ, ਸਿਰਫ਼ ਹਾਸਾ ਹੀ ਨਹੀਂ: ਸਗੋਂ ਮਨੁੱਖ ਹੱਸਣ-ਕੁੱਦਣ ਦੀ ਪ੍ਰਵਿਰਤੀ ਤੋਂ ਵੀ ਵਾਂਝਾ ਹੁੰਦਾ ਜਾ ਰਿਹਾ ਹੈ। ਜੇ ਕਿਤੇ ਉਹ ਕੁਦਰਤ ਦੇ ਇਸ ਨਾਯਾਬ ਵਰਦਾਨ ਦੀ ਵਰਤੋਂ ਕਰਨ ਦੀ ਸੋਚਦਾ ਵੀ ਹੈ ਤਾਂ ਨਵੀਂ ਤਹਿਜ਼ੀਬ ਉਸ ਨੂੰ ਖੁੱਲ ਕੇ ਹੱਸਣ ਤੋਂ ਹੋੜਦੀ ਹੈ। ਇਹ ਬਿਲਕੁਲ ਸੱਚ ਹੈ ਕਿ ਅਮੀਰ ਸਮਾਜ ਨੂੰ ਤਾਂ ਹੱਸਣਾ ਹੀ ਨਹੀਂ ਆਉਂਦਾ। ਫਿਰ ਧਨਵਾਨ ਲੋਕ ਤਾਂ ਖੁੱਲ੍ਹ ਕੇ ਹੱਸਣ ਨੂੰ ਸਮਾਜਿਕ ਸ਼ਿਸ਼ਟਾਚਾਰ ਤੇ ਦਸਤੂਰ ਦੇ ਉਲਟ ਸਮਝਦੇ ਹਨ। ਅੱਜ ਦੇ ਫੈਸ਼ਨਪ੍ਰਸਤ ਸਮਾਜ ਵਿਚ ਖ਼ਾਸ ਕਰਕੇ ਔਰਤਾਂ ਤਾਂ ਇਹ ਸਮਝਦੀਆਂ ਹਨ ਕਿ ਹੱਸਣ ਨਾਲ ਉਨ੍ਹਾਂ ਦਾ ਮੂੰਹ-ਮੁਹਾਂਦਰਾ ਵਿਗੜ ਸਕਦਾ ਹੈ।

ਸਾਡੀ ਅਜੋਕੀ ਦੁਨੀਆਂ ਵਿਚ ਪਹਿਲੀ ਗੱਲ ਤਾਂ ਕੋਈ ਵਿਰਲਾ-ਟਾਵਾਂ ਹੀ ਖਿੜ-ਖਿੜਾ ਕੇ ਹੱਸਦਾ ਹੈ ਅਤੇ ਇਉਂ ਲੱਗਦਾ ਹੈ ਜਿਵੇਂ ਖੁਸ਼ੀ ਖੰਭ ਲਾ ਕੇ ਉੱਡ ਗਈ ਹੋਵੇ। ਬਸ ਗਮਾਂ ਦੀ ਮਾਰੀ ਇਸ ਦੁਨੀਆਂ ਅੰਦਰ ਕਿਤੇ-ਕਤਾਈਂ ਜਾਂ ਤਾਂ ਕੋਈ ਅਲਮਸਤ ਫੱਕਰ ਹੱਸਦਾ ਹੈ ਤੇ ਜਾਂ ਕੋਈ ਰੱਬੀ ਰਹਿਮਤ ਵਾਲਾ ਹੀ ਹੱਸਦਾ ਹੈ। ਮੁੱਕਦੀ ਗੱਲ! ਦੁਨੀਆਂ ਨੇਕ ਬੰਦਿਆਂ ਨੂੰ ਬਰਦਾਸ਼ਤ ਨਹੀਂ ਕਰਦੀ। ਇਸ ਤਰ੍ਹਾਂ ਹੀ ਇਹ ਖ਼ੂਬਸੂਰਤੀ ਤੇ ਖੁਸ਼ੀ ਦੀ ਵੀ ਮਿੱਤਰ ਨਹੀਂ ਹੈ। ਵੈਸੇ ਅਸਮਾਨ ਨੂੰ ਟਾਕੀ ਲਾਉਣ ਵਾਲੀ ਇਸ ਦੁਨੀਆਂ ਦਾ ਜੇ ਵੱਸ ਚਲਦਾ ਹੋਵੇ ਤਾਂ ਇਹ ਤਾਰਿਆਂ ਨੂੰ ਵੀ ਹੱਸਣ ਨਾ ਦੇਵੇ।

ਖੈਰ! ਜ਼ਾਹਿਰ ਹੈ ਕਿ ਸਿਤਾਰਿਆਂ ਦੀ ਖੁਸ਼ੀ ਇਸ ਦੁਨੀਆਂ ਦੇ ਪਹਿਰਿਆਂ ਦੀ ਪਹੁੰਚ ਤੋਂ ਬਾਹਰ ਹੈ। ਇਹ ਸਿਤਾਰੇ ਤਾਂ ਲੱਖਾਂ-ਕਰੋੜਾਂ ਮੀਲ ਦੂਰ ਗਗਨ ਵਿਚ ਬੈਠੇ ਦੁਨੀਆਂ ਦੇ ਹੌਕਿਆਂ-ਹਾਵਿਆਂ ਤੇ ਪਛਤਾਵਿਆਂ ਤੋਂ ਬੇਖ਼ਬਰ ਆਪਣੇ ਹੀ ਸੁਰ-ਤਾਲ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਚ ਖੜਤਾਲਾਂ ਖੜਕਾਉਂਦੇ ਰਹਿੰਦੇ ਹਨ। ਇਉਂ ਹੀ ਬੰਦੇ ਦੀ ਰੁੰਡਣ-ਮੁਰੰਡਣ ਦੀ ਪ੍ਰਵਿਰਤੀ ਦੇ ਬਾਵਜੂਦ ਵੀ ਕਾਦਿਰ ਦੀ ਕੁਦਰਤ ਵਿਚ ਫੁੱਲਾਂ ਦਾ ਖੇੜਾ ਖਿੜਿਆ ਰਹਿੰਦਾ ਹੈ। ਇਸ ਵਾਸਤੇ ਹੀ ਜਿਹੜੇ ਲੋਕ ਕੁਦਰਤ ਦੇ ਖੇੜੇ ਨੂੰ ਸਮਝਦੇ ਹਨ, ਉਹ ਦੁਨੀਆਂ ਨੂੰ ਲਲਕਾਰ ਕੇ 'ਤੂੰ ਕੀ ਜਾਣੇ ਪਤੀਲੇ ਦਿਆ ਢੱਕਣਾ, ਰਾਮਸੱਤ ਕੁੜੀਆਂ ਦੀ' ਜਿਹੀ ਬੋਲੀ ਪਾਉਂਦੇ ਹਨ। ਫਿਰ ਇਉਂ ਹੀ ਇਸ ਪ੍ਰਸੰਗ ਵਿਚ "ਨਚਣੁ-ਕੁਦਣੁ ਮਨ ਕਾ ਚਾਉ" ਜਿਹੇ ਫ਼ੁਰਮਾਨ 'ਤੇ ਅਧਾਰਿਤ "ਕੁਝ ਹੱਸ ਵੇ ਮਨਾਂ; ਕੁਝ ਖੇਡ ਵੇ ਮਨਾਂ; ਇਸ ਜੱਗ ਵਿਚ ਨਹੀਂ ਆਉਣਾ ਫੇਰ ਵੇ ਮਨਾਂ" ਜਿਹੇ ਸਾਡੇ ਲੋਕ ਸੂਤਰ ਬਣੇ ਹਨ।

ਇਸ ਪ੍ਰਸੰਗ ਵਿਚ ਇਹ ਅਤਿਕਥਨੀ ਨਹੀਂ ਕਿ ਬੱਚਿਆਂ ਦਾ ਹਸਮੁੱਖ ਸੁਭਾਅ ਅਤੇ ਨਿਰਛਲ ਹਾਸਾ ਸਾਡੇ ਤਣਾਅ ਭਰਪੂਰ ਮਾਹੌਲ 'ਤੇ ਵੀ ਖੇੜਾ ਲਿਆ ਦਿੰਦਾ ਹੈ। ਇਸ ਪ੍ਰਥਾਇ ਮੇਰੇ ਬੇਟਿਆਂ ਨੇ ਮੈਨੂੰ ਇਕ-ਦੋ ਸੱਚੀ-ਮੁੱਚੀ ਵਾਪਰੀਆਂ ਗੱਲਾਂ ਸੁਣਾਈਆਂ ਕਿ ਜਿਨ੍ਹਾਂ ਦੀ ਮੌਲਿਕਤਾ ਨੂੰ ਜਦੋਂ ਬੱਚਿਆਂ ਦੇ ਨਿਰਛਲ ਮਨ ਨੇ ਫੜਿਆ ਤਾਂ ਉਹ ਆਪਣੇ-ਆਪ ਵਿਚ ਹੀ ਸਜੀਵ ਲਤੀਫ਼ੇ ਬਣ ਗਈਆਂ ਹਨ। ਇੰਝ ਖ਼ੂਬਸੂਰਤੀ ਤੇ ਹਾਸਾ ਤਾਂ ਕਣ-ਕਣ ਵਿਚ ਛੁਪਿਆ ਹੁੰਦਾ ਹੈ; ਬਸ ਸਿਰਫ਼ ਕੋਈ ਦੇਖਣ ਤੇ ਸੁਨਣ ਵਾਲਾ ਚਾਹੀਦਾ ਹੈ। ਫਿਰ ਹਾਸਾ ਤਾਂ ਰੋਣੀਆਂ ਸੂਰਤਾਂ ਨੂੰ ਵੀ ਹਸਾ ਦਿੰਦਾ ਹੈ।

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਹਾਸਾ ਉਹ ਹੀ ਹੁੰਦਤਹੇਲ ਹੁੰਦਾ ਹੈ ਜੋ ਕਿ ਕੁਦਰਤੀ ਤੇ ਨਿਰਛਲ ਹੋਵੇ। ਇਉਂ ਹੀ ਫਿਰ ਉਹ ਹਾਸਾ-ਖੇੜਾ ਦੁਨੀਆਂ ਨੂੰ ਭਾਉਂਦਾ ਹੈ, ਜੋ ਨੇਕ ਮਨੁੱਖੀ ਭਾਵਨਾਵਾਂ ਤੇ ਪ੍ਰੇਮ-ਪਿਆਰ ਨਾਲ ਸਰਸ਼ਾਰ ਹੋਵੇ। ਸਗੋਂ ਹਾਸਾ-ਮਖੌਲ ਕਿਸੇ ਕਿਸਮ ਦੇ ਕੀਨੇ-ਕੜਵਾਹਟ, ਖਟਾਸ ਤੇ ਕੌੜੇ ਕਟਾਕਸ਼ ਜਿਹੀਆਂ ਕੁੜੱਤਣਾਂ ਤੋਂ ਰਹਿਤ ਹੋਣਾ ਚਾਹੀਦਾ ਹੈ। ਹਸਮੁੱਖ ਬੰਦੇ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੁੰਦੀ ਹੈ ਕਿ ਉਹ ਆਪ ਹੱਸਣਾ ਜਾਣਦਾ ਹੈ ਤੇ ਦੂਜਿਆਂ ਨੂੰ ਹਸਾਉਣਾ ਵੀ ਜਾਣਦਾ ਹੈ। ਉਸ ਦੀ ਸਭ ਤੋਂ ਵਧਕੇ ਖ਼ੂਬਸੂਰਤੀ ਇਹ ਹੁੰਦੀ ਹੈ ਕਿ ਉਹ ਆਪਣੇ ਆਪ 'ਤੇ ਵੀ ਦਿਲ ਖੋਲ੍ਹ ਕੇ ਹੱਸ ਸਕਦਾ ਹੈ।

ਸਪੱਸ਼ਟ ਹੈ ਕਿ ਇਸ ਤਰ੍ਹਾਂ ਦਾ ਨਿਰਮਲ ਮਨ, ਸੁਭਾਅ ਦੀ ਨਿਰਛਲਤਾ ਤੇ ਪਿਆਰ ਦੀ ਦੌਲਤ ਸਭ ਤੋਂ ਵਧ ਬੱਚਿਆਂ ਕੋਲ ਹੁੰਦੀ ਹੈ। ਕਿਸੇ ਬੱਚੇ ਦੀ ਇਕ ਮੁਸਕਾਨ ਦਾ ਨਾ ਤਾਂ ਕੋਈ ਮੁੱਲ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਮੁੱਲ ਤਾਰ ਸਕਦਾ ਹੈ। ਇਸ ਲਈ ਹੀ ਬੱਚਿਆਂ ਦੇ ਨਿਰਸੁਆਰਥ ਤੇ ਨਿਰਛਲ ਹਾਸੇ ਨੂੰ ਕਿਸੇ ਇਕ ਸਮਾਜ ਦੀ ਅਜ਼ਾਰੇਦਾਰੀ ਹੀ ਨਹੀਂ, ਸਗੋਂ ਸਾਰੇ ਸੰਸਾਰ ਦੀ ਸਾਂਝੀ ਤੇ ਨਾਯਾਬ ਦੌਲਤ ਮੰਨਿਆ ਗਿਆ ਹੈ। ਬੱਚਿਆਂ ਦੇ ਹਾਸੇ-ਮਖੌਲਾਂ ਦੇ ਸਬੰਧ ਵਿਚ ਮੈਨੂੰ ਇਕ ਗੱਲ ਯਾਦ ਆਈ ਹੈ ਕਿ ਸੰਨ 1998 ਦੀਆਂ ਚੋਣਾਂ ਦੌਰਾਨ ਮੇਰੇ ਮਿੱਤਰ ਪ੍ਰੋ: ਗੁਰਚਰਨ ਸਿੰਘ ਛੀਨਾ ਰੋਪੜ ਹਲਕੇ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਦੀ ਮਦਦ ਕਰ ਰਹੇ ਸਨ, ਜਿਸ ਦਾ ਕਿ ਚੋਣ ਨਿਸ਼ਾਨ 'ਹਾਥੀ' ਸੀ। ਉਦੋਂ ਮੇਰਾ ਵੱਡੇ ਬੇਟੇ ਦਮਨਬੀਰ ਤੇ ਛੋਟੇ ਬੇਟੇ ਅਮਨਬੀਰ ਦੀ ਉਮਰ 14 ਸਾਲ ਤੇ 12 ਸਾਲ ਸੀ; ਉਹ



*Original with;*
Kulbir Singh Sidhu(I.A.S)
*Digitized by;*
Panjab Digital Library

ਆਪਣੇ ਸਕੂਟਰ 'ਤੇ ਆਪਣੇ ਤਾਇਆ ਜੀ ਨਾਲ ਘਰੋ-ਘਰੀ ਵੋਟਾਂ ਮੰਗਣ ਜਾਂਦੇ ਸਨ।

ਇਕ ਦਿਨ ਜਦੋਂ ਇਹ ਕਿਸੇ ਵੋਟਰ ਦੇ ਘਰ ਪਹੁੰਚੇ ਤਾਂ ਉਥੇ ਉਨ੍ਹਾਂ ਦਾ ਬਜ਼ੁਰਗ ਅੰਤਲੇ ਸਾਹਾਂ 'ਤੇ ਸੀ। ਇਸ ਵਾਸਤੇ ਇਖਲਾਕੀ ਤੌਰ 'ਤੇ ਇਨ੍ਹਾਂ ਸਭ ਨੂੰ ਉੱਥੇ ਅੱਧਾ ਘੰਟਾ ਬੈਠਣਾ ਪਿਆ, ਪਰ ਇਹ ਨਾਲ ਹੀ ਸੋਚਣ ਲੱਗੇ ਕਿ ਅਸੀਂ ਜਿਸ ਮਕਸਦ ਲਈ ਆਏ ਸੀ; ਉਹ ਤਾਂ ਪੂਰਾ ਨਹੀਂ ਹੋਇਆ। ਬਹਿਰਹਾਲ, ਜਦੋਂ ਇਹ ਤੁਰਨ ਲੱਗੇ ਤਾਂ ਬੱਚਿਆਂ ਨੇ ਨੋਟ ਕੀਤਾ ਕਿ ਛੀਨਾ ਸਾਹਿਬ ਉਸ ਪਰਿਵਾਰ ਨੂੰ ਕਹਿ ਰਹੇ ਸਨ ਕਿ ਬਹੁਤ ਅਫ਼ਸੋਸ ਹੈ ਕਿ ਬਜ਼ੁਰਗ ਤਾਂ ਚੱਲ ਵਸੇ ਹਨ। ਖ਼ੈਰ ਰੱਬ ਦਾ ਭਾਣਾ ਹੈ, ਪਰ ਹੁਣ ਤੁਸੀਂ 'ਸਾਡੇ ਹਾਥੀ' ਦਾ ਧਿਆਨ ਜ਼ਰੂਰ ਰੱਖਣਾ।

ਫਿਰ ਦਮਨਬੀਰ ਇਹ ਗੱਲ ਵੀ ਆਮ ਹੀ ਸੁਣਾਉਂਦਾ ਹੁੰਦਾ ਸੀ ਕਿ ਕਿਸੇ ਬੁੱਢੇ ਗਵੱਈਏ ਦੇ ਬਨਾਵਟੀ ਦੰਦਾਂ ਦਾ ਪੀੜ੍ਹ ਕਿਸੇ ਅੰਤਰੇ 'ਤੇ ਆ ਕੇ ਜਦੋਂ ਹਿੱਲੇ ਤਾਂ ਉਹ ਆਪਣੇ ਡੈਂਚਰ ਨੂੰ ਵਾਰ-ਵਾਰ ਫਿੱਟ ਕਰਨ ਦੀ ਕੋਸ਼ਿਸ਼ ਕਰੇ। ਜਦੋਂ 2-3 ਵਾਰ ਇਹ ਹੀ ਹੋਇਆ ਤਾਂ ਕਿਸੇ ਸਰੋਤੇ ਨੇ ਕਿਹਾ ਕਿ ਭਾਈ ਤੂੰ ਗਾਏਂਗਾ ਵੀ ਕਿ ਕੈਸਟਾਂ ਹੀ ਬਦਲਦਾ ਰਹੇਂਗਾ। ਇਸ ਤਰ੍ਹਾਂ ਦੀ ਹੀ ਇਕ ਵੰਨਗੀ ਮੈਂ ਕਿਸੇ ਹੋਰ ਬੱਚੇ ਤੋਂ ਸੁਣੀ ਸੀ। ਉਹ ਇਹ ਕਿ ਕੋਈ ਸੱਜਣ ਗੁਸਲਖਾਨੇ ਵਿਚ ਤਿਲਕ ਕੇ ਡਿੱਗ ਪਿਆ। ਉਸ ਦੇ ਘਰ ਵਾਲਿਆਂ ਨੇ ਪੁੱਛਿਆ ਕਿ ਇੰਨਾ ਖੜਾਕ ਕਾਹਦਾ ਹੋਇਆ ਹੈ ਤਾਂ ਉਸ ਸੱਜਣ ਨੇ ਜਵਾਬ ਦਿੱਤਾ ਹੈ ਕਿ ਪਜਾਮਾ ਡਿੱਗ ਪਿਆ ਸੀ। ਘਰਦਿਆਂ ਨੇ ਫੇਰ ਪੁੱਛਿਆ ਕਿ ਪਜਾਮਾ ਡਿੱਗਣ ਨਾਲ ਤਾਂ ਇੰਨਾ ਖੜਾਕ ਨਹੀਂ ਹੋਣਾ ਚਾਹੀਦਾ ਸੀ ਤਾਂ ਅੰਦਰੋਂ ਬੜਾ ਸਾਦ-ਮੁਰਾਦਾ ਜਿਹਾ ਜੁਆਬ ਮਿਲਿਆ ਕਿ ਮੈਂ ਵੀ ਤਾਂ ਪਜਾਮੇ ਵਿਚ ਹੀ ਸੀ।

ਇਸ ਹਾਸੇ-ਠੱਠੇ ਦੇ ਸੰਦਰਭ ਵਿਚ ਪੇਂਡੂ ਸਮਾਜ ਅੰਦਰ ਵਿਚਰਦੇ ਜੱਟਾਂ, ਨਿਹੰਗ ਸਿੰਘਾਂ, ਮਰਾਸੀਆਂ, ਜੁਲਾਹਿਆਂ, ਅਮਲੀਆਂ, ਫੌਜੀਆਂ, ਜਟਾ-ਜੂਟ ਬੂਬਨਿਆਂ ਤੇ ਘੋਨ-ਮੋਨ ਰੋਡੇ ਸਾਧਾਂ ਨੂੰ ਕੁਦਰਤ ਨੇ ਹੀ ਧਰਤੀ ਦੇ ਪੁੱਤਾਂ ਵਾਲਾ ਖੁੱਲ੍ਹਾ-ਡੁੱਲ੍ਹਾ ਸੁਭਾਅ ਤੇ ਸਬਰ-ਸਬੂਰੀ ਬਖਸ਼ੀ ਹੋਈ ਹੈ। ਪੇਂਡੂ ਲੋਕਾਂ ਵਿਚ ਬਾਹਰੀ ਤੇ ਅੰਦਰੂਨੀ ਖੁਸ਼ੀ ਆਪਸ ਵਿਚ ਰਲ-ਗੱਡ ਹੁੰਦੀ ਹੈ। ਇਨ੍ਹਾਂ ਮਸਤ-ਮੌਲਾ ਲੋਕਾਂ ਨੂੰ ਰੱਬ ਤੋਂ ਹੀ ਹੱਸਣ-ਹਸਾਉਣ ਦੀ ਕੁਦਰਤੀ ਤੌਫ਼ੀਕ ਬਖਸ਼ਿਸ਼ ਵਜੋਂ ਮਿਲੀ ਹੁੰਦੀ ਹੈ। ਫਿਰ ਵੱਡੀ ਬਰਕਤ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਹੱਸਣਾ ਵੀ ਆਉਂਦਾ ਹੈ ਤੇ ਹਸਾਉਣਾ ਵੀ ਆਉਂਦਾ ਹੈ। ਸਾਰੇ ਸੰਸਾਰ ਵਿਚ ਜੱਟ ਦੀ ਖਸਲਤ, ਸੁਭਾਅ ਤੇ ਉਸ ਦੀ ਪ੍ਰਵਿਰਤੀ ਬਾਰੇ ਲੋਕ ਬੋਲੀਆਂ ਤੇ ਅਖਾਣ ਮਸ਼ਹੂਰ ਹਨ। ਜੱਟ ਧਰਤੀ ਮਾਂ ਦਾ ਜਾਇਆ ਹੈ। ਇਸ ਵਾਸਤੇ ਇਹ ਹਾਸਿਆਂ-ਖੇੜਿਆਂ ਦਾ ਮਾਲਕ ਨਿਆਣਿਆਂ ਵਾਂਗੂੰ ਆਪਣੀ ਕਿਸਮਤ ਦੀਆਂ ਗੋਟੀਆਂ ਦੇ ਕਲੀ-ਜੋਟੇ ਖੇਡਦਾ ਫਿਰਦਾ ਹੈ।

ਪੰਜਾਬੀਆਂ ਨੂੰ ਧਰਤੀ ਤੋਂ ਪ੍ਰਾਪਤ ਹੋਈ ਖੁਸ਼ਹਾਲੀ, ਦਿਲ ਦੀ ਵਿਸ਼ਾਲਤਾ ਤੇ ਸਾਦ-ਮੁਰਾਦਾ ਜ਼ਿੰਦਗੀ ਦੇ ਸਦਕਾ ਮਾਨਸਿਕ ਤੇ ਸਰੀਰਕ ਤੰਦਰੁਸਤੀ ਜਨਮਜਾਤ



*Original with;*
Kulbir Singh Sidhu(I.A.S)
*Digitized by;*
Panjab Digital Library

ਤੋਂ ਹੀ ਮਿਲੀ ਹੈ। ਖ਼ਾਸ ਕਰਕੇ ਜੱਟ ਕਿਰਸਾਣ ਤਾਂ ਸ਼ਿਵ ਭਗਵਾਨ ਦੇ ਯੁਗ ਤੋਂ ਲੈ ਕੇ ਹੁਣ ਤੱਕ ਦੇ ਸਮਿਆਂ ਤਕ ਆਪਣੀਆਂ ਖੁੱਲ੍ਹੀਆਂ-ਖੁਲਾਸੀਆਂ ਗੱਲਾਂ ਤੇ ਟਿੱਚਰਾਂ ਕਰ ਕਰਕੇ ਜਾਣੇ ਜਾਂਦੇ ਹਨ। ਇਨ੍ਹਾਂ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਚਹੇਡਾਂ ਤੇ ਗੋਲ ਮਸ਼ਕਰੀਆਂ ਕਰਕੇ ਪ੍ਰਸਿੱਧ ਹਨ। ਮੇਰੀ ਜਾਚੇ 'ਜੱਟ ਮਚਲਾ ਤੇ ਖੁਦਾ ਨੂੰ ਲੈ ਗਏ ਚੋਰ' ਜਿਹੀਆਂ ਕਹਾਣੀਆਂ ਜੱਟਾਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਕਾਰਨ ਹੀ ਪ੍ਰਚਲਿਤ ਹੋਈਆਂ ਹੋਣਗੀਆਂ।

ਕਹਿੰਦੇ ਹਨ ਕਿ ਇਕ ਵਾਰੀ ਪਾਰਵਤੀ ਨੇ ਸ਼ਿਵ ਜੀ ਨੂੰ ਕਿਹਾ ਕਿ ਮੈਂ ਕਿਸੇ ਜੱਟ ਨੂੰ ਉਸ ਦੀ ਜੂਨ ਬਾਰੇ ਪੁੱਛਣਾ ਹੈ ਤਾਂ ਸ਼ਿਵ ਜੀ ਨੇ ਸਲਾਹ ਦਿੱਤੀ ਕਿ ਜੋ ਤੂੰ ਜੱਟ ਬਾਵੇ ਤੋਂ ਪੁੱਛਣਾ ਹੈ, ਉਹ ਮੈਥੋਂ ਹੀ ਪੁੱਛ ਲੈ, ਜਦੋਂ ਪਾਰਵਤੀ ਨੇ ਜ਼ਿੱਦ ਨਾ ਛੱਡੀ ਤਾਂ ਸ਼ਿਵ ਜੀ ਨੇ ਜੱਟ ਨੂੰ ਬੁਲਾ ਹੀ ਲਿਆ। ਮੁੱਕਦੀ ਗੱਲ, "ਜੱਟ ਮਸਖਰਾ ਤੇ ਮਾਂ ਨਾਲ ਮਸ਼ਕਰੀਆਂ" ਦੇ ਅਖਾਣ ਅਨੁਸਾਰ ਉਹ ਜੱਟ ਤਾਂ ਭੋਲੇ ਨਾਥ ਤੇ ਮਾਂ ਪਾਰਵਤੀ ਨਾਲ ਹੀ ਮਖੌਲਾਂ ਵਿਚ ਪੈ ਗਿਆ। ਇਸ ਤਰ੍ਹਾਂ ਹੀ ਕਹਿੰਦੇ ਹਨ ਕਿ ਕੋਈ ਬੰਗਾਲੀ ਬੰਦਾ ਵੀ ਕਿਤੇ ਜੱਟ ਦੀ ਜੂਨ ਸਮਝਣ ਲਈ ਕਿਸੇ ਪਿੰਡ ਵਿਚ ਚਲਾ ਗਿਆ। ਉਸ ਨੂੰ ਅੱਗੇ ਕੋਈ ਜੱਟ ਰੋਟੀ ਖਾਂਦਾ ਮਿਲਿਆ। ਬੰਗਾਲੀ ਨੇ ਉਸ ਦੇ ਅੱਗੇ ਰੋਟੀਆਂ ਦੀ ਤੈਹ ਲੱਗੀ ਵੇਖ ਕੇ ਪੁੱਛਿਆ ਕਿ ਤੂੰ ਕਿੰਨੀਆਂ ਰੋਟੀਆਂ ਖਾਂਦਾ ਹੈਂ। ਇਸ 'ਤੇ ਜੱਟ ਚਿੜ ਗਿਆ ਤੇ ਬੰਗਾਲੀ ਨੂੰ ਕਹਿਣ ਲੱਗਾ ਕਿ ਮੈਨੂੰ ਰੋਟੀਆਂ ਦਾ ਹਿਸਾਬ ਮੁਕਾ ਲੈਣ ਦੇ; ਫੇਰ ਮੈਂ ਤੇਰਾ ਵੀ ਭੋਗ ਪਾਊਂਗਾ।

ਇਉਂ ਹੀ ਦਸ਼ਮੇਸ਼ ਪਿਤਾ ਦੀਆਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਲਾਡਲੀਆਂ ਫੌਜਾਂ ਵਜੋਂ ਜਾਣੇ ਜਾਂਦੇ ਨਿਹੰਗ ਸਿੰਘ ਆਪਣੇ ਬਿਨੋਦੀ ਤੇ ਚੜ੍ਹਦੀ ਕਲਾ ਵਾਲੇ ਸੁਭਾਅ ਦੇ ਸਦਕਾ ਸੰਸਾਰ ਪ੍ਰਸਿੱਧ ਹਨ। ਜ਼ਾਹਿਰ ਹੈ ਕਿ ਬਹੁਤ ਵੱਡੇ-ਵੱਡੇ ਘੱਲੂਘਾਰਿਆਂ ਤੇ ਕੌਮੀ ਸੰਕਟਾਂ ਵਿਚ ਵੀ ਇਨ੍ਹਾਂ ਨੇ ਆਪਣੀ ਚੜ੍ਹਦੀ ਕਲਾ ਵਾਲੇ ਬਿਰਤੀ ਤੇ ਆਪਣੇ ਗੜਗੱਜ ਬੋਲਿਆਂ ਨਾਲ ਵੱਡੇ-ਵੱਡੇ ਨਾਬਰਾਂ ਤੇ ਜਾਬਰਾਂ ਦੇ ਥੰਮ ਹਿਲਾ ਕੇ ਰੱਖ ਦਿੱਤੇ।

ਅਜ ਵੀ ਨਿਹੰਗ ਸਿੰਘਾਂ ਦੀ ਛਾਉਣੀਆਂ ਵਿਚ ਇਨ੍ਹਾਂ ਦੇ ਗੜਗੱਜ ਬੋਲੇ ਗੂੰਜਦੇ ਹਨ। ਪੱਗ ਨੂੰ ਦੁਮਾਲਾ, ਲੰਮੇ ਚੋਗੇ ਤੇ ਕਛਿਹਰੇ ਨਾਲ ਸ਼ਸਤਰਾਂ ਸਮੇਤ ਸਨਦਬੱਧ ਖਾਲਸੇ ਦੇ ਲਿਬਾਸ ਨੂੰ ਨਿਹੰਗ ਬਾਣਾ ਕਹਿਣਾ ਅਤੇ ਫਿਰ ਥੋੜ੍ਹੀ ਵਸਤੂ ਨੂੰ ਬਹੁਤੀ ਕਰਕੇ ਦੱਸਣਾ, ਜਿਥੇ ਰੱਬ ਘਰ ਦੀਆਂ ਬਖ਼ਸ਼ਿਸ਼ਾਂ ਤੇ ਬਰਕਤਾਂ ਪ੍ਰਤੀ ਇਨ੍ਹਾਂ ਦੇ ਸ਼ੁਕਰਾਨੇ ਦਾ ਪ੍ਰਤੀਕ ਹੈ; ਉਥੇ ਹੀ ਭੁੱਖੇ ਰਹਿ ਜਾਣ 'ਤੇ ਆਪਣੇ ਆਪ ਨੂੰ ਸੁੱਕ-ਮਾਂਜ ਹੋਇਆ ਕਹਿਣਾ ਤੇ ਫਟੇ ਕੱਪੜੇ ਨੂੰ ਬਿਰਧ ਚੋਲ੍ਹਾ ਦੱਸਣਾ ਅਤੇ ਹਰ ਕੰਮ ਦੇ ਸਮਾਪਨ ਹੋਣ 'ਤੇ ਫਤਹਿ ਹੋ ਜਾਣਾ ਦੱਸਣਾ ਆਦਿ ਸਾਰੇ ਹੀ ਗੜਗੱਜ ਬੋਲੇ ਤੇ ਜੈਕਾਰੇ ਇਨ੍ਹਾਂ ਦੇ ਸਬਰ-ਸੰਤੋਖ ਤੇ ਚੜ੍ਹਦੀ ਕਲਾ ਦੇ ਜਾਮਨ ਹਨ। ਇਉਂ ਹੀ ਥੋੜੇ ਨੂੰ ਸਵਾਇਆ ਤੇ ਇਕ ਬੰਦੇ ਨੂੰ ਸਵਾ ਲੱਖ ਫੌਜ ਕਹਿਣਾ, ਇਸ ਤਰ੍ਹਾਂ ਹੀ ਲੰਗੜੇ ਨੂੰ ਸੁਚਾਲਾ, ਬੋਲ੍ਹੇ ਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਚੁਬਾਰੇ ਚੜ੍ਹਿਆ, ਗੂੰਗੇ ਨੂੰ ਗੁਪਤਾ, ਅੰਨ੍ਹੇ ਨੂੰ ਸੂਰਮਾ, ਟੁੰਡੇ ਨੂੰ ਟੁੰਡੀਲਾਟ ਜਾਂ ਲੱਖ ਬਾਹਾਂ ਕਹਿਣਾ ਜਾਂ ਫਿਰ ਲੰਗਰ ਦੇ ਮੁੱਕ ਜਾਣ 'ਤੇ ਲੰਗਰ ਮਸਤਾਨਾ ਹੋਇਆ ਦੱਸਣਾ ਇਨ੍ਹਾਂ ਦੇ ਬਿਨੋਦੀ ਸੁਭਾਅ ਤੇ ਚੜ੍ਹਦੀ ਕਲਾ ਦੇ ਲਖਾਇਕ ਬੋਲ-ਬਾਣੇ ਹਨ।

ਇਸ ਤਰ੍ਹਾਂ ਹੀ ਸੁੱਖ ਨਿਧਾਨ ਭਾਵ ਸੁੱਖਾ ਰਗੜਨ ਤੇ ਛਕਣ ਅਤੇ ਫਿਰ ਆਪਣੇ ਘੋੜਿਆਂ ਨੂੰ ਦੇਗਾਂ ਛਕਾਉਣ ਦੀ ਪ੍ਰਥਾ ਅੱਜ ਵੀ ਨਿਹੰਗ ਸਿੰਘ ਨਿਭਾ ਰਹੇ ਹਨ। ਇੰਝ ਹੀ ਬੱਕਰੀ ਨੂੰ ਅਕਾਸ਼ਪਰੀ ਕਹਿਣਾ, ਭੇਡ ਨੂੰ ਭਾਗਭਰੀ, ਕੁੱਕੜ ਨੂੰ ਕਾਜ਼ੀ, ਅਫੀਮ ਨੂੰ ਮੁਲਤਾਨੀ ਬੇਗਮ, ਘੱਗਰੇ ਨੂੰ ਧੂੜਕੋਟ, ਪਜਾਮੇ ਨੂੰ ਦੋਸਾਂਗਾ, ਸਲਵਾਰ ਨੂੰ ਦੋਬੁਰਜੀ, ਅੰਡਰਵੀਅਰ ਨੂੰ ਖਿਸਕੂ ਲੰਗੋਟਾ ਤੇ ਰਜ਼ਾਈ ਨੂੰ ਅਫਲਾਤੂਨੀ, ਗਦੇਲੇ-ਤਲਾਈ ਨੂੰ ਸੁਖਦਾਈ, ਘਿਓ ਨੂੰ ਤਿਰਪਰਾ, ਸੂਈ ਨੂੰ ਚਲਾਕਣ, ਬੌਹਕਰ ਨੂੰ ਸੇਵਾਦਾਰਨੀ, ਸ਼ੱਕਰ ਨੂੰ ਸਿਰਖਿੰਡੀ, ਗੁੜ ਨੂੰ ਸਿਰਜੋੜ, ਲੂਣ ਨੂੰ ਸੱਬਰਸ ਤੇ ਗੰਢੇ ਨੂੰ ਰੁਪਾ ਅਤੇ ਫਿਰ ਇੰਜਣ ਨੂੰ ਤੇਜਾ ਸਿੰਘ, ਰੇਲ ਗੱਡੀ ਨੂੰ ਭੂਤਨੀ, ਕਾਰ ਨੂੰ ਸਾਬਣਦਾਨੀ, ਬੱਸ ਨੂੰ ਨੱਕ ਵੱਢੀ, ਚਾਨਣ ਨੂੰ ਪ੍ਰਕਾਸ਼ਾ ਸਿੰਘ, ਬਿਜਲੀ ਨੂੰ ਪ੍ਰਕਾਸ਼ ਕੌਰ, ਕਮਜ਼ੋਰ ਜਥੇ ਨੂੰ ਭੁਰਲੀ ਜਥਾ ਇਹ ਸਭ ਬੋਲ-ਬਾਲੇ ਨਿਹੰਗ ਸਿੰਘਾਂ ਦੇ ਰੋਜ਼ਮਰਾ ਦੇ ਜੀਵਨ ਦਾ ਹਿੱਸਾ ਹਨ।

ਇਨ੍ਹਾਂ ਬਾਰੇ ਇਕ ਬਹੁਤ ਹੀ ਚੰਗੀ ਧਾਰਨਾ ਪ੍ਰਚੱਲਿਤ ਹੈ ਕਿ ਨਿਹੰਗ ਸਿੰਘ ਕਿਸੇ ਵੀ ਧਾਰਮਿਕ ਸਥਾਨ ਦੇ ਨਾਮ ਨਾਲ ਸਾਹਿਬ ਸ਼ਬਦ ਜਿਵੇਂ ਕਿ ਅਨੰਦਪੁਰ ਸਾਹਿਬ, ਅੰਮ੍ਰਿਤਸਰ ਸਾਹਿਬ ਤੇ ਮੁਕਤਸਰ ਸਾਹਿਬ ਜ਼ਰੂਰ ਬੋਲਦੇ ਹਨ। ਇਕ ਵਾਰ ਨਿਹੰਗ ਸਿੰਘ ਬੱਸ ਵਿਚ ਸਫ਼ਰ ਕਰ ਰਿਹਾ ਸੀ ਤਾਂ ਇਕ ਸਵਾਰੀ ਨੇ ਕੰਡਕਟਰ ਨੂੰ ਕਿਹਾ ਕਿ ਮੈਨੂੰ ਅਨੰਦਪੁਰ ਦੀ ਟਿਕਟ ਕੱਟ ਦੇ। ਨਾਲ ਬੈਠੇ ਨਿਹੰਗ ਸਿੰਘ ਨੇ ਉਸ ਦੇ ਲਫੇੜਾ ਮਾਰਿਆ ਕਿ ਉਸ ਨੇ ਅਨੰਦਪੁਰ ਸਾਹਿਬ ਕਿਉਂ ਨਹੀਂ ਕਿਹਾ। ਇਸ 'ਤੇ ਦੂਜੀ ਸਵਾਰੀ ਨੇ ਡਰਦੇ-ਡਰਦੇ ਕਿਹਾ ਕਿ ਮੈਨੂੰ ਮੋਰਿੰਡਾ ਸਾਹਿਬ ਦੀ ਟਿਕਟ ਦੇ ਦਿਉ। ਨਿਹੰਗ ਨੇ ਉਸ ਦੀ ਸੇਵਾ ਕਰ ਦਿੱਤੀ ਕਿ ਮੋਰਿੰਡਾ ਨੂੰ ਮੋਰਿੰਡਾ ਸਾਹਿਬ ਕਿਉਂ ਕਿਹਾ? ਖ਼ੈਰ! ਤੀਜੀ ਸਵਾਰੀ ਤੋਂ ਜਦੋਂ ਕੰਡਕਟਰ ਨੇ ਪੁੱਛਿਆ ਕਿ ਭਾਈ ਤੂੰ ਕਿਥੇ ਜਾਣਾ ਹੈ? ਤਾਂ ਉਹ ਕਹਿਣ ਲੱਗਾ ਕਿ ਜਾਣਾ ਤਾਂ ਮੈਂ ਕਿਤੇ ਵੀ ਹੋਵੇ। ਪਰ ਮੈਨੂੰ ਟਿਕਟ ਜਿਥੇ ਸਿੰਘ ਸਾਹਿਬ ਜਾਣਗੇ; ਉਥੋਂ ਦੀ ਹੀ ਦੇ ਦਿਉ। ਖ਼ੈਰ! ਇਹ ਵੀ ਮੰਨੀ-ਪ੍ਰਮੰਨੀ ਗੱਲ ਹੈ ਕਿ ਨਿਹੰਗਾਂ ਦੇ ਮਨ ਵਿਚ ਕਿਸੇ ਬਾਰੇ ਕੋਈ ਵੈਰ-ਵਿਰੋਧ ਵੀ ਨਹੀਂ ਹੁੰਦਾ।

ਕਹਿੰਦੇ ਹਨ ਕਿ ਕੋਈ ਨਿਹੰਗ ਸਣੇ ਜੁੱਤੀ ਕਿੱਕਰ 'ਤੇ ਦਾਤਣ ਤੋੜਨ ਲਈ ਚੜ੍ਹਿਆ ਹੋਇਆ ਸੀ। ਕਿਸੇ ਰਾਹਗੀਰ ਨੇ ਪੁੱਛਿਆ ਕਿ ਨਿਹੰਗ ਸਿੰਘ ਜੀ ਜੋੜੇ ਤਾਂ ਥੱਲੇ ਲਾਹ ਦਿੰਦੇ। ਉਸ ਨਿਹੰਗ ਨੇ ਬੜੀ ਬੇਫਿਕਰੀ ਜਿਹੀ ਵਿਚ ਤੁਰੰਤ ਜਵਾਬ ਦਿੱਤਾ ਕਿ ਜੇ ਅਕਾਲ ਪੁਰਖ ਦਾ ਧੁਰੋਂ ਬੁਲਾਵਾ ਆ ਗਿਆ ਤਾਂ ਕੀ ਮੈਂ ਜੁੱਤੀ ਪਾਉਣ ਲਈ ਫੇਰ ਥੱਲੇ ਉਤਰੂੰਗਾ? ਇਸ ਤਰ੍ਹਾਂ ਹੀ ਇਨ੍ਹਾਂ ਦੇ ਬਿਨੋਦੀ ਸੁਭਾਅ ਨੂੰ ਦਰਸਾਉਂਦੇ



Original with;
Kulbir Singh Sidhu(I.A.S)
Digitized by;
Panjab Digital Library

ਸੈਂਕੜੇ ਹੀ ਬਚਨ-ਬਿਲਾਸੇ ਪ੍ਰਚੱਲਿਤ ਹਨ।

ਇਸ ਪ੍ਰਸੰਗ ਵਿਚ ਇਉਂ ਹੀ ਪਹਿਲਵਾਨਾਂ, ਫੌਜੀਆਂ ਤੇ ਖਿਡਾਰੀਆਂ ਨੂੰ ਸਰੀਰਕ ਤਾਕਤ ਤੇ ਜਰਵਾਣੇਪਣ ਦੀ ਬਦੌਲਤ ਖੁੱਲ੍ਹ ਕੇ ਹੱਸਣਾ-ਖੇਡਣਾ ਆਉਂਦਾ ਹੈ। ਇਨ੍ਹਾਂ ਨੂੰ ਹਾਸੇ-ਖੇੜੇ ਦੀ ਤੌਫ਼ੀਕ ਰੱਬੋਂ ਹੀ ਮਿਲੀ ਹੁੰਦੀ ਹੈ। ਬੇਸ਼ੱਕ ਈਰਖਾਲੂ ਲੋਕਾਂ ਨੇ ਇਨ੍ਹਾਂ ਨਾਲ ਬਿਲਾ-ਵਜ੍ਹਾ ਸ਼ਰੀਕੇ ਵਜੋਂ ਇਨ੍ਹਾਂ ਬਾਰੇ ਕਈ ਮਖੌਲ, ਮਸ਼ਕਰੀਆਂ, ਟਿੱਚਰਾਂ ਤੇ ਚਰੇਡਾਂ ਘੜੀਆਂ-ਬਣਾਈਆਂ ਹੋਈਆਂ ਹਨ। ਪਰ ਇਨ੍ਹਾਂ ਮਾਈ ਦੇ ਲਾਲਾਂ ਵਿਚ ਵੱਡੀ ਖ਼ੂਬੀ ਦੀ ਗੱਲ ਇਹ ਹੈ ਕਿ ਇਹ ਛੇਤੀ ਕੀਤੇ ਕਿਸੇ ਦੀ ਗੱਲ ਦਾ ਬੁਰਾ ਨਹੀਂ ਮਨਾਉਂਦੇ ਅਤੇ ਹਾਸਾ-ਮਖੌਲ ਸਹਿਜੇ ਹੀ ਜਰ ਲੈਂਦੇ ਹਨ। ਇਸ ਤਰ੍ਹਾਂ ਹੀ ਫੌਜੀਆਂ ਬਾਰੇ ਵੀ ਬੇਅੰਤ ਮਸ਼ਗੂਲੇ ਬਣੇ ਹਨ। ਇਕ ਵਾਰੀ ਦੀ ਗੱਲ ਹੈ ਕਿ ਕੋਈ ਫੌਜੀ ਰੇਲ 'ਤੇ ਸਫ਼ਰ ਕਰ ਰਿਹਾ ਸੀ ਤੇ ਉਹ ਆਪਣੀ ਘਰ ਵਾਲੀ ਨੂੰ ਇਹ ਕਹਿ ਕੇ ਸੌਂ ਗਿਆ ਕਿ ਜਦੋਂ ਦਿੱਲੀ ਆਵੇ ਤਾਂ ਮੈਨੂੰ ਜਗਾ ਦੇਵੀਂ। ਪਾਣੀਪਤ ਜਾ ਕੇ ਜਦੋਂ ਉਸ ਦੀ ਅੱਖ ਖੁੱਲ੍ਹੀ ਤਾਂ ਉਹ ਪਾਣੀ ਦੀ ਇਕ ਟੈਂਕੀ 'ਤੇ 'ਕਪੈਸਿਟੀ' ਸ਼ਬਦ ਲਿਖਿਆ ਪੜ੍ਹ ਕੇ ਘਰ ਵਾਲੀ ਨਾਲ ਲੜਨ ਲਗ ਪਿਆ ਕਿ 'ਭਾਗਵਾਨੇ ਦਿੱਲੀ ਸਿਟੀ' ਤਾਂ ਲੰਘ ਗਿਆ ਹੈ ਤੇ ਆਪਾਂ ਤਾਂ 'ਕੈਪਾ-ਸਿਟੀ' ਪਹੁੰਚ ਗਏ ਹਾਂ।

ਗੌਰਤਲਬ ਹੈ ਕਿ ਖਿਡਾਰੀਆਂ ਦੀਆਂ ਸੱਚੀਆਂ-ਸੁੱਚੀਆਂ ਗੱਲਾਂ ਵੀ ਮਖੌਲ ਬਣ ਜਾਂਦੀਆਂ ਹਨ। ਇਸ ਸਬੰਧ ਵਿਚ ਗੁਰਚਰਨ ਸਿੰਘ 'ਪਲੇਨ' ਬਾਰੇ ਖੇਡ ਦੇ ਮੈਦਾਨਾਂ ਵਿਚ ਇਕ ਗੱਲ ਹੁਣ ਤਕ ਵੀ ਮਸ਼ਹੂਰ ਹੈ। ਬਾਈ 'ਪਲੇਨ' ਪੰਜਾਬ ਪੁਲਿਸ ਦਾ ਨੈਸ਼ਨਲ ਪੱਧਰ ਦਾ ਖਿਡਾਰੀ ਸੀ ਅਤੇ ਬਾਅਦ ਵਿਚ ਤਾ-ਉਮਰ ਉਹ ਹਾਕੀ ਦਾ ਅੰਪਾਇਰ ਵੀ ਰਿਹਾ। ਉਸ ਬਾਰੇ ਮਸ਼ਹੂਰ ਸੀ ਕਿ ਉਹ ਹਰ ਫਾਊਲ ਨੂੰ ਇਸ਼ਾਰੇ ਨਾਲ ਸਮਝਾਉਂਦਾ ਹੁੰਦਾ ਸੀ। ਉਹ ਆਮ ਤੌਰ 'ਤੇ ਗੋਲ ਦੇਣ ਸਮੇਂ ਲੰਮੀ ਸੀਟੀ ਮਾਰ ਕੇ ਆਪ ਗਰਾਊਂਡ 'ਤੇ ਢਿੱਡ ਭਾਰ ਵਿਛ ਜਾਂਦਾ ਸੀ। ਇਸ ਵਾਸਤੇ ਹੀ ਉਸ ਦਾ ਨਾਮ 'ਪਲੇਨ' ਪਿਆ ਸੀ।

ਮੈਂ ਵੀ ਸੰਨ 1977-78 ਵਿਚ ਫਰੀਦਕੋਟ ਵਿਖੇ ਉਸ ਨੂੰ ਇਕ ਮੈਚ ਖਿਡਾਉਂਦੇ ਵੇਖਿਆ ਸੀ। ਉਦੋਂ ਉਸ ਦੀ ਨਜ਼ਰ ਕਾਫੀ ਕਮਜ਼ੋਰ ਹੋ ਚੁੱਕੀ ਸੀ, ਪਰ ਉਸ ਦਾ ਰੈਫਰੀ ਬਣਨ ਦਾ ਸ਼ੌਕ ਹਾਲੇ ਵੀ ਬਰਕਰਾਰ ਸੀ। ਉਸ ਮੈਚ ਵਿਚ ਇਕ ਵਾਰ ਬਾਲ ਗੋਲ-ਪੋਸਟ ਤੋਂ ਬਾਹਰ ਦੀ ਲੰਘੀ ਤਾਂ ਵੀ ਉਸ ਨੇ ਗੋਲ ਦੇ ਦਿੱਤਾ। ਇਸ ਉਪਰੰਤ ਜਦੋਂ ਰੌਲਾ ਪਿਆ ਤਾਂ ਉਸ ਨੇ ਕਿਹਾ ਕਿ ਮੈਂ ਰੈਫਰੀ ਹਾਂ, ਇਸ ਲਈ ਮੈਂ ਜੋ ਕੀਤਾ ਹੈ, ਉਹ ਠੀਕ ਹੈ। ਥੋੜ੍ਹੀ ਦੇਰ ਬਾਅਦ ਦੂਜੀ ਧਿਰ ਵਾਲੇ ਪਾਸੇ ਜਦੋਂ ਬਾਲ ਗੋਲ-ਪੋਸਟ ਦੀ ਬਾਰ ਤੋਂ ਉਪਰ ਦੀ ਲੰਘ ਗਈ ਤਾਂ ਫਿਰ ਵੀ ਉਸ ਨੇ ਗੋਲ ਦੇ ਦਿੱਤਾ। ਇਸ ਉਤੇ ਜਦੋਂ ਦੋਨੋਂ ਪਾਸਿਉਂ ਫਿਰ ਰੌਲਾ ਪਿਆ ਤਾਂ ਉਸ ਨੇ ਬੜੇ ਰੋਅਬ ਨਾਲ ਕਿਹਾ ਕਿ 'ਹੁਣ ਮੈਂ ਤੁਹਾਨੂੰ ਬਰਾਬਰ ਕਰ ਦਿੱਤਾ ਹੈ ਤੇ ਅੱਗੇ ਤੋਂ ਤੁਸੀਂ ਯਬਲੀਆਂ ਨਾ ਮਾਰਿਉ, ਸਗੋਂ ਬਹੁਤ ਧਿਆਨ ਨਾਲ ਖੇਡਿਉ'।



*Original with;*
Kulbir Singh Sidhu(I.A.S)
*Digitized by;*
Panjab Digital Library

ਪੇਂਡੂ ਜੀਵਨ ਵਿਚ ਹਾਸਰਸ ਗੁੰਨਿਆਂ ਪਿਆ ਹੁੰਦਾ ਹੈ ਤੇ ਹਾਸਾ ਇਨ੍ਹਾਂ ਨੂੰ ਗੁੜ੍ਹਤੀ ਵਿਚ ਹੀ ਮਿਲਦਾ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਪੰਜਾਬੀ ਲੋਕ ਕੋਈ ਮਸਖਰੇ ਹੁੰਦੇ ਹਨ, ਸਗੋਂ ਲੋੜ ਪੈਣ 'ਤੇ ਇਹ ਬੇਹੱਦ ਸੰਜੀਦਾ ਵੀ ਹੁੰਦੇ ਹਨ। ਖ਼ਾਸ ਕਰਕੇ ਅੱਜ ਤੋਂ ਕੋਈ 40-50 ਸਾਲ ਪਹਿਲਾਂ ਜਦੋਂ ਪੇਂਡੂ ਸਮਾਜ ਵਿਚ ਕੋਈ ਬਦਦਿਆਨਤੀ, ਬੇਈਮਾਨੀ ਜਾਂ ਚੋਰੀ-ਚਕਾਰੀ ਦੀ ਵਾਰਦਾਤ ਹੁੰਦੀ ਸੀ ਤਾਂ ਇਹ ਲੋਕ ਧੁਰ ਆਤਮਾ ਤੋਂ ਕਲਪ ਉਠਦੇ ਸਨ। ਇਉਂ ਹੀ ਪਿੰਡ ਦੇ ਕਿਸੇ ਬੰਦੇ ਵਿਚ ਗੈਰ ਸਮਾਜਿਕ ਚੱਲਣ ਦੀ ਕੋਈ ਅਮਾਨਤ ਵਿਚ ਖਿਆਨਤ ਕਰਨ ਜਾਂ ਆਪਣੇ ਹੀ ਨਗਰ-ਗਰਾਂ ਵਿਚ ਇਸ਼ਕ-ਪੇਚੇ ਜਿਹੀ ਵਿਸ਼ਵਾਸਘਾਤੀ ਕਰਤੂਤ ਜਦੋਂ ਕਿਤੇ ਨਸ਼ਰ ਹੁੰਦੀ ਸੀ ਤਾਂ ਇਹ ਲੋਕ ਉਸ ਨੂੰ ਬਰਦਾਸ਼ਤ ਨਹੀਂ ਕਰਦੇ ਸਨ।

ਖ਼ੈਰ! ਸਭਿਆਚਾਰਕ ਤੌਰ 'ਤੇ ਕੁਲ ਮਿਲਾ ਕੇ ਪੇਂਡੂ ਲੋਕਾਂ ਦੀਆਂ ਮਸ਼ਕਰੀਆਂ, ਮਖੌਲਾਂ ਤੇ ਵਿਅੰਗ ਭਰੀਆਂ ਚੋਭਾਂ ਵਿਚ ਵੀ ਨਿਰਛਲਤਾ ਤੇ ਮਾਸੂਮੀਅਤ ਸ਼ਾਮਿਲ ਹੁੰਦੀ ਹੈ। ਧਰਾਤਲੀ ਸੱਚਾਈ ਨਾਲ ਜੁੜੇ ਹੋਏ ਇਹ ਲੋਕ ਆਪਣੀ ਟੇਢੀ ਤੇ ਕਸੈਲੀ ਗੱਲ ਸਹਿਜ-ਸੁਭਾਅ ਹੀ ਕਹਿ ਜਾਂਦੇ ਹਨ। ਇਸ ਦੇ ਪਿੱਛੇ ਉਨ੍ਹਾਂ ਦਾ ਆਪਣਾ ਤਜਰਬਾ ਹੀ ਨਹੀਂ, ਸਗੋਂ ਪੁਰਖਿਆਂ ਦਾ ਅਨੁਭਵ, ਸਿਆਣਪ ਤੇ ਵਿਦਵਤਾ ਵੀ ਹੁੰਦੀ ਹੈ। ਇਸ ਲਈ ਇਹ ਲੋਕ ਵੇਦਾਂ ਸ਼ਾਸਤਰਾਂ ਵਰਗੇ ਗੂੜ੍ਹ-ਗਿਆਨ ਨੂੰ ਵੀ ਖੁੰਢ ਚਰਚਾ ਦੇ ਖਰੜ-ਗਿਆਨ ਦੇ ਰੂਪ ਵਿਚ ਹੀ ਪ੍ਰਗਟਾਅ ਜਾਂਦੇ ਹਨ। ਇਹ ਹੀ ਕਾਰਨ ਹੈ ਕਿ ਸਾਡੇ ਅਖਾਣ, ਮੁਹਾਵਰੇ, ਲਕੋਕਤੀਆਂ ਤੇ ਵਿਅੰਗ ਅੱਜ ਲੋਕਯਾਨ ਦੇ ਸੂਤਰ ਤੇ ਲੋਕ ਸਿਆਣਪਾਂ ਬਣ ਚੁੱਕੇ ਹਨ।

ਇਉਂ ਹੀ ਪੇਂਡੂ ਸਮਾਜ ਵਿਚ ਮਸ਼ਹੂਰ ਹੈ ਕਿ ਕੋਈ ਸਾਧ ਆਪਣੇ ਚੇਲੇ ਨਾਲ ਕਿਤੇ ਜਾ ਰਿਹਾ ਸੀ। ਸਾਧੂ ਨੇ ਦੋ-ਚਾਰ ਵਾਰ ਆਪਣੇ ਚੇਲੇ ਨੂੰ ਕਿਹਾ ਕਿ ਹਵਾ ਬਹੁਤ ਤੇਜ਼ ਹੈ ਜਿਸ ਕਰਕੇ ਵਾਲ ਅੱਖਾਂ ਵਿਚ ਪੈ ਰਹੇ ਹਨ। ਦੋ ਕੁ ਵਾਰ ਸੁਣਨ ਤੋਂ ਬਾਅਦ ਬਾਬਾ ਜੀ ਦਾ ਬਾਲਕਾ ਬੋਲਿਆ, 'ਮਹਾਰਾਜ ਤੁਸੀਂ ਕਿਹੜਾ ਇੱਧਰ ਦਫ਼ਤਰ ਲਾਉਣਾ ਹੈ' ਇਸ ਲਈ ਦੂਜੇ ਪਾਸੇ ਨੂੰ ਤੁਰ ਪਵੋ। ਇਸ ਤਰ੍ਹਾਂ ਹੀ ਸਾਧਾਂ ਬਾਰੇ ਤੇ ਖਾਸ ਤੌਰ 'ਤੇ ਪਿੰਡਾਂ ਵਿਚ ਧਾਗੇ-ਤਵੀਤ ਕਰਨ ਵਾਲੇ ਰੋਡੇ ਸਾਧਾਂ ਬਾਰੇ ਇਕ ਵਿਅੰਗਮਈ ਬੋਲੀ ਮਸ਼ਹੂਰ ਹੈ ਕਿ 'ਟਾਂਡ ਮੁਨਾਏ, ਤੀਨ ਗੁਣ, ਸਿਰ ਕੀ ਮਿਟੀਓ ਖਾਜ। ਚੰਗਾ ਚੋਖਾ ਖਾਣ ਨੂੰ ਲੋਕ ਕਹੇ ਮਹਾਰਾਜ'।

ਇਉਂ ਹੀ ਮਰਾਸੀਆਂ ਦੀਆਂ ਟਿਚਰਾਂ-ਮਸ਼ਕਰੀਆਂ ਤਾਂ ਮੁੱਢ ਤੋਂ ਹੀ ਮਸ਼ਹੂਰ ਹਨ। ਆਮ ਧਾਰਨਾ ਸੀ ਕਿ ਕਦੇ ਵੀ ਮਰਾਸੀ ਜਾਤ ਨੂੰ ਟਿਚਰ ਨਾ ਕਰੋ ਕਿਉਂਕਿ ਪਤਾ ਨਹੀਂ ਅੱਗੋਂ ਉਹ ਕਿਹੜੀ ਮਸ਼ਕਰੀ ਨਾਲ 'ਇੱਕੀ ਨੂੰ ਇਕੱਤੀ' ਪਾਉਣ ਵਾਂਗੂੰ ਤੁਹਾਡੀ ਭਾਜੀ ਮੋੜ ਦੇਵੇ। ਇਸ ਪ੍ਰਥਾਇ ਗੁਰਦਿੱਤ ਸਿੰਘ ਗੰਗਾ-ਨਥਾਣਾ ਇਕ ਛੰਦ 'ਜੁੱਤੀ ਸੋਟੀ ਬਿਨਾਂ ਨਾ ਤੁਰੀਏ ਰਾਤ ਨੂੰ, ਟਿਚਰ ਨਾ ਕਰੀਏ ਮਰਾਸੀ ਜਾਤ ਨੂੰ' ਪ੍ਰਸਿੱਧ ਹੈ। ਪਿੰਡਾਂ ਵਿਚ ਮਰਾਸੀ ਤਬਕੇ ਦਾ ਭਾਈਚਾਰਾ ਤਾਂ ਵਿਆਹ-ਸ਼ਾਦੀਆਂ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਹੋਰ ਖੁਸ਼ੀ ਦੇ ਮੌਕਿਆਂ 'ਤੇ ਦਿਲ-ਪ੍ਰਚਾਵੇ ਲਈ ਹੀ ਹੁੰਦਾ ਸੀ।

ਅਮਲੀਆਂ ਦੀ ਲੋਰ ਤੇ ਪੀਨਕ ਮੰਨੀ-ਪ੍ਰਮੰਨੀ ਹੈ। ਇਕ ਵਾਰੀ ਕਰਤਾਰਾ ਤੇ ਭਜਨਾ ਅਮਲੀ ਅਫੀਮ ਦੀ ਲੋਰ ਵਿਚ ਸਾਈਕਲ 'ਤੇ ਚੜ੍ਹੇ ਜਾਂਦੇ ਸਨ। ਥੋੜ੍ਹੇ ਚਿਰ ਪਿਛੋਂ ਕੈਰੀਅਰ 'ਤੇ ਬੈਠਾ ਭਜਨਾ ਡਿੱਗ ਪਿਆ, ਜਦੋਂ ਕਰਤਾਰ ਸਿੰਘ ਨੇ ਦੇਖਿਆ ਕਿ ਪਿਛੋਂ ਭਜਨਾ ਕੋਈ ਹੁੰਗਾਰਾ ਨਹੀਂ ਦੇ ਰਿਹਾ ਤਾਂ ਉਹ ਸਾਈਕਲ ਮੋੜ ਕੇ ਪਿਛਾਂਹ ਆਇਆ। ਜਦੋਂ ਉਸ ਨੇ ਵਾਪਸ ਆ ਕੇ ਭਜਨੇ ਨੂੰ ਉਠਾਇਆ ਤਾਂ ਉਹ ਕਹਿਣ ਲਗਾ "ਬਾਈ ਕਰਤਾਰ ਸਿਆਂ ਮੈਂ ਤਾਂ ਮੌਜ ਵਿਚ ਬੈਠਾ ਹਾਂ, ਬੱਸ ਤੂੰ ਸਾਈਕਲ ਦੱਬੀ ਚਲ।" ਇਉਂ ਹੀ ਇਕ ਅਫੀਮੀ ਦੇ ਘਰ ਬਟਾਊ ਭਾਵ ਮਹਿਮਾਨ ਆ ਗਏ, ਉਹ ਗਵਾਂਢੀਆਂ ਦੇ ਘਰ ਮੰਜਾਂ ਮੰਗਣ ਗਿਆ। ਗਵਾਂਢੀ ਨੇ ਕੋਠੇ ਤੋਂ ਮੰਜਾ ਲਟਕਾ ਦਿੱਤਾ। ਅਮਲੀ ਨੇ ਮੰਜਾ ਫੜਣ ਲਈ ਜਦੋਂ ਹੱਥ ਉਤਾਂਹ ਨੂੰ ਕੀਤੇ ਤਾਂ ਉਸ ਦਾ ਹੱਥ ਕਿੱਲੀ ਨੂੰ ਪੈ ਗਿਆ। ਉੱਧਰੋਂ ਮੰਜਾ ਉਸ ਦੇ ਸਿਰ ਵਿਚ ਆ ਵੱਜਿਆ ਤਾਂ ਅਮਲੀ ਕਹਿਣ ਲੱਗਾ, ਬਾਈ ਸਿਆਂ ਮੈਨੂੰ ਇਕ ਮੰਜਾ ਹੀ ਚਾਹੀਦਾ ਸੀ। ਮੈਂ ਹਾਲੇ ਪਹਿਲਾ ਮੰਜਾ ਤਾਂ ਲਾਹਿਆ ਹੀ ਨਹੀਂ ਸੀ; ਤੂੰ ਦੂਜਾ ਮੰਜਾ ਐਂਵੇ ਹੀ ਛੱਡ ਦਿੱਤਾ।

ਇਸ ਤਰ੍ਹਾਂ ਹੀ ਕੋਈ ਅਮਲੀ ਦਿੱਲੀ ਜਾਣ ਵਾਸਤੇ ਫਿਰੋਜ਼ਪੁਰ ਤੋਂ ਦਿੱਲੀ ਜਾਣ ਵਾਲੀ ਗੱਡੀ 'ਤੇ ਚੜ੍ਹਿਆ। ਜਦੋਂ ਬਠਿੰਡੇ ਜੰਕਸ਼ਨ 'ਤੇ ਜਾ ਕੇ ਦਿੱਲੀ ਤੋਂ ਫਿਰੋਜ਼ਪੁਰ ਆਉਣ ਵਾਲੀ ਗੱਡੀ ਨਾਲ ਕਰਾਸ ਹੋਇਆ ਤਾਂ ਉਹ ਨਸ਼ੇ ਦੀ ਲੋਰ ਵਿਚ ਫਿਰੋਜ਼ਪੁਰ ਨੂੰ ਜਾ ਰਹੀ ਗੱਡੀ ਵਿਚ ਉਤਲੀ ਸੀਟ 'ਤੇ ਲੰਮਾ ਪੈ ਗਿਆ। ਜਦੋਂ ਗੱਡੀ ਤੁਰੀ ਤਾਂ ਉਹ ਨਾਲ ਦੀਆਂ ਸਵਾਰੀਆਂ ਨੂੰ ਪੁੱਛਣ ਲੱਗਾ ਕਿ, "ਬਾਈ ਤੁਸੀਂ ਕਿਥੇ ਜਾਣਾ ਹੈ? ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਫਿਰੋਜ਼ਪੁਰ ਜਾ ਰਹੇ ਹਾਂ। ਇਸ 'ਤੇ ਜੱਟ ਬੋਲ ਉੱਠਿਆ ਕਿ 'ਵਾਰੇ-ਵਾਰੇ ਜਾਈਏ! ਸਾਲੇ ਅੰਗਰੇਜ਼ਾਂ ਦੇ ਦਿਮਾਗ ਤੋਂ ਕਿ ਜਿਨ੍ਹਾਂ ਨੇ ਇਹ ਗੱਡੀ ਬਣਾਈ ਹੈ ਕਿ ਥੱਲੇ ਵਾਲੀਆਂ ਸਵਾਰੀਆਂ ਤਾਂ ਫਿਰੋਜ਼ਪੁਰ ਜਾ ਰਹੀਆਂ ਹਨ ਤੇ ਉਤਲੀਆਂ ਦਿੱਲੀ ਨੂੰ ਜਾ ਰਹੀਆਂ ਹਨ।"

ਵੈਸੇ ਤਾਂ ਹਰ ਨਸ਼ਾ ਹੀ ਦਿਮਾਗ ਨੂੰ ਘੁੰਮਾ ਦਿੰਦਾ ਹੈ, ਪਰ ਸ਼ਰਾਬ ਦੀ ਇੱਲਤ ਬੰਦੇ ਦੀ ਅਕਲ 'ਤੇ ਪਰਦਾ ਪਾਉਣ ਲਈ ਹੋਰ ਨਸ਼ਿਆਂ ਤੋਂ ਮੂਹਰੇ ਹੈ ਅਤੇ ਇਹ ਤਕਰੀਬਨ ਹਰ ਫੌਜਦਾਰੀ ਕੇਸ ਵਿਚ ਆਪਣਾ ਜਲਵਾ ਦਿਖਾਉਂਦੀ ਹੈ। ਇਉਂ ਅਕਲ 'ਤੇ ਪਰਦਾ ਪੈਣ ਦੇ ਪ੍ਰਸੰਗ ਵਿਚ ਇਕ ਵਾਰੀ ਦੀ ਗੱਲ ਹੈ ਕਿ ਫਿਰੋਜ਼ਪੁਰ ਰੇਲਵੇ ਸਟੇਸ਼ਨ 'ਤੇ ਮੱਖੂ ਵੱਲ ਦਾ ਇਕ ਮਝੈਲ ਭਾਊ ਤੇ ਅਬੋਹਰ ਦਾ ਬਿਸ਼ਨੋਈ ਇਕੱਠੇ ਹੋ ਗਏ। ਉਨ੍ਹਾਂ ਨੇ ਸਟੇਸ਼ਨ ਮਾਸਟਰ ਤੋਂ ਪੁੱਛਿਆ ਕਿ ਬਠਿੰਡੇ ਨੂੰ ਗੱਡੀ ਕਦੋਂ ਕੁ ਜਾਊਗੀ? ਗੌਰਤਲਬ ਹੈ ਕਿ ਦੇਸ਼ ਦੀ ਵੰਡ ਤੋਂ ਬਾਅਦ ਹੁਣ ਫਿਰੋਜ਼ਪੁਰ ਸ਼ਹਿਰ ਉਤਰ ਰੇਲਵੇ ਦਾ ਅਖੀਰਲਾ ਸਟੇਸ਼ਨ ਬਣ ਚੁੱਕਾ ਹੈ। ਇਸ ਵਾਸਤੇ ਸਟੇਸ਼ਨ ਮਾਸਟਰ ਨੇ ਕਿਹਾ ਕਿ ਭਾਈ ਜਦੋਂ ਬਠਿੰਡੇ ਤੋਂ ਗੱਡੀ ਆਊਗੀ ਤਾਂ ਉਦੋਂ ਹੀ ਦੱਸ ਸਕਦਾ ਹਾਂ ਕਿ ਵਾਪਸ ਕਦੋਂ ਜਾਊਗੀ।

ਖ਼ੈਰ! ਦੋਨਾਂ ਸੱਜਣਾਂ ਗੱਡੀ ਦੀ ਉਡੀਕ ਵਿਚ ਰਲ ਕੇ ਦਾਰੂ ਦੀ ਬੋਤਲ ਦਾ



Original with;
Kulbir Singh Sidhu(I.A.S)
Digitized by;
Panjab Digital Library

ਜੁਗਾੜ ਕਰ ਲਿਆ। ਫਿਰ ਉਹ ਹਵਾ-ਪਿਆਜ਼ੀ ਜਿਹੇ ਹੋ ਕੇ ਆਪਸ ਵਿਚ ਖਹਿਬੜਣ ਲੱਗ ਪਏ। ਭਾਊ ਕਹੇ ਕਿ ਸਾਹਮਣੇ ਸੂਰਜ ਛਿਪ ਰਿਹਾ ਹੈ ਤੇ ਕਿੱਡਾ ਸੋਹਣਾ ਨਜ਼ਾਰਾ ਹੈ। ਬਿਸ਼ਨੋਈ ਕਹੇ ਕਿ ਓ ਊਂਧੀ ਖੋਪੜੀ! ਯੇ ਤੋਂ ਪੂਰਨਮਾਸ਼ੀ ਕਾ ਚਾਂਦ ਸੈ। ਇਸ ਤਰ੍ਹਾਂ ਜਦੋਂ ਦੋਵਾਂ ਵਿਚ ਬਹਿਸ ਖਾਸੀ ਭਖ ਗਈ ਤਾਂ ਉਨ੍ਹਾਂ ਨੇ ਸਟੇਸ਼ਨ 'ਤੇ ਜਾਂਦੇ ਇਕ ਫੌਜੀ ਨੂੰ ਕਿਹਾ ਕਿ ਵੀਰ ਤੂੰ ਹੀ ਕੋਈ ਨਿਰਣਾ ਕਰ। ਉਹ ਵੀ ਸਮਝ ਗਿਆ ਕਿ ਇਹ ਬਾਈ ਹਵਾ ਦੇ ਘੋੜੇ 'ਤੇ ਚੜ੍ਹੇ ਹੋਏ ਹਨ। ਇਸ ਲਈ ਉਹ ਕਹਿਣ ਲੱਗਾ ਕਿ ਭਰਾਵੋ ਇਹ ਤੁਹਾਡੀ ਆਪੋ-ਆਪਣੇ ਇਲਾਕੇ ਦੀ ਗੱਲ ਹੈ। ਮੈਂ ਤਾਂ ਬਠਿੰਡੇ ਤੋਂ ਆਇਆਂ ਹਾਂ, ਸੋ ਮੈਂ ਨਹੀਂ ਕਹਿ ਸਕਦਾ ਕਿ ਇਹ ਸੂਰਜ ਹੈ ਕਿ ਚੰਦ ਹੈ।

ਇਸ ਤਰ੍ਹਾਂ ਹੀ ਕੋਈ ਜੱਟ ਰੇਲ ਵਿਚ ਸਫ਼ਰ ਕਰ ਰਿਹਾ ਸੀ ਤਾਂ ਉਸ ਦੇ ਡੱਬੇ ਵਿਚ ਇਕ ਬੰਗਾਲੀ ਤੇ ਇਕ ਮਦਰਾਸੀ ਦੇ ਦਰਮਿਆਨ ਇਕ ਭਖਵੀਂ ਬਹਿਸ ਚੱਲ ਰਹੀ ਸੀ ਕਿ ਭਾਰਤ ਵਿਚ ਕ੍ਰਾਂਤੀ ਆਉਣ ਵਾਲੀ ਹੀ ਹੈ। ਮਦਰਾਸੀ ਕਹਿ ਰਿਹਾ ਸੀ ਕਿ ਸਾਡੇ ਦੇਸ਼ ਵਿਚ ਅੱਜ ਤੱਕ ਤਾਂ ਰੈਵੋਲਿਊਸ਼ਨ ਆਇਆ ਨਹੀਂ ਤੇ ਅੱਗੇ ਆਉਣ ਦੀ ਉਮੀਦ ਨਹੀਂ। ਜਦੋਂ ਗੱਲ ਖਾਸੇ ਰੌਲੇ ਤੱਕ ਪਹੁੰਚ ਗਈ ਤਾਂ ਜੱਟ ਕਹਿਣ ਲੱਗਾ ਕਿ ਭਾਈ ਮੈਂ ਸੌਣ ਲੱਗਾ ਹਾਂ। ਇਕ ਗੱਲ ਦਾ ਖਿਆਲ ਰੱਖਿਉ ਕਿ ਤੁਹਾਡਾ ਰੈਵੋਲਿਊਸ਼ਨ ਆਵੇ ਜਾਂ ਨਾ; ਪਰ ਜਦੋਂ ਮੇਰਾ ਸਟੇਸ਼ਨ 'ਫਤਿਆਬਾਦ' ਆ ਗਿਆ ਤਾਂ ਮੈਨੂੰ ਉਠਾ ਦਿਓ।

ਇਸ ਤਰ੍ਹਾਂ ਹੀ ਸਾਡੇ ਸਮਾਜ ਵਿਚ ਪੁਲਿਸ ਦੀਆਂ ਥਾਣੇਦਾਰੀ ਵਧੀਕੀਆਂ ਪ੍ਰਸਿੱਧ ਹਨ। ਇਕ ਵਾਰ ਕਿਸੇ ਆਮ ਜਿਹੇ ਬੰਦੇ ਦੇ ਘਰ ਚੋਰੀ ਹੋ ਗਈ। ਥਾਣੇਦਾਰ ਪੁੱਛ-ਪੜਤਾਲ ਕਰਨ ਲਈ ਪਿੰਡ ਵਿਚ ਆਇਆ ਤਾਂ ਘਰ ਦੇ ਮਾਲਕ ਨੇ ਰਪਟ ਵਿਚ ਗਹਿਣੇ-ਗੱਟੇ, ਭਾਂਡੇ-ਟੀਂਡੇ ਤੇ ਨਿਕ-ਸੁੱਕ ਦੇ ਨਾਲ ਕੁੱਕੜ ਵੀ ਲਿਖਵਾ ਦਿੱਤਾ। ਇੰਨੇ ਨੂੰ ਉਨ੍ਹਾਂ ਦਾ ਕੁੱਕੜ ਉੱਧਰੋਂ ਦੀ ਨੰਘਿਆ ਤਾਂ ਥਾਣੇਦਾਰ ਕਹਿਣ ਲੱਗਾ ਕਿ ਤੂੰ ਰਪਟ ਵਿਚ ਕੁੱਕੜ ਕਿਉਂ ਲਿਖਵਾਇਆ ਹੈ। ਇਸ 'ਤੇ ਮਾਲਕ ਕਹਿਣ ਲੱਗਾ ਕਿ ਜਨਾਬ ਇਹ ਇਸ ਵਾਸਤੇ ਲਿਖਵਾਇਆ ਹੈ ਕਿ ਇਹ ਕੁੱਕੜ ਵੀ ਤਾਂ ਤੁਸੀਂ ਸੇਵਾ-ਪਾਣੀ ਵਿਚ ਰਗੜ ਹੀ ਜਾਣਾ ਹੈ।

ਪੇਂਡੂ ਸਮਾਜ ਤੇ ਖ਼ਾਸ ਕਰਕੇ ਜੱਟ-ਕਿਰਸਾਣ ਵਰਗ ਦੇ ਹਾਸੇ ਵਿਚ ਕਿਤੇ ਨਾ ਕਿਤੇ ਬੜੀ ਡੂੰਘੀ ਚੋਭ ਵੀ ਸ਼ਾਮਿਲ ਹੋ ਜਾਂਦੀ ਹੈ। ਇਸ ਵਾਸਤੇ ਹੀ ਕਦੇ-ਕਦਾਈਂ ਹਾਸੇ ਦਾ ਮੜ੍ਹਾਸਾ ਵੀ ਬਣ ਜਾਂਦਾ ਹੈ। ਇਸ ਪ੍ਰਥਾਇ ਮਸ਼ਹੂਰ ਹੈ ਕਿ 'ਜੱਟ ਦੀ ਕੁਤ-ਕੁਤੀ ਸਲੰਘ ਨਾਲ' ਭਾਵ ਨਿਆਣੇ ਨੂੰ ਹਸਾਉਣ ਵਾਸਤੇ ਜੱਟ ਹੱਥਾਂ ਨਾਲ ਗੁਦਗੁਦੀ ਕਰਨ ਦੀ ਬਜਾਏ ਵੀ ਆਪਣੇ ਖੇਤੀ ਦੇ ਸੰਦ 'ਦੋਸਾਂਗੇ' ਨੂੰ ਹੀ ਵਰਤਦਾ ਹੈ। ਇਸ ਪ੍ਰਥਾਇ ਇਕ ਕਹਾਣੀ ਹੈ ਕਿ ਕਿਸੇ ਬਾਣੀਏ ਦਾ ਮੁੰਡਾ ਕੋਠੇ ਤੋਂ ਡਿੱਗ ਕੇ ਮਰਨ ਦਾ ਡਰਾਵਾ ਦੇਈ ਜਾਂਦਾ ਸੀ। ਉਨ੍ਹਾਂ ਦਾ ਸਾਰਾ ਟੱਬਰ-ਟੀਰ ਗਲੀ ਵਿਚ ਡਰਿਆ ਖੜ੍ਹਾ ਸੀ। ਉਧਰੋਂ ਦੀ ਕੋਈ ਜੱਟ ਲੰਘਿਆ ਤਾਂ ਦੋਸਾਂਗਾ ਉਤਾਂਹ ਨੂੰ ਕਰਕੇ ਕਹਿਣ ਲੱਗਾ ਕਿ ਪੁੱਤ ਛੇਤੀ ਕਰ ਤੇ ਦੋਸਾਂਗੇ 'ਤੇ ਛਾਲ ਮਾਰ। ਖ਼ੈਰ! ਬਾਣੀਏ ਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਪੁੱਤ ਭੱਜ ਕੇ ਥੱਲੇ ਉਤਰ ਆਇਆ ਕਿ ਉਸ ਤਾਂ ਸੱਚੀਂ-ਮੁੱਚੀਂ ਹੀ ਯਮਰਾਜ ਟੱਕਰ ਗਿਆ ਹੈ।

ਬੇਸ਼ੱਕ ਪੇਂਡੂ ਲੋਕਾਂ ਦੀਆਂ ਗੋਲ-ਮਸ਼ਕਰੀਆਂ ਵਿਚ ਡੂੰਘੀ ਚੋਭ ਦੀ ਚੁਭਣ ਹੁੰਦੀ ਹੈ, ਪਰ ਇਹ ਬੜੀਆਂ ਅਰਥ ਭਰਪੂਰ ਹੁੰਦੀਆਂ ਹਨ। ਪਿੰਡਾਂ ਵਾਲਿਆਂ ਨੂੰ ਜੇ ਕਿਤੇ ਗੱਭਰੂ-ਗਭਰੇਟ ਦੇ ਇਸ਼ਕ-ਮੁਸ਼ਕ ਦੀ ਕੋਈ ਸੁੰਧਕ ਲੱਗ ਜਾਵੇ ਤਾਂ ਉਹ ਸ਼ਹਿਰ ਵਾਸੀਆਂ ਵਾਂਗੂੰ ਨਿੰਦਾ-ਚੁਗਲੀ ਦਾ ਭੰਡੀ ਪ੍ਰਚਾਰ ਨਹੀਂ ਕਰਦੇ। ਸਗੋਂ ਪੇਂਡੂ ਲੋਕ ਪ੍ਰੇਮ-ਪਿਆਰ ਜਿਹੇ ਪ੍ਰਸੰਗਾਂ ਪ੍ਰਤੀ ਆਪਣੀ ਘਿਰਣਾ ਜਾਂ ਅਸਹਿਮਤੀ ਨੂੰ ਬਿਆਨਣ ਵਾਸਤੇ ਅਜਿਹੀ ਗੁੱਝੀ ਘਾੜਤ ਘੜਦੇ ਹਨ ਕਿ ਇਸ਼ਕ-ਪੇਚਾ ਖੁਦ-ਬ-ਖੁਦ ਹੀ ਚਿੱਟੇ ਦਿਨ ਵਾਂਗ ਪ੍ਰਤੱਖ ਹੋ ਜਾਂਦਾ ਹੈ। ਇਸ ਪ੍ਰਥਾਇ ਪੇਂਡੂ ਹਾਸਰਸ ਵਿਚ ਇਸ਼ਕੀਆ ਬਿੰਬਾਂਵਲੀ ਨਾਲ ਭਰਪੂਰ ਟੋਟਕੇ ਸੁਣਨ ਨੂੰ ਮਿਲਦੇ ਹਨ ਕਿ 'ਜੱਟੀ ਪਾਣੀ ਡੋਲ੍ਹ-ਗੀ ਤੇ ਵੱਤ ਵਾਹ ਗਿਆ ਸਰਦਾਰਾ' ਜਾਂ 'ਤੇਲਣ ਤੇਲ ਪਾ-ਗੀ ਤੇ ਬੱਤੀ ਲਾ ਗਿਆ ਸੁਨਿਆਰਾ'। ਇਸ ਗੈਰ-ਸਮਾਜਿਕ ਚਲਣ ਦੇ ਸਬੰਧ ਵਿਚ ਪੁਰਾਤਨ ਸਮੇਂ ਤੋਂ 'ਹੀਰ ਨੂੰ ਲੈ ਗਏ ਖੇੜੇ ਤੇ ਰਾਂਝੇ ਰਹਿ ਗਏ ਮੱਝਾਂ ਚਾਰਦੇ' ਤੋਂ ਲੈ ਕੇ ਹੁਣ ਤਕ 'ਕਾਂ ਜਲੇਬੀ ਲੈ ਗਿਆ' ਜਿਹੇ ਪੁਰਾਣੇ ਹਾਸਰਸੀ ਵਿਅੰਗ ਤੇ ਚੋਭਾਂ ਪ੍ਰਚਲਿਤ ਹਨ।

ਸਾਡੇ ਲੋਕਯਾਨ ਵਿਚ ਜੱਟ ਦੀ ਜੂਨ ਬਾਰੇ ਇਕ ਪ੍ਰਸਿੱਧ ਸੂਤਰ ਹੈ ਕਿ "ਜੱਟਾ ਤੇਰੀ ਜੂਨ ਬੁਰੀ, ਹੱਲ ਛੱਡ ਚਰ੍ਹੀ ਨੂੰ ਜਾਣਾ"। ਕਿਰਸਾਣ ਕਕਰੀਲੀਆਂ ਰਾਤਾਂ ਵਿਚ ਕਣਕਾਂ ਨੂੰ ਪਾਣੀ ਲਾਉਂਦਾ ਤੇ ਅੰਗਿਆਰਿਆਂ ਵਾਂਗੂੰ ਤਪਦੀ ਹਾੜ ਦੀ ਰੁੱਤ ਵਿਚ ਵਾਢੀ ਕਰਦਾ ਫਿਰਦਾ ਹੈ। ਕੋਈ ਵੀ ਰੁੱਤ ਹੋਵੇ, ਇਹ ਖੇਤਾਂ ਵਿਚ ਦਿਨ-ਰਾਤ ਸੱਪ-ਸਲੂਤੀਆਂ ਦੇ ਨਾਲ ਰਹਿੰਦਾ, ਉਨ੍ਹਾਂ ਦੇ ਜ਼ਹਿਰੀ ਡੰਗ ਖਾਂਦਾ ਹੈ। ਇਸ ਸਭ ਕਾਸੇ ਦੇ ਬਾਵਜੂਦ ਫਿਰ ਵੀ ਉਹ ਆਪਣੀ ਜ਼ਿੰਦਗੀ ਦੇ ਸਾਰੇ ਜ਼ਹਿਰ ਦੀ ਕਾਟ ਕਰਕੇ ਆਪਣੀਆਂ ਗੋਲ-ਮਸ਼ਕਰੀਆਂ ਕਰਨੋਂ ਨਹੀਂ ਹਟਦਾ।

ਇਸ ਪ੍ਰਥਾਇ ਕਹਿੰਦੇ ਹਨ ਕਿ 'ਭਾਦੋਂ ਦੇ ਹੁੰਮਸ ਦਾ ਭਜਾਇਆ ਜੱਟ ਇਕ ਵਾਰੀ ਸਾਧ ਬਣ ਗਿਆ।' ਅੱਗੋਂ ਜਦੋਂ ਘਰਵਾਲੀ ਨੇ ਜੁੱਤੀ ਲਾਹ ਲਈ ਕਿ ਜੇ ਤੂੰ ਕਮਾਈ ਨਹੀਂ ਕਰੇਂਗਾ ਤਾਂ ਜੁਆਕ ਕਿੱਥੇ ਜਾਣਗੇ, ਖ਼ੈਰ ਉਹ ਘਰਵਾਲੀ ਤੋਂ ਡਰਦਾ ਪਿੰਡ ਛੱਡ ਗਿਆ। ਫਿਰ ਦੇਵਨੇਤ ਉਹ ਸਾਧ-ਜੱਟ ਕਿਤੇ ਬਾਹਰੀਂ ਸਾਲੀਂ ਆਪਣੇ ਪਿੰਡ ਆ ਵੜਿਆ ਤਾਂ ਕੀ ਦੇਖਦਾ ਹੈ ਕਿ ਸੰਗਤ ਵਿਚ ਉਸ ਦੀ ਘਰ ਵਾਲੀ ਵੀ ਬੈਠੀ ਹੈ। ਬਹਿਰਹਾਲ, ਜੱਟ ਨੂੰ ਆਪਣੇ ਘਰ ਦਾ ਦੁਬਾਰਾ ਮੋਹ-ਵੈਰਾਗ ਜਾਗ ਪਿਆ, ਤਾਂ ਉਸ ਨੇ ਆਪਣੇ ਦੋ ਤਾਰੇ 'ਤੇ ਧਾਰਨਾ ਲਾਈ "ਰੋਸੇ ਘੋਸੇ ਉਮਰ ਗੁਆ ਲਈ, ਵਿਚ ਦੁੱਖਾਂ ਦੇ ਜਿੰਦੜੀ ਪਾ-ਲੀ; ਕਰਤਾਰੋ ਤੂੰ ਝਾਕ ਨੀ, ਦੋ ਤਾਰਾ ਖੰਮਣੀਆਂ ਵਾਲਾ"। ਇਸ ਤਰ੍ਹਾਂ ਸਾਧ-ਜੱਟ ਨੇ ਤਰੀਕੇ ਨਾਲ ਆਪਣੀ ਪਤਨੀ ਕਰਤਾਰੋ ਨੂੰ ਪਿਆਰ ਭਰੀ ਗੁੱਝੀ ਜਿਹੀ ਰਮਜ਼ ਮਾਰੀ ਕਿ ਉਹ ਪਛਾਣੇ ਕਿ ਉਸ ਦੇ ਸਾਹਮਣੇ ਤਾਂ ਉਸ ਦਾ ਘਰਵਾਲਾ ਹੀ ਸਾਧ ਬਣਿਆ ਬੈਠਾ ਹੈ।

ਪੁਰਾਣੇ ਪੇਂਡੂ ਸਮਾਜ ਵਿਚ ਕਿਹਾ ਜਾਂਦਾ ਸੀ ਕਿ ਬ੍ਰਾਹਮਣ ਬਿਨਾਂ ਗਤ ਨਹੀਂ



*Original with;*
Kulbir Singh Sidhu(I.A.S)
*Digitized by;*
Panjab Digital Library

ਤੇ ਸ਼ਾਹ ਬਿਨਾਂ ਪੱਤ ਨਹੀਂ। ਇਸ ਤਰ੍ਹਾਂ ਕਾਰ-ਵਿਹਾਰ ਵਿਚ ਜੱਟ ਦਾ ਬ੍ਰਾਹਮਣ ਤੇ ਬਾਣੀਏ ਨਾਲ ਬੜਾ ਪੁਰਾਣਾ ਤੇ ਗਹਿਰਾ ਸਬੰਧ ਹੈ। ਇਕ ਸਬੰਧੀ ਇਕ ਕਹਾਣੀ ਹੈ ਕਿ ਕੋਈ ਪੰਡਿਤ ਜੱਟ ਨੂੰ ਗੰਗਾ ਨਹਾਉਣ ਦੇ ਬਹਾਨੇ ਹਰਿਦੁਆਰ ਲੈ ਗਿਆ। ਸਫ਼ਰ ਕੱਟਣ ਲਈ ਪੰਡਿਤ ਨੇ ਜੱਟ ਅੱਗੇ ਤਜਵੀਜ਼ ਰੱਖੀ ਕਿ ਤੂੰ ਮੈਨੂੰ ਮੋਢਿਆਂ 'ਤੇ ਚੁੱਕ ਲੈ ਤੇ ਮੈਂ ਤੇਰਾ ਥਕੇਵਾਂ ਲਾਹੁਣ ਲਈ ਤੈਨੂੰ ਕਥਾ ਸੁਣਾਉਂਦਾ ਹਾਂ। ਫਿਰ ਜਦੋਂ ਮੇਰੀ ਕਥਾ ਖਤਮ ਹੋਈ ਤਾਂ ਫਿਰ ਤੂੰ ਮੇਰੇ ਮੋਢਿਆਂ 'ਤੇ ਚੜ੍ਹ ਜਾਵੀਂ।

ਇਸ ਤਰ੍ਹਾਂ ਪੰਡਿਤ ਜੀ ਨੇ ਆਪਣੀ ਕਥਾ ਸ਼ੁਰੂ ਕੀਤੀ ਤੇ ਹਰਿਦੁਆਰ ਦੇ ਨੇੜੇ ਜਿਹੇ ਜਾ ਕੇ ਆਪਣੀ ਗੱਲ ਮੁਕਾਉਣ ਉਪਰੰਤ ਜੱਟ ਦੇ ਮੋਢਿਆਂ ਤੋਂ ਉੱਤਰ ਗਿਆ। ਪਰ ਜੱਟ ਵੀ ਬ੍ਰਾਹਮਣ ਦੀ ਚਾਲ ਸਮਝ ਗਿਆ, ਇਸ ਲਈ ਜਦੋਂ ਜੱਟ ਦੀ ਵਾਰੀ ਆਈ ਤਾਂ ਉਸ ਨੇ ਗੱਲ ਸ਼ੁਰੂ ਕੀਤੀ ਕਿ ਜਦੋਂ ਉਸ ਦੇ ਬਾਪੂ ਜੀ ਨੇ ਖੇਤੀ ਸ਼ੁਰੂ ਕੀਤੀ ਤਾਂ ਵੱਛੇ ਪਾਲੇ ਤੇ ਵੱਡੇ ਕੀਤੇ। ਫਿਰ ਬਾਪੂ ਜੀ ਨੇ ਟਿੰਡਾਂ ਵਾਲਾ ਖੂਹ ਲਾਇਆ। ਇਉਂ ਪਾਣੀ ਦੀਆਂ ਲਹਿਰਾਂ-ਬਹਿਰਾਂ ਹੋ ਗਈਆਂ, ਬੱਸ ਇਕ ਟਿੰਡ ਆਵੇ ਤੇ ਦੂਜੀ ਜਾਵੇ। ਇਸ ਤਰ੍ਹਾਂ ਜੱਟ ਨੇ 'ਟਿੰਡਾਂ ਹੀ ਟਿੰਡਾਂ ਤੇ ਟਿੰਡਮ-ਟਿੰਡਾਂ' ਦੀ ਕਹਾਣੀ ਛੇੜ ਲਈ।

ਕਿੱਸਾ ਕੋਤਾਹ; ਗੰਗਾ ਜੀ ਵਿਚ ਪੰਡਿਤ ਦੇ ਮੋਢਿਆਂ 'ਤੇ ਚੜ੍ਹੇ-ਚੜ੍ਹਾਏ ਹੀ ਜੱਟ ਦਾ ਇਸ਼ਨਾਨ ਵੀ ਹੋ ਗਿਆ। ਜਦੋਂ ਘਰ ਨੂੰ ਮੁੜਨ ਲੱਗੇ ਤਾਂ ਪੰਡਿਤ ਜੀ ਨੇ ਪੁੱਛਿਆ ਕਿ ਜੱਟਾ ਤੇਰੀ ਕਹਾਣੀ ਕਦੋਂ ਮੁੱਕੇਗੀ। ਇਸ 'ਤੇ ਜੱਟ ਨੇ ਜਵਾਬ ਦਿੱਤਾ ਕਿ ਮੈਂ ਕੀ ਕਰਾਂ; ਟਿੰਡਾਂ ਚੱਲੀ ਹੀ ਜਾ ਰਹੀਆਂ ਹਨ। ਮੁੱਕਦੀ ਗੱਲ, ਜੱਟ ਤੇ ਪੰਡਿਤ ਦੋਵੇਂ ਘਰ ਵੀ ਮੁੜ ਆਏ, ਪਰ ਜੱਟ ਦੀ ਕਹਾਣੀ ਨਹੀਂ ਮੁੱਕੀ।

ਇਸ ਪ੍ਰਥਾਇ ਹਾਸਰਸ ਦੇ ਪੱਖੋਂ ਤਾਂ ਝਾਂਗੀ ਤੇ ਮੁਲਤਾਨੀ ਲੋਕ ਆਪਣੇ ਮਖੌਲਾਂ ਤੇ ਟਿੱਚਰਾਂ ਕਰਕੇ ਸੰਸਾਰ ਪ੍ਰਸਿੱਧ ਹੋ ਚੁੱਕੇ ਹਨ। ਸੰਨ 1965 ਦੀ ਲੜਾਈ ਵੇਲੇ ਇਕ ਝਾਂਗੀ ਬਾਬਾ ਆਪਣੇ ਸਾਥੀ ਨੂੰ ਪੁੱਛ ਰਿਹਾ ਸੀ ਕਿ ਯੂ.ਐੱਨ.ਓ ਵਿਚ ਜਾ ਕੇ ਇੰਨੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਕੀ ਕਰਨਗੇ ਤਾਂ ਦੂਜਾ ਬਾਬਾ ਕਹਿਣ ਲੱਗਾ ਕਿ ਲੈ ਹੋਰ ਕੀ ਕਰਨਗੇ; ਇਹ ਸਾਰੇ ਇਕੱਠੇ ਹੋ ਕੇ ਵਿਸ਼ਵ ਸ਼ਾਂਤੀ ਵਾਸਤੇ ਯੁੱਧ ਕਰਨਗੇ।

ਇਉਂ ਹੀ ਉਦੋਂ ਪਾਕਿਸਤਾਨ ਰੇਡੀਉ ਤੋਂ ਕਿੰਨੇ ਹੀ ਹਾਸਰਸੀ ਪ੍ਰਸੰਗ ਤਾਂ ਅੱਜ ਵੀ ਲੋਕਾਂ ਨੂੰ ਯਾਦ ਹੋਣਗੇ। ਇਸ ਪ੍ਰਸੰਗ ਵਿਚ ਉਥੇ ਇਕ ਵਾਰੀ ਵਾਰਤਾਲਾਪ ਚੱਲ ਰਿਹਾ ਸੀ ਕਿ ਭਾਰਤ ਐਟਮ ਬੰਬ ਬਣਾ ਕੇ ਹੁਣ ਅੱਗੇ ਕੀ ਕਰੂਗਾ। ਇਸ 'ਤੇ ਦੂਜਾ ਸਾਥੀ ਕਹਿਣ ਲੱਗਾ ਕਿ ਐਟਮ ਬੰਬ ਤੇ 'ਭਾਰਤ ਦੀ ਸ਼ਾਂਤੀ' ਕੱਦੂ ਰਿੰਨਿਆਂ ਕਰੂਗੀ। ਫਿਰ ਉਨ੍ਹਾਂ ਦਿਨਾਂ ਦੀ ਗੱਲ ਹੀ ਹੈ ਕਿ ਆਦਮਪੁਰ ਬੰਬਾਰੀ ਹੋ ਰਹੀ ਸੀ ਤਾਂ ਬੰਤਾ ਸਿੰਘ ਆਪਣੀ ਘਰ ਵਾਲੀ ਨੂੰ ਬਾਹਰ ਸੱਦਿਆ ਕਿ ਭਾਗਵਾਨੇ ਆ ਕੇ ਦੇਖ ਬੰਬ ਗੜ੍ਹਿਆਂ ਵਾਂਗੂੰ ਵਰ ਰਹੇ ਹਨ। ਅੱਗੋ ਮਾਈ ਕਹਿੰਦੀ ਮੈਂ ਭੱਜ ਕੇ ਆਪਣਾ ਛੈਂਚਰ ਲਾ ਲਵਾਂ, ਤਾਂ ਬਾਬਾ ਉਸ ਨੂੰ ਕਹਿਣ ਲੱਗਾ ਕਿ ਸੌਹਰੀਏ! ਜਹਾਜ਼ ਬੰਬ ਵਰ੍ਹਾ ਰਿਹਾ ਹੈ ਕੋਈ ਕੁਰਕੁਰੇ ਨਹੀਂ ਸੁੱਟ ਰਿਹਾ।

ਇਉਂ ਪਿੰਡਾਂ ਵਿਚ ਰਹਿਣ ਵਾਲਾ ਗਰੀਬ ਤਬਕਾ ਭਾਵੇਂ ਜ਼ਿਆਦਾਤਰ ਜੀਵਨ



*Original with;*
Kulbir Singh Sidhu(I.A.S)
*Digitized by;*
Panjab Digital Library

ਦੀਆਂ ਦੁਸ਼ਵਾਰੀਆਂ, ਮੁਸ਼ਕਿਲਾਂ ਤੇ ਸਖ਼ਤੀਆਂ ਨਾਲ ਦੋ-ਚਾਰ ਹੁੰਦਾ ਰਹਿੰਦਾ ਹੈ, ਪਰ ਇਸ ਦੇ ਬਾਵਜੂਦ ਵੀ ਇਹ ਲੋਕ ਆਪਣੇ ਹੀ ਮਨੋਰੰਜਨ ਦੇ ਸਾਧਨ ਘੜ ਲੈਂਦੇ ਹਨ। ਇਕ ਵਾਰੀ ਨਵ-ਵਿਆਹੁਤਾ ਜੋੜਾ ਖ਼ੁਸ਼ੀ ਵਿਚ ਨੱਚਣ ਲੱਗ ਪਿਆ ਤਾਂ ਘਰਵਾਲੀ ਕਹਿਣ ਲੱਗੀ ਕਿ ਤੂੰ ਮੈਨੂੰ ਮੋਰ ਵਾਂਗੂੰ ਪੈਲ ਪਾ ਕੇ ਵਿਖਾ। ਜਦੋਂ ਘਰ ਵਾਲਾ ਆਪਣੇ ਪਿਛੇ ਛੱਜ ਬੰਨ੍ਹ ਕੇ ਨੱਚਣ ਲੱਗਾ ਤਾਂ ਨਾਲ ਦੇ ਚੁੱਲ੍ਹੇ ਤੋਂ ਉਸ ਦੇ ਛੱਜ ਨੂੰ ਅੱਗ ਲੱਗ ਗਈ। ਇਸ ਉਤੇ ਉਸ ਦੀ ਘਰਵਾਲੀ ਮੋਰਨੀ ਵਾਂਗੂੰ ਕੂਕਾਂ ਮਾਰਨ ਲੱਗੀ 'ਘਿਆਕੋ! ਸਾਡਾ ਮੋਰ ਮੱਚ ਗਿਆ।

ਦਰਅਸਲ, ਜੱਗ ਬੀਤੀਆਂ ਤਾਂ ਬਹੁਤ ਹਨ, ਪਰ ਮੇਰੀਆਂ ਆਪ ਬੀਤੀਆਂ ਦੀ ਵੀ ਲੰਮੀ ਲੜੀ ਹੈ ਕਿਉਂਕਿ ਮੇਰਾ ਮੰਨਣਾ ਹੈ ਕਿ ਖ਼ੁਸ਼ੀ ਇਕ ਮਾਨਸਿਕ ਅਵਸਥਾ ਹੈ। ਤੁਹਾਡੇ ਆਲੇ-ਦੁਆਲੇ ਖ਼ੁਸ਼ੀ ਤੇ ਖ਼ੂਬਸੂਰਤੀ ਦਾ ਆਲਮ ਬਿਖਰਿਆ ਪਿਆ ਹੁੰਦਾ ਹੈ, ਪਰ ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਦਾ ਕਿੰਨਾ ਕੁ ਆਨੰਦ ਮਾਣਦੇ ਹੋ। ਇਸ ਸਬੰਧ ਵਿਚ ਜ਼ਿਕਰਯੋਗ ਹੈ ਕਿ ਮੇਰੇ ਪਿੰਡੋਂ ਮੇਰੇ ਪਾਪਾ ਜੀ ਦੇ ਮਸੇਰ ਭਰਾ ਸ੍ਰ. ਨਿਧਾਨ ਸਿੰਘ ਦਾ ਪੁੱਤਰ ਬਾਈ ਭਾਗ ਸਿੰਘ ਬਹੁਤ ਹੀ ਚੜ੍ਹਦੀ ਕਲਾ ਵਾਲਾ ਖ਼ੁਸ਼ ਤਬੀਅਤ ਤੇ ਮਜ਼ਾਕੀਆ ਬੰਦਾ ਸੀ। ਮੇਰਾ ਇਹ ਚਚੇਰਾ ਭਾਈ ਮੇਰਾ ਵਧੀਆ ਸਾਥੀ ਵੀ ਸੀ, ਉਸ ਦੀਆਂ ਤਾਂ ਆਮ ਗੱਲਾਂ ਵੀ ਮਖੌਲ ਮਾਤਰ ਹੀ ਹੁੰਦੀਆਂ ਸਨ।

ਇਕ ਵਾਰ ਦੀ ਗੱਲ ਹੈ ਕਿ ਮੈਂ ਜਦੋਂ ਸੰਨ 1969 ਵਿਚ ਪੰਜਾਬ ਯੂਨੀਵਰਸਿਟੀ ਵਿਚ ਐੱਮ.ਏ.ਇੰਗਲਿਸ਼ ਕਰ ਰਿਹਾ ਸੀ ਤਾਂ ਉਹ ਮੇਰੇ ਕੋਲ ਚੰਡੀਗੜ੍ਹ ਆਇਆ। ਮੈਂ ਉਸ ਨੂੰ ਆਪਣਾ ਟੌਹਰ-ਟਪੱਲਾ ਦਿਖਾਉਣ ਲਈ ਮਾਂਊਟਵਿਊ ਹੋਟਲ ਵਿਚ ਰੋਟੀ ਖਵਾਉਣ ਲਈ ਲੈ ਗਿਆ। ਉਥੇ ਸਾਡਾ ਰੋਟੀ ਦਾ ਬਿੱਲ 70 ਕੁ ਰੁਪਏ ਆਇਆ। ਉਨ੍ਹਾਂ ਸਮਿਆਂ ਵਿਚ ਇਕ ਕੁਇੰਟਲ ਕਣਕ ਦਾ ਮੁੱਲ ਵੀ 70 ਰੁਪਏ ਹੁੰਦਾ ਸੀ। ਇਸ ਵਾਸਤੇ ਬਾਈ ਭਾਗ ਸਿੰਘ ਬੋਲਿਆ ਕਿ 'ਬਾਈ ਆਹ ਤਾਂ ਅਲੋਕਾਰੀ ਹੋ ਗਈ। ਕੀ ਆਪਾਂ ਕੌਂਟਲ ਭਾਵ ਕੁਇੰਟਲ ਕਣਕ ਖਾ ਗਏ ਹੋਵਾਂਗੇ?'

ਇਉਂ ਹੀ ਨਿਰਛਲ ਹਾਸੇ ਤੇ ਤਮਾਸ਼ੇ ਤਾਂ ਪੇਂਡੂ ਸਮਾਜ ਵਿਚ ਆਮ ਹੀ ਹੁੰਦੇ ਰਹਿੰਦੇ ਹਨ। ਬਾਈ ਭਾਗ ਸਿੰਘ ਦੇ ਬਾਪੂ ਜੀ ਰੋਜ਼ ਹੀ ਸ਼ਾਮ ਨੂੰ ਅਧੀਆ-ਪਊਆ ਸ਼ਰਾਬ ਪੀਂਦੇ ਸਨ। ਇਕ ਦਿਨ ਭਾਈ ਭਾਗ ਨੇ ਆਪਣੇ ਜ਼ਖ਼ਮ 'ਤੇ ਲਾਉਣ ਵਾਸਤੇ ਥੋੜੀ ਜਿਹੀ ਸ਼ਰਾਬ ਮੰਗੀ ਤਾਂ ਉਸ ਨੂੰ ਜਵਾਬ ਮਿਲਿਆ ਕਿ ਸ਼ਰਾਬ ਤਾਂ ਮੁੱਕ ਗਈ ਹੈ। ਸਾਡਾ ਬਾਈ ਹਰਖ ਵਿਚ ਬੋਲਿਆ ਕਿ 'ਆਪ ਤਾਂ ਨਿੱਤ ਪੀਂਦਾ ਹੈ, ਬਸ ਮੇਰੇ ਫੱਟ 'ਤੇ ਲਾਉਣ ਵੇਲੇ ਦਾਰੂ ਮੁੱਕ ਗਈ ਹੈ।' ਦੋਨਾਂ ਵਿਚ ਤਕਰਾਰ ਵਧਣ ਤੇ ਬਾਪੂ ਜੀ ਨੇ ਬੰਦੂਕ ਚੁੱਕ ਲਈ। ਬਾਈ ਭਾਗ ਸਿੰਘ ਭੱਜ ਕੇ ਗਵਾਂਢੀਆਂ ਦੇ ਘਰੇ ਜਾ ਵੜਿਆ ਤਾਂ ਅੱਗੋਂ ਰੌਲਾ ਪੈ ਗਿਆ ਕਿ 'ਭਾਗ ਸਿੰਹਾਂ ਕੀ ਦੀਂਹਦਾ ਨਹੀਂ ਕਿ ਅੱਗੇ ਮਹਾਰਾਜ ਖੁੱਲ੍ਹਿਆ ਹੈ ਤੇ ਤੂੰ ਸਣੇ ਜੋੜੀ ਮੂੰਹ ਚੱਕੀ ਆਉਨੈ।' ਬਾਈ ਭਾਗ ਸਿਹੁੰ ਸਹਿਜ-ਮਤੇ ਹੀ ਕਹਿਣ ਲੱਗਾ ਕਿ 'ਮੈਂ ਕੀ ਕਰਾਂ ਸਾਡੇ ਘਰੇ ਬਾਪੂ ਜੀ ਖੁੱਲ੍ਹਿਆ ਫਿਰਦਾ ਹੈ।'



*Original with;*
Kulbir Singh Sidhu(I.A.S)
*Digitized by;*
Panjab Digital Library

ਇਕ ਵਾਰ ਸੰਨ 1977 ਵਿਚ ਮੈਂ ਤੇ ਬਾਈ ਭਾਗ ਸਿੰਘ ਫ਼ਰੀਦਕੋਟ ਤੋਂ ਮੋਟਰ ਸਾਈਕਲ 'ਤੇ ਹੇਮਕੁੰਟ ਸਾਹਿਬ ਗਏ। ਰਾਹ ਵਿਚ ਪਾਉਂਟਾ ਸਾਹਿਬ ਦੇ ਨੇੜੇ ਮੋਟਰ ਸਾਈਕਲ ਦਾ ਟਾਇਰ ਫ਼ਟ ਗਿਆ ਤੇ ਅਸੀਂ ਝਾੜੀਆਂ ਵਿਚ ਜਾ ਡਿੱਗੇ। ਬਾਈ ਭਾਗ ਨੇ ਇਕ ਦਮ ਮੈਨੂੰ ਮੋਟਰ ਸਾਈਕਲ ਥੱਲਿਉਂ ਕੱਢਣ ਵਾਸਤੇ ਸਾਈਲੈਂਸਰ ਨੂੰ ਹੱਥ ਪਾ ਲਿਆ। ਬਸ ਫ਼ਿਰ ਕੀ ਸੀ; ਉਹ ਚਿੰਘਿਆੜਾਂ ਮਾਰੀ ਜਾਵੇ ਕਿ ਬਾਈ ਮਾਰ-ਤਾ ਸਲੋਸ਼ਨ ਤਾਂ ਬਾਹਲਾ ਤਪਿਆ ਪਿਆ ਹੈ।

ਖ਼ੈਰ! ਅਸੀਂ ਔਖੇ-ਸੌਖੇ ਹੇਮਕੁੰਟ ਸਾਹਿਬ ਪਹੁੰਚ ਗਏ। ਉਦੋਂ ਤੱਕ ਬਾਈ ਭਾਗ ਨੇ ਪਹਿਲਾਂ ਕਦੇ ਪਹਾੜ, ਬਰਫ਼ ਤੇ ਬੱਦਲ ਨਹੀਂ ਦੇਖੇ ਸਨ। ਇਸ ਲਈ ਉਹ ਜਦੋਂ ਕਿਤੇ ਸੜਕ ਦੇ ਕਿਨਾਰੇ ਰੁੱਖਾਂ ਦੇ ਸਿਰਿਆਂ ਨੂੰ ਦੇਖਦਾ ਤਾਂ ਉਹ ਖ਼ੁਸ਼ੀ ਵਿਚ ਰੌਲੀ ਪਾ ਦਿੰਦਾ ਕਿ ਵਾਹ ਭਾਈਚਾਰਿਆ ਤੂੰ ਤਾਂ ਸੁਰਗਾਂ ਦੇ ਝੂਟੇ ਦਿਵਾ-ਤੇ। ਇਉਂ ਹੀ ਜਦੋਂ ਅਸੀਂ ਬੱਦਲਾਂ ਵਿਚੋਂ ਦੀ ਲੰਘਦੇ ਤਾਂ ਉਹ ਬੋਲ ਉਠਦਾ ਕਿ ਬਾਈ ਸ਼ਾਬਾਸ਼ੇ ਤੂੰ ਇੰਦਰ ਜਿਹੇ ਦੇਵਤਿਆਂ ਦੇ ਦਰਸ਼ਨ ਕਰਾ-ਤੇ। ਇਉਂ ਹੀ ਉਹ 'ਬਾਹਲੀ ਠਾਰੀ ਹੈ; ਜੇ ਇਹ ਹੱਡਾਂ ਵਿਚ ਵੜਗੀ ਤਾਂ ਸਾਰੀ ਉਮਰ ਨਿਕਲਣੀ ਨਹੀਂ' ਤੂੰ ਭਾਈਚਾਰਿਆ ਕਿਥੇ ਫ਼ਸਾ-ਤੇ ਜਿਹਾ ਅਰਲਾਸੇਟ ਬੌੜ ਵੀ ਮਾਰਦਾ ਗਿਆ।

ਵੈਸੇ ਉਹ ਸਿਖਰ ਤੱਕ ਸਾਰਾ ਰਾਹ ਵਾਹਿਗੁਰੂ-ਵਾਹਿਗੁਰੂ ਦਾ ਜਾਪ ਜ਼ਰੂਰ ਕਰਦਾ ਗਿਆ। ਜਦੋਂ ਉਸ ਨੇ ਹੇਮਕੁੰਟ ਸਰੋਵਰ ਵਿਚ ਟੁੱਭੀ ਮਾਰੀ ਤਾਂ ਰੌਲਾ ਪਾਉਂਦਾ ਬਾਹਰ ਨੂੰ ਭੱਜਿਆ ਆਵੇ ਕਿ ਬਾਈ ਸਿੰਆਂ ਆਹ ਤਾਂ ਕਪਾਟ ਹੀ ਖੁੱਲ੍ਹਗੇ। ਇਥੇ ਤਾਂ ਬਰਫ਼ ਵਿਚ ਲੱਗਣ ਵਾਲੀ ਗੱਲ ਹੋਈ ਖੜ੍ਹੀ ਹੈ; ਆਪਾਂ ਮੁੜਕੇ ਇਥੇ ਨੀ ਆਉਂਦੇ। ਇਸ ਤਰ੍ਹਾਂ ਹੀ ਜਦੋਂ ਅਸੀਂ ਵਾਪਸੀ 'ਤੇ ਬਾਘੇ ਪੁਰਾਣੇ ਰੈਸਟ ਹਾਊਸ ਵਿਚ ਠਹਿਰੇ ਤਾਂ ਉਸ ਨੇ ਇਤਰਾਜ਼ ਕੀਤਾ ਕਿ ਧਾਰਮਿਕ ਯਾਤਰਾ ਸਮੇਂ ਸਾਨੂੰ ਰੈਸਟ ਹੋਟਲ ਭਾਵ ਰੈਸਟ ਹਾਊਸ ਵਿਚ ਨਹੀਂ ਠਹਿਰਨਾ ਚਾਹੀਦਾ ਸੀ। ਚਲੋ, ਅਸੀਂ ਥੋੜ੍ਹੀ ਦੇਰ ਬਾਅਦ ਸੌਂ ਗਏ ਤਾਂ ਬਾਈ ਬੈੱਡ ਤੋਂ ਥੱਲੇ ਡਿੱਗ ਪਿਆ। ਜਦੋਂ ਮੈਂ ਪੁੱਛਿਆ ਕਿ ਬਾਈ ਕੀ ਹੋਇਆ ਹੈ ਤਾਂ ਉਹ ਹਰਖ਼ ਕੇ ਬੋਲਿਆ ਕਿ ਮੈਂ ਤਾਂ ਪਹਿਲਾਂ ਹੀ ਕਹਿੰਦਾ ਸੀ ਕਿ ਰੈਸਟ ਹੋਟਲ ਨੂੰ ਰਹਿਣ ਦੇਹ। ਲੈ ਹੁਣ ਮੈਂ ਕੀ ਕਰਾਂ; ਇਥੇ ਤਾਂ ਮੰਜਿਆਂ ਦੇ ਬਾਹੀਆਂ ਹੀ ਨਹੀਂ ਲੱਗੀਆਂ, ਇਸ ਵਾਸਤੇ ਮੈਂ ਥੱਲੇ ਡਿੱਗ ਪਿਆ ਹਾਂ।

ਇਥੇ ਮੈਨੂੰ ਸਾਡੀ ਇਕ ਹੋਰ ਯਾਤਰਾ ਦੀ ਗੱਲ ਚੇਤੇ ਆਈ ਹੈ ਕਿ ਮੈਂ ਸਿਵਲ ਸਰਵਿਸ ਦਾ ਇਮਤਿਹਾਨ ਪਾਸ ਕਰਨ ਵੇਲੇ ਸਿਰਸੇ ਨੈਸ਼ਨਲ ਕਾਲਜ ਵਿਚ ਪ੍ਰੋਫ਼ੈਸਰ ਹੁੰਦਾ ਸੀ। ਉਦੋਂ ਮੇਰੇ ਮਨ ਵਿਚ ਆਈ ਕਿ ਮੈਂ ਸ਼ਰਧਾ ਵਜੋਂ ਬਰਾੜੇ ਵਾਲੇ ਬਾਬਾ ਜੀ ਦੇ ਧਾਮ ਤਕ ਪੈਦਲ ਚਲ ਕੇ ਜਾਵਾਂ। ਇਸ ਵਾਸਤੇ ਮੈਂ ਬਾਈ ਭਾਗ ਨੂੰ ਨਾਲ ਲੈ ਕੇ ਮੰਡੀ ਡੱਬਵਾਲੀ ਕੋਲ ਆਪਣੇ ਪਿੰਡ ਤੋਂ ਬਾਈ ਭਾਗ ਨੂੰ ਨਾਲ ਲੈ ਕੇ ਚਲ ਪਿਆ। ਖ਼ੈਰ, ਅਸੀਂ ਚਲਦੇ-ਚਲਦੇ ਜਦੋਂ ਇਕ ਰਾਤ ਨੂੰ ਪਟਿਆਲੇ ਪਹੁੰਚੇ ਤਾਂ ਦਸਵੇਂ ਪਾਤਿਸ਼ਾਹ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਸੀ।

ਜ਼ਾਹਿਰ ਹੈ ਕਿ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਚ ਰੋਸ਼ਨੀਆਂ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਬਹੁਤ ਹੀ ਜ਼ਿਆਦਾ ਜਗਮਗਾਹਟ ਸੀ। ਬਾਈ ਭਾਗ ਸਿੰਘ ਨੇ ਪਹਿਲਾਂ ਕਦੇ ਇਹੋ-ਜਿਹਾ ਜਲੌਅ ਨਹੀਂ ਸੀ ਦੇਖਿਆ। ਇਸ ਵਾਸਤੇ ਉਸ ਨੇ ਸਮਝਿਆ ਕਿ ਅਸੀਂ ਕਿਸੇ ਸੇਠ ਦੇ ਵਿਆਹ 'ਤੇ ਆ ਗਏ ਹਾਂ। ਖ਼ੈਰ! ਜਦੋਂ ਅਸੀਂ ਮੱਥਾ ਟੇਕਣ ਲੱਗੇ ਤਾਂ ਬਾਈ ਬਾਹਰ ਨੂੰ ਭੱਜ ਉਠਿਆ। ਮੈਂ ਮੱਥਾ ਟੇਕਣ ਉਪਰੰਤ ਉਸ ਨੂੰ ਬਾਹਰ ਆ ਕੇ ਪੁਛਿਆ ਕਿ ਬਾਈ ਤੂੰ ਮੱਥਾ ਕਿਉਂ ਨਹੀਂ ਟੇਕਿਆ ਤਾਂ ਉਹ ਮੇਰੇ ਗਲ ਪੈ ਗਿਆ ਕਿ ਮੈਂ ਉਸ ਨੂੰ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਆਪਾਂ 'ਮਹਾਰਾਜ' ਕੋਲ ਚੱਲੇ ਹਾਂ ਤਾਂ ਕਿ ਮੈਂ ਜ਼ਰਦੇ ਵਾਲੀ ਪੁੜੀ ਤਾਂ ਘੱਟੋ-ਘੱਟ ਬਾਹਰ ਸੁੱਟ ਆਉਂਦਾ। ਸੋ, ਨਾਂ ਤਾਂ ਇਹ ਬਨਾਵਟੀ ਕਹਾਣੀਆਂ ਹਨ ਤੇ ਨਾਂ ਹੀ ਬਨਾਉਟੀ ਹਾਸਾ ਹੈ। ਇਹ ਤਾਂ ਸਿੱਧੇ-ਪਧਰੇ ਮਿੱਟੀ ਨਾਲ ਮਿੱਟੀ ਹੁੰਦੇ ਜੱਟ-ਬਾਵਿਆਂ ਦੀ ਬਾਤਾਂ ਹਨ।

ਇਥੇ ਇਹ ਗੱਲ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਹੈ ਕਿ ਹਾਸੇ-ਖ਼ੁਸ਼ੀਆਂ ਦਾ ਆਲਮ ਤਾਂ ਤੁਹਾਡੇ ਹਰ ਪਾਸੇ ਪਸਰਿਆ ਹੋਇਆ ਹੈ; ਬਸ ਤੁਹਾਡੇ ਕੋਲ ਵੇਖਣ ਵਾਲੀ ਅੱਖ ਤੇ ਮਹਿਸੂਸ ਕਰਨ ਵਾਲੀ ਖ਼ੁਸ਼-ਤਬਾ ਤਬੀਅਤ ਚਾਹੀਦੀ ਹੈ। ਵੈਸੇ ਹੁਣ ਜੇ ਪ੍ਰਸ਼ਾਸਕੀ ਖੇਤਰ ਦੀ ਗੱਲ ਕਰੀਏ ਤਾਂ ਉਥੇ ਬੜੇ ਸੰਗੀਨ ਤੇ ਸੰਜੀਦਾ ਮੋੜ-ਘੋੜ ਤਾਂ ਹੁੰਦੇ ਹਨ, ਪਰ ਫਿਰ ਵੀ ਮਾਨਸਿਕ ਤਣਾਵਾਂ ਨੂੰ ਤੋੜਦੀਆਂ ਅਜਿਹੀਆਂ ਵੀ ਸਥਿਤੀਆਂ ਬਣ ਜਾਂਦੀਆਂ ਹਨ ਕਿ ਸਾਰਾ ਅਕੇਵਾਂ-ਥਕੇਵਾਂ ਲਹਿ ਜਾਂਦਾ ਹੈ। ਇਸ ਵਾਸਤੇ ਸਿਆਣਿਆਂ ਦਾ ਕਹਿਣਾ ਹੈ ਕਿ ਔਖੇ ਸਮੇਂ ਵਿਚ ਵੀ ਬੰਦੇ ਨੂੰ ਖ਼ੁਸ਼-ਦਿਲੀ ਤੇ ਖੁੱਲ-ਦਿਲੀ ਦੇ ਵਰਤਾਰਿਆਂ ਦਾ ਲੜ ਨਹੀਂ ਛੱਡਣਾ ਚਾਹੀਦਾ।

ਬੇਸ਼ੱਕ ਬਹੁਤ ਸਾਰੇ ਅਫਸਰ ਆਪਣੀ ਜਨਾਬੀ ਦੇ ਨਸ਼ੇ ਵਿਚ ਅਕਸਰ ਹੀ ਭੁੱਲ ਜਾਂਦੇ ਹਨ ਕਿ ਉਹ ਵੀ ਪੰਜਾਬੀ ਸਮਾਜ ਤੇ ਪੰਜਾਬੀ ਸਭਿਆਚਾਰ ਦਾ ਹਿੱਸਾ ਹਨ। ਅਫ਼ਸੋਸ ਹੈ ਕਿ ਖ਼ੁਸ਼ੀਆਂ ਤੇ ਹਾਸੇ-ਖੇੜੇ ਦੇ ਪੱਖੋਂ ਹਾਲੇ ਵੀ ਜਨਾਬੀ ਤੌਰ-ਤਰੀਕਿਆਂ ਦੇ ਮਾਰੇ ਅਜਿਹੇ ਮੀਸਣੇ, ਝਪੀਟਵਟ ਤੇ ਦੰਦ-ਜੁੜੇ ਅਫਸਰਾਂ ਦੀ ਕਮੀ ਨਹੀਂ ਹੈ, ਜੋ ਹਰ ਵੇਲੇ ਬਿਨਾਂ ਮਤਲਬ ਦੰਦ-ਕਰੀਚਦੇ ਰਹਿੰਦੇ ਹਨ। ਪਰ ਇਸ ਦੇ ਬਾਵਜੂਦ ਵੀ ਕਿਤੇ ਨਾ ਕਿਤੇ 'ਹਾਸੇ ਦੇ ਦੁਸ਼ਮਣ ਤੇ ਮਖੌਲਬਾਜ਼ੀ ਵਿਰੋਧੀ' ਇਸ ਤਬਕੇ ਦੀ ਭੱਦਰਕਾਰੀ ਤੇ ਹਾਸੋਹੀਣੀ ਕਾਰਵਾਈ ਦੇ ਕਾਰਨ ਇਨ੍ਹਾਂ ਬਾਰੇ ਕਿੰਨੇ ਹੀ ਮਖੌਲੀਏ-ਤਵੇ ਤੇ ਟੋਟਕੇ ਅਜਿਹੇ ਬਣ ਜਾਂਦੇ ਹਨ ਕਿ ਬੇਮੁਹਾਰੇ ਹੀ ਹਾਸੇ ਦੇ ਫੁਵਾਰੇ ਫੁਟ ਪੈਂਦੇ ਹਨ।

ਖ਼ੈਰ! ਰੱਬ ਦੀ ਮਿਹਰ ਹੈ ਕਿ ਇਸ ਦੇ ਉਲਟ ਕਿਤੇ ਨਾ ਕਿਤੇ ਅਜਿਹੇ ਅਫਸਰ ਵੀ ਮਿਲ ਜਾਂਦੇ ਹਨ ਕਿ ਜਿਹੜੇ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲਦੇ ਤੇ ਉਹ ਆਪਣੇ ਲੋਕਾਂ ਨਾਲ ਜੁੜੇ ਰਹਿੰਦੇ ਹਨ। ਇਸ ਲਈ ਉਨ੍ਹਾਂ ਦਾ ਖੇਡਣ-ਮੱਲਣ ਦਾ ਸੁਭਾਅ ਵੀ ਬਣਿਆ ਰਹਿੰਦਾ ਹੈ ਤੇ ਉਨ੍ਹਾਂ ਦੀ ਅੰਤਰੀਵ ਖ਼ੁਸ਼ੀ ਸਰਕਾਰੀ ਸਾੜਿਆਂ ਤੇ ਹੌਕੇ-ਹਾਵਿਆਂ ਦੇ ਬਾਵਜੂਦ ਵੀ ਬਰਕਰਾਰ ਰਹਿੰਦੀ ਹੈ, ਜਿਸ ਕਰਕੇ ਅੰਤ ਨੂੰ ਉਹ 'ਆਪਣੀ ਧਰਤੀ ਤੇ ਆਪਣੇ ਲੋਕਾਂ' ਦੇ ਜ਼ਿਆਦਾ ਸਹਾਈ ਸਾਬਿਤ ਹੁੰਦੇ ਹਨ।

ਇਸ ਪ੍ਰਥਾਇ ਹਾਸੇ-ਖੇੜਿਆਂ ਦੇ ਪਿੜ ਵਿਚ ਅਫ਼ਸਰਸ਼ਾਹੀ ਦੀ ਇਕ ਗੱਲ ਬੜੀ



Original with;
Kulbir Singh Sidhu(I.A.S)
Digitized by;
Panjab Digital Library

ਮਸ਼ਹੂਰ ਹੈ ਕਿਸੇ ਡੀ.ਸੀ ਨੇ ਆਪਣੇ ਅਧੀਨ ਕਿਸੇ ਜਨਾਬ ਦੀ ਲਾਹ-ਪਾਹ ਕਰਦੇ ਹੋਏ ਪੱਗ ਲਾਹ ਦਿੱਤੀ। ਬੱਸ ਛੋਟੇ ਜਨਾਬ ਆਪਣੀ ਪੱਗ ਸਾਂਭ ਕੇ ਬਾਹਰ ਨੂੰ ਭੱਜੇ। ਬਾਹਰ ਚਪੜਾਸੀ ਨੇ ਪੁੱਛਿਆ ਕਿ ਸਾਹਿਬ ਬਹਾਦਰ ਅੰਦਰ ਕੀ ਭਾਣਾ ਵਰਤ ਗਿਆ ਤਾਂ ਛੋਟੇ ਸਾਹਿਬ ਕਹਿਣ ਲੱਗੇ ਕਿ ਬੱਸ ਭਰਾਵਾ ਕੀ ਦੱਸਾਂ, ਡੀ.ਸੀ ਸਾਹਿਬ ਮੈਨੂੰ ਪੱਗ-ਵੱਟ ਭਰਾ ਬਣਨ ਲਈ ਮਜਬੂਰ ਕਰ ਰਹੇ ਸਨ। ਇਸ ਵਾਸਤੇ ਉਹ ਪੱਗ ਦੀ ਅਦਲਾ-ਬਦਲੀ ਕਰਨੀ ਚਾਹੁੰਦੇ ਸਨ। ਹੁਣ ਤੂੰ ਹੀ ਦੱਸ ਕਿ ਮੈਂ ਛੋਟਾ ਮੁਲਾਜ਼ਮ ਡੀ.ਸੀ ਸਾਹਿਬ ਦਾ ਪੱਗ ਵੱਟ ਭਰਾ ਕਿਵੇਂ ਬਣ ਸਕਦਾ ਹਾਂ।

ਸੰਨ 2001 ਦੀ ਗੱਲ ਹੈ ਕਿ ਮੈਂ ਬਤੌਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਹਸਬ-ਮਾਮੂਲ ਆਪਣੇ ਐੱਸ.ਡੀ.ਐੱਮ ਸਾਹਿਬਾਨ ਨੂੰ ਹਦਾਇਤ ਕੀਤੀ ਕਿ ਉਹ ਪਿੰਡਾਂ ਦੇ ਨਾਮ ਸਮੇਤ ਜੀ ਆਇਆਂ ਦੇ ਬੋਰਡ ਸਾਰੇ ਪਿੰਡਾਂ ਵਿਚ ਲਗਵਾ ਦੇਣ। ਹੁਕਮ ਦੀ ਤਾਮੀਲ ਵਜੋਂ ਇਹ ਕੰਮ ਤਾਂ ਹੋ ਗਿਆ, ਪਰ ਪਠਾਣਕੋਟ ਸਬ-ਡਿਵੀਜ਼ਨ ਵਿਚ ਹਰ ਬੋਰਡ ਉਤੇ 'ਜੀ ਆਇਆਂ ਨੂੰ' ਦੀ ਥਾਂ 'ਜੀ ਆਈਆਂ ਨੂੰ' ਲਿਖਿਆ ਮਿਲਿਆ। ਇਹ ਪਹਾੜੀ ਇਲਾਕਾ ਹੋਣ ਵਜੋਂ ਬੋਲੀ ਦੇ ਫ਼ਰਕ ਕਾਰਨ ਜਾਂ ਉੱਧਰ ਦੇ ਲੋਕਾਂ ਦਾ ਠੇਠ ਪੰਜਾਬੀ ਹੱਥੋਂ ਹੱਥ ਤੰਗ ਹੋਣ ਸਦਕਾ ਹੋਇਆ, ਪਰ ਮੈਂ ਐੱਸ.ਡੀ.ਐੱਮ ਸਾਹਿਬ ਨੂੰ ਪੁੱਛਿਆ ਕਿ ਵੀਰ ਜੇ ਇਥੇ ਔਰਤਾਂ ਨੂੰ ਹੀ ਜੀ ਆਈਆਂ ਕਹਿ ਕੇ ਸਵਾਗਤ ਕੀਤਾ ਜਾਂਦਾ ਹੈ ਤਾਂ ਅੱਗੇ ਤੋਂ ਆਪਾਂ ਵੀ ਸਲਵਾਰਾਂ ਹੀ ਪਾ ਕੇ ਆਇਆ ਕਰੀਏ।

ਗੌਰਤਲਬ ਹੈ ਕਿ ਹੁਣ ਸਰਕਾਰੀ ਦਫਤਰਾਂ ਵਿਚ ਚਿੱਠੀ ਪੱਤਰ ਦਾ ਜ਼ੋਰ ਇੰਨਾ ਵਧ ਗਿਆ ਹੈ ਕਿ ਵੱਡੇ ਤੋਂ ਵੱਡੇ ਉੱਚ ਅਧਿਕਾਰੀ ਤੋਂ ਲੈ ਕੇ ਛੋਟੇ ਕਰਮਚਾਰੀ ਤੱਕ ਚਿੱਠੀ ਪੱਤਰ ਦਾ ਹੀ ਬੋਲਬਾਲਾ ਹੈ। ਜਦੋਂ ਧਰਾਤਲੀ ਪੱਧਰ 'ਤੇ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਫਸਰਸ਼ਾਹੀ ਦਾ ਘੜਿਆ-ਘੜਾਇਆ ਜਵਾਬ ਹੁੰਦਾ ਹੈ ਕਿ ਜਨਾਬ ਅਸੀਂ ਤਾਂ ਚਿੱਠੀ ਪਾ ਦਿੱਤੀ ਸੀ, ਜਦੋਂ ਜਵਾਬ ਆਵੇਗਾ ਬੱਸ ਨਾਲ ਦੀ ਨਾਲ ਹੀ ਕੰਮ ਕਰ ਦਿਆਂਗੇ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਫਰੀਦਕੋਟ ਸੰਨ 1974 ਵਿਚ ਬਤੌਰ ਐਗਜ਼ੈਕਟਿਵ ਮੈਜਿਸਟਰੇਟ ਜੁਆਇਨ ਕੀਤਾ ਸੀ ਤਾਂ ਬਰਸਾਤਾਂ ਦੇ ਕਾਰਨ ਮੇਰਾ ਦਫਤਰ ਦੀ ਛੱਤ ਚੋਣ ਲੱਗ ਪਈ। ਮੈਂ ਆਪਣੇ ਰੀਡਰ ਨੂੰ ਛੱਤ ਉਤੇ ਮਿੱਟੀ ਪੁਆਉਣ ਲਈ ਕਿਹਾ, ਪਰ 15-20 ਦਿਨਾਂ ਵਿਚ ਦੋ-ਤਿੰਨ ਵਾਰ ਮੀਂਹ ਪੈਣ ਦੇ ਬਾਵਜੂਦ ਵੀ ਉਸ ਦਾ ਜਵਾਬ ਇਹ ਹੀ ਸੀ ਕਿ ਜਨਾਬ ਮੈਂ ਤਾਂ ਬੀ ਐਂਡ ਆਰ ਵਾਲਿਆਂ ਨੂੰ ਦੋ ਚਿੱਠੀਆਂ ਪਾ ਦਿੱਤੀਆਂ ਹਨ। ਖ਼ੈਰ ਜਦੋਂ ਮੈਂ ਰੀਡਰ ਨੂੰ ਹੀ ਪੌੜੀ ਉਤੇ ਚੜ੍ਹਾ ਦਿੱਤਾ ਤਾਂ ਬੀ ਐਂਡ ਆਰ ਵਾਲੇ ਵੀ ਆ ਗਏ ਤੇ ਛੱਤ 'ਤੇ ਮਿੱਟੀ ਵੀ ਪੈ ਗਈ।

ਪਰ ਅਫਸੋਸ ਹੈ ਕਿ ਹੁਣ ਵੀ ਸਰਕਾਰੀ ਦਫਤਰਾਂ ਵਿਚ ਜਿੱਥੇ ਚਿੱਠੀ ਪਾਉਣੀ ਹੁੰਦੀ ਹੈ, ਉਥੇ ਇਹ ਲੋਕ ਚਿੱਠੀ-ਪੱਤਰ 'ਤੇ ਮਿੱਟੀ ਪਾ ਦਿੰਦੇ ਹਨ ਅਤੇ ਜਿੱਥੇ ਹੜ੍ਹਾਂ ਦੇ ਬਚਾਅ ਵਾਸਤੇ ਮਿੱਟੀ ਪਾਉਣੀ ਹੁੰਦੀ ਹੈ, ਉਥੇ ਸਰਕਾਰਾਂ ਤੇ ਪ੍ਰਸ਼ਾਸਨ ਮਿੱਟੀ



*Original with;*
Kulbir Singh Sidhu(I.A.S)
*Digitized by;*
Panjab Digital Library

ਪਾਉਣ ਦੀ ਬਜਾਏ ਚਿੱਠੀ-ਪੱਤਰ ਪਾਉਂਦੇ ਰਹਿੰਦੇ ਹਨ।

ਇਉਂ ਹੀ ਮੈਨੂੰ ਆਪਣੀ ਅਫਸਰੀ ਜਮਾਤ ਦੀ ਇਕ ਹਾਸੋਹੀਣੀ ਭੱਦਰਕਾਰੀ ਯਾਦ ਆਈ ਹੈ ਕਿ ਮਾਰਕਫੈੱਡ ਵਿਚ ਨੌਕਰੀ ਦੇ ਸਮੇਂ ਮੈਂ ਕਿਸੇ ਮੁਲਾਜ਼ਮ ਦੀ ਮਾਤਾ ਦੇ ਭੋਗ ਉਤੇ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਗਿਆ ਸੀ। ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਸਵਰਗਵਾਸੀ ਦੀ ਫੋਟੋ ਰੱਖਣ ਦਾ ਰਿਵਾਜ ਨਹੀਂ ਸੀ ਪਿਆ। ਜਦੋਂ ਸ਼ਰਧਾਂਜਲੀ ਸਮਾਰੋਹ ਤਕਰੀਬਨ ਖਤਮ ਹੋਣ ਵਾਲਾ ਹੀ ਸੀ ਤਾਂ ਉਧਰੋਂ ਮਹਿਕਮੇ ਦਾ ਇਕ 'ਚੰਗਾ ਬੁਲਾਰਾ' ਵੀ ਆਪਣੇ ਅਫਸਰਾਂ ਦੀਆਂ ਬਾਹਰ ਖੜ੍ਹੀਆਂ ਗੱਡੀਆਂ ਵੇਖ ਕੇ ਅੰਦਰ ਆਣ ਵੜਿਆ। ਉਹ ਹਾਲੇ ਮੱਥਾ ਟੇਕ ਕੇ ਬੈਠਾ ਹੀ ਨਹੀਂ ਸੀ ਕਿ ਸਟੇਜ ਸੈਕਟਰੀ ਨੇ ਉਸ ਨੂੰ ਵੀ ਸ਼ਰਧਾਂਜਲੀ ਦੇਣ ਲਈ ਕਹਿ ਦਿੱਤਾ।

ਬੱਸ 'ਬੁਲਾਰਾ ਸਾਹਿਬ' ਨੇ ਆਪਣਾ ਭਾਸ਼ਣ ਸ਼ੁਰੂ ਕਰ ਦਿੱਤਾ ਕਿ ਬਜ਼ੁਰਗਾਂ ਨੂੰ ਤਾਂ ਮੈਂ ਵੇਖਿਆ ਨਹੀਂ ਸੀ, ਪਰ ਉਨ੍ਹਾਂ ਦੇ ਸਪੁੱਤਰ ਤੋਂ ਭਲੀ-ਭਾਂਤੀ ਜ਼ਾਹਿਰ ਹੋ ਜਾਂਦਾ ਹੈ ਕਿ ਬਜ਼ੁਰਗ ਕਿੰਨੇ ਨੇਕ ਇਨਸਾਨ ਸਨ। ਉਹ ਇਕ-ਦੋ ਹੋਰ ਇੱਧਰ-ਉੱਧਰ ਦੀਆਂ ਗੱਲਾਂ ਕਰਕੇ ਜਦੋਂ ਇਸ ਗੱਲ ਉਤੇ ਆਇਆ ਕਿ ਪ੍ਰਮਾਤਮਾ ਸਾਡੇ ਸਾਥੀ ਦੇ ਪਿਤਾ ਜੀ ਦਾ ਸੁਰਗਾਂ ਵਿਚ ਵਾਸਾ ਕਰੇ। ਤਾਂ ਬੱਸ ਫੇਰ ਕੀ ਸੀ, ਉਥੇ ਬੈਠੇ ਪਿਤਾ ਜੀ ਤਾਂ ਭੜਕ ਉਠੇ ਕਿ ਸੌਹਰਿਆ! ਚਲਾਣਾ ਤਾਂ ਤੇਰੇ ਸਾਥੀ ਦੀ ਮਾਂ ਨੇ ਕੀਤਾ ਹੈ, ਮੈਂ ਤਾਂ ਠੀਕ-ਠਾਕ ਬੈਠਾ ਹਾਂ; ਤੂੰ ਮੈਨੂੰ ਚੰਗੇ-ਭਲੇ ਨੂੰ ਕਾਹਨੂੰ ਅੱਗੇ ਤੋਰੀ ਜਾਨੈਂ।

ਇਉਂ ਕਦੇ-ਕਦੇ ਸਮਾਜ ਦੇ ਬਹੁਤ ਮੋਹਤਬਰ ਬੰਦੇ ਵੀ ਅਣਜਾਣੇ ਤੌਰ 'ਤੇ ਹੀ ਇਹੋ-ਜਿਹੀ ਹਾਸੋਹੀਣੀ ਸਥਿਤੀ ਪੈਦਾ ਕਰ ਦਿੰਦੇ ਹਨ ਕਿ ਕੰਨ ਵੀ ਹੱਸਣ ਲੱਗ ਪੈਂਦੇ ਹਨ। ਇੰਝ ਹੀ ਇਕ ਵਾਰ ਦੀ ਗੱਲ ਹੈ ਕਿ ਪ੍ਰੋਫੈਸਰ ਗੁਰਦਿਆਲ ਸਿੰਘ ਦੇ ਸਨਮਾਨ ਸਮਾਰੋਹ ਵਿਚ ਇਕ ਮੰਤਰੀ ਜੀ ਉਨ੍ਹਾਂ ਨੂੰ 'ਗਿਆਨਪੀਠ' ਦੀ ਥਾਂ 'ਗਿਆਨਪੀੜਤ' ਹੀ ਕਹਿੰਦੇ ਰਹੇ। ਉਥੇ ਆਪਣੇ ਆਪ ਨੂੰ ਬਹੁਤ ਪੜ੍ਹੇ-ਲਿਖੇ ਕਹਾਉਂਦੇ ਹੋਰ ਵੀ ਬਹੁਤ ਸੱਜਣ ਉਥੇ ਬੈਠੇ ਸਨ, ਪਰ ਸਿਤਮ ਇਹ ਹੈ ਕਿ ਉਨ੍ਹਾਂ ਵਿਚੋਂ ਕੋਈ ਵੀ ਸੰਗਦਾ ਤੇ ਜਾਂ ਫਿਰ ਡਰਦਾ ਮਾਰਿਆ ਹੀ ਨਹੀਂ ਬੋਲਿਆ।

ਇਸ ਤਰ੍ਹਾਂ ਜਦੋਂ ਸਭਿਆਚਾਰਕ ਪੱਖੋਂ ਤੇ ਖ਼ਾਸ ਕਰਕੇ ਖ਼ੁਸ਼ੀਆਂ-ਖੇੜਿਆਂ ਦੇ ਸਬੰਧ ਵਿਚ ਬਦਰੰਗ ਹੋ ਰਹੇ ਪੰਜਾਬੀ ਸਭਿਆਚਾਰ ਦੀ ਗਲ ਚਲਦੀ ਹੈ ਤਾਂ ਅਸੀਂ ਬੇਸ਼ੱਕ ਸਾਰੇ ਹੀ ਚਿੰਤਾਤੁਰ ਤਾਂ ਜਾਪਦੇ ਹਾਂ, ਪਰ ਇਸ ਸਬੰਧ ਵਿਚ ਕੋਈ ਕੁਝ ਵੀ ਨਹੀਂ ਕਰ ਰਿਹਾ। ਇਸ ਦੇ ਉਲਟ ਸਗੋਂ ਸਾਡੇ ਸਮਾਜ ਦਾ ਰੱਜਿਆ-ਪੁੱਜਿਆ ਤੇ ਖਾਂਦਾ-ਪੀਂਦਾ ਵਰਗ ਤਾਂ ਇਸ ਪਾਸਿਉਂ ਬਿਲਕੁਲ ਹੀ ਬੇਖ਼ਬਰ ਹੁੰਦਾ ਜਾ ਰਿਹਾ ਹੈ। ਬੇਸ਼ੱਕ ਉਪਰੋਂ-ਉਪਰੋਂ ਤਾਂ ਅਸੀਂ ਖ਼ੁਸ਼-ਪ੍ਰਸੰਗ ਹੋਣ ਦਾ ਨਾਟਕੀ ਜਿਹੇ ਢਕਵੰਜ ਰਚਦੇ ਰਹਿੰਦੇ ਹਾਂ, ਪਰ ਇਹ 'ਅੰਦਰੋਂ ਪੈਣ ਕੜਵੱਲਾਂ ਤੇ ਉਪਰੋਂ ਬੰਸਰੀ ਵਾਲੇ ਨਾਲ ਗੱਲਾਂ' ਵਾਲੀ ਗੱਲ ਹੀ ਬਣੀ ਪਈ ਹੈ।

ਦਰਅਸਲ, ਸਾਡਾ ਇਹ ਸਮਾਜਿਕ ਤੰਤਰ-ਮੰਤਰ ਕੁਝ ਇਉਂ ਜਿਹੇ ਬਣਿਆ ਪਿਆ ਹੈ ਕਿ ਅਸੀਂ ਸਾਰੇ ਜਿਊਣ ਦੀ ਇੱਛਾ ਤਾਂ ਕਰਦੇ ਹਾਂ, ਪਰ ਸਾਨੂੰ ਜਿਊਣ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਜਾਚ ਨਹੀਂ ਹੈ; ਜਿਸ ਕਾਰਨ ਸਾਨੂੰ ਸਭ ਨੂੰ ਜਿਊਣ ਦਾ ਫਿਕਰ ਘੁਣ ਵਾਂਗੂੰ ਖਾ ਰਿਹਾ ਹੈ। ਫਿਰ ਅਸੀਂ ਸਾਰੇ ਖ਼ੁਸ਼ੀ ਤਾਂ ਚਾਹੁੰਦੇ ਹਾਂ, ਪਰ ਖ਼ੁਸ਼ ਹੋਣਾ ਨਹੀਂ ਜਾਣਦੇ। ਇਉਂ ਅਸੀਂ ਖ਼ੁਸ਼ੀ ਦਾ ਮਾਹੌਲ ਕਦੇ ਘਟ ਹੀ ਸਿਰਜਦੇ ਹਾਂ, ਪਰ ਫਿਰ ਵੀ 'ਸੁਖ-ਅਨੰਦ' ਅਵਸਥਾ ਦੁਨੀਆਂ ਦੇ ਬਜ਼ਾਰਾਂ ਵਿਚ ਭਾਲਦੇ ਫਿਰਦੇ ਹਾਂ। ਫਿਰ ਇਹ ਵੀ ਰੱਬ ਲਗਦੀ ਗੱਲ ਹੈ ਕਿ ਖ਼ੁਸ਼ੀ ਦੇ ਸੋਮੇ ਮਨ ਅੰਦਰ ਹੀ ਹੁੰਦੇ ਹਨ ਅਤੇ ਅੰਤਰੀਵ ਤੇ ਸਥਾਈ ਖ਼ੁਸ਼ੀ ਕਿਤਾਬੀ ਟੋਟਕਿਆਂ ਤੇ ਚੁਟਕਲਿਆਂ ਵਿਚੋਂ ਨਹੀਂ ਮਿਲਦੀ।

ਇਸ ਵਾਸਤੇ ਇਉਂ ਹੀ ਇਹ ਵੀ ਜ਼ਾਹਿਰਾ-ਸੱਚ ਹੈ ਕਿ ਅੱਜ ਕੱਲ੍ਹ ਖ਼ੁਸ਼ੀ ਜੇ ਕਿਤੇ ਲੱਭਦੀ ਹੈ ਤਾਂ ਮਿਹਨਤ-ਮੁਸ਼ੱਕਤ ਕਰਦੇ ਲੋਕਾਂ ਦੀ ਕੁੱਲੀ ਵਿਚੋਂ ਲੱਭਦੀ ਹੈ, ਜਿੱਥੇ ਗਰੀਬ ਨੂੰ ਕੁਝ ਬਹੁਤਾ ਗੁਆਉਣ ਦਾ ਡਰ ਨਹੀਂ ਹੁੰਦਾ। ਸਗੋਂ ਉਸ ਕੋਲ ਸਬਰ-ਸੰਤੋਖ ਹੁੰਦਾ ਹੈ, ਜਿਸ ਨੂੰ ਕਿ ਕੋਈ ਚੋਰ ਸੰਨ੍ਹ ਨਹੀਂ ਲਾ ਸਕਦਾ। ਫਿਰ ਗਰੀਬ ਕੋਲ ਪੀਪੇ ਦੇ ਆਟੇ ਤੋਂ ਇਲਾਵਾ ਜੋ ਕੁਝ ਥੋੜ੍ਹਾ-ਬਹੁਤਾ ਹੁੰਦਾ ਹੈ ਤਾਂ ਉਹ ਅਕਾਲ ਪੁਰਖਿ ਦਾ ਸ਼ੁਕਰਾਨਾ ਕਰਦਾ ਹੋਇਆ, ਬਸ ਸ਼ਾਮ ਨੂੰ ਉਹ ਹੀ ਪਕਾ-ਖਾ ਕੇ ਉਦਰ ਪੂਰਤੀ ਕਰ ਲੈਂਦਾ ਹੈ। ਇਸ ਉਪਰੰਤ ਉਹ ਆਪਣੇ ਦੁੱਖਾਂ-ਤਕਲੀਫ਼ਾਂ ਨੂੰ ਭੁਲਾ ਕੇ ਮਨੋਰੰਜਨ ਵਾਸਤੇ ਆਪਣਾ ਖਾਲੀ ਪੀਪਾ ਖੜਕਾਉਂਦਾ-ਵਜਾਉਂਦਾ ਹੋਇਆ ਢੋਲੇ ਦੀਆਂ ਲਾਉਂਦਾ ਫਿਰਦਾ ਹੈ।

ਇਹ ਨਜ਼ਾਰਾ ਸਾਡੇ ਵਿਕਾਸ ਦੀਆਂ ਪ੍ਰਤੀਕ ਸੜਕਾਂ ਤੇ ਇਮਾਰਤਾਂ ਬਣਾਉਣ ਵਾਲੇ ਮਜ਼ਦੂਰਾਂ ਜਾਂ ਖੇਤੀ ਤੇ ਸਨਅਤੀ ਕਾਮਿਆਂ ਦੀਆਂ ਝੌਂਪੜੀਆਂ ਵਿਚ ਵੇਖਣ ਨੂੰ ਮਿਲਦਾ ਹੈ। ਇਹ ਗਰੀਬ ਲੋਕ ਰਾਤ ਨੂੰ ਇਲਾਹੀ ਜਿਹੇ ਸਬਰ ਦੇ ਰੰਗ ਵਿਚ ਰੰਗੇ ਹੁੰਦੇ ਹਨ। ਉਦੋਂ ਇਹ ਲੋਕ ਆਪਣੇ ਮੁਸ਼ੱਕਤ ਭਰੇ ਜੀਵਨ ਨੂੰ ਭੁੱਲ-ਭੁੱਲਾ ਕੇ ਬਸ ਦੁਨੀਆਂ ਤੋਂ ਬੇਖ਼ਬਰ ਹੋ ਕੇ ਥਾਲੀਆਂ-ਕੌਲੀਆਂ ਨੂੰ ਹੀ ਖੜਤਾਲਾਂ ਤੇ ਛੈਣੇ ਬਣਾ ਲੈਂਦੇ ਹਨ ਅਤੇ ਇਉਂ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

ਇਸ ਪ੍ਰਸੰਗ ਵਿਚ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਕੋਈ ਸ਼ੱਕ ਨਹੀਂ ਕਿ ਅੱਜ ਦੀਆਂ ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਕਰੋੜਾਂ ਲੋਕਾਂ ਨੂੰ ਤਾਂ ਜ਼ਿੰਦਗੀ ਦੀਆਂ ਤਲਖ਼ੀਆਂ ਤੇ ਕੌੜੇ-ਕੁਸੈਲੇ ਤਜਰਬਿਆਂ ਨੇ ਅਰਦਾਸਾਂ ਹੀ ਭੁਲਾ ਰੱਖੀਆਂ ਹਨ। ਪਰ ਹੈਰਾਨੀ ਹੁੰਦੀ ਹੈ ਕਿ ਇਸ ਦੇ ਬਾਵਜੂਦ ਵੀ ਉਹ ਲੋਕ ਜਦੋਂ ਕਿਤੇ ਰੱਬ ਤੋਂ ਕੁਝ ਮੰਗਦੇ ਹਨ ਤਾਂ ਸਰਬੱਤ ਦਾ ਭਲਾ ਹੀ ਮੰਗਦੇ ਹਨ। ਬੜੇ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸਾਨੂੰ ਸਭ ਨੂੰ ਹੀ ਸਾਡੇ ਜੀਵਨ ਵਿਚ ਵਧ ਰਹੇ ਸੁਆਰਥ ਤੇ ਭ੍ਰਿਸ਼ਟਾਚਾਰ ਨੇ ਤਕਰੀਬਨ-ਤਕਰੀਬਨ ਸਰਬੱਤ ਦੇ ਭਲੇ ਦੀ ਅਰਦਾਸ ਭੁਲਾ ਹੀ ਦਿੱਤੀ ਹੈ। ਅੱਜ ਸਰਬੱਤ ਦੇ ਭਲੇ ਦੀ ਗੱਲ ਤਾਂ ਇਕ ਪਾਸੇ ਰਹੀ; ਸਗੋਂ ਸਾਡੇ ਸਮਾਜ ਦਾ ਹੰਕਾਰਿਆ ਤੇ ਆਫ਼ਰਿਆ ਹੋਇਆ ਮਾੜਾ ਅਨਸਰ ਤੇ ਅਮੀਰ ਵਰਗ ਰੱਬ ਨੂੰ ਵੀ ਭੁਲਿਆ ਖੜ੍ਹਾ ਹੈ।

ਸਿਤਮ ਇਹ ਹੈ ਕਿ ਗਰੀਬ ਲੋਕਾਂ ਨੂੰ ਖੁਸ਼ ਵੇਖ ਕੇ ਅੱਜ ਦਾ ਅਮੀਰ ਵਰਗ, ਅੱਜ ਦਾ ਮੋਹਤਬਰ-ਮੁਰਾਤਬੇਦਾਰ, ਅੱਜ ਦਾ ਬੁੱਧੀਜੀਵੀ ਵਰਗ ਤੇ ਗੱਲ ਕੀ, ਅੱਜ



*Original with;*
Kulbir Singh Sidhu(I.A.S)
*Digitized by;*
Panjab Digital Library

ਦਾ ਅਮੂਮਨ ਹਰ ਸ਼ਖਸ ਜੋ ਕਿ ਵਿਖਾਵੇ ਦੀ ਵਡਿਆਈ ਤੇ ਧਨ ਦੀ ਲਾਲਸਾ ਪਾਲ ਰਿਹਾ ਹੈ; ਉਹ ਗਰੀਬਾਂ ਨੂੰ ਹਿਕਾਰਤ ਭਰੀ ਨਜ਼ਰ ਨਾਲ ਹੀ ਦੇਖਦਾ ਹੈ। ਸਗੋਂ ਅਸੀਂ ਗਰੀਬਾਂ ਦੇ ਸਬਰ-ਸੰਤੁਸ਼ਟੀ ਵਾਲੇ ਜੀਵਨ ਤੋਂ ਸਬਕ ਲੈ ਕੇ ਆਪਣੀ ਮਾਨਸਿਕ ਦਸ਼ਾ ਸੰਵਾਰਨ ਦੀ ਬਜਾਏ ਆਪਣੇ ਮੱਥੇ 'ਤੇ ਦੋ-ਚਾਰ ਤਿਊੜੀਆਂ ਹੋਰ ਚਾੜ੍ਹ ਲੈਂਦੇ ਹਾਂ। ਆਮ ਤੌਰ 'ਤੇ ਅਮੀਰ ਲੋਕ ਜਦੋਂ ਬੇਮਤਲਬ ਹੀ ਗਰੀਬਾਂ ਨੂੰ ਪਾਣੀ ਪੀ-ਪੀ ਕੇ ਕੋਸਦੇ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਮੀਰ ਤਬਕਾ ਇਸ 'ਅਣਹੋਏ ਜਿਹੇ ਗਰੀਬ ਸਮਾਜ' ਬਾਰੇ ਕਹਿ ਰਿਹਾ ਹੋਵੇ ਕਿ ਇਹ ਗਰੀਬ ਲੋਕ ਐਂਵੇਂ ਹੀ ਕਿਉਂ ਸਮਾਜ ਦੇ ਸੰਗੀਨ ਤੇ ਗਮਗੀਨ ਮਾਹੌਲ ਵਿਚ ਵਾਧੂ ਤੇ ਬੇਲੋੜੀਆਂ ਖ਼ੁਸ਼ੀਆਂ ਵਾੜ ਰਹੇ ਹਨ।

ਬੜੇ ਚਿਰ ਦੀ ਗੱਲ ਹੈ ਕਿ ਰਾਜ ਕਪੂਰ ਨੇ ਇਕ ਫਿਲਮ 'ਸ਼੍ਰੀ 420' ਬਣਾਈ ਸੀ। ਉਸ ਵਿਚ ਅਮੀਰਾਂ ਦੀ ਗਰੀਬਾਂ ਪ੍ਰਤੀ ਮਾਨਸਿਕਤਾ ਦਾ ਹੂ-ਬ-ਹੂ ਚਿਤਰਣ ਕੀਤਾ ਗਿਆ ਸੀ ਕਿ ਇਕ ਕਰੋੜਪਤੀ ਸੇਠ ਕਰੋੜੀ ਮੱਲ ਨੂੰ ਉਸ ਦੇ ਮਹਿਲ-ਨੁਮਾ ਘਰ ਦੇ ਥੱਲੇ ਵੱਸਦੀ ਬਸਤੀ ਦੀ ਖ਼ੁਸ਼ੀ ਰਾਸ ਨਹੀਂ ਸੀ ਆਉਂਦੀ। ਉਹ ਸਗੋਂ ਉਨ੍ਹਾਂ ਕਾਮਿਆਂ ਦੇ ਨਾਚ-ਗਾਣੇ ਨੂੰ ਸਿਰਦਰਦੀ ਹੀ ਸਮਝਦਾ ਸੀ ਤੇ ਹਰ ਵੇਲੇ ਉਨ੍ਹਾਂ ਨੂੰ ਬੇਮਤਲਬ ਹੀ ਪਾਣੀ ਪੀ-ਪੀ ਕੋਸਦਾ ਰਹਿੰਦਾ ਸੀ।

ਬਸ ਬਿਲਕੁਲ ਕਰੋੜੀ ਮਲ ਸੇਠ ਵਾਂਗ ਅੱਜ-ਕੱਲ੍ਹ ਅਜਿਹੀ ਹੀ ਅਵਸਥਾ ਸਾਡੀ ਸਭ ਦੀ ਬਣੀ ਹੋਈ ਹੈ, ਜਿਸ ਨਾਲ ਸਮੁੱਚੇ ਸਮਾਜ ਵਿਚ ਅਮੀਰ ਤੇ ਗਰੀਬ ਦਾ ਪਾੜਾ ਵਧਦਾ ਜਾ ਰਿਹਾ ਹੈ। ਅੱਜ ਦੌਲਤ ਨਾਲ ਮਾਲੋ-ਮਾਲ ਅਮੀਰ ਸਮਾਜ ਤੇ ਰਾਜਭਾਗ ਕਰ ਰਿਹਾ ਰਾਜਨੀਤਿਕ ਤੇ ਪ੍ਰਸ਼ਾਸਨਿਕ ਵਰਗ ਮੁੱਖ ਤੌਰ 'ਤੇ ਆਪਣੇ ਮੱਥੇ ਦੀ ਤਿਊੜੀਆਂ ਕਰਕੇ ਜਾਣਿਆ ਜਾਂਦਾ ਹੈ। ਇਸ ਤੋਂ ਇਹ ਹੀ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮਨੁੱਖ ਦੇ ਮੱਥੇ 'ਤੇ ਜਿੰਨੀਆਂ ਵੱਧ ਡੂੰਘੀਆਂ ਤਿਊੜੀਆਂ ਹੋਣਗੀਆਂ, ਉਸ ਬੰਦੇ ਦਾ ਉਨ੍ਹਾਂ ਹੀ ਬੁਲੰਦ ਮੁਕਾਮ ਤੇ ਦਬਦਬਾ ਹੋਵੇਗਾ। ਜਦੋਂ ਕਿ ਸਾਡੇ ਵੇਦਾਂਤ ਮੱਤ ਅਨੁਸਾਰ ਤਾਂ ਸਮਾਜ ਦੇ ਅਜਿਹੇ ਭਾਗਸ਼ਾਲੀ ਵਿਅਕਤੀਆਂ ਦੇ ਮੱਥੇ ਉੱਤੇ ਭਾਗ ਦੀ ਲਕੀਰ ਬਹੁਤ ਲੰਮੀ ਹੋਣੀ ਚਾਹੀਦੀ ਹੈ।

ਇਸ ਪ੍ਰਸੰਗ ਵਿਚ ਸਾਡੇ ਚੇਤੰਨ ਤੇ ਬੌਧਿਕ ਵਿਕਾਸ ਦੇ ਅਲੰਬਰਦਾਰ ਬੁੱਧੀਜੀਵੀ ਵਰਗ ਦਾ ਵੀ ਇਹੋ-ਜਿਹਾ ਹਾਲ ਹੀ ਹੈ। ਬੁੱਧੀਜੀਵੀ ਸ਼ਾਇਦ ਇਸ ਲਈ ਨਹੀਂ ਹਸਦੇ ਕਿ ਉਨ੍ਹਾਂ ਦੀ ਸਾਰੀ ਵਿਦਵਤਾ ਕਿਤੇ ਮੂੰਹ ਰਾਹੀਂ ਨਿਕਲ ਕੇ ਬਾਹਰ ਹੀ ਨਾ ਡਿੱਗ ਪਏ। ਹੁਣ ਖ਼ਾਸ ਕਰਕੇ ਜਦੋਂ ਤੋਂ ਵੇਦਾਂਤ ਦੀ ਥਾਂ ਮਾਇਆਵਾਦ ਆ ਗਿਆ ਹੈ ਤਾਂ ਮੱਥੇ ਦੀਆਂ ਰੇਖਾਵਾਂ ਦੀ ਥਾਂ ਲਕੀਰਾਂ ਤੇ ਤਿਊੜੀਆਂ ਨੇ ਲੈ ਲਈ ਹੈ। ਹੁਣ ਤਾਂ ਮੱਥੇ ਦੀਆਂ ਤਿਊੜੀਆਂ ਤੇ ਚਿਹਰੇ ਦੀਆਂ ਝੁਰੜੀਆਂ ਹੀ ਸਾਡੇ ਸਭ ਦੇ ਭਾਗ ਤੇ ਕਰਮ-ਕਿਸਮਤ ਦੀ ਪਹਿਚਾਣ ਬਣ ਗਈਆਂ ਹਨ। ਬਸ, ਇਨ੍ਹਾਂ ਲਕੀਰਾਂ ਦੀ ਭਰਮਾਰ ਤੋਂ ਇੰਝ ਜਾਪਦਾ ਹੈ ਕਿ ਜਿਵੇਂ ਇਹ ਸਾਡਾ ਮੱਥਾ ਨਾ ਹੋਵੇ, ਸਗੋਂ ਬਠਿੰਡੇ ਦਾ ਰੇਲਵੇ ਜੰਕਸ਼ਨ ਹੋਵੇ।



*Original with;*
Kulbir Singh Sidhu(I.A.S)
*Digitized by;*
Panjab Digital Library

ਪਰ ਅਫ਼ਸੋਸ ਦੀ ਗੱਲ ਹੈ ਅੱਜ ਸਾਡਾ ਸਮਾਜ ਤੇ ਸਭਿਆਚਾਰ ਪਦਾਰਥਵਾਦੀ ਤਰੱਕੀ ਤੇ ਜੀਵਨ ਜਾਚ ਦੀਆਂ ਨਵੀਆਂ-ਨਵੀਆਂ ਫਿਜ਼ਾਵਾਂ ਵਿਚੋਂ ਲੰਘਦਾ ਹੋਇਆ; ਹਾਸੇ-ਖੇੜੇ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ। ਬੇਸ਼ਕ ਹੱਸਣ-ਖੇਡਣ ਦੀ ਸਰੀਰਕ ਲੋੜ ਨੂੰ ਕੋਈ ਵੀ ਨਹੀਂ ਝੁਠਲਾ ਸਕਦਾ। ਹਰ ਡਾਕਟਰ ਆਪਣੇ ਹਰ ਮਰੀਜ਼ ਨੂੰ ਹੱਸਣ ਤੇ ਸੈਰ ਕਰਨ ਦੀ ਹਦਾਇਤ ਕੋਈ ਵੀ ਦਵਾਈ ਦੇਣ ਤੋਂ ਪਹਿਲਾਂ ਦਿੰਦਾ ਹੈ। ਇਸ ਲਈ ਸੈਂਕੜੇ ਲੋਕ ਪਾਰਕਾਂ ਵਿਚ ਜਾ ਕੇ ਨਕਲੀ ਜਿਹੀ ਹਾ-ਹਾ ਕਰਦੇ ਹਨ। ਚਲੋ! ਇਸ ਨਾਂ-ਮਾਤਰ ਹਾਸੇ ਨਾਲ ਆਨੇ-ਬਹਾਨੇ ਫੇਫੜਿਆਂ ਦੀ ਮਸਨੂਈ ਜਿਹੀ ਕਸਰਤ ਹੋ ਜਾਂਦੀ ਹੈ। ਬੇਸ਼ੱਕ ਉਨ੍ਹਾਂ ਦੇ ਚਿਹਰੇ 'ਤੇ ਇਸ ਤਰ੍ਹਾਂ ਨਾ ਕੋਈ ਖ਼ੁਸ਼ੀ ਆਉਂਦੀ ਤੇ ਨਾ ਹੀ ਇਸ ਨੂੰ ਹੱਸਣਾ ਕਿਹਾ ਜਾ ਸਕਦਾ ਹੈ। ਖੈਰ! ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸੱਜਣਾਂ ਦੀਆਂ ਸਰਕੱਸ ਦੇ ਜੋਕਰਾਂ ਵਾਂਗ ਕੀਤੀਆਂ ਹਾਸੋਹੀਣੀਆਂ ਹਰਕਤਾਂ ਨੂੰ ਦੇਖ ਕੇ ਰੱਬ ਦੇ ਕੁੱਝ ਖੁਸ਼ ਤਬੀਅਤ ਬੰਦੇ ਜ਼ਰੂਰ ਹੱਸਣ ਦਾ ਅਨੰਦ ਲੈ ਲੈਂਦੇ ਹਨ।

ਬਸ ਅਸੀਂ ਸਾਰੇ ਹੀ ਇਕ ਚੁੱਪ ਜਿਹੀ ਗੰਭੀਰਤਾ ਨੂੰ ਇਉਂ ਗਲ ਨਾਲ ਲਾ ਕੇ ਵਿਚਰਦੇ ਹਾਂ ਕਿ ਸਾਡੇ ਮੱਥੇ ਦੀਆਂ ਤਿਊੜੀਆਂ ਤੋਂ ਇਕ ਘੁਟਣ ਤੇ ਪ੍ਰੇਸ਼ਾਨੀ ਜਿਹੀ ਦਾ ਅਹਿਸਾਸ ਪੈਦਾ ਹੋਵੇ ਅਤੇ ਦੇਖਣ ਵਾਲਿਆਂ ਨੂੰ ਇਉਂ ਲੱਗੇ ਕਿ ਵਿਅਕਤੀ-ਵਿਸ਼ੇਸ਼ਾਂ ਦੇ ਮੂੰਹ ਵਿਚ ਹਰ ਵੇਲੇ ਹਰੀ ਮਿਰਚ ਦੀ ਕੁੜੱਤਣ ਦਾ ਹੋਣਾ ਲਾਜ਼ਮੀ ਹੈ। ਹੁਣ ਤਾਂ ਸਾਡੀ ਹਾਲਤ ਇਕੋਂ ਤੱਕ ਜਾ ਪਹੁੰਚੀ ਹੈ ਕਿ ਮਨੋ-ਵਿਗਿਆਨੀ ਤੇ ਡਾਕਟਰ ਅਜਿਹੇ ਸੱਜਣਾਂ ਨੂੰ ਪਹਿਲਾ ਸੁਆਲ ਇਹ ਪੁੱਛਦੇ ਹਨ ਕਿ ਜਨਾਬ ਕੀ ਤੁਹਾਨੂੰ ਪਹਿਲਾਂ ਕਬਜ਼ ਹੋਈ ਸੀ ਕਿ ਜਿਸ ਕਾਰਨ ਤੁਹਾਡੇ ਮੱਥੇ ਦੀਆਂ ਤਿਊੜੀਆਂ ਉਭਰੀਆਂ ਹਨ ਅਤੇ ਜਾਂ ਫਿਰ ਤੁਹਾਡੀਆਂ ਤਿਊੜੀਆਂ ਪਿਛੇ ਗੁੱਝੇ ਕਾਰਨਾਂ ਕਰਕੇ ਤੁਹਾਨੂੰ ਕਬਜ਼ ਰਹਿੰਦੀ ਹੈ। ਅਜਿਹੇ ਕਈ ਸੱਜਣ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੱਜ ਤੱਕ ਕਿਸੇ ਨੇ ਕਦੇ ਹੱਸਦੇ ਨਹੀਂ ਵੇਖਿਆ। ਸਗੋਂ ਲੋਕ ਅਜਿਹੇ ਸੱਜਣਾਂ ਬਾਰੇ ਸੱਚੀਆਂ ਹੀ ਸ਼ਰਤਾਂ ਲਾਉਂਦੇ ਹਨ ਕਿ ਉਨ੍ਹਾਂ ਦੇ ਤਾਂ ਟੱਬਰ ਨੂੰ ਵੀ ਕਿਸੇ ਨੇ ਕਦੇ ਹੱਸਦੇ ਨਹੀਂ ਵੇਖਿਆ।

ਅੱਜ ਤੱਕ ਜਿਵੇਂ ਇਹ ਭੰਬਲਭੂਸਾ ਪਿਆ ਹੋਇਆ ਹੈ ਕਿ ਪਹਿਲਾਂ ਕੀ ਮੁਰਗੀ ਆਈ ਸੀ ਕਿ ਆਂਡਾ ਆਇਆ ਸੀ। ਬਿਲਕੁਲ ਉਸ ਤਰ੍ਹਾਂ ਹੀ ਅਜਿਹੀ ਬਿਮਾਰ-ਮਾਨਸਿਕਤਾ ਦੇ ਸੱਜਣਾਂ ਕੋਲ ਡਾਕਟਰਾਂ ਦੇ ਸਵਾਲ ਦਾ ਕੋਈ ਜਵਾਬ ਨਹੀਂ ਹੁੰਦਾ। ਨਿਰਸੰਦੇਹ ਇਨ੍ਹਾਂ ਬੇਮਤਲਬ ਫ਼ਿਕਰਾਂ ਦੇ ਮਾਰੇ ਬੰਦਿਆਂ ਦੇ ਮਰਜ਼ ਦੀ ਦਵਾ ਬਸ ਆਪਣੇ ਤੋਂ ਹੇਠਾਂ ਕਰੋੜਾਂ ਗਰੀਬ ਲੋਕਾਂ ਕੋਲੋਂ ਮਿਲ ਸਕਦੀ ਹੈ, ਜਿਹੜੇ ਕਿ ਫ਼ੱਕਰਗੀਰੀ ਵਿਚ ਰਹਿੰਦੇ ਵੀ ਇਨ੍ਹਾਂ ਨੂੰ ਹਮਦਰਦੀ ਵਜੋਂ ਇਹ ਕਹਿ ਸਕਣ ਕਿ "ਆ ਮੈਂ ਤੇਰੇ ਮੱਥੇ ਤੇ ਲਿਖ ਦਿਆਂ ਆਪਣੀ ਤਕਦੀਰ; ਤਾਂ ਕਿ ਤੇਰੇ ਹੌਕਿਆਂ-ਹਾਵਿਆਂ ਦੀ ਤਾਬ ਮੱਠੀ ਪੈ ਜਾਵੇ"।

ਜਦੋਂ ਅਜਿਹੀ ਗਹਿਰ-ਗੰਭੀਰ ਚੁੱਪ ਦੇ ਘਾਇਲ ਇਹ ਚੁਪੀਤੜੇ ਸੱਜਣ ਆਪਣੇ ਦੋਸਤਾਂ-ਮਿੱਤਰਾਂ ਨਾਲ ਹੱਸਣ ਤੇ ਖ਼ੁਸ਼ੀਆਂ ਸਾਂਝੀਆਂ ਕਰਨ ਤੋਂ ਪੱਛੜ ਜਾਂਦੇ ਹਨ



*Original with;*
Kulbir Singh Sidhu(I.A.S)
*Digitized by;*
Panjab Digital Library

ਤਾਂ ਫਿਰ ਇਹ ਇਕ ਸਮਾਜਿਕ ਕਰੀਨੇ "ਸਾਈਲੈਂਸ ਇਜ਼ ਗੋਲਡਨ" ਭਾਵ ਇਕ ਚੁੱਪ ਸੌ ਸੁੱਖ ਦਾ ਸਹਾਰਾ ਲੈਂਦੇ ਹਨ। ਜਦੋਂ ਕਿ ਸੱਚ ਤਾਂ ਇਹ ਹੈ ਕਿ 'ਇਕ ਚੁੱਪ ਸੌ ਸੁੱਖ' ਦੀ ਕਹਾਵਤ ਵਾਲੀ ਸੰਜੀਦਗੀ ਉਥੇ ਢੁਕਦੀ ਹੈ ਕਿ ਜਦੋਂ ਕੋਈ ਆਦਮੀ ਕਿਤੇ ਮੂਰਖ-ਮੰਡਲੀ ਵਿਚ ਫਸ ਜਾਵੇ; ਨਾ ਕਿ ਬੰਦਾ ਹਰ ਸਮੇਂ ਦੰਦਾਂ ਥੱਲੇ ਇਉਂ ਜੀਭ ਦੇਈ ਰੱਖੇ ਕਿ ਜਿਵੇਂ ਦੰਦਲ ਪਈ ਹੋਵੇ। ਬੱਸ ਬਹੁਤੇ ਬੰਦੇ ਤਾਂ ਮੂੰਹ ਵਿਚ ਬਿਨਾਂ ਮਤਲਬ ਹੀ ਕੌੜੀ ਮਿਰਚ ਪਾਈ ਫਿਰਦੇ ਹਨ ਤੇ ਕੁੜੱਤਣ ਨਾਲ ਭਰੇ ਕੌੜਾ ਹੀ ਬੋਲਦੇ ਹਨ।

ਵੈਸੇ ਇਹ ਵੀ ਕੁਦਰਤ ਦੀ ਵਿਡੰਬਣਾ ਹੀ ਹੈ ਕਿ ਪਹਿਲੀ ਗੱਲ ਤਾਂ ਹਰ ਕਿਸੇ ਨੂੰ ਹੱਸਣਾ ਨਹੀਂ ਆਉਂਦਾ ਤੇ ਫਿਰ ਹੋਰ ਵੀ ਥੋੜ੍ਹੇ ਲੋਕਾਂ ਵਿਚ ਹੱਸਣ ਦੀ ਰਮਜ਼ ਤੇ ਤਨਜ਼ ਨੂੰ ਸਮਝਣ ਦੀ ਤੌਫ਼ੀਕ ਹੁੰਦੀ ਹੈ। ਇਸ ਪ੍ਰਥਾਇ ਮਸ਼ਹੂਰ ਹੈ ਕਿ ਇਕ ਵਾਰੀ ਚਿੜੀਆਘਰ ਵਿਚ ਸਾਰੇ ਜਾਨਵਰ ਹੱਸ ਰਹੇ ਸਨ ਤੇ ਇਕ 'ਮਸਤ-ਮੌਲਾ' ਜਿਹਾ ਜਾਨਵਰ ਚੁੱਪ ਕਰ ਕੇ ਖੜ੍ਹਾ ਸੀ। ਦੂਜੇ ਦਿਨ ਸਾਰੇ ਜਾਨਵਰ ਚੁੱਪ ਖੜ੍ਹੇ ਸਨ ਤਾਂ ਉਹ ਗਧੀੜ ਹੱਸੀ ਜਾ ਰਿਹਾ ਸੀ। ਪੁੱਛਣ 'ਤੇ ਪਤਾ ਲੱਗਾ ਕਿ ਕੱਲ੍ਹ ਵਾਲੀ ਹਾਸੇ ਦੀ ਗੱਲ ਉਸ ਨੂੰ ਅੱਜ ਸਮਝ ਆਈ ਸੀ।

ਨਿਰਸੰਦੇਹ ਸਾਡਾ ਸਮਾਜ ਨਵੀਂ-ਨਵੀਂ ਪ੍ਰਾਪਤ ਕੀਤੀ ਦੌਲਤ ਦੀ ਅਮੀਰੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਵਾਸਤੇ ਹੁਣ ਸਦਾਚਾਰ ਦੀ ਸਰਦਾਰੀ ਤੇ ਦਿਲ ਦੀ ਅਮੀਰੀ ਕਿਤੇ-ਕਿਤੇ ਹੀ ਵੇਖਣ ਨੂੰ ਮਿਲਦੀ ਹੈ। ਇਸ ਲਈ ਹੁਣ ਕੁਦਰਤੀ ਹਾਸੇ-ਖੇੜੇ ਅਲੋਪ ਹੋ ਰਹੇ ਹਨ, ਸਗੋਂ ਹੁਣ ਦਾ ਸਮਾਜ ਅੱਜ-ਕੱਲ੍ਹ ਖੁੱਲ੍ਹ ਕੇ ਹੱਸਣ ਤੇ ਬੋਲਣ ਨੂੰ ਫੋਕੇ-ਫਿਕਲੇ ਚੱਜ-ਆਚਾਰਾਂ ਦੀ ਖਿਲਾਫਵਰਜ਼ੀ ਦਾ ਫਤਵਾ ਵੀ ਦਿੰਦਾ ਹੈ।

ਖੈਰ! 'ਮੈਂ ਨਾ ਮਾਨੂੰ' ਜਿਹੀ ਅੜੀ ਦੇ ਮਾਲਕ ਬਨਾਵਟੀ ਜਿਹੇ ਬੰਦਿਆਂ ਵੱਲੋਂ ਖਿੜ-ਖਿੜਾ ਕੇ ਹੱਸਣ ਵਾਸਤੇ 'ਦੰਦ ਨਾ ਕੱਢਣ' ਦਾ ਤਰਕ ਬੜਾ ਹੀ ਤਰਕਹੀਣ ਜਾਪਦਾ ਹੈ। ਇਹ 'ਗਧੀ ਦੇ ਖੇਤ ਚਰਨ ਤੇ ਨਾਲੇ ਦੁਲੱਤੀ ਮਾਰਨ' ਵਾਂਗੂੰ ਹੈ, ਜਿਸ ਦਾ ਕਿ ਭਾਵ ਇਹ ਹੈ ਕਿ ਜਿਵੇਂ ਕੋਈ ਗਲਤੀ ਵੀ ਕਰ ਲਵੇ ਤੇ ਨਾਲ ਹੀ ਆਪਣੀ ਧੌਂਸ ਨਾ ਛੱਡੇ। ਇਸ ਦੇ ਉਲਟ ਸਗੋਂ ਰੱਬ ਲੱਗਦੀ ਗੱਲ ਤਾਂ ਇਹ ਹੈ ਕਿ ਹੱਸਣ-ਹਸਾਉਣ ਜਾਂ ਮੁਸਕਰਾਉਣ ਦੀ ਕਲਾ ਤੋਂ ਅਣਭਿੱਜ ਰੋਂਦੂ ਤੇ ਮੁਰਝਾਏ ਚਿਹਰੇ ਖ਼ੁਦ ਕੁਦਰਤ ਤੇ ਕੁਦਰਤੀ ਫ਼ਿਜ਼ਾਵਾਂ ਦੀ ਉਲੰਘਣਾ ਕਰ ਰਹੇ ਹੁੰਦੇ ਹਨ।

ਸੰਸਾਰ ਭਰ ਦੇ ਲੋਕਾਂ ਦਾ ਇਹ ਮੰਨਣਾ ਹੈ ਕਿ ਖੁਸ਼ੀ ਵੰਡਣ ਨਾਲ ਵਧਦੀ ਹੈ ਤੇ ਦੁੱਖ ਸਾਂਝਾ ਕਰਨ ਨਾਲ ਘਟਦਾ ਹੈ। ਇਸ ਸਬੰਧ ਵਿਚ ਇਕ ਅਮਰੀਕਨ ਵਿਦਵਾਨ ਲੇਖਿਕਾ ਐਲਾ ਵੀਲਰ ਵਿਲਕੌਕਸ ਦਾ ਕਹਿਣਾ ਹੈ ਕਿ ਜਦੋਂ ਤੁਸੀਂ ਹੱਸਦੇ ਹੋ ਤਾਂ ਦੁਨੀਆਂ ਤੁਹਾਡੇ ਨਾਲ ਹਸਦੀ ਹੈ ਤੇ ਜਦੋਂ ਤੁਸੀਂ ਰੋਂਦੇ ਹੋ ਤਾਂ ਤੁਸੀਂ ਇਕੱਲੇ ਹੀ ਰੋਂਦੇ ਹੋ। ਲਿਉ ਟਾਲਸਟਾਏ ਜਿਹੇ ਵਿਦਵਾਨ ਚਿੰਤਕ ਦਾ ਕਹਿਣਾ ਹੈ ਕਿ "ਇਸ ਸੰਸਾਰ ਵਿਚ ਸਾਰੇ ਪਰਿਵਾਰ ਖੁਸ਼ ਤਾਂ ਇਕੋ ਜਿਹੇ ਹੀ ਤਰੀਕੇ ਨਾਲ ਹੁੰਦੇ ਹਨ, ਪਰ ਉਹ ਉਦਾਸ ਆਪੋ-ਆਪਣੇ ਢੰਗ-ਤਰੀਕੇ ਨਾਲ ਹੁੰਦੇ ਹਨ"। ਇਹ ਬਿਲਕੁਲ ਠੀਕ ਹੈ



Original with;
Kulbir Singh Sidhu(I.A.S)
Digitized by;
Panjab Digital Library

ਕਿ ਅਸੀਂ ਕਿਸੇ ਵੀ ਖ਼ੁਸ਼ੀ ਦੇ ਸਬੱਬ ਨਾਲ ਖੁਸ਼ ਤੇ ਪ੍ਰਸੰਨ ਹੋ ਜਾਂਦੇ ਹਾਂ, ਪਰ ਸਾਡੀ ਉਦਾਸੀ ਤੇ ਗਮੀ ਦੇ ਸਾਡੇ ਆਪਣੇ ਹੀ ਕਾਰਣ ਹੁੰਦੇ ਹਨ। ਇਥੋਂ ਤੱਕ ਕਿ ਕਈ ਲੋਕ ਤਾਂ ਜ਼ਿੰਦਗੀ ਵਿਚ ਬੇਮਤਲਬ ਹੀ ਉਦਾਸੀ ਤੇ ਗਮਗੀਨੀ ਦਾ ਰਾਹ ਫੜ ਲੈਂਦੇ ਹਨ।

ਜ਼ਾਹਿਰ ਹੈ ਕਿ ਸਾਡੀਆਂ ਖੁਸ਼ੀਆਂ ਦੇ ਪਿਛੇ ਸਾਡੀ ਚੜ੍ਹਦੀ ਕਲਾ ਤੇ ਚਾਵਾਂ-ਉਮੰਗਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸ ਦੇ ਉਲਟ ਸਾਡੇ ਰੋਣਿਆਂ-ਧੋਣਿਆਂ ਪਿਛੇ ਸਾਡੀ ਢਹਿੰਦੀ ਕਲਾ ਤੇ ਦਿਲਗੀਰ ਮਾਨਸਿਕਤਾ ਹੁੰਦੀ ਹੈ। ਬੇਸ਼ੱਕ ਕੁਝ ਇਉਂ ਜਿਹੇ ਹੀ ਸਾਡੇ ਵਰਤਮਾਨ ਸਮਾਜ ਦੀ ਹਾਸੇ-ਖੇੜੇ ਪ੍ਰਤੀ ਉਦਾਸੀਨਤਾ ਅੱਜ-ਕੱਲ੍ਹ ਸਪਸ਼ਟ ਦਿਸਦੀ ਹੈ। ਤਕਰੀਬਨ ਤਕਰੀਬਨ ਹਰ ਆਦਮੀ ਕਿਸੇ ਨਾ ਕਿਸੇ ਮਾਨਸਿਕ ਪ੍ਰੇਸ਼ਾਨੀ ਕਰਕੇ ਕਿਸੇ ਤਣਾਅ ਵਿਚ ਗਰੱਸਿਆ ਹੋਇਆ ਨਜ਼ਰ ਆਉਂਦਾ ਹੈ। ਇਹ ਵੀ ਸੱਚ ਹੈ ਕਿ ਜਿਡਾ ਵੱਡਾ ਸਿਰ ਭਾਵ ਜਿਡਾ ਵੱਡਾ ਮੁਰਾਤਬਾ ਉਸ ਤੋਂ ਵੀ ਵੱਡੀ ਸਿਰਦਰਦੀ ਸਿਰ 'ਤੇ ਤਾਜ ਦੇ ਕੰਡਿਆਂ ਵਾਂਗੂੰ ਚੁਭਦੀ ਰਹਿੰਦੀ ਹੈ।

ਇਹ ਹੀ ਕਾਰਨ ਹੈ ਕਿ ਅੱਜ-ਕੱਲ੍ਹ ਬਾਹਰੀ ਰੂਪ ਵਿਚ ਚੰਗੇ ਭਲੇ ਖਾਂਦੇ-ਪੀਂਦੇ ਭੱਦਰ ਪੁਰਸ਼ ਡਾਕਟਰਾਂ ਨੂੰ ਅੰਦਰ ਵੜ ਕੇ ਆਪਣੀਆਂ ਸਾਈਕ ਸੋਮੈਟਿਕ ਬੀਮਾਰੀਆਂ ਦੇ ਲੱਛਣ ਇਉਂ ਗੁਪਤੀ ਜਿਹੇ ਤਰੀਕੇ ਨਾਲ ਦਸਦੇ ਹਨ ਕਿ ਜਿਵੇਂ ਕਿ ਕੋਈ ਗੁਪਤ-ਰੋਗ ਲੱਗਾ ਹੋਵੇ। ਸਾਡੀ ਅਜਿਹੀ ਪ੍ਰਸਿਥਤੀ ਦੇ ਪ੍ਰਥਾਇ ਥਾਮਸ ਹਾਰਡੀ ਦਾ ਕਹਿਣਾ ਹੈ ਕਿ 'ਦਰਦ ਤੇ ਦੁਖਾਂਤ ਨਾਲ ਭਰੇ ਮਨੁੱਖੀ ਜੀਵਨ ਵਿਚ ਖੁਸ਼ੀ ਤਾਂ ਕਦੇ-ਕਦਾਈਂ ਵਾਪਰਣ ਵਾਲੀ ਘਟਨਾ ਹੈ'। ਅਜਿਹੀ ਉਦਾਸੀਨ ਬਿਰਤੀ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਆਦਮੀ ਸਾਰੀ ਉਮਰ ਰੋਂਦਾ ਰਹਿੰਦਾ ਹੈ ਅਤੇ ਕਿਤੇ ਭੁਲ-ਭੁਲੇਖੇ ਹੀ ਉਹ ਹਸਦਾ ਹੈ।

ਬੇਸ਼ੱਕ ਹਾਰਡੀ ਦੇ ਇਸ ਵਿਦਵਤਾ ਭਰਪੂਰ ਅਨੁਭਵ ਵਿਚ ਸ਼ੱਕ ਦੀ ਗੁੰਜਾਇਸ਼ ਬੜੀ ਘੱਟ ਹੈ, ਪਰ ਇਸ ਦੁਨਿਆਵੀ ਪ੍ਰਸਥਿਤੀ ਦਾ ਤੋੜ ਬਾਬੇ ਨਾਨਕ ਨੇ "ਅੰਜਣ ਮੈਂ ਨਿਰੰਜਣ ਰਹੀਏ" ਜਿਹੀ ਜੀਵਨ ਸੇਧ ਦੁਆਰਾ ਦਿੱਤਾ ਹੈ। ਇਸ ਬਰਕਤ ਭਰੀ ਬਖਸ਼ੀਸ਼ੀ ਨਸੀਹਤ ਦਾ ਭਾਵ ਇਹ ਹੈ ਕਿ ਦੁਨੀਆਂਦਾਰੀ ਦੇ ਝਗੜੇ-ਝਮੇਲਿਆਂ ਵਿਚ ਰਹਿੰਦੇ ਹੋਏ ਵੀ ਮਨੁੱਖ ਨੂੰ ਮਾਨਸਿਕ ਤੌਰ 'ਤੇ ਅਲਿਪਤ ਤੇ ਪ੍ਰਸੰਨ ਰਹਿਣਾ ਚਾਹੀਦਾ ਹੈ।

ਖ਼ੈਰ! ਦੁਨੀਆਂ ਦੀਆਂ ਸਿਰੇ ਦੀਆਂ ਅੰਤ ਦੀਆਂ ਤਹਿਜ਼ੀਬ ਯਾਫਤਾ ਕੌਮਾਂ ਹੰਸੂ-ਹੰਸੂ ਕਰਦੇ ਚਿਹਰਿਆਂ ਕਰਕੇ ਜ਼ਿਆਦਾ ਜਾਣੀਆਂ ਜਾਂਦੀਆਂ ਹਨ। ਉਨ੍ਹਾਂ ਦੀ ਖ਼ੁਸ਼ੀ ਦਾ ਮੁੱਢਲਾ ਸਰੋਤ ਆਰਥਿਕ ਖੁਸ਼ਹਾਲੀ ਦੀ ਬਜਾਏ ਉਨ੍ਹਾਂ ਦੀ ਮਾਨਸਿਕ ਅਵਸਥਾ ਹੁੰਦੀ ਹੈ। ਜਪਾਨ ਵਰਗੇ ਮੁਲਕ ਨੇ ਦੂਜੀ ਸੰਸਾਰ ਜੰਗ ਸਮੇਂ ਧਰਤੀ ਤੋਂ ਨੇਸਤੋ-ਨਾਬੂਦ ਹੋਣ ਦੀ ਹੱਦ 'ਤੇ ਪੁੱਜ ਕੇ ਵੀ ਮੁਸਕਰਾਉਣ ਦੀ ਰੱਬੀ ਦਾਤ ਨੂੰ ਨਹੀਂ ਭੁਲਾਇਆ। ਤਕਰੀਬਨ ਸਾਰੇ ਯੂਰਪ, ਕੈਨੇਡਾ, ਅਮਰੀਕਾ ਤੇ ਖਾਸ ਤੌਰ 'ਤੇ ਜਾਪਾਨ ਵਿਚ ਸੜਕ 'ਤੇ ਜਾਂਦਾ ਜੇ ਕੋਈ ਵਿਅਕਤੀ ਸਾਹਮਣੇ ਤੋਂ ਆਉਂਦੇ ਆਦਮੀ ਨੂੰ ਵੇਖ



Original with;
Kulbir Singh Sidhu(I.A.S)
Digitized by;
Panjab Digital Library

ਕੇ ਚਿਹਰੇ 'ਤੇ ਮੁਸਕਾਨ ਨਾ ਲਿਆਵੇ ਜਾਂ ਮੁਸਕਰਾਹਟ ਦਾ ਜਵਾਬ ਮੁਸਕਰਾ ਕੇ ਨਾ ਦੇਵੇ ਤਾਂ ਇਸ ਨੂੰ ਬਦਸ਼ਗਨੀ ਮੰਨਿਆ ਜਾਂਦਾ ਹੈ।

ਜਦੋਂ ਕਿ ਅਸੀਂ ਆਪਣੇ ਪੁਰਾਤਨ ਸਭਿਆਚਾਰ ਅਤੇ ਵਿਰਸੇ ਦੀਆਂ ਟਾਹਰਾਂ ਮਾਰਨੋਂ ਤਾਂ ਨਹੀਂ ਥੱਕਦੇ, ਪਰ ਅੱਜ ਅਸੀਂ ਆਪਣੇ ਰੋਂਦੂ ਅਤੇ ਮੁਰਝਾਏ ਚਿਹਰਿਆਂ ਦੀ ਬਦੌਲਤ ਨਵੀਂ ਰੌਸ਼ਨੀ ਦੇ ਨਵੇਂ ਤਹਿਜ਼ੀਬ-ਯਾਫਤਾ ਬਸ਼ਰ ਕਹਾਉਂਦੇ ਹੋਏ, ਅਖੌਤੀ ਵਿਦਵਤਾ ਦੇ ਮਖੌਟੇ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਹਾਂ। ਜਦੋਂ ਕਿ ਸਾਡੀ ਸੰਸਕ੍ਰਿਤੀ ਦੀ ਅਮੀਰ ਵਿਰਾਸਤ ਦੀ ਤਰਜਮਾਨੀ ਤਾਂ ਇਸ ਤੋਂ ਉਲਟ, "ਹੱਸਦਿਆਂ ਦੇ ਘਰ ਵਸਦੇ" ਦੀ ਲਕੋਕਤੀ ਤੋਂ ਹੁੰਦੀ ਹੈ, ਪਰ ਅਸੀਂ ਤਾਂ ਹਾਸਿਆਂ-ਖੇੜਿਆਂ ਨੂੰ ਆਪਣੇ ਨੇੜੇ ਢੁੱਕਣ ਹੀ ਨਹੀਂ ਦਿੰਦੇ। ਇਸ ਵਾਸਤੇ ਸਾਨੂੰ ਆਪਣੇ ਪੰਜਾਬ ਦੇ ਅਮੀਰ ਸਭਿਆਚਾਰ ਤੇ ਹੰਸੂ-ਹੰਸੂ ਕਰਦੇ ਸਮਾਜ ਦੀ ਦੁਬਾਰਾ ਤੋਂ ਤਾਮੀਰ ਕਰਨ ਦੀ ਲੋੜ ਹੈ।

ਸ਼ਾਲਾ! ਅਸੀਂ ਆਪਣੇ ਚੌਗਿਰਦੇ ਵਿਚ ਹਾਸੇ-ਖੇੜਿਆਂ ਨੂੰ ਪਛਾਣ ਸਕੀਏ ਤੇ ਖ਼ੁਦ ਵੀ ਖੁਸ਼ੀ ਦੇ ਮਾਹੌਲ ਸਿਰਜ ਸਕੀਏ। ਇਸ ਪ੍ਰਥਾਇ ਹੀ ਸਾਡੀ ਪੁਰਾਣੀ ਸਭਿਆਚਾਰਕ ਧਾਰਨਾ 'ਹੱਸਦਿਆਂ ਦੇ ਘਰ ਵਸਦੇ' ਦੁਨੀਆਂ ਦਾ ਸੱਚ ਬਣ ਕੇ ਹਾਲੇ ਵੀ ਸਾਮਰਤੱਖ ਹੈ। ਇਸ ਦਾ ਭਾਵ ਇਹ ਹੈ ਕਿ ਜਿਹੜਾ ਹੱਸਦਾ ਹੈ, ਉਹ ਹੀ ਸੁਖੀ-ਵਸਦਾ ਹੈ। ਸਾਡੇ ਪੰਜਾਬੀ ਸਮਾਜ ਦੀ ਅਜਿਹੀ ਸੋਚ ਸਾਡੇ ਸਭਿਆਚਾਰ ਦੀ ਬਹੁਤ ਹੀ ਖ਼ੁਸ਼ਰੰਗ ਤੇ ਖ਼ੂਬਸੂਰਤ ਤਸਵੀਰ ਪੇਸ਼ ਕਰਦੀ ਹੈ। ਅੱਜ ਫਿਰ ਦੁਬਾਰਾ ਤੋਂ ਸਾਡੇ ਸਭਿਆਚਾਰ ਵਿਚ ਉਹ ਹੀ ਖ਼ੁਸ਼ਹਾਲੀ, ਹਾਸੇ-ਖੇੜੇ ਤੇ ਰਾਗ-ਰੰਗ ਦੇ ਮਾਹੌਲ ਨੂੰ ਪੁਨਰ ਸੁਰਜੀਤ ਕਰਨ ਦੀ ਬੇਹੱਦ ਜ਼ਰੂਰਤ ਹੈ। ਖ਼ੈਰ! ਰੱਬ ਮਿਹਰ ਕਰੇ।

ਗੌਰਤਲਬ ਹੈ ਕਿ ਰਾਜਨੀਤਿਕ ਤੇ ਸਮਾਜਿਕ ਉਤਰਾਵਾਂ-ਚੜ੍ਹਾਵਾਂ ਨੇ ਸਾਡੀ ਜੀਵਨਸ਼ੈਲੀ 'ਤੇ ਅਕਸਰ ਹੀ ਡੂੰਘਾ ਅਸਰ ਪਾਇਆ ਹੈ; ਪਰ ਇਸ ਦੇ ਬਾਵਜੂਦ ਵੀ ਭਾਰਤ ਦੀ ਸੰਸਕ੍ਰਿਤੀ ਤੇ ਸਭਿਆਚਾਰ ਨੇ ਮੇਲਿਆਂ, ਛਿੰਜਾਂ ਤੇ ਖੁਸ਼ੀ ਦੇ ਮੌਕਿਆਂ ਦੇ ਰੂਪ ਵਿਚ ਹਾਸਿਆਂ-ਖੇੜਿਆਂ ਦੇ ਪਿੜਾਂ ਨੂੰ ਬਹੁਤ ਲੰਮਾ ਸਮਾਂ ਸੰਭਾਲੀ ਰੱਖਿਆ ਹੈ। ਬਹਿਰਹਾਲ, ਇਹ ਇਕ ਵੱਖਰੀ ਸੱਚਾਈ ਹੈ ਕਿ ਹੁਣ ਅਜੋਕੇ ਸਮੇਂ ਦੀਆਂ ਪ੍ਰੇਸ਼ਾਨੀਆਂ ਦੇ ਅਸਰ ਤਹਿਤ ਇਹ ਮੇਲੇ-ਛਿੰਝਾਂ ਅਲੋਪ ਹੁੰਦੇ-ਹੁੰਦੇ; ਹੁਣ ਬੱਸ ਬੀਤੇ ਕੱਲ੍ਹ ਦੀ ਬਾਤ ਬਣ ਰਹੇ ਹਨ।

ਇਸ ਸਾਰੇ ਸਾਰ-ਵਿਸਥਾਰ ਦਾ ਸਿੱਧਾ-ਪੱਧਰਾ ਸਿੱਟਾ ਇਹ ਨਿਕਲਦਾ ਹੈ ਕਿ ਅੱਜ ਹਸਦੇ-ਵਸਦੇ ਪੰਜਾਬੀਆਂ ਨੂੰ ਫਿਰ ਦੁਬਾਰਾ ਤੋਂ ਸਮਾਜ ਵਿਚ ਖੁਸ਼ੀਆਂ-ਖੇੜੇ ਤੇ ਹਾਸੇ-ਖੇੜੇ ਸਿਰਜਣ ਦੀ ਲੋੜ ਹੈ। ਇਸ ਵਾਸਤੇ ਸਮੁੱਚੇ ਸਮਾਜ ਨੂੰ ਸਾਡੇ ਲੋਕ ਗੀਤ ਵਿਚਲੀ ਇਕ ਲੋਕ ਸਿਆਣਪ "ਹੱਸ ਲਓ ਨੀ ਕੁੜੀਓ, ਖੇਡ ਲਓ ਨੀ ਕੁੜੀਓ, ਹੱਸਣਾ ਖੇਡਣਾ ਰਹਿ ਜਾਊਗਾ, ਕੋਈ ਬੁੱਝੜ ਜਿਹਾ ਜੱਟ ਲੈ ਜਾਊਗਾ" 'ਤੇ ਕੰਨ ਧਰਨ ਤੇ ਅਮਲ ਕਰਨ ਦੀ ਜ਼ਰੂਰਤ ਹੈ। ਅਜਿਹੇ ਜਿਹੇ ਲੋਕਯਾਨ ਸਾਨੂੰ ਇਕ ਅਟੱਲ ਸੱਚਾਈ ਦੀ ਯਾਦ ਦਿਵਾਉਂਦੇ ਹਨ ਕਿ ਸਾਡਾ ਇਹ ਜੀਵਨ ਫ਼ਾਨੀ ਹੈ ਅਤੇ ਇਸ



*Original with;*
Kulbir Singh Sidhu(I.A.S)
*Digitized by;*
Panjab Digital Library

ਜੀਵਨ-ਪੰਧ ਵਿਚ ਜੇ ਕੁੱਝ ਚਿਰ-ਸਥਾਈ ਹੈ ਤਾਂ ਉਹ ਸੁਚੱਜੀ ਜੀਵਨ-ਜੁਗਤ ਨਾਲ ਜੀਵਿਆ ਗਿਆ; ਜੀਵਨ ਹੀ ਹੈ। ਇਉਂ ਸਮਝਣ ਵਾਲੀ ਗੱਲ ਹੈ ਕਿ ਜੇ ਰਾਮ-ਸੱਤ ਤੋਂ ਬਾਅਦ ਕੁਝ ਬਾਕੀ ਬਚਦਾ ਹੈ ਤਾਂ ਉਹ ਸਾਡੇ ਨੇਕ ਕੰਮਾਂ ਦੀ ਯਾਦ ਹੀ ਬਚਦੀ ਹੈ। ਇਸ ਤਰ੍ਹਾਂ ਕਿਸੇ ਸਮਾਜ ਦੀ ਵਧੀਆ ਜੀਵਨਸ਼ੈਲੀ ਉਸ ਦਾ ਵਧੀਆ ਸਭਿਆਚਾਰ ਬਣ ਕੇ ਅਖੀਰ ਨੂੰ ਅਮਰ ਹੋ ਨਿਬੜਦੀ ਹੈ।

ਖ਼ੈਰ! ਰੱਬ ਲੱਗਦੀ ਗੱਲ ਇਹ ਹੈ ਕਿ 'ਹੱਸ-ਦੰਦਾਂ ਦੀ ਪ੍ਰੀਤ ਦੇ ਪਹਿਰੇਦਾਰ' ਆਪਣੀ ਜੀਵਨ-ਜਾਚ ਦੀਆਂ ਮੱਘਦੀਆਂ ਚੰਗਿਆੜੀਆਂ ਨੂੰ ਆਪਣੇ ਖ਼ੁਸ਼ੀ-ਖੇੜਿਆਂ ਨਾਲ ਭਖਾ ਕੇ ਆਪਣੀ ਹੋਂਦ ਤੇ ਹਸਤੀ ਦੀ ਸਦੀਵੀ ਛਾਪ ਲਾ ਜਾਂਦੇ ਹਨ। ਇਸ ਸੰਵੇਦਨਾ ਭਰਪੂਰ ਅਟਲਾਧੀ ਸਚਾਈ ਦੀ ਪ੍ਰੋੜ੍ਹਤਾ ਗੁਰਬਾਣੀ ਦੇ ਇਸ ਫ਼ੁਰਮਾਨ ਤੋਂ ਹੁੰਦੀ ਹੈ:

"ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ।
ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ"॥



*Original with;*
Kulbir Singh Sidhu(I.A.S)
*Digitized by;*
Panjab Digital Library

# ਮੇਰੀ ਖਿੜਕੀ ਦੇ ਝਰੋਖੇ 'ਚੋਂ...

ਦੁਨੀਆਂ ਅਜੋਕੇ ਸਮੇਂ ਵਿਚ ਪੈਸੇ ਤੇ ਜਲਦਬਾਜ਼ੀ ਦੀ ਦੌੜ ਵਿਚ ਵਾਹੋ-ਦਾਹੀ ਭੱਜੀ-ਫਿਰਦੀ ਹੈ। ਬੰਦੇ ਨੂੰ ਸੰਸਾਰ ਭਰ ਦੇ ਲਾਲਚ ਤੇ ਤਮ੍ਹਾਂ ਭੰਬੀਰੀ ਬਣਾਈ ਫਿਰਦੇ ਹਨ। ਇਸ ਲਈ ਹੁਣ ਮਨੁੱਖਤਾ ਆਪਣੀ ਕੁਦਰਤੀ ਚਾਲ ਤੇ ਸਹਿਜ ਅਵਸਥਾ ਨੂੰ ਭੁੱਲ ਚੁੱਕੀ ਹੈ ਅਤੇ ਇਸ ਦਾ ਸਾਰਾ ਰੇਲਾ-ਪੇਲਾ ਧਰਤੀ ਤੋਂ ਅਕਾਸ਼ ਤੱਕ ਉਡਿਆ ਹੀ ਫਿਰਦਾ ਹੈ। ਹਰ ਇਕ ਬੰਦੇ ਨੂੰ ਧਨ-ਪਦਾਰਥ ਇਕੱਠੇ ਕਰਨ ਦੀ ਲਾਲਸਾ ਲੱਗੀ ਹੋਈ ਹੈ, ਜਿਸ ਕਰਕੇ ਬੰਦਾ ਸਮੇਂ ਦੀ ਰਫ਼ਤਾਰ ਨੂੰ ਮਾਤ ਦੇਣ ਦੀ ਕਾਹਲੀ ਵਿਚ ਆਪ ਹੀ ਰੇਲ ਬਣਿਆ ਫਿਰਦਾ ਹੈ।

ਅੱਜ-ਕੱਲ੍ਹ ਦੁਨੀਆਂ ਦੇ ਇਸ ਬਜ਼ਾਰ ਵਿਚ ਮਨੁੱਖ ਦੀ ਇਸ ਬੇਢੰਗੀ ਚਾਲ ਤੇ ਕਾਹਲ ਦੇ ਕਾਰਨ ਕੁਝ ਜ਼ਿਆਦਾ ਹੀ ਚਹਿਲ-ਪਹਿਲ, ਭੱਜ-ਨੱਠ ਤੇ ਧੱਕਮ-ਧੱਕਾ ਹੋ ਰਿਹਾ ਹੈ। ਇਸ ਭੱਜੋ-ਭੱਜੀ ਦੀ ਖੇਡ ਵਿਚ ਸੜਕਾਂ 'ਤੇ ਕਿਤੇ ਕਾਰਾਂ, ਬੱਸਾਂ ਤੇ ਕਿਤੇ ਰੇਲਾਂ ਸਾਹੋ-ਸਾਹ ਹੋਈਆਂ ਫਿਰਦੀਆਂ ਹਨ। ਹੋਰ ਤਾਂ ਹੋਰ ਸਾਡੀਆਂ ਸੜਕਾਂ 'ਤੇ ਕਿਤੇ ਸਾਈਕਲ ਸਵਾਰ, ਕਿਤੇ ਪੈਂਦਲ-ਸਵਾਰ ਤੇ ਕਿਤੇ ਖੋਤੇ-ਰੇਹੜੇ ਰੁੜ੍ਹੇ ਜਾ ਰਹੇ ਹਨ। ਬੱਸ ਇਉਂ ਲਗਦਾ ਹੈ ਕਿ ਜਿਵੇਂ ਕਿਤੇ ਅੱਗ ਲੱਗੀ ਹੈ ਤੇ ਸਾਰਾ ਸ਼ਹਿਰ ਉਸ ਨੂੰ ਬੁਝਾਉਣ ਵਾਸਤੇ ਤੁਰਿਆ ਹੋਇਆ ਹੈ। ਮੇਰੀ ਖਿੜਕੀ ਦੇ ਝਰੋਖੇ 'ਚੋਂ ਸਾਡੇ ਜੀਵਨ ਦਾ ਬਦਰੰਗੀ ਬਜ਼ਾਰ ਹੁਣ ਕੁਝ ਜ਼ਿਆਦਾ ਹੀ ਜਲਵਾਨਸ਼ੀਨ ਹੋ ਰਿਹਾ ਹੈ।

ਮੁਕਦੀ ਗੱਲ! ਬੱਸ ਲੋਕ ਬੇਮਤਲਬ ਦੀ ਭਜੋ-ਭਜਾਈ ਵਿਚ ਅੱਲਾ-ਦੋਸ਼-ਅੱਲਾ-ਦੋਸ਼ ਕਰਦੇ ਭੱਜੇ ਜਾ ਰਹੇ ਹਨ। ਸਾਡਾ ਜੀਵਨ ਮਾਇਆ ਤੇ ਧਨ-ਪਦਾਰਥਾਂ ਨੂੰ ਇਕੱਠਾ ਕਰਨ ਦੇ ਕਰਣਪਲਾਹਾਂ ਵਿਚ ਮੈਲਾ ਹੋ ਰਿਹਾ ਹੈ। ਇਸ ਪ੍ਰਥਾਇ ਗੁਰਬਾਣੀ ਦਾ ਫ਼ੁਰਮਾਨ ਹੈ ਕਿ "ਜਗੁ ਮੈਲਾ ਮੈਲੋ ਹੋਇ ਜਾਇ" ਭਾਵ ਇਸ ਪੱਖੋਂ ਸਾਡਾ ਸਮਾਜਿਕ ਜੀਵਨ ਦਿਨ-ਬ-ਦਿਨ ਮੈਲੇ ਤੋ ਹੋਰ ਮੈਲਾ ਹੋ ਰਿਹਾ ਹੈ। ਫਿਰ ਸਾਡੇ ਇਸ ਮਾੜੇ ਪ੍ਰਚਲਣ ਦਾ ਨਜ਼ਾਰਾ ਸਾਡੀਆਂ ਨੀਅਤਾਂ, ਨੀਤੀਆਂ ਤੇ ਬਦਨੀਤੀਆਂ ਦੁਆਰਾ ਰੋਜ਼ ਹੀ ਕਿਸੇ ਨਾ ਕਿਸੇ ਰੂਪ ਵਿਚ ਹੋ ਰਿਹਾ ਹੈ।

ਇਸ ਵਾਸਤੇ ਇਸ ਮਾਇਆ ਦੀ ਖੇਡ ਵਿਚ ਸਾਡਾ ਕੁਝ ਕੁ ਸਮਾਂ ਪਹਿਲੇ ਦਾ ਸਭਿਆਚਾਰ ਤੇ ਸਾਡੀਆਂ ਸਬਰ-ਸਬੂਰੀ ਵਾਲੀਆਂ ਕਦਰਾਂ-ਕੀਮਤਾਂ ਬੱਸ ਹੁਣ ਦਲੀਆਂ-ਮਲੀਆਂ ਜਾ ਰਹੀਆਂ ਹਨ। ਸਾਡਾ ਜੀਵਨ ਕੁਦਰਤ ਦੀ ਬੁੱਕਲ ਵਿਚੋਂ ਨਿਕਲ



*Original with;*
Kulbir Singh Sidhu(I.A.S)
*Digitized by;*
Panjab Digital Library

ਕੇ ਗੈਰ-ਕੁਦਰਤੀ 'ਮਾਇਆ ਨਗਰੀ' ਦੀਆਂ ਮਾੜੀਆਂ ਮੁਲਾਮਤਾਂ ਦੇ ਕਾਰਨ ਬਦਰੰਗ ਹੋ ਰਿਹਾ ਹੈ। ਅਸੀਂ ਕਾਦਰ ਦੀ ਕੁਦਰਤ ਦੇ ਰੰਗ-ਤਮਾਸ਼ੇ ਤੇ ਖੇੜੇ ਤਾਂ ਹੁਣ ਭੁੱਲ ਹੀ ਗਏ ਹਾਂ। ਫਿਰ ਇਉਂ ਹੀ ਅਸੀਂ ਬੰਸਰੀ ਵਾਲੇ ਦੀ ਕ੍ਰਿਸ਼ਨ ਲੀਲਾ ਦੇ ਸੁੱਖ-ਆਨੰਦਾਂ ਨੂੰ ਵਿਸਾਰ ਦਿੱਤਾ ਹੈ।

ਬੱਸ ਹੁਣ ਤਾਂ ਕਿਤੇ ਕੋਈ ਬੀਨ ਵਾਲਾ ਸ਼ਹਿਰ ਵਿਚ ਕਿਤੇ ਛੋਟਾ-ਮੋਟਾ ਮਜਮ੍ਹਾ ਜਾਂ ਤਮਾਸ਼ਾ ਰਚ ਲਵੇ ਤਾਂ ਸਾਰਾ ਸ਼ਹਿਰ ਮਾਰੋ-ਮਾਰ ਕਰਦਾ, ਉਧਰ ਨੂੰ ਵਹੀਰਾਂ ਘੱਤ ਦਿੰਦਾ ਹੈ। ਜੇ ਫਿਰ ਕਿਤੇ ਕ੍ਰਿਕਟ ਮੈਚ ਹੁੰਦੇ ਹੋਣ ਤਾਂ ਸਮਝੋ ਕਿ ਸਾਡੇ ਘਰਾਂ ਦੇ ਘਰ ਤੇ ਗਲੀ-ਮੁਹੱਲੇ ਸੁੰਨੇ ਹੋ ਜਾਂਦੇ ਹਨ ਕਿਉਂਕਿ ਅਸੀਂ ਸਾਰੇ ਰੀਸੋ-ਰੀਸ ਦਰਸ਼ਕਾਂ ਦੀ ਭੀੜ ਵਿਚ ਜਾ ਸ਼ਾਮਿਲ ਹੁੰਦੇ ਹਾਂ। ਪਿਛੇ ਜਿਹੇ ਭਾਰਤ ਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਦੇ ਵਿਸ਼ਵ ਕੱਪ ਦਾ ਸੈਮੀ-ਫਾਈਨਲ ਦੇਖਣ ਦੇ ਜਨੂੰਨ ਦੀ ਇੰਤਹਾ ਇਹ ਬਣ ਗਈ ਕਿ ਸੰਸਾਰ ਭਰ ਦੀ ਮੀਡੀਆ ਨੇ ਇਸ ਕ੍ਰਿਕਟ ਮੈਚ ਨੂੰ 'ਜਨੂੰਨੀ-ਮੁਹੱਬਤ' ਵਾਂਗੂੰ 'ਜਨੂੰਨੇ-ਮੋਹਾਲੀ' ਦਾ ਹੀ ਨਾਂ ਦੇ ਦਿੱਤਾ।

ਇਸ ਤਰ੍ਹਾਂ ਕਦੇ-ਕਦੇ ਅੱਜ ਦਾ ਮਨੁੱਖ ਆਪਣੀ ਇਸ ਵਿਅਰਥ ਜਿਹੀ ਦੌੜ-ਭੱਜ ਨੂੰ ਸਮਝਦਾ ਤਾਂ ਹੈ, ਪਰ ਉਹ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਦੀ ਕਨਵੇਅਰ ਬੈਲਟ 'ਤੇ ਚੜ੍ਹਿਆ, ਬੱਸ ਵਾਹੋ-ਦਾਹੀ ਭੱਜਿਆ-ਨੱਠਿਆ ਜਾ ਰਿਹਾ ਹੈ। ਸਾਡੀ ਇਸ ਭੱਜ-ਨੱਠ ਬਾਰੇ ਸ਼ਾਇਰ **ਸ਼ਿਵ ਕੁਮਾਰ ਨਿਜ਼ਾਮ** ਕਹਿੰਦਾ ਹੈ, "ਸਭ ਇਸੀ ਧੁਨ ਮੇਂ ਭਾਗੇ ਜਾਤੇ ਹੈਂ; ਕੋਈ ਆਗੇ ਨਿਕਲ ਨਾ ਜਾਏ ਕਹੀਂ।" ਸੋ ਸਾਡੀ ਦੁਨੀਆਂ ਦੇ ਇਸ ਤੇਜ਼-ਰਫਤਾਰ ਰੇਲੇ-ਪੇਲੇ ਵਿਚ ਆਪਣੀ ਸਪੀਡ ਘਟਾਉਣੀ ਕਿਸੇ ਦੇ ਵੱਸ ਵਿਚ ਨਹੀਂ ਹੈ। ਸਿਰਫ਼ ਤੇ ਸਿਰਫ਼ ਬੱਸ ਇਸ ਧੱਕੇ-ਧੋੜੇ ਵਿਚ ਸਰੀਰਕ ਤੇ ਮਾਨਸਿਕ ਸੰਤੁਲਨ ਬਣਾਈ ਰੱਖਣ ਦੀ ਕੁਸ਼ਲਤਾ ਹੀ ਕਿਸੇ ਬੰਦੇ ਦੀ ਕਾਮਯਾਬੀ ਹੈ।

ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਕਦੇ ਸਾਦਗੀ, ਠਰੰਮਾ ਤੇ ਠਹਿਰਾਅ ਸਾਡੀ ਜੀਵਨ ਸ਼ੈਲੀ ਦੇ ਮੁੱਖ ਅੰਗ ਹੁੰਦੇ ਸਨ। ਅਜ ਭੌਤਿਕ ਪ੍ਰਗਤੀ ਦੇ ਸਦਕਾ ਬੇਸ਼ਕ ਸਾਡੇ ਕੋਲ ਸਾਡੇ ਕੋਲ ਬੇਸ਼ਕ ਹੋਰ ਸਭ ਕੁਝ ਹੋਵੇ, ਪਰ ਹੁਣ ਸਾਡੇ ਕੋਲ ਮਨ ਦਾ ਚੈਨ ਤੇ ਸਕੂਨ ਨਹੀਂ ਹੈ। ਅਸੀਂ ਆਪਣੀ ਪੂਰਬੀ ਸਭਿਅਤਾ ਦੀਆਂ ਮਾਨਵੀ ਕਦਰਾਂ-ਕੀਮਤਾਂ ਛੱਡ ਕੇ ਪੱਛਮੀ ਸਭਿਅਤਾ ਦੇ ਪਿਛੇ ਭੱਜ ਰਹੇ ਹਾਂ। ਫਿਰ ਪੱਛਮੀ ਸਭਿਅਤਾ ਵਿਚ ਤਾਂ ਜ਼ਿੰਦਗੀ ਪੂਰਨ ਤੌਰ 'ਤੇ ਮਕੈਨੀਕਲ ਹੋ ਚੁਕੀ ਹੈ। ਇਉਂ ਜਾਪਦਾ ਹੈ ਕਿ ਪੱਛਮੀ ਦੇਸ਼ਾਂ ਵਿਚ ਹਰ ਬੰਦਾ ਤੇਜ਼ ਰਫ਼ਤਾਰ ਐਕਸਕੇਲੇਟਰ 'ਤੇ ਚੜ੍ਹਿਆ-ਖੜੋਤਾ ਹੈ।

ਮੈਨੂੰ ਇਕ ਵਾਰ ਇੰਗਲੈਂਡ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਨੇੜਿਉਂ ਵੇਖਣ ਦਾ ਮੌਕਾ ਮਿਲਿਆ ਹੈ। ਉਥੇ ਲੋਕ ਖਾਸ ਕਰਕੇ ਪੰਜਾਬੀ ਪੈਸੇ ਕਮਾਉਣ ਦੀ ਹੋੜ ਵਿਚ ਲੱਗੇ ਹੋਏ ਹਨ। ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਮੋਟਰ ਵੇਅ 'ਤੇ ਭੱਜੀਆਂ ਜਾਂਦੀਆਂ ਕਾਰਾਂ ਨਾਲ ਤਸ਼ਬੀਹ ਦਿੱਤੀ ਜਾ ਸਕਦੀ ਹੈ। ਜਿਵੇਂ ਸੜਕਾਂ 'ਤੇ ਕਾਰਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਆਪਣੀ ਲੇਨ ਵਿਚ ਇਕ ਦੂਜੇ ਤੋਂ ਅੱਗੇ ਲੰਘਣ ਲਈ ਸਾਹੋ-ਸਾਹੀ ਹੋਈਆਂ ਫਿਰਦੀਆਂ ਹਨ, ਉਸ ਤਰ੍ਹਾਂ ਹੀ ਉਥੇ ਬੰਦੇ ਪੈਸੇ ਦੀ ਦੌੜ ਵਿਚ ਦਮੋਂ ਉਖੜੇ ਫਿਰਦੇ ਹਨ। ਉਥੇ ਜ਼ਿੰਦਗੀ ਕਾਰਾਂ ਵਾਂਗੂੰ ਆਪੋ-ਆਪਣੀ ਲੇਨ ਵਿਚ ਭੱਜੀ ਫਿਰਦੀ ਹੈ। ਬਸ ਉਥੋਂ ਦਾ ਜੀਵਨ ਇਕ ਚੱਕਰਵਿਊ ਵਰਗੇ ਗੇੜੇ ਵਿਚ ਲੂਡੋ ਦੀਆਂ ਗੋਲੀਆਂ ਵਾਂਗ ਰੁੜ੍ਹਿਆ ਫਿਰਦਾ ਹੈ। ਉਥੇ ਚੱਲ ਸੋ ਚੱਲ ਦਾ ਸਫ਼ਰ ਹੈ, ਕਿਸੇ ਦਾ ਕੋਈ ਨਾਮ ਨਹੀਂ ਤੇ ਕੋਈ ਪਛਾਣ ਨਹੀਂ ਅਤੇ ਨਾ ਹੀ ਕਿਸੇ ਕੋਲ ਕੁਝ ਦੱਸਣ-ਪੁੱਛਣ ਦਾ ਸਮਾਂ ਹੀ ਹੈ। ਬੱਸ ਸਿਰਫ਼ ਮਾਇਆ ਦੀ ਖੇਡ ਤੇ ਪੌਂਡਾਂ ਦੀ ਗਿਣਤੀ ਹੀ ਬੰਦੇ ਦੀ ਪਛਾਣ ਤੇ ਸ਼ਾਨ ਹੈ।

ਮੁੱਕਦੀ ਗੱਲ ਉਥੋਂ ਦੀ ਜ਼ਿੰਦਗੀ ਵਿਚ ਬੰਦੇ ਫੈਕਟਰੀਆਂ, ਦੁਕਾਨਾਂ ਤੇ ਦਫਤਰਾਂ ਵਿਚ ਪੱਬਾਂ ਭਾਰ ਹੋਏ ਘੜੀ ਦੀਆਂ ਸਕਿੰਟਾਂ-ਮਿੰਟਾਂ ਦੀਆਂ ਸੂਈਆਂ ਵਾਂਗ ਹੀ ਬਣ ਚੁਕੇ ਹਨ। ਵਿਦੇਸ਼ਾਂ ਵਿਚ ਇੰਨਾ ਕਮਾਉਣ-ਖੱਟਣ ਤੋਂ ਬਾਅਦ ਵੀ ਸਾਡੇ ਆਮ ਲੋਕ ਕਰਜ਼ੇ ਤੋਂ ਮੁਕਤ ਨਹੀਂ ਹਨ ਕਿਉਂਕਿ ਵੇਖੋ-ਵੇਖੀ ਵਿਖਾਵੇ ਤੇ ਝੂਠੀ ਫੰਨੇਖਾਈ ਦੀ ਜ਼ਿੰਦਗੀ ਸਾਡੇ ਵੀਰਾਂ 'ਤੇ ਹਾਵੀ ਹੋ ਚੁਕੀ ਹੈ। ਇਥੇ ਮੈਨੂੰ ਆਪਣੇ ਪੰਜਾਬੀ ਵੀਰਾਂ ਦੀ ਪੰਜਾਬ ਵਿਚ ਰਹਿਣੀ-ਬਹਿਣੀ ਦਾ ਖਿਆਲ ਆ ਰਿਹਾ ਹੈ ਕਿ ਜਿੰਨੀ ਮਿਹਨਤ ਅਸੀਂ ਬਾਹਰਲੇ ਮੁਲਕਾਂ ਵਿਚ ਜਾ ਕੇ ਕਰਦੇ ਹਾਂ, ਇਥੇ ਉਸ ਤੋਂ ਅੱਧੀ ਮਿਹਨਤ ਕਰਨ ਤੋਂ ਵੀ ਅਸੀਂ ਪਾਸਾ ਵੱਟਦੇ ਹਾਂ। ਇਸ ਤੋਂ ਇਲਾਵਾ ਆਪਣੀ ਚਾਦਰ ਤੋਂ ਬਾਹਰ ਪੈਰ ਪਸਾਰਨ ਭਾਵ ਆਪਣੇ ਵਿਤੋਂ ਬਾਹਲਾ ਖਰਚ ਕਰਨ ਅਤੇ ਬੇਮਤਲਬ ਜਿਹੇ ਠਾਠ-ਬਾਠ ਤੇ ਸ਼ਾਹਾਨਾ ਅੰਦਾਜ਼ ਵਿਚ ਜਿਉਣਾ ਪੰਜਾਬੀਆਂ ਦੀ ਮਾੜੀ ਆਦਤ ਬਣ ਚੁਕੀ ਹੈ।

ਇਸ ਸਬੰਧ ਵਿਚ ਸਾਡੇ ਪਿਉ-ਦਾਦਿਆਂ ਦੀਆਂ ਪੀੜ੍ਹੀਆਂ ਦੇ ਜੀਵਨ ਦਾ ਮੂਲ ਅਧਾਰ ਮਿਹਨਤ, ਸਬਰ ਤੇ ਸੰਤੋਖ ਹੀ ਹੁੰਦਾ ਸੀ। ਉਦੋਂ ਲੋਕਾਂ ਦੇ ਜੀਵਨ ਵਿਚ ਕਾਹਲ ਦੀ ਥਾਂ ਠਹਿਰਾਅ ਤੇ ਠਰ੍ਹੰਮਾ ਹੁੰਦਾ ਸੀ ਅਤੇ ਦੂਜੇ ਪਾਸੇ ਮਾਇਆ ਤੇ ਸ਼ੂੰਅ-ਫੈਂਅ ਦੇ ਨਾਲੋਂ ਸਦਾਚਾਰ ਤੇ ਸਾਦਗੀ ਨੂੰ ਤਰਜੀਹ ਦਿੱਤੀ ਜਾਂਦੀ ਸੀ। ਬੇਸ਼ਕ ਪੰਜਾਬ ਵਿਚ ਤਾਂ ਹੁਣ ਪਹਿਲੇ ਸਮਿਆਂ ਵਾਂਗ ਨਾਂ ਤਾਂ ਸੱਥਾਂ ਵਿਚ ਬੈਠਣ ਦਾ ਰਿਵਾਜ਼ ਰਹਿ ਗਿਆ ਹੈ ਅਤੇ ਨਾਂ ਹੀ ਹੁਣ ਬੋਹੜਾਂ-ਪਿਪਲਾਂ ਥੱਲੇ ਦੁਪਹਿਰਾ ਢਾਲਣ ਦੀ ਹੀ ਕੋਈ ਪੁਰਾਣੀ ਰੀਤ ਰਹਿ ਗਈ ਹੈ। ਅਸੀਂ ਆਪਣੇ ਗੁਆਂਢੀ ਰਾਜਸਥਾਨ ਦੇ ਲੋਕਾਂ ਵਾਂਗੂੰ ਰਾਬੜੀ ਪੀ ਕੇ ਅਨੰਦ-ਮੰਗਲ ਸੌਣ ਦਾ ਰਿਵਾਜ ਅਸੀਂ ਭੁੱਲ ਹੀ ਚੁੱਕੇ ਹਾਂ ਕਿ ਜਿਹੜੇ ਖੇਜੜੀ ਭਾਵ ਜੰਡ ਜਿਹੇ ਰੁਖ ਦੀ ਡੱਬ-ਖੱੜਬੀ ਤੇ ਬੱਕਰਦੰਦੀ ਛਾਂ ਵਿਚ ਵੀ ਅਨੰਦ ਨਾਲ ਸੁੱਤੇ ਰਹਿੰਦੇ ਹਨ। ਦਰਅਸਲ ਰਾਜਸਥਾਨ ਦੇ ਲੋਕਾਂ ਦੇ ਜੀਵਨ ਵਿਚ ਹੁਣ ਵੀ ਸਦਾਚਾਰ ਤੇ ਵਿਹਲ ਵਾਲੀ ਮਾਨਸਿਕਤਾ ਮਿਲਦੀ ਹੈ।

ਸਾਡੇ ਸਭਿਆਚਾਰ ਵਿਚ 50 ਕੁ ਸਾਲ ਪਹਿਲਾਂ ਦੇ ਸਮੇਂ ਦੀ ਰੱਬੀ-ਰਜ਼ਾ ਵਿਚ ਰਹਿਣ ਵਾਲੀ ਜੀਵਨ ਸ਼ੈਲੀ ਸਬੰਧੀ ਹਾਲੇ ਵੀ ਇਕ-ਦੋ ਲੋਕ-ਸੂਤਰ ਮਿਲਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਸਾਨੂੰ ਪਤਾ ਹੀ ਹੈ ਕਿ ਉਦੋਂ ਰਾਤ ਨੂੰ ਆਮ ਘਰਾਂ ਵਿਚ ਚਾਨਣ ਵਾਸਤੇ ਦੀਵਾ-ਬੱਤੀ ਕੀਤੀ ਜਾਂਦੀ ਸੀ। ਸੌਣ ਵੇਲੇ ਮਾਈਆਂ ਦੀਵੇ ਨੂੰ ਫੂਕ ਮਾਰਨ ਦੀ ਥਾਂ ਪੱਲੇ ਦੀ ਹਵਾ ਨਾਲ ਬੁਝਾਉਂਦੀਆਂ ਸਨ। ਇਸ ਪ੍ਰਥਾਇ ਇਕ ਲੋਕ ਸੂਤਰ 'ਜਾ ਦੇਵਤਿਆਂ ਘਰ ਆਪਣੇ, ਸੁੱਖੀ ਵਸੇਂਦੀ ਰਾਤ : ਕੱਲ੍ਹ ਅੰਨ-ਧਨ ਦੇ ਗੱਡੇ ਲਿਆਈਂ ਨਾਲੇ ਆਈ ਆਪ' ਹੁੰਦਾ ਸੀ। ਇਹ ਸੂਤਰ ਉਦੋਂ ਦੇ ਸਮਾਜ ਦੇ ਮਾਨਸਿਕ ਸੁੱਖ-ਚੈਨ ਤੇ ਲੋਕਾਂ ਦੇ ਮਨਾਂ ਵਿਚ ਰੱਬੀ ਰਜ਼ਾ ਪ੍ਰਤੀ ਆਸਥਾ ਨੂੰ ਦ੍ਰਿਸ਼ਟਮਾਨ ਕਰਦਾ ਹੈ। ਇਸ ਤਰ੍ਹਾਂ ਹੀ ਸਾਂਝੀ ਮਾਈ ਦੇ ਤਿਉਹਾਰ 'ਤੇ ਕੁੜੀਆਂ-ਚਿੜੀਆਂ ਕੀੜਿਆਂ ਦੇ ਭੌਣਾਂ 'ਤੇ ਤਿੱਲ-ਚੌਲੀ ਪਾਉਂਦੀਆਂ ਇਕ ਗੀਤ ਗਾਉਂਦੀਆਂ ਸਨ 'ਕੀੜਿਓ-ਮਕੌੜਿਓ ਅੰਨ ਦਿਉ, ਧਨ ਦਿਉ, ਭਾਈ ਦਿਉ, ਭਤੀਜਾ ਦਿਉ, ਕੱਢਣ ਨੂੰ ਕਸੀਦਾ ਦਿਉ : ਹੋਰ ਨਾ ਕੁਝ ਲੋੜੀਏ।' ਇਉਂ ਜੇ ਦੇਖੀਏ ਤਾਂ ਸਾਡੇ ਬਜ਼ੁਰਗਾਂ ਦੇ ਜੀਵਨ ਵਿਚ ਸੁਖ-ਸਕੂਨ ਦਿਸਦਾ ਸੀ ਅਤੇ ਉਸ ਦੇ ਬਿਲਕੁਲ ਉਲਟ ਸਾਡੇ ਸਮੇਂ ਦੇ ਜੀਵਨ ਵਿਚ ਹਰ ਸਮੇਂ ਬੇਚੈਨੀ ਤੇ ਪ੍ਰੇਸ਼ਾਨੀ ਦਿਸਦੀ ਹੈ।

ਪੰਜਾਬੀ ਸਭਿਆਚਾਰ ਵਿਚ ਕਾਹਲ ਤੇ 'ਕਾਹਲੀ ਅੱਗੇ ਟੋਏ' ਦੇ ਸੰਦਰਭ ਵਿਚ ਇਕ ਲੋਕ ਕਹਾਵਤ ਇਹ ਵੀ ਹੈ ਕਿ 'ਗਿੱਦੜਾਂ ਦੀ ਕਾਹਲੀ ਨਾਲ ਬੇਰ ਨਹੀਂ ਪੱਕਦੇ' ਪਰ ਇਸਦੇ ਬਾਵਜੂਦ ਵੀ ਅਸੀਂ ਆਪਣੀ ਮੁੱਢ-ਕਦੀਮੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਭੁਲ ਕੇ ਚੱਲ ਸੋ ਚੱਲ ਤੇ ਭੱਜ ਸੋ ਭੱਜ ਦੀ ਜ਼ਿੰਦਗੀ ਨੂੰ ਮਰਦੇ ਦਮ ਤੱਕ ਤਰਜੀਹ ਦੇ ਰਹੇ ਹਾਂ। ਸਾਨੂੰ ਵੇਦ ਗ੍ਰੰਥਾਂ ਦੀ ਸਿੱਖਿਆ ਭੁੱਲ ਗਈ ਹੈ ਕਿ ਬੰਦੇ ਦੇ ਨਾਲ ਅੱਗੇ ਨੇਕ ਅਮਲਾਂ ਦੀ ਦੌਲਤ ਹੀ ਜਾਂਦੀ ਹੈ ਅਤੇ ਪਿੱਛੇ ਇਸ ਦੁਨੀਆਂ ਵਿਚ ਬੰਦੇ ਦੀ ਨੇਕੀ ਤੇ ਨੇਕ ਸ਼ੋਹਰਤ ਹੀ ਰਹਿ ਜਾਂਦੀ ਹੈ। ਪਰ ਫਿਰ ਵੀ ਅਸੀਂ ਧਨ-ਕੁਬੇਰ ਦੇ ਵੱਡੇ ਪੁੱਤ ਬਣੇ ਬੈਠੇ ਹਾਂ ਕਿ ਦੁਨੀਆਂ ਅਮੀਰਾਂ ਨੂੰ 'ਪੈਸੇ ਦੇ ਪੁੱਤ' ਹੋਣ ਵਜੋਂ ਹੀ ਜਾਣਦੀ ਹੈ। ਫਿਰ ਇਹ ਅਮੀਰ ਲੋਕ ਵੀ ਇੰਨੇ ਵੱਡੇ ਮਾਇਆਧਾਰੀ ਹੋ ਗਏ ਹਨ ਕਿ ਜਾਪਦਾ ਹੈ ਕਿ ਸ਼ਾਇਦ ਇਨ੍ਹਾਂ ਨੇ ਅਗਲੇ ਜਹਾਨ ਦੇ ਸਫ਼ਰ 'ਤੇ ਜਾਣ ਵਾਸਤੇ ਆਪਣੇ ਧਨ-ਦੌਲਤ ਦੇ ਅੰਬਾਰਾਂ ਨੂੰ ਨਾਲ ਲਿਜਾਣ ਦਾ ਕੋਈ ਵੀਜ਼ਾ ਲਵਾਉਣ ਜਿਹਾ ਵਸੀਲਾ ਕਰ ਲਿਆ ਹੋਵੇ।

ਸੰਸਾਰ ਭਰ ਵਿਚ ਇਸ ਚਲ ਰਹੇ ਦੌਰੇ-ਦੌਰਾਂ ਵਿਚ ਦੁਨੀਆਂ ਨੂੰ ਮਾਇਆ ਇਕੱਠੀ ਕਰਨ ਦੀ ਭੱਜਾ-ਨੱਠੀ ਤੇ ਆਪਣੀ ਹੀ ਖੜ੍ਹੀ ਕੀਤੀ ਸਮੇਂ ਦੀ ਕਿੱਲਤ ਜਿਹੇ ਸਾਡੇ ਦੋ ਵਿਸ਼ਵਵਿਆਪੀ ਭੱਦਰਕਾਰੀ ਕ੍ਰਿਸ਼ਮਿਆਂ ਨੇ ਮਾਰ ਰੱਖਿਆ ਹੈ। ਇਸ ਪਰਿਪੇਖ ਵਿਚ ਸਾਡੇ ਵੱਲੋਂ ਆਉਣ ਵਾਲੀਆਂ ਪੁਸ਼ਤਾਂ ਵਾਸਤੇ ਧਨ ਜੋੜਨ ਦੇ ਕਾਰਿਆਂ ਨੇ ਸਾਡੇ ਦੇਸ਼ ਦੀ ਅੱਧੀ ਤੋਂ ਵੱਧ ਅਬਾਦੀ ਨੂੰ ਗਧੀ-ਗੇੜ ਪਾ ਰੱਖਿਆ ਹੈ। ਇਸ ਤਰ੍ਹਾਂ ਹੀ ਸਾਨੂੰ ਜ਼ਿੰਦਗੀ ਵਿਚ ਬੇਵਜ੍ਹਾ-ਕਾਹਲ ਨੇ ਆਪਣੀ ਗ੍ਰਿਫਤ ਵਿਚ ਲੈ ਰੱਖਿਆ ਹੈ। ਜਿਸ ਰੋਟੀ ਵਾਸਤੇ ਅਸੀਂ ਦਿਨ-ਰਾਤ ਇਕ ਕਰ ਰਹੇ ਹਾਂ, ਉਸ ਭੋਜਨ ਨੂੰ ਸ਼ਾਂਤ ਮਨ ਹੋ ਕੇ ਚੱਜ ਨਾਲ ਖਾਣ ਦਾ ਸਾਡੇ ਕੋਲ ਸਮਾਂ ਹੀ ਨਹੀਂ ਹੈ। ਇਸ ਤਰ੍ਹਾਂ ਸਾਡੀ



*Original with;*
Kulbir Singh Sidhu(I.A.S)
*Digitized by;*
Panjab Digital Library

ਮਾਨਸਿਕਤਾ ਵਿਚ ਮਾਇਆ ਇਕੱਠੀ ਕਰਨ ਦੀ ਕਾਹਲੀ ਤੇ ਸਮੇਂ ਦੀ ਅਖੌਤੀ ਥੁੜ ਨੇ ਪੱਕਾ ਘਰ ਬਣਾ ਰੱਖਿਆ ਹੈ।

ਮਾਨਸਿਕ ਤੌਰ 'ਤੇ ਮਾਇਆ ਇਕੱਠੀ ਕਰਨ ਦੀ ਕਾਹਲੀ ਤੇ ਭੱਜਾ-ਨੱਠੀ ਅਤੇ ਅਕਸਰ ਹੀ ਸਾਡੀ ਲੇਟ-ਲਤੀਫ਼ੀ ਦੀ ਆਦਤ ਕਰਕੇ ਸਮੇਂ ਦੀ ਅਖੌਤੀ ਕਿੱਲਤ ਸਾਨੂੰ ਕੋਹਲੂ ਦੇ ਬਲਦ ਵਾਂਗੂੰ ਘੁਕਾਈ ਫਿਰਦੀ ਹੈ। ਸਮੇਂ ਦੀ ਕਿੱਲਤ ਦੇ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਇੰਗਲੈਂਡ ਵਿਚ ਪੰਜਾਬੀਆਂ ਦੇ ਖੁਸ਼ੀ-ਗਮੀ ਦੇ ਸਮਾਗਮ ਸਿਰਫ਼ 'ਵੀਕ ਐਂਨਡ' ਭਾਵ ਛੁੱਟੀ ਵਾਲੇ ਦਿਨ ਹੀ ਮਨਾਏ ਜਾਂਦੇ ਹਨ। ਬੱਸ ਮਰਨਾ-ਪਰਨਾ ਵੀ ਮਜਬੂਰੀ ਵੱਸ ਸ਼ਨਿੱਚਰਵਾਰ ਤੇ ਐਤਵਾਰ ਨੂੰ ਹੀ ਹੁੰਦਾ ਹੈ। ਬਹਿਰਹਾਲ! ਇਨ੍ਹਾਂ ਲੋਕਾਂ ਦਾ 'ਆਫ਼ ਡੇਅਜ਼' ਨੂੰ ਕਲੱਬਾਂ ਵਿਚ ਜਾਣਾ ਬੱਸ ਨਿੱਤਨੇਮ ਵਾਂਗੂੰ ਹੀ ਬਣਿਆ ਹੋਇਆ ਹੈ। ਫਿਰ ਉਥੇ ਮਿਲ ਕੇ ਆਪਸ ਵਿਚ ਗਲਾਸੀ ਸਾਂਝੀ ਕਰਨੀ ਆਮ ਗੱਲ ਹੈ, ਪਰ ਇਹ ਪਤਾ ਨਹੀਂ ਕਿ ਆਸ਼ਕ-ਮਸ਼ੂਕ ਤਾਂ ਕੀ ਸਗੋਂ ਘਰ-ਵਾਲਾ ਤੇ ਘਰ-ਵਾਲੀ ਵੀ ਆਪੋ-ਆਪਣੇ ਬਿੱਲ ਦੇ ਪੈਸੇ ਦੇ ਰਹੇ ਹੋਣ।

ਇਥੇ ਸਾਡੇ ਰਿਵਾਜ ਹੈ ਕਿ ਘਰ ਦਾ ਕਮਾਊ ਬੰਦਾ ਆਪਣੀ ਸਾਰੀ ਤਨਖਾਹ ਲਿਆ ਕੇ ਘਰ ਵਾਲੀ ਨੂੰ ਫੜਾ ਦਿੰਦਾ ਹੈ। ਇਸ ਪ੍ਰਸੰਗ ਵਿਚ ਮੈਨੂੰ ਪ੍ਰਿੰਸੀਪਲ ਛੱਜਾ ਸਿੰਘ ਦੀ ਗੱਲ ਯਾਦ ਆਉਂਦੀ ਹੈ ਕਿ ਉਨ੍ਹਾਂ ਦੀ ਘਰ ਵਾਲੀ ਕਹਿਣ ਲਗੀ ਕਿ ਤੁਹਾਨੂੰ ਤਾਂ ਪਿੰਡ ਦਾ ਕੋਈ ਵੀ ਬੰਦਾ ਕਦੇ ਵੀ ਚੰਗਾ ਨਹੀਂ ਕਹਿੰਦਾ। ਪ੍ਰਿੰਸੀਪਲ ਸਾਹਿਬ ਨੇ ਜੁਆਬ ਦਿੱਤਾ ਕਿ ਭਲੀਏਮਾਣਸੇ ਮੈਂ ਸਾਰੀ ਤਨਖਾਹ ਤਾਂ ਤੈਨੂੰ ਫੜਾ ਦਿੰਦਾ ਹਾਂ ਤਾਂ ਫਿਰ ਮੈਨੂੰ ਪਿੰਡ ਚੰਗਾ ਕਿਉਂ ਆਖੂਗਾ। ਜ਼ਾਹਿਰ ਹੈ ਕਿ ਬੰਦਾ ਸਾਰੀ ਉਮਰ ਪੈਸੇ ਦੀ ਖਾਤਰ ਬੇਸ਼ੱਕ ਭੱਜਦਾ, ਖੱਪਦਾ ਤੇ ਮਰਦਾ ਰਹਿੰਦਾ ਹੈ; ਪਰ ਲੋਕ ਤਾਂ ਕੀ, ਸਗੋਂ ਉਸ ਨੂੰ ਘਰ ਵਾਲੇ ਵੀ ਕਿਤੇ ਅੜ੍ਹੇ-ਥੁੜ੍ਹੇ ਹੀ ਸ਼ਾਬਾਸ਼ ਦਿੰਦੇ ਹਨ।

ਮੁੱਕਦੀ ਗੱਲ ਇਹ ਹੈ ਕਿ ਅੱਜ ਸਾਰਾ ਸੰਸਾਰ ਹੀ ਇਕ ਬਜ਼ਾਰ ਬਣਿਆ ਪਿਆ ਹੈ, ਜਿਸ ਵਿਚ ਪੈਸਾ ਪ੍ਰਧਾਨ ਹੈ। ਪੈਸੇ ਦੀ ਪ੍ਰਾਪਤੀ ਲਈ ਜ਼ਖੀਰੇਬਾਜ਼ੀ, ਮਿਲਾਵਟਖੋਰੀ, ਜਮਾਂਖੋਰੀ, ਰਿਸ਼ਵਤਖੋਰੀ ਤੇ ਮਹਿੰਗਾਈ ਵਰਗੇ ਬਜ਼ਾਰੂ ਹੱਥਕੰਡਿਆਂ ਨੇ ਦੁਨੀਆਂ ਦੇ ਨੱਕ ਵਿਚ ਦਮ ਕਰ ਰਿਹਾ ਹੈ। ਆਮ ਬੰਦੇ ਦਾ ਤਾਂ ਹੁਣ ਜਿਊਣਾ ਹੀ ਮੁਹਾਲ ਹੋ ਗਿਆ ਹੈ। ਗਰੀਬ ਤੇ ਅਮੀਰ ਬੰਦੇ ਵਿਚ ਆਰਥਿਕ ਪਾੜਾ ਇੰਨਾ ਵਧ ਗਿਆ ਹੈ ਕਿ ਇਹ ਵਰਗ ਆਪਸ ਵਿਚ ਜੰਗ ਦੀ ਕਗਾਰ 'ਤੇ ਆਏ ਖੜ੍ਹੇ ਹਨ। ਸਾਡੇ ਦੇਸ਼ ਤੇ ਸਮਾਜ ਵਿਚ ਮਹਿੰਗਾਈ ਸਿਰ ਚੜ੍ਹ ਕੇ ਬੋਲ ਰਹੀ ਹੈ। ਸਗੋਂ ਮਹਿੰਗਾਈ ਸਾਡੇ ਬਜ਼ਾਰਾਂ ਵਿਚ ਜਮਾਂਖੋਰੀ ਤੇ ਮਿਲਾਵਟਖੋਰੀ ਅਤੇ ਸਰਕਾਰਾਂ ਤੇ ਦਫਤਰਾਂ ਵਿਚ ਰਿਸ਼ਵਤਖੋਰੀ ਤੇ ਘਪਲਿਆਂ ਦੇ ਰੂਪ ਵਿਚ ਤਾਂਡਵ ਨਾਚ ਨੱਚ ਰਹੀ ਹੈ।

ਫਿਰ ਨਿੱਤ-ਦਿਹਾੜੇ ਵਧਦੀ ਜਾ ਰਹੀ ਮਹਿੰਗਾਈ ਦੇ ਕਾਰਨ ਹਰ ਬੰਦੇ ਦਾ ਹੱਥ ਆਪਣੇ ਦੂਜੇ ਭਰਾ ਦੇ ਖੀਸੇ ਵਿਚ ਹੈ। ਇਥੇ ਹੀ ਬੱਸ ਨਹੀਂ ਮਹਿੰਗਾਈ ਦੇ ਇਸ ਨਾਚ ਵਿਚ ਅਸੀਂ ਸਾਰੇ ਇਕ-ਦੂਜੇ ਦੇ ਖੀਸੇ ਕੱਟ ਰਹੇ ਹਾਂ। ਇਸ ਸਮੱਸਿਆ ਦਾ ਫਿਰ ਕੋਈ



*Original with;*
Kulbir Singh Sidhu(I.A.S)
*Digitized by;*
Panjab Digital Library

ਹੱਲ ਵੀ ਨਹੀਂ ਦਿਸਦਾ ਕਿਉਂਕਿ ਮਹਿੰਗਾਈ ਸਾਡੀਆਂ ਬਹੁਤੀਆਂ ਸਮਾਜਿਕ ਤੇ ਆਰਥਿਕ ਬੁਰਾਈਆਂ ਦੀ ਮਾਂ ਹੈ ਅਤੇ ਮਹਿੰਗਾਈ ਦੇ ਕਾਰਨ ਸਾਡੇ ਅਰਥਚਾਰੇ ਦਾ ਸਾਰਾ ਢਾਂਚਾ ਹੀ ਇਕ ਜ਼ਹਿਰੀਲੇ ਚੱਕਰ ਵਿਚ ਫਸਿਆ ਹੋਇਆ ਹੈ। ਬੱਸ ਇਹ ਹੀ ਲਗਦਾ ਹੈ ਕਿ ਇਸ ਸਮੱਸਿਆ ਦਾ ਹੱਲ ਕਦੇ ਸਾਡੇ ਇਕ ਅਖਾਣ : 'ਮੱਝ ਨਾਲ ਜੂੰਆਂ ਵੀ ਮਰ ਜਾਣਗੀਆਂ' ਅਨੁਸਾਰ ਹੀ ਹੋਵੇਗਾ ਕਿਉਂਕਿ ਜਦੋਂ ਮਹਿੰਗਾਈ ਖਤਮ ਹੋਵੇਗੀ ਤਾਂ ਮਹਿੰਗਾਈ ਤੋਂ ਉਪਜੀਆਂ ਸਾਡੀਆਂ ਸਮਾਜਿਕ ਤੇ ਆਰਥਿਕ ਬੁਰਾਈਆਂ ਦਾ ਵੀ ਕਿਤੇ ਅੰਤ ਹੋ ਜਾਵੇਗਾ।

ਖ਼ੈਰ! ਜਿਥੋਂ ਤਕ ਹੁਣ ਮਾਇਆਵਾਦੀ ਤੇ ਪਦਾਰਥਵਾਦੀ ਮਾਨਸਿਕਤਾ ਦਾ ਤੁਅਲਕ ਹੈ, ਇਹ ਤਾਂ ਹੁਣ ਪੂਰਬੀ ਤੇ ਪੱਛਮੀ ਸਭਿਅਤਾ ਤੇ ਇਕੋ ਸਮਾਨ ਹੀ ਭਾਰੂ ਹੈ। ਕਦੇ ਪੱਛਮੀ ਸਭਿਅਤਾ ਵਾਲੇ ਪੂਰਬੀ ਸਭਿਅਤਾ ਦੇ ਅਧਿਆਤਮਵਾਦ ਤੇ ਸੁਖ-ਚੈਨ ਦੀ ਜੀਵਨ-ਜਾਚ ਸਿੱਖਣ ਲਈ ਗੰਗਾ ਦੇ ਕਿਨਾਰੇ ਤੁਰੇ ਫਿਰਦੇ ਸਨ। ਬਹਿਰਹਾਲ, ਅੱਜ ਮੌਜੂਦਾ ਸਮੇਂ ਦੀ ਭੌਤਿਕ ਤਰੱਕੀ ਤੇ ਜ਼ਿੰਦਗੀ ਦੀ ਰਫ਼ਤਾਰ ਨੇ ਉਲਟੀ ਗੰਗਾ ਵਹਾਅ ਰੱਖੀ ਹੈ ਅਤੇ ਹੁਣ ਪੂਰਬੀ ਸਭਿਅਤਾ ਮਾਇਆ ਦੀ ਭਾਲ ਵਿਚ ਪੱਛਮੀ ਸਭਿਅਤਾ ਦੀ ਚਾਕਰੀ ਕਰਦੀ ਫਿਰਦੀ ਹੈ।

ਇਹ ਵੀ ਨਹੀਂ ਕਿ ਯੂਰਪ, ਇੰਗਲੈਂਡ, ਅਮਰੀਕਾ ਤੇ ਕੈਨੇਡਾ ਦੇ ਲੋਕਾਂ ਵਿਚ ਕਮੀਆਂ-ਖਾਮੀਆਂ ਨਹੀਂ ਹਨ ਕਿਉਂਕਿ ਇਨਸਾਨ ਕਿਤੇ ਵੀ ਸੋਲਾਂ-ਕਲਾਂ ਸੰਪੂਰਨ ਨਹੀਂ ਹੁੰਦਾ। ਸੋ ਇਸ ਵਾਸਤੇ ਅੰਗਰੇਜ਼ ਲੋਕ ਵੀ ਆਪਣੀ ਹੀ ਕਿਸਮ ਦੇ ਜਨੂੰਨਾਂ, ਭਰਮਾਂ ਤੇ ਵਹਿਮਾਂ ਦੇ ਪੱਟੇ ਫਿਰਦੇ ਹਨ, ਸਗੋਂ ਉਨ੍ਹਾਂ ਦੀ ਪੱਛਮੀ ਸਭਿਅਤਾ ਦੀ ਫੈਸ਼ਨਪ੍ਰਸਤੀ ਤੇ ਐਸ਼ਪ੍ਰਸਤੀ ਨੇ ਤਾਂ ਸਾਰੀ ਦੁਨੀਆਂ ਨੂੰ ਪੱਟ ਰਖਿਆ ਹੈ।

ਨਿਰਸੰਦੇਹ ਮੌਜੂਦਾ ਦੌਰ ਵਿਚ ਅਸੀਂ ਜੀਵਨ ਦੇ ਇਨ੍ਹਾਂ ਮਾੜੇ ਤੇ ਬੇਲੋੜੇ ਪਹਿਲੂਆਂ ਦੇ ਜ਼ਰ-ਖ਼ਰੀਦ ਗੁਲਾਮ ਬਣ ਚੁੱਕੇ ਹਾਂ। ਇਥੇ ਜੇ ਐਸ਼ਪ੍ਰਸਤੀ ਤੇ ਕਾਮਵਾਸਨਾ ਦੀ ਗੱਲ ਹੀ ਲੈ ਲਈਏ ਤਾਂ ਹੁਣ ਪੂਰਬੀ ਤੇ ਪੱਛਮੀ ਸਭਿਅਤਾ ਵਿਚ ਬਸ ਉਨੀਂ-ਇੱਕੀ ਦਾ ਫ਼ਰਕ ਹੀ ਰਹਿ ਗਿਆ ਹੈ। ਸਗੋਂ ਅਸੀਂ ਭ੍ਰਿਸ਼ਟਾਚਾਰ ਤੇ ਵਿਭਚਾਰ ਦੇ ਪੱਖੋਂ ਹੁਣ ਅਸੀਂ ਇੱਕੀ ਬਿਸਵੇ ਹਾਂ ਅਤੇ ਪੱਛਮ ਦੇ ਲੋਕਾਂ ਨੂੰ ਅਸੀਂ ਕਿਤੇ ਪਿੱਛੇ ਛੱਡ ਗਏ ਹਾਂ। ਅੱਜ ਅਸੀਂ ਕਾਮਵਾਸਨਾ ਦੀ ਭੁੱਖ-ਭੋਖੜੇ ਦੇ ਮਾਰੇ ਹੋਏ ਸਰੇ-ਬਜ਼ਾਰ ਵਿਭਚਾਰੀ ਤੇ ਦਰਿੰਦਗੀ ਭਰੀਆਂ ਕਰਤੂਤਾਂ ਕਰ ਰਹੇ ਹਾਂ ਕਿ ਸਾਡੀ ਅਖੌਤੀ ਸਭਿਅਤਾ ਦੇ ਸਿਰ ਅਸੀਂ ਆਪ ਹੀ ਸੁਆਹ ਪਾ ਰਹੇ ਹਾਂ। ਫਿਰ ਹੁਣ ਤਾਂ ਸਾਡੇ ਅਖੌਤੀ ਸਾਧ, ਸੰਤ ਤੇ ਉਨ੍ਹਾਂ ਦੇ ਡੇਰੇ ਕਾਮ-ਕ੍ਰੀੜਾ ਦੇ ਵੱਡੇ ਅੱਡੇ ਬਣ ਚੁੱਕੇ ਹਨ। ਇਸ ਸਬੰਧ ਵਿਚ ਨਿੱਤ ਵਾਪਰ ਰਹੀਆਂ ਘਟਨਾਵਾਂ ਤੋਂ ਤਾਂ ਇਹ ਹੀ ਜਾਪਦਾ ਹੈ ਕਿ ਸਾਡੇ ਸਿਰ 'ਤੇ ਕਾਮ ਤੇ ਇਸ਼ਕ-ਮੁਸ਼ਕ ਦਾ ਭੂਤ ਹਰ ਵੇਲੇ ਸਵਾਰ ਰਹਿੰਦਾ ਹੈ, ਜਿਸ ਕਰਕੇ ਸਮੁੱਚੀ ਕੌਮ ਦਾ ਅੱਜ ਸ਼ਰਮ ਨਾਲ ਸਿਰ ਨੀਵਾਂ ਹੋ ਰਿਹਾ ਹੈ।

ਬਹਿਰਹਾਲ, ਪੱਛਮੀ ਤਹਿਜ਼ੀਬ ਵਾਲਿਆਂ ਨੂੰ ਬੇਸ਼ੱਕ ਕਾਮਵਾਸਨਾ ਦੇ ਪੱਖੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਹਾਬੜੇ ਤੇ ਭੁੱਖੇ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਥੇ ਪ੍ਰੇਮ ਦੀ ਖੁੱਲ੍ਹੀ ਖੇਡ ਹੈ। ਇਸ ਦੇ ਨਾਲ ਹੀ ਪ੍ਰੇਮ-ਪਿਆਰ ਦੀ ਅਜ਼ਾਦੀ ਨੇ ਉਨ੍ਹਾਂ ਲੋਕਾਂ ਦੀ ਹਾਲਤ 'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਣ ਲੱਗੀ' ਵਾਲੀ ਬਣਾ ਰਖੀ ਹੈ, ਜਿਸ ਕਰਕੇ ਉਨ੍ਹਾਂ ਦੇ ਸਿਰ 'ਤੇ ਹਰ ਸਮੇਂ ਪ੍ਰੇਮ ਦਾ ਜਨੂੰਨ ਚੜ੍ਹਿਆ ਰਹਿੰਦਾ ਹੈ। ਇਸ ਸਬੰਧ ਵਿਚ ਜਦੋਂ ਬੁੱਢੇ-ਨੱਢੇ ਅੰਗਰੇਜ਼ ਜੋੜੇ ਆਪਸ ਵਿਚ ਦਿਨ-ਦੀਵੀਂ ਗੱਡੀਆਂ, ਬੱਸਾਂ ਤੇ ਬਜ਼ਾਰਾਂ ਵਿਚ ਚੋਹਲ-ਮੋਹਲ ਤੇ ਕਲੋਲ ਕਰਨ ਜਿਹੇ ਕਮਲ ਮਾਰ ਰਹੇ ਹੁੰਦੇ ਹਨ ਤਾਂ ਬੱਸ ਦੇਖਣ ਵਾਲਾ ਹੀ ਸ਼ਰਮ ਕਰੇ ਤਾਂ ਕਰੇ। ਇਸ ਵਾਸਤੇ ਉਥੋਂ ਦੀ ਰਾਹਗੀਰ ਜਨਤਾ ਨੇ ਵੀ ਕਣਖੀ ਜਿਹੀ ਅੱਖ ਨਾਲ ਵੇਖਣ ਦਾ ਵਤੀਰਾ ਬਣਾ ਰੱਖਿਆ ਹੈ। ਉਥੇ ਖੱਬੇ-ਸੱਜੇ ਬੈਠੇ ਲੋਕ ਇਨ੍ਹਾਂ ਠਰਕੀ ਭੂੰਡ ਆਸ਼ਕਾਂ ਨੂੰ 'ਦੇਖਤੇਂ ਹੈ ਜੈਸੇ ਦੇਖਤੀ ਨਾ ਹੋ ਨਜ਼ਰ' ਮੁਤਾਬਿਕ ਟੇਢੀਆਂ ਜਿਹੀਆਂ ਨਜ਼ਰਾਂ ਨਾਲ ਹੀ ਵੇਖਦੇ ਹਨ।

ਖ਼ੈਰ! ਸਾਡੀ ਪੁਰਾਤਨ ਸਭਿਅਤਾ ਦੇ ਮੁਤਾਬਿਕ ਤਾਂ ਉਨ੍ਹਾਂ ਨੂੰ ਢੀਠ ਤੇ ਬੇਸ਼ਰਮ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਮੁਲਕਾਂ ਵਿਚ ਸਰ੍ਹੇ-ਰਾਹ ਚੱਲਦੇ-ਚੱਲਦੇ ਪ੍ਰੇਮ ਦੇ ਇਜ਼ਹਾਰ ਵਜੋਂ ਉਨ੍ਹਾਂ ਲੋਕਾਂ ਨੂੰ ਪਲੋਸਾ-ਪਲਾਸੀ ਤੇ ਚੁੰਮੀ-ਚੱਟੀ ਕਰਨ ਦੀ ਨਾ ਤਾਂ ਕੋਈ ਨਿੰਦ-ਵਿਚਾਰ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਭੋਰਾ ਮਾਤਰ ਸ਼ਰਮ ਹੀ ਆਉਂਦੀ ਹੈ। ਸਗੋਂ ਉਹ ਦੇਖਣ ਵਾਲਿਆਂ ਦੀਆਂ ਨਜ਼ਰਾਂ ਦਾ ਬਹੁਤ ਬੁਰਾ ਮਨਾਉਂਦੇ ਹਨ ਤੇ ਟਿਕ-ਟਿਕੀ ਲਾ ਕੇ ਦੇਖਣ ਵਾਲਿਆਂ ਦੇ ਉਹ ਗਲ ਪੈਣ ਤੱਕ ਜਾਂਦੇ ਹਨ। ਬਹਿਰਹਾਲ, ਸੜਕ-ਛਾਪ ਇਨ੍ਹਾਂ ਮੰਜਨੂੰਆਂ ਨੂੰ ਰਾਹ ਜਾਂਦੀ ਪਬਲਿਕ ਨੂੰ ਅਣਡਿੱਠ ਕਰਨ ਦੀ ਇੰਨੀ ਆਦਤ ਪੈ ਗਈ ਹੈ ਕਿ ਉਹ ਦੇਖਣ ਵਾਲੇ ਨੂੰ ਹੀ ਬੇਸ਼ਰਮ ਕਰ ਦਿੰਦੇ ਹਨ। ਫਿਰ ਇਸ ਪ੍ਰੇਮ-ਕ੍ਰੀੜਾ ਦੇ ਪਲਕ-ਝਲਕ ਦੇ ਮੇਲੇ ਤੋਂ ਬਾਅਦ ਇਹ ਸਾਥੀ ਪਤਾ ਨਹੀਂ ਕਿ ਹਵਾਈ ਅੱਡੇ 'ਤੇ ਖੜ੍ਹੇ ਮੁਸਾਫਿਰਾਂ ਵਾਂਗ ਕਦੋਂ ਤੇ ਕਿੱਥੇ ਉਡਾਰੀ ਮਾਰ ਜਾਣ ਕਿਉਂਕਿ ਉਥੇ ਪਿਆਰ ਦਾ ਪੂਰਨ ਤੌਰ 'ਤੇ ਵਪਾਰੀਕਰਣ ਹੋ ਚੁੱਕਿਆ ਹੈ। ਇਸ ਵਾਸਤੇ ਉਨ੍ਹਾਂ ਲੋਕਾਂ ਵਿਚ ਇਸ਼ਕ-ਮੁਸ਼ਕ ਵਿਚ ਜੀਵਨ ਬਰਬਾਦ ਕਰਨ ਜਾਂ ਫਿਰ ਆਸ਼ਿਕ-ਮਾਸ਼ੂਕ ਵਾਸਤੇ ਮਰਨ-ਮਾਰਨ ਦੀ ਕੋਈ ਰਿਵਾਇਤ ਜ਼ਾਂ ਰਹੁ-ਰੀਤ ਹੀ ਨਹੀਂ ਹੈ।

ਪਰ ਇਸ ਸਭ ਕਾਸੇ ਦੇ ਬਾਵਜੂਦ ਵੀ ਪੱਛਮੀ ਸਭਿਅਤਾ ਵਾਲੇ ਕੁਦਰਤੀ ਸਾਹ ਲੈਣ ਵਾਂਗੂੰ ਸੋਹਜ, ਸਲੀਕੇ ਤੇ ਸ਼ਿਸ਼ਟਾਚਾਰ ਦੇ ਬਹੁਤ ਪਾਬੰਦ ਹਨ। ਉਹ ਲੋਕ ਅੱਖਾਂ ਮਿਲਣ 'ਤੇ ਹਰ ਜਾਣ-ਅਣਜਾਣ ਬੰਦੇ ਨੂੰ ਮੁਸਕਰਾਹਟ ਭਰੀ ਦੁਆ-ਸਲਾਮ ਜ਼ਰੂਰ ਕਰਦੇ ਹਨ; ਕਿਉਂਕਿ ਉਹ ਜਾਣਦੇ ਹਨ ਕਿ ਇਕ ਸਲਾਮ ਖ਼ਾਤਿਰ ਕਾਜ਼ੀ ਨੂੰ ਰੁਸਾਉਣਾ ਠੀਕ ਨਹੀਂ ਹੁੰਦਾ। ਇਸ ਤਰ੍ਹਾਂ ਹੀ ਜਦੋਂ ਉਹ ਤੁਹਾਥੋਂ ਪਹਿਲਾਂ ਗੇਟ ਪਾਰ ਕਰਦੇ ਹਨ ਤਾਂ ਤੁਹਾਡੇ ਲੰਘਣ ਵਾਸਤੇ ਉਹ ਦਰਵਾਜ਼ਾ ਫੜ੍ਹਕੇ ਰਖਦੇ ਹਨ। ਇਉਂ ਹੀ ਜੇ ਕਿਤੇ ਉਨ੍ਹਾਂ ਨੂੰ ਬਿੱਲੀ ਦੇ ਰਾਹ ਕੱਟਣ ਵਾਂਗੂੰ ਤੁਹਾਡੇ ਤੋਂ ਅੱਗੇ ਲੰਘਣਾ ਪਵੇ ਹਨ ਤਾਂ ਉਹ ਤੁਹਾਨੂੰ 'ਸੌਰੀ' ਕਹਿਣਾ ਨਹੀਂ ਭੁੱਲਦੇ। ਅੰਗਰੇਜ਼ਾਂ ਵਿਚ ਹੋਰ ਵੀ ਬਹੁਤ



*Original with;*
Kulbir Singh Sidhu(I.A.S)
*Digitized by;*
Panjab Digital Library

ਸਿਫਤਾਂ ਹਨ, ਜੋ ਅਸੀਂ ਉਨ੍ਹਾਂ ਤੋਂ ਕਦੇ ਸਿੱਖੀਆਂ ਹੀ ਨਹੀਂ ਹਨ। ਉਹ ਲੋਕ ਪੜ੍ਹਨ ਦੇ ਬੇਅੰਤ ਸ਼ੌਕੀਨ ਹਨ, ਬੱਸ ਜਾਂ ਟ੍ਰੇਨ ਦੇ ਸਫਰ ਵਿਚ ਤੁਹਾਨੂੰ ਹਰ ਕੋਈ ਪੜ੍ਹਦਾ ਦਿਸੇਗਾ, ਉਹ ਹੈਲੋ ਤੇ ਥੈਂਕਸ ਕਹਿਣ ਨਾਲ ਮੁਸਕਰਾਹਟਾਂ ਬਿਖਰਦੇ ਫਿਰਦੇ ਹਨ। **ਮੀਰ ਤਕੀ ਮੀਰ** ਦਾ ਸ਼ਿਅਰ ਉਨ੍ਹਾਂ ਉਤੇ ਬੜਾ ਢੁੱਕਦਾ ਹੈ।

ਸ਼ਰਤ ਸਲੀਕਾ ਹਰ ਇਕ ਅਮਰ ਮੇਂ
ਐਬ ਭੀ ਕਰਨੇ ਕੋ ਹੁਨਰ ਚਾਹੀਏ॥

ਇਸ ਸੰਦਰਭ ਵਿਚ ਅਸੀਂ ਅੰਗਰੇਜ਼ਾਂ ਤੋਂ ਕੋਈ ਚੰਗੀ ਗੱਲ ਘੱਟ ਹੀ ਸਿੱਖੀ ਹੈ ; ਸਗੋਂ ਸਿੱਖਣ ਦੀ ਥਾਂ ਅਸੀਂ ਆਪਣੀ ਗੁਲਾਮ ਪ੍ਰਵਿਰਤੀ ਦੇ ਕਾਰਨ ਉਨ੍ਹਾਂ ਦੀ ਜੀਵਨਸ਼ੈਲੀ ਦੀ ਮਹਿਜ਼ ਨਕਲ ਮਾਰਨ ਦੀ ਖ਼ਾਤਿਰ ਫੈਸ਼ਨਪ੍ਰਸਤੀ ਤੇ ਐਸ਼ ਕਰਨ ਜਿਹੀਆਂ ਮਾੜੀਆਂ ਆਦਤਾਂ ਨੂੰ ਪਾਗਲਪਣ ਦੀ ਹੱਦ ਤੱਕ ਅਪਣਾ ਰੱਖਿਆ ਹੈ। ਬੱਸ, ਇਕ ਨਿੱਕੀ ਜਿਹੀ ਮਿਸਾਲ ਵਜੋਂ ਕਿਹਾ ਜਾ ਸਕਦਾ ਹੈ ਕਿ ਸਾਨੂੰ ਅੰਗਰੇਜ਼ੀ ਆਵੇ ਜਾਂ ਨਾ ਆਵੇ; ਪਰ ਅਸੀਂ ਅੰਗਰੇਜ਼ੀ ਦੀ ਬਕੜਵਾਦ ਨੂੰ ਮੂੰਹ ਮਾਰਨ ਵਿਚ ਫਖਰ ਮਹਿਸੂਸ ਕਰਦੇ ਹਾਂ। ਇਉਂ ਹੀ ਫ਼ੈਸ਼ਨ ਤੇ ਦਿਖਾਵੇ ਦੇ ਪੱਖੋਂ ਅਸੀਂ ਜੇਠ-ਹਾੜ ਦੇ ਅਤਿ ਗਰਮ ਮੌਸਮ ਵਿਚ ਕੰਠ-ਲੰਗੋਟ ਦੇ ਨਾਂ 'ਤੇ ਗਲ ਵਿਚ ਟਾਈ ਦਾ ਫਾਹਾ ਪਾਉਣੋਂ ਨਹੀਂ ਟਲਦੇ।

ਅੰਗਰੇਜ਼ਾਂ ਨੇ ਜਿਸ ਤਰ੍ਹਾਂ ਆਪਣੇ ਦੇਸ਼ ਦੀ ਰਾਜਸੱਤਾ ਤੇ ਸਭਿਆਚਾਰ ਦੇ ਝੰਡੇ ਦੁਨੀਆਂ ਦੀਆਂ ਚੌਹ-ਕੂੰਟਾਂ ਤੱਕ ਗੱਡੇ ਹਨ ਅਤੇ ਉਸ ਉਪਰੰਤ ਜਿਸ ਤਰੀਕੇ ਤੇ ਸਲੀਕੇ ਨਾਲ ਉਨ੍ਹਾਂ ਨੇ ਆਪਣੇ ਇਤਿਹਾਸ, ਸਹਿਤ ਤੇ ਸਭਿਆਚਾਰ ਨੂੰ ਸੰਭਾਲ ਕੇ ਸੰਸਾਰ ਭਰ ਵਿਚ ਨਸ਼ਰ ਕੀਤਾ ਹੈ, ਉਹ ਆਪਣੇ ਆਪ ਵਿਚ ਬੇਹੱਦ ਹੱਦ ਕਾਬਿਲੇ-ਤਾਰੀਫ ਮਿਸ਼ਾਲ ਹੈ। ਹੋਰ ਵੀ ਜ਼ਿਕਰਯੋਗ ਹੈ ਕਿ ਅੰਗਰੇਜ਼ ਕੌਮ ਵਿਚ ਦੇਸ਼-ਪਿਆਰ, ਸਵੈਮਾਣ ਤੇ ਅਨੁਸ਼ਾਸਨ ਦਾ ਲਸਾਨੀ ਜਜਬਾ ਹੈ। ਇਸ ਤਰ੍ਹਾਂ ਸਾਨੂੰ ਵੀ ਆਪਣੇ ਇਤਿਹਾਸਿਕ ਤੇ ਸਾਹਿਤਕ ਵਿਰਸੇ ਨੂੰ ਸੰਭਾਲਣ ਦੀ ਗਰਜ਼ ਨਾਲ ਯੂਰਪੀਅਨ ਤੇ ਖਾਸ ਕਰਕੇ ਇੰਗਲੈਂਡ ਦੇ ਲੋਕਾਂ ਤੋਂ ਬਹੁਤ ਕੁੱਝ ਸਿੱਖਣ ਤੇ ਸੇਧ ਲੈਣ ਦੀ ਲੋੜ ਹੈ।

ਮਿਸਾਲ ਵਜੋਂ ਅੱਜ-ਕੱਲ੍ਹ ਪੱਗ ਦੀ ਬੇਅਦਬੀ ਦਾ ਮਸਲਾ ਤਕਰੀਬਨ ਸਾਰੇ ਸੰਸਾਰ ਪੱਧਰ 'ਤੇ ਬੜਾ ਭਖਿਆ ਹੋਇਆ ਹੈ। ਕਦੇ ਫਰਾਂਸ ਤੇ ਕਦੇ ਮਿਲਾਨ-ਇਟਲੀ ਵਿਚ ਵਾ-ਵੇਲਾ ਖੜ੍ਹਾ ਹੋ ਰਿਹਾ ਹੈ। ਸੂਬਾਈ ਸਰਕਾਰ ਕੌਮਾਂਤਰੀ ਪੱਧਰ 'ਤੇ ਇਹ ਮਸਲਾ ਉਠਾਉਣ ਦੀ ਢਿੱਲ-ਮੱਠ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ 'ਤੇ ਮੜ੍ਹ ਰਹੀ ਹੈ। ਪਰ ਸਾਡੇ ਆਪਣੇ ਘਰ ਵਿਚ 'ਔਰੋਂ ਕੋ ਨਸੀਹਤ, ਖੁਦ ਮੀਆਂ ਫਸੀਹਤ' ਵਾਲੀ ਖੇਡ ਚੱਲ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਸਿੱਖ ਨੌਜਵਾਨਾਂ ਵੱਲੋਂ ਕੇਸਾਂ ਤੇ ਪਗੜੀ ਦੀ ਅਹਿਮੀਅਤ ਨੂੰ ਦਰ-ਕਿਨਾਰ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਸਿੱਖ ਆਗੂਆਂ ਤੇ ਪ੍ਰਚਾਰਕਾਂ ਅਤੇ ਮੇਰੇ ਵਰਗੇ ਕਿੰਨੇ ਹੀ ਜਨਾਬ ਪ੍ਰਸ਼ਾਸਕਾਂ ਦੇ ਮੁੰਡੇ ਤਾਂ ਮੁੰਡੇ, ਕੁੜੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਵੀ ਵਾਲ ਕਟਾ ਕੇ ਅਨੰਦ-ਪ੍ਰਸੰਨ ਫਿਰ ਰਹੇ ਹਨ।

ਸੋ ਇਸ ਤਰ੍ਹਾਂ ਹੀ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਇੰਗਲੈਂਡ ਵਿਚ ਪਏ ਸ਼ਸ਼ਤਰਾਂ-ਵਸਤਰਾਂ ਤੇ ਕੋਹਿਨੂਰ ਹੀਰੇ ਲਈ ਤਾਂ ਅਕਸਰ ਖਫਾ-ਖੂਨ ਤੇ ਮੁੜਕੋ-ਮੁੜਕੀ ਹੋ ਜਾਂਦੇ ਹਾਂ, ਪਰ ਪੰਜਾਬ ਵਿਚ ਪਏ ਤਕਰੀਬਨ 43 ਪਿੰਡਾਂ ਵਿਚ 172 ਪਾਵਨ ਸ਼ਸ਼ਤਰ-ਵਸਤਰਾਂ ਦੀ ਸੇਵਾ-ਸੰਭਾਲ ਤੇ ਉਨ੍ਹਾਂ ਬਾਰੇ ਜਾਣਕਾਰੀ ਦੇਣ ਦਾ ਕਿਸੇ ਵੀ ਸਰਕਾਰ ਵੱਲੋਂ ਕੋਈ ਏਜੰਡਾ ਨਹੀਂ ਹੈ। ਮੁੱਕਦੀ ਗੱਲ ਤਾਂ ਇਹ ਹੈਂ ਕਿ ਸਾਨੂੰ ਮਨ ਬਹਿਲਾਉਣ ਲਈ ਕੋਈ ਨਿੱਕੇ-ਮੋਟੇ ਮਜਮੇਂ-ਮੰਡੂਏ ਤਾਂ ਜ਼ਰੂਰ ਚਾਹੀਦੇ ਹਨ, ਬਾਕੀ ਕੌਮ ਦੇ ਵੱਡੇ ਮੁੱਦੇ-ਮਸਲਿਆਂ ਦਾ ਫਿਕਰ ਕਰਨਾ ਫਜ਼ੂਲ ਹੈ। ਹਾਂ, ਅਸੀਂ ਸਮਝਦੇ ਹਾਂ ਕਿ ਜੇ ਕਿਸੇ ਨੂੰ ਇਹ ਫਿਕਰ ਹੋਣਾ ਚਾਹੀਦਾ ਹੈ ਤਾਂ ਸਿਰਫ਼ ਸਾਡੀਆਂ ਸਰਕਾਰਾਂ ਨੂੰ ਹੀ ਹੋਣਾ ਚਾਹੀਦਾ ਹੈ।

ਸੋ ਇਸ ਉਪਰੋਕਤ ਪ੍ਰਸੰਗ ਤੋਂ ਬਾਅਦ ਹੁਣ ਫਿਰ ਆਪਣੀ ਪਹਿਲੀ ਗੱਲ ਵੱਲ ਨੂੰ ਆਈਏ ਕਿ ਅੱਜ ਸਾਡੀ ਸੱਭਿਅਤਾ ਤੇ ਸੰਸਕ੍ਰਿਤੀ ਬਦਰੂਪ ਹੋ ਰਹੀ ਹੈ। ਇਸ ਦੇ ਨਾਲ ਹੀ ਸਾਡਾ ਸਭਿਆਚਾਰ ਤੇ ਸਾਡਾ ਸਭਿਆਚਾਰਕ ਭਾਈਚਾਰਾ ਬਦਰੰਗ ਹੋ ਰਿਹਾ ਹੈ। ਸਾਡੇ ਸਮਾਜ ਵਿਚ ਰਹਿੰਦੇ ਬੰਦੇ ਦੇ ਆਸੇ-ਪਾਸੇ, ਖੱਬੇ-ਸੱਜੇ, ਹੇਠਾਂ-ਉਤੇ ਬੱਸ ਸਾਰੇ ਪਾਸੇ ਬੰਬ ਧਮਾਕਿਆਂ ਵਰਗੇ ਘੋਟਾਲੇ ਹੋ ਰਹੇ ਹਨ। ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਘੋਟਾਲਿਆਂ ਤੇ ਵਿਦੇਸ਼ੀ ਬੈਂਕਾਂ ਵਿਚ ਕਾਲੇ ਧਨ ਦੇ ਹੰਗਾਮੇ ਖੜ੍ਹੇ ਹੋ ਰਹੇ ਹਨ। ਲੱਖਾਂ ਤੇ ਹਜ਼ਾਰਾਂ-ਕਰੋੜਾਂ ਦੇ ਘਪਲੇ ਦੀ ਆਮ ਬੰਦੇ ਨੂੰ ਸਿਰਫ਼ ਇੰਨੀ ਹੀ ਸਮਝ ਆਉਂਦੀ ਹੈ ਕਿ ਬੇਅੰਤ ਰੁਪਈਆਂ ਦੀ ਕੋਈ ਹੇਰਾ-ਫੇਰੀ ਤੇ ਠੱਗੀ-ਠੋਰੀ ਹੋਈ ਹੈ। ਪਰ ਘਪਲੇ ਦੀ ਰਕਮ ਦਾ ਕਿਆਸ ਉਸ ਦੀ ਦਿਮਾਗੀ ਤਾਕਤ ਦੀ ਪਕੜ ਤੇ ਸਮਝ ਤੋਂ ਬਾਹਰ ਹੈ। ਸਾਡੇ ਦੇਸ਼ ਦੇ ਤਿੰਨ-ਚੌਥਾਈ ਲੋਕਾਂ ਨੂੰ ਤਾਂ ਲੱਖ ਰੁਪਏ ਤੋਂ ਅੱਗੇ ਦਾ ਤਾਂ ਹਿਸਾਬ-ਕਿਤਾਬ ਹੀ ਨਹੀਂ ਆਉਂਦਾ।

ਹੋਰ ਗੱਲ ਤਾਂ ਛੱਡੋ, ਦੀਨ-ਇਮਾਨ ਦੇ ਪ੍ਰਤੀਕ ਗੁਰੂ-ਘਰਾਂ ਦੀਆਂ ਗੋਲਕਾਂ ਅਤੇ ਦੇਸ਼ ਭਗਤੀ ਦੇ ਪ੍ਰੇਰਣਾ-ਸਰੋਤ ਕੌਮੀ ਸ਼ਹੀਦਾਂ ਦੀਆਂ ਸ਼ਤਾਬਦੀਆਂ ਮਨਾਉਣ ਦੇ ਨਾਂਅ 'ਤੇ ਵੀ ਬੜੇ ਵੱਡੇ ਘਾਲੇ-ਮਾਲੇ ਹੋ ਰਹੇ ਹਨ। ਇਸ ਪਰਿਪੇਖ ਵਿਚ ਸਾਡੇ ਸਮਾਜ ਵਿਚ ਜਿੰਨਾਂ ਵੱਡਾ ਕੋਈ ਵਿਅਕਤੀ ਵਿਸ਼ੇਸ਼ ਜਾਂ ਆਗੂ ਹੁੰਦਾ ਹੈ, ਬੱਸ ਅਕਸਰ ਉਸ ਦੀ 'ਵੱਡੇ ਘਰਾਂ ਦੀਆਂ ਵੱਡੀਆਂ ਮਿਰਚਾਂ' ਦੇ ਅਖਾਣ ਵਾਂਗੂੰ ਉਨੀਂ ਹੀ ਮਾੜੀ ਕਰਤੂਤ ਹੁਣ ਪ੍ਰਗਟ ਹੋ ਰਹੀ ਹੈ। ਆਮ ਵਿਅਕਤੀ ਜਦੋਂ ਵੱਡੇ ਲੋਕਾਂ ਤੇ ਆਗੂਆਂ ਦੇ ਕੋਲ ਧਨ ਦੇ ਜਮ੍ਹਾਂ ਜ਼ਖੀਰੇ-ਖਜ਼ਾਨਿਆਂ ਤੇ ਦੇਸ਼-ਵਿਦੇਸ਼ ਵਿਚ ਜ਼ਮੀਨ-ਜਾਇਦਾਦ ਦੇ ਜਜ਼ੀਰਿਆਂ ਵੱਲ ਧਿਆਨ ਮਾਰਦਾ ਹੈ ਤਾਂ ਉਸ ਦਾ ਮਨ ਘਾਊਂ-ਮਾਊਂ ਤੇ ਦਿਲ ਘਾਊਂ-ਘੱਪ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੇ ਦੇਸ਼ ਵਿਚ ਅਮੀਰੀ ਤੇ ਗਰੀਬੀ ਦਾ ਪਾੜਾ ਸਾਰੇ ਹੱਦ-ਬੰਨੇ ਤੋੜਕੇ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਸਬੰਧ ਵਿਚ ਆਮ ਜਨ-ਸਧਾਰਨ ਸੋਚਦਾ ਹੈ ਕਿ ਅਮੀਰਾਂ ਕੋਲ ਤਾਂ ਇੰਨੇ ਧਨ-ਪਦਾਰਥ ਤੇ ਸੁੱਖ-ਸਾਧਨ ਹਨ ਅਤੇ ਉਸ ਦੀ ਆਪਣੀ ਸਮਾਜਿਕ ਤੇ ਆਰਥਿਕ ਦਸ਼ਾ ਤਾਂ ਬੇਹੱਦ ਨੀਵੀਂ ਹੈਂ ਤਾਂ ਉਹ ਕਦੇ-ਕਦੇ ਆਪਣੀ ਹੋਂਦ ਤੇ ਹਸਤੀ ਤੋਂ ਵੀ ਮੁਨਕਰ ਹੋਇਆ ਜਾਪਦਾ ਹੈ। ਸੋ ਇਸ ਤਰ੍ਹਾਂ ਦੀ ਮਾਨਸਿਕ ਦੁਰਦਸ਼ਾ ਦਾ ਮਾਰਿਆ ਕੋਈ ਵੀ ਫਟੇਹਾਲ ਆਮ ਬੰਦਾ ਅਮੀਰਾਂ ਵੱਲੋਂ ਕੀਤੀ ਜਾ ਰਹੀ ਜ਼ਖੀਰਾਬਾਜ਼ੀ ਤੇ ਐਸ਼ਪ੍ਰਸਤੀ ਦੇ ਸਨਮੁੱਖ ਹਾਥੀਆਂ ਦੇ ਝੁੰਡ ਦੇ ਸਾਹਮਣੇ ਆਪਣੇ ਆਪ ਨੂੰ ਕੀੜੇ-ਮਕੌੜਿਆਂ ਦੇ ਭੌਣ ਵਾਂਗੂੰ ਸਮਝਣ ਲਈ ਮਜਬੂਰ ਹੈ। ਇਸ ਤਰ੍ਹਾਂ ਸਮਾਜ ਵਿਚ ਇਕ ਉਲਾਰਪੁਣੇ ਜਿਹੇ ਦੀ ਅਵਸਥਾ ਪੈਦਾ ਹੋ ਰਹੀ ਹੈ, ਜਿਸ ਵਿਚ ਇਕ ਪਾਸੇ ਵਿਕਰਾਲ ਮਾਇਆਧਾਰੀ ਦੈਂਤ ਹਨ ਤੇ ਦੂਜੇ ਪਾਸੇ ਔਣੇ-ਬੌਣੇ ਰੂਪ ਵਿਚ ਜਨਤਾ-ਜਨਾਰਦਨ ਹੈ।

ਇਸ ਸੂਰਤ ਵਿਚ ਆਮ ਬੰਦਾ ਅਕਸਰ ਹੀ ਆਪਣੇ ਆਪ ਨੂੰ ਪ੍ਰਚਾਉਣ ਲਈ 'ਅੰਗੂਰ ਖੱਟੇ ਹਨ' ਜਾਂ 'ਹੱਥ ਨਾ ਆਵੇ ਥੂਹ ਕੌੜੀ' ਵਰਗੀਆਂ ਦਿਲਬਰੀਆਂ ਜਿਹੀਆਂ ਦਿੰਦਾ ਹੋਇਆ ਕਹਿੰਦਾ ਹੈਂ ਕਿ ਇਨ੍ਹਾਂ ਸਾਲ੍ਹਿਆਂ ਨੇ ਇੰਨਾ ਧਨ ਕਿੱਥੇ ਲੈਂ ਜਾਣਾ ਹੈ? ਇਸ ਤਰ੍ਹਾਂ ਉਹ ਇਕ ਤਸੱਲੀ ਜਿਹੀ ਜ਼ਾਹਿਰ ਕਰਦਾ ਹੈ ਕਿ ਇਹ ਵੱਡੇ ਲੋਕ ਸਾਰਾ ਧਨ ਇਥੇ ਹੀ ਛੱਡ ਜਾਣਗੇ। ਅਜਿਹੇ ਸਮੇਂ ਸਾਡੇ ਸਮਾਜ ਦੇ ਅਜਿਹੇ ਬੰਦਿਆਂ ਦੀ ਸੋਚ ਕੁਝ ਅਜਿਹੀ ਹੁੰਦੀ ਹੈ ਕਿ ਜਿਵੇਂ ਉਹ ਖਿਆਲੀ ਪਲਾਉ ਪਕਾਉਂਦੇ ਹਨ ਕਿ ਅਮੀਰ ਲੋਕ ਇਹ ਸਾਰਾ ਧਨ ਉਨ੍ਹਾਂ ਗਰੀਬਾਂ ਵਾਸਤੇ ਹੀ ਛੱਡ ਜਾਣਗੇ।

ਪਰ ਇਸ ਦੇ ਨਾਲ ਹੀ ਉਨ੍ਹਾਂ ਦੇ ਮਨ ਵਿਚ ਇਕ ਇਹ ਵੀ ਸ਼ੰਕਾ ਉਪਜਦੀ ਹੈ ਕਿ ਵੱਡਿਆਂ ਬੰਦਿਆਂ ਦੀ 'ਪੁੱਜ-ਪਹੁੰਚ ਦੀਆਂ ਬਾਹਾਂ' ਤਾਂ 'ਕਾਨੂੰਨ ਦੇ ਹੱਥਾਂ' ਨਾਲੋਂ ਕਿਤੇ ਲੰਬੀਆਂ ਹੁੰਦੀਆਂ ਹਨ। ਇਸ ਲਈ ਕੋਈ ਵੱਡੀ ਗੱਲ ਨਹੀਂ ਕਿ ਇਨ੍ਹਾਂ ਮਹਾਂਰਥੀਆਂ ਨੇ ਰੱਬ ਦੀ ਮਿਲੀ-ਭੁਗਤ ਨਾਲ ਆਪਣੇ ਨਰਕ-ਸਵਰਗ ਦੇ ਵੀਜ਼ੇ ਵਿਚ ਇਹ 'ਕਾਲੇ ਧਨ ਦੇ ਖਜ਼ਾਨੇ' ਨਾਲ ਲੈਂ ਜਾਣ ਦਾ ਸ਼ਾਇਦ ਕੋਈ ਜੁਗਾੜ ਕਰ ਲਿਆ ਹੋਵੇ? ਇਸ ਮਾਨਸਿਕ ਉਧੇੜ-ਬੁਣ ਦਾ ਦਰਅਸਲ ਮਤਲਬ ਇਕ ਹੀ ਹੈ ਕਿ ਆਮ ਬੰਦਾ ਅਜਿਹੇ ਹੈਵਜ਼ ਭਾਵ ਧਨ ਦੇ ਕੁਬੇਰ-ਦੇਵਤਿਆਂ ਤੇ ਹੈਵ-ਨੌਟਸ ਭਾਵ ਭੁੱਖ-ਨੰਗ ਨਾਲ ਨੰਗੇ ਧੜ ਲੜਦੇ ਬੰਦਿਆਂ ਦੇ ਸਮਾਜਿਕ ਤੇ ਆਰਥਿਕ ਦਵੰਧ ਵਾਲੇ ਵਰਤਾਰੇ ਬਾਰੇ ਚਿੰਤਾਤੁਰ ਤਾਂ ਹੈ, ਪਰ ਉਹ ਇਸ ਪ੍ਰਥਾਏ ਕਰ ਕੁਝ ਵੀ ਨਹੀਂ ਸਕਦਾ। ਬੱਸ ਇਹ ਸਥਿਤੀ 'ਚਿੜੀ ਵਿਚਾਰੀ ਕੀ ਕਰੇ ਬੱਸ ਠੰਡਾ ਪਾਣੀ ਪੀ ਮਰੇ' ਵਾਲੀ ਬਣੀ ਹੋਈ ਹੈ।

ਬੱਸ ਇਉਂ ਲਗਦਾ ਹੈ ਕਿ ਸਾਰੇ ਮੁਲਕ ਦਾ ਸਾਰਾ ਅਵਾਮ ਹੀ ਭ੍ਰਿਸ਼ਟਾਚਾਰੀ ਹੈ ਅਤੇ ਅਸੀਂ ਖੁਦ ਹੀ ਆਪਣੀ ਕਰਨੀ ਤੇ ਭ੍ਰਿਸ਼ਟਾਚਾਰ ਦਾ ਸੰਤਾਪ ਭੋਗ ਰਿਹਾ ਹੈ। ਦੇਸ਼ ਦੇ ਸਾਰੇ ਰਾਜਸੀ ਤੇ ਧਾਰਮਿਕ ਆਗੂ ਤੇ ਸਾਰਾ ਜਨ ਸਮੂਹ ਰੈਲੀਆਂ, ਸ਼ਿਵਰਾਂ ਤੇ ਸੰਗਤ ਦਰਸ਼ਨਾਂ ਵਿਚ ਮਸਰੂਫ਼ ਹੈ। ਸਾਡੇ ਮੁਖੀਏ ਕੁਝ ਆਪੋ-ਆਪਣੀ ਸੁਆਰਥ ਸਿੱਧੀ ਲਈ ਜਨਤਾ ਨੂੰ ਬੇ ਸਿਰ-ਪੈਰਾ ਗਿਆਨ-ਵਿਖਿਆਨ ਸੁਣਾਉਣ ਦੀ ਕਾਹਲੀ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਚ ਹਨ। ਹਜ਼ਾਰਾਂ-ਲੱਖਾਂ ਸਰੋਤੇ ਤਸੱਲੀ ਨਾਲ ਮੰਤਰ-ਮੁਗਧ ਹੋ ਕੇ ਸੁਣ ਰਹੇ ਹਨ, ਪਰ ਕਿਸੇ ਉਪਰ ਵੀ ਨਾ ਸੁਣਨ ਦਾ ਅਸਰ ਰਿਹਾ ਹੈਂ ਤੇ ਨਾ ਹੀ ਮੰਤਵ ਸਿੱਧੀ ਕਰਨ ਵਾਲੇ ਪ੍ਰਚਾਰਕਾਂ ਨੂੰ ਕੋਈ ਮਾੜੀ-ਮੋਟੀ ਸੰਗ-ਸ਼ਰਮ ਹੀ ਆ ਰਹੀ ਹੈ।

ਦੁੱਖ ਦੀ ਗੱਲ ਹੈ ਕਿ ਅੱਜ ਜਦੋਂ ਵੀ ਕਿਸੇ ਕਤਲੇਆਮ, ਘਪਲੇ-ਘੁਟਾਲੇ ਜਾਂ ਨਸ਼ਿਆਂ ਦੀ ਤਸਕਰੀ ਦੀ ਗੱਲ ਨਿਕਲਦੀ ਹੈ ਤਾਂ ਸਾਡੀਆਂ ਸਿਆਸੀ ਪਾਰਟੀਆਂ ਇਕਜੁਟ ਹੋ ਕੇ ਅਜਿਹੇ ਕੌਮੀ ਮੁੱਦਿਆਂ ਨੂੰ ਨਜਿੱਠਣ ਦੀ ਬਜਾਏ ਆਪਸ ਵਿਚ ਖਹਿਬੜ ਰਹੀਆਂ ਹਨ। ਇਨ੍ਹਾਂ ਦੀ ਆਪਸੀ ਬਿਆਨਬਾਜ਼ੀ ਤੇ ਲੜਾਈ ਵਿਚੋਂ ਬੱਸ ਇਹ ਹੀ ਸਮਝ ਆਉਂਦੀ ਹੈ ਕਿ ਹਮਾਮ ਵਿਚ ਤਾਂ ਵੈਸੇ ਸਾਰੇ ਹੀ ਨੰਗੇ ਹਨ ਅਤੇ ਝਗੜਾ ਸਿਰਫ਼ ਇਹ ਹੈ ਕਿ ਕੋਈ ਤੇੜੋਂ-ਸਿਰੋਂ ਕੋਈ ਕੁ ਢਕਿਆ ਹੈ। ਹੁਣ ਤਾਂ ਰੌਲਾ ਸਿਰਫ਼ ਇੰਨਾਂ ਹੀ ਹੈ ਕਿ ਕਿਹੜੀ ਪਾਰਟੀ ਨਸ਼ਿਆਂ ਦੀ ਵੱਡੀ ਤਾਜਰ-ਤਸਕਰ ਹੈ ਅਤੇ ਫਿਰ ਕੌਣ ਵੱਡਾ ਕਾਤਿਲ, ਅਪਰਾਧੀ, ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰ ਹੈ।

ਹੁਣ ਇਸ ਪੱਖੋਂ ਸਾਡੀ ਦੋਗਲੀ ਤੇ ਦੋਸ਼ੀ ਮਾਨਸਿਕਤਾ ਦਾ ਜਨਾਜ਼ਾ ਨਿਕਲ ਰਿਹਾ ਹੈ। ਅੱਜ ਲੋਕ ਸਭਾ ਦੀਆਂ ਅਗਾਮੀ ਚੋਣਾਂ ਬੂਹੇ 'ਤੇ ਆਈਆਂ ਵੇਖ ਕੇ ਸਿਆਸੀ ਪਾਰਟੀਆਂ ਤੇ ਸਾਡੇ ਸਿਆਸਤਦਾਨ-ਮਹੰਤ 30 ਸਾਲ ਬਾਅਦ ਸੰਨ 1984 ਦੇ ਦਿੱਲੀ ਦੇ ਦੰਗਾ-ਪੀੜਤਾਂ ਦੇ ਨਸੂਰ ਬਣ ਚੁੱਕੇ ਜ਼ਖਮਾਂ 'ਤੇ ਮਲ੍ਹਮ ਲਾਉਣ ਦੀ ਥਾਂ ਲੂਣ ਭੁੱਕ ਰਹੇ ਹਨ। ਇਕ ਵੱਡੀ ਵਿਰੋਧੀ ਪਾਰਟੀ ਜੇ ਇਸ ਸਾਰੇ ਕੋਝੇ ਵਿਰਤਾਂਤ ਦਾ ਦੋਸ਼ ਰਾਜਸੱਤਾ ਵਾਲੀ ਪਾਰਟੀ ਦੇ ਸਿਰ ਮੜ੍ਹ ਰਹੀ ਹੈ ਤਾਂ ਪਲਟਵਾਰ ਵਜੋਂ ਰਾਜਭਾਗ ਦੇ ਮਾਲਕ ਸੰਨ 2002 ਦੇ ਗੋਧਰਾ ਕਾਂਡ ਦੇ ਭੂਤ ਨੂੰ ਜਗਾਈ ਬੈਠੇ ਹਨ। ਦੋਨੋਂ ਪਾਸਿਉਂ ਵੱਡੇ-ਵੱਡੇ ਸਿਆਸੀ ਮਹਾਂਰਥੀਆਂ ਦਾ ਹਰ ਰੋਜ਼ ਮੁਕਾਬਲਾ ਹੁੰਦਾ ਹੈ ਤੇ 'ਪਾਣੀ ਵਿਚ ਮਧਾਣੀ' ਜਿਹਾ ਬੇਮਤਲਬ ਮੰਥਨ ਮਤਵਾਤਰ ਚੱਲ ਰਿਹਾ ਹੈ।

ਇਹ ਸਭ ਕੁਝ ਦੇਖਦੇ-ਸੁਣਦੇ ਹੋਰ ਵੀ ਝੁੰਝਲਾਹਟ ਹੁੰਦੀ ਹੈ ਕਿ ਪੰਜਾਬ ਦੇ ਲੀਡਰ ਹੁਣ ਗੋਧਰਾ ਕਾਂਡ ਦੇ ਕਤਲੇਆਮ ਨੂੰ 'ਕਲੀਨ ਚਿਟ' ਦੇਣ ਜਿਹਾ ਹਾਸੋਹੀਣਾ ਰਵੱਈਆ ਅਖ਼ਤਿਆਰ ਕਰੀ ਬੈਠੇ ਹਨ। ਫਿਰ ਇਹੋ ਜਿਹਾ ਰਵੀਰਾ ਹੀ ਸਾਡੇ ਕੌਮੀ ਪੱਧਰ ਦੇ ਸਿਆਸਤਦਾਨਾਂ ਦਾ ਹੈ ਜੋ ਕਿ ਦੂਜੀ ਪਾਰਟੀ 'ਤੇ 'ਚਿੱਕੜ' ਤੇ ਆਪਣੀ ਪਾਰਟੀ ਨੂੰ 'ਵਾਈਟ-ਵਾਸ਼' ਕਰਨ ਲੱਗੇ ਹੋਏ ਹਨ। ਇਨ੍ਹਾਂ ਭਲੇਮਾਣਸ ਭੱਦਰਪੁਰਸ਼ਾਂ ਨੂੰ ਕੋਈ ਦੱਸੇ-ਪੁੱਛੇ ਕਿ ਭਾਈ ਸਾਹਿਬ ਕਤਲ ਤਾਂ ਕਤਲ ਹੀ ਹੁੰਦਾ ਹੈ ਅਤੇ ਖ਼ਾਸ ਕਰਕੇ ਜਦੋਂ ਨਿਰਦੋਸ਼ ਲੋਕਾਂ ਦਾ ਕਤਲੇਆਮ ਹੁੰਦਾ ਹੈ ਤਾਂ ਇਹ ਸਮੁੱਚੀ ਮਾਨਵਤਾ ਦਾ ਘਾਣ ਹੁੰਦਾ ਹੈ।

ਬਾਬਿਓ! ਬੱਸ ਸਮਝਣ ਵਾਲੀ ਗੱਲ ਹੈ ਕਿ ਇਸ ਸਬੰਧੀ ਬੇਮਤਲਬ ਬਹਿਸ-ਮੁਬਾਸਿਆਂ ਤੇ ਜਾਭਾਂ ਦੇ ਭੇੜ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ, ਸਗੋਂ



Original with;
Kulbir Singh Sidhu(I.A.S)
Digitized by;
Panjab Digital Library

ਇਨਾਂ ਦੰਗਾ ਪੀੜਤਾਂ ਦੇ ਜ਼ਖਮ ਜ਼ਰੂਰ ਕੁਰੇਦੇ ਜਾਂਦੇ ਹਨ। ਸੰਨ 1984 ਦੇ ਦੰਗਿਆਂ ਤੇ ਗੋਧਰਾ ਕਾਂਡ ਨੂੰ ਨਸਲਕੁਸ਼ੀ ਤੇ ਕਤਲੇਆਮ ਦੇ ਅੱਡੇ ਕਹੋ ਜਾਂ ਭਾਵੇਂ ਮਾਨਵੀ ਕਦਰਾਂ-ਕੀਮਤਾਂ ਦੇ ਬੁੱਚੜਖਾਨੇ ਕਹਿ ਲਉ, ਪਰ ਇਹ ਇਨਸਾਨੀਅਤ ਦੀ ਕਤਲਗਾਹ ਹੀ ਰਹਿਣਗੇ।

ਇਸ ਸੰਦਰਭ ਵਿਚ ਜੇ ਕੋਈ ਮਤਲਬ ਦੀ ਗੱਲ ਹੋ ਸਕਦੀ ਹੈ ਤਾਂ ਉਹ ਇਹ ਹੈ ਕਿ ਦੁਖੀਏ ਲੋਕਾਂ ਨੂੰ ਹੁਣ ਹੀ ਕੋਈ ਰਾਹਤ ਦਿੱਤੀ ਜਾਵੇ ਤੇ ਇਨ੍ਹਾਂ ਘਿਨੌਣੇ ਕੁਕਰਮਾਂ ਦੇ ਜ਼ਿੰਮੇਵਾਰ ਲੋਕਾਂ ਨੂੰ ਤੁਰੰਤ ਸਜ਼ਾ ਦਿੱਤੀ ਜਾਵੇ। ਸਗੋਂ ਇਨ੍ਹਾਂ ਮਾੜੇ ਅਨਸਰਾਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਲੀਡਰਾਂ ਨੂੰ ਚੋਣ ਪ੍ਰਕਿਰਿਆ ਤੋਂ ਬਾਹਰ ਕੀਤਾ ਜਾਵੇ, ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਰੱਖਦੇ ਹੋਣ।

ਪਰ ਅਫ਼ਸੋਸ ਕਿ ਚੋਣਾਂ ਦੇ ਸਬੰਧ ਵਿਚ ਭਾਰਤੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਦੀ ਮਾਨਸਿਕਤਾ ਆਮ ਚੋਣਕਾਰ ਤੋਂ ਲੈ ਕੇ ਟੀਸੀ ਤੱਕ 'ਸਮਾਜਵਾਦ ਦੀ ਥਾਂ ਨਿਜਵਾਦ' ਦੇ ਇਕੋ ਨੁਕਤੇ 'ਤੇ ਅੜੀ ਖੜ੍ਹੀ ਹੈ। ਬਸ ਸਾਡੀ ਸਾਰੀ ਚੋਣ ਪ੍ਰਕਿਰਿਆ ਸਿਰਫ਼ ਇਕ ਹੀ ਫ਼ਿਕਰੇ "ਉਮੀਦਵਾਰ ਆਪਣਾ ਬੰਦਾ ਹੈ ਤੇ ਇਹ ਆਪਣੇ ਕੰਮ ਕਰੂਗਾ" ਨਾਲ ਹੀ ਸਮਝੀ-ਸਮਝਾਈ ਜਾ ਸਕਦੀ ਹੈ। ਫਿਰ ਦੁਖਦਾਈ ਗੱਲ ਇਹ ਹੈ ਕਿ ਚੋਣਾਂ ਤੋਂ ਬਾਅਦ ਪੰਜ ਸਾਲ ਵਾਸਤੇ ਸਾਡੀ ਕੁਤਾਹੀ ਦੇ ਮਾੜੇ ਨਤੀਜਿਆਂ ਵਜੋਂ ਸਾਡੇ ਸਿਆਸੀ ਬੰਦਿਆਂ ਦੇ ਜਲਵੇ-ਜਲੌਅ ਸਾਡੇ ਸਾਹਮਣੇ ਹੀ ਹੁੰਦੇ ਹਨ, ਪਰ ਸਾਡੇ ਚੋਣਕਾਰਾਂ ਦੀ ਸੋਚ ਵਿਚ ਕੋਈ ਫ਼ਰਕ ਨਹੀਂ ਆਉਂਦਾ।

ਦੇਵਨੇਤ ਜਦੋਂ ਕਿਤੇ ਲਗਦਾ ਵੀ ਹੈ ਕਿ ਹੁਣ ਵੋਟਰਾਂ ਨੂੰ ਕੋਈ ਮਾੜੀ-ਮੋਟੀ ਹੋਸ਼ ਆਉਣ ਲੱਗੀ ਹੈ ਤਾਂ ਸਾਡੇ ਸਿਆਸਤੀ ਮਹੰਤ ਤੇ ਸਿਆਸੀ ਚੇਲੇ-ਬਾਲਕੇ ਕਿਸੇ ਕੁੜੀ ਦੀ ਡੋਲ੍ਹੀ ਤੁਰਨ ਵੇਲੇ ਵਿਆਹਦੜ ਮੁੰਡੇ ਦੇ ਮਾਮਿਆਂ ਵਾਗੂੰ ਪੈਸੇ-ਟਕੇ ਤੇ ਨਸ਼ਿਆਂ-ਪਤਿਆਂ ਦੀ ਰਾਤੋ-ਰਾਤ ਹੀ ਸੋਟ ਕਰਕੇ ਚੋਣ ਨਤੀਜਿਆਂ ਦਾ ਪਾਸਾ ਹੀ ਪਲਟ ਦਿੰਦੇ ਹਨ। ਇਉਂ ਤਕਰੀਬਨ ਸਾਡੀਆਂ ਸਾਰੀਆਂ ਚੋਣਾਂ ਵਿਚ ਸਾਡੇ ਵੋਟਰਾਂ ਦੀ ਸੋਚ ਦਾ ਤਵਾ ਮੂਧਾ ਵੱਜ ਜਾਂਦਾ ਹੈ ਤੇ ਫਿਰ ਪੰਜ ਸਾਲ ਵਾਸਤੇ ਅਵਾਮ ਆਪਣੇ ਭੁਗਤਣੇ ਖ਼ੁਦ ਹੀ ਭੁਗਤਦਾ ਰਹਿੰਦਾ ਹੈ।

ਖ਼ੈਰ! ਜੇ ਅੱਗੇ ਗੱਲ ਕਰੀਏ ਤਾਂ ਅੱਜ-ਕੱਲ੍ਹ ਅਖ਼ਬਾਰਾਂ ਦੀਆਂ ਸੁਰਖੀਆਂ ਬੱਸ ਫਿਰਕਾਪ੍ਰਸਤੀ ਤੇ ਭ੍ਰਿਸ਼ਟਾਚਾਰ ਦੇ ਬੋਲਬਾਲੇ, ਖ਼ੂਨ-ਖਰਾਬਾ, ਕਤਲੇਆਮ, ਬਲਾਤਕਾਰ ਤੇ ਲੁੱਟਾਂ-ਖੋਹਾਂ ਨਾਲ ਸਰਸ਼ਾਰ ਹੁੰਦੀਆਂ ਹਨ। ਬੱਸ ਅਗਲੇ ਦਿਨ ਦੀ ਅਖ਼ਬਾਰ ਵਿਚ ਤਾਰੀਖ ਬਦਲਣ ਦੀ ਅਹਿਮ ਪ੍ਰਕਿਰਿਆ ਤੋਂ ਸਿਵਾਏ ਸਮਾਜ ਦੀ ਕਿਸੇ ਹੋਰ ਭੱਦਰਕਾਰੀ ਵਿਚ ਕੋਈ ਫਰਕ ਨਹੀਂ ਹੁੰਦਾ। ਹਾਂ, ਨਿੱਤ ਨਵੇਂ ਦਿਨ ਵਧਦੀ ਅਬਾਦੀ ਦੇ ਅਨੁਪਾਤ ਵਿਚ ਅਤਿ ਕੋਝੀਆਂ ਘਟਨਾਵਾਂ ਦੀ ਗਿਣਤੀ ਦਾ ਵਾਧਾ ਜ਼ਰੂਰ ਹੋ ਰਿਹਾ ਹੈ। ਦੂਜੇ ਪਾਸੇ ਅਜੋਕੀ ਪੱਤਰਕਾਰੀ ਹਰ ਰੋਜ਼ ਅਜਿਹੇ ਕੋਝੇ ਸੰਤਾਪਾਂ ਦੇ ਦਿਲ-ਦਹਿਲਾਊ ਪ੍ਰਭਾਵ ਨੂੰ ਬੈਲੇਂਸ ਕਰਨ ਦੀ ਖਾਤਰ 'ਨਾਲੇ ਪੁੰਨ ਨਾਲੇ ਫਲੀਆਂ' ਦੀ ਲੋਕ ਸਿਆਣਪ



*Original with;*
Kulbir Singh Sidhu(I.A.S)
*Digitized by;*
Panjab Digital Library

ਅਨੁਸਾਰ ਕਮਰਸ਼ੀਅਲ ਨਜ਼ਰੱਈਏ ਤੋਂ ਅਖ਼ਬਾਰਾਂ ਦੀ ਵਿਕਰੀ ਤੇ ਮਕਬੂਲੀਅਤ ਵਧਾਉਣ ਲਈ ਅਤੇ ਨਾਲੋਂ-ਨਾਲ ਕੌਮ ਦੇ ਮਨੋਰੰਜਨ ਵਾਸਤੇ ਕਈ ਕਰਨ-ਪਲਾਹ ਕਰ ਰਹੀ ਹੈ।

ਇਸ ਪੱਖੋਂ ਸਾਡੇ ਜ਼ਿਆਦਾ ਪਾਠਕ ਵੀ 'ਰੀਸੋ-ਰੀਸੀ ਬਾਬਿਓ ਵਹਿ ਤੁਰਿਆ ਸੰਸਾਰ' ਦੀ ਮਾੜੀ ਰੀਤ ਅਨੁਸਾਰ ਤਕਰੀਬਨ-ਤਕਰੀਬਨ ਇਹੋ ਕੁਝ ਹੀ ਚਾਹੁੰਦੇ ਹਨ। ਇਸ ਲਈ ਸਾਡੇ ਹਰਮਨ ਪਿਆਰੇ ਅਖ਼ਬਾਰ ਲੋਕਾਂ ਦੀ ਪਸੰਦ ਅਨੁਸਾਰ ਸੋਹਣੀਆਂ ਸੂਰਤਾਂ ਦੇ 'ਸੀਨੇ ਤੇ ਪੱਟ' ਫੈਲਾਅ ਕੇ ਅਖ਼ਬਾਰ ਦੇ ਪੂਰੇ ਸਫੇ 'ਤੇ ਲਾਉਂਦੇ ਹਨ। ਇਸ ਤਰ੍ਹਾਂ ਇਹ ਅਖ਼ਬਾਰ ਨੰਗੇਜ ਦਾ ਚੋਂਦਾ-ਚੋਂਦਾ ਚਿੱਤਰਪੱਟ ਲੈ ਕੇ ਹਰ ਨਵੀਂ ਸਵੇਰ ਨੂੰ ਖੁਸ਼ਆਮਦੀਦ ਕਹਿੰਦੇ ਹਨ। ਉੱਧਰ ਵਧੀਆ ਇਤਿਹਾਸਕ ਰਚਨਾਵਾਂ ਤੇ ਸ਼ਹੀਦਾਂ ਦੀਆਂ ਤਸਵੀਰਾਂ ਵਾਸਤੇ 2-3 ਕਾਲਮ ਹੀ ਬਚਦੇ ਹਨ। ਇਸ ਤਰ੍ਹਾਂ ਹੀ ਚੰਗੀਆਂ ਸਾਹਿਤਕ ਰਚਨਾਵਾਂ ਵੀ ਸੁੰਗੜਦੀਆਂ-ਸੁੰਗੜਦੀਆਂ ਬਾਰਾਂ-ਪੰਦਰਾਂ ਸੌ ਅੱਖਰਾਂ ਤੱਕ ਹੀ ਸੀਮਤ ਹੋ ਰਹੀਆਂ ਹਨ। ਕੁੱਲ ਮਿਲਾ ਕੇ ਸਾਡੀ ਸਭ ਦੀ ਮਾਨਸਿਕਤਾ ਤੇ ਸੋਚ ਸਮਾਜਿਕ ਤੇ ਆਰਥਿਕ ਦੁਰਾਚਾਰ ਤੇ ਭ੍ਰਿਸ਼ਟਾਚਾਰ ਦੇ ਊਲ-ਜਲੂਲਾਂ ਨਾਲ ਲੱਦੀ ਪਈ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਫਿਰ ਵੀ ਅਜਿਹੇ ਮਾਨਸਿਕ ਬੋਝਾਂ ਨਾਲ ਲਬਰੇਜ਼ ਸਮਾਜ ਦੇ ਕਿਸੇ ਬੰਦੇ ਦੀ ਰਫ਼ਤਾਰ ਵਿਚ ਕੋਈ ਫਰਕ ਨਹੀਂ ਪੈਂਦਾ। ਸਗੋਂ ਸਾਡਾ ਨਜ਼ੱਰੀਆ ਕੁਝ ਇੰਨਾ ਸੰਵੇਦਨਾਹੀਣ ਹੋ ਗਿਆ ਹੈ ਕਿ ਅਸੀਂ ਸਮਝਦੇ ਹਾਂ ਕਿ ਅਜਿਹੀਆਂ ਛੋਟੀਆਂ-ਵੱਡੀਆਂ ਘਟਨਾਵਾਂ ਵੱਡੇ-ਵੱਡੇ ਸ਼ਹਿਰਾਂ ਵਿਚ ਅਤੇ ਛੋਟੇ-ਛੋਟੇ ਪਿੰਡਾਂ ਵਿਚ ਅਜਿਹੀਆਂ ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਆਮ ਹੀ ਹੁੰਦੀਆਂ ਰਹਿੰਦੀਆਂ ਹਨ। ਸੋ ਬੇਰੁਖ਼ੀ ਤੇ ਕੁਝ ਬੇਦਰਦੀ ਸਾਡੀ ਮਾਨਸਿਕਤਾ ਦਾ ਹਿੱਸਾ ਹੀ ਬਣ ਚੁੱਕੀਆਂ ਹਨ। ਸਾਡੇ ਸਮਾਜ ਵਿਚ ਇਸ ਤਰ੍ਹਾਂ ਆਮ ਬੰਦੇ ਦੀ ਜ਼ਿੰਦਗੀ ਦੇ ਗਾਡੀਰਾਹ ਦਾ ਪਹੀਆ ਇਕ ਅਵੱਲੇ ਜਿਹੇ ਚੱਕਰ ਵਿਚ ਭੁਆਂਟਣੀਆਂ ਖਾ ਰਿਹਾ ਹੈ।

ਸਾਡੇ ਸਮਾਜ ਵਿਚ ਸੰਵੇਦਨਾ ਤੇ ਚੰਗੀਆਂ ਕਦਰਾਂ-ਕੀਮਤਾਂ ਦੀ ਗੱਲ ਤਾਂ ਪੁਰਾਣੇ ਸਮਿਆਂ ਦੀ ਕਹਾਣੀ ਬਣ ਚੁੱਕੀ ਹੈ। ਬੰਦਾ ਨਿੱਤ-ਨਿੱਤ ਟੀ.ਵੀ. ਚੈਨਲਾਂ ਤੋਂ ਘਟੀਆ ਪ੍ਰਦਰਸ਼ਨ ਦੇਖਦਾ-ਦੇਖਦਾ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਤੇ ਖ਼ਬਰਾਂ ਪੜ੍ਹਦਾ-ਪੜ੍ਹਦਾ ਆਪ ਵੀ ਇਨ੍ਹਾਂ ਸਨਸਨੀਖੇਜ਼ ਕਹਾਣੀਆਂ ਦਾ ਪਾਤਰ ਹੀ ਬਣ ਚੁੱਕਾ ਹੈ। ਸਾਡੇ ਵਿਚੋਂ ਬਹੁਤੇ ਚੁਸਤ-ਚਲਾਕ ਬੰਦੇ ਤਾਂ ਆਪਣੇ ਇਸ ਅਖੌਤੀ ਰੋਲ ਨੂੰ ਫਰਜ਼ ਮਾਤਰ ਨਿਭਾਉਂਦੇ-ਨਿਭਾਉਂਦੇ; ਬੱਸ ਅਖੀਰ ਵਿਚ ਸਮਾਜ ਦੇ ਫਿਰਕਾਪ੍ਰਸਤ ਤੇ ਭ੍ਰਿਸ਼ਟਾਚਾਰੀ ਵਰਗ ਦੇ ਦੰਗਈ-ਮਵਾਲੀ ਬਣ ਜਾਂਦੇ ਹਨ ਅਤੇ ਕੁਝ ਕੁ ਆਲਸੀ ਹਮਾਤੜ 'ਸੁਸਤ ਕੱਟੇ' ਵਾਂਗੂ ਕੰਨ ਹਿਲਾਉਂਦੇ ਤੇ ਜੁਗਾਲੀ-ਪਚਾਰਾ ਕਰਦੇ ਹੋਏ ਮਾੜੇ ਤੋਂ ਮਾੜੇ ਘਟਨਾ ਚੱਕਰ ਦੇ ਮੂਕ ਦਰਸ਼ਕ ਬਣੇ ਰਹਿੰਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਤਰ੍ਹਾਂ ਸਾਡੇ ਸਮਾਜ ਵਿਚ ਜ਼ਿਆਦਾਤਰ ਜੋ ਕੁਝ ਹੋ ਰਿਹਾ ਹੈ, ਉਹ ਆਮ ਆਦਮੀ ਲਈ ਬੇਮਾਇਨ੍ਹੇ ਜਿਹੇ ਹੋ ਕੇ ਰਹਿ ਗਿਆ ਹੈ। ਅਜੋਕੇ ਮਨੁੱਖ ਦੀ ਸੋਚ ਅਨੁਸਾਰ ਇਹ ਤਾਂ ਕੁਝ ਵੀ ਨਹੀਂ ਹੈਂ; ਸਗੋਂ ਉਹ ਸਮਝਦਾ ਹੈਂ ਕਿ ਜੋ ਕੁਝ ਅਤਿਵਾਦ ਦੇ ਦਿਨਾਂ ਵਿਚ ਕੁਝ ਸਮਾਂ ਪਹਿਲਾਂ ਹੋਇਆ ਸੀ, ਉਸ ਦੇ ਮੁਕਾਬਲੇ ਵਿਚ ਤਾਂ ਇਹ ਸਭ ਕੁਝ ਉਸ ਤ੍ਰਾਸਦੀ ਦਾ ਪਾਸਿੰਗ ਵੀ ਨਹੀਂ ਹੈ। ਅਸੀਂ ਸੋਚਦੇ ਹਾਂ ਕਿ ਅਤਿਵਾਦ ਦੇ ਸਮੇਂ ਅਸੀਂ ਸਾਲੋ-ਸਾਲ ਨਿੱਤਾਪ੍ਰਤੀ ਇਕ ਬੰਦੇ ਦੇ ਕਤਲ ਦੀ ਖ਼ਬਰ ਤੋਂ ਲੈ ਕੇ ਕਿਸੇ ਵੱਡੇ ਬੰਦੇ ਦੇ ਮਾਰਨ-ਮਰਨ ਦੀ 'ਡੱਬੀ ਬੰਦ' ਜਾਣਕਾਰੀ ਸੁਣਦੇ ਰਹੇ ਹਾਂ। ਇਸ ਤੋਂ ਇਲਾਵਾ ਅਸੀਂ ਸੈਂਕੜੇ ਨਰ-ਨਾਰੀਆਂ ਤੇ ਬੱਚੇ-ਬੁੱਢਿਆਂ ਦੇ ਕਤਲੇਆਮ ਦੀ ਖ਼ਬਰ ਪੜ੍ਹਣ ਤੋਂ ਬਾਅਦ ਵੀ ਬੇਫ਼ਿਕਰ ਤੇ ਬੇਖ਼ਬਰ ਜਿਹੇ ਰਹਿੰਦੇ ਰਹੇ ਹਾਂ। ਇਉਂ ਫਿਰ ਅਸੀਂ ਵਧੀਆ ਬਰੇਕ-ਫਾਸਟ ਕਰ ਕੇ ਆਪਣੇ ਦਫਤਰਾਂ ਜਾਂ ਦੁਕਾਨਾਂ 'ਤੇ ਜਾ ਸਕਦੇ ਸੀ ਤਾਂ ਉਦੋਂ ਨਾਲੋਂ ਹੁਣ ਤਾਂ ਹਾਲਾਤ ਬਹੁਤ ਬਿਹਤਰ ਹਨ।

ਸਾਡੀ ਅਜਿਹੀ ਦਰਦ-ਬਾਹਰੀ ਤੇ ਉਦਾਸੀਨ ਸੋਚ ਦੇ ਮੁਤਾਬਿਕ ਹੁਣ ਤਾਂ ਉਸ ਪੱਧਰ ਦੀ ਅਜਿਹੀ ਕੋਈ ਫੜਕਦੀ-ਫੜਕਦੀ ਸਨਸਨੀ ਭਰਪੂਰ ਖ਼ਬਰ ਕਦੇ ਆਉਂਦੀ ਹੀ ਨਹੀਂ। ਜ਼ਾਹਿਰ ਹੈ ਕਿ ਹੁਣ ਸਾਡੀ ਜ਼ਮੀਰ ਮਰ ਚੁੱਕੀ ਹੈ। ਬੱਸ ਇਉਂ ਹੀ ਹੁਣ ਸਾਡਾ ਲਹੂ ਸਫੇਦ ਤੇ ਚਮੜੀ ਮੋਟੀ ਹੋ ਚੁੱਕੀ ਹੈ ਅਤੇ ਸਾਡੇ ਵਾਸਤੇ ਆਤਮਾ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹੀ। ਹੁਣ ਸਾਡਾ ਮੱਚ ਹੀ ਇੰਨਾ ਮਰ ਚੁੱਕਾ ਹੈ ਕਿ 'ਕੋਈ ਮਰੇ ਤੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ' ਵਾਲੀ ਖੇਡ ਹਰ ਪਾਸੇ ਬਣੀ ਖੜ੍ਹੀ ਹੈ।

ਮੁੱਕਦੀ ਗੱਲ, ਅਸੀਂ ਸਮਝਦੇ ਹਾਂ ਕਿ ਜਿੰਨੀ ਦੇਰ ਅਸੀਂ ਆਪ ਜਾਪਾਨ ਜਾਂ ਇੰਡੋਨੇਸ਼ੀਆ ਵਰਗੀਆਂ ਮਾਰੂ ਸੁਨਾਮੀ ਲਹਿਰਾਂ ਜਾਂ ਭੁਚਾਲਾਂ ਦੀ ਲਪੇਟ ਵਿਚ ਨਹੀਂ ਆਉਂਦੇ, ਉਨੀ ਦੇਰ ਦੁਨੀਆਂ ਦੇ ਬਾਰੇ ਫ਼ਿਕਰ ਕਰਨਾ ਫਜ਼ੂਲ ਜਿਹੀ ਗੱਲ ਹੈ। ਅਸੀਂ ਕੌਮ ਦੇ ਵੱਡੇ-ਵੱਡੇ ਮੁੱਦਿਆਂ ਸਬੰਧੀ ਅਲੋਚਨਾ ਸਿਰਫ਼ ਅਲੋਚਨਾ ਕਰਨ ਦੀ ਖਾਤਿਰ ਹੀ ਕਰਦੇ ਹਾਂ। ਇਸ ਤਰ੍ਹਾਂ ਹੀ ਅਸੀਂ ਇਕ-ਦੂਜੇ ਦਾ ਭੰਡੀ ਪ੍ਰਚਾਰ ਕਰਨ ਦੀ ਗਰਜ਼ ਨਾਲ ਜਾਭਾਂ ਦੇ ਭੇੜ ਵਜੋਂ ਅਹਿਮ ਮਸਲਿਆਂ ਨੂੰ ਚਿੱਥਦੇ-ਚੱਬਦੇ ਜ਼ਰੂਰ ਰਹਿੰਦੇ ਹਾਂ। ਇਸ ਦੇ ਉਲਟ ਜਦੋਂ ਸਾਡੇ ਨਿੱਜ ਤੇ ਆਪਣੇ ਘਰ ਤੋਂ ਲੈ ਕੇ ਸਮਾਜ ਤਕ ਕੋਈ ਚੰਗੀ ਤੇ ਉਸਾਰੂ ਪਹਿਲ-ਕਦਮੀ ਕਰਨ ਦਾ ਕਿਤੇ ਸਵਾਲ ਆਉਂਦਾ ਹੈ ਤਾਂ ਸਾਡੇ ਪੈਰ ਪਹਿਲਾਂ ਤਾਂ ਇਸ ਪਾਸੇ ਤੁਰਦੇ ਹੀ ਨਹੀਂ।

ਬਹਿਰਹਾਲ, ਜੇ ਕਿਤੇ ਭੁੱਲੇ-ਚੁੱਕੇ ਅਸੀਂ ਦੇਸ਼ ਤੇ ਕੌਮ ਦੇ ਹਿੱਤ ਵਿਚ ਕੋਈ ਮਸਲਾ ਵਿਚਾਰਨ ਵੀ ਲਗਦੇ ਹਾਂ ਤਾਂ ਸਾਡੀ ਪਿਛਲਖੁਰੀ ਸੋਚ ਸਾਡੇ 'ਤੇ ਹਾਵੀ ਹੋ ਜਾਂਦੀ ਹੈ। ਇਉਂ ਅਸੀਂ ਸਿਆਸੀ ਬਦਲਾਖੋਰੀ ਦੀ ਭਾਵਨਾ ਤਹਿਤ ਆਪਣੇ ਵਿਰੋਧੀਆਂ ਦੇ ਦੁਵੱਲਿਆਂ ਹੀ ਇੰਨੇ ਵੱਡੇ ਨੁਕਤਾਚੀਨ ਹੋ ਜਾਂਦੇ ਹਾਂ ਕਿ ਕੌਮੀ ਹਿੱਤ ਕੋਹਾਂ ਪਿਛਾਂਹ ਜਾ ਡਿੱਗਦੇ ਹਨ। ਸਾਡੀ ਇਹ ਸਥਿਤੀ ਬਿਲਕੁਲ ਉਸ ਮਰਾਸੀ ਵਾਲੀ ਹੈ ਕਿ ਜਿਸ ਦੀ ਰਜ਼ਾਈ ਨੂੰ ਇਕ ਵਾਰ ਅੱਗ ਲੱਗ ਗਈ; ਪਹਿਲਾਂ ਤਾਂ ਉਸ ਨੂੰ ਨਸ਼ੇ-ਪੱਤੇ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਲੋਰ ਵਿਚ ਪਤਾ ਹੀ ਨਹੀਂ ਲੱਗਿਆ, ਪਰ ਜਦੋਂ ਅੱਗ ਧੁਖਦੀ-ਧੁਖਦੀ ਉਸ ਦੇ ਪੈਰਾਂ ਤੋਂ ਗੋਡਿਆਂ ਤੇ ਫਿਰ ਮੂੰਹ ਵੱਲ ਨੂੰ ਆਉਣ ਲੱਗੀ ਤਾਂ ਮਰਾਸੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਫਿਰ ਵੀ ਉਹ ਕਹੀ ਜਾਵੇ ਕਿ ਗਵਾਂਢੀਆਂ ਦੇ ਅੱਗ ਲੱਗ ਗਈ ਹੈਂ; ਦੇਖੋ ਭਾਈ ਇਹ ਬੁਝਾਉਂਦੇ ਕਿਉਂ ਨਹੀਂ। ਇੰਨੇ ਨੂੰ ਜਦੋਂ ਅੱਗ ਦਾ ਸੇਕ ਉਸ ਦੀ ਦਾੜ੍ਹੀ ਨੂੰ ਲੂਹਣ ਲੱਗਾ ਤਾਂ ਮਰਾਸੀ ਨੂੰ ਸੁਰਤ ਆਈ ਕਿ ਸਾਲੀ ਇਹ ਅੱਗ ਤਾਂ ਆਪਣੇ ਘਰ ਹੀ ਲੱਗੀ ਹੋਈ ਹੈ।

ਇਉਂ ਸਾਡੇ ਸਮਾਜ ਦਾ ਵੀ ਹੁਣ ਇਹ ਹਾਲ ਹੈ ਕਿ ਇਹ ਪਤਾ ਨਹੀਂ ਲੱਗ ਰਿਹਾ ਕਿ ਸਾਡੇ ਦੇਸ਼ ਨੂੰ ਦਰਪੇਸ਼ ਮਸਲਿਆਂ ਸਬੰਧੀ ਅਸੀਂ ਕੀ ਕਰੀਏ ਤੇ ਕੀ ਨਾ ਕਰੀਏ। ਇਸ ਸਬੰਧ ਵਿਚ ਸਪੱਸ਼ਟ ਹੈ ਕਿ ਸਾਡੀ ਸੋਚ ਅਫ਼ਸੋਸਜਨਕ ਹੈ ਤੇ ਕਰਤੂਤ ਹੋਰ ਵੀ ਹਾਸੋਹੀਣੀ ਹੈ। ਬੱਸ ਇਸ ਤਰ੍ਹਾਂ ਅੱਜ ਸਾਡੇ ਦੇਸ਼ ਦਾ ਅਵਾਮ ਇਕ ਮਾਨਸਿਕ ਕੌਤੂਹਲ ਤੇ ਗੁੰਝਲਦਾਰ ਖਿਆਲਾਂ ਦੇ ਚਿੜਚੋਲੇ ਵਿਚੋਂ ਗੁਜ਼ਰ ਰਿਹਾ ਹੈ। ਸਾਡਾ ਅਜੋਕਾ ਸਮਾਜ ਕਾਲ-ਚੱਕਰ ਦੇ ਤਹਿਤ ਆਪਣੇ ਹੀ ਬੁਣੇ ਤਾਣੇ-ਬਾਣੇ ਦੇ ਕੋਝੇ ਘਟਨਾਕ੍ਰਮ ਨੂੰ ਦਿਮਾਗੀ-ਖਿਲਾਅ ਦੀ ਅਵਸਥਾ ਵਿਚ ਵੇਖ ਰਿਹਾ ਹੈ। ਇੰਝ ਜਾਪਦਾ ਹੈ ਕਿ ਅਖੀਰ ਵਿਚ ਅਸੀਂ ਸਾਰੇ 'ਖੁਦ ਹੀ ਅਮਨ ਹੋ ਜਾਏਗਾ, ਖਾਕ ਹੋਨੇ ਕੇ ਬਾਅਦ' ਜਿਹੀ ਫਜ਼ੂਲ ਦਿਲਬਰੀ ਨਾਲ ਆਪਣੇ ਆਪ ਨੂੰ ਝੂਠਾ ਦਿਲਾਸਾ ਦੇ ਰਹੇ ਹਾਂ। ਜਦੋਂ ਕਿ ਹੁਣ ਲੋੜ ਹੈ ਕਿ ਕੌਮੀ ਪੱਧਰ 'ਤੇ ਅਸੀਂ ਆਪਣੀ ਨੇਕ ਕਰਮਾਂ-ਕੰਮਾਂ ਨਾਲ ਆਪਣੇ ਚਾਲ-ਚਲਣ, ਕੰਮਕਾਰ ਤੇ ਕਾਰਵਿਹਾਰ ਵਿਚ ਸੁਧਾਰ ਲਿਆਈਏ।

ਅਕਾਲ ਪੁਰਖਿ ਵਾਹਿਗੁਰੂ ਦੇ ਦਰਿ 'ਤੇ ਸਮੂਹਿਕ ਰੂਪ ਵਿਚ ਅੰਤਿਤਾ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ" ਜਿਹੀ ਸੱਦ-ਪੁਕਾਰ ਹੀ ਹੁਣ ਸਾਡੇ ਕੋਲ ਹੈ। ਬੱਸ ਰੱਬ ਖ਼ੈਰ ਕਰੇ।



*Original with;*
Kulbir Singh Sidhu(I.A.S)
*Digitized by;*
Panjab Digital Library

# ਮਾਰ੍ਹੇ ਗਾਮ ਮੇਂ ਤੋਂ ਊਂਟ ਜਲੇਬੀ ਨਾ ਖਾਵੇਂ ਥੇ

ਕੋਈ ਬਹੁਤਾ ਸਮਾਂ ਨਹੀਂ ਹੋਇਆ, ਸਗੋਂ ਕੋਈ 60 ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਸਾਡੇ ਸਧਾਰਨ ਸਮਾਜ ਤੇ ਆਮ ਲੋਕਾਂ ਵਿਚ ਰੋਟੀ-ਬੇਟੀ ਦੀ ਸਾਂਝ ਹੁੰਦੀ ਸੀ। ਕਿਸੇ ਵੀ ਨਗਰ-ਖੇੜੇ ਦੀਆਂ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਮੰਨੀਆਂ ਜਾਂਦੀਆਂ ਸਨ। ਸਮਾਜ ਵਿਚ ਔਰਤਾਂ ਆਦਰਯੋਗ ਤੇ ਮਾਨਣੀਆਂ ਸਨ, ਜਿਸ ਕਰਕੇ ਸਭਨਾਂ ਔਰਤਾਂ ਦੀ ਇੱਜ਼ਤ-ਆਬਰੂ ਵੀ ਸਭ ਦੀ ਸਾਂਝੀ ਮੰਨੀ ਜਾਂਦੀ ਰਹੀ ਹੈ। ਪਿੰਡ ਦੇ ਭਾਈਚਾਰੇ ਦੀ ਮਰਿਆਦਾ ਤੇ ਇਜ਼ਤ-ਮਾਣ ਨੂੰ ਬਰਕਰਾਰ ਰੱਖਣ ਵਿਚ ਹਰ ਬੰਦੇ ਦੀ ਭਾਈਵਾਲੀ ਤੇ ਸੀਰ ਹੁੰਦਾ ਸੀ। ਇਹ ਹੀ ਨਹੀਂ ਸਗੋਂ ਪੇਂਡੂ ਲੋਕ ਗਊ-ਗਰੀਬ ਤੇ ਔਰਤ ਦੀ ਰੱਖਿਆ ਨੂੰ ਆਪਣਾ ਧਰਮ ਸਮਝਦੇ ਸਨ।

ਇਸ ਸੰਦਰਭ ਵਿਚ ਖਾਸ ਕਰਕੇ ਸਾਡੇ ਪੰਜਾਬੀ ਸਮਾਜ ਵਿਚ ਚਿਰਾਂ ਤੋਂ ਸਦਾਚਾਰ ਤੇ ਮਾਣ-ਮਰਿਆਦਾ ਦਾ ਤੰਤ ਰਿਹਾ ਹੈ, ਜਿਸ ਸਦਕਾ ਸਾਡੇ ਪੇਂਡੂ ਸਮਾਜ ਦੀ ਜੀਵਨਸ਼ੈਲੀ ਵਿਚ ਰੱਬ ਦਾ ਹੈਅ-ਭੈਅ, ਡਰ-ਭੁਕਰ, ਸ਼ਰਮ-ਹਯਾ ਤੇ ਇੱਜ਼ਤ ਦਾ ਅੰਸ਼ ਹੁੰਦਾ ਸੀ। ਫਿਰ ਇਹ ਵੀ ਕੋਈ ਬਹੁਤ ਪੁਰਾਣੇ ਸਮੇਂ ਦੀ ਗੱਲ ਨਹੀਂ ਕਿ ਪੰਜਾਬੀ ਸਮਾਜ ਵਿਚ ਰਹਿੰਦੇ ਜੀਆਂ ਵਿਚ ਹੁਣ ਵਾਂਗੂੰ ਮੌਕਾਪ੍ਰਸਤੀ, ਮਤਲਬਪ੍ਰਸਤੀ ਤੇ ਸਵਾਰਥ ਇੰਨਾਂ ਨਹੀਂ ਸੀ ਹੁੰਦਾ। ਇਸ ਦੇ ਉਲਟ ਸਗੋਂ ਆਪਾ-ਪਰਕਾ ਭਾਵ ਮੇਰ-ਤੇਰ ਦਾ ਭਿੰਨ-ਭੇਦ ਬਹੁਤ ਹੀ ਘੱਟ ਹੁੰਦਾ ਸੀ। ਉਦੋਂ ਸਮਾਜਿਕ ਤੇ ਨੈਤਿਕ ਮਰਿਆਦਾ ਦਾ ਹਰ ਕਿਸੇ ਨੂੰ ਖਿਆਲ ਹੁੰਦਾ ਸੀ, ਜਿਸ ਕਰਕੇ ਸ਼ਰੀਕ ਹੀ ਨਹੀਂ, ਸਗੋਂ ਦੁਸ਼ਮਣ ਵੀ ਇਸ ਸਮਾਜਿਕ ਪ੍ਰੰਪਰਾਵਾਂ, ਮਰਿਆਦਾ ਤੇ ਭਾਈਚਾਰੇ ਦੀ ਸਾਂਝੀ ਇਜ਼ਤ-ਅਣਖ ਜਿਹੀਆਂ ਨੈਤਿਕ ਸਿਫਤਾਂ ਤੇ ਸਿਮਤਾਂ ਦੇ ਕਾਇਲ ਹੁੰਦੇ ਸਨ।

ਇਹ ਅਤਿਕਥਨੀ ਨਹੀਂ ਹੈ ਕਿ ਆਮ ਤੌਰ 'ਤੇ ਲੋਕ ਪਿੰਡ ਦੀ ਸਾਂਝੀ ਧੀ-ਭੈਣ ਦੀ ਇੱਜ਼ਤ-ਆਬਰੂ ਦੀ ਰੱਖਿਆ ਕਰਨ ਦੀ ਭਲੀ ਰਵਾਇਤ ਨੂੰ ਲਗਦੀ ਵਾਹ ਹਰ ਹਾਲ ਨਿਭਾਉਂਦੇ ਸਨ। ਇਥੋਂ ਤੱਕ ਕਿ ਦੁਸ਼ਮਣ ਤੇ ਸਿਰ ਵੱਢਵੇਂ ਸ਼ਰੀਕ ਵੀ ਇਕੱਲੀ-ਅਕਹਿਰੀ ਕੁੜੀ ਨੂੰ ਰਾਤ-ਬਰਾਤੇ ਆਉਂਦੀ ਨੂੰ ਦੇਖ ਕੇ ਜਾਂ ਤਾਂ ਰਾਹ ਛੱਡ ਜਾਂਦੇ ਸਨ ਤੇ ਜਾਂ ਉਸ ਦੇ ਘਰ ਪਹੁੰਚਾਉਣ ਦਾ ਕੋਈ ਹੀਲਾ-ਵਸੀਲਾ ਕਰਦੇ ਸਨ। ਸਿਰੇ ਦੀ ਗੱਲ ਇਹ ਹੈ ਕਿ ਜੀਵਨ ਦੇ ਸਭ ਚੰਗੇ-ਮਾੜੇ ਵਰਤਾਰੇ ਦੇ ਬਾਵਜੂਦ ਵੀ ਸਾਡੇ ਸਭਿਆਚਾਰ ਵਿਚ ਸਦਾਚਾਰਕ ਝਲਕ-ਝਲਕਾਰੇ ਆਮ ਹੀ ਵੇਖਣ ਨੂੰ ਮਿਲਦੇ ਸਨ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਸੰਦਰਭ ਵਿਚ ਇਤਿਹਾਸ ਗਵਾਹ ਹੈ ਕਿ ਸਿੱਖ ਧਰਮ ਖਾਸ ਕਰਕੇ ਖਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਸਭਿਆਚਾਰਕ ਕਦਰਾਂ-ਕੀਮਤਾਂ ਦੀ ਬਹਾਲੀ ਤੇ ਰਾਖੀ ਦੇ ਪੱਖੋਂ ਸਿੱਖ ਸਮਾਜ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ। ਜਦੋਂ ਵਿਦੇਸ਼ੀ ਹਮਲਾਵਰ ਜਾਂ ਤਾਕਤ ਵਿਚ ਅੰਨ੍ਹੇ ਹੋਏ ਹੁਕਮਰਾਨ ਧੀਆਂ-ਭੈਣਾਂ ਦੀ ਬੇਹੁਰਮਤੀ ਕਰਦੇ ਸਨ ਤਾਂ 'ਖਾਲਸਾ' ਹਰ-ਹਾਲ ਤੇ ਹਰ-ਹੀਲੇ ਆਪਣੀਆਂ ਜਾਨਾਂ ਹੂਲ ਕੇ ਵੀ ਮਾਸੂਮ ਤੇ ਅਬਲਾ ਔਰਤਾਂ ਦਾ ਮਦਦਗਾਰ ਤੇ 'ਹਾਤਮਤਾਈ' ਵਾਂਗੂੰ ਗੈਬੀ ਹੱਫ਼ਾ ਸਾਬਿਤ ਹੋਇਆ ਹੈ।

ਇਉਂ ਹੀ ਮੱਧਕਾਲੀ ਸਮਿਆਂ ਤੋਂ ਹੀ ਸਾਡੇ ਲੋਕ ਨਾਇਕ ਦੁੱਲ੍ਹਾ ਭੱਟੀ, ਜੈਮਲ-ਫੱਤਾ, ਜਿਊਣਾ ਮੌੜ, ਬਾਹੀਏ ਦੇ ਚਿੱਤੂ-ਮਿੱਤੂ, ਜੱਗਾ ਜੱਟ, ਹਰਿਆਣਵੀ ਹਰਫੂਲ, ਸੁੱਚਾ ਸਮਾਓਂ ਅਤੇ ਹੋਰ ਕਿੰਨੇ ਹੀ ਕੂਕੇ ਸ਼ਹੀਦਾਂ ਦੇ ਸਿਰਲੱਥ ਸੂਰਮੇ ਹੋਏ ਹਨ, ਜੋ ਕਿ ਆਪੋ-ਆਪਣੇ ਸਮਕਾਲੀ ਤਾਨਾਸ਼ਾਹ ਤੇ ਸਰਮਾਏਦਾਰੀ ਨਿਜ਼ਾਮ ਦੇ ਗਲਵੱਢਵੇਂ ਵਿਰੋਧੀ ਤੇ ਵੈਰੀ ਸਨ; ਪਰ ਉਦੋਂ ਦੇ ਬੁੱਚੜਾਂ ਤੇ ਸ਼ਾਹੂਕਾਰਾਂ ਤੋਂ ਗਊ-ਗਰੀਬ ਨੂੰ ਨਿਜਾਤ ਦਿਵਾਉਣ ਅਤੇ ਵਿਸ਼ੇਸ਼ ਕਰਕੇ ਔਰਤਜ਼ਾਤ ਦੀ ਰੱਖਿਆ ਵਾਸਤੇ ਉਨ੍ਹਾਂ ਦੀ ਮਰਨ-ਮਾਰਨ ਦੀ ਸਾਂਝੀ ਮਰਿਆਦਾ ਤੇ ਵਚਨਬੱਧਤਾ ਅੱਜ ਵੀ ਲੋਕ ਚੇਤਨਾ ਵਿਚ ਉਨ੍ਹਾਂ ਵਾਸਤੇ ਸਮਾਜ ਹਿਤੈਸ਼ੀ ਸਦਾਉਣ ਅਤੇ 'ਮਿੱਤਰ-ਪਿਆਰੇ' ਹੋਣ ਦਾ ਸਬੱਬ ਬਣੀ ਹੋਈ ਹੈ।

ਪਰ ਅੱਜ ਦੇ ਪਦਾਰਥਵਾਦੀ ਸਮਾਜ ਵਿਚ ਪ੍ਰਗਤੀ ਦੇ ਨਾਂ 'ਤੇ ਸਾਡੀ ਮਾਨਸਿਕਤਾ ਵਿਚ ਸਦਾਚਾਰਕ ਕਦਰਾਂ-ਕੀਮਤਾਂ ਦੀ ਥਾਂ 'ਤੇ ਵਪਾਰਿਕ ਮਾਨਸਿਕਤਾ ਨੇ ਘਰ ਕਰ ਲਿਆ ਹੈ। ਸਾਡੇ ਅਜੋਕੇ ਪੂੰਜੀਵਾਦ ਦਾ ਚਿਹਰਾ-ਮੋਹਰਾ ਅਣਮਨੁਖੀ ਹੈ, ਜਿਸ ਕਰਕੇ ਸਾਡੀ ਸਮਕਾਲੀ ਨੈਤਿਕ ਤੇ ਸਮਾਜਿਕ ਸੋਚ ਵੀ ਸੰਵੇਦਨਾਹੀਨ ਹੋ ਰਹੀ ਹੈ। ਸਾਡੇ ਪਵਿਤਰ ਰਿਸ਼ਤਿਆਂ ਤੇ ਬੇਗਾਨਗੀ ਦਾ ਗਲਬਾ ਪੈ ਰਿਹਾ ਹੈ। ਸਮਾਜ ਵਿਚ ਹਿੰਸਾ ਤੇ ਅਤਿਆਚਾਰ ਵੱਧਣ ਪਿਛੇ ਵਿਸ਼ਵੀਕਰਣ ਭਾਰੂ ਹੋ ਰਿਹਾ ਹੈ। ਸਾਡੇ ਸਮੇਂ ਵਿਚ ਹੁਣ ਖਾਸ ਕਰਕੇ ਵਿਸ਼ਵੀਕਰਣ ਤੇ ਵਪਾਰੀਕਰਨ ਦੇ ਦੁਸ਼ਪ੍ਰਭਾਵਾਂ ਦੇ ਤਹਿਤ ਉਪਭੋਗਤਾਵਾਦੀ ਸਭਿਆਚਾਰ ਸਾਡੇ ਕਾਰ-ਵਿਹਾਰ 'ਤੇ ਹਾਵੀ ਹੋ ਰਿਹਾ ਹੈ।

ਇਸ ਪ੍ਰਸੰਗ ਵਿਚ ਜੇ ਅਸੀਂ ਗੱਲ ਕਰੀਏ ਤਾਂ ਜ਼ਾਹਿਰ ਹੈ ਕਿ ਮਨੁੱਖੀ ਸਮਾਜ ਦੇ ਰਿਸ਼ਤਿਆਂ ਦੀ ਸ਼ੁਰੂਆਤ ਵਿਆਹ ਬੰਧਨ ਦੀ ਬੁਨਿਆਦ ਨਾਲ ਬੱਝਦੀ ਹੈ। ਹੁਣ ਵਿਆਹ-ਸ਼ਾਦੀਆਂ ਵਪਾਰ ਬਣ ਗਈਆਂ ਹਨ। ਪਿੰਡਾਂ ਵਿਚ ਵੀ ਹੁਣ ਇਸ ਪੱਖੋਂ ਕੋਈ ਕਮੀ ਨਹੀਂ ਰਹਿ ਗਈ। ਉਥੇ ਵੀ ਮੈਰਿਜ ਪੈਲੇਸ ਬਣ ਗਏ ਹਨ, ਜਿਥੇ ਕਿ ਧੀਆਂ-ਪੁੱਤਾਂ ਦੀਆਂ ਸੌਦੇਬਾਜ਼ੀਆਂ ਤੇ ਵਿਆਹ ਦੀਆਂ ਹੋਰ ਫੈਲ-ਸੂਫੀਆਂ ਨਸ਼ਰ ਹੁੰਦੀਆਂ ਹਨ।

ਇਸ ਪ੍ਰਸੰਗ ਵਿਚ ਕਿੱਥੇ ਅੱਜ ਤੋਂ ਤਕਰੀਬਨ 60-70 ਸਾਲ ਪਹਿਲਾਂ ਪਿੰਡਾਂ ਵਿਚ ਹੋਏ ਵਿਆਹਾਂ ਦਾ ਜ਼ਿਕਰ ਕਰੀਏ ਤਾਂ ਮੁੰਡੇ ਦੇ ਵਿਆਹ 'ਤੇ ਜੰਞ ਊਠਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਘੋੜੀਆਂ ਤੇ ਗੱਡਿਆਂ 'ਤੇ ਜਾਂਦੀ ਸੀ। ਉਦੋਂ ਕੁੜੀ ਵਾਲਿਆਂ ਵਲੋਂ ਅੱਗੋਂ ਸਾਰੇ ਪਿੰਡ ਦਾ ਸ਼ਰੀਕਾ ਮੇਜ਼ਬਾਨ ਹੁੰਦਾ ਸੀ। ਹਰ ਘਰ ਵਿਚੋਂ ਬਰਾਤ ਲਈ ਵਧੀਆ ਤੋਂ ਵਧੀਆ ਮੰਜਾ ਬਿਸਤਰਾ ਤੇ ਭਾਂਡੇ ਇਕੱਠੇ ਕੀਤੇ ਜਾਂਦੇ ਸਨ। ਕਿਸੇ ਸਾਂਝੇ ਥਾਂ ਹਾਲ ਕਮਰੇ ਅਤੇ ਜਾਂ ਘਰਾਂ ਵਿਚ ਹੀ ਸਾਰੀ ਬਰਾਤ ਦਾ ਉਤਾਰਾ ਹੁੰਦਾ ਸੀ ਤੇ ਪਿੰਡ ਦੇ ਭੈਣ-ਭਾਈ ਹੀ ਪਰੀਹੇ ਬਣ ਕੇ ਬਰਾਤ ਨੂੰ ਖਾਣਾ ਖੁਆਉਂਦੇ ਸਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਦੋਂ ਵਿਆਹ ਦੀ ਰਸਮਾਂ ਅੰਮ੍ਰਿਤ ਵੇਲੇ ਹੁੰਦੀਆਂ ਸਨ ਅਤੇ ਉਸ ਉਪਰੰਤ ਸਾਰੇ ਪਿੰਡ ਵਲੋਂ ਕੁੜੀ ਦੀ ਡੋਲੀ ਬੜੇ ਸ਼ਗਨਾਂ ਨਾਲ ਤੋਰੀ ਜਾਂਦੀ ਸੀ।

ਤਕਰੀਬਨ 50 ਕੁ ਸਾਲ ਤੋਂ ਹੁਣ ਜੰਞਾਂ ਬੱਸਾਂ ਤੇ ਕਾਰਾਂ ਵਿਚ ਜਾਣ ਲੱਗੀਆਂ ਹਨ। ਹੁਣ ਆਪਣੇ ਸਕਿਆਂ ਵਿਚ ਵੀ ਭਰਾਤਰੀ ਭਾਵ ਤੇ ਭਾਈਵਾਲੀ ਨਹੀਂ ਦਿਸਦੀ। ਮੈਰਿਜ ਪੈਲੇਸ ਵਿਚ ਫੁਫੜ ਨਾਲੋਂ ਵੱਧ ਸਮਾਜ ਦੇ ਕਿਸੇ ਅਖੌਤੀ ਵੀ.ਆਈ.ਪੀ ਨੇਤਾ ਜਾਂ ਅਫਸਰ ਦੀ ਪੁੱਛਗਿੱਛ ਹੁੰਦੀ ਹੈ। ਫੁਫੜ ਤੇ ਮਾਮੇ ਵਿਚਾਰੇ ਖੂੰਝੇ ਲੱਗੇ ਲੂਣ ਸੁੰਘਦੇ ਦਿਸਦੇ ਹਨ। ਅਨੰਦ ਕਾਰਜ ਅੰਮ੍ਰਿਤ ਵੇਲੇ ਤਾਂ ਕੀ ਹੋਣਾ ਹੈ, ਬਰਾਤ ਹੀ ਦੁਪਿਹਰ ਇਕ-ਡੇਢ ਵਜੇ ਢੁਕਦੀ ਹੈ। ਮੁਸ਼ਕਿਲ ਨਾਲ ਨੇੜਲੇ ਰਿਸ਼ਤਿਆਂ ਦੀ ਲਿਹਾਜ਼ ਦੇ ਮਾਰੇ ਪੰਜ-ਦਸ ਜੀਅ ਅਨੰਦ ਕਾਰਜ 'ਤੇ ਪਹੁੰਚਦੇ ਹਨ। ਬਾਕੀ ਹਮਾਤੜ ਸਾਥੀ ਤਾਂ ਲੇਟ ਕੱਢਣ ਦੇ ਬਹਾਨੇ ਪਹਿਲਾਂ ਹੀ ਦਾਰੂ-ਪਿਆਲੇ ਦੇ ਸਟਾਲਾਂ ਨਾਲ ਜਾ ਖਹਿੰਦੇ ਹਨ। ਉਧਰ ਵਿਆਹ ਤੋਂ ਬਾਅਦ ਆਮ ਤੌਰ 'ਤੇ ਲਾੜਾ ਜੋ ਬਹੁਤ ਜ਼ਰੂਰੀ ਕੰਮ ਕਰਦਾ ਹੈ, ਉਹ ਇਹ ਹੁੰਦਾ ਹੈ ਕਿ ਉਹ ਸਿੱਧਾ ਪੱਗ ਦਾ ਭਾਰ ਲਾਹੁਣ ਲਈ ਨਾਈ ਦੀ ਦੁਕਾਨ 'ਤੇ ਜਾ ਪਹੁੰਚਦਾ ਹੈ। ਉਸ ਤੋਂ ਬਾਅਦ ਕੀ ਕਾਕਾ, ਕੀ ਬੁੱਢਾ ਅਤੇ ਕੀ ਨੂੰਹ ਤੇ ਕੀ ਸੱਸ ਸਾਰੇ ਹੀ ਬੱਸ ਸਣੇ ਜ਼ਨਾਨੀਆਂ ਡੀ.ਜੇ ਫਲੋਰਾਂ 'ਤੇ ਮੇਲ੍ਹਦੇ ਦਿਸਦੇ ਹਨ।

ਰੱਬ ਹੀ ਜਾਣੇ ਸੱਚ ਕੀ ਹੈ। ਪਰ ਸੁਣਨ ਦੇਖਣ ਵਿਚ ਆਇਆ ਹੈ ਕਿ ਬੰਦੇ ਤਾਂ ਦਾਰੂ ਨਾਲ ਡੱਕੇ ਹੀ ਹੁੰਦੇ ਹਨ, ਕੁੱਝ ਕੁ ਭਲੀਆਂਮਾਣਸਾਂ ਵੀ ਛਕ-ਛਕਾ ਲੈਂਦੀਆਂ ਹਨ ਤੇ ਡਾਂਸਿੰਗ ਫਲੋਰ 'ਤੇ ਬਹਿ-ਬਹਿ ਜਾ ਕਰਵਾਉਂਦੀਆਂ ਫਿਰਦੀਆਂ ਹਨ। ਜਿਸ ਕਰਕੇ ਕਿ ਵਿਆਹ ਵਿਚ ਅਕਸਰ ਡਾਂਗ ਸੋਟੀ ਤੇ ਗੋਲੀ ਸਿੱਕੇ ਦੀ ਵਰਤੋਂ ਦੇ ਪ੍ਰਤੱਖ ਰੂਪ ਵਿਚ ਬੈਂਗਣੀ ਉਘੜਦੀ ਹੈ। ਵਿਆਹ ਵਿਚ ਦਾਜ-ਦਹੇਜ ਦੇਣ ਦੇ ਨਾਮ 'ਤੇ ਕੁੜੀ ਵਾਲੇ ਤਾਂ ਅਮੂਮਨ ਕਰਜ਼ਾਈ ਹੁੰਦੇ ਹੀ ਹਨ, ਪਰ ਥੋੜ੍ਹੇ ਸਮੇਂ ਬਾਅਦ ਮੁੰਡੇ ਵਾਲੇ ਵੀ ਦਾਜ ਵਿਚ ਮਿਲੀਆਂ ਮਹਿੰਗੀਆਂ ਕਾਰਾਂ ਤੇ ਨਗਦੀ ਦੇ ਕਾਰਨ ਆਪਣੇ ਵਿਹਲੜ ਕਾਕਿਆਂ ਦੀਆਂ ਕਰਤੂਤਾਂ 'ਤੇ ਦੁਹੱਥੜ ਮਾਰਦੇ ਹਨ। ਅਫਸੋਸ ਹੈ ਕਿ ਕੁੜੀ ਵਾਲਿਆਂ ਦੇ ਘਰੋਂ ਮੁੰਡੇ ਦੇ ਵਿਆਹ ਦੇ ਨਾਮ 'ਤੇ ਧਾੜ ਵਜੋਂ ਲਿਆਂਦੀ ਮਾਇਆ ਫਿਰ ਅਕਸਰ ਹੀ ਮਾੜੇ ਜਲਵੇ ਦਿਖਾਉਂਦੀ ਹੈ ਤੇ ਘਰ ਵਿਚ ਕਾਟੋ-ਕਲੇਸ਼ ਸ਼ੁਰੂ ਹੋ ਜਾਂਦਾ ਹੈ, ਜਿਸ ਕਰਕੇ ਅੱਜ ਕੱਲ੍ਹ ਦੇ ਵਿਆਹ ਅਧਵਾਟੇ ਹੀ ਟੁੱਟਦੇ ਦਿਸਦੇ ਹਨ।

ਫਿਰ ਇਨ੍ਹਾਂ ਹਾਲਾਤਾਂ ਵਿਚ ਧੱਕੇਜ਼ੋਰੀ ਮੂੰਹੋਂ-ਮੰਗੇ ਦਾਜ-ਦਹੇਜ ਲੈਣ-ਦੇਣ ਦੀ ਦੇ ਮਾੜੇ ਨਤੀਜੇ 'ਸਾਡੀ ਲਗਦੀ ਕਿਸੇ ਨੇ ਨਾ ਵੇਖੀ ਤੇ ਟੁੱਟਦੀ ਨੂੰ ਜੱਗ ਜਾਣਦਾ'



*Original with;*
Kulbir Singh Sidhu(I.A.S)
*Digitized by;*
Panjab Digital Library

ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੇ ਦਿਸਦੇ ਹਨ। ਮੁੱਕਦੀ ਗੱਲ! ਦੋਨੋਂ ਪਾਸੇ ਦੇ ਪਰਿਵਾਰਾਂ ਵਿਚ ਆਪਸੀ ਕਲ੍ਹਾ-ਕਲੇਸ਼ ਦੇ ਕਾਰਨ ਅਦਾਲਤੀ ਕਾਰਵਾਈਆਂ ਤਾਰੀ ਹੋ ਜਾਂਦੀਆਂ ਹਨ।

ਸਾਡੇ ਜੀਵਨ ਦੇ ਇਸ ਹੀ ਪ੍ਰਸੰਗ ਵਿਚ ਇਕ ਹੋਰ ਗੱਲ ਕਿ ਇਹ ਕੋਈ ਬਹੁਤ ਸਮਾਂ ਪਹਿਲਾਂ ਦੀ ਗੱਲ ਨਹੀਂ ਕਿ ਇਸ ਤਰ੍ਹਾਂ ਦੇ ਸਮਾਜਿਕ ਤੇ ਆਰਥਿਕ ਪਾੜਿਆਂ ਤੇ ਝਗੜਿਆਂ ਦਾ ਇਲਾਜ ਭਾਈਚਾਰਕ ਪੰਚਾਇਤਾਂ ਕੋਲ ਹੁੰਦਾ ਸੀ। ਜੇ ਗੱਲ ਬਹੁਤ ਹੀ ਵਧ ਜਾਂਦੀ ਤਾਂ ਇਸ ਦਾ ਹੱਲ ਪੰਚਾਇਤਾਂ ਕੋਲ ਮਿਲ ਹੀ ਜਾਂਦਾ ਸੀ। ਪਰ ਅੱਜ ਦੇ ਸਮੇਂ ਦੀ ਨੇਤਾਗਿਰੀ ਤੇ ਸਿਆਸਤ ਨੇ ਪਿੰਡਾਂ ਤੇ ਪੱਤੀਆਂ ਦੀ ਗੱਲ ਤਾਂ ਛੱਡੋ, ਪਰਿਵਾਰਾਂ ਵਿਚ ਵੀ ਸਿਆਸੀਕਰਨ ਕਰ ਦਿੱਤਾ ਹੈ। ਸਾਂਝੇ ਪਰਿਵਾਰਾਂ ਦੀ ਤਾਂ ਹੁਣ ਗੱਲ ਮੁੱਕੀ ਨੂੰ ਚਿਰ ਹੋ ਗਿਆ ਹੈ। ਇਕ ਭਰਾ ਇਕ ਪਾਰਟੀ ਵਿਚ ਹੈ ਤੇ ਦੂਜਾ ਭਰਾ ਦੂਜੀ ਪਾਰਟੀ ਵਿਚ ਹੈ। ਇਥੋਂ ਤੱਕ ਕਿ ਕੋਈ ਵੱਡੀ ਗੱਲ ਨਹੀਂ ਕਿ ਬੰਦੇ ਨਾਲੋਂ ਉਸ ਦੇ ਪੁੱਤ ਤੇ ਉਸ ਦੀ ਘਰ ਵਾਲੀ ਦੀ ਵੋਟ ਉਸ ਦੀ ਉਲਟ ਪਾਰਟੀ ਨੂੰ ਜਾਂਦੀ ਹੋਵੇ।

ਫਿਰ ਸਿਤਮ ਵਾਲੀ ਗੱਲ ਇਹ ਹੈ ਕਿ ਇਕ ਅਖੌਤ 'ਜੱਟ ਜੱਟ ਦਾ ਤੇ ਭੋਲੂ ਨਰਾਇਣ ਦਾ' ਅਨੁਸਾਰ ਚੁਣੇ ਤੇ ਹਾਰੇ ਸਰਪੰਚ ਤੇ ਲੀਡਰ ਤਾਂ ਅਕਸਰ ਇਕੱਠੇ ਹੋ ਜਾਂਦੇ ਹਨ, ਪਰ ਚੋਣਾਂ ਦਰ ਚੋਣਾਂ ਘਰਾਂ ਵਿਚ ਪਈ ਸਿਆਸੀ ਅੱਗ ਸੁਲਗਦੀ ਰਹਿੰਦੀ ਹੈ। ਫਿਰ ਅਜਿਹੀ ਹਾਲਤ ਵਿਚ ਪੰਚਾਇਤੀ ਰਾਜ ਤੇ ਪੰਚਾਇਤਾਂ ਦਾ ਜੋ ਹਸ਼ਰ ਹੁੰਦਾ ਹੈ, ਉਹ ਸਾਡੇ ਸਾਹਮਣੇ ਹੀ ਹੈ। ਪੰਚਾਇਤਾਂ ਆਪਣੀ ਮਿਆਦ ਦਾ ਸਾਰਾ-ਸਾਰਾ ਸਮਾਂ ਆਪ ਵੀ ਕੋਰਟ ਕਚਹਿਰੀਆਂ ਵਿਚ ਆਪਣੀਆਂ ਚੋਣਾਂ ਦੇ ਝਗੜੇ ਭੁਗਤਦੀਆਂ ਲੰਘਾ ਦਿੰਦੀਆਂ ਹਨ। ਬੱਸ ਫਿਰ ਪੰਚਾਇਤਾਂ 'ਜਿਹੋ ਜਿਹੀ ਨੰਦੋ ਬਾਹਮਣੀ, ਉਹੋ ਜਿਹਾ ਘੁੱਦੂ ਜੇਠ' ਦੇ ਅਖਾਣ ਮੁਤਾਬਿਕ ਪਿੰਡ ਦੇ ਭਾਈਚਾਰੇ ਦੇ ਮਸਲੇ ਕਿੱਥੇ ਹੱਲ ਕਰਨ ਜੋਗੀਆਂ ਹਨ।

ਮਾਲਵੇ ਵਿਚ 'ਗਾਗੋਵਾਲ ਦੇ ਜ਼ਾਬਤੇ' ਦੀ ਬੜੀ ਮਸ਼ਹੂਰੀ ਹੈ। ਉਹ ਇਹ ਸੀ ਕਿ ਉਥੋਂ ਦੀ ਇਕ ਸਿਆਣੀ-ਦਾਨੀ ਮਾਈ ਆਪਣੇ ਭਰਾ-ਭਤੀਜਿਆਂ ਨੂੰ ਵਿਆਜੂ ਪੈਸੇ ਦਿੰਦੀ ਸੀ। ਕਿਸੇ ਸ਼ਰੀਕ ਨੇ ਜਦੋਂ ਉਸ ਨੂੰ ਕਹਿਣਾ ਕਿ ਤਾਈ ਤੇਰੇ ਪੈਸੇ ਘੁੱਕਰ ਸਿਹੁੰ ਆਦਿ ਨੱਪ ਜਾਣਗੇ ਤਾਂ ਮਾਈ ਨੇ ਤੁਰੰਤ ਜਿਨ੍ਹਾਂ ਨੂੰ ਪੈਸੇ ਦਿੱਤੇ ਹੁੰਦੇ ਸਨ ਤਾਂ ਉਨ੍ਹਾਂ ਤੋਂ ਆਪ ਨੂੰ ਪੈਸੇ ਦੀ ਲੋੜ ਦੱਸ ਕੇ ਉਧਾਰ ਦਿੱਤੇ ਪੈਸਿਆਂ ਦੀ ਮੰਗ ਕਰਨੀ। ਅਕਸਰ ਇਹ ਹੁੰਦਾ ਸੀ ਕਿ ਉਸ ਨੂੰ ਪੈਸੇ ਵਾਪਸ ਮਿਲ ਜਾਂਦੇ ਸਨ। ਮਾਈ ਨੇ ਤੁਰੰਤ ਫਿਰ ਉਸ ਨੂੰ ਪੈਸੇ ਮੋੜ ਕੇ ਕਹਿਣਾ ਕਿ ਭਾਈ ਵੀਰ ਮੈਂ ਤਾਂ ਐਵੇਂ ਹੀ ਤੇਰੀ ਨੀਅਤ ਜਾਣਨ ਲਈ ਤੇਰਾ ਮੂੰਹ ਸੁੰਘਣ ਦਾ ਜਾਬਤਾ ਕਰਦੀ ਸੀ। ਬਿਲਕੁਲ ਇਸ ਤਰ੍ਹਾਂ ਹੀ ਅੱਜ ਦੀਆਂ ਪੰਚਾਇਤਾਂ 'ਰੱਬ ਲਗਦੇ ਨਿਰਣਾਇਕ ਫੈਂਸਲੇ' ਤਾਂ ਕਰਦੀਆਂ ਹੀ ਨਹੀਂ, ਬੱਸ ਉਹ ਤਾਂ ਗਾਗੋਵਾਲ ਦੇ ਜਾਬਤੇ ਵਾਂਗੂੰ ਮੂੰਹ-ਮੁਲਾਹਜ਼ੇ ਹੀ ਪੂਰਦੀਆਂ ਹਨ।

ਮੇਰੇ ਪਾਪਾ ਜੀ ਸ੍ਰ : ਅਜਮੇਰ ਸਿੰਘ ਸਾਡੇ ਪਿੰਡ ਬਾਰੇ ਹਮੇਸ਼ਾਂ ਇਕ ਫਿਕਰ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਸੰਸਾ ਜ਼ਾਹਿਰ ਕਰਿਆ ਕਰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਕਾਕਾ ਮੈਨੂੰ ਸਮਝ ਨਹੀਂ ਆਉਂਦੀ ਕਿ ਆਪਣੇ ਇੰਨੇ ਨੇਕ ਪੁਰਖਿਆਂ ਦੇ ਖਾਨਦਾਨ ਵਿਚ ਕਪਟ, ਲਾਲਚ, ਈਰਖਾ-ਸਾੜਾ ਤੇ ਦਵੈਸ਼ ਕਿਥੋਂ ਆ ਗਿਆ? ਮੇਰਾ ਹੁਣ ਇਹ ਖਿਆਲ ਹੈ ਕਿ ਬੰਦੇ ਦੀ ਪੈਸੇ ਲਈ ਅਣਬੁੱਝ ਮਿਰਗ ਤ੍ਰਿਸ਼ਨਾ ਉਸ ਨੂੰ ਲਾਲਚ ਦੇ ਰਾਹ ਤੋਰਦੀ ਹੈ ਤੇ ਇਥੋਂ ਹੀ ਈਰਖਾ ਸ਼ੁਰੂ ਹੁੰਦੀ ਹੈ। ਬੰਦਾ ਇਕ ਇਨਸਾਨ ਬਣਦਾ-ਬਣਦਾ ਤ੍ਰਿਸ਼ਨਾਲੂ ਤੇ ਈਰਖਾਲੂ ਬਣ ਜਾਂਦਾ ਹੈ।

ਖ਼ੈਰ! ਇਸ ਸੰਦਰਭ ਵਿਚ ਇਕ ਪਾਸੇ ਪੈਸੇ ਦੇ ਲ਼ਾਲਚ ਦਾ ਇਕ ਹੋਰ ਜਲਵਾ ਜ਼ਮੀਨਾਂ ਦੀ ਖਰੀਦੋ-ਫਰੋਖਤ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਦੂਜੇ ਪਾਸੇ ਮਰਲੇ-ਕਨਾਲਾਂ ਪਿੱਛੇ ਮੁਕੱਦਮੇਬਾਜ਼ੀ ਤੋਂ ਲੈ ਕੇ ਲੜਾਈ-ਝਗੜੇ ਤੇ ਕਤਲੋਗਾਰਤ ਤੱਕ ਦੇ ਜਲਵੇ ਦਿਸ ਰਹੇ ਹਨ। ਕੋਈ ਉਨੀ ਸੌ ਪੰਜਾਹਵਿਆਂ ਦੇ ਵੇਲੇ ਭਰਾ ਬਦਕਿਸਮਤੀ ਨਾਲ ਕੋਰਟ ਕਚਹਿਰੀ ਵਿਚ ਜਾਂਦੇ ਸਨ ਤਾਂ ਸੁਣਨ ਵਿਚ ਆਉਂਦਾ ਹੈ ਕਿ ਉਹ ਉਦੋਂ ਆਪਣੇ ਸ਼ਰੀਕ ਭਰਾ ਨੂੰ ਘਰੋਂ ਅਵਾਜ਼ ਮਾਰ ਕੇ ਨਾਲ ਲੈ ਜਾਂਦੇ ਸਨ। ਜਦੋਂ ਕਿ ਹੁਣ ਤਾਂ ਹਾਲਤ ਇੰਨੀ ਬੱਦਤਰ ਹੋ ਗਈ ਕਿ ਭਰਾ ਨੂੰ ਸਿੱਧਾ ਥਾਣੇ ਹੀ ਪਹੁੰਚਾਉਂਦਾ ਹੈ।

ਅਖਰੀਲੀ ਗੱਲ ਇਹ ਹੈ ਕਿ ਮਨੁੱਖ ਜਨਮ-ਜਾਤ ਤੋਂ ਹੀ ਜ਼ਰ, ਜ਼ੋਰੂ, ਜ਼ਮੀਨ ਭਾਵ ਪੈਸਾ, ਔਰਤ ਤੇ ਜ਼ਮੀਨ ਪਿੱਛੇ ਲੜਦਾ-ਮਰਦਾ ਰਿਹਾ ਹੈ ਤੇ ਹੁਣ ਫੇਰ ਸਦੀਆਂ ਦੀ ਆਪਣੇ ਗੁਰੂਆਂ, ਪੀਰਾਂ ਤੇ ਸੰਤਾਂ, ਭਗਤਾਂ ਤੇ ਵਡੇਰਿਆਂ ਦੀ ਨੇਕ ਸਿੱਖਿਆ ਤੇ ਨਸੀਹਤਾਂ ਨੂੰ ਛਿੱਕੇ ਟੰਗ ਕੇ ਜ਼ਰ, ਜ਼ੋਰੂ, ਜ਼ਮੀਨ ਦਾ ਗੁਲਾਮ ਬਣਿਆ ਹੋਇਆ ਹੈ।

ਇਸ ਸੰਦਰਭ ਵਿਚ ਅੱਜ ਸ਼ਹਿਰਾਂ ਦੀ ਗੱਲ ਤਾਂ ਕਰਨੀ ਹੀ ਕੀ ਹੈ, ਜਿਥੇ ਵਿਖਾਵੇ ਤੇ ਅਡੰਬਰ ਦਾ ਹੀ ਬੋਲ-ਬਾਲਾ ਹੈ। ਸਗੋਂ ਪੇਂਡੂ ਜਨ-ਜੀਵਨ ਦਾ ਹਾਲ ਵੀ ਆਪਣੇ ਸ਼ਹਿਰੀ ਭਰਾਵਾਂ ਦੀ ਵੇਖਾ-ਵੇਖੀ 'ਜਿਹੜੇ ਰੋਗੋਂ ਬੱਕਰੀ ਮੋਈ, ਉਹੀ ਰੋਗ ਪਠੋਰੇ ਨੂੰ' ਵਾਲਾ ਹੋ ਗਿਆ ਹੈ। ਇਸ ਪ੍ਰਸੰਗ ਵਿਚ ਹੁਣ ਚਲਦੇ-ਚਲਦੇ ਆਮ ਪੰਜਾਬੀਆਂ ਤੇ ਖ਼ਾਸ ਕਰਕੇ ਸਾਡੇ ਭਵਿੱਖ ਦੇ ਵਾਰਿਸ ਨੌਜੁਆਨਾਂ ਤੇ ਕਾਕਿਆਂ ਦੀ ਬਦਹਾਲੀ ਦੀ ਮਾੜੀ-ਮੋਟੀ ਗੱਲ ਵੀ ਕਰ ਲਈਏ। ਕਦੇ ਬੀਤੀ ਸਦੀ ਦੇ ਪਹਿਲੇ ਅੱਧ ਦੇ ਪੁਰਾਣੇ ਵੇਲਿਆਂ ਵਿਚ ਸਾਡੇ ਸਿਆਣੇ ਬਜ਼ੁਰਗ ਇਕ ਬਾਤ 'ਵੱਟ ਤੇ ਖੜਾ ਪਟਵਾਰੀ ਲੱਤਾਂ ਥੋਥੀਆਂ ਤੇ ਸਿਰ ਭਾਰੀ' ਪਾਉਂਦੇ ਹੁੰਦੇ ਸਨ ।

ਹੁਣ ਇਹ ਬੁਝਾਰਤ ਸਗੋਂ ਯਥਾਰਥ ਬਣਕੇ ਸਾਡੇ ਵਿਦਿਆਰਥੀਆਂ ਦੇ ਸੰਦਰਭ ਵਿਚ 'ਸਰੀਰ ਮਾੜਕੂ ਤੇ ਬਸਤਾ ਭਾਰੀ' ਬਣ ਗਈ ਹੈ। ਫਿਰ ਸਾਡੇ ਅੱਜ ਦੇ ਗੱਭਰੂਆਂ ਤੇ ਨੱਢੀਆਂ ਦੇ ਮੂੰਹਾਂ 'ਤੇ ਕਰੀਮਾਂ-ਪਾਊਡਰਾਂ ਦੇ ਮੁਲੰਮਿਆਂ ਪਿਛੇ ਅੱਜ ਸਿਹਤ, ਸੁਹੱਪਣ ਤੇ ਸੁਡੌਲਤਾ ਗੁਆਚ ਰਿਹਾ ਹੈ। ਕਲੱਬਾਂ ਵਿਚ ਨਕਲੀ ਜਿਹੀ ਖ਼ੁਰਾਕ ਵਜੋਂ ਪੀਜ਼ੇ-ਬਰਗਰ ਤੇ ਨੂਡਲਜ਼ ਖਾ-ਖਾ ਕੇ ਕਿਰਤ ਕਮਾਈ ਬਿਨਾਂ ਵਧਾਇਆ ਢਿੱਡ ਤੇ ਥੁੱਲ-ਥੁੱਲ ਕਰਦਾ ਸਰੀਰ ਹਰਾਮ ਜਾਪਦਾ ਹੈ। ਅੱਜ ਦੇ ਕਾਕਿਆਂ ਨੇ ਡੱਕਾ ਤੋੜਨਾ ਨਹੀਂ, ਪਰ ਦਾਰੂ ਪਿਆਲੇ ਲਈ ਇਨ੍ਹਾਂ ਨੂੰ ਫੂਕਣ ਵਾਸਤੇ ਪੈਸੇ ਚਾਹੀਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਗੁਰਾਂ ਦੇ ਨਾਂ 'ਤੇ ਵਸਣ ਵਾਲੇ ਪੰਜਾਬ ਦੇ ਅੱਜ 'ਆਬ ਤੇ ਸ਼ਬਾਬ' ਬਦਲ ਗਏ ਹਨ। ਅੱਜ ਗੱਭਰੂ ਸਵੇਰੇ ਪਹਿਲਾਂ ਟੀਕਾ ਲਾ ਕੇ, ਚਮਚਾ ਭੁੱਕੀ ਦਾ ਖਾ ਕੇ ਤੇ ਜਾਂ ਕਾਲੀ ਨਾਗਣੀ ਲੰਘਾ ਕੇ ਹੀ ਮੰਜੇ ਤੋਂ ਉੱਠਦਾ ਹੈ। ਫਿਰ ਇਹ ਜਵਾਨ ਜਿਉਂ-ਜਿਉਂ ਦਿਨ ਚੜ੍ਹਦਾ ਹੈ ਫੈਂਸੀਡ੍ਰਿਲ, ਲੋਮੋਟਿਲ, ਮੋਮੋਟਿਲ, ਕੌਰੈਕਸ, ਆਇਓਡੈਕਸ ਅਤੇ ਪਤਾ ਨਹੀਂ ਹੋਰ ਕਿਹੜੇ ਕਿਰਲੇ-ਕਿਰਲੀਆਂ ਜਿਹੇ ਗੰਦ-ਮੰਦ ਖਾਣ-ਪਚਾਉਣ ਦੇ ਆਹਰੇ ਲਗ ਜਾਂਦੇ ਹਨ। ਇਉਂ ਹੀ ਸਾਡੇ ਕਈ ਨੌਜਵਾਨ ਵਿਦਿਆਰਥੀ ਬਸ 'ਅੰਨ੍ਹੇ ਕੁੱਤੇ ਹਿਰਨਾਂ ਦਾ ਸ਼ਿਕਾਰ' ਦੇ ਅਖਾਣ ਅਨੁਸਾਰ ਹੋਰ ਵੀ ਕਿੰਨੇ ਹੀ ਘਟੀਆ ਨਿੱਕੇ-ਸੁੱਕੇ ਨਸ਼ਿਆਂ ਦੀ ਭਾਲ ਵਿਚ 'ਰੋਜ਼ਾਨਾ ਦੀ ਗੇੜੀ' 'ਤੇ ਨਿਕਲ ਤੁਰਦੇ ਹਨ।

ਹੋਰ ਤਾਂ ਹੋਰ, ਹੁਣ ਜਿਸ ਦਾ ਦਾਅ ਲਗਦਾ ਹੈ, ਬਸ ਉਹ ਹੀ ਸਮੈਕ-ਹੀਰੋਇਨ ਆਪਣੇ ਅੰਦਰ ਸੁੱਟ ਕੇ ਜੱਗ-ਜੂਠ ਦਾ ਪਟਿਆ ਬਸ ਮਦਹੋਸ਼ ਜਿਹਾ ਤੁਰਿਆ-ਫਿਰਦਾ ਹੈ। ਫਿਰ ਸਾਡੇ ਇਹ ਚਿੱਟ-ਕਪੜੀਏ ਬਾਂਕੇ ਸ਼ੇਰ ਨਾ ਖੇਤ-ਬੰਨ੍ਹੇ ਜਾਂਦੇ ਹਨ ਤੇ ਨਾ ਹੀ ਕੋਈ ਹੋਰ ਕਾਰੋਬਾਰ ਕਰਦੇ ਹਨ। ਬਹਿਰਹਾਲ, ਜਿਵੇਂ 'ਜੂੰਆਂ ਪੈਣ 'ਤੇ ਘੱਗਰੀ ਸੁੱਟੀ ਨਹੀਂ ਜਾਂਦੀ', ਉਵੇਂ ਹੀ ਇਹ ਨੌਜਵਾਨ ਬੱਚੇ ਸਾਡੇ ਆਪਣੇ ਹੀ ਰਹਿਣੇ ਹਨ ਅਤੇ ਇਨ੍ਹਾਂ ਦੇ ਮਾੜੇ ਕਾਰਿਆਂ ਦੇ ਲਈ ਅਸੀਂ ਸਾਰੇ ਬਤੌਰ ਕਥਿਤ ਅਲੰਬਰਦਾਰ ਗੁਨਾਹਗਾਰ ਹਾਂ।

ਪੰਜਾਬੀਓ ਤੇ ਖ਼ਾਸ ਕਰਕੇ ਕੌਮ ਦੇ ਅਲੰਬਰਦਾਰੋ; ਹੁਣ ਸੋਚੋ ਕਿ ਜੇ ਅੱਜ ਸਾਡੀ ਜਵਾਨੀ ਹੀ ਨਾ ਰਹੀ ਤਾਂ ਸਾਡੇ ਪੱਲੇ ਬਾਕੀ ਕੀ ਰਹਿ ਜਾਵੇਗਾ। ਕੀ ਅੱਜ ਸਾਡੇ ਕੋਲ ਦੁੱਧ ਘਿਉ ਤੇ ਅਨਾਜ ਨਹੀਂ? ਫਿਰ ਕੀ ਸਾਡੇ ਵਿਚ ਪੰਜਾਬੀ ਹੋਣ ਦਾ ਸਵੈਮਾਣ ਅਣਖ ਤੇ ਆਬਰੂ ਬਾਕੀ ਨਹੀਂ ਰਹੀ? ਜੇ ਸੱਚਮੁੱਚ ਹੀ ਅਸੀਂ ਸੱਚੇ-ਸੁੱਚੇ ਪੰਜਾਬੀ ਹਾਂ ਤਾਂ ਫਿਰ ਅਸੀਂ ਗੁਰੂ ਦੇ ਸ਼ੇਰ ਬਣਨ ਦੀ ਬਜਾਏ ਕਾਗਜ਼ ਦੇ ਸ਼ੇਰ ਕਿਉਂ ਬਣਦੇ ਜਾ ਰਹੇ ਹਾਂ। ਵੀਰੋ! ਦੱਬ ਕੇ ਵਾਹੋ ਜਾਂ ਰੱਜ ਕੇ ਕਮਾਓ ਤੇ ਖਾਉ, ਪਰ ਜੁਆਨੀ ਨੂੰ ਇਉਂ ਨਾ ਰੋਲੋ, ਸਗੋਂ ਇਸ ਦਾ ਭਰਪੂਰ ਅਨੰਦ ਮਾਣੋ।

ਨੌਜੁਆਨੋਂ ਇਕ ਗੱਲ ਹੋਰ ਕਿ ਇਸ ਭਰਮ ਵਿਚ ਨਾ ਰਹੋ ਕਿ ਸਾਡੇ ਅੱਜ ਦੇ ਅਖੌਤੀ ਅਲੰਬਰਦਾਰ ਆਗੂ ਤੇ ਚੌਧਰੀ ਤੁਹਾਡੀ ਕੋਈ ਸੁਚੇਤ ਅਗਵਾਈ ਕਰਨ ਜੋਗੇ ਹਨ। ਇਹ ਉਜੜੇ ਬਾਗਾਂ ਦੇ ਪਟਵਾਰੀ ਤਾਂ ਆਪ ਉੱਲੂਆਂ ਵਾਂਗੂੰ ਸੁੰਨਸਾਨ ਤੇ ਹਨ੍ਹੇਰਾ ਭਾਲਦੇ ਫਿਰਦੇ ਹਨ। ਇਸ ਵਾਸਤੇ ਪੰਜਾਬ ਦੇ ਵਾਰਿਸੋਂ ਰੱਬ ਦਾ ਨਾਂ ਲੈ ਕੇ ਹਾਲੇ ਵੀ ਕੋਈ ਹੋਸ਼ ਦੀ ਦਵਾ ਕਰੋ।

ਪੰਜਾਬੀ ਵੀਰੋ ਤੇ ਭੈਣੋ! ਮਾਣ ਕਰੋ ਕਿ ਸਾਡੇ ਕੋਲ ਗੁਰੂ ਸਾਹਿਬਾਨ ਦੀ ਸ਼ਬਦ ਗੁਰੂ ਦੇ ਰੂਪ ਵਿਚ ਗੁਰਬਾਣੀ ਦੀ ਮਹਾਨ ਵਿਰਾਸਤ ਹੈ। ਅਸੀਂ ਗੁਰੂਆਂ ਤੇ ਉਨ੍ਹਾਂ ਦੇ ਸ਼ਹੀਦਾਂ-ਮੁਰੀਦਾਂ ਦੇ ਜੀਵਨ ਫ਼ਲਸਫ਼ੇ ਤੇ ਕਾਰਨਾਮਿਆਂ ਦੇ ਵਾਰਿਸ ਹਾਂ। ਇਸ ਵਾਸਤੇ ਬਹੁਤ ਹੀ ਸੰਜੀਦਗੀ ਨਾਲ ਵਿਚਾਰੋ ਕਿ ਅਸੀਂ ਸਾਰੀ ਮਾਨਵਤਾ ਦੀ ਅਗਵਾਈ ਕਰਨ ਦੀ ਥਾਂ ਕਿਉਂ ਖ਼ੁਦ ਹੀ ਸਮੇਂ ਦਾ ਅਣਕਿਹਾ ਜਿਹਾ ਸਿਰਨਾਵਾਂ ਬਣ ਗਏ ਹਾਂ।



*Original with;*
Kulbir Singh Sidhu(I.A.S)
*Digitized by;*
Panjab Digital Library

ਮੁੱਕਦੀ ਗੱਲ! ਅਸੀਂ ਖ਼ੁਦ ਹੀ ਨੈਤਿਕ ਰਸਾਤਲ ਤੇ ਸਮਾਜਿਕ ਗਿਰਾਵਟ ਦੇ ਜ਼ਿੰਮੇਵਾਰ ਹਾਂ ਕਿਉਂਕਿ ਕਿਸੇ ਖਿੱਤੇ ਵਿਚ ਜਿਹੋ-ਜਿਹੇ ਬੰਦਿਆਂ ਦਾ ਵਾਸ ਹੁੰਦਾ ਹੈ, ਉਥੋਂ ਦਾ ਉਹੋ-ਜਿਹਾ ਹੀ ਸਮਾਜ ਤੇ ਸਭਿਆਚਾਰ ਵਾਸ ਹੁੰਦਾ ਹੈ। ਇਸ ਲਈ ਜ਼ਾਹਿਰ ਹੈ ਕਿ ਅਸੀਂ ਆਪਣੇ ਜੀਵਨ ਵਿਚ ਆਪਣੀ ਇਖਲਾਕੀ ਗਿਰਾਵਟ ਤੋਂ ਲੈ ਕੇ ਆਪਣੇ ਸਮਾਜ ਤੱਕ ਦੀ ਭ੍ਰਿਸ਼ਟਾਚਾਰੀ ਇਖਲਾਕੀ ਰਸਾਤਲ ਦੇ ਆਪ ਹੀ ਜ਼ਿੰਮੇਵਾਰ ਹਾਂ। ਇਸ ਵਾਸਤੇ ਅੱਜ ਸਾਡੇ ਸਮੇਂ ਦੀ ਸਾਥੋਂ ਸਭ ਤੋਂ ਵੱਡੀ ਮੰਗ ਇਹ ਹੈ ਕਿ ਅਸੀਂ ਆਪਾ-ਚੀਨਕੇ ਆਪਣੇ ਆਚਰਣ ਵਿਚ ਸੁਧਾਰ ਲਿਆਈਏ ਤੇ ਆਪਣੇ ਸਮਾਜ ਦੇ ਕਲਿਆਣ ਹਿੱਤ ਯਤਨਸ਼ੀਲ ਹੋਈਏ।

ਇਸ ਸੰਦਰਭ ਵਿਚ ਇਕ ਪੁਰਾਣਿਕ ਕਥਾ ਹੈ ਕਿ ਮਹਾਂਦੇਵ ਸ਼ਿਵ ਜੀ ਮਹਾਂਮਾਈ ਪਾਰਵਤੀ ਨੂੰ ਕਹਿੰਦੇ ਹਨ ਕਿ ਇਨਸਾਨ ਵਿਚ 'ਮੈਂ ਕੌਣ ਹਾਂ' ਜਿਹੇ ਸੁਆਲਾਂ ਦੇ ਉਤਰ ਜਾਨਣ ਦੀ ਜਿਗਿਆਸਾ ਵਿਚ ਸ਼ੁਰੂ ਤੋਂ ਹੀ ਹੈ। ਇਸ ਪ੍ਰਥਾਇ ਆਦਮੀ ਹਮੇਸ਼ਾ ਹੀ ਸੋਚਦਾ ਹੈ ਕਿ ਉਸ ਦੇ ਸਾਹਮਣੇ ਰੁਕਾਵਟਾਂ ਹੀ ਰੁਕਾਵਟਾਂ ਹਨ, ਪਰ ਕੋਈ ਵੀ ਕਿਸੇ ਆਦਮੀ ਦੀ ਜਿਗਿਆਸਾ ਤੇ ਗਿਆਨ ਦਾ ਮਾਰਗ ਨਹੀਂ ਰੋਕਦਾ। ਸਗੋਂ ਆਦਮੀ ਦੀ ਜੀਵਨ ਯਾਤਰਾ ਤੇ ਮੁਕਤੀ ਮਾਰਗ ਵਿਚ ਉਸ ਦੀਆਂ ਆਪਣੀਆਂ ਇਛਾਵਾਂ, ਕਲਪਨਾਵਾਂ ਤੇ ਅਨੁਭੂਤੀਆਂ ਭਾਵ ਅਨੁਭਵ ਹੀ ਰੁਕਾਵਟਾਂ ਬਣਦੇ ਹਨ। ਇਸ ਵਾਸਤੇ ਆਦਮੀ ਆਪਣੇ ਰਾਹ ਦਾ ਰੋੜਾ ਆਪ ਹੀ ਬਣਦਾ ਹੈ।

ਇਸ ਲਈ ਅਧਿਆਤਮਕ ਮਾਰਗ 'ਤੇ ਚੱਲਣ ਲਈ ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਮਨ ਤੇ ਸਰੀਰ ਦੀ ਸਾਧਨਾ ਜ਼ਰੂਰੀ ਹੈ ਤਾਂ ਕਿ ਉਹ ਸਾਧਨਾ ਤੇ ਕਸ਼ਟਾਂ ਦੀ ਕੁਠਾਲੀ ਵਿਚੋਂ ਲੰਘ ਕੇ ਸਭ ਤੋਂ ਪਹਿਲਾਂ ਆਤਮਿਕ ਤੌਰ 'ਤੇ ਆਪਣੇ ਸੁਖਾਂ ਦੇ ਨਾਲ-ਨਾਲ ਆਪਣੇ ਅਹੰਕਾਰ ਦਾ ਨਾਸ਼ ਕਰ ਸਕੇ।"

ਮਾਨਵੀ ਵਿਕਾਸ ਦੇ ਸੰਦਰਭ ਵਿਚ ਜ਼ਿਕਰਯੋਗ ਹੈ ਕਿ ਮਨੁੱਖਤਾ ਨੇ ਪਹਿਲਾਂ ਬੌਧਿਕ ਵਿਕਾਸ ਦਾ ਰਾਹ ਫੜਿਆ ਹੈ ਅਤੇ ਫਿਰ ਅੱਗੇ ਮਾਨਵਤਾ ਦਾ ਪੜਾਅ ਪਾਰ ਕੀਤਾ ਹੈ। ਇਉਂ ਫਿਰ ਮਾਨਵਤਾ ਹੋਰ ਵੀ ਅੱਗੇ ਅਧਿਆਤਮ ਦੀ ਡਗਰ ਉਤੇ ਪੜਾਅ-ਦਰ-ਪੜਾਅ ਚਲਦੀ ਹੋਈ ਰੂਹਾਨੀਅਤ ਦੀ ਮੰਜ਼ਿਲ 'ਤੇ ਪਹੁੰਚੀ ਹੈ।

ਇਉਂ ਮਨੁੱਖੀ ਵਿਕਾਸ ਸਬੰਧੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੇ ਪਹਿਲਾਂ ਬੌਧਿਕ ਵਿਕਾਸ ਦੇ ਜ਼ਰੀਏ ਮਾਨਵਤਾ ਦੀ ਪੌੜੀ 'ਤੇ ਪੈਰ ਧਰਿਆ ਹੈ। ਉਸ ਉਪਰੰਤ ਮਾਨਵ ਅੱਗੇ ਆਪਣੀਆਂ ਮਾਨਵੀ ਕਦਰਾਂ-ਕੀਮਤਾਂ ਦੇ ਅਧਾਰ 'ਤੇ ਅਧਿਆਤਮਵਾਦ ਦੀ ਪੌੜੀ ਦੇ ਪੜਾਵੀ ਡੰਡੇ ਚੜ੍ਹਦਾ-ਚੜ੍ਹਦਾ ਆਖਿਰ ਨੂੰ ਰੂਹਾਨੀਅਤ ਦੀ ਮੰਜ਼ਿਲ 'ਤੇ ਪਹੁੰਚਿਆ ਹੈ।

ਬੱਸ ਸਮਝੋ ਕਿ ਮਨੁੱਖਤਾ ਤੋਂ ਮਾਨਵਤਾ ਤੱਕ ਦੀ ਇਕ ਪਗਡੰਡੀ ਅੱਗੇ ਪ੍ਰੇਮ-ਮਾਰਗ ਬਣਾ ਕੇ ਰੂਹਾਨੀ ਦੁਨੀਆਂ ਦੀ ਸ਼ਾਹਰਾਹ ਵਿਚ ਜਾ ਮਿਲਦੀ ਹੈ। ਇਸ ਤਰ੍ਹਾਂ ਮਨੁੱਖੀ ਚੇਤਨਾ ਆਖਿਰ ਨੂੰ ਬ੍ਰਹਿਮੰਡੀ ਚੇਤਨਾ ਵਿਚ ਜਾ ਸਮਾਉਂਦੀ ਹੈ।



Original with;
Kulbir Singh Sidhu(I.A.S)
Digitized by;
Panjab Digital Library

ਬੱਸ ਇਹ ਹੀ ਆਤਮ ਤੇ ਪ੍ਰਮਾਤਮ ਦਾ ਦਰਮਿਆਨੀ ਮਾਰਗ ਇਸ਼ਕ ਮਿਜ਼ਾਜੀ ਤੋਂ ਅੱਗੇ ਇਸ਼ਕ ਹਕੀਕੀ ਬਣ ਕੇ ਆਤਮਾ ਤੇ ਪ੍ਰਮਾਤਮਾ ਦੇ ਸਵਰਗੀ ਮਿਲਣ ਦਾ ਸਬੱਬ ਬਣਦਾ ਹੈ।

ਮਨੁੱਖਤਾ ਦੇ ਬੌਧਿਕ ਤੇ ਅਧਿਆਤਮਿਕ ਵਿਕਾਸ ਵਿਚ ਮਨੁੱਖ ਦੀ ਸਰਵ-ਸ਼ਕਤੀਮਾਨ ਤੇ ਦੈਵੀ ਸ਼ਕਤੀਆਂ ਵਿਚ ਮੁੱਖ ਤੌਰ 'ਤੇ ਆਸਥਾ-ਅਕੀਦਾ ਭਾਵ ਸ਼ਰਧਾ-ਵਿਸ਼ਵਾਸ, ਸੰਸਕਾਰ ਤੇ ਸੰਕਲਪ ਉਸ ਦੇ ਜੀਵਨ ਦਾ ਮੂਲ ਅਧਾਰ ਬਣਦੇ ਹਨ। ਇਸ ਲਈ ਆਦਮੀ ਦੀ ਜ਼ਿੰਦਗੀ ਵਿਚ ਮਨੁੱਖਤਾ ਤੋਂ ਮਾਨਵਤਾ ਤਕ ਪਹੁੰਚਣ ਲਈ ਆਪਣੀ ਹੋਂਦ-ਹਸਤੀ ਦੀ ਹੈਸੀਅਤ ਨੂੰ ਜਾਨਣ-ਸਮਝਣ ਦੀ ਜਿਗਿਆਸਾ ਤੋਂ ਇਲਾਵਾ ਆਪਣੇ ਹਉਮੈ-ਹੰਕਾਰ ਨੂੰ ਮਾਰਕੇ ਆਪਣੀ ਔਕਾਤ ਵਿਚ ਰਹਿਣ ਦੀ ਅਹਿਮੀਅਤ ਦਾ ਹਮੇਸ਼ਾ ਹੀ ਬੜਾ ਵੱਡਾ ਯੋਗਦਾਨ ਰਿਹਾ ਹੈ। ਜ਼ਾਹਿਰ ਹੈ ਕਿ ਇਸ ਤਰ੍ਹਾਂ ਕਿਸੇ ਵੀ ਵਿਅਕਤੀ ਦੇ ਪਹਿਲਾਂ ਸੰਸਕਾਰ ਤੇ ਫਿਰ ਉਸ ਦੇ ਖ਼ਿਆਲ ਤੇ ਵਿਚਾਰ ਉਸ ਦੀਆਂ ਕਲਪਨਾਵਾਂ ਤੇ ਕਾਮਨਾਵਾਂ, ਸੰਕਲਪਾਂ ਤੇ ਅਮਲਾਂ ਨੂੰ ਤਾਬੀਰ ਤੇ ਤਾਮੀਰ ਦੇਣ ਵਿਚ ਸਹਾਈ ਹੁੰਦੇ ਹਨ।

ਮੇਰੇ ਵਿਚਾਰ ਵਿਚ ਅਜੋਕੇ ਸਮੇਂ ਵਿਚ ਮਨੁਖਤਾ ਅਧਿਆਤਮਕ ਵਿਕਾਸ ਦੇ ਸੰਦਰਭ ਵਿਚ ਬੜੇ ਵੱਡੇ ਇਮਤਿਹਾਨ ਦੀ ਘੜੀ ਵਿਚੋਂ ਗੁਜ਼ਰ ਰਹੀ ਹੈ। ਮਨੁਖਤਾ ਤੋਂ ਮਾਨਵਤਾ ਦੇ ਇਸ ਸਫ਼ਰ ਵਿਚ ਇਕੱਲੇ ਆਦਮੀ ਦਾ ਸਿਰਫ਼ ਸਰੀਰ ਜਾਂ ਆਤਮਾ ਹੀ ਸ਼ਾਮਿਲ ਨਹੀਂ ਹੁੰਦੀ, ਸਗੋਂ ਬੰਦੇ ਦੇ ਨਾਲ ਉਸ ਦੇ ਪਰਿਵਾਰਿਕ ਜੀਆਂ ਤੋਂ ਬਿਨਾਂ ਹੋਰ ਵੀ ਕਈ ਸਰੀਰ ਤੇ ਆਤਮਾਵਾਂ ਗੱਡ-ਮੱਡ ਹੋਈਆਂ ਹੁੰਦੀਆਂ ਹਨ। ਇਸ ਵਾਸਤੇ ਬੰਦੇ ਦੇ ਚੰਗੇ-ਮਾੜੇ ਸੰਸਕਾਰਾਂ ਤੇ ਖਾਸ ਕਰਕੇ ਉਸ ਦੀਆਂ ਬੱਜਰ ਕੁਰਹਿਤਾਂ ਦੇ ਕਾਰਨ ਮਨੁੱਖੀ ਜੀਵ ਨੂੰ ਕਈ ਵਾਰ ਅਤਿ ਦੀ ਨਮੋਸ਼ੀ ਜਿਹੀ ਕਸ਼ਟਦਾਇਕ ਨਮੋਸ਼ੀ ਸਹਿਣੀ ਪੈਂਦੀ ਹੈ।

ਇਸ ਸਾਰੇ ਆਤਮਾ ਤੇ ਪ੍ਰਮਾਤਮਾ ਦੇ ਪ੍ਰਸੰਗ ਵਿਚ ਮਨੁਖਤਾ ਦਾ ਅੱਜ ਦੀ ਘੜੀ ਵਿਚ ਵੱਡਾ ਸੰਤਾਪ ਇਹ ਹੈ ਕਿ ਦੁਨੀਆਂ ਬੱਜਰ ਕੁਰਹਿਤਾਂ, ਕੁਰੀਤੀਆਂ ਤੇ ਮਾੜੀਆਂ ਕਰਤੂਤਾਂ ਦੀ ਉਲਝਣ ਵਿਚ ਫਸੀ ਹੋਈ ਹੈ। ਇਸ ਵਾਸਤੇ ਮਨੁਖਤਾ ਹੁਣ ਮਾਨਵਤਾ ਦੀ ਪੌੜੀ ਤੋਂ ਥਿੜਕ ਕੇ ਰਸਾਤਲ ਨੂੰ ਪਹੁੰਚੀ ਹੋਈ ਹੈ। ਇਸ ਹੰਝ ਦੀ ਜੂਨੀ ਦੇ ਸੰਤਾਪ ਨੂੰ ਹੰਢਾਉਂਦੀ ਹੋਈ ਮਨੁਖੀ ਵੇਦਨਾ ਤੇ ਸੰਵੇਦਨਾ ਬੁਰੀ ਤਰ੍ਹਾਂ ਚੰਡੀ ਜਾ ਰਹੀ ਹੈ। ਫਿਰ ਸਮੇਂ ਦਾ ਸੱਚ ਇਹ ਹੈ ਕਿ ਜੀਵਨ ਦੇ ਪਾਪਾਚਾਰ ਤੇ ਗੁਨਾਹਾਂ ਦੇ ਕਸ਼ਟ ਦਾ ਦਾਵਾਨਲੀ ਸੰਤਾਪ ਹੰਢਾਉਣ ਦਾ ਬੋਝ ਆਦਮੀ ਦੇ ਸਰੀਰ ਤੇ ਆਤਮਾ ਦੇ ਨਾਲ-ਨਾਲ ਉਸ ਦੇ ਨਾਲ ਖ਼ੂਨ ਦੇ ਰਿਸ਼ਤਿਆਂ ਨਾਲ ਜੁੜੇ ਜੀਆਂ ਤੇ ਵੀ ਆਉਂਦਾ ਹੈ। ਸਗੋਂ ਕਿਸੇ ਦੁਰਾਚਾਰ ਤੇ ਕੁਕਰਮ ਦੀ ਨਮੋਸ਼ੀ ਤੇ ਸ਼ਰਮਿੰਦਗੀ ਦੀ ਆਤਮਾ ਤਾਂ ਬਿਲਕੁਲ ਹੀ ਅਸਿਹ ਹੋ ਨਿਬੜਦੀ ਹੈ।

ਬਹਿਰਹਾਲ! ਮੇਰਾ ਖਿਆਲ ਹੈ ਕਿ ਜਦੋਂ ਬੰਦਾ ਅਜਿਹੀ ਖ਼ੌਫ਼ਨਾਕ ਮਾਨਸਿਕ ਉਲਝਣ ਤੇ ਸਰੀਰਕ ਤਕਲੀਫ਼ ਦੇ ਕਾਰਨ ਗਮਜ਼ਦਾ ਹੁੰਦਾ ਹੈ ਤਾਂ ਉਦੋਂ ਉਹ



*Original with;*
Kulbir Singh Sidhu(I.A.S)
*Digitized by;*
Panjab Digital Library

ਆਪਣੇ ਮਨ-ਆਤਮਾ ਤੋਂ ਗੁਰਬਾਣੀ ਦੇ ਫ਼ੁਰਮਾਨ "ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ" ਅਤੇ "ਮੋਹਿ ਅਨਾਥ ਕੀ ਕਰਹੁ ਸਮਾਈ" ਅਨੁਸਾਰ ਬਿਨਉ-ਬੇਨਤੀ ਕਰਦਾ ਹੈ। ਇਸ ਤਰ੍ਹਾਂ ਬੰਦੇ ਵਿਚ ਆਤਮਿਕ ਬਲ-ਬੁੱਧੀ ਦਾ ਸੰਚਾਰ ਹੁੰਦਾ ਹੈ ਤੇ ਇਉਂ ਉਸ ਦਾ ਆਪਣੇ 'ਇਸ਼ਟ' ਵਿਚ ਵਿਸ਼ਵਾਸ ਜਾਗਦਾ ਹੈ। ਫਿਰ ਜਿਵੇਂ ਦ੍ਰੋਪਦੀ ਦੇ ਚੀਰ-ਹਰਣ ਦੇ ਸਮੇਂ ਉਸ ਦੀ ਅੰਤਲੀ ਪੁਕਾਰ ਸੁਣ ਕੇ ਉਸ ਦਾ ਇਸ਼ਟ-ਦੇਵ ਭਗਵਾਨ ਕ੍ਰਿਸ਼ਨ ਬਹੁੜਿਆ ਸੀ; ਬਸ ਉਵੇਂ ਹੀ ਪ੍ਰਮਾਤਮਾ ਨਿਹਕਰਮਣ ਤੇ ਪਾਪੀ ਬੰਦੇ ਦਾ ਵੀ ਪਾਰ-ਉਤਾਰਾ ਕਰਦਾ ਹੈ।

ਇਸ ਪਰਿਪੇਖ ਵਿਚ ਗੁਰਬਾਣੀ ਦੇ ਮੁਖ ਵਾਕ "ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ" ਅਨੁਸਾਰ ਸਦੋਂ-ਸਦੋਂ ਰੱਬ ਵਿਗੜੀ-ਤਿਗੜੀ ਮਨੁਖਤਾ ਨੂੰ ਆਤਮਿਕ ਤੇ ਰੂਹਾਨੀ ਢਾਰਸ ਦੇ ਕੇ ਉਸ ਦੀ ਬੌਹੜੀ ਕਰਦਾ ਆ ਰਿਹਾ ਹੈ; ਬਸ਼ਰਤੇ ਕਿ ਬੰਦਾ ਉਸ ਸਰਬ ਸਮਰਥ ਵਾਹਿਗੁਰੂ ਨੂੰ ਪੂਰਨ ਤੌਰ 'ਤੇ ਸਮਰਪਿਤ ਹੋ ਕੇ ਉਸ ਦਾ ਬੈਅ-ਖਰੀਦ ਭਗਤ ਬਣ ਜਾਵੇ।

ਖ਼ੈਰ! ਮਨੁੱਖ ਦੇ ਰੂਹਾਨੀ ਇਨਕਲਾਬ ਦੀ ਰਾਹ ਅਕਸਰ ਹੀ ਉਸ ਦੇ ਜੀਵਨ ਵਿਚ ਕਸ਼ਟਮਈ ਤੇ ਸੰਘਰਸ਼ੀ ਪੜਾਅ ਤੋਂ ਹੀ ਸ਼ੁਰੂ ਹੁੰਦੀ ਹੈ ਕਿਉਂਕਿ ਇਥੋਂ ਹੀ ਆਦਮੀ ਨੂੰ ਆਤਮਾ ਤੇ ਪ੍ਰਮਾਤਮਾ ਦੀ ਸੋਝੀ ਆਉਂਦੀ ਹੈ। ਫਿਰ ਇਸ ਮੰਜ਼ਿਲ 'ਤੇ ਆ ਕੇ ਹੀ ਬੰਦੇ ਦੇ ਵਿਚ ਆਤਮਿਕ ਵਿਕਾਸ ਜਾਗਦਾ ਹੈ ਕਿ ਪ੍ਰਭੂ ਦਾ ਬਿਰਦੁ ਆਪਣੇ ਬਚਿਆਂ ਦੀ ਹਮੇਸ਼ਾ ਬਖਸ਼ਿੰਦ ਤੇ ਸੁਰਖਿਆਤਮਿਕ ਹੁੰਦਾ ਹੈ। ਵਾਹਿਗੁਰੂ ਆਪਣੇ ਬਿਰਦੁ ਦੀ ਪੈਜ ਆਪ ਹੀ ਰੱਖਦਾ ਹੈ ਤੇ ਆਪਣੇ ਬਚਿਆਂ ਤੇ ਸ਼ਰਧਾਵਾਨਾਂ ਦੀ ਪ੍ਰੀਤ ਆਪ ਹੀ ਨਿਭਾਉਂਦਾ ਹੈ। ਸਾਡੀ ਸਾਰੀ ਸੰਸਕ੍ਰਿਤੀ ਅਕਾਲ ਪੁਰਖਿ ਦੇ ਇਸ ਅਲੌਕਿਕ ਜਲਵੇ ਦੀ ਗਵਾਹ ਹੈ ਕਿ ਪ੍ਰਭੂ ਦਾ ਬਿਰਦ ਆਪਣੇ ਭਗਤਾਂ ਦੀ ਲਾਜ ਰੱਖਦਾ ਆਇਆ ਹੈ।

ਖੈਰ! ਆਤਮਾ ਤੇ ਪ੍ਰਮਾਤਮਾ ਦੇ ਅਧਿਆਤਮ ਜਗਤ ਦੀ ਥਾਹ ਤਾਂ ਕਿਸੇ ਨੇ ਨਹੀਂ ਪਾਈ; ਸਗੋਂ ਇਸ ਦੀ ਹਾਥ ਪਾਉਂਦੇ-ਪਾਉਂਦੇ ਦੁਨੀਆਂ ਦੇ ਮਹਾਨ ਸਾਧਕ ਤੇ ਵੇਦ-ਗ੍ਰੰਥ ਵੀ 'ਨੇਤ ਹੀ ਨੇਤਹ' ਕਹਿ ਕੇ ਹੱਥ ਖੜੇ ਕਰ ਗਏ ਹਨ। ਅਧਿਆਤਮ ਤੇ ਭਗਤੀ ਸੰਸਾਰ ਦਾ ਇਹ ਅਟਲਾਧਾ ਸੱਚ ਹੈ ਕਿ ਜਦੋਂ ਮਾਤ ਲੋਕ ਦੇ ਬੰਦੇ ਸਮਪਰਣ ਤੇ ਅਰਾਧਨਾ ਸ਼ਕਤੀ ਨਾਲ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ ਤਾਂ ਦੇਵਤੇ ਵੀ ਉਹੋ ਜਿਹੀ ਮਨੁਖੀ ਜੂਨੀ ਲਈ ਤਰਸ ਜਾਂਦੇ ਹਨ। ਬੇਸ਼ਕ ਇਹ ਦੈਵੀ ਸ਼ਕਤੀਆਂ ਦਾ ਸੰਸਾਰ ਪੂਰਨ ਤੌਰ 'ਤੇ ਰਹੱਸਮਈ ਹੈ ਕਿ ਮਨੁੱਖ ਜਨਮ-ਜਨਮਾਂਤਰਾਂ ਦੀ ਆਪਣੀ ਸੰਸਕਾਰਿਕ ਕਮਾਈ ਸਦਕਾ ਆਦਮੀ ਤੋਂ ਇੰਨਸਾਨ ਅਤੇ ਫਿਰ ਦੇਵਤਾ ਸਵਰੂਪ ਕਿਵੇਂ ਬਣ ਜਾਂਦਾ ਹੈ।

ਅਧਿਆਤਮਕ ਜਗਤ ਦਾ ਇਹ ਰਹਿਸਵਾਦ ਬਸ ਵਾਹਿਗੁਰੂ ਹੀ ਜਾਣਦਾ ਹੈ ਕਿਉਂਕਿ 'ਘੁੱਗੀ ਕੀ ਜਾਣੇ ਸਤਿਗੁਰੂ ਦੀਆਂ ਬਾਤਾਂ'; ਪਰ ਇਸ ਦੇ ਬਾਵਜੂਦ ਵੀ ਇਕ ਗੱਲ ਪੱਕੀ ਹੈ ਕਿ ਪ੍ਰਭੂ ਨੂੰ ਸਮਰਪਣ ਭਾਵਨਾ ਨਾਲ ਸਿਮਰਨ-ਧਿਆਉਣ



*Original with;*
Kulbir Singh Sidhu(I.A.S)
*Digitized by;*
Panjab Digital Library

ਵਾਲੇ ਬੰਦੇ ਦੇ ਆਪਣੇ ਮਨ ਤੇ ਸਰੀਰ ਦੀ ਸਾਧਨਾ ਤੇ ਸ਼ੁਧੀ ਦੁਆਰਾ ਸੰਸਕਾਰ ਇੰਨੇ ਪ੍ਰਬਲ ਹੋ ਜਾਂਦੇ ਹਨ ਕਿ ਵਾਕਸਿੱਧੀ ਤੇ ਕਾਰਜਸਿੱਧੀ ਹੋ ਜਾਂਦੀ ਹੈ। ਆਦਮੀ ਦੀ ਉਹ ਅਵਸਥਾ ਹੁੰਦੀ ਹੈ ਕਿ ਜਿਥੇ ਕਹਿੰਦੇ ਹਨ ਕਿ ਬੰਦੇ ਦੇ ਜਿਹੜੇ ਕੰਮ ਦੁਨੀਆਵੀ ਔਹੜਾਂ-ਪੌਹੜਾਂ ਨਾਲ ਨਹੀਂ ਹੁੰਦੇ; ਉਹ ਕਾਰਜ ਕਰਨ ਵਿਚ ਉਸ ਦੇ ਸੰਸਕਾਰ ਸਹਾਈ ਹੁੰਦੇ ਹਨ।

ਖੈਰ! ਮਨੁੱਖੀ ਆਤਮਾ ਦੇ ਵਿਕਾਸ ਮਾਰਗ 'ਤੇ ਬੰਦੇ ਦੀਆਂ ਵਾਕਸਿੱਧੀ ਤੇ ਕਾਰਜਸਿੱਧੀ ਵਾਲੀਆਂ ਸਿਮਤਾਂ ਬੜੀਆਂ ਛੋਟੀਆਂ ਪ੍ਰਾਪਤੀਆਂ ਹਨ। ਅਧਿਆਤਮ ਸੰਸਾਰ ਵਿਚ ਇਸ ਤੋਂ ਕਿਤੇ ਅੱਗੇ ਜਾ ਕੇ ਮੁਕਤੀ ਤੇ ਨਿਰਵਾਣ ਦਾ ਮਾਰਗ ਨੀਅਤਾਂ ਤੇ ਅਮਲਾਂ ਦੀ ਘਾਟੀ ਵਿਚੋਂ ਦੀ ਹੋ ਕੇ ਲੰਘਦਾ ਹੈ। ਬਸ ਸਮਝੋ ਕਿ ਜਿਹੜਾ ਇਨਸਾਨ ਮਨ-ਆਤਮਾ ਨੂੰ ਸਾਧ ਗਿਆ; ਉਹ ਰੱਬ ਨੂੰ ਪਾ ਗਿਆ।

ਖੈਰ! ਅਗੰਮ ਦੀਆਂ ਗੱਲਾਂ ਤਾਂ ਵਾਹਿਗੁਰੂ ਹੀ ਜਾਣਦਾ ਹੈ ਜਾਂ ਫਿਰ ਬ੍ਰਹਮਗਿਆਨੀ ਹੀ ਜਾਨਣ, ਪਰ ਜਿਥੋਂ ਤੱਕ ਦੁਨਿਆਵੀ ਪੱਧਰ ਦੀ ਗੱਲ ਹੈ; ਉਸ ਦੀ ਸੋਝੀ-ਸਮਝ ਵੀ ਬੜੇ ਘੱਟ ਲੋਕਾਂ ਨੂੰ ਹੁੰਦੀ ਹੈ। ਵਿਦਵਾਨਾਂ ਨੇ ਬੰਦੇ ਦੀ ਜੀਵਨ ਧਾਰਾ ਨੂੰ ਨਦੀ ਦੇ ਨਿਰੰਤਰ ਵਹਿਣ ਨਾਲ ਤਸ਼ਬੀਹ ਦਿੱਤੀ ਹੈ। ਇਸ ਵਿਚਾਰਧਾਰਾ ਅਨੁਸਾਰ ਜਿਵੇਂ ਨਦੀ ਅੰਤ ਨੂੰ ਸਾਗਰ ਨਾਲ ਜਾ ਮਿਲਦੀ ਹੈ, ਉਸ ਤਰ੍ਹਾਂ ਹੀ ਆਤਮਾ ਤੇ ਪ੍ਰਮਾਤਮਾ ਦਾ ਮਿਲਣ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਦੀ ਤਾਂ ਸਾਗਰ ਨਾਲ ਮਿਲ ਜਾਂਦੀ ਹੈ ਪਰ ਨਦੀ ਦੇ ਕਿਨਾਰੇ ਆਪਸ ਵਿਚ ਕਦੇ ਵੀ ਨਹੀਂ ਮਿਲਦੇ।

ਇਹ ਫ਼ਿਲਾਸਫ਼ੀ ਬੜੀ ਡੂੰਘੀ ਹੈ ਕਿ ਆਤਮਾ ਤਾਂ ਪਰਮਾਤਮਾ ਵਿਚ ਜਾ ਮਿਲਦੀ ਹੈ, ਪਰ ਦੁਨੀਆਵੀ ਰਿਸ਼ਤੇ ਆਹਮਣੇ-ਸਾਹਮਣੇ ਹੋਣ ਦੇ ਬਾਵਜੂਦ ਵੀ ਆਤਮਿਕ ਪਛਾਣ ਬਾਝੋਂ ਨਦੀ ਦੇ ਦੋ ਕਿਨਾਰਿਆਂ ਵਾਂਗੂੰ ਦਰਅਸਲ ਕਦੇ ਵੀ ਨਹੀਂ ਮਿਲਦੇ। ਜਨਸਮੂਹ ਦੇ ਇੰਨੇ ਵੱਡੇ ਮੇਲੇ-ਗੇਲੇ ਵਿਚ ਆਦਮੀ ਆਪਣੇ ਨੇੜਲੇ ਬਹੁਤ ਥੋੜ੍ਹੇ ਸੱਜਣ-ਸਨੇਹੀਆਂ ਨੂੰ ਹੀ ਜਾਣਦਾ ਤੇ ਪਛਾਣਦਾ ਹੈ। ਬਾਕੀ ਸਾਰੀ ਦੁਨੀਆਂ ਵਾਸਤੇ ਆਦਮੀ ਇਕ ਫੇਸਲੈਸ ਐਨਟਿਟੀ ਭਾਵ ਚਿਹਰੇ-ਮੋਹਰੇ ਰਹਿਤ ਹੁੰਦਾ ਹੈ। ਉਹ ਜਿਸ ਤਰ੍ਹਾਂ ਨੈਣ-ਨਕਸ਼ਾਂ ਦੇ ਪਖੋਂ ਦੁਨੀਆਂ ਲਈ ਬੇਪਛਾਣ ਹੁੰਦਾ ਹੈ, ਉਸ ਤਰ੍ਹਾਂ ਹੀ ਦੁਨੀਆਂ ਵੀ ਉਸ ਲਈ ਓਪਰੀ ਤੇ ਬੇਗਾਨੀ ਜਿਹੀ ਹੁੰਦੀ ਹੈ।

ਇਸ ਤਰ੍ਹਾਂ ਹੀ ਬੰਦੇ ਦੇ ਦੁਨੀਆਵੀ ਸਫ਼ਰ ਦੇ ਮੁੱਖ ਤੌਰ 'ਤੇ ਦੋ ਪਹਿਲੂ ਹਰਿਆਵਲ ਤੇ ਪਤਝੜ ਦੇ ਰੂਪ ਵਿਚ ਦ੍ਰਿਸ਼ਟਮਾਨ ਹੁੰਦੇ ਹਨ। ਇਉਂ ਆਦਮੀ ਦੀ ਜ਼ਿੰਦਗੀ ਦੇ ਰਸਤੇ ਵਿਚ ਹਰਿਆਲੀ ਤੇ ਸੋਕੇ ਦੇ ਰੂਪ ਵਿਚ ਉਤਰਾਅ-ਚੜ੍ਹਾਅ ਅਕਸਰ ਹੀ ਆਉਂਦੇ ਰਹਿੰਦੇ ਹਨ। ਜੀਵਨ ਵਿਚ ਇਕ ਪਾਸੇ ਸੁਖ ਅਰਾਮ ਹੈ ਤੇ ਦੂਜੇ ਬੰਨੇ ਦੁਖ-ਸੰਤਾਪ ਇਕ ਦੂਜੇ ਦੇ ਦਿਨ 'ਤੇ ਰਾਤ ਵਾਂਗ ਪੂਰਕ ਬਣ ਕੇ ਲੋਕਾਈ ਦੇ ਰੇਲੇ-ਪੇਲੇ ਦਾ ਤੋਰਾ ਤੋਰ ਰਹੇ ਹਨ।

ਇਸ ਪ੍ਰਸੰਗ ਵਿਚ ਇਥੇ ਹਰਿਆਣਵੀ ਭਾਈ ਦੀ ਗੱਲ ਯਾਦ ਆਉਂਦੀ ਹੈ ਕਿ ਉਸ ਨੂੰ ਸਮੇਂ ਦੀ ਗਰਦਿਸ਼ ਨੇ ਇਕ ਵਾਰ ਗਰੀਬੀ ਦੇ ਕਗ਼ਾਰ ਤੇ ਲਿਆ ਖੜ੍ਹਾ



Original with;
Kulbir Singh Sidhu(I.A.S)
Digitized by;
Panjab Digital Library

ਕੀਤਾ। ਉਸ ਨੂੰ ਕਿਸੇ ਨੇ ਰਸਮੀ ਜਿਹੇ ਤੌਰ 'ਤੇ ਪੁੱਛਿਆ ਕਿ ਬਾਈ ਜੈ ਚੰਦਾ! ਥਾਰ੍ਹਾ ਕੇ ਹਾਲ ਸੈਂ ਤਾਂ ਹਰਿਆਣਵੀ ਭਾਈ ਬੋਲਿਆ; "ਥਨੇ ਕੇ ਹਾਲ ਬਤਾਵਾਂ; ਭਾਈ! ਕਿਸਮਤ ਖੋਟੀ ਹੋ ਰਹੀ ਸੈ, ਨਈਂ ਤੋ ਮ੍ਹਾਰ੍ਹੇ ਗਾਮ ਮੇਂ ਤੋਂ ਊਂਟ ਜਲੇਬੀ ਨਾ ਖਾਵੇਂ ਥੇ"। ਕੁਝ ਅਜਿਹਾ ਹੀ ਰੱਬ ਦੇ ਭਾਣੇ ਅੰਦਰ ਵਰਤਾਰਾ ਸਾਡੀਆਂ ਆਪਣੀਆਂ ਫੈਲਸੂਫ਼ੀਆਂ ਤੇ ਕਮਜ਼ੋਰੀਆਂ ਕਰਕੇ ਸਦਾਚਾਰਕ ਤੇ ਸਭਿਆਚਾਰਿਕ ਪੱਖੋਂ ਸਾਡੇ ਅਜੋਕੇ ਸਮਾਜ ਵਿਚ ਵਰਤ ਰਿਹਾ ਹੈ। ਪਰ ਰੱਬਾ ਤੇਰੇ ਰੰਗ; ਤੇਰੇ ਉੱਤਰਾ ਚੜ੍ਹਾ? ਤੇਰੀਆਂ ਤੂੰ ਹੀ ਜਾਣੇ।

ਮੁੱਕਦੀ ਗੱਲ! ਸਦੀਆਂ ਦੇ ਵਿਕਾਸ ਤੇ ਤਹਿਜ਼ੀਬ ਤੋਂ ਬਾਅਦ ਹੁਣ ਅਤਿ ਆਧੁਨਿਕ ਯੁਗ ਦਾ ਤੇਜ਼-ਤਰਾਰ ਤੇ ਆਪਣੇ-ਆਪ ਨੂੰ ਸਿਆਣਾ ਸਦਾਉਣ ਵਾਲਾ ਬੰਦਾ ਬੈਕ-ਟੂ-ਮੈਥੂਸਲ੍ਹਾ ਭਾਵ 'ਮੁੜ-ਘੁੜ ਖੋਤੀ ਬੋਹੜ ਥੱਲੇ' ਦੇ ਅਖਾਣ ਅਨੁਸਾਰ ਫਿਰ ਤੋਂ ਸਭਿਆਚਾਰਕ ਰਸਾਤਲ ਨੂੰ ਪਹੁੰਚ ਗਿਆ ਹੈ। ਜ਼ਾਹਿਰ ਹੈ ਕਿ ਅੱਜ ਦੇ ਯੁਗ ਵਿਚ ਮਹਾਨ ਬਣਨ ਦੀ ਚਾਹਤ ਤਾਂ ਹਰ ਕੋਈ ਕਰਦਾ ਹੈ, ਪਰ ਪਹਿਲਾਂ ਇਨਸਾਨ ਬਨਣਾ ਅਸੀਂ ਅਕਸਰ ਹੀ ਭੁੱਲ ਜਾਂਦੇ ਹਾਂ। ਫਿਰ ਸਪਸ਼ਟ ਹੈ ਕਿ ਕੁਲ ਮਿਲਾਕੇ ਅੱਜ ਦੁਨੀਆਂ ਸਿਰੇ ਦੀ ਤਰੱਕੀ ਤੇ ਸਰਮਾਏਦਾਰੀ ਤੋਂ ਬਾਅਦ ਆਪਣੇ ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦੀ ਹੈ।

ਇਸ ਲਈ ਅਜ ਲੋਕਾਈ ਫਿਰ ਤੋਂ ਸੱਚ ਤੇ ਸਚਿਆਰੇਪਣ ਦੀ ਭਾਲ ਵਿਚ ਮੁੱਢ ਕਦੀਮੀ ਰੱਬ ਦੇ ਬੰਦਿਆਂ ਤੇ ਨੇਕ ਖ਼ਸਲਤ ਇਨਸਾਨਾਂ ਦੀ ਤਲਾਸ਼ ਵਿਚ ਹੈ। ਗੌਰਤਲਬ ਹੈ ਕਿ ਅਜ ਅਸੀਂ ਪੱਛਮੀ ਸਭਿਅਤਾ ਦੇ ਦੀਵਾਨੇ ਹੋ ਕੇ ਪੱਛਮੀ ਦੇਸ਼ਾਂ ਦੀ ਚਕਾਚੌਂਧ ਕਰ ਦੇਣ ਵਾਲੀ ਸ਼ੂੰਅ-ਫੈਂਅ ਵਿਚੋਂ ਸੁੱਖ ਭਾਲਦੇ ਫਿਰਦੇ ਹਾਂ, ਪਰ ਸਮੇਂ ਦਾ ਸੱਚ ਇਹ ਹੈ ਕਿ ਪੱਛਮ ਦੇ ਲੋਕ ਮਾਇਆ ਦੀ ਬਹੁਤਾਤ ਤੋਂ ਤੰਗ ਆ ਕੇ ਅਜ ਸਾਡੀ ਪ੍ਰਾਚੀਨ ਪੂਰਬੀ ਸਭਿਅਤਾ ਵਿਚੋਂ ਸਕੂਨ ਭਾਲਦੇ ਫਿਰਦੇ ਹਨ। ਬਸ ਜੇ ਸਾਨੂੰ ਆਪਣੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਸਬੰਧੀ ਬਸ ਇੰਨੀ ਕੁ ਹੀ ਸਮਝ ਆ ਜਾਵੇ ਤਾਂ ਸਾਡੇ ਹੁਣ ਵੀ ਵਾਰੇ-ਨਿਆਰੇ ਹੋ ਸਕਦੇ ਹਨ।

ਖ਼ੈਰ! ਰੱਬ ਮਿਹਰ ਕਰੇ ਕਿ ਸਚਿਆਰੇਪਣ ਤੇ ਨੇਕ ਕਦਰਾਂ-ਕੀਮਤਾਂ 'ਤੇ ਅਧਾਰਿਤ 'ਸਰਬੱਤ ਦੇ ਭਲੇ' ਤੇ ਚੜ੍ਹਦੀ ਕਲਾ ਜਿਹੇ ਕੌਮੀ ਸੰਕਲਪਾਂ ਨਾਲ ਸਰਾਬੋਰ 'ਹਲੇਮੀ ਰਾਜ' ਸਾਡਾ ਨਸੀਬਾ ਬਣ ਸਕੇ ਤੇ ਸਾਡਾ ਦੁਨੀਆਂ ਵਿਚ ਹਰ ਪਾਸੇ ਬੋਲਬਾਲਾ ਹੋਵੇ। ਆਮੀਨ!



*Original with;*
Kulbir Singh Sidhu(I.A.S)
*Digitized by;*
Panjab Digital Library

# ਅੰਗਰੇਜ਼ੀ ਦੀ ਮੁਥਾਜੀ

ਸਾਰੀ ਦੁਨੀਆਂ ਹੀ ਜਾਣਦੀ ਹੈ ਕਿ ਸੱਚ ਅਕਸਰ ਬਹੁਤ ਹੀ ਕੌੜਾ ਹੁੰਦਾ ਹੈ; ਸਗੋਂ ਸੱਚ ਕਹਿਣ ਤੇ ਸੁਣਨ ਦੀ ਪ੍ਰਕਿਰਿਆ ਵਿਚ ਤਾਂ ਇਸ ਦੀ ਕੁੜੱਤਣ ਹੋਰ ਵੀ ਵਧ ਜਾਂਦੀ ਹੈ। ਫਿਰ ਜੱਗ ਜ਼ਾਹਿਰ ਹੈ ਕਿ ਸੱਚ ਚੁੱਪ ਵੀ ਨਹੀਂ ਰਹਿ ਸਕਦਾ, ਸਗੋਂ ਜਦੋਂ ਸੱਚ ਬੋਲਦਾ ਹੈ ਤਾਂ ਸਿਰ ਚੜ੍ਹ ਕੇ ਹੀ ਬੋਲਦਾ ਹੈ। ਇਸ ਪ੍ਰਥਾਇ ਕਹਿਣ-ਕਹਾਉਣ ਨੂੰ ਤਾਂ ਪੰਜਾਬੀ ਸਾਡੀ ਮਾਂ ਬੋਲੀ ਹੈ, ਪਰ ਅਸੀਂ ਇਸ ਨਾਲ ਮੁੱਢ ਤੋਂ ਹੀ ਮਤਰੇਈ ਮਾਂ ਵਾਲਾ ਸਲੂਕ ਕਰਦੇ ਆ ਰਹੇ ਹਾਂ। ਅੱਜ ਤੱਕ ਸਾਡੀ ਮਾਤ-ਭਾਸ਼ਾ ਦੇ ਆਪਣੇ ਧੀ-ਪੁੱਤ ਹੀ ਇਸ ਨੂੰ ਅਨਪੜ੍ਹ-ਗੰਵਾਰਾਂ ਦੀ ਬੋਲੀ ਸਮਝ ਕੇ ਧਿਰਕਾਰਦੇ ਆ ਰਹੇ ਹਨ।

ਬਹਿਰਹਾਲ, ਇਸ ਸੰਦਰਭ ਵਿਚ ਫਿਰ ਇਤਿਹਾਸ ਦਾ ਯਥਾਰਥ ਇਹ ਵੀ ਹੈ ਕਿ ਪੰਜਾਬੀ ਨੂੰ ਕਦੇ ਵੀ ਰਾਜ ਦਰਬਾਰ ਦੀ ਬੋਲੀ ਬਣ ਕੇ ਤਖ਼ਤ ਉਤੇ ਬੈਠਣਾ ਨਸੀਬ ਨਹੀਂ ਹੋਇਆ, ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਸਮੇਂ ਵੀ ਫ਼ਾਰਸੀ ਹੀ ਦਰਬਾਰੀ ਭਾਸ਼ਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਪੰਜਾਬੀ ਬੋਲੀ ਦੀ ਜਿਹੜੀ ਨੁਹਾਰ ਅੱਜ ਦੇਖਣ ਨੂੰ ਮਿਲਦੀ ਹੈ, ਇਹ ਕਿਸੇ ਰਾਜ ਦਰਬਾਰ ਵਿਚੋਂ ਨਹੀਂ ਆਈ; ਸਗੋਂ ਇਹ ਆਮ ਲੋਕਾਂ ਦੇ ਬੁੱਲਾਂ ਤੇ ਨੱਚਦੀ ਹੋਈ ਇਥੋਂ ਤੱਕ ਪਹੁੰਚੀ ਹੈ। ਇਸ ਪ੍ਰਸੰਗ ਵਿਚ ਬੇਸ਼ੱਕ ਇਹ ਗੱਲ ਸਾਨੂੰ ਨਿੰਮ, ਕਰੇਲੇ ਜਾਂ ਕੌੜ-ਤੁੰਮੇ ਨਾਲੋਂ ਵੀ ਕੌੜੀ-ਕਸੈਲੀ ਲੱਗੇ, ਪਰ ਸੱਚਾਈ ਇਹ ਹੈ ਕਿ ਪੰਜਾਬੀ ਪੁੱਤਾਂ ਦੇ ਹੱਥੋਂ ਆਪਣੀ ਹੀ ਮਾਂ ਬੋਲੀ ਦੀ ਦੁਰਦਸ਼ਾ ਹੋ ਰਹੀ ਹੈ। ਹੋਰ ਤਾਂ ਹੋਰ ਅਸੀਂ ਆਪਣੀ ਮਾਂ ਬੋਲੀ ਦੀ ਸੌਂਕਣ ਅੰਗਰੇਜ਼ੀ ਭਾਸ਼ਾ ਦੇ ਇੰਨੇ ਮੁਥਾਜ ਹੋ ਗਏ ਹਾਂ ਕਿ ਸਾਨੂੰ ਪੰਜਾਬੀ ਸਮਝਣ ਲਈ ਹੁਣ ਅੰਗਰੇਜ਼ੀ ਜ਼ੁਬਾਨ ਦੀ ਮੁਥਾਜੀ ਹੋ ਗਈ ਹੈ।

ਇਸ ਤਰ੍ਹਾਂ ਪੰਜਾਬੀ ਪੁੱਤਾਂ ਦੇ ਹੱਥੋਂ ਮਾਂ ਬੋਲੀ ਦੀ ਹੋ ਰਹੀ ਦੁਰਗਤੀ ਦੇ ਇਸ ਪ੍ਰਸੰਗ ਵਿਚ ਇਥੇ ਵਿਸ਼ੇਸ਼ ਤੌਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਸੰਨ 1947 ਵਿਚ ਪੰਜ-ਆਬਾਂ ਭਾਵ ਪੰਜ ਦਰਿਆਵਾਂ ਦੇ ਸਾਂਝੇ ਪੰਜਾਬ ਦੀ ਅਣਸੁਖਾਵੀਂ ਵੰਡ ਨੇ ਸਾਡੀ ਸਾਂਝੀ ਸਭਿਅਤਾ ਦੀ ਪੰਜਾਬੀ ਮਾਂ ਬੋਲੀ ਨੂੰ ਇਸ ਦੀ ਅਮੀਰੀ, ਮਿਠਾਸ ਤੇ ਸੋਹਜ ਦੇ ਪੱਖੋਂ ਬਹੁਤ ਵੱਡੀ ਸੱਟ ਮਾਰੀ ਹੈ। ਗੌਰਤਲਬ ਹੈ ਕਿ ਇਸ ਤਰ੍ਹਾਂ ਹੀ ਸਾਡੇ ਸਾਂਝੇ ਸਭਿਆਚਾਰ ਨੂੰ ਵੀ ਵੱਡੀ ਮਾਰ ਪਈ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਪਰ ਅਫ਼ਸੋਸ ਕਿ ਸਦੀਆਂ ਤੋਂ ਇਕੱਠੇ ਰਹਿ ਰਹੇ ਆਪਣੇ ਮੁਸਲਿਮ ਭਾਈਚਾਰੇ ਨਾਲ ਸਾਡਾ 1947 ਤੋਂ ਬਾਅਦ ਇਕ-ਦਮ ਤੋੜ-ਵਿਛੋੜ ਹੋ ਗਿਆ। ਫਿਰ ਵੱਡਾ ਸਿਤਮ ਇਹ ਹੋਇਆ ਕਿ ਅਸੀਂ ਉਰਦੂ ਜ਼ੁਬਾਨ ਨੂੰ ਫਿਰਕੂ ਰੰਗਤ ਦੇ ਤਹਿਤ ਬਸ ਮੁਸਲਮਾਨਾਂ ਨਾਲ ਹੀ ਬਾਰਡਰ ਤੋਂ ਤੜੀ ਪਾਰ ਕਰਕੇ ਪਾਕਿਸਤਾਨ ਨੂੰ ਤੋਰ ਦਿੱਤਾ। ਅਫ਼ਸੋਸ ਹੈ ਕਿ 1947 ਦੀ ਵੰਡ ਵੇਲੇ ਅਸੀਂ ਆਪਣੀ ਧਰਤੀ ਤੇ ਸਰਹੱਦਾਂ ਤਾਂ ਵੰਡੀਆਂ, ਪਰ ਇਸ ਦੇ ਨਾਲ ਹੀ ਅਸੀਂ ਆਪਣੀ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਵੀ ਵੰਡ ਲਿਆ ਹੈ। ਜਿਸ ਦੇ ਨਤੀਜੇ ਵਜੋਂ ਅਸੀਂ ਸਭਿਆਚਾਰ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਮਿਠਾਸ ਤੇ ਕੋਮਲਤਾ ਨੂੰ ਵੀ ਗੁਆ ਲਿਆ ਹੈ ਅਤੇ ਇਸ ਦਾ ਖਮਿਆਜ਼ਾ ਅਸੀਂ ਹੁਣ ਤੱਕ ਵੀ ਭੁਗਤ ਰਹੇ ਹਾਂ।

ਨਿਰਸੰਦੇਹ ਸਭਿਆਚਾਰਕ ਪੱਖੋਂ ਉਰਦੂ ਜ਼ੁਬਾਨ ਬਹੁਤ ਹੀ ਅਮੀਰ, ਸ਼ਾਇਰਾਨਾਂ ਤੇ ਸ਼ਾਲੀਨ ਹੈ। ਉਰਦੂ ਜ਼ੁਬਾਨ ਦਾ ਪੰਜਾਬੀਆਂ ਨਾਲ ਪੰਜਾਬੀ ਮਾਂ ਬੋਲੀ ਦੀ ਛੋਟੀ ਭੈਣ ਹੋਣ ਕਰਕੇ ਮਾਸੀ ਵਾਲਾ ਰਿਸ਼ਤਾ ਹੈ। ਬਹਿਰਹਾਲ, ਪੰਜਾਬੀ ਮਾਂ ਬੋਲੀ ਦੀ ਅਮੀਰੀ, ਮਿਠਾਸ, ਨਫ਼ਾਸਤ ਤੇ ਸ਼ਾਲੀਨਤਾ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਨੇ ਸਭਿਆਚਾਰਕ ਤੇ ਭਾਸ਼ਾ ਵਿਗਿਆਨ ਦੇ ਪੱਖੋਂ ਫ਼ਾਰਸੀ ਤੇ ਉਰਦੂ ਜ਼ੁਬਾਨ ਤੋਂ ਬਹੁਤ ਹੀ ਸਲੀਕੇ ਭਰਪੂਰ ਅਹਿਸਾਸਾਂ ਤੇ ਸੋਹਣੇ ਸ਼ਬਦਾਂ ਨੂੰ ਗ੍ਰਹਿਣ ਕੀਤਾ ਹੈ। ਨਿਰਸੰਦੇਹ ਉਰਦੂ ਜ਼ੁਬਾਨ ਆਪਣੀ ਸ਼ਾਇਰਾਨਾਂ ਅਮੀਰੀ ਕਰਕੇ ਨਵਾਬਾਂ, ਸ਼ਾਇਰਾਂ ਤੇ ਆਸ਼ਿਕਾਂ ਦੀ ਬੇਹੱਦ ਮਕਬੂਲ ਜ਼ੁਬਾਨ ਹੈ, ਪਰ ਗੌਰਤਲਬ ਹੈ ਕਿ ਇਸ ਜ਼ੁਬਾਨ ਦੇ ਅੰਦਾਜ਼ ਨੂੰ ਆਪਣੇ ਮਨ-ਚਾਹੇ ਜਿਹੇ ਢੰਗ ਨਾਲ ਹਰ ਥਾਂ ਆਪਣੀ ਮਨਮਰਜ਼ੀ ਤੇ ਹੂੜ੍ਹ ਮੱਤ ਨਾਲ ਨਹੀਂ ਜੜ੍ਹਿਆ ਜਾ ਸਕਦਾ। ਇਥੇ ਧਿਆਨ ਦੇਣ ਦੀ ਲੋੜ ਹੈ ਕਿ ਉਰਦੂ ਜ਼ੁਬਾਨ ਦਾ ਅੰਦਾਜ਼ੇ-ਬਿਆਂ ਇੰਨਾ ਵਿਲੱਖਣ ਤੇ ਪ੍ਰਭਾਵਸ਼ਾਲੀ ਹੈ ਕਿ ਇਸ ਦਾ ਇਕ-ਇਕ ਸ਼ਿਅਰ 'ਸਾਗਰ ਨੂੰ ਗਾਗਰ' ਵਿਚ ਬੰਦ ਕਰ ਦਿੰਦਾ ਹੈ। ਜ਼ਿਕਰਯੋਗ ਹੈ ਕਿ ਜੇ ਉਰਦੂ ਭਾਸ਼ਾ ਦਾ ਇਕ ਨੁਕਤਾ ਵੀ ਬਦਲ ਜਾਵੇ ਤਾਂ ਸਾਰਾ ਨਜ਼ਰੀਆ ਹੀ ਬਦਲ ਜਾਂਦਾ ਹੈ।

ਇਸ ਪ੍ਰਥਾਇ ਹੀ ਕਿਸੇ ਸ਼ਾਇਰ ਦਾ ਸੁਖਨ ਹੈ : "ਹਮ ਦੁਆ ਲਿਖਤੇ ਰਹੇ, ਵੋਹ ਦਗਾ ਪੜ੍ਹਤੇ ਰਹੇ; ਏਕ ਨੁਕਤੇ ਕੀ ਗਲਤੀ ਨੇ ਹਮੇਂ ਮਹਿਰਮ ਸੇ ਮੁਜਰਮ ਕਰ ਦੀਆ।" ਇਥੋਂ ਤੱਕ ਕਿ ਉਰਦੂ ਜ਼ੁਬਾਨ ਜਾਨਣ ਵਾਲੇ ਤਾਂ ਸਹੀ ਤੌਰ 'ਤੇ ਹੀ ਕਹਿੰਦੇ ਹਨ ਕਿ "ਨੁਕਤੇ ਕੇ ਹੇਰ-ਫ਼ੇਰ ਨੇ ਖ਼ੁਦਾ ਕੋ ਜੁਦਾ ਕੀਆ।" ਸੋ ਇਸ ਤਰ੍ਹਾਂ ਉਰਦੂ ਜ਼ੁਬਾਨ ਜਿਸ ਨੂੰ ਕਿ ਫੌਜ ਦੀ ਜ਼ੁਬਾਨ ਹੋਣ ਕਰਕੇ ਲਸ਼ਕਰ ਵੀ ਕਹਿੰਦੇ ਹਨ; ਇਸ ਦੀਆਂ ਇੰਨੀਆਂ ਬਰੀਕੀਆਂ ਕਿ ਇਕ ਨੁਕਤੇ ਦੇ ਫ਼ਰਕ ਨਾਲ ਖ਼ੁਦਾ ਵੀ ਖ਼ੁਦਾ ਨਹੀਂ ਰਹਿੰਦਾ। ਇਸ ਸੰਦਰਭ ਵਿਚ ਮੈਨੂੰ ਉਰਦੂ ਦੇ ਮਹਾਨ ਸ਼ਾਇਰ ਦਾਗ ਦੇਹਲਵੀ ਦੀ ਨਸੀਹਤ ਯਾਦ ਆਉਂਦੀ ਹੈ ਕਿ ਉਨ੍ਹਾਂ ਨੇ ਉਰਦੂ ਜ਼ੁਬਾਨ ਦੀਆਂ ਸਿਫਤਾਂ ਤੇ ਬਰੀਕੀਆਂ ਸਬੰਧੀ ਕਿਹਾ ਸੀ ਕਿ :-



Original with;
Kulbir Singh Sidhu(I.A.S)
Digitized by;
Panjab Digital Library

ਨਹੀਂ ਦਾਗ ਆਸਾਂ ਯੇ ਯਾਰੋ ਸੇ ਕਹਿਦੋ
ਕਿ ਆਤੀ ਹੈ ਉਰਦੂ ਜ਼ੁਬਾਂ ਆਤੇ-ਆਤੇ।

ਜ਼ਿਕਰਯੋਗ ਹੈ ਕਿ ਪੰਜਾਬੀ ਲਿਪੀ ਦੇ ਇਹ ਪੰਜ ਅੱਖਰ ਜ਼, ਖ਼, .ਗ, ਸ਼, ਫ਼ ਫ਼ਾਰਸੀ ਲਿਪੀ ਵਿਚੋਂ ਆਏ ਹਨ। ਇਨ੍ਹਾਂ ਨੇ ਵੀ ਪੰਜਾਬੀ ਬੋਲੀ ਨੂੰ ਬੜੀ ਅਮੀਰੀ ਦਿੱਤੀ ਹੈ, ਪਰ ਅਸੀਂ ਹੁਣ ਵੀ ਸ਼ਬਦ ਜ਼ਿਲ੍ਹਾ ਨੂੰ ਜਿਲ੍ਹਾ ਭਾਵ ਸੁਸਤ ਲਿਖੀ ਜਾ ਰਹੇ ਹਾਂ। ਅਸੀਂ ਜ਼ਿੰਦਗੀ ਨੂੰ ਜਿੰਦਗੀ, ਸਜ਼ਾ ਨੂੰ ਸਜਾ, ਜ਼ਮੀਰ ਨੂੰ ਜਮੀਰ ਤੇ ਬਜ਼ਾਰ ਨੂੰ ਬਜਾਰ ਆਦਿ ਲਿਖਦੇ ਤੇ ਬੋਲਦੇ ਚਲੇ ਆ ਰਹੇ ਹਾਂ।

ਪਰ ਜਦੋਂ ਸਾਨੂੰ ਇਸ ਸ਼ਾਇਰਾਨਾ ਜ਼ੁਬਾਨ ਨੂੰ ਬੇਮਤਲਬ ਹੀ ਵਰਤਣ ਦਾ ਸ਼ੌਕ ਜਾਗਦਾ ਹੈ ਤਾਂ ਅਸੀਂ ਇਸ ਜ਼ੁਬਾਨ ਦੀਆਂ ਬਾਰੀਕੀਆਂ ਤੋਂ ਅਣਜਾਣ ਹੋਣ ਕਰਕੇ ਅਕਸਰ ਹੀ ਇਸ ਜ਼ੁਬਾਨ ਦੀ ਕਦਰ ਕਰਦੇ-ਕਰਦੇ ਇਸ ਦੀ ਬੇਕਦਰੀ ਬਹੁਤੀ ਕਰ ਦਿੰਦੇ ਹਾਂ। ਅਸੀ ਉਰਦੂ ਜ਼ੁਬਾਨ ਨੂੰ ਮਹਿਜ਼ ਵਰਤਣ ਦੀ ਖਾਤਰ ਕਿਸੇ ਖਾਸ ਵਾਕਫ਼ੀਅਤ ਤੋਂ ਬਿਨਾਂ ਹੀ .ਗਲਤ-ਮਲ੍ਹਤ ਮੂੰਹ ਮਾਰਨ ਦੀ ਕੋਸ਼ਿਸ਼ ਕਰਦੇ ਹਾਂ। ਇਉਂ ਉਰਦੂ, ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਨੂੰ ਵਿਆਕਰਣ ਦੇ ਵਿਧਾਨ ਤੋਂ ਬਿਨਾਂ ਛੇੜਨਾ ਕਿਸੇ ਗੁਆਂਢਣ ਨੂੰ ਛੇੜਨ ਮਾਤਰ ਹੈ।

ਨਿਰਸੰਦੇਹ ਪੰਜਾਬੀ ਬੋਲੀ ਵੀ ਦੁਨੀਆਂ ਦੀਆਂ ਹੋਰਨਾਂ ਭਾਸ਼ਾਵਾਂ ਵਾਂਗ ਵੱਖ-ਵੱਖ ਸਭਿਆਤਾਵਾਂ ਤੇ ਸਭਿਆਚਾਰਾਂ ਵਿਚੋਂ ਸ਼ਬਦ ਤੇ ਮੁਹਾਵਰੇ ਗ੍ਰਹਿਣ ਕਰਦੀ ਰਹੀ ਹੈ। ਇਸ ਸੰਦਰਭ ਵਿਚ ਸਾਨੂੰ ਇਹ ਸੰਜੀਦਗੀ ਨਾਲ ਵਿਚਾਰਨਾ ਪਵੇਗਾ ਕਿ ਬੇਸ਼ੱਕ ਅਸੀਂ ਸਾਡੇ ਦਰਮਿਆਨ ਖੜ੍ਹੀਆਂ ਕੀਤੀਆਂ ਗਈਆਂ ਸਰਹੱਦਾਂ ਤਾਂ ਹਾਲ ਦੀ ਘੜੀ ਉਲੰਘ ਨਹੀਂ ਸਕਦੇ, ਪਰ ਸਰਹੱਦੋਂ ਪਾਰ ਸਾਡੇ ਸਾਂਝੇ ਪੰਜਾਬ ਦੀ ਉਰਦੂ ਭਾਸ਼ਾ ਦੀ ਅਮੀਰੀ ਤੇ ਨਫ਼ਾਸਤ ਨੂੰ ਤਾਂ ਹੁਣ ਵੀ ਇੱਧਰ ਲਿਆ ਸਕਦੇ ਹਾਂ।

ਇਸ ਪ੍ਰਸੰਗ ਵਿਚ ਹੀ ਜ਼ਿਕਰਯੋਗ ਹੈ ਕਿ ਪੰਜਾਬੀ ਬੋਲੀ ਨੂੰ ਹਾਲ ਦੀ ਘੜੀ ਤਾਂ ਸੰਸਾਰ ਦੇ ਕਿੰਨੇ ਹੀ ਦੇਸ਼ਾਂ-ਦੇਸ਼ਾਂਤਰਾਂ ਵਿਚ ਮਾਣਤਾ ਦਿੱਤੀ ਜਾ ਰਹੀ ਹੈ। ਖਾਸ ਕਰਕੇ ਇੰਗਲੈਂਡ ਵਿਚ ਤਾਂ ਇੰਗਲਿਸ਼ ਹੋਰਨਾਂ ਜ਼ੁਬਾਨਾਂ ਦੀ ਸਾਕਾਚਾਰੀ ਵਿਚ ਸਾਡੀ ਪੰਜਾਬੀ ਬੋਲੀ ਨੂੰ ਭੂਆ ਵਾਂਗੂੰ ਮੰਨਦੀ ਹੈ, ਪਰ ਹੈਰਾਨੀ ਹੁੰਦੀ ਹੈ ਕਿ ਇੰਗਲਿਸ਼ ਤਾਂ ਪੰਜਾਬੀ ਨੂੰ ਭੂਆ-ਭੂਆ ਕਰਦੀ ਫਿਰਦੀ ਹੈ ਤੇ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਦੀ ਸੌਂਕਣ ਨੂੰ ਬਿਲਾ-ਵਜ੍ਹਾ ਮਾਸੀ-ਮਾਸੀ ਕਹਿੰਦੇ ਫਿਰਦੇ ਹਾਂ। ਫਿਰ ਅੱਗੇ ਸਾਡੀ ਅਗਲੀ ਪੀੜ੍ਹੀ ਦੇ ਸਾਡੇ ਪੰਜਾਬੀ ਪੁੱਤ ਆਪਣੀ ਪੰਜਾਬੀ ਮਾਂ ਬੋਲੀ ਨੂੰ ਛੱਡ ਕੇ ਇਸ ਦੀ ਸੌਂਕਣ ਅੰਗਰੇਜ਼ੀ ਨੂੰ ਅੰਬੋ-ਅੰਬੋ ਕਰਦੇ ਫਿਰਦੇ ਹਨ।

ਇਸ ਤਰ੍ਹਾਂ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਕਰੋੜਾਂ ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਇਉਂ ਢੀਠਪਣੇ ਦੀ ਬੁੱਕਲ ਮਾਰੀ ਫਿਰਦੇ ਹਾਂ ਕਿ ਜਦੋਂ ਪੰਜਾਬੀ ਭਾਸ਼ਾ ਦੇ ਭਵਿੱਖ ਦੀ ਗੱਲ ਆਉਂਦੀ ਹੈ ਤਾਂ ਸਾਡੀ ਘੇਸਲ ਵੱਟ ਜਿਹੀ ਅਣਗਹਿਲੀ ਸਾਰੇ



*Original with;*
Kulbir Singh Sidhu(I.A.S)
*Digitized by;*
Panjab Digital Library

ਮੇਰ-ਬੰਨ੍ਹੇ ਟੱਪ ਜਾਂਦੀ ਹੈ। ਇਸ ਸਬੰਧ ਵਿਚ ਯੂਨੈਸਕੋ ਵਰਗੀਆਂ ਸੰਸਾਰ ਪੱਧਰੀ ਸੰਸਥਾਵਾਂ ਤਾਂ ਸਾਨੂੰ ਨੀਂਦ ਤੋਂ ਜਗਾ ਰਹੀਆਂ ਹਨ, ਪਰ ਅਸੀਂ ਪਤਾ ਨਹੀਂ ਕਿਹੜੇ ਧਤੂਰੇ ਪੀ ਕੇ ਲੰਮੀਆਂ ਤਾਣੀ ਪਏ ਹਾਂ।

ਬੱਲੇ ਓਏ; ਪੰਜਾਬੀ ਸ਼ੇਰੋ! ਇਸ ਸੰਦਰਭ ਵਿਚ ਅੱਜ ਸੋਚ-ਵਿਚਾਰ ਕੇ ਵੇਖੋ ਕਿ ਹੋਰ ਤਾਂ ਹੋਰ ਸਾਨੂੰ ਪੰਜਾਬੀ ਭਾਸ਼ਾ ਦੀ ਵਿਥਿਆ ਸਮਝਣ-ਸਮਝਾਉਣ ਲਈ ਯੂਨੈਸਕੋ ਦੀ ਮੁਥਾਜੀ ਝੱਲਣੀ ਪੈ ਗਈ ਹੈ। ਉਹ ਇਸ ਤਰ੍ਹਾਂ ਕਿ ਯੂਨੈਸਕੋ ਦੀਆਂ ਵਿਸ਼ਵ ਪੱਧਰੀ ਸਰਵੇ ਰਿਪੋਰਟਾਂ ਦੱਸਦੀਆਂ ਹਨ ਕਿ 'ਪੰਜਾਬੀ ਬੋਲੀ ਦੁਨੀਆਂ ਦੇ ਭਾਸ਼ਾ ਸੰਸਾਰ ਵਿਚ 13ਵੇਂ ਸਥਾਨ 'ਤੇ ਹੋਣ ਦੇ ਬਾਵਜੂਦ ਵੀ 50 ਕੁ ਸਾਲ ਵਿਚ ਅਲੋਪ ਹੋ ਜਾਵੇਗੀ।'

ਇਹ ਸਾਰਾ ਵਰਤਾਰਾ ਪ੍ਰਮਾਣਿਤ ਤੱਥਾਂ ਦੇ ਬਾਵਜੂਦ ਵੀ ਹੋ ਰਿਹਾ ਹੈ ਕਿ ਪੰਜਾਬੀ ਬੋਲੀ ਦੁਨੀਆਂ ਦੀਆਂ ਤਕਰੀਬਨ 6800 ਭਾਸ਼ਾਵਾਂ ਵਿਚੋਂ 13ਵੇਂ ਨੰਬਰ ਉਤੇ ਆਉਂਦੀ ਹੈ। ਦੁਨੀਆਂ ਦੇ 150 ਦੇਸ਼ਾਂ ਵਿਚ, ਜਿਥੇ ਕਿ ਪੰਜਾਬੀ ਵਸੇ ਹੋਏ ਹਨ, ਉਥੇ ਪੰਜਾਬੀ ਬੋਲਣ ਵਾਲਿਆਂ ਦੀ ਅਨੁਮਾਨਿਤ ਗਿਣਤੀ ਤਕਰੀਬਨ 14 ਕਰੋੜ ਹੈ। ਫਿਰ ਵੀ ਯੂਨੇਸਕੋ ਤੱਕ ਪੰਜਾਬੀ ਜ਼ੁਬਾਨ ਦਾ ਭਵਿੱਖ ਬਹਿਸ ਦਾ ਮਸਲਾ ਬਣਿਆ ਹੋਇਆ ਹੈ। ਇਸ ਸਬੰਧ ਵਿਚ ਯੂਨੈਸਕੋ ਦੀ ਰਿਪੋਰਟ ਮੁਤਾਬਿਕ ਕੁਝ ਕੁ ਵਿਦਵਾਨ ਮੰਨਦੇ ਹਨ ਕਿ ਅੱਜ ਤੋਂ 50 ਸਾਲ ਬਾਅਦ ਪੰਜਾਬੀ ਭਾਸ਼ਾ ਖਤਮ ਹੋ ਜਾਵੇਗੀ। ਦੂਜੇ ਪਾਸੇ ਅਜਿਹੇ ਬੁੱਧੀਜੀਵੀ ਹਨ ਕਿ ਜੋ ਕਹਿੰਦੇ ਹਨ ਕਿ 14 ਕਰੋੜ ਲੋਕਾਂ ਵੱਲੋਂ ਬੋਲੀ ਜਾਂਦੀ ਦੁਨੀਆਂ ਦੀ ਤੇਰਵੇਂ ਨੰਬਰ ਦੀ ਪੰਜਾਬੀ ਬੋਲੀ ਕਦੇ ਵੀ ਖਤਮ ਨਹੀਂ ਹੋ ਸਕਦੀ।

ਸੋ ਪਤਾ ਨਹੀਂ ਕਿ ਸੰਸਾਰ ਪੱਧਰ ਦੇ ਬੁੱਧੀਜੀਵੀਆਂ ਤੇ ਵਿਦਵਾਨਾਂ ਦੀ ਵਿਦਵਤਾ ਦਾ ਇਹ ਭੇੜ ਕਦੋਂ ਖਤਮ ਹੋਵੇਗਾ ਅਤੇ ਇਹ ਕਿਸ ਨਤੀਜੇ 'ਤੇ ਪਹੁੰਚੇਗਾ? ਪਰ ਪੰਜਾਬੀ ਭਾਸ਼ਾ ਦਾ ਪਿਛਲੇ 50 ਸਾਲਾਂ ਤੋਂ ਜੋ ਹਸ਼ਰ ਪੰਜਾਬ ਵਿਚ ਹੋ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਪੰਜਾਬੀ ਭਾਸ਼ਾ ਦੁਨੀਆਂ ਦੇ ਦੂਜੇ ਮੁਲਕਾਂ ਵਿਚ ਤਾਂ ਭਾਵੇਂ ਹੋਰ ਵੀ ਪ੍ਰਫੁਲਤ ਹੋ ਜਾਵੇ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿਚੋਂ ਤਾਂ ਇਹ ਖਤਮ ਹੁੰਦੀ ਜਾਪਦੀ ਹੈ। ਪੰਜਾਬੀ ਭਾਸ਼ਾ ਦਾ ਪੰਜਾਬ ਵਿਚੋਂ ਖਤਮ ਹੋਣ ਵਾਲੀ ਗੱਲ ਭਾਵੇਂ ਬੜੀ ਉਦਾਸ ਤੇ ਨਿਰਾਸ਼ਾਜਨਕ ਜਿਹੀ ਸੋਚ ਦੀ ਉਪਜ ਲਗਦੀ ਹੈ, ਪਰ ਇਸ ਦੇ ਅਖੌਤੀ ਵਿਕਾਸ ਲਈ ਕੀਤੇ ਔਹੜ-ਪੌਹੜ ਦੀ ਕਹਾਣੀ ਬੜੀ ਸਵੈ-ਸਪਸ਼ਟ ਹੈ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ਮਾਰਚ 1948 ਵਿਚ ਪ੍ਰਿੰਸੀਪਲ ਭਾਈ ਜੋਧ ਸਿੰਘ ਦੀ ਪ੍ਰਧਾਨਗੀ ਹੇਠ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੰਜਾਬੀ ਨੂੰ ਪੰਜਾਬ ਪ੍ਰਾਂਤ ਦੀ ਸਰਕਾਰੀ ਭਾਸ਼ਾ ਬਣਾਉਣ ਦਾ ਮਸਲਾ ਉਠਿਆ ਸੀ। ਜੁਲਾਈ 1948 ਵਿਚ ਪੈਪਸੂ ਬਣਿਆ ਤੇ ਪੰਜਾਬੀ ਭਾਸ਼ਾ ਨੂੰ ਪੈਪਸੂ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ



Original with;
Kulbir Singh Sidhu(I.A.S)
Digitized by;
Panjab Digital Library

ਗਿਆ। ਪੈਪਸੂ ਫਾਰਮੂਲੇ ਦੇ ਨਾਂਅ ਨਾਲ ਜਾਣਿਆ ਜਾਂਦਾ ਇਹ ਫੈਸਲਾ ਨਵੰਬਰ 1956 ਵਿਚ ਪੈਪਸੂ ਦੇ ਇਲਾਕੇ ਨੂੰ ਪੰਜਾਬ ਵਿਚ ਸ਼ਾਮਲ ਕਰਨ ਨਾਲ ਖਤਮ ਹੋ ਗਿਆ। ਜ਼ਿਕਰਯੋਗ ਹੈ ਕਿ 1949 ਵਿਚ ਭਾਰਤ ਸਰਕਾਰ ਨੇ ਸਾਰੇ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਇਕ ਕਾਨਫਰੰਸ ਬੁਲਾਈ। ਜਿਸ ਅਨੁਸਾਰ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਬੱਚੇ ਦੀ ਮਾਂ ਬੋਲੀ ਨੂੰ ਮੰਨ ਲਿਆ ਗਿਆ। ਵੱਖ-ਵੱਖ ਰਾਜ ਸਰਕਾਰਾਂ ਨੇ ਥੋੜੀ ਬਹੁਤੀ ਤਬਦੀਲੀ ਨਾਲ ਇਸ ਫੈਸਲੇ ਨੂੰ ਆਪੋ-ਆਪਣੇ ਰਾਜਾਂ ਵਿਚ ਲਾਗੂ ਕੀਤਾ।

ਇਸ ਤਰ੍ਹਾਂ ਸੰਨ 1949 ਵਿਚ ਪੰਜਾਬੀ ਦੇ ਵਿਕਾਸ ਦੇ ਲਈ ਉਦੋਂ ਦੇ ਮੁੱਖ ਮੰਤਰੀ ਭੀਮਸੈਨ ਸੱਚਰ ਦਾ ਫਾਰਮੂਲਾ ਹੋਂਦ ਵਿਚ ਆਇਆ। ਇਸ ਫਾਰਮੂਲੇ ਅਨੁਸਾਰ ਪੰਜਾਬੀ ਬੋਲਦੇ ਇਲਾਕੇ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਤੇ ਚੌਥੀ ਦੀ ਜਮਾਤ ਤੋਂ ਹਿੰਦੀ ਦੀ ਪੜ੍ਹਾਈ ਕਰਵਾਉਣਾ ਪ੍ਰਵਾਨ ਹੋਇਆ। ਇਹ ਵੀ ਫੈਸਲਾ ਹੋਇਆ ਕਿ 10ਵੀਂ ਜਮਾਤ ਤੱਕ ਦੋਵੇਂ ਭਾਸ਼ਾਵਾਂ ਜ਼ਰੂਰੀ ਹੋਣਗੀਆਂ। ਉਸ ਉਪਰੰਤ ਫਿਰ ਇਸ ਵਿਸ਼ੇ 'ਤੇ ਕਦੇ ਪੰਜਾਬੀ ਸਾਹਿਤ ਅਕੈਡਮੀ ਦੀ ਪਹਿਲੀ ਕਾਨਫਰੰਸ 1948 ਵਿਚ ਹੋਈ। ਫਿਰ 1955 ਨੂੰ ਜਲੰਧਰ ਵਿਚ ਲੇਖਕਾਂ ਦੀ ਪ੍ਰਾਂਤਕ ਕਾਨਫਰੰਸ ਤੇ ਉਸ ਤੋਂ ਬਾਅਦ 1956 ਵਿਚ ਪੰਜਾਬੀ ਸਾਹਿਤ ਅਕੈਡਮੀ ਦੀ ਦਿੱਲੀ ਵਿਖੇ ਦੂਜੀ ਕਾਨਫਰੰਸ ਹੋਈ। 1953 ਵਿਚ ਸੈਕੰਡਰੀ ਸਿੱਖਿਆ ਕਮਿਸ਼ਨ ਵਲੋਂ ਪੰਜਾਬੀ ਮਾਂ ਬੋਲੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਸਾਰੇ ਸੈਕੰਡਰੀ ਸਕੂਲਾਂ ਤੱਕ ਲਾਗੂ ਕਰਨ 'ਤੇ ਜ਼ੋਰ ਦਿੱਤਾ ਗਿਆ।

ਫਿਰ ਹੋਰ ਕਿੰਨੀਆਂ ਹੀ ਕਾਨਫਰੰਸਾਂ ਤੇ ਕਨਵੈਂਨਸ਼ਨਾਂ ਹੋਈਆਂ ਅਤੇ ਹੁਣ ਤੱਕ ਪੰਜਾਬ ਦੀਆਂ ਸਾਰੀਆਂ ਹੀ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਗਿਆਨ-ਵਿਚਾਰਾਂ ਹੁੰਦੀਆਂ ਰਹੀਆਂ ਹਨ। ਇਥੋਂ ਤੱਕ ਕਿ ਹੁਣ ਤਾਂ ਦੁਨੀਆਂ ਵਿਚ ਰਹਿੰਦੇ ਪੰਜਾਬੀਆਂ ਤੇ ਖਾਸ ਤੌਰ 'ਤੇ ਸਿੱਖਾਂ ਦੇ ਵੱਡੇ-ਵੱਡੇ ਸੰਮੇਲਨ ਹੋ ਰਹੇ ਹਨ। ਉਥੇ ਕੀ ਬਹਿਸਾਂ ਹੁੰਦੀਆਂ ਹਨ ਤੇ ਕੀ ਫੈਸਲੇ ਹੁੰਦੇ ਹਨ, ਉਨ੍ਹਾਂ ਸਭ ਦਾ ਇਕੋ ਹੀ ਸਾਰ-ਵਿਸਥਾਰ ਇਹ ਹੈ ਕਿ ਪੰਜਾਬੀ ਭਾਸ਼ਾ ਦੀ ਦੁਰਦਸ਼ਾ ਹੋ ਰਹੀ ਹੈ।

ਇਸ ਵਾਸਤੇ ਪੰਜਾਬੀ ਬੋਲੀ ਨੂੰ ਪੁਨਰ ਸੁਰਜੀਤ ਕਰਨ ਵਾਸਤੇ ਇਸ ਨੂੰ ਚਿੰਤਾ ਤੇ ਚੇਤਨ ਦਾ ਵਿਸ਼ਾ ਬਣਾਉਂਦੇ ਹੋਏ ਸਾਡੀ ਲੋਕ ਚੇਤਨਾ ਤੇ ਲੋਕ ਲਹਿਰ ਬਣਾਉਣ ਦੀ ਵੱਡੀ ਲੋੜ ਹੈ। ਇਸ ਸੰਦਰਭ ਵਿਚ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦਾ ਕਥਨ ਆਪਾ ਚੀਨਣ ਦੀ ਮਰਜ਼ ਨਾਲ ਬਹੁਤ ਹੀ ਅੱਖਾਂ ਖੋਲ੍ਹਣ ਵਾਲਾ ਹੈ। ਉਨ੍ਹਾਂ ਅਨੁਸਾਰ, "ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡਾ ਝਟਕਾ 1966 ਵਿਚ ਲੱਗਾ। ਪੰਜਾਬੀ ਜਿਹੜੀ ਦਿੱਲੀ ਦੀਆਂ ਬਰੂਹਾਂ ਤੱਕ ਰਾਜ ਕਰਦੀ ਸੀ, ਸ਼ਿਮਲੇ ਦੀਆਂ ਚੋਟੀਆਂ ਤੱਕ ਪੜ੍ਹੀ-ਲਿਖੀ ਜਾਂਦੀ ਸੀ; ਹੁਣ ਰਾਜਪੁਰਾ ਤੋਂ ਅੱਗੇ ਮਨੀਮਾਜਰਾ ਤੋਂ ਪਰ੍ਹੇ ਪਰਾਈ ਹੋ ਚੁਕੀ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਪੰਜਾਬੀ ਮਾਂ ਬੋਲੀ ਦੀ ਪੁਨਰ ਸੁਰਜੀਤੀ ਦੇ ਸੰਦਰਭ ਵਿਚ ਸਭ ਤੋਂ ਪਹਿਲਾਂ ਭਲਾ ਹੋਵੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ: ਲਛਮਣ ਸਿੰਘ ਗਿੱਲ ਦਾ ਕਿ ਉਸ ਨੇ ਆਪਣੇ 10 ਕੁ ਮਹੀਨਿਆਂ ਦੇ ਅਲਪ ਜਿਹੇ ਰਾਜ-ਭਾਗ ਸਮੇਂ ਆਜ਼ਾਦੀ ਤੋਂ 22 ਸਾਲ ਬਾਅਦ ਤੱਕ ਵੀ ਚਲੀ ਆ ਰਹੀ ਦਫ਼ਤਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਭਾਸ਼ਾ ਨੂੰ ਲਾਗੂ ਕੀਤਾ ਸੀ। ਨਿਰਸੰਦੇਹ ਉਦੋਂ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਸੰਨ 1967 ਪੰਜਾਬੀ ਭਾਸ਼ਾ ਐਕਟ ਤਾਂ ਪਾਸ ਕਰਵਾ ਦਿੱਤਾ ਸੀ ਅਤੇ ਇਸ ਐਕਟ ਦੇ ਤਹਿਤ 13 ਅਪ੍ਰੈਲ 1968 ਨੂੰ ਪੰਜਾਬੀ ਨੂੰ ਰਾਜ ਭਾਸ਼ਾ ਦਾ ਮਰਤਬਾ ਦੇ ਕੇ ਲਾਗੂ ਕੀਤਾ ਗਿਆ ਸੀ। ਅਫ਼ਸੋਸ ਹੈ ਕਿ ਇਹ ਹਾਲੇ ਤੱਕ ਵੀ ਪੂਰਨ ਤੌਰ 'ਤੇ ਪੰਜਾਬੀ ਸਾਡੀ ਰਾਜ ਭਾਸ਼ਾ ਤਾਂ ਕੀ ਦਫਤਰੀ ਭਾਸ਼ਾ ਵੀ ਬਣ ਕੇ ਲਾਗੂ ਨਹੀਂ ਹੋ ਸਕੀ। ਇਸ ਸਬੰਧ ਵਿਚ ਨੌਕਰਸ਼ਾਹਾਂ ਦੀ 'ਚੱਲ ਹੋਊ' ਵਰਗੀ ਬੇਰੁਖੀ ਤੇ ਰਾਜਸੀ ਆਗੂਆਂ ਦੀ 'ਆਪਾਂ ਨੂੰ ਕੀ' ਵਰਗੀ ਅਣਗਹਿਲੀ ਵਜੋਂ ਪੰਜਾਬੀ ਭਾਸ਼ਾ ਤੇ ਵਿਦਿਅਕ ਸੁਧਾਰਾਂ ਲਈ ਕੋਈ ਵੀ ਨੀਤੀ ਸਹੀ ਤੌਰ 'ਤੇ ਲਾਗੂ ਨਹੀਂ ਹੋ ਸਕੀ। ਇਸ ਦੇ ਸਿੱਟੇ ਵਜੋਂ ਹੁਣ ਤੱਕ ਵੀ ਅੰਗਰੇਜ਼ੀ ਭਾਸ਼ਾ ਹੀ ਸਾਡੀ ਦਫਤਰੀ ਭਾਸ਼ਾ ਵਜੋਂ ਪ੍ਰਧਾਨ ਹੈ।

ਬੇਸ਼ੱਕ ਕਦੇ-ਕਦਾਈਂ ਪੰਜਾਬੀ ਭਾਸ਼ਾ ਨੂੰ ਦਫ਼ਤਰੀ ਭਾਸ਼ਾ ਵਜੋਂ ਅਪਣਾਉਣ ਤੇ ਲਾਗੂ ਕਰਨ ਦੀ ਤਕਰੀਬਨ ਹਰ ਸਰਕਾਰ ਵੱਲੋਂ ਅੱਧ-ਪਚੱਧੀ ਜਿਹੀ ਕੋਸ਼ਿਸ਼ ਹੁੰਦੀ ਰਹੀ ਹੈ। ਪਰ ਸਪੱਸ਼ਟ ਹੈ ਕਿ ਸਰਕਾਰਾਂ ਦੀ ਇਹ ਕਾਰਵਾਈ ਹਮੇਸ਼ਾਂ ਅੱਧਵਰਿਤੀ ਤੇ ਬੇਦਿਲੀ ਜਿਹੀ ਮਨੋਵਰਿਤੀ ਦਾ ਸ਼ਿਕਾਰ ਹੋ ਕੇ ਹਮੇਸ਼ਾਂ ਜਨਮ ਤੋਂ ਪਹਿਲਾਂ ਹੀ ਦਮ ਤੋੜਦੀ ਰਹੀ ਹੈ। ਵੈਸੇ ਹੁਣ ਵੀ ਬੇਅੰਤ ਸਾਹਿਤਕ ਤੇ ਪੰਜਾਬੀ ਲਿਖਾਰੀ ਸਭਾਵਾਂ ਪੰਜਾਬੀ ਭਾਸ਼ਾ ਐਕਟ ਲਾਗੂ ਕਰਵਾਉਣ ਲਈ ਧਾਹਾਂ ਮਾਰਦੀਆਂ ਰਹਿੰਦੀਆਂ ਹਨ, ਪਰ ਇਹ ਸੰਸਥਾਵਾਂ ਕੋਈ ਠੋਸ ਸੰਘਰਸ਼ ਕਰਕੇ ਮਸਲੇ ਨੂੰ ਅੰਜਾਮ ਤੱਕ ਨਹੀਂ ਪਹੁੰਚਾ ਸਕੀਆਂ। ਨਿਰਸੰਦੇਹ ਵਿਸ਼ਵ ਪੱਧਰ 'ਤੇ ਆਲਮੀ ਪੰਜਾਬੀ ਕਾਨਫਰੰਸਾਂ ਵੀ ਹੁੰਦੀਆਂ ਹਨ, ਕਾਫੀ ਰੌਲਾ ਪੈਂਦਾ ਹੈ, ਪਰ ਅਖ਼ੀਰ ਨੂੰ ਇਹ ਸਭ ਕੁਝ ਡੈਲੀਗੇਟਾਂ ਵੱਲੋਂ ਵਿਦੇਸ਼ੀ ਸੈਰਾਂ ਦੇ ਰੂਪ ਵਿਚ ਹੀ ਮੁੱਕ-ਮੁਕਾ ਜਾਂਦਾ ਹੈ। ਅਫ਼ਸੋਸ ਕਿ ਇਸ ਤਰ੍ਹਾਂ ਚਿਰਾਂ ਤੋਂ ਹੀ ਹੁਣ ਤੱਕ ਵੀ ਪੰਜਾਬੀ ਭਾਸ਼ਾ ਦੀ 'ਬੀਬੀ ਤਿੰਨੋਂ ਕੱਪੜੇ ਸੁੱਥਣ, ਨਾਲਾ ਤੇ ਟੱਸ' ਵਾਲੀ ਸੂਰਤ ਬਰਕਰਾਰ ਹੈ।

ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਮਾਂ ਬੋਲੀ ਪੰਜਾਬੀ ਦੀ ਦਸ਼ਾ ਸੁਧਾਰਨ ਲਈ "ਕਰਣ ਪਲਾਹ ਕਰੇ ਬਹੁਤੇਰੇ" ਕਰਨ ਜਿਹਾ ਦਾਅਵਾ ਤਾਂ ਹਰ ਕੋਈ ਕਰਦਾ ਹੈ, ਪਰ ਸੱਚਾਈ ਇਹ ਹੈ ਕਿ ਜਿਵੇਂ **ਮਿਰਜ਼ਾ ਅਲੀ ਬੇਗ ਇਸ਼ਰਤੀ** ਕਹਿੰਦਾ ਹੈ ਕਿ:-

ਮਰੀਜ਼ਿ ਇਸ਼ਕ ਪਰ ਰਹਿਮਤ ਖ਼ੁਦਾ ਕੀ,
ਮਰਜ਼ ਬੜਤਾ ਗਿਆ ਜਿਊਂ-ਜਿਊਂ ਦਵਾ ਕੀ।

ਪੰਜਾਬੀ ਤੇ ਪੰਜਾਬੀਅਤ ਨੂੰ ਦਰਪੇਸ਼ ਮਸਲਿਆਂ ਨੂੰ ਦਰਗੁਜ਼ਰ ਕਰਨਾ ਸਮੁੱਚੀ ਕੌਮ ਲਈ ਘਾਤਿਕ ਹੈ ਅਤੇ ਇਹ ਸਾਡੇ ਸਮਾਜ ਦੇ ਆਗੂਆਂ ਦੀ ਨਾਕਾਬਿਲੇ-ਮੁਆਫ



Original with;
Kulbir Singh Sidhu(I.A.S)
Digitized by;
Panjab Digital Library

ਗਲਤੀ ਹੈ। ਬਹਿਰਹਾਲ, ਇਸ ਪੱਖੋਂ ਸਾਡੀਆਂ ਅਣਗਹਿਲੀਆਂ ਦੇ ਮਾੜੇ ਨਤੀਜੇ ਹੁਣ ਦ੍ਰਿਸ਼ਟਮਾਨ ਹੋ ਰਹੇ ਹਨ, ਸਗੋਂ ਜੇ ਸਾਡੀ ਇਹ ਸੋਚ ਇਸ ਤਰ੍ਹਾਂ ਹੀ ਬੇਢੰਗੀ ਰਹੀ ਅਤੇ ਪੰਜਾਬੀਆਂ ਦੀ ਮਾਨਸਿਕਤਾ ਦੀ ਚੂਲ੍ਹ ਇਉਂ ਹੀ ਟੇਢੀ ਰਹੀ ਤਾਂ ਨਿਰਸੰਦੇਹ ਇਸ ਦਾ ਮਾੜਾ ਖਮਿਆਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਸਾਨੂੰ ਖ਼ੁਦ ਹੀ ਪਤਾ ਹੈ ਕਿ ਅਸੀਂ 'ਤਾਲੋਂ ਘੁੱਥੀ ਡੂੰਮਣੀ ਫਿਰੇ ਤਾਲ-ਬੇਤਾਲ' ਦੇ ਅਖਾਣ ਅਨੁਸਾਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਹਿਮ ਮਸਲਿਆਂ ਸਬੰਧੀ ਤਾਲੋਂ-ਬੇਤਾਲ ਹੋ ਚੁਕੇ ਹਾਂ। ਇਸ ਤੋਂ ਇਲਾਵਾ ਸਾਡੀ ਹਾਲਤ ਉਸ ਕਬੂਤਰ ਵਾਲੀ ਹੈ, ਜੋ ਬਿੱਲੀ ਤੋਂ ਡਰਦਾ ਹੋਇਆ ਅੱਖਾਂ ਮੀਟ ਕੇ ਇਹ ਤਸੱਵਰ ਕਰਦਾ ਹੈ ਕਿ ਬਿੱਲੀ ਜਾ ਚੁਕੀ ਹੈ, ਪਰ ਉਸ ਨੂੰ ਪਤਾ ਉਦੋਂ ਹੀ ਲਗਦਾ ਹੈ ਕਿ ਜਦੋਂ ਬਿੱਲੀ ਉਸ ਨੂੰ ਦਬੋਚ ਲੈਂਦੀ ਹੈ। ਸੋ ਸਾਡੇ ਇਸ ਬੇਸੁਰੇ ਰਾਗ ਦਾ ਅਲਾਪ-ਵਿਰਲਾਪ ਜੇ ਇਸ ਤਰ੍ਹਾਂ ਹੀ ਰਿਹਾ ਤਾਂ ਕੋਈ ਵੱਡੀ ਗੱਲ ਨਹੀਂ ਕਿ ਕਿਸੇ ਨਾ ਕਿਸੇ ਪਾਸਿਓਂ ਛੇਤੀ ਹੀ ਕੌਮ ਦਾ ਘੋਰੜੂ ਵੱਜ ਜਾਵੇਗਾ।

ਇਸ ਚੱਲ ਰਹੇ ਪ੍ਰਸੰਗ ਵਿਚ ਇਕ ਅਚੰਭੇ ਵਾਲੀ ਗੱਲ ਹੁਣ ਇਹ ਬਣੀ ਹੋਈ ਹੈ ਕਿ ਪੰਜਾਬੀ ਸਮਝਣ ਲਈ ਅੰਗਰੇਜ਼ੀ ਭਾਸ਼ਾ ਦੀ ਮੁਥਾਜੀ ਬਣੀ ਹੋਈ ਹੈ। ਸਾਡੇ ਰਾਜਨੀਤਿਕ ਲੋਕ, ਨੀਤੀਵਾਨ ਤੇ ਬੁੱਧੀਜੀਵੀ ਪੰਜਾਬੀ ਦੇ ਵਿਕਾਸ ਜਾਂ ਫਿਰ ਪੰਜਾਬੀ ਨੂੰ ਲਾਗੂ ਕਰਨ ਦੀਆਂ ਗੱਲਾਂ ਇੰਗਲਿਸ਼ ਭਾਵ ਅੰਗਰੇਜ਼ੀ ਜ਼ੁਬਾਨ ਵਿਚ ਕਰਦੇ ਹਨ ਅਤੇ ਨੀਤੀਆਂ ਅੰਗਰੇਜ਼ੀ ਭਾਸ਼ਾ ਵਿਚ ਘੜਦੇ ਹਨ।

ਵਾਹ ਓਏ ! ਪੰਜਾਬੀ ਮਾਂ ਦਿਉ ਸਪੂਤੋ, ਤੁਹਾਨੂੰ ਕਦੋਂ ਸਮਝ ਆਵੇਗੀ ਕਿ ਸਾਡੀ ਮਾਂ ਬੋਲੀ ਪੰਜਾਬੀ ਸਭ ਭਾਸ਼ਾਵਾਂ ਤੋਂ ਮਿੱਠੀ ਤੇ ਰਸੀਲੀ ਹੈ। ਵੈਸੇ ਤਾਂ ਇਹ ਦਾਅਵਾ ਸਾਰੇ ਪੰਜਾਬੀਆਂ ਦਾ ਹੈ ਅਤੇ ਖਾਸ ਤੌਰ 'ਤੇ ਕੌਮ ਦੇ ਆਗੂਆਂ ਦਾ ਤਾਂ ਇਹ ਹਰਮਨ ਪਿਆਰਾ ਦਮਗਜਾ ਤੇ ਨਾਅਰਾ ਹੈ। ਫਿਰ ਸਾਡੇ ਬੁੱਧੀਜੀਵੀ ਤੇ ਵਿਦਵਾਨ ਵੀ ਇਸ ਦੇ ਮੁਦਈ ਹਨ, ਪਰ ਜਦੋਂ ਪੰਜਾਬੀ ਨੂੰ ਅਪਣਾਉਣ ਦੇ ਪੱਖੋਂ ਸਾਡੇ ਕਾਰਵਿਹਾਰ ਤੇ ਅਮਲਾਂ ਦੀ ਬੈਂਗਣੀ ਉਘੜਦੀ ਹੈ ਤਾਂ ਸਾਡੇ ਘਰਾਂ ਤੋਂ ਦਫਤਰਾਂ ਤੱਕ ਅਤੇ ਅੱਗੇ ਸਰਕਾਰੇ-ਦਰਬਾਰੇ ਸਾਡੀ ਪੰਜਾਬੀ ਮਾਂ ਬੋਲੀ ਤਾਂ ਸਾਡੀ ਮਤਰੇਈ ਮਾਂ ਅੰਗਰੇਜ਼ੀ ਦੇ ਜੋੜੇ ਝਾੜਦੀ ਫਿਰਦੀ ਹੈ।

ਪੰਜਾਬੀ ਬੋਲੀ ਦੇ ਵਿਗਾਸ ਤੇ ਵਿਕਾਸ ਦੇ ਚੱਲ ਰਹੇ ਇਸ ਪ੍ਰਸੰਗ ਵਿਚ ਜਿਥੋਂ ਤੱਕ ਪੰਜਾਬੀ ਮਾਂ ਬੋਲੀ ਦੇ ਆਪਣੇ ਹੀ ਅਖੌਤੀ ਸਪੂਤਾਂ ਦਾ ਤੁਅੱਲਕ ਹੈ, ਉਨ੍ਹਾਂ ਦਾ ਕਿਰਦਾਰ ਵੀ ਸੱਤਿਆਨਾਸੀ ਹੀ ਕਿਹਾ ਜਾ ਸਕਦਾ ਹੈ। ਸਾਨੂੰ ਗੁੜ੍ਹਤੀ ਵਿਚ ਪੰਜਾਬੀ ਬੋਲੀ ਮਿਲੀ ਹੈ, ਪਰ ਜਦੋਂ ਅਸੀਂ ਪੜ੍ਹ-ਲਿਖ ਗਏ ਤਾਂ ਉਦੋਂ ਮਾਂ ਨੂੰ ਮਾਸੀ ਕਹਿਣ ਵਾਂਗ ਅੰਗਰੇਜ਼ੀ ਦੇ ਗਲ ਲੱਗ ਗਏ। ਹੁਣ ਅਸੀਂ ਪੰਜਾਬੀ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਾਂ ਤੇ ਗ਼ਲਤ-ਮਲ੍ਹਤ ਅੰਗਰੇਜ਼ੀ ਬੋਲਣ ਤੇ ਲਿਖਣ ਵਿਚ ਆਪਣੀ ਸ਼ਾਨ ਸਮਝਦੇ ਹਾਂ। ਇਸ ਪ੍ਰਥਾਇ ਸਾਡੀ ਹਾਲਤ 'ਕੁੜ-ਕੁੜ ਕਿਤੇ ਤੇ ਆਂਡੇ ਕਿਤੇ'



*Original with;*
Kulbir Singh Sidhu(I.A.S)
*Digitized by;*
Panjab Digital Library

ਵਰਗੀ ਹੈ। ਬੱਸ ਸਾਡਾ ਹਾਲ ਉਨ੍ਹਾਂ ਕੁੱਕੜੀਆਂ ਵਰਗਾ ਹੈ, ਜਿਹੜੀਆਂ ਚੋਗਾ ਤਾਂ ਕਿਤੇ ਚੁੱਗਦੀਆਂ ਹਨ ਤੇ ਆਂਡੇ ਕਿਤੇ ਗੁਆਂਢੀ ਦੇ ਘਰ ਦਿੰਦੀਆਂ ਹਨ।

ਬੱਲੇ ਓਏ ਸ਼ੇਰੋ! ਸਾਡੀ ਅਜਿਹੀ ਕੁੜ-ਕੁੜ ਤੇ ਕੁਕੜ-ਖੋਹ ਸਾਡੇ ਘਰਾਂ ਵਿਚ ਉਦੋਂ ਦੇਖਣ ਨੂੰ ਮਿਲਦੀ ਹੈ, ਜਦੋਂ ਅਸੀਂ ਦਾਦਾ-ਦਾਦੀ, ਨਾਨਾ-ਨਾਨੀ, ਪਿਤਾ-ਮਾਤਾ, ਤਾਇਆ-ਤਾਈ, ਚਾਚਾ-ਚਾਚੀ, ਮਾਮਾ-ਮਾਮੀ, ਭੂਆ-ਫੁਫੜ, ਮਾਸੀ-ਮਾਸੜ ਤੇ ਭੈਣ-ਭਰਾ ਵਰਗੇ ਸਾਡੇ ਨਹੁੰ-ਮਾਸ ਦੇ ਅਨਿਖੜਵੇਂ ਰਿਸ਼ਤਿਆਂ ਨੂੰ ਕ੍ਰਮਵਾਰ ਗਰੈਂਡੀ-ਗਰੈਨੀ, ਪਾਪਾ-ਮਾਮਾ, ਅੰਕਲ-ਆਂਟੀ ਤੇ ਸਿਸਟਰ ਅਤੇ ਕਜ਼ਨ ਦੇ ਫਾਂਸੀ ਵਰਗੇ ਘਾਤਕ ਇਕੋ ਰੱਸੇ ਵਿਚ ਬੰਨ੍ਹ ਦਿੰਦੇ ਹਾਂ। ਇਸ ਤਰ੍ਹਾਂ ਹੀ ਅੱਜ ਦੇ ਨਿਆਣਿਆਂ ਨੂੰ ਕੀ ਸਿਆਣਿਆਂ ਨੂੰ 59-69 ਤੇ 79 ਜਾਂ 89 ਦਾ ਫਰਕ ਤਾਂ ਇਕ ਪਾਸੇ ਰਿਹਾ, ਪੰਜਾਬੀ ਵਿਚ ਉਨਾਹਠ-ਉਨੱਤਰ ਤੇ ਉਨਾਸੀ-ਉਨਾਨਵੇਂ ਦੇ ਫਰਕ ਦਾ ਪਤਾ ਨਹੀਂ ਹੈ। ਜੇ ਕੋਈ ਫਿਫਟੀ ਨਾਈਨ-ਸਿਸਕਸਟੀ ਨਾਈਨ ਕਹਿਣ ਤੋਂ ਬਿਨਾਂ ਤੁਹਾਡੀ ਗੱਲ ਸਮਝ ਲਵੇ ਤਾਂ ਮੇਰਾ ਨਾਂਅ ਵਟਾ ਦੇਣਾ।

ਬਹਿਰਹਾਲ, ਅੰਗਰੇਜ਼ੀ ਬੋਲਣ ਵਾਲੇ ਦੇਸੀ ਸਾਹਿਬਾਂ ਦੀ ਇਕ ਮਨ ਭਾਉਂਦੀ ਦਲੀਲ ਤਾਂ ਇਹ ਹੈ ਕਿ ਅੰਗਰੇਜ਼ੀ ਦੁਨੀਆ ਦੀ ਤਕਰੀਬਨ ਅੱਧੀ ਵਸੋਂ ਦੀ ਭਾਸ਼ਾ ਹੈ। ਇਸ ਲਈ ਜੇ ਅਸੀਂ ਅੰਗਰੇਜ਼ੀ ਨਹੀਂ ਸਿੱਖਦੇ ਜਾਂ ਅੰਗਰੇਜ਼ੀ ਭਾਸ਼ਾ ਤੋਂ ਦੂਰ ਜਾਂਦੇ ਹਾਂ ਤਾਂ ਸਾਡੀ ਗਲੋਬਲ ਪਰਿਵਾਰ ਵਿਚ ਕੋਈ ਹਸਤੀ ਹੀ ਨਹੀਂ ਰਹਿੰਦੀ। ਸਕੂਲ ਦੇ ਅਧਿਆਪਕ ਤੋਂ ਲੈ ਕੇ ਦਫਤਰਾਂ ਅਤੇ ਕੌਮ ਦੇ ਆਲ੍ਹਾ ਤਰੀਨ ਰੁਤਬਿਆਂ ਦੇ ਮਾਲਕ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੱਕ ਅੰਗਰੇਜ਼ੀ ਨਾਮਕਰਣ ਅਧੀਨ ਇਕੋ ਹੀ ਨਾਮ 'ਸੱਰ' ਨਾਲ ਮੁਖਾਤਿਬ ਕੀਤੇ ਜਾਂਦੇ ਹਨ।

ਬੇਸ਼ੱਕ ਸਮੇਂ ਦੀ ਪ੍ਰਸੰਗਤਾ ਤੇ ਜ਼ਮਾਨੇਸਾਜ਼ੀ ਦੇ ਪੱਖੋਂ ਇਹ ਦਲੀਲ ਠੋਸ ਜਾਪਦੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਭਾਸ਼ਾ ਵੱਲੋਂ ਸਾਡਾ ਹੁਣ ਵਾਂਗੂੰ ਹੱਥ ਤੰਗ ਹੋਵੇ। ਸਗੋਂ ਜੇ ਅੰਗਰੇਜ਼ੀ ਲਿਖਣ-ਪੜ੍ਹਨ ਤੇ ਅੰਗਰੇਜ਼ੀ ਸਭਿਅਤਾ ਦੇ ਰੰਗ ਵਿਚ ਰੰਗੇ ਜਾਣ ਕਰਕੇ ਸਾਡੀ ਆਪਣੀ ਹੋਂਦ ਤੇ ਹਸਤੀ ਨੂੰ ਆਂਚ ਆਉਂਦੀ ਹੋਵੇ ਤਾਂ ਅਜਿਹਾ ਵਪਾਰ ਕਿਸੇ ਵੀ ਕੌਮ ਲਈ ਬੜਾ ਮਹਿੰਗਾ ਹੈ। ਆਪਣੇ ਸਭਿਆਚਾਰ ਨੂੰ ਛੱਡ ਕੇ ਜੇ ਸੱਤ-ਬੇਗਾਨਿਆਂ ਦੀ ਤਹਿਜ਼ੀਬ ਅਪਨਾਉਣ ਨਾਲ ਸਾਡੇ ਵਾਸਤੇ ਐਡੈਂਟਿਟੀ ਕ੍ਰਾਈਸਿਜ਼ ਭਾਵ ਹੋਂਦ-ਹਸਤੀ ਦੀ ਪਛਾਣ ਦਾ ਸੰਕਟ ਖੜ੍ਹਾ ਹੁੰਦਾ ਹੋਵੇ ਤਾਂ ਸਾਨੂੰ ਇਸ ਸੂਰਤ ਵਿਚ 'ਬਾਜ਼ ਆਏ ਐਸੀ ਮੋਹੱਬਤ ਸੇ; ਉਠਾ ਲੋ ਪਾਨ-ਦਾਨ ਅਪਨਾ' ਕਹਿ ਕੇ ਅਜਿਹੇ ਸੌਦੇ ਤੋਂ ਕਿਨਾਰਾਕਸ਼ੀ ਕਰ ਲੈਣੀ ਚਾਹੀਦੀ ਹੈ। ਸਪਸ਼ਟ ਹੈ ਕਿ ਆਖਿਰ ਨੂੰ ਸਾਨੂੰ ਝੂਠੀ ਸ਼ਾਨੋਂ-ਸ਼ੌਕਤ ਨਾਲੋਂ ਆਪਣੀ ਮਾਂ ਬੋਲੀ ਤੇ ਵਿਰਸੇ-ਵਿਰਾਸਤ ਦਾ ਸਵੈਮਾਣ ਕਿਤੇ ਵੱਧ ਹੋਣਾ ਚਾਹੀਦਾ ਹੈ। ਬਹਿਰਹਾਲ, ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਵੱਲੋਂ ਓਪਰੀ ਜਿਹੀ ਪੱਛਮੀ ਸਭਿਅਤਾ ਦੀ ਹੱਦੋਂ ਵੱਧ ਨਕਲ ਅਤੇ ਅੰਗਰੇਜ਼ੀ ਬੋਲ-ਬਾਣੀ ਦੀ ਲੋੜ ਤੋਂ ਵੱਧ ਵਰਤੋਂ ਵਾਜਿਬ ਨਹੀਂ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਇਹ ਬੇਗਾਨੀ ਛਾਹ 'ਤੇ ਮੁੱਛਾਂ ਮੁਨਾਉਣ ਵਾਲੀ ਗੱਲ ਹੈ ਅਤੇ ਇਸ ਕਰਕੇ ਸਾਡੇ ਵੱਲੋਂ ਹੁਣ ਪੱਛਮੀ ਤਹਿਜ਼ੀਬ ਦਾ ਮੁਜ਼ਾਹਿਰਾ ਬੇਗਾਨੀ ਦੁਕਾਨ ਦੀ ਮਸ਼ਹੂਰੀ-ਮੁਨਾਦੀ ਕਰਨ ਮਾਤਰ ਹੋ ਰਿਹਾ ਹੈ।

ਮੁੱਕਦੀ ਗੱਲ, ਇਸ ਗੈਰ-ਜ਼ਰੂਰੀ ਕਾਰਵਾਈ ਵਿਚ ਸਾਡੀ ਹਾਲਤ 'ਬੇਗਾਨੀ ਸ਼ਾਦੀ ਮੇਂ ਅਬਦੁੱਲਾ ਦੀਵਾਨਾ' ਵਾਲੀ ਹੋਈ ਖੜ੍ਹੀ ਹੈ। ਇਸ ਪ੍ਰਸੰਗ ਵਿਚ ਸਾਨੂੰ ਕਿੰਨੀਆਂ ਹੀ ਆਪਣੀ ਮਾਤ ਭਾਸ਼ਾ ਦੀਆਂ ਸ਼ੈਦਾ-ਸ਼ੁਦਾਈ ਰੂਸੀ, ਫਰਾਂਸੀਸੀ, ਜਰਮਨ, ਜਪਾਨੀ, ਚੀਨੀ, ਅਰਬੀ ਤੇ ਇਸਰਾਈਲੀ ਕੌਮਾਂ ਵਾਂਗੂੰ ਸਾਨੂੰ ਵੀ ਆਪਣੀ ਮਾਤ ਭਾਸ਼ਾ 'ਤੇ ਫ਼ਖ਼ਰ ਕਰਨਾ ਚਾਹੀਦਾ ਹੈ। 1962 ਵਿਚ ਕਿਊਬਾ ਦੇ ਮਿਜ਼ਾਈਲ ਸੰਕਟ ਸਮੇਂ ਕਿਊਬਾ ਦੀ ਖੁਦਮੁਖਤਾਰੀ ਦੇ ਮਸਲੇ 'ਤੇ ਰੂਸ ਦੇ ਪ੍ਰਧਾਨ ਮੰਤਰੀ ਖਰੁਸ਼ਚੌਵ ਨੇ ਯੂਐਨਓ ਵਿਚ 'ਰੂਸੀ ਜ਼ੁਬਾਨ' ਵਿਚ ਅਮਰੀਕਾ ਨੂੰ ਵੰਗਾਰ ਕੇ ਦੁਨੀਆਂ ਵਿਚ ਤਰਥੱਲਾ ਮਚਾ ਦਿੱਤਾ ਸੀ। ਉਦੋਂ ਅਮਰੀਕਾ ਦੇ ਜਗਤ ਪ੍ਰਸਿੱਧ ਰਾਸ਼ਟਰਪਤੀ ਕੈਨੇਡੀ ਵਰਗੇ ਉਸ ਦੀ ਲਲਕਾਰ ਦਾ ਤਰਜਮਾਂ ਅੰਗਰੇਜ਼ੀ ਵਿਚ ਕਰਵਾਉਂਦੇ ਫਿਰਦੇ ਸਨ।

ਹੁਣ ਵੀ 19 ਜਨਵਰੀ 2011 ਦੀ ਗੱਲ ਹੀ ਹੈ ਕਿ ਚੀਨ ਦੇ ਰਾਸ਼ਟਰਪਤੀ ਹੂ ਜਿਨਤਾਓ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਵਾਸ਼ਿੰਗਟਨ ਵਿਖੇ ਸਾਂਝੀ ਪ੍ਰੈੱਸ ਕਾਨਫਰੰਸ ਸਮੇਂ 'ਚੀਨੀ ਭਾਸ਼ਾ' ਵਿਚ ਆਪਣੇ ਦੇਸ਼ ਦੀ ਨੀਤੀ ਦੱਸ ਕੇ ਦੁਨੀਆਂ ਨੂੰ ਵਖਤਾ ਖੜ੍ਹਾ ਕਰ ਦਿੱਤਾ। ਉਸ ਦੀ ਆਪਣੀ ਭਾਸ਼ਾ ਵਿਚ ਕਹੀ ਗੱਲ ਦੁਨੀਆਂ ਦੀਆਂ ਤਾਕਤਾਂ ਨੂੰ ਆਪਣੇ ਤਰਜਮਾਨਾਂ ਰਾਹੀਂ ਆਪਣੀ ਗਰਜ਼ ਲਈ ਸਮਝਣੀ ਪਈ।

ਇਸ ਸਮੇਂ ਸਿਰਫ ਓਬਾਮਾ ਹੀ ਨਹੀਂ, ਸਗੋਂ ਸੰਸਾਰ ਭਰ ਦੀਆਂ ਤਾਕਤਾਂ ਉਸ ਦੇ ਮੂੰਹ ਵੱਲ ਮੁਤਰ-ਮੁਤਰ ਵੇਖ ਰਹੀਆਂ ਸਨ। ਜੋ ਦੁਨੀਆਂ ਭਰ ਦੀ ਖਲਕਤ ਨੂੰ ਟੈਲੀਵਿਜ਼ਨ 'ਤੇ ਦਿਸ ਰਿਹਾ ਸੀ ਕਿ ਉਹ ਸੀ ਕਿ ਹੂ ਜਿਨਤਾਓ ਬਹੁਤ ਹੀ ਸਵੈਮਾਣ ਨਾਲ ਆਪਣੀ ਗੱਲ ਕਹਿ ਰਿਹਾ ਸੀ। ਜੇ ਕਿਤੇ ਉਸ ਦੀ ਥਾਂ ਸਾਡੇ ਦੇਸ਼ ਦਾ ਕੋਈ ਮਾੜਾ-ਧੀੜਾ ਨੇਤਾ ਹੁੰਦਾ ਤਾਂ ਉਸ ਨੇ ਹੁੱਬ ਕੇ ਆਪਣੀ ਗੱਲ ਅੰਗਰੇਜ਼ੀ ਵਿਚ ਕਹਿਣੀ ਸੀ ਤਾਂ ਕਿ ਜਨਾਬ-ਪਨਾਹ ਓਬਾਮਾ ਨੂੰ ਪਤਾ ਲੱਗ ਜਾਵੇ ਕਿ ਅਸੀਂ ਵੀ 'ਡੰਗ ਟਪਾਊ' ਅੰਗਰੇਜ਼ੀ ਸਿੱਖ ਲਈ ਹੈ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਸੀਂ ਹੁਣ 64-65 ਸਾਲ ਦੀ ਅਜ਼ਾਦੀ ਤੇ ਖੁਦਮੁਖਤਿਆਰੀ ਤੋਂ ਬਾਅਦ ਹੁਣ ਵੀ ਵਿਦਿਅਕ ਪ੍ਰਣਾਲੀ ਤੇ ਪੰਜਾਬੀ ਭਾਸ਼ਾ ਸਬੰਧੀ ਬਿਲਕੁਲ ਹੂ-ਬ-ਹੂ ਮੈਕਾਲੇ ਦਾ ਹੀ ਰੂਪ ਬਣੇ ਬੈਠੇ ਹਾਂ। ਅੰਗਰੇਜ਼ ਪ੍ਰਸ਼ਾਸਨ ਨੇ ਜੋ ਸਾਨੂੰ ਅੰਗਰੇਜ਼ ਕੌਮ ਦੇ ਸ਼ਾਸਕਾਂ, ਇਤਿਹਾਸਕਾਰਾਂ ਤੇ ਸਾਹਿਤਕਾਰਾਂ ਦੇ ਸੋਹਲੇ ਗਾਉਣ ਨੂੰ ਕਿਹਾ ਤਾਂ ਅਸੀਂ ਉਦੋਂ ਵੀ ਗਾਏ ਤੇ ਹੁਣ ਵੀ ਗਾ ਰਹੇ ਹਾਂ।

ਖ਼ੈਰ! ਆਪਣੇ ਆਲੇ-ਦੁਆਲੇ ਦੁਨੀਆਂ ਦਾ ਗਿਆਨ-ਵਿਧਾਨ ਜਾਨਣ ਦੇ ਪੱਖੋਂ ਤਾਂ ਇਹ ਠੀਕ ਜਾਪਦਾ ਹੈ ਕਿ ਆਮ ਵਾਕਫੀਅਤ ਵਜੋਂ ਸਾਨੂੰ ਸੰਸਾਰ ਭਰ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਜਾਣਕਾਰੀ ਹੋਣੀ ਚਾਹੀਦੀ ਹੈ। ਮੇਰਾ ਖਿਆਲ ਹੈ ਕਿ ਦੁਨੀਆਂ ਦੀਆਂ ਕਈ ਹੋਰ ਸਵੈਮਾਣੀ ਕੌਮਾਂ ਵਾਂਗ ਅਸੀਂ ਵੀ ਹਿੰਦੀ, ਪੰਜਾਬੀ ਤੇ ਹੋਰ ਪ੍ਰਾਂਤੀ ਭਾਸ਼ਾਵਾਂ ਨੂੰ ਪਹਿਲੀ ਤਰਜੀਹ ਦੇਈਏ ਤੇ ਅੰਗਰੇਜ਼ੀ ਭਾਸ਼ਾ ਦੀ ਲਿੰਗੁਆ ਫਰੈਂਕਾ ਵਜੋਂ ਮੁਹਾਰਤ ਹਾਸਿਲ ਕਰੀਏ। ਪਰ ਜੇ ਇਸ ਵਿਧੀ-ਵਿਧਾਨ ਵਿਚ ਘਰ ਦਾ ਜੋਗੀ ਸਿਰਫ ਇਕ ਜੋਗੜਾ ਮਾਤਰ ਬਣਦਾ ਹੋਵੇ ਤਾਂ ਗੈਰ ਮੁਲਕੀ ਇਸ ਵਿਧੀ-ਵਿਧਾਨ ਨੂੰ ਮੁੜ ਵਿਚਾਰਨ ਦੀ ਅਤਿਅੰਤ ਲੋੜ ਹੈ।

ਇਸ ਸੰਦਰਭ ਵਿਚ ਬੇਸ਼ੱਕ ਆਪਾਂ ਜੰਮ-ਜੰਮ ਅੰਗਰੇਜ਼ੀ ਪੜ੍ਹੀਏ ਤੇ ਸਿਖੀਏ। ਬੇਸ਼ੱਕ ਅਸੀਂ ਸ਼ੈਕਸਪੀਅਰ ਸ਼ੈਲੀ, ਕੀਟਸ ਜਾਂ ਬਰਨਾਰਡ ਸ਼ਾਅ ਆਦਿ ਵਿਦਵਾਨ ਅੰਗਰੇਜ਼ ਸਾਹਿਤਕਾਰਾਂ ਨੂੰ ਪੜ੍ਹੀਏ, ਪਰ ਆਪਣੇ ਹੀ ਕਲਮਜ਼ਾਰਾਂ ਭਾਈ ਵੀਰ ਸਿੰਘ, ਧਨੀਰਾਮ ਚਾਤ੍ਰਿਕ, ਪ੍ਰੋ: ਪੂਰਨ ਸਿੰਘ, ਪ੍ਰੋ: ਮੋਹਨ ਸਿੰਘ, ਅੰਮ੍ਰਿਤ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਵੀ ਨਾ ਭੁੱਲੀਏ। ਇਸ ਤਰ੍ਹਾਂ ਹੀ ਦੁਨੀਆ ਦਾ ਇਤਿਹਾਸ ਤਾਂ ਜਾਣੀਏ, ਪਰ ਪੰਜਾਬ ਦੇ ਸ਼ਾਨਾ-ਮੱਤੇ ਕੁਰਬਾਨੀਆਂ ਭਰਪੂਰ ਇਤਿਹਾਸਿਕ ਵਿਰਸੇ ਦਾ ਚਾਨਣ ਆਪ ਵੀ ਮਾਣੀਏ ਤੇ ਇਸ ਪੱਖੋਂ ਦੁਨੀਆਂ ਨੂੰ ਵੀ ਨਿਹਾਲ ਕਰੀਏ। ਫੇਰ ਅਸੀਂ ਇਸ ਤਰ੍ਹਾਂ ਪੰਜਾਬੀ ਕੌਮ ਦੇ ਹੁੰਦੜਹੇਲ ਸਪੂਤ ਹੋਣ ਵਜੋਂ ਨਾਢੂ ਖ਼ਾਂ ਅੰਗਰੇਜ਼ਾਂ, ਅਮਰੀਕਨਾਂ ਤੇ ਹੋਰ ਫੰਨੇ ਖ਼ਾਂ ਕਹਾਉਂਦੀਆਂ ਕੌਮਾਂ ਨੂੰ ਉਨ੍ਹਾਂ ਦੇ ਹੀ ਕਾਰ-ਵਿਹਾਰ ਦੇ ਮੈਦਾਨਾਂ ਵਿਚ ਚੜ੍ਹਦੀ ਕੌਡੀ ਪਾ ਕੇ ਲਿਤਾੜੀਏ।

ਵੈਸੇ, ਇਸ ਗੱਲ ਵਿਚ ਕੋਈ ਹਰਜ ਨਹੀਂ ਕਿ ਜਦੋਂ ਆਪਣੇ ਹੱਥ ਕਿਤੇ ਵਲੈਤੀ ਸਾਹਿਬਾਂ ਜਾਂ ਮੇਮਾਂ ਜਾਂ ਸਾਹਿਬ ਨਾਲ ਜੁੜ ਜਾਣ ਤਾਂ ਉਦੋਂ ਭਾਵੇਂ ਆਪਾਂ ਅੰਗਰੇਜ਼ੀ ਦੇ ਫੱਟੇ ਚੱਕ ਦੇਈਏ। ਅਸੀਂ ਬੇਸ਼ੱਕ ਕਿਤੇ-ਕਿਤਾਈਂ ਬੇਗਾਨੇ ਦੇਸ਼ਾਂ ਦੇ ਵਿਹੜੇ ਵਿਚ ਖੜ੍ਹ ਕੇ ਆਪਣੀ ਮਾਂ ਬੋਲੀ ਪੰਜਾਬੀ ਦੀ ਸੌਂਕਣ ਅੰਗਰੇਜ਼ੀ ਨੂੰ ਮਜਬੂਰਨ ਮਾਸੀ ਕਹਿ ਲਈਏ। ਇਉਂ ਹੀ ਹੋ ਸਕਦਾ ਹੈ ਕਿ ਅਸੀਂ ਸੰਸਾਰ ਦੇ ਸਭਿਆਚਾਰਕ ਪਿੜਾਂ ਵਿਚ ਹਾਲ ਦੀ ਘੜੀ ਪੰਜਾਬੀਅਤ ਤੇ ਪੰਜਾਬੀ ਭਾਸ਼ਾ ਦੀ ਗੱਲ ਕਰਨ ਦੁਨੀਆਂ ਤਕ ਪਹੁੰਚਾਉਣ ਲਈ ਕਿਤੇ ਅੰਗਰੇਜ਼ੀ ਦਾ ਸਹਾਰਾ ਲੈ ਲਈਏ। ਪਰ ਅਸੀਂ ਆਪ ਹੀ ਸੋਚੀਏ ਕਿ ਸਾਡੇ ਦਫਤਰਾਂ ਵਿਚ ਆਪਣੇ ਕੰਮਾਂ-ਕਾਰਾਂ ਲਈ ਆਏ, ਸਾਡੇ ਆਪਣੇ ਹੀ ਬਾਪੂ-ਬੇਬੇ ਜੇ ਸਾਡੇ ਮੂੰਹੋਂ ਸ਼ੈਕਸਪੀਅਰ ਵਰਗੀ ਨਾਟਕੀ ਭਾਸ਼ਾ ਸੁਣਨ ਤਾਂ ਸਾਡੇ ਲਈ ਇਹ ਕਿਹੜੀ ਵਿਦਵਤਾ ਜਾਂ ਫ਼ਖ਼ਰ ਦੀ ਗੱਲ ਹੈ। ਸਗੋਂ ਸਮਝਣ ਵਾਲੀ ਗੱਲ ਇਹ ਹੈ ਕਿ ਦਰਅਸਲ ਅੰਗਰੇਜ਼ੀ ਭਾਸ਼ਾ ਸਾਡੀ ਮਜਬੂਰੀ ਹੈ, ਪਰ ਅਸੀਂ ਆਪਣੀ ਮਜਬੂਰੀ ਨੂੰ ਹੀ ਆਪਣੀ ਜਾਨ ਤੇ ਸ਼ਾਨ ਸਮਝ ਲਿਆ ਹੈ।

ਇਸ ਤਰ੍ਹਾਂ ਪੰਜਾਬੀ ਮਾਂ ਬੋਲੀ ਤੇ ਮਤਰੇਈ ਅੰਗਰੇਜ਼ੀ ਭਾਸ਼ਾ ਦੇ ਆਪਸੀ ਸਬੰਧ ਦੇ ਪ੍ਰਸੰਗ ਵਿਚ ਸਾਡੀ ਇਹ ਸਥਿਤੀ ਬਿਲਕੁਲ ਇਉਂ ਹੈ ਕਿ ਅਸੀਂ ਮਾਂ ਨੂੰ ਮਾਸੀ ਅਤੇ ਮਾਸੀ ਨੂੰ ਮਾਂ ਬਣਾ ਰੱਖਿਆ ਹੈ। ਹੁਣ ਮੌਤ ਨੂੰ ਮਾਸੀ ਕਹਿਣ ਵਾਲੀ ਗੱਲ ਤਾਂ ਸਮਝ ਆਉਂਦੀ ਹੈ, ਪਰ ਆਪਣੀ ਮਾਂ ਨੂੰ ਮਾਸੀ ਕਹਿਣ ਵਾਲੀ ਗੱਲ ਸਮਝੋਂ ਬਾਹਰ



*Original with;*
Kulbir Singh Sidhu(I.A.S)
*Digitized by;*
Panjab Digital Library

ਹੈ। ਇਸ ਸਬੰਧ ਵਿਚ ਦੁਨੀਆਂ ਦੀਆਂ ਹੋਰ ਅਜ਼ਾਦ ਕੌਮਾਂ ਦੀ ਗੱਲ ਤਾਂ ਇਕ ਪਾਸੇ ਰਹੀ ਕਿ ਜੋ ਆਪਣੀ ਮਾਤ-ਭਾਸ਼ਾ ਤੋਂ ਬਿਨਾਂ ਕੋਈ ਹੋਰ ਭਾਸ਼ਾ ਬੋਲਣਾ ਪਸੰਦ ਹੀ ਨਹੀਂ ਕਰਦੇ, ਸਗੋਂ ਸਾਡੇ ਦੱਖਣੀ ਤੇ ਪੂਰਬੀ ਪ੍ਰਾਂਤਾਂ ਦੇ ਲੋਕ ਵੀ ਆਪਣੀ ਮਾਤ-ਭਾਸ਼ਾ ਨੂੰ ਹੀ ਪਹਿਲੀ ਤਰਜੀਹ ਦਿੰਦੇ ਹਨ। ਇਨ੍ਹਾਂ ਸੂਬਿਆਂ ਦੇ ਲੋਕ ਅਣਸਰਦੇ ਨੂੰ ਹੀ ਅੰਗਰੇਜ਼ੀ ਬੋਲਦੇ ਹਨ, ਪਰ ਸਾਡੇ ਵਾਸਤੇ ਇਹ ਡੁੱਬ ਮਰਨ ਦੀ ਗੱਲ ਹੈ ਕਿ ਅਸੀਂ ਆਪਣੀ ਬੇਵਜ੍ਹਾ ਹੀ ਟੌਹਰ ਬਣਾਉਣ ਦੀ ਖਾਤਿਰ ਅੰਗਰੇਜ਼ੀ ਨੂੰ ਮੂੰਹ ਮਾਰਨੋਂ ਨਹੀਂ ਹਟਦੇ।

ਖ਼ੈਰ! ਪੰਜਾਬੀ ਮਾਂ ਬੋਲੀ ਦੀ ਕਦਰੀ-ਬੇਕਦਰੀ ਦੇ ਚਲ ਰਹੇ ਇਸ ਪ੍ਰਸੰਗ ਵਿਚ ਸਮੇਂ-ਸਮੇਂ ਸਾਡੀਆਂ ਮੌਕੇ ਦੀਆਂ ਸਰਕਾਰਾਂ ਨੇ ਪੰਜਾਬੀ ਨੂੰ ਦਫਤਰੀ ਭਾਸ਼ਾ ਬਣਾਉਣ ਤੇ ਲਾਗੂ ਕਰਨ ਵਾਸਤੇ 'ਗੋਂਗਲੂਆਂ ਤੋਂ ਮਿੱਟੀ ਝਾੜਨ' ਮਾਤਰ ਕਈ ਕੋਸ਼ਿਸ਼ਾਂ ਕੀਤੀਆਂ ਹਨ। ਪਰ ਇਕ ਵਾਰੀ ਇਕ ਦਿਲਚਸਪ ਗੱਲ ਹੋਈ ਕਿ ਸੰਨ 1990 ਦੇ ਕਰੀਬ ਤਾਂ ਗਵਰਨਰੀ ਰੂਲ ਦੇ ਸਮੇਂ ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਲਾਗੂ ਕਰਨ ਵਾਸਤੇ ਬੱਸ ਹਵਾਈ ਫਾਇਰ ਵਰਗਾ ਇਕ ਹੁਕਮ ਰਾਤ-ਬਰਾਤੇ ਹੀ ਆਇਆ ਸੀ ਕਿ ਜੇ ਦਫਤਰਾਂ ਵਿਚ ਸਵੇਰ ਤੱਕ ਪੰਜਾਬੀ ਨਾ ਲਾਗੂ ਕੀਤੀ ਗਈ ਤਾਂ ਅਫਸਰਸ਼ਾਹੀ ਦੇ ਪੰਜ ਵੱਡੇ-ਵੱਡੇ ਸਿਰ ਕਲਮ ਕਰਕੇ ਕਲਮਦਾਨ ਬਣਾ ਦਿੱਤੇ ਜਾਣਗੇ। ਬੱਸ ਫਿਰ ਕੀ ਸੀ ਰਾਤੋ-ਰਾਤ ਦਫਤਰਾਂ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖੇ ਸਾਈਨ ਬੋਰਡ ਤੇ ਇਥੋਂ ਤੱਕ ਕਿ ਨੇਮ ਪਲੇਟਾਂ ਅਤੇ 'ਨੋ ਸਮੋਕਿੰਗ' ਵਾਲੀਆਂ ਫੱਟੀਆਂ ਵੀ ਗਾਇਬ ਹੋ ਗਈਆਂ ਅਤੇ ਉਨ੍ਹਾਂ ਦੀ ਥਾਂ ਹਰ ਪਾਸੇ ਪੰਜਾਬੀ ਲਿਖਤਾਂ ਉਭਰ ਆਈਆਂ। ਸ਼ੁਕਰ ਹੈ ਕਿ ਉਦੋਂ ਲੋਕਾਂ ਨੇ ਇਕ ਵਾਰ ਸੱਚੀਂ-ਮੁੱਚੀਂ ਹੀ ਅੰਗਰੇਜ਼ੀ ਭਾਸ਼ਾ ਦੇ ਫੱਟੇ ਰਾਤੋ-ਰਾਤ ਚੁਕੇ ਜਾਂਦੇ ਦੇਖੇ।

ਉਸ ਸਮੇਂ ਸਾਰੇ ਸਰਕਾਰੀ ਅਫਸਰਾਂ ਤੇ ਕਰਮਚਾਰੀਆਂ ਨੇ ਫਾਈਲਾਂ 'ਤੇ ਆਪਣੇ ਅੰਗਰੇਜ਼ੀ ਦਸਤਖਤਾਂ ਦੀ ਥਾਂ ਪੰਜਾਬੀ ਦਸਤਖਤ ਕਰਨੇ ਸ਼ੁਰੂ ਕਰ ਦਿੱਤੇ ਸਨ। ਭਾਵੇਂ ਨਵੇਂ-ਨਵੇਂ ਸਿਖੇ ਪੰਜਾਬੀ ਦਸਤਖਤਾਂ ਨੇ ਕਈ ਹਮਾਤੜਾ-ਸਾਥੀਆਂ ਦੇ ਨਾਮ ਰੂਪ ਵੀ ਵਿਗਾੜ ਕੇ ਹਾਸੋ-ਹੀਣੇ ਬਣਾ ਦਿੱਤੇ ਸਨ। ਉਦੋਂ ਅਫਸਰ ਆਪਣੇ ਦਸਤਖਤਾਂ ਦੁਆਰਾ ਸਿੱਧੂ ਤੋਂ ਸਿੰਧੂ, ਢਿਲੋਂ ਤੋਂ ਢੀਲੋਂ, ਥਿੰਦ ਤੋਂ ਥਿੰਡ ਤੇ ਬੈਂਸ ਤੋਂ ਭੈਂਸ ਬਣਦੇ ਦੇਖੇ ਗਏ। ਪਰ ਰੱਬ ਨੇੜੇ ਕਿ ਘਸੁੰਨ ਅਨੁਸਾਰ ਇਹ ਡਰ ਨਾ ਰੱਬ ਦਾ ਸੀ ਅਤੇ ਨਾ ਹੀ ਗਵਰਨਰੀ ਘਸੁੰਨ ਦਾ ਸੀ। ਉਦੋਂ ਅਸਲ ਵਿਚ ਡਰਦੀ ਹੱਰ-ਹੱਰ ਕਰਦੀ ਦੇ ਅਖਾਣ ਮੁਤਾਬਕ ਇਕ ਡਰ ਤੇ ਸਹਿਮ ਦਾ ਰਾਜ ਸੀ। ਇਹ ਭੈਅ ਤਾਂ ਮੌਤ ਦੇ ਤਾਂਡਵ ਨਾਚ ਵਰਗਾ ਸੀ। ਬਸ ਰੱਬ ਮਿਹਰ ਹੀ ਰੱਖੇ, ਉਦੋਂ ਤਾਂ ਆਪਣੇ ਪੁੱਤਾਂ ਦੀ ਦੁਰਦਸ਼ਾ ਦੇਖ ਕੇ ਪੰਜਾਬੀ ਮਾਂ ਵੀ ਤ੍ਰਹਿ-ਤ੍ਰਹਿ ਕਰ ਉਠੀ ਸੀ।

ਪੰਜਾਬੀ ਮਾਂ ਬੋਲੀ ਦੀ ਵਰਤੋਂ ਨਾ ਕਰਨ ਦੇ ਪ੍ਰਸੰਗ ਵਿਚ ਉਪਰੋਕਤ ਘਟਨਾ ਤੋਂ ਤਕਰੀਬਨ 7-8 ਕੁ ਸਾਲ ਬਾਅਦ ਦੀ ਗੱਲ ਹੈ ਕਿ ਮੈਂ ਡਿਪਟੀ ਕਮਿਸ਼ਨਰ ਰੋਪੜ



*Original with;*
Kulbir Singh Sidhu(I.A.S)
*Digitized by;*
Panjab Digital Library

ਲੱਗਾ ਤਾਂ ਮੇਰੇ ਪਾਪਾ ਜੀ ਮੇਰੇ ਕੋਲ ਆਏ ਸਨ। ਉਦੋਂ ਉਨ੍ਹਾਂ ਨੇ ਇਕ ਵਾਰੀ ਮੈਨੂੰ ਕਿਹਾ ਕਿ ਤੂੰ ਆਪਣੇ ਸੀਨੀਅਰ ਅਫ਼ਸਰਾਂ ਨੂੰ 'ਸਰ' ਕਹਿੰਦਾ ਹੈਂ ਅਤੇ ਤੇਰੇ ਜੂਨੀਅਰ ਤੇ ਆਮ ਲੋਕ ਤੈਨੂੰ 'ਸਰ' ਕਹਿੰਦੇ ਹਨ, ਪਰ ਮੈਨੂੰ 'ਸਰ' ਸ਼ਬਦ ਦੇ ਅਰਥ ਤਾਂ ਸਮਝਾ ਤੇ ਦੱਸ ਕਿ ਇਹ 'ਸਰ' ਕਿਸ ਦੁਨਿਆਵੀ ਰਿਸ਼ਤੇ ਦਾ ਪ੍ਰਤੀਕ ਹੁੰਦਾ ਹੈ। ਮੈਂ ਜੁਆਬ ਵਜੋਂ ਕਹਿਣ ਦੀ ਕੋਸ਼ਿਸ਼ ਕੀਤੀ ਕਿ ਇਸ ਦਾ ਮਤਲਬ 'ਜਨਾਬ' ਹੁੰਦਾ ਹੈ। ਇਸ ਉਪਰੰਤ ਮੇਰੇ ਪਿਤਾ ਜੀ ਕਹਿਣ ਲੱਗੇ ਬੱਸ ਮੈਂ ਤੈਨੂੰ ਇਹ ਹੀ ਦਸਣਾ ਚਾਹੁੰਦਾ ਸੀ ਕਿ ਅਫ਼ਸਰੀ ਭਾਈਚਾਰੇ ਵਿਚ ਤੁਹਾਡਾ ਆਪਸੀ ਰਿਸ਼ਤਾ ਹਾਕਮਾਂ ਵਾਲਾ ਹੀ ਹੈ। ਫਿਰ ਤੁਸੀਂ ਆਪਣੇ ਲੋਕਾਂ ਨਾਲ ਵੀ ਦੇਸ਼ ਸੇਵਾ ਤੇ ਲੋਕ ਸੇਵਾ ਦੇ ਨਾਮ 'ਤੇ ਹਾਕਮਾਂ ਵਾਂਗੂੰ ਓਪਰਾ ਤੇ ਗ਼ੈਰ ਜਿਹਾ ਸਬੰਧ ਰੱਖਦੇ ਹੋ।

ਖ਼ੈਰ! ਉਸ ਦਿਨ ਤੋਂ ਬਾਅਦ ਮੈਂ ਪਾਪਾ ਜੀ ਦੀ ਨਸੀਹਤ ਅਨੁਸਾਰ ਲੋਕਾਂ ਵਿਚ ਪੰਜਾਬੀ ਸਭਿਆਚਾਰ ਮੁਤਾਬਿਕ 'ਬਾਈ ਜੀ' ਬਣ ਕੇ ਵਿਚਰਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਾਪਾ ਜੀ ਦੇ ਇਸ ਪ੍ਰਸੰਗ ਵਿਚ ਦੋ ਹਕੀਕੀ ਨਸੀਹਤਾਂ ਛੁਪੀਆਂ ਹੋਈਆਂ ਹਨ। ਪਹਿਲੀ ਤਾਂ ਇਹ ਕਿ 'ਸਰ' ਸ਼ਬਦ ਦੇ ਪ੍ਰਯੋਗ ਨੂੰ ਅਸੀਂ ਆਪਣੀ ਜ਼ਹਿਨੀਅਤ ਦਾ ਹਿੱਸਾ ਬਣਾ ਲਿਆ ਹੈ ਤੇ ਦੂਜੀ ਨਸੀਹਤ ਇਹ ਹੈ ਕਿ ਅਸੀਂ 'ਜਨਾਬ' ਬਣ ਕੇ ਇੰਨੇ ਪੈਰ ਛੱਡ ਦਿੰਦੇ ਹਾਂ ਕਿ ਸਾਨੂੰ ਆਪਣਿਆਂ ਤੇ ਬੇਗਾਨਿਆਂ ਦੀ ਪਰਖ ਵੀ ਨਹੀਂ ਰਹਿ ਜਾਂਦੀ, ਸਗੋਂ ਜਿੰਨੀ ਦੇਰ ਅਫ਼ਸਰਾਂ ਨੂੰ 'ਸਰ' ਨਾ ਕਹੋ, ਬਸ ਉਹ ਕੰਨ ਹੀ ਨਹੀਂ ਚੁਕਦੇ।

ਬਹਿਰਹਾਲ! ਪੰਜਾਬੀ ਭਾਸ਼ਾ ਦੀ ਦੁਰਦਸ਼ਾ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਜਿਥੇ ਆਵਾ ਹੀ ਊਤਿਆ ਪਿਆ ਹੋਵੇ, ਉਥੇ ਨਗਾਰਖਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ? ਹੁਣ ਤਾਂ ਅਸੀਂ ਇਸ ਗੈਰ-ਮੁਲਕੀ ਅੰਗਰੇਜ਼ੀ ਭਾਸ਼ਾ ਨੂੰ ਗਲਤ-ਠੀਕ ਵਰਤ ਕੇ ਬਸ 'ਗੁਲਾਬੀ ਇੰਗਲਿਸ਼' ਤੇ 'ਹਿੰਗਲਿਸ਼' ਹੀ ਬਣਾ ਰੱਖਿਆ ਹੈ। ਬਸ ਇਹ ਭਾਸ਼ਾ ਹੁਣ ਸਾਡੇ 'ਤੇ ਇੰਨੀ ਹਾਵੀ ਹੋ ਚੁੱਕੀ ਹੈ ਕਿ ਸਾਡੀ ਗੁੱਡ ਮਾਰਨਿੰਗ ਤੋਂ ਗੁੱਡ ਨਾਈਟ ਤਕ ਸਾਡੇ ਨਾਲ ਨਿਭਦੀ ਹੈ। ਇਸ ਤਰ੍ਹਾਂ ਜ਼ਾਹਿਰ ਹੈ ਕਿ ਗ਼ੈਰ-ਮੁਲਕੀ ਸਭਿਆਚਾਰ ਤੇ ਗ਼ੈਰ-ਭਾਸ਼ਾਈ ਪ੍ਰਭਾਵ ਸਾਡੀ ਸੋਚ-ਵਿਚਾਰ ਨੂੰ ਊਲ-ਜਲੂਲ ਜਿਹਾ ਬਨਾਉਣ ਅਤੇ ਸ਼ਖਸੀਅਤੀ ਵਿਕਾਰ ਪੈਦਾ ਕਰਨ ਦਾ ਵੱਡਾ ਕਾਰਨ ਬਣਦੇ ਹਨ। ਆਪਣੇ ਸਭਿਆਚਾਰ ਤੇ ਭਾਸ਼ਾ ਨੂੰ ਛੱਡ ਕੇ ਸਾਡੀ ਚਾਲ-ਢਾਲ ਇੰਨੀ ਬਦਲ ਜਾਂਦੀ ਹੈ ਕਿ ਸਾਡੀ ਸ਼ਖਸੀਅਤ ਹੀ ਬਦਰੰਗ ਹੋ ਜਾਂਦੀ ਹੈ। ਗ਼ੈਰ-ਮੁਲਕੀ ਅੰਗਰੇਜ਼ੀ ਸਭਿਆਚਾਰ ਦੇ ਮਾੜੇ ਅਸਰ ਦੇ ਪ੍ਰਸੰਗ ਵਿਚ ਜੇ ਅਸੀਂ ਦਿਨ ਦੀ ਸ਼ੁਰੂਆਤ ਵਜੋਂ ਅੰਮ੍ਰਿਤ ਵੇਲੇ ਦੀ ਗੱਲ ਹੀ ਲੈ ਲਈਏ ਤਾਂ ਗੁਰਬਾਣੀ ਵਿਚ ਅੰਮ੍ਰਿਤ ਵੇਲੇ ਦਾ ਬੇਅੰਤ ਮਹਾਤਮ ਲਿਖਿਆ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ", ਪਰ ਸਾਡੀ ਜ਼ਿੰਦਗੀ ਦੀ ਧਰਾਤਲੀ ਸੱਚਾਈ ਇਹ ਹੈ ਕਿ ਕਿਉਂਕਿ ਅਸੀਂ ਗੁਰਬਾਣੀ ਨੂੰ ਵਿਰਲੇ-ਵਿਰਲੇ ਹੀ ਪੜ੍ਹਦੇ ਹਾਂ। ਜਿਸ ਕਰਕੇ ਸਾਨੂੰ ਆਪਣੇ ਪੁਰਖਿਆਂ ਵਲੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਦਸੀਆਂ ਅਟਲਾਧੀਆਂ ਸੱਚਾਈਆਂ ਦਾ ਨਾ ਤਾਂ ਪਤਾ ਹੈ ਤੇ ਨਾ ਹੀ ਕੋਈ ਕਦਰ ਹੈ।

ਮੁਕਦੀ ਗੱਲ ਇਹ ਹੈ ਕਿ ਅੰਗਰੇਜ਼ੀ ਸਭਿਅਤਾ ਮੁਜਬ ਸਾਡੇ ਸ਼ਹਿਰੀ ਸਭਿਆਚਾਰ ਵਿਚ ਅੰਮ੍ਰਿਤ ਵੇਲੇ ਦਾ ਕੋਈ ਮਹੱਤਵ ਹੀ ਨਹੀਂ ਰਹਿ ਗਿਆ। ਅਸੀਂ ਜ਼ਿਆਦਾਤਰ ਕਿਉਂਕਿ ਵੱਡੇ ਦਿਨ ਚੜ੍ਹੇ ਕਿਤੇ ਅੱਠ-ਨੌਂ ਵਜੇ ਹੀ ਉਠਦੇ ਹਾਂ, ਇਸ ਵਾਸਤੇ ਸਾਡੇ ਲਈ ਸੂਰਜ ਦਾ ਚੜ੍ਹਨਾ ਉਲੂਆਂ ਜਿਹੇ ਰਾਤ ਦੇ ਪੰਛੀਆਂ ਵਾਂਗ ਹੀ ਹੋ ਗਿਆ ਹੈ, ਜੋ ਕਿ ਦਿਨ ਚੜ੍ਹਣ ਦੀ ਸੱਚਾਈ ਨੂੰ ਹੀ ਨਹੀਂ ਜਾਣਦੇ। ਇਹ ਸਾਡੀ ਆਮ ਜਾਣਕਾਰੀ ਦੀ ਗੱਲ ਹੈ ਕਿ ਸਾਡੇ ਵਿਦਵਾਨ ਬੁੱਧੀਜੀਵੀ ਵੀ ਆਪਣੇ ਪੰਜਾਬੀ ਵਿਸ਼ੇ 'ਤੇ ਲਿਖੇ ਸ਼ੋਧ ਪੱਤਰਾਂ ਨੂੰ ਅੰਗਰੇਜ਼ੀ ਵਿਚ ਪੇਸ਼ ਕਰਦੇ ਰਹੇ ਹਨ। ਇਸ ਤਰ੍ਹਾਂ ਹੀ ਸਾਡੇ ਪ੍ਰਸ਼ਾਸਨਿਕ ਅਧਿਕਾਰੀ ਤੇ ਰਾਜਨੀਤਿਕ ਆਗੂ ਲੋਕਾਂ 'ਤੇ ਇਹ ਪ੍ਰਭਾਵ ਪਾਉਣ ਲਈ ਕਿ ਉਹ ਬੜੇ ਪੜ੍ਹੇ ਲਿਖੇ ਹਨ, ਅੰਗਰੇਜ਼ੀ ਭਾਸ਼ਾ ਦਾ ਅਕਸਰ ਸਹਾਰਾ ਲੈਂਦੇ ਹਨ। ਇਥੋਂ ਤੱਕ ਕਿ ਆਮ ਲੋਕ ਵੀ ਭਾਵੇਂ 10-12 ਜਮਾਤਾਂ ਹੀ ਪੜ੍ਹੇ ਹੋਣ ਪਰ ਅੰਗਰੇਜ਼ੀ ਨੂੰ ਮੂੰਹ ਮਾਰਦੇ ਹਨ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜੀ ਅੰਗਰੇਜ਼ੀ ਉਹ ਬੋਲਦੇ ਹਨ ਉਸ ਦਾ ਨਾਮ ਹੀ ਗੁਲਾਬੀ ਇੰਗਲਿਸ਼ ਪੈ ਗਿਆ ਹੈ।

ਬੇਸ਼ਕ ਸਾਡੀ ਅੰਗਰੇਜ਼ੀ ਸੁਣ ਕੇ ਅੰਗਰੇਜ਼ ਵੀ ਦੁਹੱਥੜ ਮਾਰਦੇ ਹਨ ਕਿ ਸਾਡੀ ਮਾਦਰੀ ਜ਼ੁਬਾਨ ਦਾ ਵਾਹ ਕਿਹੜੇ ਕੱਚ-ਘਰੜ ਵਿਦਵਾਨਾਂ ਨਾਲ ਪੈ ਗਿਆ ਹੈ। ਆਖ਼ਿਰ ਨੂੰ ਪੰਜਾਬੀ ਭਾਸ਼ਾ ਦੀ ਦੁਰਗਤੀ ਤੇ ਅੰਗਰੇਜ਼ੀ ਲਈ ਸਾਡੇ ਪਿਆਰ ਸਬੰਧੀ ਇਹ ਹੀ ਕਿਹਾ ਜਾ ਸਕਦਾ ਹੈ ਕਿ ਬੱਲੇ ਓਏ ਦੂਲਿਓ ! ਬੱਸ ਇਉਂ ਹੀ ਧੂੜ ਵਿਚ ਟੱਟੂ ਭਜਾਈ ਚੱਲੋ ਅਤੇ ਇਨ੍ਹਾਂ ਹਾਲਾਤਾਂ ਵਿਚ ਪੰਜਾਬੀ ਭਾਸ਼ਾ ਤੇ ਸਮੁੱਚੀ ਪੰਜਾਬੀਅਤ ਦਾ ਪੰਜਾਬੀ ਅਖਾਣ 'ਜੱਟਃ ਜੱਟ ਦਾ ਤੇ ਭੋਲੂ ਨਾਰਾਇਣ ਦਾ' ਅਨੁਸਾਰ ਅੱਲ੍ਹਾ ਹੀ ਨਿਗਾਹਬਾਨ ਹੋਵੇ।

ਇਉਂ ਹੀ ਹੁਣ ਸ਼ਹਿਰੀਕਰਣ ਬਨਾਮ ਹਿੰਦੀਕਰਨ ਦੇ ਅਸਰ ਤਹਿਤ ਅਸੀਂ (ਣ) ਦੀ ਥਾਂ (ਨ) ਦਾ ਪ੍ਰਯੋਗ ਕਰਨ ਦੇ ਇਉਂ ਆਦਿ ਹੋ ਗਏ ਹਾਂ ਕਿ ਜਿਵੇਂ ਕਿ ਇਹ ਫੈਸ਼ਨ ਹੀ ਬਣ ਗਿਆ ਹੈ ਕਿ ਖਾਣਾ ਨੂੰ ਖਾਨਾ, ਪੀਣਾ ਨੂੰ ਪੀਨਾ, ਲੈਣਾ-ਦੇਣਾ ਨੂੰ ਲੈਨਾ-ਦੇਨਾ, ਬਾਲਣ ਨੂੰ ਬਾਲਨ ਤੇ ਚੋਣਾਂ ਨੂੰ ਚੋਨਾਂ ਕਹਿੰਦੇ ਹਾਂ। ਸ਼ਹਿਰੀਕਰਣ ਦੀ ਹਨ੍ਹੇਰੀ ਤਹਿਤ ਰੋਟੀ ਨੂੰ ਚਪਾਤੀ, ਦਾਣਿਆਂ ਨੂੰ ਦਾਨੇ, ਭੈਣ ਨੂੰ ਭੈਨ ਤੇ ਮੱਕੀ ਦੇ ਦਾਣਿਆਂ ਨੂੰ ਪੌਪ ਕੌਰਨ, ਕਣਕ ਨੂੰ ਕਨਕ ਕਹਿ ਕੇ ਪੰਜਾਬੀ ਭਾਸ਼ਾ ਦਾ ਅਭ੍ਰੰਸ਼ ਕਰ ਰਹੇ ਹਾਂ। ਇਸ ਪ੍ਰਥਾਇ ਸ਼ਹਿਰੀ ਲੋਕਾਂ ਬਾਰੇ 'ਅਸੀਂ ਕੋਲੀ-ਕੋਲੀ ਚੋਲ ਖਾ ਕੇ ਪੋੜੀ ਚੜ੍ਹ ਗਏ' ਜਿਹੀ ਮਿਸਾਲ ਪ੍ਰਚਲਿਤ ਹੋ ਗਈ ਹੈ।

ਇਸ ਤਰ੍ਹਾਂ ਹੀ ਜੋ ਪੰਜਾਬੀ ਰਾਵਲਪਿੰਡੀ ਜਾਂ ਮੁਲਤਾਨ ਦੇ ਇਲਾਕਿਆਂ ਤੋਂ ਆਏ ਹਨ, ਉਨ੍ਹਾਂ ਦੀ ਬੋਲੀ ਵੀ ਸਾਡੀ ਟਕਸਾਲੀ ਬੋਲੀ ਨਾਲ ਮੇਲ ਨਹੀਂ ਖਾਂਦੀ। ਜਿਵੇਂ ਕਿ ਕਿਸੇ ਦੁਕਾਨਦਾਰ ਭਾਈ ਨੇ ਕਿਸੇ ਚੀਜ਼ ਦਾ ਭਾਅ 'ਬਾਵੀ ਰੁਪਏ'



*Original with;*
Kulbir Singh Sidhu(I.A.S)
*Digitized by;*
Panjab Digital Library

ਦਸਿਆ। ਇਸ 'ਤੇ ਇਥੋਂ ਦੇ ਰਹਿਣ ਵਾਲੇ ਪੰਜਾਬੀ ਨੇ ਪੁਛਿਆ ਕਿ ਵੀਰ ਬਾਵੀ ਰੁਪਏ ਕਿੰਨੇ ਹੁੰਦੇ ਹਨ ਤਾਂ ਦੁਕਾਨਦਾਰ ਨੇ ਦਸਿਆ, "ਡੋ ਡਾਅ-ਡਾਅ ਤੇ ਹਿਕ ਡੂ" ਭਾਵ ਦੋ ਦਸ-ਦਸ ਰੁਪਏ ਤੇ ਇਕ ਦੋ ਰੁਪਏ ਦੇ ਨੋਟ ਨੂੰ ਬਾਵੀ ਰੁਪਏ ਕਹਿੰਦੇ ਹਨ।

ਪੰਜਾਬੀ ਭਾਸ਼ਾ ਦੇ ਸ਼ਹਿਰੀਕਰਣ ਵਜੋਂ ਮੇਰੇ ਨਾਲ ਆਪ ਬੀਤੀ ਇਕ ਮਿਸਾਲ ਹੈ ਕਿ ਸਾਨੂੰ ਸਿਹਾਰੀ (ਿ) ਤੇ ਬਿਹਾਰੀ ( ੀ ) ਦੇ ਫਰਕ ਦੀ ਬੜੀ ਘੱਟ ਸੋਝੀ ਰਹਿ ਗਈ ਹੈ। ਮਿਸਾਲ ਵਜੋਂ ਮਾਇਕ ਨੂੰ ਅਸੀਂ ਮਾਈਕ ਲਿਖਦੇ ਹਾਂ। ਮੈਂ ਜਿਸ ਵੀ ਜ਼ਿਲ੍ਹੇ ਵਿਚ ਡੀ.ਸੀ ਰਿਹਾ। ਉਥੇ ਹਰ ਪਿੰਡ ਦੇ ਨਾਮ ਨੂੰ ਦਰਸਾਉਂਦੇ ਹੋਏ ਬੋਰਡ ਲਾਏ। ਜਿਨ੍ਹਾਂ ਉਤੇ ਉਥੋਂ ਦੀ ਪੰਚਾਇਤ ਵੱਲੋਂ 'ਜੀ ਆਇਆਂ ਨੂੰ' ਲਿਖਵਾਇਆ। ਮੈਂ ਵੇਖਿਆ ਕਿ ਪਠਾਨਕੋਟ ਦੇ ਸ਼ਾਹਪੁਰ ਕੰਢੀ ਇਲਾਕੇ ਵਿਚ ਤਕਰੀਬਨ 15-20 ਪਿੰਡਾਂ ਦੇ ਬੋਰਡਾਂ 'ਤੇ 'ਜੀ ਆਈਆਂ ਨੂੰ' ਲਿਖਿਆ ਹੋਇਆ ਸੀ, ਜਿਸ ਦਾ ਸਪੱਸ਼ਟ ਮਤਲਬ ਇਹ ਹੀ ਬਣਦਾ ਸੀ ਕਿ ਸਿਰਫ਼ ਔਰਤਾਂ ਨੂੰ ਹੀ 'ਜੀ ਆਇਆਂ ਨੂੰ' ਕਿਹਾ ਗਿਆ ਹੈ।

ਇਥੇ ਬਹੁਤ ਹੀ ਸ਼ਰਧਾ ਸਹਿਤ ਜ਼ਿਕਰ ਕਰਨਾ ਬਣਦਾ ਹੈ ਕਿ ਸਾਡੇ ਗੁਰੂ ਸਾਹਿਬਾਨ ਨੇ ਆਮ ਲੋਕਾਂ ਦੀ ਬੋਲੀ ਪੰਜਾਬੀ ਨੂੰ ਲੋਕਾਈ ਦੇ ਭਲੇ ਹਿੱਤ ਗੁਰਬਾਣੀ ਦੇ ਰੂਪ ਵਿਚ ਅਪਣਾਇਆ ਹੈ, ਪਰ ਇਕ ਅਣਹੋਣੀ ਜਿਹੀ ਗੱਲ ਇਹ ਹੋਈ ਹੈ ਕਿ ਸਾਨੂੰ ਗੁਰਬਾਣੀ ਪੜ੍ਹਨ ਤੇ ਸਮਝਣ ਦੀ ਜਾਚ ਹੀ ਨਹੀਂ ਹੈ। ਇਸ ਸਾਰੇ ਵਿਸਥਾਰ ਦਾ ਸਿਧਾ ਜਿਹਾ ਮਤਲਬ ਇਹ ਹੈ ਕਿ ਜੇ ਮਾਂ ਬੋਲੀ ਹੀ ਨਾ ਰਹੀ ਤਾਂ ਪੰਜਾਬ ਤੇ ਪੰਜਾਬੀਅਤ ਦੀ ਹੋਂਦ ਅਤੇ ਵਿਕਾਸ ਅਜ ਵੀ ਤੇ ਕਲ੍ਹ ਵੀ ਖਤਰੇ ਵਿਚ ਹੈ। ਫਿਰ ਇਸ ਪੱਖੋਂ ਪੰਜਾਬੀ ਸਭਿਆਚਾਰ ਦਾ ਜੋ ਜਨਾਜ਼ਾ ਨਿਕਲ ਰਿਹਾ ਹੈ, ਉਸ ਦਾ ਅੰਜ਼ਾਮ ਤਾਂ ਬੱਸ ਕੌਮ ਲਈ ਪਰਲੋਕਾਰੀ ਹੀ ਜਾਪਦਾ ਹੈ। ਹੋਰ ਵੀ ਸ਼ਰਮਨਾਕ ਗੱਲ ਇਹ ਹੈ ਕਿ ਸਮਾਜ ਦੇ ਵਡੇਰੇ ਤੇ ਸਿਆਣੇ ਇਸ ਸਮਾਜਿਕ ਔਖੀ ਘੜੀ ਵਿਚ ਕੋਈ ਹੱਲ ਦੱਸਣ ਜਾਂ ਕੋਈ ਲੋੜੀਂਦਾ ਔਹੜ-ਪੌਹੜ ਕਰਨ ਦੀ ਬਜਾਏ ਆਪਣੀ ਵਿਦਵਤਾ ਦਾ ਸਟੇਜਾਂ ਤੋਂ ਵਖਿਆਨ ਇਉਂ ਜਿਹਾ ਕਰਦੇ ਜਾਪਦੇ ਹਨ ਕਿ ਜਿਵੇਂ ਕਹਿ ਰਹੇ ਹੋਣ ਕਿ ਫਿਕਰ ਨਾ ਕਰੋ ਖੁੱਦ ਹੀ ਅਮਨ ਹੋ ਜਾਏਗਾ ਰਾਖ ਹੋਨੇ ਕੇ ਬਾਅਦ।

ਸਾਡੇ ਸਾਰੇ ਆਗੂਆਂ, ਅਫਸਰਸ਼ਾਹੀ ਤੇ ਸਾਡੇ ਅਮੀਰ ਵਰਗ ਦੇ ਕਾਕਾ ਕਲਚਰ ਨੂੰ ਹੁਣ 'ਗਿਆਨੀ' ਦਾ ਇਮਤਿਹਾਨ ਪਾਸ ਕਰਵਾਉਣ ਦੀ ਬੇਅੰਤ ਲੋੜ ਹੈ ਕਿਉਂਕਿ ਅਸੀਂ ਹੁਣ ਮੰਨੀਏ ਭਾਵੇਂ ਨਾ ਮੰਨੀਏ, ਪਰ ਅਸੀਂ ਸਾਰੇ ਹੀ ਪੰਜਾਬੀ ਸਿਰਫ਼ ਡੰਗ-ਬੁੱਤਾ ਸਾਰਨ ਜੋਗੀ ਹੀ ਜਾਣਦੇ ਹਾਂ। ਇਸ ਵਾਸਤੇ ਪੰਜਾਬੀ ਬੋਲੀ ਨੂੰ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਤੇ ਅਵਾਜ਼ ਕਹਿਣ ਦੀ ਗੱਲ ਤਾਂ ਦੁਰੇਡੇ ਦੀ ਹੈ, ਸਗੋਂ ਹੁਣ ਦੇ ਵਰਤਾਰੇ ਅਨੁਸਾਰ ਤਾਂ 'ਧਰਮ ਨਾਲ' ਪੰਜਾਬੀ ਸਾਡੀ ਰਾਜ ਭਾਸ਼ਾ ਵੀ ਨਹੀਂ ਕਹੀ ਜਾ ਸਕਦੀ।

ਇਸ ਪ੍ਰਥਾਇ ਸਾਡੇ ਪ੍ਰਸ਼ਾਸਨਿਕ ਖੇਤਰ ਵਿਚ ਹੀ ਇਸ ਦੀ ਇਕ ਮਿਸਾਲ



*Original with;*
Kulbir Singh Sidhu(I.A.S)
*Digitized by;*
Panjab Digital Library

ਰੋਜ਼ਾਨਾ ਵੇਖਣ ਨੂੰ ਮਿਲਦੀ ਹੈ। ਸਾਡੀਆਂ ਲੋਕ ਸੇਵਾਵਾਂ ਦੇ ਅਖੀਰ ਵਿਚ ਸੇਵਾਵਾਂ ਅਰਥਾਤ ਸਰਵਸਿਜ਼ ਦੇ ਪ੍ਰਤੀਕ ਵਜੋਂ 'ਐੱਸ' ਸ਼ਬਦ ਆਉਂਦਾ ਹੈ ਜਿਵੇਂ ਕਿ ਆਈ ਆਈ ਪੀ ਪੀ ਅਤੇ ਹੋਰ ਕਿੰਨੀਆਂ ਹੀ ਸੇਵਾਵਾਂ ਦੇ ਮਗਰ 'ਛ' ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਇਉਂ ਹੀ ਸਾਰੇ ਸਿੱਖ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਨਾਮ ਪਿਛੇ 'ਸਿੰਘ' ਸ਼ਬਦ ਨੂੰ ਅੰਗਰੇਜ਼ੀ ਵਿਚ ਸ਼ੌਰਟ-ਫਾਰਮ ਵਿਚ ਸਿਰਫ਼ 'ਐੱਸ' ਲਿਖਿਆ ਜਾਂਦਾ ਹੈ, ਪਰ ਸ਼ਰਤ ਲਾ ਕੇ ਕਿਹਾ ਜਾ ਸਕਦਾ ਹੈ ਕਿ ਸੈਂਕੜਿਆਂ ਵਿਚੋਂ ਪੰਜ-ਚਾਰ ਅਫ਼ਸਰ ਹੀ ਆਪਣੇ ਨਾਮ ਪਿਛੇ ਜਾਂ ਆਪਣੀ ਸਰਵਿਸ ਦੇ ਪਿਛੇ 'ਐੱਸ' ਨੂੰ ਪੰਜਾਬੀ ਵਿਚ ਠੀਕ ਲਿਖਦੇ ਹਨ। ਸਗੋਂ ਇਨ੍ਹਾਂ ਪ੍ਰਸ਼ਾਸਕੀ ਸੇਵਾਵਾਂ ਵਾਲੇ ਤਕਰੀਬਨ ਸਾਰੇ ਹੀ ਅਫ਼ਸਰ (ਐੱਸ) ਨੂੰ ਐਸ ਲਿਖਦੇ ਹਨ। ਹੁਣ ਵੀਰੋ! ਇਸ ਦਾ ਮਤਲਬ ਜਾਂ ਲਿਖਣ ਵਾਲੇ ਨੂੰ ਪੁੱਛੋ ਤੇ ਜਾਂ ਤੁਸੀਂ ਆਪ ਹੀ ਸਮਝ ਲਓ ਕਿ 'ਐਸ' ਦਾ ਮਤਲਬ ਕੀ ਗਧਾ ਨਹੀਂ ਹੁੰਦਾ।

ਦਸ਼ਮੇਸ਼ ਪਿਤਾ ਨੇ ਸਾਨੂੰ 'ਸਿੰਘ' ਦਾ ਲਕਬ ਦੇ ਕੇ ਸ਼ੇਰ ਬਣਾਇਆ ਸੀ, ਪਰ ਅਸੀਂ ਇੰਗਲਿਸ਼ ਦਾ ਸ਼ੌਕ ਪਾਲਣ ਵਾਸਤੇ ਆਪਣਾ ਨਾਂ ਅੰਗਰੇਜ਼ੀ ਵਿਚ ਜਦੋਂ ਸੰਖੇਪ ਰੂਪ ਵਿਚ ਲਿਖਦੇ ਹਾਂ ਤਾਂ 'ਸਿੰਘ' ਸ਼ਬਦ ਦਾ ਪ੍ਰਤੀਕ 'ਐੱਸ' ਪਾਉਣ ਵੇਲੇ 'ਐਸ' ਲਿਖ ਕੇ ਆਪਣੇ ਆਪ ਨੂੰ ਸ਼ੇਰ ਤੋਂ ਗਧਾ ਬਣਾ ਲੈਂਦੇ ਹਨ।

ਇਸ ਪ੍ਰਸੰਗ ਵਿਚ ਹੀ ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮੈ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੀਵਨੀ ਤੇ ਫ਼ਲਸਫ਼ੇ ਸਬੰਧੀ ਕਿਤਾਬ 'ਮਾਨਵਤਾ ਦਾ ਪ੍ਰਣਾਮ ਸਰਬੰਸ ਦਾਨੀ ਦੇ ਨਾਮ' ਲਿਖੀ ਤਾਂ ਮੈਨੂੰ ਸੈਂਕੜੇ ਪ੍ਰਸ਼ਾਸਨਿਕ ਮਿੱਤਰਾਂ ਤੇ ਪਾਠਕਾਂ ਨੇ ਆਪਣੇ ਵੱਲੋਂ ਅਕਸਰ ਸਲਾਹ ਦਿੱਤੀ ਕਿ ਇਸ ਨਾਯਾਬ ਕਿਤਾਬ ਦਾ ਅਨੁਵਾਦ ਅੰਗਰੇਜ਼ੀ ਵਿਚ ਕੀਤਾ ਜਾਵੇ। ਬਹਿਰਹਾਲ, ਮੈਂ ਗੱਲ ਟਾਲਣ ਦੀ ਗਰਜ਼ ਨਾਲ ਉਨ੍ਹਾਂ ਨੂੰ ਕਿਹਾ ਕਿ ਇਕ ਤਾਂ ਮੇਰਾ ਅੰਗਰੇਜ਼ੀ ਭਾਸ਼ਾ ਵੱਲੋਂ ਹੱਥ ਤੰਗ ਹੈ ਅਤੇ ਦੂਜਾ ਬਹੁਤੀਆਂ ਗੱਲਾਂ ਤਾਂ ਛੱਡੋ; ਮੈਨੂੰ ਘੱਟੋ-ਘੱਟ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਾਛੀਵਾੜੇ ਦੇ ਜੰਗਲ ਵਿਚੋਂ ਅਕਾਲ ਪੁਰਖ ਨੂੰ ਦਿੱਤੀ ਸੱਦ 'ਮਿਤ੍ਰ ਪਿਆਰੇ ਨੂ ਹਾਲੁ ਮੁਰੀਦਾਂ ਦਾ ਕਹਣਾ। ਤੁਧੁ ਬਿਨ ਰੋਗੁ ਰਜਾਈਆ ਦਾ ਓਢਣ ਨਾਗ ਨਿਵਾਸਾ ਦੇ ਰਹਣਾ ਦਾ ਅਨੁਵਾਦ ਹੀ ਕਰਕੇ ਦਿਖਾ ਦਿਓ।

ਖ਼ੈਰ! ਮੇਰੀ ਇਸ ਦਲੀਲ ਨਾਲ ਮੇਰੇ ਵਿਦਵਾਨ ਮਿੱਤਰ ਵਕਤੀ ਤੌਰ 'ਤੇ ਤਾਂ ਬੇਸ਼ੱਕ ਸਹਿਮਤ ਹੋ ਗਏ, ਪਰ ਹੁਣ ਤਕ ਵੀ ਉਹ ਆਪ ਪੰਜਾਬੀ ਸਿੱਖਣ ਦੀ ਬਜਾਏ ਮੈਨੂੰ 'ਜ਼ਮੀਂ-ਜੁੰਬਦ ਨਾ ਜੁੰਬਦ ਗੁਲ ਮੁਹੰਮਦ' ਭਾਵ ਜ਼ਮੀਨ ਭਾਵੇਂ ਹਿੱਲਦੀ ਹੋਵੇ; ਪਰ ਗੁਲ ਮੁਹੰਮਦ ਨਹੀਂ ਹਿੱਲਦਾ ਦੀ ਅੜੀ ਅਨੁਸਾਰ ਅੰਗਰੇਜ਼ੀ ਵਿਚ ਲਿਖਣ ਦਾ ਹੀ ਸਬਕ ਦਿੰਦੇ ਰਹਿੰਦੇ ਹਨ।

ਇਸ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦੀ ਦੁਰਦਸ਼ਾ ਦੇ ਸੰਦਰਭ ਵਿਚ ਅੱਜ-ਕੱਲ੍ਹ ਲੇਖਕਾਂ, ਪੜ੍ਹਿਆਂ-ਲਿਖਿਆਂ, ਅਖ਼ਬਾਰਾਂ ਤੇ ਖਾਸ ਤੌਰ 'ਤੇ ਕੁੱਝ ਕੁ ਟੀ.ਵੀ.ਚੈਨਲਾਂ



Original with;
Kulbir Singh Sidhu(I.A.S)
Digitized by;
Panjab Digital Library

ਦੀ ਗੱਲ ਤਾਂ ਜੇ ਨਾ ਹੀ ਕਰੀਏ ਤਾਂ ਚੰਗਾ ਹੈ। ਬੇਸ਼ੱਕ ਅਸੀਂ ਸਾਰੇ ਟਾਹਰਾਂ ਤਾਂ ਇਹ ਮਾਰਦੇ ਹਾਂ ਕਿ ਅਸੀਂ ਪੰਜਾਬੀ ਤੇ ਪੰਜਾਬੀਅਤ ਨੂੰ ਫਿਰ ਤੋਂ ਸੁਰਜੀਤ ਕਰਨਾ ਹੈ। ਪਰ ਦੇਖਣ ਨੂੰ ਕੁੱਝ ਇਸ ਤਰ੍ਹਾਂ ਮਿਲਦਾ ਹੈ ਕਿ ਸ਼ਹੀਦ ਭਗਤ ਸਿੰਘ ਦਾ 23 ਮਾਰਚ ਨੂੰ ਸ਼ਹੀਦੀ ਦਿਹਾੜਾ ਸੀ। ਇਕ ਟੀ.ਵੀ. ਚੈਨਲ ਤੋਂ ਥੱਲੇ ਪੰਜਾਬੀ ਦੀ ਇਕ ਪੱਟੀ ਚੱਲ ਰਹੀ ਸੀ, ਜਿਸ ਵਿਚ ਲਿਖਿਆ ਸੀ '23 ਮਾਰਚ ਨੂੰ 'ਸ਼ਹਿਦਾਂ' ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।'

ਇਉਂ ਹੀ ਸਿਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਆਗਮਨ ਪੁਰਬ ਦੇ ਸਮੇਂ ਇਕ ਪੰਜਾਬੀ ਟੀ.ਵੀ ਚੈਨਲ ਤੋਂ ਇਹ ਸ਼ਬਦ ਉਭਰ ਰਹੇ ਸਨ ਕਿ 'ਗੁਰੂ ਪੂਰਬ ਧੂਮ-ਧਾਮ ਨਾਲ ਮਨਾਇਆ ਗਿਆ।' ਫਿਰ ਮਿਤੀ 30 ਜੂਨ ਨੂੰ ਤਾਂ ਇਕ ਨਾਮਾਵਰ ਚੈਨਲ ਨੇ ਤਾਂ ਆਪਣੀ ਸਕਰੌਲ ਪੱਟੀ ਤੇ 'ਡੇਢ ਸਾਲ ਪਹਿਲਾਂ' ਲਿਖਣ ਦੀ ਥਾਂ 'ਢੇਡ ਸਾਲ ਪਹਿਲਾਂ' ਲਿਖ ਕੇ ਕਮਾਲ ਹੀ ਕਰ ਦਿੱਤੀ। ਇਸ ਤਰ੍ਹਾਂ ਹੀ ਕਿਸੇ ਟੀ.ਵੀ ਚੈਨਲ ਵੱਲੋਂ ਕਿਸੇ ਕਵੀ ਦੇ ਚਲਾਣੇ ਦੀ ਖ਼ਬਰ ਸਬੰਧੀ ਚੱਲ ਰਹੀ ਪੱਟੀ ਉਪਰ 'ਮੌਤ' ਦੀ ਥਾਂ ਸ਼ਬਦ 'ਮੋਤ' ਲਿਖਿਆ ਹੋਇਆ ਸੀ।

ਇਸ ਚਲ ਰਹੇ ਪ੍ਰਸੰਗ ਵਿਚ ਮਿਤੀ 3-5-13 ਨੂੰ ਪੀ.ਟੀ.ਸੀ. ਚੈਨਲ ਤੋਂ ਸਕਰੌਲ 'ਤੇ ਲਿਖਿਆ ਆ ਰਿਹਾ ਸੀ ਕਿ ਪਾਕਿਸਤਾਨ ਜੇਲ੍ਹ ਵਿਚ ਕੈਦ ਸਰਬਜੀਤ ਸਿੰਘ ਨੂੰ ਉਸ ਦੇ ਪਿੰਡ ਭਿਖੀਵਿੰਡ ਵਿਖੇ ਉਸ ਦੇ ਅੰਤਿਮ ਸਸਕਾਰ ਸਮੇਂ ਸਰਬਜੀਤ ਸਿੰਘ ਨੂੰ 'ਗਾਡ ਆਫ ਆਨਰ' ਦਿੱਤਾ ਗਿਆ। ਇਉਂ ਹੀ ਹਾਲੇ ਕਲ-ਪਰਸੋਂ ਹੀ ਫਿਰ 'ਸ਼ਹੀਰ ਵਾਸੀ' ਭਾਵ ਸ਼ਹਿਰ ਵਾਸੀ; ਰਾਇਲਿਸ ਭਾਵ ਰਿਲਾਇੰਸ; ਸ਼੍ਰਨਿਵਾਸਨ ਭਾਵ ਸ਼੍ਰੀਨਿਵਾਸਨ ਜਿਹੇ ਸ਼ਬਦ ਪੀ.ਟੀ.ਸੀ. ਚੈਨਲ ਤੋਂ ਪੰਜਾਬੀ ਲਿਖਤ ਪੱਟੀ 'ਤੇ ਉਭਰ ਰਹੇ ਸਨ। ਇਉਂ ਰੋਜ਼ ਹੀ ਕੋਈ ਨਾ ਕੋਈ ਹਾਸੋ-ਹੀਣੀ ਸਥਿਤੀ ਬਣਦੀ ਰਹਿੰਦੀ ਹੈ। ਜਿਵੇਂ ਕਿ ਇਕ ਹੋਰ ਪੰਜਾਬੀ ਚੈਨਲ ਜ਼ੀ ਪੰਜਾਬੀ 'ਤੇ ਲਿਖਿਆ ਆ ਰਿਹਾ ਸੀ ਕਿ ਸਚਿਨ ਤੈਂਦੂਲਕਰ ਨੇ ਕਿਹਾ, 'ਪਿਛਲੇ ਦਿਨਾਂ ਵਿਚ ਸਭ ਕਝਿ (ਕੁਝ) ਦੁਖਦਾਇਕ ਵਾਪਰਿਆ ਹੈ।

ਇਉਂ ਹੀ ਰੇਡੀਓ ਅਤੇ ਖਾਸ ਤੌਰ 'ਤੇ ਟੀ.ਵੀ. ਚੈਨਲਾਂ ਤੋਂ ਪੰਜਾਬੀ ਦੇ ਅਨਾਊਂਸਰ ਉਪਰੋਕਤ ਬਿੰਦੀ, ਟਿੱਪੀ, ਔਂਕੜ, ਦੁਲੈਂਕੜ, ਣ, ਨ, ਹੋੜਾ ਤੇ ਕਨੌੜਾ ਦੇ ਗਲਤ ਪ੍ਰਯੋਗ ਕਾਰਨ ਇੰਨੀ ਹਾਸੋ-ਹੀਣੀ ਪੇਸ਼ਕਾਰੀ ਕਰਦੇ ਹਨ ਕਿ ਪੰਜਾਬੀ ਭਾਸ਼ਾ ਨੂੰ ਸੁਰਜੀਤ ਤਾਂ ਕੀ ਕਰਨਾ ਸੀ; ਸਗੋਂ ਇਉਂ ਜਾਪਦਾ ਹੈ ਕਿ ਅਸੀਂ ਪੰਜਾਬੀ ਮਾਂ ਬੋਲੀ ਨੂੰ ਕੁੱਟ-ਮਾਰ ਰਹੇ ਹਾਂ। ਇਸ ਤਰ੍ਹਾਂ ਹੀ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਮਾਤ-ਬੋਲੀ ਦੀ ਗਲਤ ਵਰਤੋਂ ਕਰਨ ਦੇ ਪੱਖੋਂ ਪੰਜਾਬੀ ਅਖ਼ਬਾਰਾਂ ਤੇ ਰਸਾਲੇ ਵੀ ਕੋਈ ਪਿਛੇ ਨਹੀਂ ਹਨ।

ਬਸ ਅਸੀਂ ਸਾਰੇ ਰਲ-ਮਿਲ ਕੇ ਇਸ ਅਫ਼ਸੋਸਨਾਕ ਵਰਤਾਰੇ ਦੇ ਚੁੱਪ-ਗੜੁੱਪ ਤੇ ਮੂਕ ਦਰਸ਼ਕ ਬਣੇ ਹੋਏ ਹਾਂ। ਇਹ ਸਿਰਫ਼ ਕਿਸੇ ਇਕ ਚੈਨਲ ਜਾਂ ਕਿਸੇ ਇਕ ਅਖ਼ਬਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਅਤੇ ਜਾਂ ਫਿਰ ਇਕੱਲੇ-ਦੁਕੱਲੇ ਬੰਦੇ ਦੀ ਗੱਲ ਨਹੀਂ; ਸਗੋਂ ਤਕਰੀਬਨ-ਤਕਰੀਬਨ ਅਸੀਂ ਸਾਰੇ ਹੀ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਤੇ ਵਿਆਕਰਣ ਤੋਂ ਅਗਿਆਨ ਤੇ ਅਣਜਾਣ ਹੁੰਦੇ ਜਾ ਰਹੇ ਹਾਂ, ਜਿਸ ਕਰਕੇ ਸਾਡੀ ਮਾਂ ਬੋਲੀ ਪੰਜਾਬੀ ਦੀ ਦੁਰਗਤੀ ਸਭ ਤੋਂ ਪਹਿਲਾਂ ਤਾਂ ਸਾਡੇ ਆਪਣੇ ਹੀ ਹੱਥੋਂ ਹੀ ਹੋ ਰਹੀ।

ਸਗੋਂ ਸਰਕਾਰ, ਸਰਕਾਰੀ ਵਿਭਾਗ ਅਤੇ ਖ਼ਾਸ ਕਰਕੇ ਸਾਡਾ ਭਾਸ਼ਾ ਵਿਭਾਗ ਤੇ ਸਭਿਆਚਾਰ ਵਿਭਾਗ ਹੁਣ ਘਾਊਂ-ਘੱਪ ਜਿਹੀ ਅਵਸਥਾ ਵਿਚ ਘੋਗੜਕੰਨੀ ਘੇਸਲ ਵੱਟੀ ਬੈਠੇ ਹਨ, ਜਿਸ ਕਾਰਨ ਮਾਂ ਬੋਲੀ ਪੰਜਾਬੀ, ਸੰਸਕ੍ਰਿਤੀ ਤੇ ਸਾਹਿਤ ਦੇ ਸਬੰਧ ਵਿਚ ਮਾੜੇ ਨਤੀਜੇ ਪ੍ਰਤੱਖ ਹੋ ਰਹੇ ਹਨ। ਵਾਹ-ਬਈ-ਵਾਹ! ਪੰਜਾਬੀ ਦੁਲਾਰਿਓ।

ਵੀਰਨੋ! ਇਸ ਸਾਰੇ ਵਿਸਥਾਰ ਨੂੰ ਸੰਕੋਚਣ ਦੇ ਸਬੱਬ ਨਾਲ ਮੈਂ ਮੰਨਦਾ ਹਾਂ ਕਿ ਦੁਨੀਆਂ ਨੂੰ ਜਾਣਨ ਲਈ ਅਸੀਂ ਸੰਸਾਰ ਦਾ ਸਾਹਿਤ ਤੇ ਇਤਿਹਾਸ ਜ਼ਰੂਰ ਅੰਗਰੇਜ਼ੀ ਭਾਸ਼ਾ ਵਿਚ ਪੜ੍ਹੀਏ ਤੇ ਇਸ ਦੇ ਨਾਲ ਬੇਸ਼ੱਕ ਹੋਰ ਵੀ ਭਾਸ਼ਾਵਾਂ ਦਾ ਗਿਆਨ ਹਾਸਿਲ ਕਰੀਏ। ਪਰ ਸਾਨੂੰ ਇਕ ਰੱਬ ਲੱਗਦੀ ਗੱਲ ਮੰਨਣੀ ਪੈਣੀ ਹੈ ਕਿ ਜਦੋਂ ਆਪਣੇ ਸਾਹਿਤ, ਸਭਿਆਚਾਰ ਤੇ ਇਤਿਹਾਸ ਦੀ ਗੱਲ ਕਰੀਏ ਤਾਂ ਆਪਣੀ ਮਾਂ ਬੋਲੀ ਦਾ ਮਾਣ ਰੱਖੀਏ ਤੇ ਬੜੇ ਫਖਰ ਨਾਲ ਪੰਜਾਬੀ ਵਿਚ ਗੱਲ ਕਰੀਏ।

ਇਥੇ ਸਮਝਣ ਵਾਲੀ ਗੱਲ ਇਕੋ ਹੀ ਹੈ ਕਿ ਜੇ ਰੂਸ, ਫਰਾਂਸ, ਜਰਮਨੀ ਤੇ ਇਸਰਾਈਲ ਵਰਗੇ ਹੋਰ ਵੀ ਕਿੰਨੇ ਹੀ ਵੱਡੇ-ਛੋਟੇ ਦੇਸ਼ਾਂ ਦੇ ਆਗੂ ਤੇ ਨੁਮਾਇੰਦੇ ਵੀ ਯੂ.ਐਨ.ਓ. ਤੱਕ ਆਪਣੀ ਰਾਸ਼ਟਰੀ ਭਾਸ਼ਾ ਵਿਚ ਹੀ ਗੱਲ ਕਰਦੇ ਹਨ ਤਾਂ ਫਿਰ ਅਸੀਂ ਆਪਣੀ ਮਾਂ ਬੋਲੀ ਨੂੰ ਪਿਆਰ ਕਿਉਂ ਨਹੀਂ ਕਰਦੇ। ਅਫ਼ਸੋਸ ਹੈ ਕਿ ਅਸੀਂ ਤਾਂ ਆਪਸ ਵਿਚ ਵੀ ਇਕ-ਦੂਜੇ ਨਾਲ ਗੱਲਬਾਤ ਕਰਨ ਸਮੇਂ ਬੇਮਤਲਬ ਹੀ ਅੰਗਰੇਜ਼ੀ ਨਾਲ ਜੱਫੋ-ਜੱਫੀ ਹੋਈ ਜਾਂਦੇ ਹਾਂ ਅਤੇ ਇਕ-ਦੂਜੇ ਨੂੰ ਸਮਝਣ-ਸਮਝਾਉਣ ਲਈ ਮੁੜ੍ਹਕੋ-ਮੁੜ੍ਹਕੀ ਹੋਏ ਫਿਰਦੇ ਹਾਂ। ਬਸ ਸਮਝ ਲਉ ਦੋਸਤੋ ਕਿ 'ਮਾਂ ਨਾਲੋਂ ਹੇਜਲੀ ਫ਼ੱਫ਼ੇਕੁੱਟਣੀ' ਦੇ ਅਖਾਣ ਮੁਤਾਬਿਕ ਸਾਡੀ ਘਟੀਆ ਮਾਨਸਿਕਤਾ ਦੇਖ ਕੇ ਸਾਡੀ ਮਾਂ ਬੋਲੀ ਜ਼ਰੂਰ ਦੁਖੀ ਹੁੰਦੀ ਹੋਵੇਗੀ। ਇਉਂ ਹੀ ਸਾਡੀ ਮਾਂ ਬੋਲੀ ਪੰਜਾਬੀ ਸਾਡਾ ਮਤਰੇਈ-ਮਾਂ ਅੰਗਰੇਜ਼ੀ ਭਾਸ਼ਾ ਵਾਸਤੇ ਲੋੜੋਂ ਵੱਧ ਮੋਹ-ਪਿਆਰ ਵੇਖ ਕੇ; ਨਿਰਸੰਦੇਹ ਸਾਨੂੰ ਮਾਵਾਂ ਵਰਗਾ ਨਿਹੋਰਾ ਦਿੰਦੀ ਹੈ: ਬੱਲੇ ਓਏ ਸ਼ੇਰੋ! ਤੁਹਾਡਾ ਰੱਬ ਰਾਖਾ।



*Original with;*
Kulbir Singh Sidhu(I.A.S)
*Digitized by;*
Panjab Digital Library

# ਪੱਗ ਦੀ ਸ਼ਾਨ ਤੇ ਬੇਅਦਬੀ

ਕੌਮਾਂਤਰੀ ਪੱਧਰ 'ਤੇ ਅਜ ਕੱਲ੍ਹ ਪੱਗ ਦੀ ਬੇਅਦਬੀ ਦਾ ਮਸਲਾ ਬੜਾ ਭਖਿਆ ਹੋਇਆ ਹੈ। ਕਦੇ ਫਰਾਂਸ ਤੇ ਕਦੇ ਮਿਲਾਨ-ਇਟਲੀ ਵਿਚ ਵਾ-ਵੇਲਾ ਖੜ੍ਹਾ ਹੋ ਰਿਹਾ ਹੈ। ਸਾਡੀ ਸੂਬਾਈ ਸਰਕਾਰ ਅੰਤਰ-ਰਾਸ਼ਟਰੀ ਪੱਧਰ 'ਤੇ ਇਹ ਮਸਲਾ ਨਾ ਉਠਾਉਣ ਦੀ ਅਣਗਹਿਲੀ ਤੇ ਢਿੱਲ-ਮੱਠ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੇ ਸਿਰ ਮੜ੍ਹ ਰਹੀ ਹੈ। ਪਰ ਇਸ ਪ੍ਰਸੰਗ ਵਿਚ ਖ਼ੁਦ ਪੰਜਾਬ ਤੇ ਸਾਡੇ ਘਰਾਂ ਵਿਚ 'ਔਰੋਂ ਕੋ ਨਸੀਹਤ, ਖ਼ੁਦ ਮੀਆਂ ਫਸੀਹਤ' ਵਾਲੀ ਖੇਡ ਚੱਲ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਬਹੁਤੇ ਸਿੱਖਾਂ ਤੇ ਖਾਸ ਕਰਕੇ ਨੌਜਵਾਨਾਂ ਵੱਲੋਂ ਦਾੜ੍ਹੀ, ਕੇਸਾਂ ਤੇ ਪਗੜੀ ਦੀ ਅਹਿਮੀਅਤ ਨੂੰ ਦਰ-ਕਿਨਾਰ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਸਿੱਖ ਆਗੂਆਂ ਤੇ ਪ੍ਰਚਾਰਕਾਂ ਅਤੇ ਮੇਰੇ ਵਰਗੇ ਕਿੰਨੇ ਹੀ ਜਨਾਬ ਪ੍ਰਸ਼ਾਸਕਾਂ ਦੇ ਮੁੰਡੇ ਤਾਂ ਮੁੰਡੇ, ਕੁੜੀਆਂ ਵੀ ਵਾਲ ਕਟਾ ਕੇ ਅਨੰਦ-ਪ੍ਰਸੰਨ ਫਿਰ ਰਹੇ ਹਨ।

ਜੇ ਸਾਡੇ ਮੁੰਡਿਆਂ ਨੇ ਹੁਣ ਪੱਗਾਂ ਲਾਹ ਰੱਖੀਆਂ ਹਨ ਤਾਂ ਬੀਬੀਆਂ ਨੇ ਵੀ ਸ਼ਾਇਦ ਜੀਨਾਂ ਪਹਿਨਣ ਦੇ ਨਾਲ ਮਾੜੇ-ਮੋਟੇ ਦੁਪੱਟੇ ਹੁਣ ਸਿਰਫ ਫਾਹਾ ਲੈਣ ਨੂੰ ਰੱਖੇ ਹਨ। ਕੀ ਮੁੰਡੇ ਤੇ ਕੀ ਕੁੜੀਆਂ ਬਸ ਸਭ ਨੇ ਖੇਡ ਪ੍ਰੇਮੀਆਂ ਵਜੋਂ ਸਿਰ ਢਕਣ ਦੀ ਖਾਤਰ ਬਿਸ਼ਨ ਸਿੰਘ ਬੇਦੀ, ਮਨਿੰਦਰ ਸਿੰਘ ਸੰਧੂ, ਹਰਭਜਨ ਸਿੰਘ ਭੱਜੀ, ਜੀਵ ਮਿਲਖਾ ਸਿੰਘ ਦੀ ਨਕਲ ਮਾਰ ਕੇ ਕ੍ਰਿਕਟ ਕੈਪਸ ਪਹਿਨ ਰੱਖੀਆਂ ਹਨ। ਪੰਜਾਬ ਦੇ ਨੌਜਵਾਨ ਸਪੂਤ ਨਵਜੋਤ ਸਿੰਘ ਸਿੱਧੂ ਨੇ ਵੀ ਬੇਸ਼ੱਕ ਕਦੇ-ਕਦਾਈਂ ਖੇਡਦੇ ਸਮੇਂ ਕ੍ਰਿਕਟ ਕੈਪ ਪਹਿਨੀ ਹੋਵੇਗੀ, ਪਰ ਉਸ ਨੇ ਅਕਸਰ ਹੀ ਆਪਣੀ ਸੋਹਣੀ ਛੱਬ ਉਤੇ ਸੋਹਣੀ ਫਬਦੀ ਪੱਗ ਹੀ ਬੰਨ੍ਹੀ ਹੈ। ਪ੍ਰੰਤੂ ਜਦੋਂ ਦਾ ਉਹ ਟੀ.ਵੀ ਸ਼ੋਅ ਕਰਨ ਵਾਲੇ ਪਾਸੇ ਆਇਆ ਹੈ ਤਾਂ ਉਸ ਦੀ ਰੀਸੋ-ਰੀਸੀ ਸਾਡੇ ਫੈਸ਼ਨ ਦੇ ਪੱਟੇ ਨੌਜਵਾਨ ਆਪਣੀਆਂ ਪੁਸ਼ਾਕਾਂ ਉਸ ਵਰਗੀਆਂ ਬਣਾ ਕੇ ਆਪਣੇ ਮਾਂ-ਪਿਓ ਨੂੰ ਖੁੰਗਲ ਕਰ ਰਹੇ ਹਨ।

ਸਾਡੇ ਐਕਟਰਾਂ ਤੇ ਲੋਕ ਗਾਇਕਾਂ ਦੀ ਤਾਂ ਅਸੀਂ ਗੱਲ ਹੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪ੍ਰੋਫੈਸ਼ਨ ਵਿਚ ਉਨ੍ਹਾਂ ਦੀ ਵਡੇਰੀ ਪੀੜ੍ਹੀ ਧਰਮਿੰਦਰ ਦਿਓਲ, ਦਾਰਾ ਸਿੰਘ, ਮਨੋਹਰ ਦੀਪਕ ਤੇ ਮੰਗਲ ਢਿੱਲੋਂ, ਗੁਰਦਾਸ ਮਾਨ, ਹਰਭਜਨ ਮਾਨ ਤੇ ਭਗਵੰਤ ਮਾਨ ਵਰਗਿਆਂ ਨੇ ਪੱਗ ਨੂੰ ਚਿਰਾਂ ਤੋਂ ਫਤਹਿ ਬੁਲਾ ਰੱਖੀ ਹੈ। ਬੇਸ਼ੱਕ ਇਹ ਗੱਲ ਵੱਖਰੀ ਹੈ ਕਿ ਆਮ ਦੱਸਿਆ ਜਾਂਦਾ ਹੈ ਕਿ ਇਹ ਸਾਰੇ ਕੱਟ-ਸਰਡ ਸਰਦਾਰ ਕਹਾਉਂਦੇ ਸਾਰੇ ਸੱਜਣ ਬਹੁਤ ਹੀ ਧਾਰਮਿਕ ਰੰਗਣਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਵਾਲੇ ਹਨ। ਪਰ ਦੁਨੀਆਂ ਨੂੰ ਪਹਿਲਾਂ ਤਾਂ ਬਾਹਰੀ ਰੂਪ ਹੀ ਦਿਸਦਾ ਹੈ।

ਪਰ ਮੇਰਾ ਨਹੀਂ ਖਿਆਲ ਕਿ ਕਦੇ ਵੀ ਕਿਸੇ ਸਿੱਖ ਸੰਸਥਾ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਡੇ ਇਨ੍ਹਾਂ ਹੋਣਹਾਰ ਕੌਮੀ ਸਿਤਾਰਿਆਂ ਨੂੰ ਪ੍ਰੇਰਣਾ ਮਾਤਰ ਪਗੜੀ ਧਾਰਨ ਕਾਰਨ ਦੀ ਸਲਾਹ ਦਿੱਤੀ ਹੋਵੇ? ਜੀਵ ਮਿਲਖਾ ਸਿੰਘ ਦੇ ਨਾਲ ਖੜ੍ਹੇ ਉਸ ਦੇ ਕੋਚ ਅੰਮ੍ਰਿਤਇੰਦਰ ਸਿੰਘ ਦੀ ਇਟਲੀ ਦੇ ਸ਼ਹਿਰ ਮਿਲਾਨ ਵਿਚ ਹੋਈ ਬੇਅਦਬੀ ਤਾਂ ਸਭ ਨੇ ਵੇਖੀ ਹੈ। ਪਰ ਨਾਲ ਹੀ ਖੜ੍ਹੇ ਜੀਵ ਮਿਲਖਾ ਸਿੰਘ ਜਾਂ ਸਾਡੇ ਹੋਣਹਾਰ ਖਿਡਾਰੀਆਂ ਤੇ ਗਾਇਕਾਂ ਦੇ ਸਿਰਾਂ ਤੋਂ ਗਾਇਬ ਪਗੜੀਆਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਸਗੋਂ ਸਾਡੇ ਆਪਣੇ ਘਰਾਂ ਵਿਚ ਸਾਡੇ ਨੌਜਵਾਨਾਂ ਦੀਆਂ ਸਵੈ ਇੱਛਾ ਨਾਲ ਧੜਾ-ਧੜ ਲੱਥ ਰਹੀਆਂ ਪਗੜੀਆਂ ਵੱਲ ਸਾਡਾ ਕਿਸੇ ਦਾ ਧਿਆਨ ਹੀ ਨਹੀਂ ਹੈ।

ਜਦੋਂ ਕਿ ਸਾਡੇ ਸਾਹਮਣੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਜਨਰਲ ਹਰਬਖਸ਼ ਸਿੰਘ, ਮਾਰਸ਼ਲ ਆਫ ਏਅਰ ਫੋਰਸ ਅਰਜਨ ਸਿੰਘ, ਲੈਫਟੀਨੈਂਟ ਜਨਰਲ ਬਿਕਰਮ ਸਿੰਘ, ਮੇਜਰ ਜਨਰਲ ਆਤਮਾ ਸਿੰਘ, ਫਲਾਈਂਗ ਸਿੱਖ ਮਿਲਖਾ ਸਿੰਘ ਤੇ ਸੰਸਾਰ ਪ੍ਰਸਿੱਧ ਹਾਕੀ ਕਪਤਾਨ ਸ੍ਰ: ਬਲਬੀਰ ਸਿੰਘ ਵਰਗੇ ਅਨੇਕਾਂ ਸਿਰਮੌਰ ਸਿੱਖ ਸਰਦਾਰਾਂ ਦੇ ਸਰੂਪ ਸਾਡੇ ਸਾਹਮਣੇ ਹਨ, ਜਿਨ੍ਹਾਂ ਨੇ ਕਿ ਪੱਗ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਹੀ ਦੇਸ਼ ਦਾ ਮਾਣ-ਸਨਮਾਨ ਵਧਾਇਆ ਹੈ। ਸੰਨ 1968 ਦੀਆਂ ਮੈਕਸੀਕੋ ਉਲੰਪਿਕ ਵਿਚ ਹਾਕੀ ਦੇ 18 ਖਿਡਾਰੀਆਂ ਵਿਚੋਂ 13 ਖਿਡਾਰੀ ਪਗੜੀਧਾਰੀ ਸਿੱਖ ਸਨ। ਇਸ ਤਰ੍ਹਾਂ ਹੀ ਬੈਂਕੌਕ ਵਿਖੇ 1966 ਦੀਆਂ ਏਸ਼ੀਅਨ ਖੇਡਾਂ ਵਿਚ ਹਾਕੀ ਦੇ 18 ਖਿਡਾਰੀਆਂ ਵਿਚੋਂ 12 ਕੇਸਾਧਾਰੀ ਸਨ।

ਹੁਣ ਵੀ ਹਾਕੀ ਟੀਮ ਦਾ ਕਪਤਾਨ ਰਾਜਪਾਲ ਸਿੰਘ ਸਿਰਫ ਕੇਸਾਂ ਹੀ ਨਹੀਂ ਸਗੋਂ ਖੁੱਲ੍ਹੀ ਦਾੜ੍ਹੀ ਨਾਲ ਜਦੋਂ ਹਾਕੀ ਖੇਡਦਾ ਹੈ ਤਾਂ ਖੇਡ ਸੰਸਾਰ ਵਿਚ ਉਸ ਦੇ ਵਿਲੱਖਣ ਰੂਪ ਨੂੰ ਸਾਰੀ ਦੁਨੀਆਂ ਸਲਾਹੁੰਦੀ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਹੁਣ ਵੀ ਭਾਰਤੀ ਖਿਡਾਰੀਆਂ ਦਾ ਦਲ ਉਲੰਪਿਕ ਤੇ ਏਸ਼ੀਅਨ ਖੇਡਾਂ ਵਿਚ ਇਕ ਹੀ ਰੰਗ ਦੀਆਂ ਸੋਹਣੀਆਂ ਦਸਤਾਰਾਂ ਸਜਾ ਕੇ ਮਾਰਚ ਪਾਸਟ ਵਿਚ ਹਿੱਸਾ ਲੈਂਦਾ ਹੈ। ਉਲੰਪਿਕ ਤੇ ਏਸ਼ੀਅਨ ਖੇਡਾਂ ਤਾਂ ਹੁਣ ਵੀ ਹੁੰਦੀਆਂ ਹਨ, ਪਰ ਕੇਸਾਂ ਤੇ ਪਗੜੀ ਵਾਲੇ ਸਿਰਫ਼ ਇਕ-ਦੋ ਖਿਡਾਰੀ ਹੀ ਦਿਸਦੇ ਹਨ। ਖੇਡ ਦੇ ਮੈਦਾਨ ਵਿਚ ਕਦੇ ਪੱਗ ਵਾਲੇ ਖਿਡਾਰੀਆਂ ਦੀ ਨਿਰਾਲੀ ਸ਼ਾਨ ਹੁੰਦੀ ਸੀ।

ਸੰਸਾਰ ਦੇ ਹਾਕੀ ਵਿਜੇਤਾ ਸਰਦਾਰ ਬਲਬੀਰ ਸਿੰਘ ਵਰਗੇ ਸਿੱਖ ਕਪਤਾਨ ਜਦੋਂ ਦਾੜ੍ਹੀ-ਕੇਸਾਂ ਨਾਲ ਵਿਕਟਰੀ ਸਟੈਂਡ 'ਤੇ ਖਲੋਂਦੇ ਸਨ ਤਾਂ ਦੁਨੀਆਂ ਵੇਖਦੀ ਸੀ। ਪਰ ਅਫਸੋਸ ਹੁਣ ਇਹ ਨਜ਼ਾਰਾ ਦੇਖਣ ਨੂੰ ਹੀ ਨਹੀਂ ਮਿਲਦਾ। ਪਰ ਇਸ ਕੋਝੇ ਬਦਲਾਅ ਪਿੱਛੇ ਕਿਤੇ ਨਾ ਕਿਤੇ ਘਰ ਤੋਂ ਲੈ ਕੇ ਸਰਕਾਰਾਂ ਤੇ ਐੱਸ.ਜੀ.ਪੀ.ਸੀ ਤੇ ਧਰਮ ਦੇ ਅਲੰਬਰਦਾਰ ਕਹਾਉਂਦੇ ਬਾਬਿਆਂ ਤੋਂ ਵੱਡੀ ਅਣਗਹਿਲੀ ਹੋਈ ਹੈ।

ਜਦੋਂ ਕਿ ਅਸੀਂ ਹੁਣ ਫੌਜ ਵਿਚ ਪੱਗ ਬੰਨਣ ਲਈ ਸਮੇਂ ਦੀ ਘਾਟ, ਖੇਡ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਮੈਦਾਨ ਵਿਚ ਪਸੀਨੇ ਦੀ ਬਹੁਤਾਤ ਤੇ ਸਟੇਜ ਉਤੇ ਸੋਹਣੇ ਲੱਗਣ ਦੀ ਚਾਹਤ ਦੇ ਕਾਰਨ ਗੁੱਲੀ-ਘੜਨ ਵਾਂਗੂੰ 'ਗੁੱਲੀ-ਘੜ' ਬਹਾਨੇ ਜਿਹੇ ਘੜ ਕੇ ਆਪਣੀ ਸ਼ੋਹਰਤ ਦੀ ਗੁੱਲੀ ਦਣ ਪਾਉਂਦੇ ਰਹਿੰਦੇ ਹਾਂ।

ਜ਼ਿਕਰਯੋਗ ਹੈ ਕਿ ਕਦੇ 18ਵੀਂ ਤੇ 19ਵੀਂ ਸਦੀ ਤੇ ਫਿਰ ਅਜ਼ਾਦੀ ਤੱਕ ਇਹ ਜ਼ਮਾਨਾ ਵੀ ਸੀ ਕਿ ਸਿੱਖ ਸਿਰਫ਼ ਤੇ ਸਿਰਫ਼ ਕੇਸਾਂ ਤੇ ਪੱਗ ਦੀ ਸ਼ਾਨ ਬਦਲੇ ਹੀ ਜਿਉਂਦੇ ਤੇ ਮਰਦੇ ਰਹੇ। ਪਾਕਿਸਤਾਨ ਦੇ ਸ਼ਾਇਰ **ਕਰਾਮਤ ਬੁਖਾਰੀ** ਦਾ ਇਹ ਕਥਨ ਕਿ "ਹਮ ਦਸਤਾਰ ਕੋ ਝੁਕਾਤੇ ਨਹੀ ਤਾਜ ਕੀ ਖਾਤਰ, ਸ਼ੋਹਰਤ ਕੇ ਲੀਏ ਸ਼ਹਿਰ ਮੇਂ ਸਾਜਿਸ਼ ਨਹੀ ਕਰਤੇ" ਉਸ ਸਮੇਂ ਦੇ ਸਿਦਕਵਾਨ ਸਿੱਖਾਂ ਦੀ ਕੇਸਾਂ ਤੇ ਪਗੜੀ ਸਬੰਧੀ ਸ਼ਰਧਾ ਅਤੇ ਉਨ੍ਹਾਂ ਦੀ ਜੀਵਨ ਸ਼ੈਲੀ ਦਾ ਬੜਾ ਸੁੰਦਰ ਪ੍ਰਗਟਾਅ ਹੈ।

ਸਿੱਖਾਂ ਦੇ ਪਹਿਲੇ ਨਵਾਬ ਕਪੂਰ ਸਿੰਘ, ਦਿੱਲੀ ਦੇ ਲਾਲ ਕਿਲੇ ਉਤੇ ਸੰਨ 1783 ਵਿਚ ਸਿੱਖਾਂ ਦਾ ਝੰਡਾ ਲਹਿਰਾਉਣ ਵਾਲੇ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਜਥੇਦਾਰ ਬਘੇਲ ਸਿੰਘ ਤੇ ਉਸ ਤੋਂ ਬਾਅਦ ਬਾਬਾ ਆਲ੍ਹਾ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ ਤੇ ਸ: ਸ਼ਾਮ ਸਿੰਘ ਅਟਾਰੀਵਾਲਾ ਤੇ ਹੁਣ ਤੱਕ ਦੋਨੋਂ ਸੰਸਾਰ ਜੰਗਾਂ ਵਿਚ ਅਨੇਕਾਂ ਸਿੱਖ ਜਰਨੈਲਾਂ ਤੇ ਸਾਰਾਗੜ੍ਹੀ ਦੇ ਅਮਰ ਸ਼ਹੀਦ ਸਿਪਾਹੀਆਂ ਨੇ ਆਪਣੇ ਕੇਸ ਕਟਵਾਉਣ ਤੇ ਪੱਗ ਤਿਆਗਣ ਬਾਰੇ ਤਾਂ ਕਿਸੇ ਨੇ ਕੀ ਸੋਚਣਾ ਸੀ; ਸਗੋਂ ਸੰਸਾਰ ਭਰ ਵਿਚ ਪੱਗ ਦੀ ਸ਼ਾਨ ਵਧਾਈ ਹੈ।

ਇਸ ਸਬੰਧ ਵਿਚ ਮੈਨੂੰ ਯਾਦ ਹੈ ਕਿ ਮੈਂ ਪਿਛਲੇ ਸਾਲ ਇੰਗਲੈਂਡ ਵਿਚ ਟਾਵਰ ਆਫ ਲੰਡਨ ਮਿਊਜ਼ੀਅਮ ਵਿਚ ਸਿੱਖ ਫੌਜ ਦੀ ਬਹਾਦਰੀ ਦੇ ਕਾਰਨਾਮਿਆਂ ਬਾਰੇ ਫੋਟੋਆਂ ਅਤੇ ਕੁਝ ਪ੍ਰਸੰਗ ਪੜ੍ਹ ਰਿਹਾ ਸੀ ਤਾਂ ਮੈਨੂੰ ਪਤਾ ਲੱਗਾ ਕਿ ਜਦੋਂ ਫੌਜੀਆਂ ਵਾਸਤੇ ਦੂਜੀ ਸੰਸਾਰ ਜੰਗ ਵਿਚ ਹੈਲਮਟ ਭਾਵ ਲੋਹ-ਟੋਪ ਪਾਉਣਾ ਲਾਜ਼ਮੀ ਕਰ ਦਿੱਤਾ ਗਿਆ ਤਾਂ ਬਰਮਾ ਵਿਚ ਲੜ ਰਹੇ ਸਿੱਖ ਫੌਜੀਆਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਸਿੱਖ ਫੌਜੀਆਂ ਨੇ ਇਹ ਦਲੀਲ ਦਿੱਤੀ ਕਿ ਸਾਡੇ ਸਿਰ ਲਈ ਪੱਗ ਦੀ ਰੱਖਿਆ ਹੀ ਕਾਫੀ ਹੈ। ਅੰਗਰੇਜ਼ਾਂ ਅਫਸਰਾਂ ਨੇ ਉਨ੍ਹਾਂ ਨੂੰ ਡਰਾਉਣ ਤੇ ਮਨਾਉਣ ਦੀ ਖਾਤਰ ਕਿਹਾ ਕਿ ਠੀਕ ਹੈ; ਪਰ ਜੇ ਤੁਹਾਡੀ ਮੌਤ ਸਿਰ ਵਿਚ ਗੋਲੀ ਲੱਗਣ ਕਰਕੇ ਹੋਈ ਤਾਂ ਤੁਹਾਨੂੰ ਪੈਨਸ਼ਨ ਨਹੀਂ ਮਿਲੇਗੀ। ਹੈਰਾਨੀ ਦੀ ਗੱਲ ਹੈ ਕਿ ਸਭ ਨੇ ਲਿਖ ਕੇ ਦੇ ਦਿੱਤਾ ਕਿ ਬੇਸ਼ੱਕ ਸਾਨੂੰ ਪੈਨਸ਼ਨ ਮਿਲੇ ਜਾਂ ਨਾ ਮਿਲੇ, ਪਰ ਅਸੀਂ ਪੱਗ ਨਹੀਂ ਉਤਾਰਨੀ।

ਇਥੇ ਜ਼ਿਕਰਯੋਗ ਹੈ ਕਿ ਪਹਿਲੀ ਸੰਸਾਰ ਜੰਗ ਤੱਕ ਭਾਰਤੀ ਫੌਜ ਦੀਆਂ ਬਹੁਤ ਸਾਰੀਆਂ ਪਲਟਣਾਂ ਪੱਗਾਂ ਬੰਨ੍ਹਦੀਆਂ ਸਨ। ਇਥੋਂ ਤੱਕ ਕਿ ਗੋਰਖਾ ਪਲਟਣਾਂ ਵੀ ਪੱਗਾਂ ਬੰਨ੍ਹਦੀਆਂ ਸਨ। ਹੁਣ ਵੀ ਜਾਟ ਤੇ ਰਾਜਪੂਤ ਪਲਟਣਾਂ 26 ਜਨਵਰੀ ਵਰਗੇ ਵਿਸ਼ੇਸ਼ ਸਮਾਰੋਹਾਂ 'ਤੇ ਪਗੜੀ ਬੰਨ੍ਹਦੀਆਂ ਹਨ।

ਸਾਨੂੰ ਹੈਰਾਨੀ ਹੋਵੇਗੀ ਕਿ ਸਾਨੂੰ ਤਾਂ 12 ਸਤੰਬਰ, 1897 ਨੂੰ ਹਵਾਲਦਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਈਸ਼ਰ ਸਿੰਘ ਤੇ ਉਸ ਦੀ ਪਲਾਟੂਨ ਦੇ 21 ਸਿੱਖ ਸਿਪਾਹੀਆਂ ਦੀ ਬਹਾਦਰੀ ਹੁਣ ਚਿੱਤ-ਚੇਤੇ ਵੀ ਨਹੀਂ ਹੈ। ਜਦੋਂ ਕਿ ਇਹ ਇਨ੍ਹਾਂ ਯੋਧਿਆਂ ਦੀ ਬਹਾਦਰੀ ਦੇ ਕਿੱਸੇ ਇੰਗਲੈਂਡ, ਬੈਲਜੀਅਮ ਤੇ ਫਰਾਂਸ ਵਿਚ ਗਾਏ ਜਾਂਦੇ ਹਨ। ਬੈਲਜੀਅਮ ਤੇ ਫਰਾਂਸ ਵਿਚ ਤਾਂ ਐਲੀਮੈਂਟਰੀ ਸਕੂਲਾਂ ਵਿਚ ਸਾਰਾਗੜ੍ਹੀ ਦੀ ਲੜਾਈ ਨੂੰ ਸੰਸਾਰ ਭਰ ਦੀਆਂ ਸਿਰੇ ਦੀ ਵਫਾਦਾਰੀ ਤੇ ਬਹਾਦਰੀ ਦੀਆਂ 6 ਲੜਾਈਆਂ ਵਿਚੋਂ ਇਕ ਲੜਾਈ ਹੋਣ ਵਜੋਂ ਪੜ੍ਹਾਇਆ ਜਾਂਦਾ ਹੈ। ਪਰ ਸਾਨੂੰ ਆਪਣੇ ਪੰਜਾਬ ਦੇ ਇਨ੍ਹਾਂ ਮਹਾਨ ਸਪੂਤਾਂ ਦੇ ਨਗਰ-ਖੇੜਿਆਂ ਦਾ ਤਾਂ ਕੀ ਗਿਆਨ ਹੋਣਾ ਸੀ; ਸਗੋਂ ਸਾਨੂੰ ਕੌਮ ਦੀ ਵਡੇਰੀ ਪੀੜ੍ਹੀ ਕਹਾਉਣ ਵਾਲਿਆਂ ਨੂੰ ਵੀ ਇਨ੍ਹਾਂ ਸ਼ਹੀਦਾਂ ਦੇ ਨਾਮਾਂ ਦਾ ਵੀ ਪਤਾ ਨਹੀਂ ਹੈ। ਮੇਰਾ ਖਿਆਲ ਹੈ ਕਿ ਜੇ ਕਿਤੇ ਅੱਜ ਦੇ ਸਮੇਂ ਫਰਾਂਸ ਵਿਚ ਹੋਏ ਪੱਗ ਦੇ ਬਵਾਲ ਨੂੰ ਸਿੱਖਾਂ ਦੀ ਬਹਾਦਰੀ ਦੇ ਇਸ ਪਰਿਪੇਖ ਵਿਚ ਪੇਸ਼ ਕਰਕੇ ਫਰਾਂਸ ਸਰਕਾਰ ਨਾਲ ਗੱਲਬਾਤ ਕੀਤੀ ਜਾਵੇ ਤਾਂ ਕੋਈ ਕਾਰਨ ਨਹੀਂ ਕਿ ਉਹ ਸਾਨੂੰ ਸਾਡਾ ਬਣਦਾ ਮਾਣ-ਸਨਮਾਨ ਨਾ ਦੇਣ।

ਇਸ ਪ੍ਰਸੰਗ ਵਿਚ ਸਾਨੂੰ ਯਾਦ ਹੋਵੇਗਾ ਕਿ ਦੁਨੀਆਂ ਦੀ ਦੂਜੀ ਸੰਸਾਰ ਜੰਗ ਦਾ ਯੂਰਪ ਵਿਚ ਅੰਤਿਮ ਦਿਨ 8 ਮਈ 1945 ਨੂੰ ਸੀ। ਫੌਜੀ ਸ਼ਹੀਦਾਂ ਦੀ ਯਾਦ ਵਿਚ ਇਸ ਦਿਨ ਨੂੰ 'ਵਿਕਟਰੀ ਇਨ ਯੂਰਪ' ਦੇ ਤੌਰ 'ਤੇ ਲੰਡਨ ਵਿਚ ਸੰਨ 1995 ਨੂੰ ਬੜੇ ਮਾਣ-ਸਨਮਾਨ ਨਾਲ 'ਗੋਲਡਨ ਜੁਬਲੀ' ਵਜੋਂ ਮਨਾਇਆ ਗਿਆ ਸੀ। ਜਦੋਂ ਉਥੇ ਇਸ ਸਮਾਗਮ ਵਿਚ ਤਤਕਾਲੀਨ ਵਿਕਟੋਰੀਆ ਕਰੌਸ ਵਿਜੇਤਾ ਹੁਣ ਦੇ ਲੈਫਟੀਨੈਂਟ ਜਨਰਲ ਪਰਮਿੰਦਰ ਸਿੰਘ ਭਗਤ, ਮੇਜਰ ਪ੍ਰਕਾਸ਼ ਸਿੰਘ ਜਲੰਧਰ ਵਾਲੇ, ਕੈਪਟਨ ਗਿਆਨ ਸਿੰਘ ਨਵਾਂਸ਼ਹਿਰ, ਲਾਂਸ ਨਾਇਕ ਨੰਦ ਸਿੰਘ ਮਾਹਲਾ ਕਲਾਂ ਮੋਗਾ ਵਾਲੇ ਦੀ ਧਰਮ ਪਤਨੀ ਮਾਤਾ ਜੋਗਿੰਦਰ ਕੌਰ, ਕੈਪਟਨ ਈਸ਼ਰ ਸਿੰਘ ਗੜ੍ਹਸ਼ੰਕਰ ਤੇ ਹੁਣ ਰਿਵਾੜੀ ਰਹਿੰਦੇ ਹਵਾਲਦਾਰ ਉਮਰਾਓ ਸਿੰਘ ਜਦੋਂ ਆਪਣੇ ਮੈਡਲਾਂ ਨਾਲ ਸਜ-ਧਜ ਕੇ ਟਰੈਫਾਲਗਰ ਸੁਕੇਅਰ ਤੋਂ ਲੰਘ ਰਹੇ ਸਨ ਤਾਂ ਉਥੇ ਸਾਰਾ ਟ੍ਰੈਫਿਕ ਆਪਣੇ ਆਪ ਹੀ ਰੁਕ ਗਿਆ ਸੀ ਅਤੇ ਸਭ ਛੋਟੇ-ਵੱਡੇ ਅੰਗਰੇਜ਼ਾਂ ਨੇ ਹਿੰਦੋਸਤਾਨ ਤੇ ਖਾਸ ਤੌਰ 'ਤੇ ਪੰਜਾਬ ਦੇ ਇਨ੍ਹਾਂ ਸਪੂਤਾਂ ਨੂੰ ਸਟੈਂਡਿੰਗ ਓਵੇਸ਼ਨ ਭਾਵ ਖੜ੍ਹੇ ਹੋ ਕੇ ਸਲੂਟ ਕੀਤਾ ਸੀ।

ਵੀਹਵੀਂ ਸਦੀ ਦੇ ਸ਼ੁਰੂ ਵਿਚ 3 ਮਾਰਚ 1907 ਨੂੰ ਲਾਇਲਪੁਰ ਕਾਨਫਰੰਸ 'ਤੇ ਪੰਜਾਬੀਆਂ ਤੇ ਖਾਸ ਤੌਰ 'ਤੇ ਕਿਸਾਨਾਂ ਦੇ ਸ਼ੋਸ਼ਣ ਵਿਰੁੱਧ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਓ ਜੱਟਾ' ਵਾਲਾ ਗੀਤ ਪੜ੍ਹਿਆ। ਸ਼ਹੀਦ ਭਗਤ ਸਿੰਘ ਦੇ ਦੇਸ਼ ਭਗਤ ਚਾਚੇ ਸ੍ਰ: ਅਜੀਤ ਸਿੰਘ ਨੇ ਇਸ ਗੀਤ ਨੂੰ ਇੰਨਾ ਪ੍ਰਚੱਲਿਤ ਕੀਤਾ ਕਿ ਇਹ ਹੁਣ ਤੱਕ ਕਿਸਾਨਾਂ ਦੇ ਕੌਮੀ ਤਰਾਨੇ ਵਜੋਂ ਪ੍ਰਸਿੱਧ ਹੈ। ਸੋ ਹੁਣ ਵੀ ਕੌਮੀ ਸਵੈਮਾਣ ਬਚਾਉਣ ਲਈ ਪਹਿਲਾਂ ਆਪਣੇ ਘਰਾਂ ਤੋਂ ਆਪਣੇ ਆਪ ਨੂੰ ਹੀ 'ਪਗੜੀ ਸੰਭਾਲ ਓ ਸਿੱਖਾ' ਦੀ ਚਿਤਾਵਨੀ ਦੇਣ ਦੀ ਲੋੜ ਹੈ। ਹੁਣ ਅਸੀਂ ਇਹ ਭਾਵੇਂ ਨਾ ਹੀ ਮੰਨੀਏ ਪਰ ਸੱਚੀ ਗੱਲ ਇਹ ਹੈ ਕਿ ਸਾਡੀ ਪੱਗ ਦੀ ਬੇਅਦਬੀ ਗੈਰਾਂ ਨਾਲੋਂ ਵੱਧ ਅਸੀਂ ਖੁਦ



Original with;
Kulbir Singh Sidhu(I.A.S)
Digitized by;
Panjab Digital Library

ਆਪਣੇ ਘਰ-ਘਰ ਕਰ ਰਹੇ ਹਾਂ। ਜੇ ਅਸੀਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੀਏ ਤਾਂ ਸਪੱਸ਼ਟ ਹੈ ਕਿ ਸਾਡੀ ਹੁਣ ਵਾਲੀ ਮਾਪਿਆਂ ਦੀ ਪੀੜ੍ਹੀ ਨੇ ਪਹਿਲਾਂ ਆਪ 1970 ਵਿਆਂ ਤੋਂ ਬਾਅਦ ਪੱਗ ਨੂੰ ਤਿਲਾਂਜਲੀ ਦੇਣੀ ਸ਼ੁਰੂ ਕੀਤੀ ਸੀ।

ਹੁਣ ਸਾਡੇ ਵਿਆਹ-ਸ਼ਾਦੀਆਂ 'ਤੇ ਪਗੜੀਧਾਰੀ ਸਿੱਖ ਬਾਪ, ਸਿੱਖ ਸਰੂਪ ਵਿਆਂਦੜ ਤੇ ਫਿਰ ਅੱਗੇ ਸਿੱਖ ਸਰੂਪ ਸਹੁਰਾ ਸਾਹਿਬ ਤਾਂ ਕਿਤੇ-ਕਿਤੇ ਹੀ ਵੇਖਣ ਨੂੰ ਮਿਲਦੇ ਹਨ। ਬੇਸ਼ੱਕ ਅਜੇ ਵੀ ਬਹੁਤੇ ਵਿਆਂਦੜ ਮੁੰਡੇ ਭਾਵੇਂ ਉਹ ਵਿਦੇਸ਼ਾਂ ਤੋਂ ਵੀ ਵਿਆਹ ਕਰਾਉਣ ਆਉਣ, ਉਹ ਇਕ ਰਸਮ ਨਿਭਾਉਣ ਲਈ ਅਨੰਦ ਕਾਰਜ ਸਮੇਂ ਪੱਗ ਜ਼ਰੂਰ ਬੰਨ੍ਹਦੇ ਹਨ। ਪਰ ਇਹ ਸਾਰਾ ਕੁਝ ਹਾਸੋ-ਹੀਣਾ ਅਡੰਬਰ ਜਿਹਾ ਹੀ ਬਣ ਗਿਆ ਹੈ। ਸੋ ਇਸ ਲਈ ਅੱਜ ਬੇਹੱਦ ਜ਼ਰੂਰਤ ਇਸ ਗੱਲ ਦੀ ਹੈ ਕਿ ਇਸ ਪੱਖੋਂ ਪਹਿਲਾਂ ਅਸੀਂ ਖ਼ੁਦ ਆਪਣੇ ਆਪ ਨੂੰ ਤੇ ਆਪਣੇ ਨੌਜਵਾਨ ਬੱਚਿਆਂ ਨੂੰ ਸੋਝੀ ਦੇ ਘਰ ਲਿਆਈਏ।

ਸਾਡੀਆਂ ਵਿਧਾਨ ਸਭਾਵਾਂ ਤੋਂ ਲੈ ਕੇ ਦੇਸ਼ਾਂ ਤੇ ਵਿਦੇਸ਼ਾਂ ਵਿਚ ਚੋਣਾਂ ਸਮੇਂ ਧਾਰਮਿਕ ਗੁਰਦੁਆਰਿਆਂ ਤੇ ਸੰਸਥਾਵਾਂ ਦੇ ਅਭਿਲਾਸ਼ੀ ਅਹੁਦੇਦਾਰਾਂ ਵਿਚ ਜਦੋਂ ਧੌਲ-ਮੁੱਕੀ ਹੁੰਦੀ ਹੈ ਤੇ ਕੀਰਤਨੀਆਂ ਵਾਲੇ ਚਿਮਟੇ ਤੇ ਦਾਰੂ-ਸਿੱਕਾ ਚਲਦਾ ਹੈ। ਉਧਰ ਜਾਣੇ-ਅਣਜਾਣੇ ਲੱਥੀਆਂ ਪੱਗਾਂ ਦੇ ਕੋਝੇ ਦ੍ਰਿਸ਼ਟਾਂਤ ਮੀਡੀਆ ਵਧਾ-ਚੜ੍ਹਾ ਕੇ ਦੱਸ ਰਿਹਾ ਹੁੰਦਾ ਹੈ। ਉਦੋਂ ਵਿਦੇਸ਼ਾਂ ਵਿਚ ਹੀ ਨਹੀਂ, ਸਗੋਂ ਸਾਡੇ ਦੇਸ਼ ਵਿਚ ਵੀ ਪੁਲਿਸ ਵਾਲੇ ਬੜੀ ਬੇਫਿਕਰੀ ਨਾਲ ਨੰਗੇ ਸਿਰ ਤੇ ਕਦੇ-ਕਦਾਈਂ ਸਣੇ ਬੂਟ-ਜੁਰਾਬਾਂ ਹੱਲਾ-ਬੋਲ ਵਰਗੀ ਘਿਨੌਣੀ ਮੁਹਿੰਮ ਦਾ ਕੱਟਕ ਚਾੜ੍ਹ ਦਿੰਦੇ ਹਨ।

ਫਿਰ ਸਿਤਮ ਤਾਂ ਇਹ ਹੈ ਕਿ ਕਦੇ ਮਲੂਕੇ, ਕਦੇ ਰਾਮੇ ਤੇ ਫਿਰ ਬਾਦਲ ਆਪਣੀਆਂ ਮੰਗਾਂ ਲਈ ਅੰਦੋਲਨ ਵਾਲੇ ਮੁੰਡੇ-ਕੁੜੀਆਂ ਦੀਆਂ ਪੱਗਾਂ ਤੇ ਚੁੰਨੀਆਂ ਰੁਲਦੀਆਂ ਹਨ। ਇਥੋਂ ਤੱਕ ਕਿ ਕਦੇ-ਕਦੇ ਸਾਡੇ ਵਿਧਾਨ ਦੇ ਰਾਖੇ ਵੀ ਵਿਧਾਨ ਸਭਾ ਵਿਚ ਪੱਗੋ-ਲੱਥੀ ਹੋ ਕੇ ਇਕ-ਦੂਜੇ ਦੀਆਂ ਪੱਗਾਂ ਮਤੀਰਿਆਂ ਵਾਂਗੂੰ ਰੋੜ੍ਹਦੇ ਦਿਸਦੇ ਹਨ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਾਂ ਕਿਸਮਤ ਨਾਲ ਹੀ ਕੋਈ ਇਜਲਾਸ ਅਜਿਹੇ ਭੱਦਰਕਾਰੇ ਤੋਂ ਬਿਨਾਂ ਲੰਘਦਾ ਹੈ। ਖਾਸ ਤੌਰ 'ਤੇ ਵਿਰੋਧੀ ਸੁਰ ਵਾਲਾ ਮੈਂਬਰ ਤਾਂ ਆਪਣੀ ਪੱਗ ਲੁਹਾਉਣ ਤੋਂ ਬਿਨਾਂ ਸੁੱਕਾ ਲੰਘ ਹੀ ਨਹੀਂ ਸਕਦਾ।

ਇਸ ਪਰਿਪੇਖ ਵਿਚ ਫਰਾਂਸ, ਮਿਲਾਨ ਤੇ ਮੋਹਾਲੀ ਵਿਚ ਕੋਈ ਫਰਕ ਨਹੀਂ ਹੈ ਯਾਰੋ। ਜਦੋਂ ਕਦੇ ਅਸੀਂ ਪੰਜਾਬ ਵਿਚ ਬੈਠੇ ਕਿਸੇ ਪੰਜਾਬੀ ਵੀਰ ਦੀ ਵਿਦੇਸ਼ਾਂ ਵਿਚ ਲੱਥੀ ਪੱਗ ਵਾਸਤੇ ਤਿਲ-ਮਿਲਾਉਂਦੇ ਹਾਂ ਜਾਂ ਪੱਗ ਦੀ ਸ਼ਾਨ ਵਾਸਤੇ ਤਰਲੋ-ਮੱਛੀ ਹੁੰਦੇ ਹਾਂ ਤਾਂ ਇਹ ਯਕੀਨ ਹੀ ਨਹੀਂ ਆਉਂਦਾ ਕਿ ਆਪਣੇ ਹੀ ਘਰ ਵਿਚ ਹੋ ਰਹੀਆਂ ਅਜਿਹੀਆਂ ਕੋਝੀਆਂ ਹਰਕਤਾਂ ਵੱਲ ਸਾਡਾ ਧਿਆਨ ਕਿਉਂ ਨਹੀਂ ਜਾਂਦਾ। ਥੋੜੇ ਦਿਨ ਹੀ ਹੋਏ ਹਨ ਕਿ ਇਕ ਬੜੀ ਪ੍ਰਸਿੱਧ ਸਿੱਖ ਸੰਸਥਾ ਨੇ ਮਿਲਾਨ ਦੀ ਮਾੜੀ ਘਟਨਾ ਬਾਰੇ ਤਾਂ ਸਰਕਾਰ ਨਾਲ ਚਿੱਠੀ-ਪੱਤਰੀ ਤੇ ਗੱਲਬਾਤ ਕੀਤੀ ਹੈ, ਪਰ ਇਹ



*Original with;*
Kulbir Singh Sidhu(I.A.S)
*Digitized by;*
Panjab Digital Library

ਹੈਰਾਨੀ ਵਾਲੀ ਗੱਲ ਹੈ ਕਿ ਉਹ ਪੰਜਾਬ ਸਰਕਾਰ ਦਾ ਧਿਆਨ ਪੰਜਾਬ ਵਿਚ ਹੀ ਹੋ ਰਹੀਆਂ ਅਜਿਹੀਆਂ ਕੋਝੀਆਂ ਘਟਨਾਵਾਂ ਵੱਲ ਕਿਉਂ ਨਹੀਂ ਦਿਵਾ ਸਕੇ।

ਕੀ ਇਹ ਤਾਂ ਨਹੀਂ ਹੋ ਰਿਹਾ ਕਿ ਅਸੀਂ ਪੱਗ ਦੀ ਸ਼ਾਨ ਦੇ ਇਸ ਅਹਿਮ ਮੁੱਦੇ 'ਤੇ ਸਿਰਫ ਮਗਰਮੱਛ ਵਾਂਗੂੰ ਅੱਥਰੂ ਵਹਾ ਕੇ ਆਪਣੀਆਂ ਸਿਆਸੀ ਗੁੱਲੀਆਂ ਹੀ ਗਾੜ੍ਹਨ ਲੱਗੇ ਹੋਏ ਹਾਂ? ਜੇ ਇਹ ਵਰਤਾਰਾ ਸਾਡੇ ਘਰ ਹੀ ਹੋ ਰਿਹਾ ਹੈ ਤਾਂ ਸਾਡੇ ਲਈ ਡੁੱਬ ਮਰਨ ਦੀ ਗੱਲ ਹੈ ਅਤੇ ਵਿਦੇਸ਼ੀ ਸਰਕਾਰਾਂ ਤੋਂ ਕੁੱਝ ਉਮੀਦ ਰੱਖਣ ਤੋਂ ਪਹਿਲਾਂ ਆਪਣੇ ਘਰ ਨੂੰ ਹੀ ਸੰਵਾਰਨਾ ਤੇ ਸੁਧਾਰਨਾ ਪਵੇਗਾ।

ਬੇਸ਼ੱਕ ਅਸੀਂ ਅੱਜ ਬਿਲਕੁਲ ਹੱਕ ਬਜਾਨਬ ਹਾਂ ਕਿ ਜਦੋਂ ਅਮਰੀਕਾ, ਫਰਾਂਸ, ਇੰਗਲੈਂਡ ਜਾਂ ਇਟਲੀ ਵਰਗੇ ਮੁਲਕਾਂ ਵਿਚ ਸਿੱਖੀ ਸਰੂਪ ਜਾਂ ਪੱਗ ਦੀ ਬੇਅਦਬੀ ਹੋ ਰਹੀ ਹੈ ਤਾਂ ਅਸੀਂ ਸੰਵਿਧਾਨਿਕ ਤੌਰ 'ਤੇ ਆਪਣੇ ਦੇਸ਼ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਆਪਣੀ 'ਇੱਜ਼ਤ ਤੇ ਇਕਬਾਲ' ਦੀ ਰੱਖਿਆ ਲਈ ਕੋਈ ਬੁਲੰਦ ਅਵਾਜ਼ ਗਿਲਾ ਸ਼ਿਕਵਾ ਕਰੀਏ। ਪਰ ਇਸ ਦੇ ਨਾਲ ਹੀ ਜਿੰਨੀ ਦੇਰ ਤੱਕ ਇਸ ਮਸਲੇ ਦਾ ਕੋਈ ਕੌਮਾਂਤਰੀ ਪੱਧਰ 'ਤੇ ਹੱਲ ਨਹੀਂ ਹੁੰਦਾ, ਉਨੀਂ ਦੇਰ ਅਸੀਂ ਉਥੋਂ ਦੇ ਮੁਲਕਾਂ ਦੇ ਕਾਨੂੰਨ ਮੁਤਾਬਿਕ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਸੁਰੱਖਿਆ ਦੇ ਨਿਯਮਾਂ ਅਨੁਸਾਰ ਆਪਣੇ ਵਲੋਂ ਵੀ ਲੋੜੀਂਦਾ ਸਹਿਯੋਗ ਦੇਈਏ।

ਨਿਰਸੰਦੇਹ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਉਹ ਵਿਦੇਸ਼ੀ ਲੋਕ ਸਾਡੀ ਪੱਗ ਲਾਹੁਣ ਤੇ ਅਸੀਂ ਚੁੱਪ ਕਰਕੇ ਪੱਗ ਲੁਹਾ ਲਈਏ। ਸਗੋਂ ਇਸ ਦਾ ਸੱਪਸ਼ਟ ਭਾਵ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਪੁਰਜ਼ੋਰ ਦਲੀਲ-ਅਪੀਲ ਨਾਲ ਆਪਣੀ ਧਾਰਮਿਕ ਮਰਿਆਦਾ ਬਾਰੇ ਜਾਣੂੰ ਕਰਵਾਈਏ। ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਭਿਅਕ ਮੁਲਕਾਂ ਦੇ ਅਧਿਕਾਰੀ ਤੇ ਉਥੋਂ ਦੇ ਲੋਕ ਜ਼ਰੂਰ ਹੀ ਕੋਈ ਅਜਿਹਾ ਮਰਿਆਦਾ ਪੂਰਨ ਸਾਰਥਕ ਹੱਲ-ਤਰੀਕਾ ਲੱਭ ਲੈਣਗੇ ਕਿ ਸਾਨੂੰ ਉਨ੍ਹਾਂ ਵਿਰੋਧੀਆਂ ਦੀ ਖੰਘ ਵੀ ਕਦੇ ਖੰਗੂਰਾ ਨਾ ਜਾਪੇ।

ਪਰ ਉਸ ਤੋਂ ਪਹਿਲਾਂ ਬਹੁਤ ਠਰੰਮੇ ਤੇ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਪੱਗ ਦੀ ਸ਼ਾਨ ਤੇ ਬੇਅਦਬੀ ਦੇ ਨੁਕਤਾ ਨਿਗਾਹ ਤੋਂ ਪਹਿਲਾਂ ਅਸੀਂ ਆਪ ਹੀ ਵੱਡੇ ਦੋਸ਼ੀ ਨਹੀਂ ਹਾਂ? ਅਸੀਂ ਖੁਦ ਰਾਹੋਂ ਕੁਰਾਹੇ ਪਏ ਹੋਏ ਹਾਂ। ਅਸੀਂ ਇਹ ਕਿਉਂ ਭੁੱਲਦੇ ਹਾਂ ਕਿ ਕਾਫੀ ਚਿਰ ਪਹਿਲਾਂ ਸਾਨੂੰ ਚੰਗੀਆਂ ਗੱਲਾਂ ਤੇ ਕਦਰਾਂ-ਕੀਮਤਾਂ ਦੀ ਥਾਂ 'ਤੇ ਫੋਕੀ ਫੰਨੇ-ਖਾਈ ਤੇ ਫੈਸ਼ਨਪ੍ਰਸਤੀ ਨੇ ਪੱਟਣਾ ਸ਼ੁਰੂ ਕੀਤਾ ਸੀ। ਫਿਰ 'ਬਾਬੇ ਜਿਨ੍ਹਾਂ ਦੇ ਟੱਪਣੇ ਪੋਤੇ ਜਾਣ ਛੜੱਪ' ਦੀ ਲੋਕ ਸਿਆਣਪ ਅਨੁਸਾਰ ਸਾਡੇ ਨਿਆਣੇ ਵੀ ਸਾਥੋਂ ਚਾਰ ਕਦਮ ਅਗਾਂਹ ਕਟ ਸਰਡ ਤੇ ਘੋਨ-ਮੋਨ ਹੋ ਗਏ ਹਨ। ਉਰਦੂ ਦੇ ਸ਼ਾਇਰ **ਅਕਬਰ ਇਲਾਹਬਾਦੀ** ਨੇ ਜੋ ਕਦੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਲਿਖਿਆ ਸੀ; ਉਹ ਅੱਜ ਸਾਡੇ ਆਪਣੇ ਆਪ ਅਤੇ ਸਾਡੇ ਨੌਜਵਾਨਾਂ 'ਤੇ ਹੂਬਹੂ ਢੁਕਦਾ ਹੈ। ਇਸ ਪ੍ਰਥਾਇ ਹੁਣ ਸਾਡੇ ਬੱਚੇ ਬੜੀ ਬੇਰੁਖੀ ਨਾਲ ਸਾਨੂੰ ਕਹਿੰਦੇ ਜਾਪਦੇ ਹਨ ਕਿ:-



*Original with;*
Kulbir Singh Sidhu(I.A.S)
*Digitized by;*
Panjab Digital Library

ਦਾੜ੍ਹੀ ਖੁਦਾ ਕਾ ਨੂਰ ਹੈ ਬੇਸ਼ੱਕ ਮਗਰ ਜਨਾਬ
ਫੈਸ਼ਨ ਕੇ ਇੰਤਜ਼ਾਮੇ-ਸਫਾਈ ਕਾ ਕਿਆ ਕਰੂੰ

ਸ਼ੁਰੂ ਤੋਂ ਹੀ ਪੱਗ ਸਾਡੀ ਇੱਜ਼ਤ ਦਾ ਪ੍ਰਤੀਕ ਰਹੀ ਹੈ। ਸੋ ਸਾਡੀ ਇੱਜ਼ਤ ਤੇ ਪੱਗ ਤਾਂ ਉਦੋਂ ਹੀ ਲੱਥ ਜਾਂਦੀ ਹੈ, ਜਦੋਂ ਕੋਈ ਸਰਦਾਰ ਮੁੰਡਿਆਂ ਨੂੰ ਬੱਸਾਂ, ਗੱਡੀਆਂ ਜਾਂ ਸੜਕਾਂ 'ਤੇ ਸਰਦਾਰ ਜੀ ਦੀ ਬਜਾਏ ਬਾਬੂ ਜੀ ਪਿੱਛੇ ਹਟੋ ਕਹਿ ਕੇ ਸੰਬੋਧਨ ਕਰਦਾ ਹੈ। ਇਸ ਲਈ ਬੇਗਾਨਿਆਂ ਤੇ ਗੈਰਾਂ ਨਾਲ ਦਸਤਪੰਜਾ ਲੈਣ ਤੋਂ ਪਹਿਲਾਂ ਇਹ ਵਿਚਾਰਨਾ ਹੋਵੇਗਾ ਕਿ ਸਾਡੀਆਂ ਆਪਣੀਆਂ ਹੀ ਕਮਜ਼ੋਰੀਆਂ ਨੇ ਸਾਹ-ਸੱਤਹੀਣ ਕਰ ਰੱਖਿਆ ਹੈ।

ਅਸੀਂ ਇਕ ਬੜੀ ਪ੍ਰੈਕਟੀਕਲ ਜਿਹੀ ਸਥਿਤੀ ਵਜੋਂ ਵਿਚਾਰ ਕੇ ਦੇਖੀਏ ਕਿ 'ਪਟਿਆਲਾ ਪੱਗ' ਮਾਹਰਾਜਾ ਰਾਜਿੰਦਰ ਸਿੰਘ ਤੇ ਭੁਪਿੰਦਰ ਸਿੰਘ ਦੇ ਸਮੇਂ ਤੋਂ ਆਪਣੇ ਸੋਹਣੇ ਤੇ ਸ਼ਾਨਦਾਰ ਬੰਧੇਜ ਕਰਕੇ ਇੰਨੀ ਪ੍ਰਸਿੱਧ ਹੋਈ ਸੀ ਕਿ ਭਾਰਤੀ ਫੌਜ ਵਿਚ ਅੱਜ ਤੱਕ ਵੀ ਪਟਿਆਲਾ ਪੱਗ ਦੀ ਨਕਲ ਕਰਕੇ ਇਕ ਖਾਸ ਤਰੀਕੇ ਨਾਲ ਸਿੱਖ ਰੈਜੀਮੈਂਟਾਂ ਬੇਹੱਦ ਸ਼ਾਨਦਾਰ ਪੱਗਾਂ ਬੰਨ੍ਹਦੀਆਂ ਹਨ। ਪਟਿਆਲਾ ਪੱਗ ਦੀ ਇਹ ਪ੍ਰਥਾ ਮਾਹਰਾਜਾ ਯਾਦਵਿੰਦਰ ਸਿੰਘ, ਭਾਲਿੰਦਰ ਸਿੰਘ ਤੇ ਹੁਣ ਰਣਧੀਰ ਸਿੰਘ ਨੇ ਭਾਰਤ ਦੇ ਖੇਡ ਸੰਸਾਰ ਵਿਚ ਕਾਇਮ ਰੱਖੀ ਹੋਈ ਹੈ। ਪਰ ਅਸੀਂ ਪਟਿਆਲਾ ਹਾਊਸ ਦੇ ਚੰਗੇ ਤੌਰ-ਤਰੀਕੇ ਤੇ ਸਲੀਕੇ ਨੂੰ ਨਾ ਅਪਣਾ ਕੇ ਇਨ੍ਹਾਂ ਦੀ ਮਾੜੀ ਰਿਵਾਇਤ ਪਟਿਆਲਾ ਪੈੱਗ ਭਾਵ ਸ਼ਰਾਬ ਦੇ ਵੱਡੇ ਪਿਆਲੇ ਨੂੰ ਆਪਣੇ ਹੀ ਹਿਸਾਬ ਨਾਲ ਅਪਣਾ ਲਿਆ ਹੈ।

ਬੜੀ ਸਪਸ਼ਟ ਗੱਲ ਇਹ ਹੈ ਕਿ 'ਸਿੱਕਾ ਖੋਟਾ ਆਪਣਾ, ਬਾਣੀਏਂ ਨੂੰ ਕੀ ਦੋਸ਼' ਦੇ ਪ੍ਰਸਿੱਧ ਅਖਾਣ ਮੁਤਾਬਿਕ ਸਭਿਆਚਾਰਕ ਤੇ ਸਦਾਚਾਰ ਪੱਖੋਂ ਪਹਿਲਾਂ ਤਾਂ ਸਾਡੇ ਵਿਚ ਕਮਜ਼ੋਰੀਆਂ ਆਈਆਂ, ਜੋ ਕਿ ਸਾਡੇ ਬੱਚਿਆਂ ਤੱਕ ਅਸੀਂ ਆਪਣੇ ਵਿਰਾਸਤ ਦੇ ਤੌਰ 'ਤੇ ਉਨ੍ਹਾਂ ਨੂੰ ਦਿੱਤੀਆਂ ਹਨ। ਸੰਨ 1984 ਤੋਂ ਪਹਿਲਾਂ ਖੱਤਰੀ ਤੇ ਅਰੋੜਾ ਸਿੱਖਾਂ ਦੇ ਘਰ ਰੋਮਾਂ ਦੀ ਬੇਅਦਬੀ ਕਦੇ ਸੋਚੀ ਵੀ ਨਹੀਂ ਜਾ ਸਕਦੀ ਸੀ। ਹੁਣ ਇਕ ਵਾਰ ਦੀ ਸਿਰੇ ਦੀ ਮਜਬੂਰੀ ਤੋਂ ਬਾਅਦ ਹੁਣ ਰੀਸੋ-ਰੀਸ ਚੱਲ ਸੋ ਚੱਲ ਦੀ ਖੇਡ ਬਣ ਗਈ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਹੁਣ ਜਦੋਂ ਲੋਕਾਂ ਦੇ ਘਰ ਲੱਗੀ ਬਸੰਤਰ ਭਾਵ ਅੱਗ ਸਾਡੇ ਆਪਣੇ ਘਰਾਂ ਵਿਚ ਦਾਵਾਨਲ ਵਰਗੀ ਅੱਗ ਬਣ ਚੁੱਕੀ ਹੈ ਤਾਂ ਸਾਨੂੰ ਮਾੜੀ-ਮੋਟੀ ਸਮਝ ਆ ਰਹੀ ਹੈ ਕਿ ਇਸ ਪੱਖੋਂ ਸਭ ਕੁਝ ਠੀਕ ਨਹੀਂ ਹੈ।

ਸਾਡੀ ਇਹ ਸਥਿਤੀ ਬਿਲਕੁਲ ਇਸ ਤਰ੍ਹਾਂ ਦੀ ਹਾਸੋ-ਹੀਣੀ ਹੈ ਕਿ ਜਿਵੇਂ ਇਕ ਮਰਾਸੀ ਦੀ ਰਜ਼ਾਈ ਨੂੰ ਅੱਗ ਲੱਗ ਗਈ। ਉਸ ਨੂੰ ਨਸ਼ੇ-ਪੱਤੇ ਦੀ ਲੋਰ ਵਿਚ ਪਹਿਲਾਂ ਤਾਂ ਪਤਾ ਹੀ ਨਾ ਲੱਗਿਆ। ਪਰ ਜਦੋਂ ਅੱਗ ਧੁਖਦੀ-ਧੁਖਦੀ ਪੈਰਾਂ ਤੋਂ ਗੋਡਿਆਂ ਤੇ ਅੱਗੇ ਫਿਰ ਸਿਰ ਵੱਲ ਨੂੰ ਆਉਣ ਲੱਗੀ ਤਾਂ ਮਰਾਸੀ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਕਿ ਸੌਹਰੇ ਗਵਾਂਢੀਆਂ ਦੇ ਅੱਗ ਲੱਗ ਗਈ ਹੈ। ਦੇਖੋ ਭਾਈ! ਕੋਈ ਅੱਗ ਨੂੰ ਕਿਉਂ ਨਹੀਂ ਬੁਝਾਉਂਦਾ? ਇੰਨੇ ਨੂੰ ਜਦੋਂ ਅੱਗ ਦਾ ਸੇਕ ਬਿਲਕੁਲ ਜਦੋਂ ਦਾੜ੍ਹੀ ਨੂੰ ਲੱਗਣ



*Original with;*
Kulbir Singh Sidhu(I.A.S)
*Digitized by;*
Panjab Digital Library

ਲੱਗਾ ਤਾਂ ਮਰਾਸੀ ਨੂੰ ਸੁਰਤ ਆਈ ਕਿ ਸਾਲੀ ਅੱਗ ਤਾਂ ਆਪਣੇ ਘਰ ਨੂੰ ਹੀ ਲੱਗੀ ਹੋਈ ਹੈ। ਇਸ ਲਈ ਉਸ ਨੇ ਸੰਘ ਪਾੜ ਕੇ ਹੋਰ ਵੀ ਹਾਲ-ਪਾਰ੍ਹਿਆ ਮਚਾਉਣੀ ਸ਼ੁਰੂ ਕੀਤੀ। ਤਾਂ ਜਾ ਕੇ ਕਿਤੇ ਉਸ ਦੇ ਟੱਬਰ ਨੇ ਅੱਗ ਬੁਝਾਉਣ ਦਾ ਕੋਈ ਔਹੜ-ਪੌਹੜ ਕੀਤਾ।

ਖ਼ੈਰ! ਸਿਆਣੇ ਕਹਿੰਦੇ ਹਨ ਕਿ 'ਜਦੋਂ ਜਾਗ ਆ ਜਾਏ, ਉਦੋਂ ਹੀ ਸਵੇਰਾ' ਸਮਝ ਲੈਣਾ ਚਾਹੀਦਾ ਹੈ। ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ। ਕਿਸੇ ਵੀ ਸਮਾਜ ਦੇ ਲੋਕਾਂ ਦੇ ਵਿਅਕਤੀਤਵ ਨੂੰ ਬਣਾਉਣ ਲਈ ਪਹਿਲਾਂ ਘਰ-ਪਰਿਵਾਰ ਦੇ ਸੰਸਕਾਰ ਤੇ ਫਿਰ ਚੌਗਿਰਦੇ ਦੇ ਵਾਤਾਵਰਣ ਦਾ ਅਸਰ ਸਹਾਈ ਹੁੰਦਾ ਹੈ। ਇਸ ਲਈ ਸਾਡੇ ਘਰਾਂ ਵਿਚ ਅਸੀਂ ਮਾਪੇ ਪਹਿਲਾਂ ਸਿੱਖੀ ਤੇ ਰਹਿਤ-ਮਰਿਆਦਾ ਦੇ ਆਪਣੇ ਆਪ ਨੂੰ ਮਾੜੇ-ਮੋਟੇ ਧਾਰਨੀ ਬਣਾ ਲਈਏ। ਫਿਰ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਾਡੇ ਬੱਚੇ ਸਾਡੀ ਦੇਖਾ-ਦੇਖੀ; ਸਾਡੀਆਂ ਭਾਸ਼ਣ ਤੇ ਵਖਿਆਨਾਂ ਰੂਪੀ ਹਦਾਇਤਾਂ ਸੁਣ ਕੇ ਸੁਧਰਨ ਨਾਲੋਂ ਕਿਤੇ ਵੱਧ ਸੁਧਰ ਜਾਣਗੇ।

ਇਸ ਤੋਂ ਬਾਅਦ ਫਿਰ ਸਮਾਜਿਕ ਤੇ ਰਾਜਨੀਤਿਕ ਚੌਗਿਰਦੇ ਦੀ ਗੱਲ ਆਉਂਦੀ ਹੈ। ਇਸ ਵਿਚ ਸਾਡੀਆਂ ਧਾਰਮਿਕ ਸੰਸਥਾਵਾਂ ਬੱਚਿਆਂ ਨੂੰ ਮੁੱਢ ਤੋਂ ਹੀ ਕੋਈ ਮੱਸਿਆ, ਸੰਗਰਾਂਦਾਂ ਤੇ ਸਮਾਗਮਾਂ-ਸੰਮੇਲਨਾਂ ਵਿਚ ਸਿੱਖੀ ਤੇ ਸਭਿਆਚਾਰ ਦੀ ਕੋਈ ਜਾਣਕਾਰੀ ਦੇਣ ਦੇ ਉਪਰਾਲੇ ਕਰਨ। ਫਿਰ ਸਰਕਾਰਾਂ ਆਪਣੇ ਫਰਜ਼ ਪਛਾਣਦੀਆਂ ਹੋਈਆਂ ਕੌਮ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਾਠਕ੍ਰਮਾਂ ਵਿਚ ਗੁਰੂਆਂ-ਪੀਰਾਂ ਤੇ ਸ਼ਹੀਦਾਂ-ਮੁਰੀਦਾਂ ਦੇ ਜੀਵਨਾਂ ਤੇ ਉਨ੍ਹਾਂ ਦੇ ਆਦਰਸ਼ ਫਲਸਫਿਆਂ ਦਾ ਪਾਠ ਪੜ੍ਹਾਉਣ ਲੱਗ ਪੈਣ ਤਾਂ ਸਾਰੇ ਵਾਰੇ-ਨਿਆਰੇ ਹੋ ਸਕਦੇ ਹਨ। ਪਰ ਅਫਸੋਸ ਹੈ ਕਿ ਇਸ ਸਬੰਧੀ ਕੁਝ ਨਹੀਂ ਹੋ ਰਿਹਾ।

ਸਮਾਜਿਕ ਤੌਰ 'ਤੇ ਅਜੋਕੇ ਸਮੇਂ ਦੇ ਮਾਪੇ ਕਿਤੇ ਵਕਤਨ-ਫਕਤਨ ਆਪਣੇ ਮੁੰਡੇ-ਕੁੜੀਆਂ ਨੂੰ ਸ਼ਰਮ-ਹਯਾ ਦੇ ਨਜ਼ਰੀਏ ਤੋਂ ਕਿਤੇ ਥੋੜ੍ਹਾ ਜਿਹਾ ਹੀ ਪੁੱਛ ਲੈਣ ਕਿ ਉਹ ਕਿਹੜੇ ਰਾਹ ਪਏ ਹੋਏ ਹਨ? ਜੇ ਬੱਚਿਆਂ ਵੱਲੋਂ ਗ੍ਰਹਿਸਥੀ ਦੇ ਵੱਡੇ ਆਸ਼ਰਮ ਵਿਚ ਪੈਰ ਰੱਖਣ ਤੋਂ ਪਹਿਲਾਂ ਵਿਆਹ-ਬੰਧਨਾਂ ਦੀ ਗੱਲ ਕਰਨ ਵੇਲੇ ਜ਼ਰਾ ਪੱਗ ਵਾਲੇ ਸਾਕਾਂ-ਸੰਮਧੀਆਂ ਨੂੰ ਤਰਜੀਹ ਮਿਲਣ ਲੱਗ ਪਵੇ ਤਾਂ ਵੀ ਕੁਝ ਮੋੜਾ ਪੈ ਸਕਦਾ ਹੈ। ਮੁੱਕਦੀ ਗੱਲ ਜੇ ਮਾਪੇ ਆਪਣੀ ਚੰਗੀ ਜੀਵਨ ਸ਼ੈਲੀ ਤੇ ਜੀਵਨ ਜਾਚ ਨੂੰ ਉਹ ਆਪਣੇ ਕੁਰਾਹੇ ਪਏ ਬੱਚਿਆਂ ਨੂੰ ਉਦਾਹਰਣ ਵਜੋਂ ਪੇਸ਼ ਕਰਕੇ ਗਾਹੇ-ਬਗਾਹੇ ਕਿਤੇ ਅਪੀਲ ਹੀ ਕਰ ਲੈਣ ਕਿ ਉਹ ਸੋਝੀ ਦੇ ਘਰ ਮੁੜ ਆਉਣ ਤਾਂ ਕੋਈ ਕਾਰਨ ਨਹੀਂ ਕਿ ਇਸ ਵਿਗੜ ਰਹੀ ਸਥਿਤੀ ਦਾ ਕੋਈ ਹੱਲ ਨਾ ਲੱਭੇ।

ਧਰਮ ਨਿਰਪੱਖਤਾ ਦੇ ਨਜ਼ਰੀਏ ਤੋਂ ਭਾਵੇਂ ਸਾਡੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਕਿਸੇ ਨੂੰ ਵਧੀਆ ਸਿੱਖ ਬਣਨ ਲਈ ਸ਼ਾਇਦ ਸਿੱਧੇ ਤੌਰ 'ਤੇ ਪ੍ਰੇਰਣਾ ਨਾ ਦੇ ਸਕਣ। ਪਰ ਜੇ ਕਿਤੇ ਸਾਡੀਆਂ ਸਰਕਾਰਾਂ ਤੇ ਖਾਸ ਤੌਰ 'ਤੇ ਅਕਾਲੀ ਦਲ ਦੀ ਪੰਥਕ ਸਰਕਾਰ ਨੌਕਰੀ ਦੇਣ ਵੇਲੇ ਇੰਟਰਵਿਊ ਵਿਚ ਮੌਖਿਕ ਭਾਵ ਮੂੰਹ ਜ਼ੁਬਾਨੀ ਜਿਹੀ ਪੁੱਛਗਿੱਛ ਵਜੋਂ ਪੱਗ ਬਾਰੇ ਸਵਾਲ-ਜਵਾਬ ਕਰਨੇ ਸ਼ੁਰੂ ਕਰ ਦੇਣ ਤਾਂ 'ਗਊਂ ਭੁਨਾਵੇ



Original with;
Kulbir Singh Sidhu(I.A.S)
Digitized by;
Panjab Digital Library

ਜੌਂ ਭਾਵੇਂ ਗਿੱਲੇ ਹੀ ਹੋਣ' ਦੀ ਲੋਕ ਸਿਆਣਪ ਮੁਤਾਬਿਕ ਪੱਗ ਦਾ ਬਹੁਤਾ ਮਸਲਾ ਹੱਲ ਹੋ ਸਕਦਾ ਹੈ।

ਇਸ ਤਰ੍ਹਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੁਧਾਰਕ ਸੰਸਥਾਵਾਂ ਅੰਮ੍ਰਿਤ ਸੰਚਾਰ ਦੇ ਮੌਸਿਆ-ਸੰਗਰਾਂਦ ਅਤੇ ਵੱਡੇ-ਵੱਡੇ ਸਮਾਗਮ ਰਚਣ ਤੋਂ ਪਹਿਲਾਂ ਪਿੰਡਾਂ ਤੇ ਸ਼ਹਿਰਾਂ ਵਿਚ ਨਿਰੋਲ ਸਦਾਚਾਰ ਤੇ ਸਭਿਆਚਾਰ ਦੇ ਸਮਾਗਮ ਕਰਕੇ ਅੰਮ੍ਰਿਤ ਧਾਰਨ ਕਰਨ ਵਾਲਿਆਂ ਲਈ ਜ਼ਮੀਨ ਤਿਆਰ ਕਰਨ ਦੇ ਲੋੜੀਂਦੇ ਉਪਰਾਲੇ ਕਰਨ। ਸਾਡੇ ਸਰਵ-ਉੱਚ ਅਕਾਲ ਤਖਤ ਦੇ ਸਤਿਕਾਰਯੋਗ ਜਥੇਦਾਰ ਸਾਹਿਬ ਕਿਤੇ ਗੁਰੂ ਨਾਨਕ ਦੇਵ ਜੀ ਦੀ ਕਲਮ ਤੋਂ ਦਸਮੇਸ਼ ਪਿਤਾ ਦੇ ਸਰਬੰਸਦਾਨ ਤੱਕ ਤਲਵਾਰ ਦੇ ਸਫਰ ਦੀ ਸੋਝੀ ਕੌਮ ਨੂੰ ਦੇਣ ਹਿੱਤ ਸਾਡੇ ਆਗੂਆਂ ਨੂੰ ਕੋਈ ਹੁਕਮਨਾਮਾ ਕਰਨ ਦੀ ਹੀ ਕ੍ਰਿਪਾਲਤਾ ਕਰ ਲੈਣ ਤਾਂ ਕੋਈ ਵੱਡੀ ਗੱਲ ਨਹੀਂ ਕਿ ਸਿੱਖੀ ਤੇ ਦਸਤਾਰ ਦੀ ਘੱਟ ਕੌਡੀ ਰੁਲ ਰਹੀ ਸ਼ਾਨ ਦੇ ਮਰਜ਼ ਦਾ ਇਲਾਜ ਨਾ ਹੋ ਸਕੇ। ਪਰ ਪਹਿਲਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਹੁਣ ਤੱਕ ਦਿਨ-ਬ-ਦਿਨ ਸਾਡੇ ਸਾਹਮਣੇ ਸਾਡੀ ਆਪਣੀ ਅਣਗਹਿਲੀ ਕਰਕੇ ਇਹ ਮਰਜ਼ ਵਧਦਾ ਗਿਆ ਹੈ। ਪਰ ਅਸੀਂ ਢੰਗ-ਤਰੀਕੇ ਦੀ ਦੁਆ ਜਾਂ ਦਵਾ ਨਹੀਂ ਕਰ ਸਕੇ।

ਅਖੀਰਲੀ ਗੱਲ ਇਹ ਹੈ ਕਿ ਇਹ ਸਾਰੇ ਵਰਤਾਰੇ ਲਈ ਇਕ ਘਰ-ਪਰਿਵਾਰ ਤੋਂ ਲੈ ਕੇ ਸਮਾਜ ਸੁਧਾਰਕਾਂ ਤੇ ਸਰਕਾਰੇ-ਦਰਬਾਰੇ ਸਾਡੇ ਪੰਥਕ ਆਗੂਆਂ ਤੱਕ ਲੋੜੀਂਦੀ ਸੰਵੇਦਨਾ ਤੇ ਸੁਧਾਰੂ ਚੇਤਨਾ ਦੀ ਘਾਟ ਹੈ। ਅਸੀਂ ਦੇਖਦੇ ਹਾਂ ਕਿ ਫਰਾਂਸ, ਅਮਰੀਕਾ ਤੇ ਇਟਲੀ-ਮਿਲਾਨ ਵਿਚ ਪਗੜੀ ਦੀ ਬੇਅਦਬੀ ਬਾਰੇ ਤਾਂ ਪੰਜਾਬ ਸਰਕਾਰ ਨੇ ਇਥੋਂ ਤੱਕ ਵਾ-ਵੇਲਾ ਖੜ੍ਹਾ ਕੀਤਾ ਹੈ ਕਿ ਕੇਂਦਰ ਸਰਕਾਰ ਨੈਤਿਕ ਅਧਾਰ 'ਤੇ ਅਸਤੀਫਾ ਦੇਵੇ ਕਿਉਂਕਿ ਇਸ ਪੱਖੋਂ ਉਹ ਨਾਕਾਮ ਸਾਬਿਤ ਹੋਈ ਹੈ। ਪਰ ਕ੍ਰਿਕਟ ਸਟੇਡੀਅਮ ਮੋਹਾਲੀ ਵਿਖੇ ਪੰਜਾਬ ਪੁਲਿਸ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਨਜਿੱਠਣ ਲਈ ਇਕ ਗੁਰ ਸਿੱਖ ਦੀ ਪੱਗ ਜਿੰਨੀ ਹਿਕਾਰਤ, ਨਫਰਤ ਤੇ ਬੇਕਿਰਕੀ ਨਾਲ ਲਾਹੁੰਦੀ ਹੋਈ ਦੁਨੀਆਂ ਨੂੰ ਟੀ.ਵੀ 'ਤੇ ਜਿਸ ਤਰ੍ਹਾਂ ਨਜ਼ਰ ਆਈ ਹੈ, ਉਸ ਤੋਂ ਤਾਂ ਇਹ ਹੀ ਜਾਪਦਾ ਹੈ ਕਿ ਇਹ ਸਾਡੀ ਮੋਹਾਲੀ ਨਹੀਂ; ਸਗੋਂ ਇਹ ਇਟਲੀ ਦਾ ਮਿਲਾਨ ਸ਼ਹਿਰ ਹੈ।

ਇਸ ਸਾਰੇ ਭਦਰਕਾਰੇ ਵਿਚ ਸਾਡੇ ਆਗੂਆਂ ਤੇ ਸਰਕਾਰਾਂ ਲਈ ਪੱਗ ਦੀ ਬੇਅਦਬੀ ਦਾ ਸਾਰਾ ਮਸਲਾ ਧਾਰਮਿਕ ਸੰਵੇਦਨਾ ਦੀ ਬਜਾਏ ਸਿਰਫ਼ ਰਾਜਨੀਤਿਕ ਪੱਧਰ 'ਤੇ ਇਕ-ਦੂਜੇ ਦੀ ਟੰਗੜੀ ਖਿੱਚਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਪਰ ਇਥੇ ਇਹ ਸਮਝਣ ਦੀ ਲੋੜ ਹੈ ਕਿ ਮੇਰੀ ਮਾਂ ਕਿਹਾ ਕਰਦੀ ਸੀ ਕਿ 'ਸ਼ਾਨ ਮਾਰੇ ਔਰ ਕੋ, ਕੁਸ਼ਾਨ ਮਾਰੇ ਆਪ ਕੋ' ਭਾਵ ਜੇ ਸਾਡੀ ਸ਼ਾਨ ਹੋਵੇਗੀ ਤਾਂ ਬੇਸ਼ੱਕ ਦੁਨੀਆਂ ਸਾਡੇ ਨਾਲ ਈਰਖਾ ਕਰਕੇ ਜਲਦੀ ਤੇ ਮਰਦੀ ਰਹੇ; ਪਰ ਜੇ ਅਸੀਂ ਆਪ ਹੀ ਆਪਣੀ ਸ਼ਾਨ ਨਾ ਰੱਖੀ ਤਾਂ ਅਸੀਂ ਆਪ ਹੀ ਸ਼ਰਮ ਨਾਲ ਡੁੱਬ ਮਰਾਂਗੇ। ਇਸ ਲੋਕ ਸੂਤਰ ਦਾ ਅਰਥ ਤੇ ਮੰਤਵ ਅਜ ਪੰਜਾਬ ਸਰਕਾਰ, ਸਿੱਖ ਸੰਸਥਾਵਾਂ, ਧਾਰਮਿਕ ਸੰਪਰਦਾਵਾਂ ਤੇ ਫਿਰ ਸਮੁੱਚੇ ਪੰਜਾਬੀਆਂ ਨੂੰ ਸਮਝਣ ਦੀ ਬੇਹੱਦ ਲੋੜ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਕੌਮੀ ਆਚਰਣ ਬਨਾਮ ਅਨੈਤਿਕਤਾ

ਸਾਡੇ ਦੇਸ਼ ਦੇ ਜਨਜੀਵਨ ਵਿਚ ਕੌਮੀ ਆਚਰਣ ਤੇ ਕੌਮੀ ਅਨੁਸ਼ਾਸਨ ਦੀ ਅਣਹੋਂਦ ਦੇ ਕਾਰਣ ਇਕ ਪਾਸੇ ਦੇਸ਼-ਭਗਤੀ, ਦੇਸ਼ ਪ੍ਰੇਮ ਤੇ ਕੌਮੀ ਸਵੈਮਾਣ ਜਿਹੀਆਂ ਰਾਸ਼ਟਰੀ ਭਾਵਨਾਵਾਂ ਤਕਰੀਬਨ ਖ਼ਤਮ ਹੀ ਹੋ ਚੁੱਕੀਆਂ ਹਨ। ਦੂਜੇ ਪਾਸੇ ਇੰਨਾ ਹੀ ਨਹੀਂ, ਸਗੋਂ ਸਾਡੇ ਸਮੁੱਚੇ ਸਮਾਜ ਵਿਚ ਅਨੈਤਿਕਤਾ, ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਦਾ ਬੋਲਬਾਲਾ ਦਿਨ-ਬ-ਦਿਨ ਵਧ ਰਿਹਾ ਹੈ। ਜਦੋਂ ਕਿ ਸੋਚਣ-ਸਮਝਣ ਵਾਲੀ ਗੱਲ ਇਹ ਹੈ ਕਿ ਕਿਸੇ ਵੀ ਮਨੁੱਖ ਦੇ ਜੀਵਨ ਵਿਚ ਧਰਮ, ਸਦਾਚਾਰ ਤੇ ਨੈਤਿਕਤਾ ਉਸ ਦੀ ਸ਼ਖਸੀਅਤ ਤੇ ਆਚਰਣ ਨੂੰ ਨਿਰਧਾਰਤ ਕਰਦੇ ਹਨ। ਫਿਰ ਇਹ ਮਨੁੱਖੀ ਆਚਰਣ ਹੀ ਇਸ ਤੋਂ ਅੱਗੇ ਸਮਾਜਿਕ ਸ਼ਿਸ਼ਟਾਚਾਰ ਦੀ ਸਾਣ 'ਤੇ ਚੜ੍ਹ ਕੇ ਆਦਮੀ ਦੀ ਹੋਂਦ ਤੇ ਹਸਤੀ ਦਾ ਮੂਲ ਅਧਾਰ ਬਣਦਾ ਹੈ। ਇਸ ਤਰ੍ਹਾਂ ਕੌਮੀ ਚਰਿੱਤਰ ਦਾ ਨਿਰਮਾਣ ਹੁੰਦਾ ਹੈ ਅਤੇ ਫਿਰ ਸਮੁੱਚੇ ਤੌਰ 'ਤੇ ਕੌਮ ਦਾ ਇਖ਼ਲਾਕ ਇਕ ਵਧੀਆ ਰਾਸ਼ਟਰ ਦਾ ਨਿਰਮਾਣ ਕਰਦਾ ਹੈ।

ਇਸ ਤਰ੍ਹਾਂ ਕੌਮਾਂ ਆਪਣੇ ਕੌਮੀ ਇਖ਼ਲਾਕ, ਕੌਮੀ ਭਾਵਨਾਵਾਂ ਤੇ ਜਜ਼ਬਾਤਾਂ ਸਦਕਾ ਮਹਾਨ ਬਣਦੀਆਂ ਹਨ ਅਤੇ ਕੌਮੀ ਜਜ਼ਬਿਆਂ ਤੇ ਮੌਲਿਕ ਗੁਣਾਂ ਤੋਂ ਰਹਿਤ ਕੌਮਾਂ ਬਦਨਾਮ ਵੀ ਹੁੰਦੀਆਂ ਹਨ। ਭਾਰਤ ਵਾਸੀਆਂ ਦੇ ਜੀਵਨ ਦੀ ਇਹ ਬੜੀ ਵਿਡੰਬਣਾ ਭਰਪੂਰ ਤ੍ਰਾਸਦੀ ਰਹੀ ਹੈ ਕਿ ਸਾਡੀ ਅਤਿ-ਮਹਾਨ ਸਭਿਅਤਾ ਤੇ ਸੰਸਕ੍ਰਿਤੀ ਦੇ ਬਾਵਜੂਦ ਵੀ ਅਸੀਂ ਕੁਲ ਮਿਲਾ ਕੇ 'ਕੌਮੀ ਇਖ਼ਲਾਕ' ਦੇ ਪੱਖੋਂ ਊਣੇ-ਬੌਣੇ ਹੀ ਰਹੇ ਹਾਂ। ਬੇਸ਼ੱਕ ਇਸ ਦਾ ਮੁੱਖ ਕਾਰਨ ਸਾਡੀ ਲੰਬੀ ਗੁਲਾਮੀ ਰਿਹਾ ਹੈ। ਪਰ ਅਫ਼ਸੋਸ ਕਿ ਅਸੀਂ ਹੁਣ ਜਦੋਂ ਖਾਸ ਕਰਕੇ ਸੰਨ 1947 ਤੋਂ ਬਾਅਦ ਹੁਣ ਜਦੋਂ ਰਾਜਸੱਤਾ ਦੇ ਨਸ਼ੇ ਦਾ ਖ਼ੁਮਾਰ ਮਾਨਣ ਲਗੇ ਹਾਂ ਤਾਂ ਉਦੋਂ ਤੋਂ ਹੀ ਅਸੀਂ ਇਨਸਾਨੀ ਜੀਵਨ ਦੀ 'ਆਚਰਣ ਤੇ ਅਨੁਸ਼ਾਸਨ' ਨਾਮ ਦੀ ਅਤਿਅੰਤ ਸ਼ਕਤੀਸ਼ਾਲੀ ਕੌਮੀ ਅਧਾਰਸ਼ਿਲਾ ਨੂੰ ਗੁਆ ਬੈਠੇ ਹਾਂ। ਬਹਿਰਹਾਲ, ਗੱਲ ਇਥੇ ਹੀ ਨਹੀਂ ਮੁੱਕਦੀ ਸਗੋਂ ਅਨੈਤਿਕਤਾ ਤੇ ਭ੍ਰਿਸ਼ਟਾਚਾਰ ਦੇ 'ਮੱਕੜ-ਜਾਲ' ਨੇ ਪੰਜਾਬ ਹੀ ਨਹੀਂ; ਬਲਕਿ ਸਾਰੇ ਦੇਸ਼ ਨੂੰ ਇੰਨੀ ਬੁਰੀ ਤਰ੍ਹਾਂ ਜਕੜ ਰੱਖਿਆ ਹੈ ਕਿ ਹੁਣ ਸਾਡੀ ਭ੍ਰਿਸ਼ਟਾਚਾਰੀ ਵਿਵਸਥਾ ਵਿਚ ਅਵਾਮ ਲਈ ਸਾਹ ਲੈਣਾ ਵੀ ਦੁੱਭਰ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਕਦੇ ਭਲਿਆਂ ਸਮਿਆਂ ਵਿਚ ਸਾਨੂੰ ਜਨਮ ਸਮੇਂ ਤੋਂ ਹੀ ਸਦਾਚਾਰ ਤੇ ਆਚਰਣ ਗੁੜ੍ਹਤੀ ਵਾਂਗ ਮਿਲਦਾ ਸੀ। ਅੱਜ ਨੈਸ਼ਨਲ ਕਰੈਕਟਰ ਤੇ ਡਿਸਪਲਿਨ ਅਰਥਾਤ ਕੌਮੀ ਆਚਰਣ ਤੇ ਅਨੁਸ਼ਾਸਨ ਸਾਡੇ ਲਈ 'ਸੋਨੇ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਚਿੜੀ' ਵਾਂਗ ਮਿਥਿਹਾਸ ਹੀ ਬਣ ਕੇ ਰਹਿ ਗਿਆ ਹੈ। ਸਾਡੇ ਤੋਂ ਪਹਿਲਾਂ ਹੋ ਚੁੱਕੀ ਪੀੜ੍ਹੀ ਦੇ ਅਜ਼ਾਦੀ ਦੇ ਪ੍ਰਵਾਨੇ ਦੇਸ਼ ਭਗਤਾਂ ਦੇ ਇਕ ਨੁਮਾਇੰਦੇ ਵਜੋਂ ਮੇਰੇ ਪਿਤਾ ਜੀ ਸ੍ਰ: ਅਜਮੇਰ ਸਿੰਘ ਸਿੱਧੂ ਹਮੇਸ਼ਾ ਕਿਹਾ ਕਰਦੇ ਸਨ ਕਿ ਅਜ਼ਾਦੀ ਮਿਲਣ ਤੋਂ ਬਾਅਦ ਜੇ ਅਸੀਂ ਸਭ ਤੋਂ ਵੱਡੀ ਕੋਈ ਭੁੱਲ ਕੀਤੀ ਹੈ ਤਾਂ ਉਹ ਅਸੀਂ ਰਾਸ਼ਟਰੀ ਭਾਵਨਾ ਤੇ ਕੌਮੀ ਇਖ਼ਲਾਕ ਨੂੰ ਅੱਖੋਂ-ਪ੍ਰੋਖੇ ਕਰਨ ਦੀ ਕੀਤੀ ਹੈ, ਜਿਸ ਕਰਕੇ ਸਮੂਹਿਕ ਰੂਪ ਵਿਚ ਸਾਡੇ ਸਮਾਜ ਵਿਚੋਂ ਸਦਾਚਾਰਕ ਭਾਵਨਾਵਾਂ ਤੇ ਨੈਤਿਕ ਕਦਰਾਂ-ਕੀਮਤਾਂ ਨਦਾਰਦ ਹੋ ਗਈਆਂ ਹਨ।

ਇਸ ਲਈ ਹੁਣ ਇਹ ਜੱਗ ਜ਼ਾਹਿਰ ਹੈ ਕਿ ਅਸੀਂ ਬੇਸ਼ੱਕ ਬੇਅੰਤ ਭੌਤਿਕ ਤਰੱਕੀ ਤਾਂ ਕਰ ਲਈ ਹੈ, ਪਰ ਅਸੀਂ ਆਪਣਾ ਬੌਧਿਕ ਵਿਕਾਸ ਨਹੀਂ ਕੀਤਾ, ਜਿਸ ਕਰਕੇ ਅਸੀਂ ਆਪਣੀ ਪੁਰਾਤਨ ਸੰਸਕ੍ਰਿਤੀ ਤੇ ਸੱਭਿਅਤਾ ਤੋਂ ਦੂਰ ਹੋ ਗਏ ਹਾਂ। ਕਦੇ ਰਮਾਇਣ ਕਾਲ ਤੋਂ ਸਾਡੀ ਚੱਲ ਰਹੀ ਸੰਸਕ੍ਰਿਤੀ ਵਿਚ ਬਦੀ 'ਤੇ ਨੇਕੀ ਦੀ ਜਿੱਤ ਅਤੇ ਚੜ੍ਹਤ ਦਾ ਬੋਲਬਾਲਾ ਹੁੰਦਾ ਸੀ; ਅੱਜ ਸਾਡੇ ਕਥਿਤ ਕਲਯੁੱਗ ਵਿਚ ਬਦੀ ਹੁਣ ਹਰ ਪਾਸੇ ਨੇਕੀ 'ਤੇ ਹਾਵੀ ਹੋ ਰਹੀ ਹੈ। ਇਸ ਵਾਸਤੇ ਮੌਜੂਦਾ ਪ੍ਰਗਤੀ ਦੇ ਦੌਰ ਦੇ ਬਾਵਜੂਦ ਵੀ ਕੌਮ ਨੂੰ ਪਦਾਰਥਵਾਦ ਦਾ ਜਿਹੜਾ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ; ਉਹ ਇਹ ਹੈ ਕਿ ਪੈਸੇ ਦੀ ਦੌੜ ਵਿਚ ਸਮਾਜ ਦੇ ਆਦਰਸ਼ਾਂ ਤੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਬੜੀ ਵੱਡੀ ਢਾਹ ਲੱਗੀ ਹੈ।

ਸਾਨੂੰ ਮੁੱਢ ਤੋਂ ਹੀ ਸਦਾਚਾਰਕ ਸਿੱਖਿਆ ਦੇਣ ਵਾਲੇ ਮਾਤਾ-ਪਿਤਾ, ਅਧਿਆਪਕ ਤੇ ਸਮਾਜ ਦੇ ਆਗੂਆਂ ਦਾ ਜੋ ਸਨਮਾਨ 1950ਵਿਆਂ ਤੋਂ ਪਹਿਲਾਂ ਇਕ ਧਾਰਮਿਕ ਰਹੁ-ਰੀਤ ਵਾਂਗ ਹੁੰਦਾ ਸੀ; ਹੁਣ ਉਹ ਮੌਜੂਦਾ ਇਕ-ਦੋ ਪੀੜ੍ਹੀਆਂ ਦੇ ਸਮੇਂ ਵਿਚ ਇਕ ਰਸਮੀ ਜਿਹੀ ਕਾਰਵਾਈ ਤੇ ਢਕਵੰਜ ਜਿਹਾ ਹੀ ਬਣ ਗਿਆ ਹੈ। ਫਿਰ ਇਸ ਤੋਂ ਅੱਗੇ ਹੁਣ ਇਕੀਵੀਂ ਸਦੀ ਦੀ ਨਵੀਆਂ ਫ਼ਿਜ਼ਾਵਾਂ ਤੇ ਹਵਾਵਾਂ ਤਹਿਤ ਤਾਂ ਇਹ ਰਸਮੀ ਵਿਖਾਵਾ ਵੀ ਅਲੋਪ ਹੁੰਦਾ ਨਜ਼ਰ ਆ ਰਿਹਾ ਹੈ। ਸਗੋਂ ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਇਨ੍ਹਾਂ ਸਮਾਜਿਕ ਕਦਰਾਂ-ਕੀਮਤਾਂ ਵਿਚ ਇੰਨੀ ਤਬਦੀਲੀ ਹੋ ਗਈ ਹੈ ਕਿ ਸਾਡੇ ਸਮਾਜ ਦੇ ਵਡੇਰੇ ਅਕਸਰ ਸ਼ਿੱਦਤ ਨਾਲ ਇਸ ਦੁਖਦਾਇਕ ਤਬਦੀਲੀ ਨੂੰ ਮਹਿਸੂਸ ਕਰਦੇ ਹੋਏ ਕਹਿੰਦੇ ਹਨ ਕਿ ਹੁਣ ਤਾਂ 'ਜੰਮਣ ਵਾਲੇ ਵੀ ਪਛਤਾਉਂਦੇ ਹਨ ਕਿ ਉਨ੍ਹਾਂ ਨੇ ਕਿਹੋ ਜਿਹੀ ਨਸਲ ਨੂੰ ਜਨਮ ਦੇ ਦਿੱਤਾ ਹੈ।

ਇਸ ਲਈ ਹੀ ਉਨ੍ਹਾਂ ਵਿਚ ਦੇਸ਼ ਪ੍ਰੇਮ ਤੇ ਦੇਸ਼ ਭਗਤੀ ਦਾ ਕੌਮੀ ਜਜ਼ਬਾ ਸਾਡੇ ਨਾਲੋਂ ਕਿਤੇ ਵਧ ਸੀ। ਸੂਰਤੇ-ਹਾਲ ਸਪੱਸ਼ਟ ਜਿਹਾ ਬਿਆਨ ਕਰਦੀ ਲੱਗਦੀ ਹੈ ਕਿ ਬੇਸ਼ੱਕ ਅਸੀਂ ਸੰਨ 1947 ਤੋਂ ਆਜ਼ਾਦ ਹੋ ਗਏ ਹਾਂ। ਪਰ ਮਾਨਸਿਕ ਤੇ ਬੌਧਿਕ ਤੌਰ ਤੇ ਅਸੀਂ ਅਜੇ ਵੀ ਇਕ ਗੁਲਾਮ ਜਿਹੀ ਸੋਚ ਤੋਂ ਉੱਭਰ ਨਹੀਂ ਸਕੇ। ਅਸੀਂ ਆਪਣੀਆਂ ਉੱਚੀਆਂ-ਸੁੱਚੀਆਂ ਸਮਾਜਿਕ ਕਦਰਾਂ-ਕੀਮਤਾਂ ਤੋਂ ਇਲਾਵਾ ਆਪਣੇ ਵਿਚ ਦੇਸ਼-ਭਗਤੀ, ਦੇਸ਼-ਪ੍ਰੇਮ ਕੌਮੀ ਸਵੈਮਾਣ ਜਿਹੇ ਰਾਸ਼ਟਰਵਾਦੀ ਜਜ਼ਬੇ ਦੀ ਭਾਵਨਾ ਨਹੀਂ ਉਭਾਰ ਸਕੇ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਸਾਰੇ ਪਰਿਕਰਣ ਵਿਚ ਸਭ ਤੋਂ ਵੱਡਾ ਨੁਕਸਾਨ ਸਾਡੀ ਕੌਮ-ਪ੍ਰਸਤੀ ਅਤੇ ਸਾਡੇ ਕੌਮੀ-ਇਖ਼ਲਾਕ ਨੂੰ ਹੋਇਆ ਹੈ। ਜਿਸ ਲਈ ਕਿ ਸਭ ਤੋਂ ਵੱਧ ਕਸੂਰਵਾਰ ਸਾਨੂੰ ਜੀਵਨ-ਜਾਚ ਤੇ ਜੀਵਨ ਸੇਧ ਦੇਣ ਵਾਲੇ ਸਾਡੇ ਸਮਾਜ ਦੇ ਉਸਰਈਏ ਮਾਤਾ-ਪਿਤਾ, ਅਧਿਆਪਕ ਤੇ ਨੇਤਾ ਹਨ। ਇਨ੍ਹਾਂ ਤੋਂ ਬਾਦ ਕਸੂਰਵਾਰ; ਸਾਡਾ ਵਿਦਿਅਕ-ਢਾਂਚਾ ਹੈ ਜੋ ਕਿ ਇਸ ਦ੍ਰਿਸ਼ਟੀਕੋਣ ਤੋਂ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਸਾਡੀ ਹੁਣ ਤੱਕ ਦੀ ਸਿਖਿਆ-ਪ੍ਰਣਾਲੀ ਤੇ ਵਿਦਿਅਕ ਢਾਂਚੇ ਨੇ ਕੌਮੀ ਉਸਾਰੀ ਕਰਨ ਦੀ ਬਜਾਏ ਕੌਮ ਦੀ ਗਿਰਾਵਟੀ ਰਸਾਤਲ ਨੂੰ ਹੀ ਵਾਜਾਂ ਮਾਰੀਆਂ ਹਨ।

ਹੁਣ ਜ਼ਰੂਰੀ ਗੱਲ ਇਹ ਹੈ ਕਿ ਅਸੀਂ ਕੀ ਕਦੇ ਅਜਿਹੇ ਭਿਆਨਕ ਦੇਸ਼ ਵਿਆਪੀ ਭ੍ਰਿਸ਼ਟਾਚਾਰ ਦੇ ਚਕਰਵਿਊ ਵਿਚੋਂ ਨਿਕਲ ਵੀ ਸਕਾਂਗੇ ਕਿ ਨਹੀਂ? ਅੱਗੇ ਸਿਤਮ ਇਹ ਹੈ ਕਿ ਅਜੋਕੀ ਸਾਇੰਸੀ ਤਰੱਕੀ ਦੇ ਅਜੋਕੇ ਕ੍ਰਿਸ਼ਮੇ ਇਲੈਕਟ੍ਰਾਨਿਕ ਮੀਡੀਆ ਤੇ ਪ੍ਰਿੰਟਿੰਗ ਮੀਡੀਆ ਨੇ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਸੁਰਜੀਤ ਕਰਨ ਦੀ ਬਜਾਏ ਸਦਾਚਾਰਕ ਜੀਵਨ ਤੇ ਆਚਾਰ-ਵਿਹਾਰ ਦੇ ਮੁਕਾਬਲੇ ਵਿਚ ਦੁਰਾਚਾਰ ਤੇ ਭ੍ਰਿਸ਼ਟਾਚਾਰ ਦੇ ਦਾਵਾਨਲ ਨੂੰ ਹੋਰ ਵੀ ਪ੍ਰਚੰਡ ਕੀਤਾ ਹੈ। ਜਿਸ ਦੇ ਨਤੀਜੇ ਵੱਜੋਂ ਸ਼ਿਸ਼ਟਾਚਾਰ ਦੀ ਥਾਂ ਭ੍ਰਿਸ਼ਟਾਚਾਰ ਅਤੇ ਦੇਸ਼-ਭਗਤੀ ਦੀ ਥਾਂ ਜੇਬ-ਭਗਤੀ ਨੇ ਲੈ ਲਈ ਹੈ।

ਕੀ ਸਾਡੀ ਕੌਮ ਇਸ ਕੌਮੀ ਤ੍ਰਾਸਦੀ ਦਾ ਅੰਮ੍ਰਿਤਅੰਜਣੀ-ਤੋੜ 'ਕੌਮੀ ਇਖ਼ਲਾਕ' ਆਪਣੇ ਵਿਚ ਪੈਦਾ ਕਰ ਸਕੇਗੀ? ਬੇਸ਼ੱਕ ਲੱਗਦਾ ਤਾਂ ਇਹ ਹੈ ਕਿ ਇਹ ਇਕ ਟੇਢੀ ਖੀਰ ਹੈ। ਪਰ ਇਸ ਪੱਖੋਂ ਨਾ-ਉਮੀਦ ਹੋਣ ਨਾਲ ਵੀ ਸਾਡਾ ਕੁੱਝ ਨਹੀਂ ਸੰਵਰਨਾ ਕਿਉਂਕਿ ਜੇ ਅਸੀਂ ਰਾਸ਼ਟਰਵਾਦੀ ਸੋਚ, ਕੌਮੀ-ਆਚਰਣ ਤੇ ਕੌਮੀ ਅਨੁਸ਼ਾਸਨ ਜਿਹੇ ਜ਼ਰੂਰੀ ਤੇ ਅਹਿਮ ਜਜ਼ਬਿਆਂ ਨੂੰ ਆਪਣੀ ਕੌਮੀ ਸ਼ਖਸੀਅਤ ਵਿਚ ਨਾ ਉਭਾਰਿਆ ਤਾਂ ਸਾਡੇ ਵਿਚ ਕੌਮੀਅਤ ਦੀ ਭਾਵਨਾ ਦਾ ਪੂਰਨ ਤੌਰ 'ਤੇ ਸਤਿਆਨਾਸ ਹੋ ਜਾਵੇਗਾ। ਬਹੁਤ ਸਮਾਂ ਪਹਿਲਾਂ **ਮੁਹੰਮਦ ਇਕਬਾਲ** ਨੇ ਸਾਡੀ ਆਜ਼ਾਦੀ ਨੂੰ ਇਸ ਤਰ੍ਹਾਂ ਦੇ ਸੰਭਾਵਿਤ ਦਰਪੇਸ਼ ਮਸਲਿਆਂ ਬਾਰੇ ਆਪਣਾ ਫਿਕਰ ਤੇ ਖਦਸ਼ਾ ਇਨ੍ਹਾਂ ਸ਼ਬਦਾਂ ਰਾਹੀਂ ਬੜਾ ਸਪੱਸ਼ਟ ਬਿਆਨ ਕੀਤਾ ਸੀ :-

ਉਪਹਿਲੇ ਤੋ ਗੁਲਾਮੀ ਕਾ ਗ਼ਮ ਥਾ, ਆਜ਼ਾਦ ਹੂਏ ਤੋ ਯੇ ਗ਼ਮ ਹੈ
ਹਰ ਸ਼ਾਖ ਪੇ ਉਲੂ ਕਾਬਿਜ਼ ਹੈ, ਅੰਜਾਮਿ ਗੁਲਸਿਤਾਂ ਕਿਆ ਹੋਗਾ

ਇਸ ਲਈ ਕੌਮੀ ਆਚਰਣ ਦੀ ਤਾਮੀਰ ਵਾਸਤੇ ਹੁਣ ਸਿਰਫ਼ ਤੇ ਸਿਰਫ਼ ਇਸ ਗੱਲ ਦੀ ਲੋੜ ਹੈ ਕਿ ਸ਼ਾਇਰ **ਇਕਬਾਲ** ਦੀ ਨਸੀਅਤ 'ਆਦਮੀ ਕੁਛ ਨਾ ਬਨੇ, ਸਾਹਿਬੇ ਕਿਰਦਾਰ ਬਨੇ। ਯਾਨਿ ਦੁਨੀਆਂ ਕੇ ਲੀਏ, ਜੀਨੇ ਕਾ ਮਿਆਰ ਬਨੇ' ਉਪਰ ਕੌਮੀ ਪੱਧਰ 'ਤੇ ਅਮਲ ਕੀਤਾ ਜਾਵੇ। ਜੇ ਕਿਤੇ ਅਸੀਂ ਇਸ ਤਰ੍ਹਾਂ ਦੇ ਕੌਮੀ ਇਖ਼ਲਾਕ ਦੇ ਧਾਰਣੀ ਹੋ ਜਾਈਏ ਤਾਂ ਕੌਮ ਦੀ ਚੜ੍ਹਦੀ ਕਲਾ ਤੇ ਖੁਸ਼ਹਾਲੀ ਨੂੰ ਸੱਤੇ ਹੀ ਖੈਰਾਂ ਹਨ। ਬੱਸ! ਰੱਬ ਖ਼ੈਰ ਕਰੇ।

ਦੇਸ਼ ਵਿਚ ਹੋ ਰਹੇ ਸਮਾਜਿਕ ਤੇ ਆਰਥਿਕ ਸ਼ੋਸ਼ਣ ਦੀ ਜੜ੍ਹ ਦਾ ਮੂਲ ਅਧਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੀ ਸਮਾਜਿਕ ਗੜਬੜੀ ਤੇ ਅਰਥਚਾਰੇ ਦੇ ਗੜਬੜ ਘੁਟਾਲੇ ਹੀ ਹਨ; ਜਿਸ ਦੇ ਨਤੀਜੇ ਵਜੋਂ ਹੁਣ ਦੇਸ਼ ਦੀ ਤਕਰੀਬਨ ਸਾਰੀ ਜਨਤਾ ਬੇਚੈਨ ਤੇ ਪ੍ਰਸ਼ਾਨ ਹੋ ਕੇ ਸੜਕਾਂ 'ਤੇ ਉਤਰੀ ਖੜ੍ਹੀ ਹੈ। ਕੁਝ ਕੁ ਦਹਾਕੇ ਪਹਿਲਾਂ ਦੇ ਪ੍ਰਚਲਿਤ ਅਖਾਣ ਮੁਜਬ 'ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ' ਦਾ ਅਕਾਰ ਹੁਣ ਵਧਕੇ ਕੋਲੇ ਤੋਂ ਇਲਾਵਾ ਹੋਰ ਕਰੋੜਾਂ-ਅਰਬਾਂ ਰੁਪਏ ਦੇ ਘੁਟਾਲਿਆਂ ਜਿੰਨਾ ਵੱਡਾ ਹੋ ਗਿਆ ਹੈ। ਪਹਿਲਾਂ ਕਦੇ ਸ਼ਖਸੀਅਤੀ ਤੌਰ 'ਤੇ ਕੋਲਿਆਂ ਦੀ ਦਲਾਲੀ ਹੀ ਸਾਡੇ ਸਮਾਜਿਕ ਵਕਾਰ ਨੂੰ ਖੋਰਾ ਲਾ ਜਾਂਦੀ ਸੀ; ਪਰ ਹੁਣ ਸਾਡੇ 'ਕੋਲ-ਗੇਟ' ਜਿਹੇ ਸੰਸਾਰ ਪ੍ਰਸਿੱਧ ਘੁਟਾਲੇ ਸਗੋਂ ਸਾਡੇ ਲੀਡਰਾਂ ਨੂੰ ਵੱਡੇ ਸਰਮਾਏਦਾਰ ਬਣਾਉਣ ਵਿਚ ਇੰਨੇ ਕੁ ਸਹਾਈ ਹੋ ਰਹੇ ਹਨ ਕਿ ਇਕ-ਇਕ ਨੇਤਾ ਪਾਰਟੀ ਫੰਡ ਦੇ ਨਾਂ 'ਤੇ ਆਪਣੀ ਪਾਟੀ ਨੂੰ ਸਿਆਸੀ ਪੌੜੀਆਂ ਚਾੜ੍ਹਨ ਅਤੇ ਧੱਕਾ ਲਾ ਕੇ ਰਾਜ ਸੱਤਾ ਦੇ ਤਖ਼ਤ 'ਤੇ ਬੈਠਾ ਸਕਣ ਦੇ ਸਮਰਥ ਹੋ ਗਿਆ ਹੈ।

ਇਸ ਵਾਸਤੇ ਹੁਣ ਰਾਜਸੱਤਾ 'ਤੇ ਕਾਬਿਜ਼ ਲੋਕ ਸਭ ਕੁਝ ਸੁਣਦੇ-ਗਿਣਦੇ ਤੇ ਜਾਣਦੇ-ਬੁੱਝਦੇ ਹੋਏ ਵੀ ਸੁਪਰੀਮ ਕੋਰਟ ਤੱਕ 'ਮੈਂ ਨਾ ਮਾਨੂੰ' ਦੀ ਨੀਅਤ-ਨੀਤੀ ਧਾਰੀ ਬੈਠੇ ਹਨ। ਬਹਿਰਹਾਲ, ਅਲੀ ਬਾਬਾ ਚਾਲੀ ਚੋਰ ਦੀ ਕਹਾਣੀ ਪੁਰਾਣੀ ਹੋ ਗਈ ਹੈ; ਸਗੋਂ ਹੁਣ ਤਾਂ ਇਹ ਕਹਾਣੀ ਸਾਡੀ ਕਥਿਤ ਮਾਇਆ ਤੇ ਤਾਕਤ ਵਾਲੀ ਤਹਿਜ਼ੀਬ ਦੀ ਨਵੀਂ ਹੀ ਖੇਡ ਬਣਕੇ 'ਇਕ ਮੋਨੀ ਬਾਬਾ ਤੇ ਸੌ ਚੋਰ' ਦੇ ਰੂਪ ਵਿਚ ਨਸ਼ਰ ਹੋ ਰਹੀ ਹੈ। ਦਰਅਸਲ ਕੌਮੀ ਪੱਧਰ 'ਤੇ ਸਾਡੀ ਇਸ ਮਾਨਸਿਕਤਾ ਦੇ ਮਾੜੇ ਨਤੀਜੇ ਸਾਡੇ ਸਾਹਮਣੇ ਹੀ ਹਨ ਕਿਉਂਕਿ ਹੁਣ ਦੇਸ਼ ਵਿਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਜ਼ਖੀਰੇਬਾਜ਼ੀ, ਤਸਕਰੀ ਜਿਹੇ ਆਰਥਿਕ ਪੁਆੜੇ ਅਤੇ ਸਮਾਜਿਕ ਸੋਸ਼ਣ ਦੇ ਕਾਰਨ ਬਲਾਤਕਾਰ, ਕਤਲੋਗਾਰਤ ਤੇ ਕੱਟੜਵਾਦੀ ਪ੍ਰਵਿਰਤੀਆਂ ਅੱਜ ਸਾਡੀ ਮਾਨਸਿਕਤਾ ਤੇ ਸਾਡੀ ਸੋਚ 'ਤੇ ਬੁਰੀ ਤਰ੍ਹਾਂ ਗਲਬਾ ਪਾ ਰਹੀਆਂ ਹਨ। ਇਸ ਵਾਸਤੇ ਸਾਡੇ ਜੀਵਨ ਵਿਚ ਦਿਨ-ਬ-ਦਿਨ ਮਾੜੀਆਂ ਘਟਨਾਵਾਂ ਇੰਨੀਆਂ ਹਾਵੀ ਹੋ ਰਹੀਆਂ ਹਨ ਕਿ ਇਸ ਸਾਰੀ ਸੂਰਤੇ-ਹਾਲ ਨੂੰ ਵੇਖ ਕੇ ਤਾਂ ਲਗਦਾ ਹੈ ਕਿ ਮਿਰਜ਼ਾ ਅਲੀ ਬੇਗ ਇਸ਼ਰਤੀ ਦਾ ਸੁਖ਼ਨ '**ਮਰੀਜ਼ੇ-ਇਸ਼ਕ ਪਰ, ਰਹਿਮਤ ਖ਼ੁਦਾ ਕੀ, ਮਰਜ਼ ਬੜ੍ਹਤਾ ਗਯਾ ਜਿਊਂ ਜਿਊਂ ਦਵਾ ਕੀ**' ਸਾਮਰਤੱਖ ਸੱਚ ਹੋ ਗਿਆ ਹੈ।

ਅੱਜ ਸਾਡਾ ਦੇਸ਼ ਤੇ ਕੌਮ ਮਾਨਸਿਕ ਤੇ ਨੈਤਿਕ ਭ੍ਰਿਸ਼ਟਾਚਾਰ ਦੇ ਮਹਾਂ-ਵਿਕਰਾਲ ਦੈਂਤ ਦੇ ਦਰਪੇਸ਼ ਹੈ, ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਵੱਲ ਸਾਡੇ ਸਮਾਜ ਦੇ ਕਿਸੇ ਵੀ ਧਾਰਮਿਕ, ਸਮਾਜਿਕ ਤੇ ਰਾਜਸੀ ਬਾਬੇ ਜਾਂ ਉਨ੍ਹਾਂ ਦੇ ਕਿਸੇ ਵੀ ਬਾਲਕੇ ਦਾ ਹਾਲੇ ਧਿਆਨ ਹੀ ਨਹੀਂ ਗਿਆ। ਸਾਡੇ ਦੇਸ਼ ਵਿਚ ਫੈਲੇ ਇਸ ਸਰਵਵਿਆਪੀ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਕੌਮੀ ਆਚਰਣ ਤੇ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਵੱਡਾ ਨਿਘਾਰ ਆ ਗਿਆ ਹੈ। ਸਾਡਾ ਸੁਆਰਥ ਭਰਪੂਰ ਕੌਮੀ ਆਚਰਣ ਤੇ ਸਾਡੀਆਂ ਡਿੱਗ ਰਹੀਆਂ ਨੈਤਿਕ ਕਦਰਾਂ-ਕੀਮਤਾਂ ਮੁਲਕ ਵਿਚ ਫੈਲੀ ਪ੍ਰੇਸ਼ਾਨੀ ਤੇ ਵਿਦਰੋਹੀ ਸੁਰਾਂ ਵਾਸਤੇ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਭ੍ਰਿਸ਼ਟਾਚਾਰ ਇਕ ਅਜਿਹੇ ਅਸ਼ਟਭੁਜਾ ਤੇਂਦੂਏ ਵਾਂਗ ਹੈ, ਜਿਸ ਦੇ ਅੱਠੇ-ਹੱਥ ਚਾਰੇ ਪਾਸੇ ਸਾਡੀ ਸਦਾਚਾਰਕ ਗਿਰਾਵਟ ਦੇ ਰੂਪ ਵਿਚ ਕਾਲੇ ਧਨ, ਜ਼ਖੀਰੇਬਾਜ਼ੀ, ਮੁਨਾਫ਼ਾਖੋਰੀ, ਰਿਸ਼ਵਤਖੋਰੀ, ਚੋਰੀ-ਚਕਾਰੀ, ਮਿਲਾਵਟਖੋਰੀ, ਬਦਦਿਆਨਤੀ ਤੇ ਬੇਈਮਾਨੀ ਬਣਕੇ ਸਾਡੇ ਸਾਰੇ ਸਮਾਜ ਵਿਚ ਫੈਲੇ ਹੋਏ ਹਨ। ਇਸ ਤੇਂਦੂਏ ਰੂਪੀ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਸਾਡੀ ਗੁਲਾਮ ਜ਼ਹਿਨੀਅਤ ਵਿਚ ਲੁਕੀਆਂ ਹੋਈਆਂ ਹਨ। ਦਰਅਸਲ ਸਿਰੇ ਦੀ ਗੱਲ ਇਹ ਹੈ ਕਿ ਸਾਡੀ ਮਾਨਸਿਕਤਾ "ਸ਼ਕਲ ਮੋਮਨਾਂ ਤੇ ਕਰਤੂਤ ਕਾਫ਼ਿਰਾਂ" ਜਿਹੀ ਵਿਸੰਗਤੀ 'ਤੇ ਅਧਾਰਿਤ ਹੋ ਚੁਕੀ ਹੈ। ਇਸ ਵਾਸਤੇ ਸਾਡਾ ਬੌਧਿਕ ਤੇ ਨੈਤਿਕ ਵਿਕਾਸ ਵੀ ਖੜੋਤ ਦੀ ਮਾਰ ਵਿਚ ਆ ਗਿਆ ਹੈ। ਇਸ ਲਈ ਤਕਰੀਬਨ ਸਾਡਾ ਸਮੁੱਚਾ ਸਮਾਜ ਵੀ ਭ੍ਰਿਸ਼ਟਾਚਾਰ ਦੇ ਟੇਟੇ ਚੜ੍ਹ ਕੇ ਵਿਭਚਾਰ ਤੱਕ ਦੇ ਕੋਠੇ ਚੜ੍ਹ ਗਿਆ ਹੈ।

ਫਿਰ ਅਸੀਂ ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਰੁਪਏ-ਪੈਸੇ ਦੀ ਬੇਈਮਾਨੀ ਨਾਲੋਂ ਮਾਨਸਿਕ ਬਦਦਿਆਨਤੀ ਕਿਤੇ ਵੱਡਾ ਗੁਨਾਹ ਹੁੰਦੀ ਹੈ ਕਿਉਂਕਿ ਬੰਦੇ ਦੇ ਆਚਰਣ ਵਿਚ ਬਦਦਿਆਨਤੀ ਤੇ ਬਦਨੀਤੀ ਜਿਹੀਆਂ ਕਮਜ਼ੋਰੀਆਂ ਹਰ ਕਿਸਮ ਦੇ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀਆਂ ਹਨ। ਇਸ ਨੂੰ ਵਾਹਿਗੁਰੂ ਦੀ ਕਰੋਪੀ ਹੀ ਸਮਝੀਏ ਕਿ ਅਜੇ ਵੀ ਹਿੰਦੋਸਤਾਨ ਵਿਚ ਮਾਨਸਿਕ ਬਦਦਿਆਨਤੀ, ਨੈਤਿਕ ਗਿਰਾਵਟ, ਮਿਲਾਵਟ ਤੇ ਮੁਨਾਫ਼ਾਖੋਰੀ ਵਰਗੇ ਮਹਾਂ-ਭ੍ਰਿਸ਼ਟਾਚਾਰਾਂ ਨੂੰ ਕਾਲੇ ਧਨ ਤੇ ਰੁਪਏ-ਪੈਸੇ ਦੇ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਨਾਲੋਂ ਘੱਟ ਘਾਤਿਕ ਸਮਝਿਆ ਜਾ ਰਿਹਾ ਹੈ।

ਸਾਡੀ ਤਕਰੀਬਨ ਸਾਰੀ ਰਾਜਸੀ ਤੇ ਪ੍ਰਸ਼ਾਸਨਿਕ ਵਿਵਸਥਾ ਵਿਚ ਸਾਡੀ ਬਦਦਿਆਨਤੀ ਮਾਨਸਿਕਤਾ ਤੇ ਕਾਰ-ਵਿਹਾਰ ਵਿਚ ਘਟੀਆ ਸੋਚ ਹੁਣ ਘਰ ਹੀ ਕਰ ਗਈ ਹੈ। ਫਿਰ ਦੁੱਖ ਭਰੀ ਹੈਰਾਨੀ ਦੀ ਗੱਲ ਇਹ ਹੈ ਕਿ ਬਦਦਿਆਨਤੀ ਤੇ ਬਦਨੀਤੀ ਦੇ ਕੰਮਾਂ ਨੂੰ ਤਾਂ ਅਸੀਂ ਬੇਈਮਾਨੀ ਹੀ ਨਹੀਂ ਸਮਝਦੇ। ਅਸੀਂ ਸਿਰਫ਼ ਰੁਪਏ-ਟਕੇ ਦੀ ਹੇਰਾ-ਫੇਰੀ ਤੇ ਰਿਸ਼ਵਤਖੋਰੀ ਨੂੰ ਤਾਂ ਕੁਝ ਕੁ ਹੱਦ ਤੱਕ ਬੱਸ ਨਿੱਕੀ-ਮੋਟੀ ਬੇਈਮਾਨੀ ਹੀ ਸਮਝਦੇ ਹਾਂ।

ਸਾਡੀ ਇਸ ਤਰ੍ਹਾਂ ਦੀ ਸਮਾਜਿਕ ਸੋਚ ਵਿਚ ਸਮੇਂ ਦੀ ਬਰਬਾਦੀ ਨੂੰ ਤਾਂ ਅਸੀਂ ਨਾ ਤਾਂ ਬਦਦਿਆਨਤੀ ਸਮਝਦੇ ਹਾਂ ਤੇ ਨਾ ਹੀ ਬੇਈਮਾਨੀ ਸਮਝਦੇ ਹਾਂ। ਸਗੋਂ ਸਾਡੇ ਦਫ਼ਤਰਾਂ ਵਿਚ ਆਗੂਆਂ ਤੇ ਅਫਸਰਾਂ ਵੱਲੋਂ ਕੀਤੀ ਸਮੇਂ ਦੀ ਬਰਬਾਦੀ ਦਾ ਤਾਂ ਕੋਈ ਲੇਖਾ-ਜੋਖਾ ਹੀ ਨਹੀਂ ਕੀਤਾ ਜਾਂਦਾ। ਇਸ ਪ੍ਰਥਾਇ ਸਾਡੇ ਆਗੂਆਂ ਵੱਲੋਂ ਲਾਰੇ-ਲੱਪੇ, ਅਫ਼ਸਰਾਂ ਵੱਲੋਂ ਦਿਆਨਤਦਾਰੀ ਨਾਲ ਕੰਮ ਕਰਨ ਵਿਚ ਕੁਤਾਹੀ ਅਤੇ ਇਨਸਾਫ਼ ਦੇ ਪੱਖੋਂ ਫੈਸਲਿਆਂ ਵਿਚ ਦੇਰੀ ਦੇ ਕਾਰਨ ਦਫ਼ਤਰਾਂ ਵਿਚ 'ਅਮਾਨਤ ਵਿਚ ਖਿਆਨਤ' ਜਿਹੇ ਗੁਨਾਹ ਨੂੰ ਤਾਂ ਅਸੀਂ ਗਿਣਦੇ ਹੀ ਨਹੀਂ ਹਾਂ। ਇਕ ਭੋਰਾ ਕੁ ਜਿੰਨੀ ਨਿੱਕੀ ਜਿਹੀ ਮਿਸਾਲ ਵਜੋਂ ਦਫ਼ਤਰਾਂ ਵਿਚ ਲੋਕਾਂ ਦੇ ਸਮੇਂ ਦੀ ਬਰਬਾਦੀ ਵਜੋਂ ਅਹੁਦੇਦਾਰਾਂ ਵੱਲੋਂ ਆਪਣੇ ਘਰੇਲੂ ਕੰਮਾਂ ਫਰਿਹਿਸਤ ਦੀ ਤਾਮੀਲ ਕਰਾਉਣ ਅਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਘਰਾਂ ਵਿਚ ਦਫਤਰਾਂ ਦੀਆਂ ਫਾਈਲਾਂ ਨਿਪਟਾਉਣ ਨੂੰ ਤਾਂ ਅਸੀਂ ਅਫ਼ਸਰਸ਼ਾਹੀ ਦਾ ਜਲੌਅ ਹੀ ਬਣਾ ਰੱਖਿਆ ਹੈ।

ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਸਾਡੀਆਂ ਇਹ ਅਣਗੌਲੀਆਂ ਜਿਹੀਆਂ ਬਦਦਿਆਨਤੀ ਕਰਤੂਤਾਂ ਸਾਡੀ ਸਮੁੱਚੀ ਵਿਵਸਥਾ ਦਾ ਘਾਣ ਕਰ ਚੁੱਕੀਆਂ ਹਨ ਤੇ ਇਕ ਦਿਨ ਇਹ ਮਾੜੀਆਂ ਇਲਤਾਂ ਸਾਨੂੰ ਲੈ ਬੈਠਣਗੀਆਂ। ਇੰਨਾ ਹੀ ਨਹੀਂ, ਸਗੋਂ ਇਕ ਵੱਡੇ ਸਮੁੰਦਰੀ ਜਹਾਜ਼ ਨੂੰ ਜਿਵੇਂ ਇਕ ਛੋਟੀ ਜਿਹੀ ਮੋਰੀ ਡੁਬੋ ਦਿੰਦੀ ਹੈ; ਬਿਲਕੁਲ ਉਸ ਤਰ੍ਹਾਂ ਹੀ ਸਾਡੀਆਂ ਇਹ ਆਰਥਿਕ, ਸਮਾਜਿਕ ਤੇ ਰਾਜਨੀਤਿਕ ਵਹਿਵਤਾਂ ਇਕ ਦਿਨ ਦੇਸ਼ ਦਾ ਬੇੜਾ ਡੋਬ ਦੇਣਗੀਆਂ।

ਸਾਡੀ ਬਦਦਿਆਨਤੀ ਦੀ ਇਕ ਬੜੀ ਘਾਤਿਕ ਅਲਾਮਤ ਮਿਲਾਵਟਖੋਰੀ ਸਾਡੇ ਸਾਹਮਣੇ ਹੈ ਕਿ ਜਿਸ ਦੇ ਕਾਰਨ ਮਨੁੱਖ ਦਾ ਜੀਵਨ ਅਧਾਰ ਕੋਈ ਵੀ ਖ਼ੁਰਾਕ ਖਾਸ ਤੌਰ 'ਤੇ ਦੁੱਧ ਤੇ ਦੁੱਧ ਦੀਆਂ ਬਣੀਆਂ ਵਸਤਾਂ, ਆਟਾ-ਦਾਲਾਂ ਤੇ ਫਲ-ਸਬਜ਼ੀਆਂ ਸਾਰੀਆਂ ਹੀ ਜ਼ਹਿਰੀਲੀ ਮਿਲਾਵਟ ਦੀ ਮਾਰ ਦਾ ਸ਼ਿਕਾਰ ਹਨ। ਸਾਨੂੰ ਸਭ ਨੂੰ ਪਤਾ ਹੈ ਕਿ ਮੱਝਾਂ ਨੂੰ ਜ਼ਹਿਰੀਲੀਆਂ ਦਵਾਈਆਂ ਦੇ ਟੀਕੇ ਲਾਏ ਜਾਂਦੇ ਹਨ ਤੇ ਇਸ ਤਰ੍ਹਾਂ ਹੀ ਕੱਦੂ-ਤੋਰੀਆਂ ਦੀਆਂ ਵੇਲਾਂ ਨੂੰ ਕੈਮੀਕਲ ਦੇ ਟੀਕੇ ਲਾਏ ਜਾਂਦੇ ਹਨ। ਬਹਿਰਹਾਲ, ਅੰਬ-ਅੰਗੂਰ ਤੇ ਫਲ-ਫਰੂਟ ਤਾਂ "ਮਾਈ ਮਹਿੰਗਾਈ" ਦੇ ਅੜਿੱਕੇ ਆਉਣ ਸਦਕਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਹੁਣ ਤਾਂ ਸਗੋਂ ਗਰੀਬ ਦਾ ਸ਼ੌਕੀਆ ਖਾਜਾ ਤਰਬੂਜ਼ ਵੀ ਹੁਣ ਟੀਕਾਕਰਣ ਦੇ ਕਾਰਨ ਬੰਬਾਂ ਵਾਂਗ ਸਰੇ-ਬਜ਼ਾਰ "ਮਿਲਾਵਟਖੋਰੀ ਦੇ ਧਮਾਕੇ" ਦੇ ਰੂਪ ਵਿਚ ਸਾਡੇ ਸਾਹਮਣੇ ਫਟ ਰਿਹਾ ਹੈ। ਜਿਸ ਕਰਕੇ ਹੁਣ ਖ਼ਰਬੂਜ਼ਿਆਂ ਤੇ ਤਰਬੂਜ਼ਾਂ ਨੂੰ ਵੀ ਕੋਈ ਮਾਈ ਦਾ ਲਾਲ ਹੱਥ ਨਹੀਂ ਪਾਉਂਦਾ।

ਜੇ ਸੋਚ ਕੇ ਵੇਖੀਏ ਤਾਂ ਖਾਣ-ਪੀਣ ਦੀ ਇਕ ਵੀ ਵਸਤ ਮਿਲਾਵਟ ਤੋਂ ਬਿਨਾਂ ਨਹੀਂ ਹੈ। ਸਗੋਂ ਅਜ ਤਾਂ ਹਰ ਇਕ ਬੰਦੇ ਦੇ ਮਨ ਵਿਚ ਇਕ ਹੀ ਸੁਆਲ ਹੈ ਕਿ ਹੁਣ ਖਾਈਏ ਤਾਂ ਕੀ ਖਾਈਏ? ਮੇਰੇ ਖਿਆਲ ਵਿਚ ਮਿਲਾਵਟੀ ਅਲਮ-ਗਲਮ ਖਾਣ ਨਾਲੋਂ ਆਮ ਬੰਦੇ ਦਾ ਵੱਧ ਨੁਕਸਾਨ ਮਿਲਾਵਟਖੋਰੀ ਦੇ ਸਹਿਮ ਤੇ ਡਰ ਤੋਂ ਉਪਜੀ ਚਿੰਤਾ ਕਰ ਰਹੀ ਹੈ, ਪਰ ਕਿਸੇ ਵੀ ਸਰਕਾਰ ਜਾਂ ਸੰਸਥਾ ਦਾ ਦੇਸ਼ ਵਿਆਪੀ ਮਿਲਾਵਟ ਤੇ ਬਣਾਵਟ ਦੇ ਇਸ ਮਾਰੂ ਰੋਗ ਵੱਲ ਧਿਆਨ ਨਹੀਂ ਹੈ।

ਪਿਛਲੇ ਦੋ ਕੁ ਦਹਾਕਿਆਂ ਤੋਂ ਸਾਡੇ ਸਮਾਜ ਵਿਚ ਜ਼ਖੀਰਾਬਾਜ਼ੀ ਤੇ ਆਪਣਿਆਂ ਵਲੋਂ ਹੀ ਆਪਣੇ ਲੋਕਾਂ ਦੇ ਆਰਥਿਕ ਸ਼ੋਸ਼ਣ ਦੇ ਦੋ ਰੂਪ ਵਿਚ ਹਵਾਲਾ ਕਾਰੋਬਾਰ ਤੇ ਕਬੂਤਰਬਾਜ਼ੀ ਜਿਹੇ ਕਾਲੇ ਕਾਰਨਾਮੇ ਪ੍ਰਤੱਖ ਤੌਰ 'ਤੇ ਉਜਾਗਰ ਹੋਏ ਹਨ। ਕਰੋੜਾਂ ਹਿੰਦੋਸਤਾਨੀਆਂ ਤੇ ਖ਼ਾਸ ਕਰਕੇ ਪੰਜਾਬੀ ਲੋਕਾਂ ਦੀ ਮਿਹਨਤ ਤੇ ਪਸੀਨੇ ਦੀ ਕਮਾਈ ਨੂੰ ਸ਼ੋਸ਼ਣਬਾਜ਼ੀ ਦੀਆਂ ਵਧੀਆ ਤਿਜੋਰੀਆਂ ਵਿਚ ਬੰਦ ਕਰਕੇ ਸਵਿਟਜ਼ਰਲੈਂਡ ਤੇ ਹੋਰ ਮੁਲਕਾਂ ਦੇ ਬੈਂਕਾਂ ਵਿਚ "ਕਾਲੇ ਧਨ" ਦੇ ਰੂਪ ਵਿਚ ਹਵਾਲਾ ਕਾਰੋਬਾਰ ਰਾਹੀਂ ਰੱਖਿਆ ਜਾ ਰਿਹਾ ਹੈ। ਫਿਰ ਦੁਖਾਂਤ ਇਹ ਹੈ ਕਿ ਸਾਰੇ ਦੇਸ਼ ਵਿਚ ਕਾਲੇ ਧਨ ਸਬੰਧੀ



*Original with;*
Kulbir Singh Sidhu(I.A.S)
*Digitized by;*
Panjab Digital Library

ਕੋਹਰਾਮ ਮਚਿਆ ਹੋਇਆ ਹੈ ਅਤੇ ਭ੍ਰਿਸ਼ਟਾਚਾਰ ਨੇ ਭੜਥੂ ਪਾਇਆ ਹੋਇਆ ਹੈ, ਪਰ ਕਾਲੇ ਧਨ ਦੇ ਤਾਜਰ ਤੇ ਧਨ-ਕੁਬੇਰ ਹੁਣ ਮਗਰਮੱਛ ਵਾਂਗੂ ਜਾਅਲੀ ਅੱਥਰੂ ਵਹਾਅ ਰਹੇ ਹਨ। ਇਉਂ ਹੀ ਸਾਡੀਆਂ ਸਰਕਾਰਾਂ ਵੀ ਵਿਖਾਵੇ ਮਾਤਰ ਬਸ ਗੋਂਗਲੂਆਂ ਤੋਂ ਮਿੱਟੀ ਹੀ ਝਾੜ ਰਹੀਆਂ ਹਨ।

ਸਾਡੇ ਅਰਥਸ਼ਾਸਤਰੀ ਰੌਲਾ ਪਾ ਰਹੇ ਹਨ ਕਿ ਸਾਡੇ ਦੇਸ਼ ਤੇ ਵਿਦੇਸ਼ਾਂ ਵਿਚ ਪਏ ਕਾਲੇ ਧਨ ਨਾਲ ਹੀ ਸਾਡੇ ਮੁਲਕ ਦਾ ਬਜਟ ਕਈ ਸਾਲ ਤਕ ਚੱਲ ਸਕਦਾ ਹੈ। ਇਸ ਲਈ ਕਾਲਾ ਧਨ ਵਾਪਸ ਦੇਸ਼ ਵਿਚ ਲਿਆਉਣਾ ਬਹੁਤ ਜ਼ਰੂਰੀ ਹੈ, ਪਰ ਦੁਨੀਆਂ ਜਾਣਦੀ-ਸਮਝਦੀ ਹੈ ਕਿ ਸਾਡੇ ਆਗੂ ਤੇ ਅਮੀਰ ਲੋਕ ਕਾਲਾ ਧਨ ਵਾਪਸ ਕਿਉਂ ਲਿਆਉਣਗੇ ਅਤੇ ਜਾਂ ਫਿਰ ਇਹ ਭੱਦਰਪੁਰਸ਼ ਜਨ-ਲੋਕਪਾਲ ਬਿਲ ਜਿਹੇ ਪਿੰਜਰੇ ਆਪਣੇ ਵਾਸਤੇ ਹੀ ਕਿਉਂ ਬਣਾਉਣਗੇ ਕਿ ਜਿਨ੍ਹਾਂ ਵਿਚ ਇਹ ਆਪ ਹੀ ਫਸਦੇ ਹੋਣ। ਫਿਰ ਹੋਰ ਵੀ ਵੱਡਾ ਸਿਤਮ ਇਹ ਹੈ ਕਿ ਸਾਡੇ ਦੇਸ਼ ਵਿਚ ਇਸ ਤੋਂ ਵੀ ਕਿਤੇ ਵੱਧ ਇਕ ਹੋਰ ਮਹਾਂ-ਵਿਕਰਾਲ ਭ੍ਰਿਸ਼ਟਾਚਾਰ ਸਾਡੇ ਕੌਮੀ ਆਚਰਣ ਵਿਚ ਨਿਘਾਰ ਅਤੇ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਗਿਰਾਵਟ ਦੇ ਰੂਪ ਵਿਚ ਸਾਡੇ ਸਾਹਮਣੇ ਤਾਂਡਵ ਨਾਚ ਨੱਚ ਰਿਹਾ ਹੈ। ਸਾਡੇ ਵਿਚ ਕੌਮੀ ਪੱਧਰ 'ਤੇ ਸਦਾਚਾਰ ਤੇ ਆਚਰਣ ਦੀਆਂ ਕਮਜ਼ੋਰੀਆਂ ਦਾ ਪ੍ਰਤੱਖ ਜਲਵਾ ਭਰੂਣ ਹੱਤਿਆ, ਯੌਨ ਸ਼ੋਸ਼ਣ, ਬਲਾਤਕਾਰ ਤੇ ਕਤਲੋਗਾਰਤ ਦੇ ਰੂਪ ਵਿਚ ਦਿਨ-ਦੀਵੀਂ ਪ੍ਰਗਟ ਹੋ ਰਿਹਾ ਹੈ।

ਇਸ ਪੱਖੋਂ ਹੋਰ ਵੀ ਅਫ਼ਸੋਸਜਨਕ ਗੱਲ ਇਹ ਹੈ ਕਿ ਅਸੀਂ 'ਸ਼ਕਲ ਮੋਮਨਾਂ ਤੇ ਕਰਤੂਤ ਕਾਫ਼ਿਰਾਂ' ਦੇ ਅਖਾਣ ਮੁਤਾਬਿਕ 'ਬਗਲੇ ਭਗਤਾਂ' ਦੀ ਸ਼੍ਰੇਣੀ ਵਿਚ ਆਉਂਦੇ ਹਾਂ। ਆਮ ਤੌਰ 'ਤੇ ਬਗਲੇ ਇਕ ਟੰਗ 'ਤੇ ਖੜ੍ਹੇ ਹੁੰਦੇ ਹਨ ਕਿ ਜਿਵੇਂ ਭਗਤੀ ਕਰ ਰਹੇ ਹੋਣ, ਪਰ ਜਦੋਂ ਕਿਤੇ ਕੋਈ ਮੱਛੀ ਇਨ੍ਹਾਂ ਦੇ ਨਜ਼ਰੀਂ ਚੜ੍ਹ ਜਾਵੇ ਤਾਂ ਇਹ ਉਸ ਨੂੰ ਝੱਟ ਹੀ ਦਬੋਚ ਲੈਂਦੇ ਹਨ। ਬਹਿਰਹਾਲ, ਅਸੀਂ ਸਾਰੇ ਸਦਾਚਾਰ ਤੇ ਨੈਤਿਕਤਾ ਦੇ ਪੱਖੋਂ ਟਾਹਰਾਂ ਤਾਂ ਆਪਣੀ 'ਮਹਾਨ ਪੂਰਬੀ ਸਭਿਅਤਾ ਤੇ ਸੰਸਕ੍ਰਿਤੀ' ਦੀਆਂ ਮਾਰਦੇ ਹਾਂ, ਪਰ ਆਚਰਣ ਤੇ ਅਮਲ ਦੇ ਪੱਖੋਂ ਸਾਡੀ ਕਰਤੂਤ ਕੁਝ ਕੁ ਜਾਂਗਲੀ ਤੇ ਬੇਹੱਦ ਅਸਭਿਅਕ ਦਾਨਵੀ ਲੋਕਾਂ ਵਰਗੀ ਹੈ।

ਇਸ ਤੋਂ ਬਿਨਾਂ ਹੋਰ ਵੀ ਚਿੰਤਾਮਣੀ ਦੀ ਗੱਲ ਇਹ ਹੈ ਕਿ ਅਸੀਂ ਕਹਿੰਦੇ ਕੁੱਝ ਹਾਂ, ਪਰ ਕਰਦੇ ਕੁੱਝ ਹੋਰ ਹੀ ਹਾਂ। ਇਸ ਤਰ੍ਹਾਂ ਸਾਡੀ ਕਹਿਣੀ-ਕਥਨੀ ਤੇ ਸਾਡੀ ਕਰਨੀ-ਭਰਨੀ ਵਿਚ ਬਹੁਤ ਵੱਡਾ ਅੰਤਰ ਹੈ। ਇਹ ਹੀ ਕਾਰਨ ਹੈ ਕਿ ਸਾਡੇ ਸਮੁੱਚੇ ਸਮਾਜਿਕ ਵਰਤਾਰੇ ਦਾ ਸਰੂਪ "ਬਗਲ ਮੇਂ ਛੁਰੀ, ਮੂੰਹ ਮੇਂ ਰਾਮ-ਰਾਮ" ਜਿਹੀ ਘਿਨੌਣੀ ਚਰੇਡ ਮਾਤਰ ਹੀ ਬਣ ਚੁਕਾ ਹੈ। ਅਸੀਂ ਆਪਣੇ ਇਨ੍ਹਾਂ ਦੋਹਰੇ ਮਾਪਦੰਡਾਂ ਦੇ ਕਾਰਨ ਆਪ ਵੀ ਬਹੁਰੂਪੀਏ ਹੋ ਗਏ ਹਾਂ। ਸਾਡੇ ਮੂੰਹ-ਮੁਹਾਂਦਰੇ ਵੀ ਬਦਲ ਗਏ ਹਨ। ਗੱਲ ਕੀ ਸਾਡੇ ਮੂੰਹਾਂ ਦੀ ਥਾਂ 'ਤੇ ਹੁਣ ਮਖੌਟੇ ਨਜ਼ਰ ਆਉਂਦੇ ਹਨ। ਇਸ ਪ੍ਰਥਾਇ ਸ਼ਾਇਰ 'ਅਸ਼ਰ ਗੌਰੀ' ਦਾ ਕਹਿਣਾ ਹੈ ਕਿ:-

*ਵੁਹ ਰਾਮ ਕੌਨ ਸੇ ਚਿਹਰੋਂ ਕੀ ਤਹਿ ਮੇਂ ਬੈਠਾ ਹੈ*
*ਹਰ ਇਕ ਸ਼ਖ਼ਸ ਤੋ ਰਾਵਣ ਦਿਖਾਈ ਦੇਤਾ ਹੈ*



*Original with;*
Kulbir Singh Sidhu(I.A.S)
*Digitized by;*
Panjab Digital Library

ਫਿਰ ਉਹ ਕਹਿੰਦਾ ਹੈ ਕਿ:-

*ਏਕ ਚਿਹਰਾ ਹੋ ਤੋ ਪੜ੍ਹ ਸਕਤਾ ਹੂੰ*
*ਹਰ ਕੋਈ ਅਖਬਾਰ ਲਗਾ ਹੈ ਮੁਝ ਕੋ*

ਇਸ ਸਾਰੇ ਉਪਰੋਕਤ ਸਾਰ-ਵਿਸਥਾਰ ਦੇ ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਸਾਡੇ ਸਮੁੱਚੇ ਸਮਾਜ ਵੱਲੋਂ ਅਨੈਤਿਕਤਾ, ਭ੍ਰਿਸ਼ਟਾਚਾਰ ਤੇ ਦਫਤਰੀ ਜਨਜੀਵਨ ਵਿਚ ਰਿਸ਼ਵਤਖੋਰੀ ਦੀ ਦਾਵਾਨਲੀ ਅੱਗ ਨੂੰ ਜੋ ਹਵਾ ਦਿੱਤੀ ਜਾ ਰਹੀ ਉਹ ਪੰਜਾਬ ਅਤੇ ਸਾਡੇ ਸਮਾਜ ਵਾਸਤੇ ਘਾਤਿਕ ਹੈ।

ਸਾਡੇ ਵੱਲੋਂ ਰਲ-ਮਿਲ ਕੇ ਖਾਸ ਕਰਕੇ ਜਾਣਦੇ-ਬੁਝਦੇ ਹੋਏ ਵੀ ਪੰਜਾਬ ਦੀ ਪ੍ਰਸ਼ਾਸਨਿਕ ਵਿਵਸਥਾ ਵਿਚ ਜੋ ਵੱਡਾ ਨਿਘਾਰ ਲਿਆਂਦਾ ਗਿਆ ਹੈ, ਉਹ ਸਾਡੇ ਸਾਹਮਣੇ ਹੀ ਹੈ। ਸਾਡੇ ਬਹੁਤੇ ਲੋਕ ਸਾਡੀਆਂ ਸਰਕਾਰਾਂ ਤੋਂ ਬੇਜ਼ਾਰ ਤੇ ਨਿਰਾਸ਼ ਹੋ ਚੁਕੇ ਹਨ। ਇਸ ਦਾ ਕਾਰਨ ਇਹ ਹੈ ਕਿ ਸਾਡੇ ਸਮਾਜ ਦੇ ਆਕਾ-ਇਮਾਮਾਂ ਨੇ ਆਪਣਾ ਤਾਂ ਬਹੁਤ ਕੁਝ ਸੰਵਾਰਿਆ ਹੈ, ਪਰ ਉਨ੍ਹਾਂ ਨੇ ਸਿਰਫ ਪੰਜ ਸਾਲ ਬਾਅਦ ਇਲੈਕਸ਼ਨਾਂ ਦਾ ਥੋੜ੍ਹਾ ਜਿਹਾ ਸਮਾਂ ਛੱਡ ਕੇ ਜਨਤਾ ਨੂੰ ਹਮੇਸ਼ਾਂ ਹੀ ਕੁੱਟਿਆ, ਲੁੱਟਿਆ ਤੇ ਗੁੰਮਰਾਹ ਕੀਤਾ ਹੈ। ਇਸ ਵਾਸਤੇ ਹੁਣ ਅਵਾਮ ਵਲੋਂ ਖੜਕ ਰਹੇ ਘੰਟੇ-ਘੜਿਆਲਾਂ ਨੂੰ ਸੁਣਨ ਦੀ ਲੋੜ ਹੈ।

ਇਸ ਲਈ ਸਰਕਾਰ ਨੂੰ ਸਿਧਾਂਤਕ ਤੌਰ ’ਤੇ ਕਬੂਲ ਕਰ ਲੈਣਾ ਚਾਹੀਦਾ ਹੈ ਕਿ ਸਮੇਂ ਦੀ ਮੰਗ ਅਨੁਸਾਰ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਦੇ ਵਿਰੁੱਧ ਆਵਾ ਉਠਾਉਣ ਵਾਲੇ ਪੁਰ-ਅਮਨ ਅੰਦੋਲਨਕਾਰੀਆਂ ਦੀ ਕੁੱਟ-ਮਾਰ ਵਿਚੋਂ ਕੋਈ ਚੰਗੇਜ਼ੀ ਤੇ ਨਾਦਰਸ਼ਾਹੀ ਨਜ਼ਾਰਾ ਹੀ ਨਸ਼ਰ ਹੋ ਰਿਹਾ ਹੈ। ਬੇਸ਼ੱਕ ਸਤਿਆਗ੍ਰਹੀਆਂ ਦੇ ਦੋ-ਚਾਰ ਸਮਾਜ ਸੁਧਾਰਕ ਆਗੂ ਪ੍ਰਸ਼ਾਸਨ ਦੇ ਨਜ਼ਰੀਏ ਤੋਂ ਭਾਵੇਂ ਗਲਤ ਤਾਂ ਕਹੇ ਜਾ ਸਕਦੇ ਹਨ। ਪਰ ਇਸ ਸੰਦਰਭ ਵਿਚ ਸਾਰਾ ਦੇਸ਼ ਤੇ ਖਾਸ ਤੌਰ ’ਤੇ ਇਕ ਅਰਬ ਤੋਂ ਵੱਧ ਬੰਦੇ ਜੋ ਭ੍ਰਿਸ਼ਟਾਚਾਰ ਤੇ ਮਹਿੰਗਾਈ ਦੀ ਚੱਕੀ ਵਿਚ ਪਿਸ ਰਹੇ ਹਨ, ਉਨ੍ਹਾਂ ਨੂੰ ਗਲਤ ਨਹੀਂ ਕਿਹਾ ਜਾ ਸਕਦਾ।

ਬੇਸ਼ੱਕ ਨੇਕੀ ਤੇ ਬਦੀ ਵਰਗੀ ਇਸ ਲੰਬੀ ਲੜਾਈ ਵਿਚ ‘ਹਾਲੇ ਦਿੱਲੀ ਦੂਰ ਹੈ’ ਦੀ ਲਕੋਕਤੀ ਅਨੁਸਾਰ ਜਿੱਤ ਜਾਂ ਹਾਰ ਹਾਲ ਦੀ ਘੜੀ ਦੂਰ ਹੈ। ਪਰ ਇਸ ਵਾਸਤੇ **ਰੌਬਰਟ ਬਰੂਸ** ਦੀ ਜੀਵਨੀ ’ਚੋਂ ‘ਵਾਰ-ਵਾਰ ਕੋਸ਼ਿਸ਼ ਕਰਕੇ ਫਤਹਿ ਹਾਸਲ ਕਰਨ’ ਦੀ ਨਸੀਹਤ ਵੀ ਲੈਣ ਦੀ ਲੋੜ ਹੈ।

ਪਿਛਲੇ ਕੁੱਝ ਕੁ ਸਮੇਂ ਵਿਚ ਜਨਤਾ ਵਿਚ ਪ੍ਰੇਸ਼ਾਨੀ ਦੇ ਕਾਰਨ ‘ਸਿਵਲ ਸੁਸਾਇਟੀ’ ਦੇ ਰੂਪ ਵਿਚ ਸਰਕਾਰਾਂ ਦਾ ਮਖੌਟਾ ਲਾਹੁਣ ਦਾ ਪ੍ਰਚੱਲਣ ਹੋਇਆ ਹੈ। ਉਸ ਤੋਂ ਸਿਆਸੀ ਆਗੂਆਂ ਤੇ ਪਾਰਟੀਆਂ ਨੂੰ ‘ਕੰਧ ’ਤੇ ਵਿਧ-ਮਾਤਾ ਦੇ ਲਿਖੇ ਅੱਖਰਾਂ’ ਨੂੰ ਸਾਫ ਤੇ ਸਪਸ਼ਟ ਤੌਰ ’ਤੇ ਪੜ੍ਹ ਤੇ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਦੇਸ਼ ਵਿਚ ਜਨਤਾ ਨੇ ਚੋਰੀ-ਚਕਾਰੀ ਤੇ ਲੁੱਟ-ਖਸੁੱਟ ਕਰਨ ਵਾਲਿਆਂ ਦੇ ਨਕਾਬ ਉਤਾਰ ਕੇ ਉਨ੍ਹਾਂ ਦਾ ਅਸਲੀ ਚਿਹਰਾ ਦੁਨੀਆਂ ਦੇ ਸਾਹਮਣੇ ਲਿਆਉਣਾ ਹੀ ਹੈ। ਸਾਡੇ ਦੇਸ਼ ਦੇ ਸਾਰੇ ਮੋਹਰੀਆਂ ਤੇ ਆਗੂਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਦੀ ਜਨਤਾ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਮਨਾਂ ਵਿਚ ਹੁਣ ਉਹ ਆਪਣਾ ਅਕਸ ਤੇ ਵਿਸ਼ਵਾਸ ਗੁਆ ਚੁਕੇ ਹਨ।

ਨਿਰਸੰਦੇਹ ਇਸ ਪ੍ਰਥਾਇ ਹੁਣ ਜਨਤਾ ਨੂੰ ਵੀ ਦੇਸ਼ ਤੇ ਕੌਮ ਦੇ ਹਿੱਤਾਂ ਵਿਚ ਪੂਰਨ ਤੌਰ 'ਤੇ ਜਾਗਰੂਕ ਹੋਣ ਦੀ ਜ਼ਰੂਰਤ ਹੈ ਅਤੇ ਸਹੀ ਤੇ ਗਲਤ ਬੰਦਿਆਂ ਦੀ ਪਛਾਣ ਕਰਨ ਦੀ ਲੋੜ ਹੈ। ਹੁਣ ਇਸ ਬਦਲ ਰਹੇ ਦੌਰ ਵਿਚ ਪਬਲਿਕ ਨੂੰ ਆਪਣੇ ਅਧਿਕਾਰਾਂ ਤੇ ਹੱਕਾਂ ਤੋਂ ਵੱਧ ਦੇਸ਼ ਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਜ਼ਰੂਰਤ ਹੈ। ਜਨਤਾ ਨੂੰ ਹੁਣ ਸਹੀ ਰੂਪ ਵਿਚ ਦੇਸ਼ ਪ੍ਰੇਮ ਤੇ ਸਵੈਮਾਣ ਦੀਆਂ ਭਾਵਨਾਵਾਂ ਨੂੰ ਆਪਣੇ-ਆਪ ਵਿਚ ਜਾਗ੍ਰਿਤ ਕਰਕੇ ਆਪਣੇ ਇਕ ਨਵੇਂ ਅਵਤਾਰ ਵਜੋਂ ਸੰਸਾਰ ਦੇ ਸਾਹਮਣੇ ਆਉਣਾ ਪਵੇਗਾ।

ਖੈਰ! ਅੱਲ੍ਹਾ-ਮੀਆਂ ਹੀ ਜਾਣੇ ਕਿ ਸਰਕਾਰ ਦੀ ਪਤਾ ਨਹੀਂ ਕਿਹੜੀ ਮਜਬੂਰੀ ਹੈ ਕਿ ਇਹ ਦੁਨੀਆਂ ਦੇ ਸਾਹਮਣੇ ਸ਼ਰਮਸਾਰ ਹੁੰਦੇ ਹੋਏ ਵੀ ਕਿਸੇ ਧਨ ਦੇ ਪੁਜਾਰੀ ਤੇ ਜੰਤਾ ਭਖਿਅਕ ਮਗਰਮੱਛਾਂ ਨੂੰ ਕੁੱਝ ਨਹੀਂ ਕਹਿ ਰਹੇ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਾਡੀ ਸਰਕਾਰ ਸਭ ਕੁਝ ਜਾਣ ਕੇ ਵੀ ਇਸ ਲਈ ਅਣਜਾਣ ਹੈ ਕਿ ਇਨ੍ਹਾਂ ਦੇ ਆਪਣੇ ਅਨੇਕਾਂ ਲਾਭ ਤੇ ਰਾਜ਼ ਇਨ੍ਹਾਂ ਗੜਬੜ ਘੋਟਾਲਿਆਂ ਦੇ ਪਿਛੇ ਛੁਪੇ ਹੋਏ ਹਨ। ਨਹੀਂ ਤਾਂ, ਜੇ ਸਰਕਾਰ ਦੀ ਦਿਆਨਤਦਾਰੀ ਦੀ ਨੀਤੀ ਹੋਵੇ ਤਾਂ ਕਿਸੇ ਦੀ ਵੀ ਕੀ ਤਾਕਤ ਹੈ ਕਿ ਕੋਈ ਵੀ ਨਾਢੂ ਖਾਂ ਸਰਕਾਰ ਨਾਲ ਸਿੰਗ ਫਸਾ ਸਕੇ।

ਇਸ ਪ੍ਰਥਾਇ ਹੁਣ ਸਭ ਤੋਂ ਵੱਧ ਉੱਦਮ ਤੇ ਉਪਰਾਲਾ ਤਾਂ ਸਰਕਾਰ ਨੂੰ ਹੀ ਕਰਨਾ ਬਣਦਾ ਹੈ। ਪਰ ਫਿਰ ਵੀ ਮਨੁੱਖੀ ਸੰਸਕਾਰਾਂ ਦੇ ਸੰਦਰਭ ਵਿਚ ਸਿਆਣਿਆਂ ਨੇ ਕਿਹਾ ਹੈ ਕਿ ਸਮਾਜ ਨਿਰਮਾਣ ਦਾ ਜੋ ਕੰਮ ਸਰਕਾਰਾਂ ਨਹੀਂ ਕਰ ਸਕਦੀਆਂ, ਉਹ ਸੰਸਕਾਰ ਕਰ ਦਿੰਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਸੰਸਾਰ ਤਾਂ ਦਿੰਦੇ ਹਾਂ, ਪਰ ਸੰਸਕਾਰ ਨਹੀਂ ਦਿੰਦੇ। ਇਸ ਦਾ ਭਾਵ ਇਹ ਹੈ ਕਿ ਅਸੀਂ ਸ਼ੁਰੂ ਤੋਂ ਹੀ ਆਪਣੇ ਨਿਆਣਿਆਂ ਨੂੰ ਸੁੱਖ-ਅਰਾਮ, ਸਿੱਖਿਆ ਤੇ ਧਨ ਦੌਲਤ ਦੇ ਕੇ ਉਨ੍ਹਾਂ ਨੂੰ ਦੁਨੀਆਂਦਾਰੀ ਨਾਲ ਤਾਂ ਜੋੜਦੇ ਹਾਂ। ਪਰ ਅਸੀਂ ਉਨ੍ਹਾਂ ਨੂੰ ਸਾਡੇ ਪੁਰਖਿਆਂ ਦੇ ਨੇਕ ਕਾਰਨਾਮਿਆਂ ਤੇ ਸਭਿਆਚਾਰ ਦੀਆਂ ਨੇਕ ਕਦਰਾਂ-ਕੀਮਤਾਂ ਨਾਲ ਨਹੀਂ ਜੋੜਦੇ। ਇਸ ਤਰ੍ਹਾਂ ਅਸੀਂ ਆਪਣੀਆਂ ਪੀੜ੍ਹੀਆਂ ਨੂੰ ਦੁਨਿਆਵੀ ਸੰਸਾਰ ਨਾਲ ਤਾਂ ਜੋੜਿਆ ਹੈ, ਪਰ ਅਸੀਂ ਉਨ੍ਹਾਂ ਨੂੰ ਸੰਸਕਾਰਿਕ ਸੰਸਾਰ ਨਾਲ ਨਹੀਂ ਜੋੜਿਆ। ਇਸ ਵਾਸਤੇ ਹੁਣ ਸਾਨੂੰ ਸਭ ਨੂੰ ਪੰਜਾਬ ਦੀ ਸਭਿਆਚਾਰਕ ਅਮੀਰੀ ਨੂੰ ਮੁੜ ਤੋਂ ਸੁਰਜੀਤ ਤੇ ਪਰਿਪੱਕ ਕਰਨ ਦੀ ਅਹਿਮੀਅਤ ਨੂੰ ਸਮਝਣ ਦੀ ਅਤਿਅੰਤ ਲੋੜ ਹੈ।

ਹੁਣ ਤੱਕ ਦੇ ਬਣੇ ਹਾਲਾਤਾਂ ਅਨੁਸਾਰ ਸਮੇਂ ਦੀ ਮੰਗ ਹੈ ਕਿ ਸਾਡੀ ਸਰਕਾਰਾਂ ਭਾਵੇਂ ਉਹ ਸੂਬਾ ਸਰਕਾਰ ਹੈ ਜਾਂ ਕੇਂਦਰ ਸਰਕਾਰ ਹੈ, ਇਹ ਲੋਕਾਂ ਵਲੋਂ ਚੁਣੀਆਂ ਹੋਈਆਂ ਹਨ ਅਤੇ ਲੋਕਾਂ ਦੀਆਂ ਆਪਣੀਆਂ ਹੀ ਸਰਕਾਰਾਂ ਹਨ। ਇਸ ਵਾਸਤੇ ਇਨ੍ਹਾਂ ਨੂੰ ਚਾਹੀਦਾ ਹੈ ਕਿ ਦੇਸ਼, ਕੌਮ ਤੇ ਸਮਾਜ ਦੇ ਭਲੇ ਲਈ ਨਿਰਸੰਕੋਚ ਸਾਡੇ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰੀ ਦਾਵਾਨਲ ਨੂੰ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਤਕੜੇ ਹੱਥੀਂ ਲੈਣ। ਬੇਸ਼ੱਕ ਹੁਣ ਤਕ ਦੇਸ਼ ਵਾਸੀਆਂ ਦੀ ਹੋਣੀ ਵਿਚ ਅਨੈਤਿਕਤਾ ਤੇ ਭ੍ਰਿਸ਼ਟਾਚਾਰ ਦੇ ਪੱਖੋਂ ਬਹੁਤ ਕੁਝ ਮੰਦਾ-ਮਾੜਾ ਵਾਪਰ ਚੁੱਕਾ ਹੈ, ਪਰ ਹਾਲੇ ਵੀ ਡੁੱਲ੍ਹੇ



*Original with;*
Kulbir Singh Sidhu(I.A.S)
*Digitized by;*
Panjab Digital Library

ਥੇਰਾਂ ਦਾ ਕੁਝ ਨਹੀਂ ਵਿਗੜਿਆ। ਇਸ ਪ੍ਰਥਾਇ ਸਦੀਆਂ ਤੋਂ ਚਲੀ ਆ ਰਹੀ ਸਾਡੀ ਅਜ਼ਮੂਦਾ ਲੋਕ ਸਿਆਣਪ 'ਹੱਥਾਂ ਬਾਝ ਕਰਾਇਆ ਵੈਰੀ ਮਿੱਤ ਨਾ ਹੋਏ, ਅਨੁਸਾਰ ਸਮਾਜ ਵਿਚ ਵਧ ਰਹੇ ਸਮਾਜਿਕ, ਆਰਥਿਕ ਤੇ ਸਦਾਚਾਰਕ ਗਿਰਾਵਟ ਦੇ ਜ਼ਿੰਮੇਵਾਰ ਭੂਤਾਂ-ਪ੍ਰੇਤਾਂ ਵਰਗੇ ਮਾੜੇ ਬੰਦਿਆਂ ਦੇ ਬਰਖਿਲਾਫ਼ ਯਲਗ਼ਾਰ ਭਾਵ ਵੱਡੀ ਮੁਹਿੰਮ ਵਿੱਢਣ ਦੀ ਅਤਿਅੰਤ ਲੋੜ ਹੈ।

ਸ਼ਾਇਰ ਹਰਨੇਕ ਸਿੰਘ ਕੋਮਲ ਵਕ੍ਰੋਕਤੀ-ਕਾਵਿ ਭਾਵ ਰਮਜ਼ ਭਰਪੂਰ ਕਾਵਿ ਦਾ ਸਿਰਜਕ ਹੈ। ਬਕੌਲ ਕੋਮਲ ਦੁਨੀਆਂ ਦੇ ਵਿਚ "ਕੂੜ ਦਾ ਭਾਂਬੜ ਰਿਹਾ ਹੈ ਮੱਚ; ਕਰੋ ਦੁਆ ਮਿਲ ਦੋਸਤੋ! ਰਹੇ ਸਲਾਮਤ ਸੱਚ।" ਬੇਸ਼ੱਕ ਇਹ ਮੰਨਣ ਵਾਲੀ ਗੱਲ ਹੈ ਕਿ ਕੂੜ ਦਾ ਪਸਾਰਾ ਹੁਣ ਸਾਰੇ ਮੇਚ ਬੰਨ੍ਹੇ ਟੱਪ ਗਿਆ ਹੈ, ਪਰ ਸੱਚ ਦੀ ਦੁਆ ਤੇ ਸੱਚਾਈ ਦੀ ਦੁਆ ਹਾਲੇ ਵੀ ਅਸਰ ਰੱਖਦੀ ਹੈ। ਇਸ ਪ੍ਰਥਾਇ ਗ਼ਾਲਿਬ ਦਾ ਕਹਿਣਾ ਹੈ ਕਿ :-

ਦਿਲ ਸੇ ਜੋ ਬਾਤ ਨਿਕਲਤੀ ਹੈ ਅਸਰ ਰਖਤੀ ਹੈ,
ਪਰ ਨਹੀਂ, ਤਾਕਤੇ-ਪ੍ਰਵਾਜ਼ ਮਗਰ ਰਖਤੀ ਹੈ।

ਜੇ ਸਰਕਾਰ ਆਪਣੀ ਦ੍ਰਿੜ੍ਹ ਇੱਛਾ ਸ਼ਕਤੀ ਤੇ ਸਮਰੱਥ ਕਾਰਜਕਾਰਣੀ ਦੇ ਬਲਬੂਤੇ ਕਲਿਆਣਕਾਰੀ ਲੋਕਰਾਜ ਦਾ ਇਹ ਨੇਕ ਸੰਕਲਪ ਲੈ ਲਵੇ ਤਾਂ ਸ਼ਰਤੀਆ ਹੈ ਕਿ ਸਰਕਾਰ ਦੀ ਛਤਰ-ਛਾਇਆ ਤੇ ਛਿੱਤਰ-ਛਾਇਆ ਦੀ ਧਮਕ ਦੇਸ਼ ਦੇ ਕੋਨੇ-ਕੋਨੇ ਵਿਚ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਬਾਰਾਸਤਾ ਪੰਜਾਬ ਹਰ-ਦਿਲ ਤੇ ਹਰ-ਦਿਮਾਗ ਸੁਣੇਗਾ। ਫਿਰ ਕਿਸੇ ਦੀ ਕੀ ਮਜਾਲ ਕਿ ਦੇਸ਼ ਵਿਰੋਧੀ ਮਾੜੇ ਅਨਸਰ ਸਰਕਾਰ ਨੂੰ 'ਟੁੱਕ ਉਤੇ ਡੇਲਾ' ਸਮਝਣ ਦੀ ਹਿਮਾਕਤ ਕਰੇ, ਸਗੋਂ ਸਰਕਾਰ ਦਾ ਘੁੰਗਰੂਆਂ ਨਾਲ ਸ਼ਿੰਗਾਰਿਆ ਛਿੱਤਰ ਜਦੋਂ ਹਰਕਤ ਵਿਚ ਆਇਆ ਤਾਂ ਸਾਡੇ ਆਲੇ-ਦੁਆਲੇ ਦੀ ਦੁਨੀਆਂ ਵੀ ਜੇ ਅੱਬਾ-ਅੱਬਾ ਨਾ ਕਰ ਉਠੇ ਤਾਂ ਮੇਰਾ ਨਾਮ ਵਟਾ ਦੇਣਾ।

ਖੈਰ! ਨਿਰਣੇ ਮਾਤਰ ਕਿਹਾ ਜਾ ਸਕਦਾ ਹੈ ਕਿ ਹੁਣ ਜਿਹੜੀ ਵੀ ਕੋਈ ਤਤਕਾਲੀ ਸਰਕਾਰ ਹੈ ਜਾਂ ਉਸ ਤੋਂ ਬਾਅਦ ਜਿਹੜੀ ਵੀ ਸਰਕਾਰ ਅੱਗੇ ਰਾਜਸੱਤਾ ਵਿਚ ਆਵੇਗੀ; ਉਸ ਨੂੰ ਪਹਿਲ-ਪ੍ਰਿਥਮੇ ਇਹ ਸਮਝਣਾ ਪਵੇਗਾ ਕਿ ਜੇ ਅਨੈਤਿਕਤਾ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਜਿਹੇ ਮੁੱਦੇ ਦੇਸ਼ ਤੇ ਕੌਮ ਦੀ ਰਾਜਨੀਤੀ 'ਤੇ ਹਾਵੀ ਰਹੇ ਤਾਂ ਉਹ ਸਰਕਾਰ ਸਿਆਸਤ ਦੀ ਬਾਜ਼ੀ ਜਿੱਤ ਕੇ ਵੀ ਹਾਰ ਜਾਵੇਗੀ। ਪਰ ਜੇ ਇਹ ਵੀ ਮੰਨ ਲਈਏ ਕਿ ਜੇ ਕੋਈ ਸਰਕਾਰ ਦੇਸ਼ਧ੍ਰੋਹੀ ਮਾਫ਼ੀਏ ਤੇ ਮਾੜੇ ਅਨਸਰਾਂ ਨਾਲ ਇਸ ਕੌਮੀ ਲੜਾਈ ਵਿਚ ਲੜਦੇ ਹੋਏ ਰਾਜਸੱਤਾ ਤੋਂ ਬਾਹਰ ਵੀ ਹੋ ਜਾਂਦੀ ਹੈ ਤਾਂ ਵੀ ਨਿਰਸੰਦੇਹ ਉਸ ਦੀ ਇਸ ਹਾਰ ਨੂੰ ਇਤਿਹਾਸ ਆਪਣੇ ਪੰਨਿਆਂ 'ਤੇ ਜਿੱਤ ਬਣਾ ਕੇ ਹੀ ਅੰਕਿਤ ਕਰੇਗਾ। ਜੱਗ ਜ਼ਾਹਿਰ ਹੈ ਕਿ ਅੰਤ ਨੂੰ ਨੇਕੀ ਤੇ ਬਦੀ ਦਰਮਿਆਨ ਜੰਗ ਦੇ ਇਤਿਹਾਸਿਕ ਫੈਸਲੇ ਹਮੇਸ਼ਾਂ ਹੀ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ" ਦੇ ਅਟਲਾਧੇ ਨਿਯਮਾਂ ਅਨੁਸਾਰ ਹੀ ਹੁੰਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

# ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ

ਸਾਡੇ ਸਮੁੱਚੇ ਪ੍ਰਸ਼ਾਸਨ ਵਿਚ ਸਿਆਸੀ ਦਖ਼ਲਅੰਦਾਜ਼ੀ, ਸਿਫਾਰਿਸ਼ਬਾਜ਼ੀ ਤੇ ਰਿਸ਼ਵਤਖੋਰੀ ਇੰਨੀ ਵਧ ਗਈ ਹੈ ਕਿ ਪ੍ਰਸ਼ਾਸਨਿਕ ਸੇਵਾਵਾਂ ਵਿਚ ਲੋਕ ਸੇਵਾ ਤੇ ਸਮਾਜ ਭਲਾਈ ਤਾਂ ਹੁਣ ਨਾਮ ਮਾਤਰ ਹੀ ਰਹਿ ਗਈ ਹੈ। ਸਗੋਂ ਹੁਣ ਲੋਕ ਸੇਵਾ ਤਾਂ ਜੇਬ ਸੇਵਾ ਹੀ ਬਣ ਚੁੱਕੀ ਹੈ, ਜਿਸ ਕਰਕੇ ਸਾਡੇ ਦਫ਼ਤਰਾਂ ਵਿਚ ਕੋਈ ਕੰਮ ਸਿਫਾਰਿਸ਼, ਮੂੰਹ-ਮੁਲਾਹਜ਼ੇ ਜਾਂ ਪੈਸੇ ਤੋਂ ਬਿਨਾਂ ਨਹੀਂ ਹੁੰਦਾ। ਫ਼ਿਰ ਸਾਡੇ ਜੀਵਨ ਵਿਚ ਸਿਆਸੀਕਰਣ ਦਾ ਚਲਣ ਇੰਨਾਂ ਵਧ ਗਿਆ ਹੈ ਕਿ ਦੇਸ਼ ਸੇਵਾ ਦਾ ਦੂਜਾ ਨਾਮ ਸਿਆਸਤ ਹੀ ਪੈ ਗਿਆ ਹੈ। ਇਸ ਤਰ੍ਹਾਂ ਹੁਣ ਹਰ ਕੋਈ ਤੇ ਖ਼ਾਸ ਕਰਕੇ ਅਫ਼ਸਰਸ਼ਾਹੀ ਤਾਂ ਸਿਆਸੀ ਰੰਗਤ ਵਿਚ ਹੀ ਰੰਗੀ ਗਈ ਹੈ। ਬੇਸ਼ੱਕ ਸਾਡੇ ਇਸ ਸਮਾਜਿਕ ਤੇ ਬੇਢੰਗੇ ਪ੍ਰਸ਼ਾਸਨਿਕ ਪ੍ਰਚੱਲਣ ਤੋਂ ਜਨਤਾ ਹੁਣ ਬਹੁਤ ਪ੍ਰੇਸ਼ਾਨ ਹੈ, ਪਰ ਸਰਕਾਰੀ ਢੰਗਿਆਂ-ਵੰਗਿਆਂ ਵਾਲੀ ਇਹ ਸਾਰੀ ਖੇਡ ਸਾਡੀਆਂ ਸਰਕਾਰਾਂ ਤੇ ਖਾਸ ਕਰਕੇ ਸਾਡੇ ਅਧਿਕਾਰੀਆਂ ਨੂੰ ਬੜੀ ਰਾਸ ਆ ਗਈ ਹੈ।

ਫਿਰ ਸਿਤਮ ਇਹ ਹੈ ਕਿ ਇਨ੍ਹਾਂ ਸਾਰੇ ਕਥਿਤ ਸਮਾਜ ਸੇਵਕਾਂ ਨੂੰ ਇਸ ਅਖੌਤੀ ਜਨ-ਸੇਵਾ ਦਾ ਕੜਾ ਇੰਨਾ ਸੂਤ ਆਇਆ ਹੈ ਕਿ ਉਹ ਦੇਸ਼ ਭਗਤੀ ਨੂੰ ਜੇਬ ਭਗਤੀ ਤੇ ਲੋਕ ਭਲਾਈ ਨੂੰ ਨਿੱਜੀ ਭਲਾਈ ਅਤੇ ਲੋਕ ਸੇਵਾ ਨੂੰ ਜੇਬ ਸੇਵਾ ਦਾ ਸਾਧਨ ਸਮਝਣ ਲੱਗ ਪਏ ਹਨ। ਬੱਸ ਹਰ ਕੋਈ ਆਪਣੇ ਸੁਆਰਥ ਤੇ ਲਾਲਚ ਦੀ ਪੂਰਤੀ ਵਾਸਤੇ ਲੋਕ ਹਿੱਤ ਨੂੰ ਨਿੱਜ ਹਿੱਤ ਦੀ ਖ਼ਾਤਿਰ ਕੁਰਬਾਨ ਕਰ ਰਿਹਾ ਹੈ। ਸਾਡੇ ਦੇਸ਼ ਤੇ ਸਮਾਜ ਦੇ ਰਾਜਨੀਤਿਕ ਤੇ ਸਮਾਜਿਕ ਜੀਵਨ ਵਿਚ ਲੋਕ ਸੇਵਾ ਦੀ ਥਾਂ ਜੇਬ ਸੇਵਾ, ਦੇਸ਼ ਭਗਤੀ ਦੀ ਥਾਂ ਜੇਬ ਭਗਤੀ, ਸ਼ਿਸ਼ਟਾਚਾਰ ਦੀ ਥਾਂ ਭ੍ਰਿਸ਼ਟਾਚਾਰ ਅਤੇ ਪਬਲਿਕ ਸਰਵੈਂਟ ਦੀ ਥਾਂ ਸਰ ਭਾਵ ਜਨਾਬ ਜਿਹੇ ਕਿੰਨੇ ਹੀ ਸ਼ਬਦ ਇਕ-ਦੂਜੇ ਦੇ ਸਮਾਨਾਰਥਿਕ ਸ਼ਬਦ ਬਣ ਚੁੱਕੇ ਹਨ।

ਫਿਰ ਇਸ ਤਰ੍ਹਾਂ ਹੀ ਗੌਰਤਲਬ ਹੈ ਕਿ ਸਾਡੇ ਨਿਜ਼ਾਮ ਵਿਚ ਲੋਕਾਂ ਦੇ ਸੇਵਾਦਾਰ ਕਹਾਉਂਦੇ ਅਫ਼ਸਰ ਖ਼ੁਦ 'ਸਰ' ਅਰਥਾਤ 'ਜਨਾਬ' ਬਣ ਕੇ ਲੋਕਾਂ ਨੂੰ ਆਪਣਾ ਸੇਵਾਦਾਰ ਬਣਾ ਲੈਂਦੇ ਹਨ। ਹੁਣ ਸਮਝ ਆਉਂਦੀ ਹੈ ਕਿ ਹਕੂਮਤ ਦਾ ਨਸ਼ਾ ਬੰਦੇ ਨੂੰ ਕਿੰਨਾ ਹੰਕਾਰੀ ਤੇ ਹੈਂਕੜਬਾਜ਼ ਬਣਾ ਦਿੰਦਾ ਹੈ। ਇਸ ਤਰ੍ਹਾਂ ਸਾਡੇ ਮੁਲਕ ਵਿਚ 'ਸਰ' ਦਾ ਲਕਬ ਆਮ ਤੌਰ 'ਤੇ ਕਿੰਨੇ ਹੀ ਚੰਗੇ-ਭਲੇ ਬੰਦਿਆਂ ਦੇ ਸਿਰ-ਦਿਮਾਗ ਫੇਰ ਕੇ ਉਨ੍ਹਾਂ ਨੂੰ ਸਿਰ-ਫਿਰੇ ਜਨਾਬ ਬਣਾ ਦਿੰਦਾ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਅਫ਼ਸੋਸ ਦੀ ਗੱਲ ਹੈ ਕਿ ਇਸ ਪਾਸੇ ਨਾ ਤਾਂ ਸਰਕਾਰਾਂ ਤੇ ਨਾ ਹੀ ਅਫ਼ਸਰਸ਼ਾਹੀ ਦਾ ਧਿਆਨ ਹੈ, ਸਗੋਂ ਜਿਸ ਕਿਸੇ ਕੋਲ ਵੀ ਮਾੜੀ-ਮੋਟੀ ਸੱਤਾ ਦੀ ਤਾਕਤ ਆ ਜਾਂਦੀ ਹੈ, ਉਹ ਹੀ ਆਪਣੀ ਗੁੱਲੀ ਨੂੰ ਦਣ ਪਾ ਕੇ ਜਨਤਾ ਨੂੰ ਪੈਸੇ ਦੀ ਖ਼ਾਤਿਰ ਬੱਘ ਮਾਰਨ ਦਾ ਜੁਗਾੜ ਕਰਨ ਲੱਗ ਪੈਂਦਾ ਹੈ। ਮੁੱਕਦੀ ਗੱਲ, ਅਜ ਦੀ ਦਫ਼ਤਰਸ਼ਾਹੀ 'ਸ਼ਾਨ ਤੋਂ ਦੁਕਾਨ' ਤਕ ਦਾ ਮਾੜਾ ਸਫ਼ਰ ਤੈਅ ਕਰ ਚੁੱਕੀ ਹੈ। ਇਸ ਸਬੰਧ ਵਿਚ ਸਾਡੀ ਅਜੋਕੀ ਨੌਕਰਸ਼ਾਹੀ ਬਾਰੇ ਆਮ ਲੋਕਾਂ ਦਾ ਕਹਿਣਾ ਹੈ ਕਿ 'ਰਿਸ਼ਵਤਖੋਰੀ ਤੇ ਸਿਫ਼ਾਰਿਸ਼ਬਾਜ਼ੀ ਕਰ ਕੇ ਭੇੜਿਆਂ ਦੀ ਸਰਦਾਰੀ; ਨਹੀਂ ਤਾਂ ਔਰ ਕਿਆ ਚਤੁਰਾਈ' ਕਿਉਂਕਿ ਉਹ ਸਮਝਦੇ ਹਨ ਕਿ ਵੱਡੇ-ਵੱਡੇ ਜਨਾਬਾਂ ਦੇ ਦੁਨਿਆਵੀ ਜਲੌਅ ਬਸ ਦੋ ਨੰਬਰ ਦੀ ਕਮਾਈ ਕਰਕੇ ਹੀ ਹਨ।

ਜ਼ਾਹਿਰ ਹੈ ਕਿ ਲੋਕ ਸਾਡੀ ਇਸ ਸਰਕਾਰੀ ਵਿਵਸਥਾ ਤੇ ਪ੍ਰਸ਼ਾਸਨ ਪ੍ਰਣਾਲੀ ਤੋਂ ਬੇਹੱਦ ਬੇਜ਼ਾਰ ਤੇ ਬੇਚੈਨ ਹਨ, ਪਰ ਫਿਰ ਵੀ ਉਹ ਇਸ ਮਾੜੇ ਨਿਜ਼ਾਮ ਨਾਲ ਸਮਝੌਤਾ ਕਰਨ ਲਈ ਬੇਬੱਸ ਹਨ। ਸਾਡੇ ਸਮਾਜ ਵਿਚ ਅਜਿਹੀਆਂ ਪ੍ਰਸਥਿਤੀਆਂ ਦੇ ਕਾਰਨ ਇਉਂ ਲਗਦਾ ਹੈ ਕਿ ਜਿਵੇਂ ਭ੍ਰਿਸ਼ਟਾਚਾਰ, ਸਿਫਾਰਿਸ਼ਬਾਜ਼ੀ ਤੇ ਰਿਸ਼ਵਤਖੋਰੀ ਦਾ ਕੋਈ ਹੱਲ ਹੀ ਨਹੀਂ ਹੈ। ਹੁਣ ਤਾਂ ਇਹ ਸਥਿਤੀ ਦਿਨ-ਬ-ਦਿਨ ਵਿਗੜ ਕੇ 'ਗੋਲ ਗੰਢ ਪੈ ਗਈ ਮਿਤਰੋ, ਹੁਣ ਕੀ ਬਣਤ ਬਣਾਈਏ' ਜਿਹੀ ਪੇਚੀਦਾ ਬਣ ਚੁੱਕੀ ਹੈ।

ਇਸ ਵਾਸਤੇ ਅੱਜ ਦੇਸ਼ ਦੇ ਸਮੁੱਚੇ ਆਵਾਮ ਨੂੰ ਬੜੀ ਸੰਜੀਦਗੀ ਨਾਲ ਸੋਚਣਾ ਬਣਦਾ ਹੈ ਕਿ ਉਨ੍ਹਾਂ ਦੇ ਆਪਣੇ ਹੀ ਚੁਣੇ ਹੋਏ ਨੁਮਾਇੰਦੇ, ਆਪਣੀਆਂ ਹੀ ਸਰਕਾਰਾਂ ਤੇ ਆਪਣੇ ਵਿਚੋਂ ਹੀ ਬਣੇ ਅਫ਼ਸਰ ਉਨ੍ਹਾਂ ਨੂੰ ਕਿਹੜੀ ਲੋਕ ਸੇਵਾ ਤੇ ਭਲਾਈ ਦੇ ਸਿਹਰੇ ਪਾ ਰਹੇ ਹਨ। ਸਗੋਂ ਸਪੱਸ਼ਟ ਹੈ ਕਿ ਅੱਜ ਜ਼ਿਆਦਾਤਰ ਸਰਕਾਰਾਂ ਤੇ ਪ੍ਰਸ਼ਾਸਨ ਜਨ-ਸੁਵਿਧਾਵਾਂ ਦੀ ਥਾਂ 'ਤੇ ਰਲ-ਮਿਲ ਕੇ ਜਨਤਾ ਦੇ ਗਲ ਉਸਤਰਿਆਂ ਦੀ ਮਾਲਾ ਪਾਉਣ ਦੇ ਆਹਰ ਵਿਚ ਲੱਗੇ ਰਹਿੰਦੇ ਹਨ।

ਇਸ ਸੰਦਰਭ ਵਿਚ ਇਥੇ ਇਹ ਗੱਲ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਯੋਗ ਹੈ ਕਿ ਸਾਰੇ ਸੰਸਾਰ ਦੀਆਂ ਨਜ਼ਰਾਂ ਸਾਡੇ ਦੇਸ਼ ਦੇ ਲੋਕਤੰਤਰ 'ਤੇ ਲੱਗੀਆਂ ਹਨ ਕਿ ਅਸੀਂ ਦੇਸ਼ ਨੂੰ ਕਿੰਨਾ ਕੁ ਲੋਕਤੰਤਰੀ ਅਸੂਲਾਂ ਤੇ ਆਦਰਸ਼ਾਂ ਮੁਤਾਬਿਕ ਚਲਾ ਰਹੇ ਹਾਂ? ਮੌਜੂਦਾ ਦੌਰ ਵਿਚ ਅਸੀਂ ਤਕਰੀਬਨ-ਤਕਰੀਬਨ ਲੋਕਤੰਤਰੀ ਪ੍ਰਣਾਲੀ ਨੂੰ ਆਪਣੀ ਸੁਵਿਧਾ ਅਨੁਸਾਰ ਰਾਜਤੰਤਰ ਵਿਚ ਹੀ ਤਬਦੀਲ ਕਰ ਲਿਆ ਹੈ। ਸਰਕਾਰ ਦੀ ਪ੍ਰਸ਼ਾਸਨਿਕ ਵਿਵਸੱਥਾ ਦਾ ਜੋ ਹੁਣ ਮੌਜੂਦਾ ਰੂਪ ਹੈ, ਉਸ ਬਾਰੇ ਆਮ ਰਾਏ ਇਹ ਹੈ ਕਿ ਇਹ ਗਰਮ ਖਿਆਲੀਆਂ ਅੱਗੇ ਝੁਕਦੀ ਹੈ ਤੇ ਅਮਨ-ਪਸੰਦ ਰਾਸ਼ਟਰਵਾਦੀਆਂ ਨੂੰ ਝੁਕਾਉਂਦੀ ਹੈ। ਇਸ ਵਾਸਤੇ ਹੁਣ ਸਰਕਾਰ ਨੂੰ ਆਪਣਾ ਰੰਗ-ਰੂਪ ਤੇ ਕੰਮ-ਕਾਜ ਦਾ ਤਰੀਕਾ ਬਿਲਕੁਲ ਹੀ ਬਦਲਣਾ ਪਵੇਗਾ। ਹੁਣ ਨੇਤਾਵਾਂ ਨੂੰ ਨਿੱਜੀ ਹਿੱਤਾਂ ਨੂੰ ਤਿਆਗ ਕੇ ਜਨਤਕ ਹਿੱਤਾਂ ਨੂੰ ਪਹਿਲੀ ਤਰਜੀਹ ਦੇਣੀ ਪਵੇਗੀ।

ਇਸ ਪ੍ਰਸੰਗ ਵਿਚ ਹੀ ਮੁਹੰਮਦ ਇਕਬਾਲ ਨੇ ਜਮਹੂਰੀ ਸਰਕਾਰਾਂ ਨੂੰ ਤਾਕਤ ਦੇ ਨਸ਼ੇ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਚ ਅੰਨ੍ਹੇ ਹੋਣ ਦੀ ਪ੍ਰਵਿਰਤੀ ਤੋਂ ਬਚਣ ਲਈ ਇਸ ਤਰ੍ਹਾਂ ਨਸੀਅਤ ਦਿੱਤੀ ਸੀ ਕਿ :-

*ਜਲਾਲਿ ਪਾਤਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ*
*ਜੁਦਾ ਹੋ ਦੀਨ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ*

ਨਿਰਸੰਦੇਹ ਰਿਆਸਤ ਤੇ ਸਿਆਸਤ ਦਾ ਯਰਾਨਾ ਸਦੀਆਂ ਪੁਰਾਣਾ ਹੈ। ਪਰ ਹੁਣ ਤਾਂ ਮੌਜੂਦਾ ਦੌਰ ਵਿਚ ਸਿਆਸਤ ਦੀ ਚੌਧਰ ਤੇ ਚੌਧਰ ਦੀ ਸਿਆਸਤ ਇਕ ਦੂਜੇ ਦੇ ਹੋਰ ਵੀ ਅਨੁਪੂਰਕ ਬਣ ਚੁਕੇ ਹਨ। ਹੋਰ ਤਾਂ ਹੋਰ ਦੁਨੀਆਂ 'ਤੇ ਖਾਸ ਕਰਕੇ ਸਿਆਸਤਦਾਨਾਂ ਨੂੰ ਰੌਸ਼ਨੀ ਦਿਖਾਉਣ ਵਾਲੇ ਸੁਕਰਾਤ, ਅਰਸਤੂ, ਪਲੈਟੋ, ਹੋਮਰ, ਹੌਰੇਸ, ਗੇਟੇ, ਰੂਸੋ, ਰਸਕਿਨ ਤੇ ਵਾਲਤੇਅਰ ਵਰਗੇ ਫਿਲਾਸਫਰਾਂ ਦੇ ਹਮਜਿਣਸ ਕਹਾਉਂਦੇ ਸਾਡੇ ਬੁੱਧੀਜੀਵੀ ਖੁਦ ਆਪ ਵੀ ਤਕਰੀਬਨ-ਤਕਰੀਬਨ ਸਿਆਸਤੀ ਹੀ ਬਣ ਚੁਕੇ ਹਨ। ਉਧਰ ਦੂਜੇ ਪਾਸੇ ਢਾਈ ਫੱਟ ਵਰਗੀ ਸਿੱਧੀ ਗੱਲ ਇਹ ਹੈ ਕਿ ਰਾਜਭਾਗ ਦੇ ਮਾਲਕਾਂ ਦੇ ਸ਼ਰੀਕੇ-ਹਯਾਤ ਜਿਹੇ ਬਣੇ ਅਫਸਰ ਹੁਣ ਵਾਕਾ ਨਵੀਸਾਂ ਵਾਂਗੂੰ ਹੀ ਕੰਮ-ਕਾਜ ਨਿਭਾਅ ਰਹੇ ਹਨ। ਅੱਜ ਦੀ ਤਰਕੀਬਨ ਸਮੁੱਚੀ ਅਫਸਰਸ਼ਾਹੀ ਸਿਆਸੀ ਆਗੂਆਂ ਅੱਗੇ ਅਲ੍ਹਾਦੀਨ ਦੇ ਚਿਰਾਗ ਵਾਲੇ ਜਿੰਨ ਵਾਂਗੂੰ ਕਿਆ ਹੁਕਮ ਹੈ ਮੇਰੇ ਆਕਾ ਅਲਾਉਂਦੀ ਭੱਜੀ ਫਿਰਦੀ ਹੈ।

ਰਾਜਭਾਗ ਦੀ ਸਾਡੀ ਇਹ ਵਿਵਸਥਾ ਪੁਰਾਣੇ ਸਮਿਆਂ ਵਿਚ ਰਾਜਾਸ਼ਾਹੀ ਤੇ ਤਾਨਾਸ਼ਾਹੀ ਦੇ ਰੂਪ ਵਿਚ ਹੁੰਦੀ ਸੀ। ਬੇਸ਼ੱਕ ਹੁਣ ਇਸ ਪ੍ਰਸ਼ਾਸਨਿਕ ਵਿਵਸਥਾ ਦਾ ਬਾਹਰੀ ਸਰੂਪ ਤਾਂ ਲੋਕਤੰਤਰੀ ਹੈ, ਜਿਸ ਵਿਚ ਲੋਕਾਂ ਦੀ ਪ੍ਰਧਾਨਤਾ ਹੁੰਦੀ ਹੈ। ਪਰ ਦਰਅਸਲ ਇਸ ਲੋਕਤੰਤਰੀ ਪ੍ਰਣਾਲੀ ਰੂਪੋਂ ਕਰੂਪ ਹੋ ਕੇ ਫਿਰ ਦੁਬਾਰਾ ਤੋਂ ਰਾਜਤੰਤਰੀ ਪ੍ਰਣਾਲੀ ਹੀ ਬਣ ਗਈ ਹੈ। ਹੁਣ ਇਸ ਦਾ ਮੰਤਵ-ਮਨੋਰਥ ਦੇਸ਼ ਭਗਤੀ ਦੀ ਥਾਂ ਜੇਬ ਭਗਤੀ ਤੇ ਲੋਕ ਸੇਵਾ ਦੀ ਥਾਂ ਜੇਬ ਸੇਵਾ ਬਣ ਗਿਆ ਹੈ। ਲੋਕ ਭਲਾਈ ਦੀ ਹੁਣ ਕਿਸੇ ਨੂੰ ਬਹੁਤੀ ਫਿਕਰ ਨਹੀਂ ਕਿਉਂਕਿ ਸਾਨੂੰ ਤਾਂ ਆਪਣਾ ਹੀ ਫਿਕਰ ਨਹੀਂ ਮੁੱਕਦਾ।

ਅਫਸੋਸ ਹੈ ਕਿ ਸਾਡੇ ਰਾਜਸੀ ਤੇ ਪ੍ਰਸ਼ਾਸਕੀ ਜੀਵਨ ਵਿਚ ਬਦਦਿਆਨਤੀ, ਬੇਈਮਾਨੀ, ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰੀ ਪ੍ਰਵਿਰਤੀਆਂ ਪੂਰਨ ਰੂਪ ਵਿਚ ਹਾਵੀ ਹੋ ਚੁੱਕੀਆਂ ਹਨ। ਇਸ ਤਰ੍ਹਾਂ ਹੁਣ ਸਾਡਾ ਸਮੁੱਚਾ ਦਫ਼ਤਰੀ ਸਭਿਆਚਾਰ ਹੀ ਬਦਲ ਚੁੱਕਾ ਹੈ। ਇਥੋਂ ਤਕ ਕਿ ਸਾਡੇ ਮੌਜੂਦਾ ਸਰਕਾਰੀ ਸਭਿਆਚਾਰ ਦੇ ਰੰਗ-ਤਮਾਸ਼ਿਆਂ ਨੂੰ ਵੇਖਦੇ-ਝੇਲਦੇ ਹੋਏ ਹੁਣ ਲੋਕ ਵੀ ਕਹਿਣ ਲੱਗ ਪਏ ਹਨ ਕਿ ਇਹ ਦਫ਼ਤਰ, ਕਹਿਚਰੀਆਂ ਤੇ ਮੰਤਰਾਲੇ ਤਾਂ ਬਸ ਖੱਜਲ-ਖੁਆਰੀ ਦਾ ਸਬੱਬ ਹੀ ਬਣ ਕੇ ਰਹਿ ਗਈਆਂ ਹਨ।

ਰੱਬੀ ਵਰਦਾਨਾਂ ਨਾਲ ਨਿਵਾਜੇ ਰਾਜਸੀ ਸ਼ਕਤੀ ਦੇ ਪ੍ਰਤੀਕ ਮੰਤਰੀ, ਅਫਸਰ ਤੇ ਕਰਮਚਾਰੀਆਂ ਦੇ ਤਬਕੇ ਵਿਚ ਸ਼ਿਸ਼ਟਾਚਾਰ ਕਦੋਂ ਭ੍ਰਿਸ਼ਟਾਚਾਰ ਬਣ ਜਾਂਦਾ ਹੈ ਤੇ ਕਦੋਂ ਲੋਕ ਵੀ ਭ੍ਰਿਸ਼ਟਾਚਾਰ ਨੂੰ ਸਮਾਜਿਕ ਸ਼ਿਸ਼ਟਾਚਾਰ ਸਮਝਣ ਲੱਗ ਪੈਂਦੇ ਹਨ। ਇਉਂ ਹੀ ਫਿਰ ਹੋਰ ਵੀ ਕਿੰਨੀਆਂ ਹੀ ਮਾੜੀਆਂ ਤਬਦੀਲੀਆਂ ਦਾ ਤਾਂ ਹੁਣ ਪਤਾ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਨਹੀਂ ਲੱਗਦਾ। ਇਸ ਤੋਂ ਵੀ ਵੱਡਾ ਸਿਤਮ ਤਾਂ ਉਦੋਂ ਹੁੰਦਾ ਹੈ ਕਿ ਜਦੋਂ ਸਾਡਾ ਸਮਾਜ ਮਜਬੂਰੀ ਵੱਸ ਸਦਾਚਾਰ ਦੀ ਥਾਂ ਵਿਭਚਾਰ ਨੂੰ ਕਬੂਲ ਕਰ ਲੈਂਦਾ ਹੈ। ਇਸ ਸਾਰੀ ਪਰਲੋਕਾਰੀ ਉੱਥਲ-ਪੁੱਥਲ ਲਈ ਜ਼ਿੰਮੇਵਾਰ ਤਾਕਤਾਂ 'ਯਥਾ ਰਾਜਾ ਤਥਾ ਪਰਜਾ' ਦੇ ਰੂਪ ਵਿਚ ਇਸ ਅਨੈਤਿਕ ਦਾਵਾਨਲ ਨੂੰ ਦ੍ਰਿਸ਼ਟਮਾਨ ਕਰਦੀਆਂ ਹਨ।

ਇਸ ਤਰ੍ਹਾਂ ਹੀ ਅਫ਼ਸਰੀ ਠਾਠ-ਬਾਠ ਦੀ ਫੋਕੀ ਚੌਧਰ ਦੀ ਤਰਜਮਾਨੀ ਕਰਦੇ ਅਫ਼ਸਰਾਂ ਬਾਰੇ ਇਕ ਲੋਕ ਸਿਆਣਪ 'ਦੇਸੀ ਘੋੜੀ ਖੁਰਾਸਾਨੀ ਦੁਲੱਤੇ' ਬਣੀ ਹੋਈ ਹੈ। ਇਸ ਦਾ ਭਾਵ ਇਹ ਹੈ ਕਿ ਦੇਸੀ ਨਸਲ ਦੀ ਘੋੜੀ ਵੀ ਅਫ਼ਗਾਨਿਸਤਾਨ ਦੇ ਸ਼ਹਿਰ ਖੁਰਾਸਾਨ ਦੇ ਨਾਮੀ ਘੋੜਿਆਂ ਦੀ ਨਸਲ ਦੇ ਨਾਲ ਰਹਿੰਦੀ-ਰਹਿੰਦੀ ਦੁਲੱਤੀਆਂ ਮਾਰਨ ਲੱਗ ਪੈਂਦੀ ਹੈ। ਨਿਰਸੰਦੇਹ ਸਾਡੇ ਅਫ਼ਸਰ ਲੋਕ ਸਾਡੇ ਆਪਣੇ ਹੀ ਦੇਸੀ ਭੈਣ-ਭਾਈ ਹੀ ਹੁੰਦੇ ਹਨ, ਪਰ ਉਨ੍ਹਾਂ ਦੇ ਠਾਠ-ਬਾਠ ਅੰਗਰੇਜ਼ੀ ਸਾਹਿਬਾਂ ਵਾਲੇ ਹੁੰਦੇ ਹਨ। ਅਫ਼ਸਰਸ਼ਾਹੀ ਦਾ ਸਭ ਤੋਂ ਪਹਿਲਾ ਜਲਵਾ ਤਾਂ ਇਹ ਹੁੰਦਾ ਹੈ ਕਿ ਅਕਸਰ ਅਫ਼ਸਰਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਨੌਕਰੀ ਪ੍ਰਾਪਤ ਕਰਨ ਲਈ ਜੋ ਮੰਨਤਾਂ ਉਨ੍ਹਾਂ ਨੇ ਖੁਦ ਆਪ ਤੇ ਉਨ੍ਹਾਂ ਦੇ ਮਾਤਾ-ਪਿਤਾ ਨੇ ਮੰਗੀਆਂ ਹੁੰਦੀਆਂ ਹਨ, ਉਹ ਕਦੋਂ ਭੁੱਲ-ਭੁਲਾ ਜਾਂਦੀਆਂ ਹਨ। ਅਫਸਰਾਂ ਨੂੰ ਆਮ ਤੌਰ 'ਤੇ ਪਤਾ ਹੀ ਨਹੀਂ ਲਗਦਾ ਕਿ 'ਲੋਕ ਸੇਵਾ' ਦਾ ਸੰਕਲਪ ਕਦੋਂ ਅਣਭੋਲ ਜਿਹੇ ਹੀ 'ਜੇਬ ਸੇਵਾ' ਵਿਚ ਤਬਦੀਲ ਹੋ ਜਾਂਦਾ ਹੈ।

ਮੁੱਕਦੀ ਗੱਲ! ਅਫ਼ਸਰ ਇਹ ਵੀ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੇ ਖ਼ੁਦ ਆਪ ਅਤੇ ਉਨ੍ਹਾਂ ਦੇ ਸਾਕ-ਸਨੇਹੀਆਂ ਨੇ ਮੰਦਰਾਂ, ਮਸਜਿਦਾਂ ਤੇ ਗੁਰਦੁਆਰਿਆਂ ਦੀਆਂ ਸੰਗਮਰਮਰ ਦੀਆਂ ਸਿਲ੍ਹਾਂ ਮੱਥੇ ਰਗੜ-ਰਗੜ ਕੇ ਘਸਾਈਆਂ ਹੁੰਦੀਆਂ ਹਨ; ਉਨ੍ਹਾਂ ਨੂੰ ਬੇਰੋਜ਼ਗਾਰੀ ਤੇ ਬੇਕਾਰੀ ਦੇ ਆਲਮ ਵਿਚ ਮੰਨਤਾਂ ਵਜੋਂ ਮੰਗੀਆਂ ਉਹ ਸੁੱਖਣਾਂ ਵੀ ਲਾਹੁਣ ਦਾ ਚੇਤਾ ਭੁੱਲ ਜਾਂਦਾ ਹੈ। ਸਗੋਂ ਉਸ ਤੋਂ ਪਹਿਲਾਂ ਉਨ੍ਹਾਂ ਦੇ ਜਨਾਬੀ ਦੇ ਰਾਗ-ਰੰਗਾਂ ਦੀ ਬੈਂਗਣੀ ਉੱਘੜਣੀ ਸ਼ੁਰੂ ਹੋ ਜਾਂਦੀ ਹੈ।

ਖੈਰ! 'ਲੋਕ ਸੇਵਾ' ਤਾਂ ਉਰ੍ਹਾਂ ਦੀ ਗੱਲ ਹੈ, ਇਸ ਤੋਂ ਕਿਤੇ ਉਪਰ 'ਦੇਸ਼ ਭਗਤੀ' ਦੀ ਭਾਵਨਾ ਹੁੰਦੀ ਹੈ, ਉਹ ਦੇਸ਼ ਭਗਤੀ ਦੀ ਭਾਵਨਾ ਵੀ ਅਛੋਪਲੇ ਜਿਹੇ ਹੀ 'ਜੇਬ ਭਗਤੀ' ਵਿਚ ਤਬਦੀਲ ਹੋ ਜਾਂਦੀ ਹੈ। ਫਿਰ ਇਉਂ ਬੀਤੇ ਕੱਲ੍ਹ ਦੇ ਬੇਕਾਰ ਤੇ ਬੇਰੁਜ਼ਗਾਰ ਜਿਹੇ ਸੱਜਣ ਅੱਜ ਦੇ 'ਸਾਹਿਬ ਬਹਾਦਰ' ਬਣ ਕੇ ਅਜਿਹੇ ਭ੍ਰਿਸ਼ਟਾਚਾਰੀ ਨਜ਼ਾਰੇ ਦਿਖਾਉਂਦੇ ਹਨ ਕਿ ਇਲਾਹੀ ਸ਼ਕਤੀਆਂ ਵੀ ਪਸ਼ੇਮਾਨ ਹੁੰਦੀਆਂ ਦਿਸਦੀਆਂ ਹਨ। ਇਹ ਗੱਲ ਵੱਖਰੀ ਹੈ ਕਿ ਸਾਡੀਆਂ ਅਜਿਹੀਆਂ ਕਰਤੂਤਾਂ ਦੇ ਕਾਰਨ 'ਤਪੋ ਰਾਜ ਤੇ ਰਾਜੋਂ ਨਰਕ' ਵਾਲਾ ਲੋਕ-ਸੂਤਰ ਸਾਡੇ ਜੀਵਨ ਵਿਚ ਜਲਵਾਗਰ ਹੋ ਜਾਂਦਾ ਹੈ।

ਫਿਰ ਇਸ ਉਪਰੰਤ ਸਾਡੀ ਸਮਾਜਿਕ ਰਹੁ-ਰੀਤ ਤੇ ਚਲਣ ਦਾ ਅਹਿਮ ਅੰਗ 'ਸ਼ਿਸ਼ਟਾਚਾਰ' ਸਮਾਜ ਵਿਚ 'ਭ੍ਰਿਸ਼ਟਾਚਾਰ' ਦਾ ਰੂਪ ਧਾਰਨ ਕਰਕੇ ਸਾਡੇ ਸਾਰੇ ਸਮਾਜਿਕ ਵਰਤਾਰਿਆਂ ਤੇ ਅਰਥਚਾਰਿਆਂ ਵਿਚ ਸਰਵਵਿਆਪੀ ਹੋ ਜਾਂਦਾ ਹੈ। ਫਿਰ ਇਸ ਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਸਭ ਤੋਂ ਵੱਧ ਅਸਰ 'ਸਰਕਾਰੇ-ਦਰਬਾਰੇ' ਹੁੰਦਾ ਹੈ। ਜ਼ਾਹਿਰ ਹੈ ਕਿ ਸਰਕਾਰ-ਦਰਬਾਰ ਸਾਡੀ ਵਿਵਸਥਾ ਪ੍ਰਣਾਲੀ ਦਾ ਸਭ ਤੋਂ ਵੱਧ ਦਬ-ਦਬੇ ਵਾਲਾ ਖੇਤਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸਾਡੇ ਰਾਜਸੀ ਤੇ ਪ੍ਰਸ਼ਾਸਕੀ ਖੇਤਰ ਵਿਚ ਸ਼ਿਸ਼ਟਾਚਾਰ ਤੋਂ ਭ੍ਰਿਸ਼ਟਾਚਾਰ ਤੱਕ ਦੀ ਤਬਦੀਲੀ ਦਾ ਕੇਂਦਰ ਬਿੰਦੂ ਪ੍ਰਤੱਖ ਦੇਖਣ ਨੂੰ ਮਿਲਦਾ ਹੈ।

ਸਾਡਾ ਰਾਜ ਫਾਈਲ ਪ੍ਰਧਾਨ ਰਾਜ ਮੰਨਿਆ ਜਾਂਦਾ ਹੈ ਅਤੇ ਸਾਡੇ ਪ੍ਰਸ਼ਾਸਨ ਵਿਚ ਅਧਿਕਾਰੀ ਤੇ ਕਰਮਚਾਰੀ ਅਕਸਰ ਜਨਤਾ ਨੂੰ ਫਾਈਲਾਂ ਵਿਚ ਚਿੱਟੇ ਦਿਨ ਹੀ ਤਾਰੇ ਤੇ ਭੰਬੂਤਾਰੇ ਦਿਖਾਉਂਦੇ ਰਹਿੰਦੇ ਹਨ। ਜਦੋਂ ਸਾਡੀ ਨਿਸ਼ਕਾਮ ਸੇਵਾ ਹੀ ਸਾਡੇ ਲਈ 'ਦੋ ਨੰਬਰ ਦੀ ਖੱਟੀ-ਕਮਾਈ' ਬਣ ਜਾਂਦੀ ਹੈ ਤਾਂ ਇਹ ਆਪਣੇ ਤਿੰਨ ਮੁੱਖ ਰੂਪਾਂ 'ਨਜ਼ਰਾਨੇ, ਇਵਜ਼ਾਨੇ ਤੇ ਜੁਰਮਾਨੇ' ਰਾਹੀਂ ਪ੍ਰਗਟ ਹੁੰਦੀ ਹੈ। ਹੁਣ ਸਾਡੇ ਦਫ਼ਤਰੀ ਸਮਾਜ ਵਿਚ ਇਸ 'ਫਾਈਲ ਪ੍ਰਧਾਨ ਰਾਜ' ਦਾ ਬੋਲਬਾਲਾ ਹੈ।

ਸ਼ੁਰੂ ਤੋਂ ਅਖੀਰ ਤੱਕ 'ਫਾਈਲ ਰਾਜ' ਦਫ਼ਤਰੀ ਕਾਰੀਗਰੀ ਤੇ ਰਿਸ਼ਵਤਖੋਰੀ ਦੀ ਟਕਸਾਲ ਬਣਿਆ ਪਿਆ ਹੈ। ਇਸ ਦੀਆਂ ਕਿੰਨੀਆਂ ਹੀ ਹੋਰ ਵੀ ਬਰਾਚਾਂ ਹਨ; ਜਿਵੇਂ ਕਿ ਵੱਡੇ ਕਿਰਸਾਣਾਂ ਨਾਲ ਮਿਲ ਕੇ ਸਰਪਲੱਸ ਜ਼ਮੀਨਾਂ ਜਾਂ ਜ਼ਮੀਨਾਂ ਦੇ ਝਗੜਿਆਂ ਦੇ ਜਦੋਂ ਫੈਸਲੇ ਲਏ ਜਾਂਦੇ ਹਨ ਤਾਂ ਅਫ਼ਸਰਸ਼ਾਹੀ ਵਾਸਤੇ ਇਹ ਬੈਂਕਿੰਗ ਸੇਵਾ ਬਣ ਜਾਂਦੀ ਹੈ। ਇਸ ਤਰ੍ਹਾਂ ਹੀ ਦੂਜੇ ਪਾਸੇ ਸਨਅਤਕਾਰਾਂ ਨਾਲ ਮੇਲ-ਮਿਲਾਪ ਇਸ ਨੂੰ ਅਜਿਹਾ ਸਨਅਤੀ ਨਿਵੇਸ਼ ਬਣਾਉਂਦਾ ਹੈ ਕਿ ਜਿਸ ਵਿਚ ਅਧਿਕਾਰੀ ਦਾ ਪੈਸਾ ਤਾਂ ਇਕ ਵੀ ਨਹੀਂ ਲੱਗਦਾ। ਪਰ ਬਿਨਾਂ ਪੈਸੇ ਖਰਚਿਆਂ ਅਤੇ ਬਿਨਾਂ ਕਿਸੇ ਜੋਖ਼ਮ ਦੇ ਇਸ ਨਿਵੇਸ਼ ਦੀ ਕਮਾਈ ਅਫ਼ਸਰ ਦੇ ਗੋਲਕ ਰੂਪੀ ਢਿੱਡ ਵਿਚ ਪੈਂਦੀ ਰਹਿੰਦੀ ਹੈ।

ਇਸ ਤੋਂ ਅੱਗੇ ਇਹ ਬਡਰੂਪੀ ਪ੍ਰਵਿਰਤੀ ਅਫ਼ਸਰਸ਼ਾਹੀ ਦੀ ਵਪਾਰੀਆਂ ਤੇ ਅਮੀਰ ਲੋਕਾਂ ਨਾਲ ਮਿਲੀ ਭੁਗਤ ਬਣ ਜਾਂਦੀ ਹੈ। ਜਦੋਂ ਵੱਡੇ ਜਨਾਬਾਂ ਦੀ ਘਾਊਂ-ਘੱਪ ਕਰਨ ਦੀ ਆਦਤ ਕਦੇ ਵਣਜ-ਵਪਾਰ ਵਿਚ ਹਿੱਸੇ-ਪੱਤੀ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਇਹ ਉਨ੍ਹਾਂ ਨੂੰ ਕਦੇ ਸ਼ੋਅ ਰੂਮਾਂ ਦੇ ਮਾਲਿਕ ਤੇ ਕਦੇ ਕਲੋਨੀਆਂ ਦੇ ਰਿਆਲਟਰ ਬਣਾ ਦਿੰਦੀ ਹੈ। ਬੇਸ਼ੱਕ ਛੋਟੇ ਕਰਮਚਾਰੀਆਂ ਦਾ ਦਾਇਰਾ ਰੱਬੋਂ ਬਖਸ਼ੀ ਉਨ੍ਹਾਂ ਦੀ ਸੀਮਤ ਸਮਰਥਾ ਦੇ ਕਾਰਨ ਫਾਈਲਾਂ ਨੂੰ ਅੱਗੇ-ਪਿੱਛੇ ਤੋਰ ਕੇ ਚਾਹ-ਪਾਣੀ ਤੇ ਸੇਵਾ-ਪਾਣੀ ਤੱਕ ਹੀ ਸੀਮਤ ਰਹਿੰਦਾ ਹੈ। ਪਰ ਮਹਿੰਗਾਈ ਦੇ ਜ਼ਮਾਨੇ ਵਿਚ ਚਾਹ-ਪਾਣੀ ਦੀ ਸੇਵਾ ਵੀ ਸੈਂਕੜੇ ਹਜ਼ਾਰਾਂ ਦੀ ਬਣ ਚੁੱਕੀ ਹੈ। ਇਹ ਹੋਵੇ ਵੀ ਕਿਉਂ ਨਾ? ਦਰਅਸਲ ਕਰਮਚਾਰੀ ਵਰਗ ਬਾਬੂਗਿਰੀ ਦੀ ਮੁਢਲੀ ਤੇ ਅਹਿਮ ਇਕਾਈ ਵਜੋਂ ਪ੍ਰਸ਼ਾਸਨ ਦਾ ਅਨਿਖੜ ਯੂਨਿਟ ਬਣ ਗਿਆ ਹੈ। ਛੋਟੇ ਬਾਬੂ ਦੇ ਸਹਿਯੋਗ ਤੋਂ ਬਿਨਾਂ ਵੱਡੇ ਬਾਬੂ ਦੀ ਕੀ ਮਜਾਲ ਹੈ ਕਿ ਉਹ ਕਦਮ ਵੀ ਪੁੱਟੇ। ਸੋ ਇਹ ਸਾਰੀਆਂ ਵੱਡੀਆਂ-ਛੋਟੀਆਂ ਕੜੀਆਂ ਇਕ ਤਕੜਾ ਜੰਜਾਲ ਬਣ ਕੇ ਸਮਾਜ-ਸੇਵਾ ਨੂੰ ਜਕੜ ਮਾਰੀ ਬੈਠੀਆਂ ਹਨ।

ਇਸ ਸਾਰੇ ਕਾਰੇ-ਵਰਤਾਰੇ ਸਬੰਧੀ ਸਾਡੇ ਸਮਾਜ ਵਿਚ ਦੋ ਗੱਲਾਂ ਪ੍ਰਮੁੱਖ ਤੌਰ 'ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਪ੍ਰਵਾਣਿਤ ਹਨ। ਪਹਿਲੀ ਤਾਂ ਇਹ ਕਿ ਬਾਬੂਸ਼ਾਹੀ ਅਕਾਲ ਪੁਰਖ ਵੱਲੋਂ ਮਿਲਿਆ ਜਨਮ ਸਿੱਧ ਦੈਵੀ ਅਧਿਕਾਰ ਹੈ। ਦੂਜੀ ਗੱਲ ਇਹ ਹੈ ਕਿ ਇਸ ਅਧਿਕਾਰ ਵਿਚ 'ਕਲਮ ਦੀ ਤਾਕਤ' ਤੇ 'ਵੱਢੀ ਦੀ ਗੱਡੀ' ਆਮ ਬੰਦੇ ਨੂੰ ਜਿਉਂਦਾ ਤਾਂ ਭਾਵੇਂ ਨਾ ਕਰ ਸਕੇ ਪਰ ਆਦਮੀ ਨੂੰ ਮਾਰ-ਮੁਕਾ ਜ਼ਰੂਰ ਸਕਦੀ ਹੈ। ਬੱਸ ਕੋਈ ਇਕ ਸਮਾਜ ਹੀ ਨਹੀਂ; ਸਗੋਂ ਸਾਰਾ ਦੇਸ਼ ਹੀ ਇਸ ਪ੍ਰਕੋਪੀ ਤਾਕਤ ਦੇ ਨਤੀਜੇ ਤੇ ਨਜ਼ਾਰੇ ਦੇਖ ਰਿਹਾ ਹੈ।

ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਮਹਿਕਮਿਆਂ ਵਿਚ ਵਾਹੋ-ਦਾਹੀ ਭੱਜੀ ਜਾਂਦੀ 'ਵੱਢੀ ਦੀ ਗੱਡੀ' ਨੂੰ ਯਕਦੱਮ ਬਰੇਕਾਂ ਲਾਉਣੀਆਂ ਤਾਂ ਸੰਭਵ ਨਹੀਂ ਲਗਦੀਆਂ ਕਿਉਂਕਿ ਪ੍ਰੈਕਟੀਕਲ ਰੂਪ ਵਿਚ ਜੇ ਦੇਖੀਏ ਤਾਂ ਹੁਣ ਦੀ ਸਥਿਤੀ ਮੁਤਾਬਿਕ ਦਫਤਰਾਂ ਵਿਚ ਕੰਮ ਰੁਕਣ ਦਾ ਗੰਭੀਰ ਖ਼ਤਰਾ ਖੜ੍ਹਾ ਹੋ ਸਕਦਾ ਹੈ। ਇਸ ਵਾਸਤੇ ਸਮੁੱਚੀ ਪ੍ਰਸ਼ਾਸਨ ਪ੍ਰਣਾਲੀ ਨੂੰ ਪਟੜੀ ਤੋਂ ਉਤਰਨ ਤੋਂ ਬਚਾਉਣ ਲਈ ਰਿਸ਼ਵਤਖੋਰੀ ਦੀ ਮਿਕਦਾਰ ਤੇ ਰਫ਼ਤਾਰ ਵਿਚ ਫ਼ਰਕ ਜ਼ਰੂਰ ਪਾਇਆ ਜਾ ਸਕਦਾ ਹੈ। ਇਹ ਕੰਮ ਮੰਤਰੀਆਂ ਤੋਂ ਉੱਚ ਅਧਿਕਾਰੀਆਂ ਦੇ ਦਫਤਰਾਂ ਤੋਂ ਸ਼ੁਰੂ ਕਰਨਾ ਪਵੇਗਾ, ਇਉਂ ਫਿਰ ਛੋਟੇ ਦਫਤਰ ਤੇ ਛੋਟੇ ਕਰਮਚਾਰੀ ਤਾਂ ਆਪ ਹੀ ਰਿਸ਼ਵਤਖੋਰੀ ਦੇ ਮਾਮਲੇ 'ਤੇ ਆਪਣੀ ਸਪੀਡ ਆਪ ਹੀ ਸੈੱਟ ਕਰ ਲੈਣਗੇ।

ਮੌਜੂਦਾ ਦੌਰੇ-ਦੌਰਾਂ ਵਿਚ ਰਿਸ਼ਵਤਖੋਰੀ ਦੀ ਚੱਲ ਰਹੀ ਰਫਤਾਰ ਦੀ ਤਸ਼ਬੀਹ ਘੜੀ ਦੀਆਂ ਸੂਈਆਂ ਨਾਲ ਦਿੱਤੀ ਜਾ ਸਕਦੀ ਹੈ। ਘੜੀ ਦੇ ਵਿਚ ਘੰਟੇ ਵਾਲੀ ਸੂਈ ਜਦੋਂ ਇਕ ਘੰਟੇ ਦਾ ਸਫਰ ਤੈਅ ਕਰਦੀ ਹੈ ਭਾਵ 30 ਡਿਗਰੀ ਤੁਰਦੀ ਹੈ ਤਾਂ ਮਿੰਟਾਂ ਵਾਲੀ ਸੂਈ ਇਸ ਸਮੇਂ ਦੌਰਾਨ 60 ਚੱਕਰ ਖਾ ਜਾਂਦੀ ਹੈ ਤੇ ਫਿਰ ਛੋਟੇ ਬਾਬੂ ਤਾਂ ਸਕਿੰਟਾਂ ਵਾਲੀ ਸੂਈ ਵਾਂਗੂੰ 3600 ਚੱਕਰ ਖਾ ਜਾਂਦੇ ਹਨ। ਇਸ ਤਰ੍ਹਾਂ ਜਦੋਂ ਵੱਡੇ ਰਿਸ਼ਵਤਖੋਰਾਂ ਦੀ ਰਫਤਾਰ ਨੂੰ ਡੱਕਾ ਲਾ ਦਿੱਤਾ ਜਾਵੇ ਤਾਂ ਛੋਟੇ-ਮੋਟੇ ਰਿਸ਼ਵਤਖੋਰ ਤਾਂ ਤਕਰੀਬਨ-ਤਕਰੀਬਨ ਬੇਅਸਰ ਹੀ ਹੋ ਜਾਣਗੇ।

ਬਹਿਰਹਾਲ, ਜਦੋਂ ਹੁਣ ਸਮਾਜ ਵਿਚ ਭ੍ਰਿਸ਼ਟਾਚਾਰੀ ਚਲਣ ਪ੍ਰਚੱਲਿਤ ਤਾਂ ਇਕ ਬੰਦੇ ਦਾ ਹੱਥ ਅੱਜ ਦੂਜੇ ਬੰਦੇ ਦੇ ਖੀਸੇ ਵਿਚ ਹੈ। ਵੇਦ-ਵੇਦਾਤਾਂ ਦੇ ਸਮੇਂ ਲੋਕ ਕਿਹਾ ਕਰਦੇ ਸਨ ਕਿ 'ਅਪਨਾ ਹਾਥ ਜਗਨ ਨਾਥ' ਭਾਵ ਮਾਇਆ-ਦੌਲਤ ਦੇ ਪੱਖੋਂ ਭਗਵਾਨ ਨੇ ਸਾਡੇ ਹੱਥ ਬਰਕਤ ਪਾਈ ਹੋਈ ਹੈ। ਪਰ ਹੁਣ ਤਾਂ ਇਉਂ ਜਾਪਦਾ ਹੈ ਕਿ ਸ਼ੈਤਾਨ ਨੇ ਸਾਨੂੰ ਸਭ ਨੂੰ ਇਕ-ਦੂਜੇ ਦੀ ਜੇਬਤਰਾਸ਼ੀ ਲਈ ਖੀਸੇ ਕੱਟਾਂ ਵਾਂਗੂੰ ਚੰਗੇ 9 ਏ.ਐੱਮ. ਤੋਂ ਲੈ ਕੇ 5 ਪੀ.ਐੱਮ . ਤੱਕ ਦੀ ਵਰਾਇਟੀ ਦੇ ਬਲੇਡ ਫੜਾ ਰੱਖੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਵੀ ਕੋਈ ਪ੍ਰਾਰਥੀ ਕਿਸੇ ਵੀ ਅਧਿਕਾਰੀ ਅਫ਼ਸਰ ਕੋਲ ਆਪਣੀ ਅਰਜ਼ੀ ਲੈ ਕੇ ਪੇਸ਼ ਹੁੰਦਾ ਹੈ ਤਾਂ ਜਿਹੜੀ ਸਭ ਤੋਂ ਜ਼ਰੂਰੀ ਪ੍ਰਕਿਰਿਆ ਅਮਲ ਵਿਚ ਆਉਂਦੀ ਹੈ। ਉਹ ਉਸ ਅਰਜ਼ੀ ਨੂੰ 'ਮਾਰਕ' ਕਰਨ ਦੀ ਹੁੰਦੀ ਹੈ। ਇਹ ਦਫ਼ਤਰੀ ਰਸਮ ਧੋਬੀ ਵੱਲੋਂ ਉਸ ਕੋਲ ਆਏ ਧੋਣ ਵਾਲੇ ਆਏ ਹਰ ਕੱਪੜੇ ਉਪਰ ਮਾਰਕਾ ਲਾਉਣ ਦੀ ਲੋੜੀਂਦੀ ਕਾਰਵਾਈ ਨਾਲ ਸੌ-ਫ਼ੀ-ਸਦੀ ਮਿਲਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਹੈ। ਹੁਣ ਦਫਤਰਾਂ ਦੇ ਪ੍ਰਚੱਲਿਤ ਤਰੀਕਾਕਾਰ ਅਨੁਸਾਰ ਹਰ ਪ੍ਰਾਰਥੀ ਦੀ ਅਰਜ਼ੀ ਨੂੰ ਸੀਨੀਅਰ ਅਧਿਕਾਰੀ ਆਪਣੇ ਤੋਂ ਜੂਨੀਅਰ ਨੂੰ 'ਰਿਪੋਰਟ ਲਈ' ਜਾਂ 'ਜ਼ਰੂਰੀ ਕਾਰਵਾਈ' ਲਈ ਮਾਰਕ ਕਰਦਾ ਹੈ।

ਇਸ ਦਾ ਕੁੱਲ ਮਿਲਾ ਕੇ ਮਤਲਬ ਇਸ ਤਰ੍ਹਾਂ ਜਿਹੇ ਨਿਕਲਦਾ ਹੈ ਕਿ ਜਿਵੇਂ ਸਰਕਾਰੀ ਡਿਸਪੈਂਸਰੀ ਵਿਚ ਅਕਸਰ ਹੀ ਦਵਾਈਆਂ ਨਹੀਂ ਹੁੰਦੀਆਂ। ਡਾਕਟਰ ਮਰੀਜ਼ ਨੂੰ ਪਰਚੀ ਲਿਖ ਕੇ ਫੜਾ ਦਿੰਦੇ ਹਨ ਕਿ ਮਰੀਜ਼ ਲੋੜੀਂਦੀ ਦਵਾਈ ਕਿਸੇ ਕੈਮਿਸਟ ਤੋਂ ਜਾ ਕੇ ਲੈ ਲਵੇ। ਬਿਲਕੁਲ ਇਸ ਤਰ੍ਹਾਂ ਹੀ ਇਕ ਦਫ਼ਤਰ ਤੋਂ ਦੂਜਾ ਦਫ਼ਤਰ ਪ੍ਰਾਰਥੀ ਨੂੰ ਆਪਣੀ ਮਰਜ਼ ਦਾ ਹੱਲ ਲੱਭਣ ਲਈ ਗਧੀ ਗੇੜ ਪਾਈ ਰੱਖਦਾ ਹੈ।

ਬੇਸ਼ੱਕ ਹਰ ਪ੍ਰਾਰਥੀ ਨੂੰ ਇਸ ਬੇਉਮੀਦੀ ਦੀ ਸਥਿਤੀ ਵਿਚ ਵੀ ਇਕ ਉਮੀਦ ਜਿਹੀ ਬਣੀ ਰਹਿੰਦੀ ਹੈ ਕਿ ਉਸ ਦੀ ਹੁਣ ਸੁਣਵਾਈ ਹੋ ਗਈ ਹੈ ਅਤੇ ਉਸ ਨੂੰ ਹੁਣ ਇਨਸਾਫ ਜ਼ਰੂਰ ਮਿਲੇਗਾ; ਪਰ ਇਹ ਕੌੜੀ ਸੱਚਾਈ ਹੈ ਕਿ ਹੁਣ ਸਾਡੇ ਦਫਤਰਾਂ ਤੇ ਅਦਾਲਤਾਂ ਵਿਚ ਫੈਸਲੇ ਤੇ ਇਨਸਾਫ਼ ਉਮਰ ਵਿਹਾ ਕੇ ਹੀ ਮਿਲਦੇ ਹਨ। ਪ੍ਰਸ਼ਾਸਨਿਕ ਕਾਰਵਾਈ ਵਿਚ 'ਡਾਊਨ ਮਾਰਕਿੰਗ' ਦੀ ਪ੍ਰਵਿਰਤੀ ਇੰਨਾ ਮਾੜਾ ਅਸਰ ਦਿਖਾਉਂਦੀ ਹੈ ਕਿ ਕਿਸੇ ਨਤੀਜੇ ਤੱਕ ਪਹੁੰਚਣ ਲਈ ਘੱਟੋ-ਘੱਟ ਦੋ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ। ਕਈ ਵਾਰ ਤਾਂ ਸਮਰਥ ਅਧਿਕਾਰੀ ਰਾਜ ਪੱਧਰ 'ਤੇ ਹੋਣ ਸਦਕਾ ਇੰਨਾ ਲੰਮਾ ਲੱਗ ਜਾਂਦਾ ਹੈ ਕਿ ਉਹ ਬੇਨਤੀ ਪੱਤਰ ਜਦੋਂ ਫੈਸਲੇ ਸਹਿਤ ਮੁੜਦਾ ਹੈ ਤਾਂ ਉਦੋਂ ਤੱਕ ਜਾਂ ਤਾਂ ਸ਼ਿਕਾਇਤ ਖਤਮ ਹੋ ਜਾਂਦੀ ਹੈ ਤੇ ਕੁੱਝ ਕੁ ਕੇਸਾਂ ਵਿਚ ਤਾਂ ਸ਼ਿਕਾਇਤ ਕਰਤਾ ਹੀ ਚੜ੍ਹਾਈ ਕਰ ਜਾਂਦਾ ਹੈ।

ਖ਼ੈਰ! ਇਸ ਭਾਣੇ ਅੰਦਰ ਇਕ ਵ੍ਰਤਾਰਾ ਫਾਈਲ ਦੇ ਪਹੀਏ ਲਾਉਣ ਦਾ ਵਰਤ ਰਿਹਾ ਹੈ। ਬੇਸ਼ੱਕ ਬਹੁਤੇ ਕੇਸਾਂ ਵਿਚ ਪੌੜੀ ਦੇ ਉਪਰਲੇ ਡੰਡੇ ਤੋਂ ਹੇਠਲੇ ਡੰਡੇ ਤੱਕ ਸਾਰੇ ਵੱਡੇ-ਛੋਟੇ ਰੁਤਬਿਆਂ ਵਾਲੇ ਅਧਿਕਾਰੀ ਬੱਸ ਪ੍ਰਾਰਥੀ ਵਲੋਂ ਲਵਾਈ ਗਈ ਸਿਫਾਰਿਸ਼ ਜਾਂ ਫਿਰ ਉਸ ਵੱਲੋਂ ਸੇਵਾ-ਪਾਣੀ, ਮੁੱਠੀ-ਚਾਪੀ, ਮੁੱਠੀ ਗਰਮ ਕਰਨ ਤੇ ਚਾਂਦੀ ਦੀ ਜੁੱਤੀ ਮਾਰਨ ਜਿਹੀ ਉਸ ਦੀ ਸ਼ਰਧਾ ਭਾਵਨਾ ਦੇਖ ਕੇ ਹੀ ਉਸ ਦੇ ਕੰਮ ਨੂੰ ਹੱਥ ਪਾਉਂਦੇ ਹਨ।

ਵੈਸੇ ਜੇ ਚਾਹ-ਪਾਣੀ ਵਿਚ ਕੁੱਝ ਕਮੀ ਨਜ਼ਰ ਆਉਂਦੀ ਹੋਵੇ ਤਾਂ ਅਖੀਰ ਵਿਚ ਨਤੀਜਾ ਇਹ ਨਿਕਲਦਾ ਹੈ ਕਿ ਸਾਰਾ ਅਧਿਕਾਰੀ ਤੇ ਕਰਮਚਾਰੀ ਵਰਗ 'ਨਸੈਸਰੀ ਐਕਸ਼ਨ' ਜਿਹੇ ਆਦੇਸ਼ ਨੂੰ 'ਨੋ-ਐਕਸ਼ਨ' ਹੀ ਸਮਝਦਾ ਹੈ। ਇਉਂ ਫਾਈਲ ਉਤੇ 'ਸੀਨ ਐਂਡ ਫਾਈਲ' ਭਾਵ 'ਵੇਖ ਲਿਆ ਹੈ; ਫਾਈਲ ਕਰੋ' ਦੇ ਆਦੇਸ਼ ਨਾਲ ਪ੍ਰਾਰਥੀ ਦੇ ਬਿਨੇ ਪੱਤਰ ਦੀ ਦੁਰਗੱਤ ਮੁਕੰਮਲ ਹੋ ਜਾਂਦੀ ਹੈ। ਇਸ ਵਾਸਤੇ ਜੇ ਫਾਈਲ ਦੇ ਚੱਕੇ-ਪਹੀਏ ਭਾਵ ਕੇਸ ਦੀ ਪ੍ਰਗਤੀ ਦਾ ਸਮੇਂ-ਸਮੇਂ ਧਿਆਨ ਨਾ ਰੱਖਿਆ ਜਾਵੇ ਤਾਂ ਹੋ ਸਕਦਾ ਹੈ ਕਿ ਫਾਈਲ ਦਾ ਚੱਕਾ ਹੀ ਜਾਮ ਹੋ ਜਾਵੇ ਅਤੇ ਅਫ਼ਸਰ ਨੂੰ 'ਫਾਈਲ ਕਰੋ' ਦਾ ਫ਼ੁਰਮਾਨ ਜਾਰੀ ਕਰਨਾ ਪਵੇ। ਕਈ ਵਾਰ ਤਾਂ ਅਫ਼ਸਰ ਕੇਸ ਨੂੰ ਠੱਪ ਕਰਨ



Original with;
Kulbir Singh Sidhu(I.A.S)
Digitized by;
Panjab Digital Library

ਦੀ ਕਲਾਕਾਰੀ ਦੇ ਇੰਨੇ ਮਾਹਿਰ ਹੋ ਜਾਂਦੇ ਹਨ ਕਿ ਪ੍ਰਾਰਥੀ ਵਲੋਂ ਸੇਵਾ-ਪਾਣੀ ਦੀ ਢਿੱਲ ਤੋਂ ਖਿੱਝ ਕੇ ਆਪਣੇ ਕੀਤੇ ਹੁਕਮ 'ਅਪਰੂਵਡ' ਦੇ ਅੱਗੇ ਨੋਟ ਲਿਖ ਕੇ 'ਨੋਟ ਅਪਰੂਵਡ' ਵੀ ਬਣਾ ਦਿੰਦੇ ਹਨ। ਬੱਸ ਅੱਲ੍ਹਾ ਹੀ ਬਚਾਏ।

ਅੱਜ-ਕੱਲ੍ਹ ਦਫਤਰਾਂ ਵਿਚ ਕੰਮ ਕਰਵਾਉਣ ਲਈ ਪ੍ਰਾਰਥੀਆਂ ਵਲੋਂ ਸਿੱਧੀ ਰਿਸ਼ਵਤ ਦੇਣ ਤੋਂ ਅੱਗੇ ਹੁਣ ਸਿਫਾਰਿਸ਼ਬਾਜ਼ੀ ਸਭ ਤੋਂ ਵੱਧ ਕਾਰਗਰ ਤਰੀਕਾ ਹੈ। ਇਸ ਪ੍ਰਸੰਗ ਵਿਚ ਕਿਸੇ ਅਫ਼ਸਰ ਦੀ ਕਚਹਿਰੀ ਦਾ ਨਜ਼ਾਰਾ ਵਿਦਿਆਰਥੀਆਂ ਵਲੋਂ ਇਮਤਿਹਾਨ ਵਿਚ ਚੋਰੀ-ਛਿਪੇ ਨਕਲ ਮਾਰਨ ਨਾਲ ਮੇਲ ਖਾਂਦਾ ਹੈ। ਜਿਵੇਂ ਨਕਲ ਮਾਰਨ ਵਾਲੇ ਵਿਦਿਆਰਥੀਆਂ ਨੇ ਡੱਬ ਵਿਚ ਪਰਚੀ ਟੰਗੀ ਹੁੰਦੀ ਹੈ ਤੇ ਦਾਅ ਲੱਗਣ 'ਤੇ ਉਸ ਨੂੰ ਵਰਤ ਲੈਂਦੇ ਹਨ; ਬੱਸ ਬਿਲਕੁਲ ਇਸ ਤਰ੍ਹਾਂ ਜਿਹੇ ਦੀ ਹੀ ਹਾਲਤ ਕਚਹਿਰੀ ਵਿਚ ਬੈਠੇ ਪ੍ਰਸ਼ਾਸਨਿਕ ਅਫ਼ਸਰ ਦੀ ਹੁੰਦੀ ਹੈ। ਉਹ ਵੀ ਸਾਹਮਣੇ ਖੜ੍ਹੀਆਂ ਧਿਰਾਂ ਤੇ ਵਕੀਲਾਂ ਤੋਂ ਨਜ਼ਰਾਂ ਬਚਾ ਕੇ ਤਿਰਛੀ ਜਿਹੀ ਨਜ਼ਰ ਨਾਲ ਸਿਫਾਰਸ਼ੀ ਪਰਚੀ ਪੜ੍ਹਦਾ ਹੈ। ਫਿਰ ਜਿਹੜੀ ਧਿਰ ਦੀ ਸਿਫਾਰਿਸ਼ ਵੱਡੀ ਹੋਵੇ ਆਮ ਤੌਰ 'ਤੇ ਫੈਸਲਾ ਉਸ ਦੇ ਹੀ ਹੱਕ ਵਿਚ ਹੁੰਦਾ ਹੈ। ਕਈ ਵਾਰ ਤਾਂ ਸਿਫਾਰਿਸ਼ ਦੇ ਨਾਲ ਮਾਇਆ ਦੇਵੀ ਵੀ ਜਲਵਾਗਰ ਹੋਈ ਹੁੰਦੀ ਹੈ।

ਹੁਣ ਤਾਂ ਸਾਡੇ ਦਫਤਰਾਂ ਤੇ ਅਦਾਲਤਾਂ ਤੱਕ ਦਖਲਅੰਦਾਜ਼ੀ ਤੇ ਸਿਫਾਰਿਸ਼ਬਾਜ਼ੀ ਇੰਨੀ ਵਧ ਗਈ ਹੈ ਕਿ ਕੋਈ ਵੀ ਕੰਮ ਰਿਸ਼ਵਤ ਜਾਂ ਸਿਫਾਰਿਸ਼ ਤੋਂ ਬਿਨਾਂ ਨਹੀਂ ਹੁੰਦਾ। ਸਗੋਂ ਅਫਸਰਸ਼ਾਹੀ ਅੱਲਾਦੀਨ ਦੇ ਚਿਰਾਗ ਦੇ ਜਿੰਨ-ਭੂਤ ਵਾਂਗੂੰ 'ਕਯਾ ਹੁਕਮ ਹੈ ਮੇਰੇ ਆਕਾ' ਕਹਿਣ ਦੀ ਬਹੁਤ ਆਦੀ ਹੋ ਗਈ ਹੈ। ਅਕਸਰ ਹੀ ਅਫ਼ਸਰ ਸਿਆਸੀ ਆਗੂਆਂ ਦੇ ਸਿਫਾਰਿਸ਼ ਰੂਪੀ ਹੁਕਮ ਉਡੀਕਦੇ ਰਹਿੰਦੇ ਹਨ ਕਿ ਇਹ ਜਤਾਇਆ ਜਾ ਸਕੇ ਕਿ ਉਹ ਸਿਆਸੀ ਲੋਕਾਂ ਦੇ ਕਿੰਨੇ ਵੱਡੇ ਵਫਾਦਾਰ ਬਰਖੁਰਦਾਰ ਹਨ।

ਇਸ ਤਰ੍ਹਾਂ ਸਾਡੀ ਪ੍ਰਸ਼ਾਸਨਿਕ ਤੇ ਰਾਜਨੀਤਿਕ ਵਿਵਸਥਾ ਵਿਚ ਆਪਸੀ ਲਿਹਾਜ਼-ਮੁਲਾਜ਼ੇ ਦੀ ਖੇਡ ਰਚ-ਮਿਚ ਕੇ ਘਰ-ਪਰਿਵਾਰ ਤੋਂ ਮਿੱਤਰਾਂ ਤੇ ਮੰਤਰੀਆਂ ਤੱਕ ਚੱਲ ਰਹੀ ਹੈ। ਇਉਂ ਅੱਜ ਦਾ ਅਧਿਕਾਰੀ ਤੇ ਕਰਮਚਾਰੀ ਵਰਗ ਚਿੜੀਆਂ ਦਾ ਦੁੱਧ ਲਿਆਉਣ ਤੋਂ ਲੈ ਕੇ ਝੋਟੇ ਚੋਣ ਤੱਕ ਅਤੇ ਫਿਰ ਸਰਕਾਰਾਂ ਦੇ ਡੰਡੇ-ਖੰਡੇ ਖੜਕਾਉਣ ਤੇ ਝੰਡੇ-ਡੰਡੇ ਲਾਉਣ ਤੱਕ ਦੇ ਸਾਰੇ ਕੰਮ ਬਾਖੂਬੀ ਨਿਭਾ ਰਿਹਾ ਹੈ। ਬੇਸ਼ੱਕ ਅਜਿਹੀ ਪ੍ਰਸ਼ਾਸਨਿਕ ਮਨੋਵਿਰਤੀ ਦੇ ਕਾਰਨ ਇਹ ਧਾਰਨਾ ਵੀ ਮਸ਼ਹੂਰ ਹੋਈ ਹੁੰਦੀ ਹੈ ਕਿ ਰਿਟਾਇਰਮੈਂਟ ਤੱਕ ਤਕਰੀਬਨ 33ਕੁ ਸਾਲ ਦੀ ਸਰਵਿਸ ਦੌਰਾਨ ਰੀੜ੍ਹ ਦੀ ਹੱਡੀ ਦੇ 33 ਮਣਕੇ ਵੀ ਘਸਦੇ-ਘਸਦੇ ਘਸ ਜਾਂਦੇ ਹਨ ਤੇ ਅਖੀਰ ਨੂੰ ਅਫਸਰਾਂ ਦੀ ਜਿਸਮਾਨੀ ਹਰਕਤ-ਹਰਾਰਤ ਵੀ ਘੱਟ ਜਾਂਦੀ ਹੈ।

ਬਹਿਰਹਾਲ ਫਿਰ ਰਿਸ਼ਵਤ ਲੈਣ ਦੇ ਆਦੀ ਕਰਮਚਾਰੀਆਂ ਨੂੰ ਬੇਸ਼ੱਕ ਕਿੰਨਾਂ ਵੀ ਗ਼ੈਰ-ਜ਼ਰੂਰੀ ਕੰਮ ਦੇ ਦਿਓ, ਇਹ ਫਿਰ ਵੀ ਵੱਢੀ ਲੈ ਹੀ ਲੈਂਦੇ ਹਨ। ਇਸ ਲਈ ਹੀ ਮਸ਼ਹੂਰ ਹੈ ਕਿ ਇਹ ਤਾਂ ਸਮੁੰਦਰ ਦੀਆਂ ਲਹਿਰਾਂ ਗਿਣਨ ਦੇ ਵੀ ਪੈਸੇ ਲੈ ਲੈਂਦੇ ਹਨ।



Original with;
Kulbir Singh Sidhu(I.A.S)
Digitized by;
Panjab Digital Library

ਇਥੇ ਮੈਨੂੰ ਇਕ ਗੱਲ ਮੇਰੀ ਸਰਵਿਸ ਦੇ ਸ਼ੁਰੂਆਤੀ ਦਿਨਾਂ ਦੀ ਯਾਦ ਆਈ ਹੈ। ਮੈਂ ਤੇ ਮੇਰਾ ਇਕ ਦੋਸਤ ਫਰੀਦਕੋਟ ਮੈਜਿਸਟ੍ਰੇਟ ਹੁੰਦੇ ਸੀ। ਸਾਡੇ ਕੋਲ ਧਾਰਾ 107/151 ਜ਼ਾਬਤਾ ਫੌਜਦਾਰੀ ਤਹਿਤ ਕੇਸ ਆਉਂਦੇ ਸਨ। ਗੌਰਤਲਬ ਹੈ ਕਿ ਧਾਰਾ 107 ਦਾ ਮਤਲਬ ਅੰਦੇਸ਼ਾ ਨੁਕਸੇ-ਅਮਨ ਹੁੰਦਾ ਹੈ ਤੇ ਧਾਰਾ 151 ਦੇ ਤਹਿਤ ਗ੍ਰਿਫਤਾਰੀ ਹੁੰਦੀ ਹੈ।

ਜਦੋਂ ਮੇਰੇ ਮਿੱਤਰ ਕੋਲ ਇਹ ਕੇਸ ਪੇਸ਼ ਹੋਣੇ ਤਾਂ ਉਸ ਨੇ ਆਪਣੇ ਰੀਡਰ ਨੂੰ ਤਕਰੀਬਨ ਹਰ ਕੇਸ ਵਿਚ ਇਹ ਪੁਛਣਾ ਕਿ ਕੀ ਉਸ ਨੇ ਉੱਤਰਵਾਦੀਆਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਧਾਰਾ 151 ਦਾ ਕੀ ਮਤਲਬ ਹੁੰਦਾ ਹੈ? ਇਸ ਉਪਰੰਤ ਉਹ ਸਾਰੇ ਕੇਸ ਬਾਅਦ ਦੁਪਿਹਰ ਤੱਕ ਮੁਲਤਵੀ ਕਰਕੇ ਖਾਣਾ ਖਾਣ ਲਈ ਘਰ ਚਲਾ ਜਾਂਦਾ ਸੀ। ਉਹ ਫਿਰ ਤਕਰੀਬਨ ਦਫ਼ਤਰ ਬੰਦ ਹੋਣ ਵੇਲੇ ਹੀ ਕਚਹਿਰੀ ਲਾਉਂਦਾ ਸੀ। ਉਦੋਂ ਤੱਕ ਉਸ ਦਾ ਰੀਡਰ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੰਦਾ ਸੀ ਕਿ ਜੇ ਜਨਾਬ ਨੇ ਤੁਹਾਡੀ ਅੱਜ ਜ਼ਮਾਨਤ ਮਨਜ਼ੂਰ ਨਾ ਕੀਤੀ ਤਾਂ ਤੁਹਾਨੂੰ ਪੂਰੀ ਰਾਤ ਜੇਲ੍ਹ ਵਿਚ ਕੱਟਣੀ ਪੈ ਸਕਦੀ ਹੈ।

ਖ਼ੈਰ! ਜਨਾਬ ਨੇ ਵਾਪਸ ਕਚਹਿਰੀ ਆਉਣ ਸਾਰ ਹੀ ਉਤਰਦਾਈਆਂ ਨੂੰ ਪੁੱਛਣਾ ਕਿ ਭਾਈ ਤੁਹਾਨੂੰ ਪਤਾ ਹੋਊਗਾ ਕਿ ਕਤਲ ਕਰਨ ਵਾਲੇ ਬੰਦੇ 'ਤੇ ਆਈ. ਪੀ. ਸੀ. ਦੀ ਧਾਰਾ 302 ਲਗਦੀ ਹੈ। ਇਸ ਲਈ ਜੇ 302 ਨੂੰ 2 ਨਾਲ ਤਕਸੀਮ ਕਰੀਏ ਤਾਂ ਭਾਈ 151 ਬਣਦਾ ਹੈ। ਇਸ ਲਈ ਤੁਸੀਂ ਤਾਂ ਅੱਧੇ ਕਾਤਿਲ ਹੋ। ਬੱਸ ਇਉਂ ਇਸ ਤੋਂ ਬਾਅਦ ਰੀਡਰ ਸਾਹਿਬ ਪੰਜ-ਸੱਤ ਮਿੰਟਾਂ ਵਿਚ ਗਿੱਟ-ਮਿੱਟ ਕਰ ਲੈਂਦੇ ਸਨ ਤੇ ਸਭ ਦੀਆਂ ਜ਼ਮਾਨਤਾਂ ਹੋ ਜਾਂਦੀਆਂ ਸਨ।

ਹੁਣ ਤਾਂ ਗੱਲ ਇਸ ਤੋਂ ਕਿਤੇ ਅਗਾਂਹ ਇਥੋਂ ਤਕ ਵਧ ਚੁੱਕੀ ਹੈ ਕਿ ਪੁਲਿਸ ਮਹਿਕਮੇ ਵਿਚ ਆਪਣੇ ਚਹੇਤਿਆਂ ਲਈ ਆਈ. ਪੀ. ਸੀ. ਦੀ ਧਾਰਾ 307 ਨੂੰ ਫੌਜਦਾਰੀ ਧਾਰਾ 107 ਅਤੇ ਇਸ ਦੇ ਉਲਟ ਵਿਰੋਧੀਆਂ ਲਈ 107 ਨੂੰ ਕਿਵੇਂ ਧਾਰਾ 307 ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਇਉਂ ਨੌਕਰਸ਼ਾਹੀ ਦੀ ਹੈਂਕੜ ਤੇ ਧੱਕਾਜ਼ੋਰੀ ਤੋਂ ਜ਼ਾਹਿਰ ਹੁੰਦਾ ਹੈ ਕਿ ਅਸੀਂ ਆਪਣੇ ਲੋਕਾਂ ਵਿਚੋਂ ਹੀ ਉੱਠੇ ਹੁੰਦੇ ਹਾਂ, ਪਰ ਜਨਾਬੀ ਦਾ ਭੂਤ ਸਾਨੂੰ ਵੀ ਭੂਤਨੇ ਬਣਾ ਦਿੰਦਾ ਹੈ।

ਗੌਰਤਲਬ ਹੈ ਕਿ ਇਸ ਤਰ੍ਹਾਂ ਅੱਜ-ਕੱਲ੍ਹ ਪ੍ਰਸ਼ਾਸਨ ਦਾ ਸਿਰਫ ਸਿਆਸੀਕਰਨ ਹੀ ਨਹੀਂ ਹੋ ਰਿਹਾ, ਸਗੋਂ ਅਪਰਾਧੀਕਰਨ ਵੀ ਹੋ ਰਿਹਾ ਹੈ। ਅਫ਼ਸਰਸ਼ਾਹੀ ਅੱਜ ਆਪਣੇ ਨਿੱਜੀ ਲਾਲਚਾਂ ਕਰਕੇ ਖੁਦ ਹੀ ਘੋਟਾਲਿਆਂ ਤੇ ਹੋਰ ਘਾਲੇ-ਮਾਲਿਆਂ ਦੇ ਕਾਰਨ ਅਪਰਾਧੀਕਰਨ ਦਾ ਸ਼ਿਕਾਰ ਹੋ ਰਹੀ ਹੈ। ਇਸ ਲਈ ਹੀ ਕਿਹਾ ਜਾਂਦਾ ਹੈ ਕਿ 'ਸੱਚੇ ਫੈਸਲੇ ਉਹ ਕਿਉਂ ਕਰੇ, ਜਿਹਨੇ ਹੈ ਵੱਢੀ ਖਾਣੀ'। ਇਸ ਵਾਸਤੇ ਸਮੁੱਚੇ ਪ੍ਰਸ਼ਾਸਨ ਤੇ ਖਾਸ ਕਰਕੇ ਪੁਲਿਸ ਪ੍ਰਸ਼ਾਸਨ ਦੀ ਇਹ ਕੁਸੰਗੀ-ਕੁਰੀਤੀ ਪਿੱਛੇ ਇਹ ਗੱਲ ਸਮਝਣ ਦੀ ਲੋੜ ਹੈ ਕਿ ਅੱਜ ਦੇ ਸਮੇਂ 'ਚੁੰਘੀ ਬੱਕਰੀ ਬਣਾ 'ਤਾ ਡਾਕਾ' ਜਿਹੇ ਪ੍ਰਚੱਲਣ ਸ਼ਰੇਆਮ ਹੋ ਰਹੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਜਦੋਂ ਕੋਈ ਪ੍ਰਾਰਥੀ ਕਿਸੇ ਵੀ ਅਫ਼ਸਰ ਨੂੰ ਮਿਲਦਾ ਹੈ ਤਾਂ ਬੇਸ਼ੱਕ ਉਹ ਸਿਫਾਰਿਸ਼ ਲਵਾ ਕੇ ਆਇਆ ਹੁੰਦਾ ਹੈ। ਪਰ ਉਸ ਦੇ ਆਪਣੇ ਕਰਮ-ਕਿਸਮਤ ਤੇ ਖਾਸ ਤੌਰ 'ਤੇ ਉਸ ਦਿਨ ਦੇ ਰਾਸ਼ੀਫਲ 'ਤੇ ਨਿਰਭਰ ਕਰਦਾ ਹੈ ਕਿ ਉਸ ਦਾ ਕੰਮ ਕਿਸ ਹੱਦ ਤੱਕ ਨੇਪਰੇ ਚੜ੍ਹੇਗਾ। ਜਦੋਂ ਅਫ਼ਸਰ ਸਬੰਧਤ ਬਾਬੂ ਨੂੰ ਬੁਲਾ ਕੇ ਇਹ ਕਹਿੰਦਾ ਹੈ ਕਿ 'ਹਾਉ ਇਟ ਕੈਨ ਬੀ ਡਨ' ਭਾਵ ਇਹ ਕੰਮ ਕਿਵੇਂ ਹੋ ਸਕਦਾ ਹੈ? ਇਸ ਪੁੱਛ-ਗਿੱਛ ਦਾ ਤਾਂ ਬਾਬੂ ਵਾਸਤੇ ਮਤਲਬ ਇਹ ਹੁੰਦਾ ਹੈ ਕਿ ਦਰਅਸਲ ਅਫ਼ਸਰ ਉਸ ਪ੍ਰਾਰਥੀ ਦਾ ਕੰਮ ਨਹੀਂ ਕਰਨਾ ਚਾਹੁੰਦਾ। ਇਸ ਲਈ ਬਾਬੂ ਵੀ ਉਹ ਹਰ ਉਹ ਦਲੀਲ ਦਿੰਦਾ ਹੈ ਕਿ ਜੋ ਪ੍ਰਾਰਥੀ ਦੇ ਕੰਮ ਦੇ ਵਿਚ ਰੋੜਾ ਬਣਦੀ ਹੋਵੇ। ਫਿਰ ਜੇ ਕਿਤੇ ਦੇਵਨੇਤ ਅਫ਼ਸਰ ਇਹ ਕਹਿ ਰਿਹਾ ਹੋਵੇ ਕਿ 'ਕੈਨ ਇਟ ਬੀ ਡਨ' ਭਾਵ ਇਹ ਕੰਮ ਕਿਵੇਂ ਕੀਤਾ ਜਾ ਸਕਦਾ ਹੈ ਤਾਂ ਬਾਬੂ ਲਈ ਇਸ ਦਾ ਮਤਲਬ ਸਮਝਣਾ ਔਖਾ ਨਹੀਂ ਹੁੰਦਾ ਕਿ ਜਨਾਬ ਕੋਈ ਤਰੀਕਾ ਪੁੱਛ ਰਹੇ ਹਨ ਕਿ ਪ੍ਰਾਰਥੀ ਦਾ ਕੰਮ ਹੋ ਜਾਵੇ।

ਇਸ ਲਈ ਸਬੰਧਤ ਕਰਮਚਾਰੀ ਅਫ਼ਸਰ ਸਾਹਿਬ ਨੂੰ ਉਸ ਦੀ 'ਕਲਮ ਦੀ ਤਾਕਤ' ਬਾਰੇ ਗਿਆਨ ਕਰਵਾਉਂਦਾ ਹੈ। ਅਫ਼ਸਰ ਘੁੰਮਦੀ ਕੁਰਸੀ 'ਤੇ ਬੈਠਾ ਬੈਡਮਿੰਟਨ ਦੇ ਰੈਫ਼ਰੀ ਵਾਂਗੂ ਬਾਬੂ ਤੇ ਪ੍ਰਾਰਥੀ ਵਿਚ ਹੋ ਰਹੀ ਗੱਲਬਾਤ ਦਾ 'ਚਿੜੀ-ਛਿੱਕਾ' ਵੇਖਦਾ ਰਹਿੰਦਾ ਹੈ। ਇਸ ਤਰ੍ਹਾਂ ਅਖੀਰ ਨੂੰ ਫੈਸਲਾ ਬਾਬੂ ਦੇ ਹੱਕ ਵਿਚ ਹੀ ਜਾਂਦਾ ਹੈ। ਇਸ ਵਾਸਤੇ ਜੇ ਕਿਤੇ ਪ੍ਰਾਰਥੀ ਨੇ ਬਾਬੂ ਪਹਿਲਾਂ ਬੰਨ੍ਹਿਆ ਹੋਵੇ ਤਾਂ ਉਸ ਦੀ ਕਿਸਮਤ ਚੰਗੀ ਹੋ ਕੇ ਉਘੜ ਪੈਂਦੀ ਹੈ।

ਇਸ ਸਾਰੇ ਘਟਨਾਕ੍ਰਮ ਵਿਚ ਅਫ਼ਸਰ ਦੀ ਘੁੰਮਦੀ ਕੁਰਸੀ ਦਾ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਸਾਰੀ ਗੱਲਬਾਤ ਸਮੇਂ ਅਫ਼ਸਰ ਆਪਣੇ ਸਾਹਮਣੇ ਇਕ ਪਾਸੇ ਖੜ੍ਹੇ ਪ੍ਰਾਰਥੀ ਵੱਲ ਤੇ ਕਦੇ ਦੂਜੇ ਪਾਸੇ ਖੜ੍ਹੇ ਕਰਮਚਾਰੀ ਵੱਲ ਜਦੋਂ ਕੁਰਸੀ ਘੁੰਮਾ ਕੇ ਇਕ ਦੁਭਾਸ਼ੀਏ ਵਾਂਗੂ ਉਨ੍ਹਾਂ ਦੋਨਾਂ ਦਾ ਨੁਕਤਾ-ਨਜ਼ਰ ਇਕ-ਦੂਜੇ ਨੂੰ ਸਮਝਾਉਂਦਾ ਹੈ ਤਾਂ ਉਸ ਦੀ ਹਾਲਤ ਟੈਨਿਸ, ਵਾਲੀਬਾਲ ਜਾਂ ਬੈਡਮਿੰਟਨ ਰੈਫਰੀ ਵਰਗੀ ਹੁੰਦੀ ਹੈ। ਇਸ ਲਈ ਆਮ ਤੌਰ 'ਤੇ ਫੈਸਲਾ ਜੋ ਵੀ ਹਾਂ ਜਾਂ ਨਾਂਹ ਵਿਚ ਹੁੰਦਾ ਹੈ। ਉਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਬਾਬੂ ਜੀ ਦਿਲੋਂ-ਮਨੋਂ ਪ੍ਰਾਰਥੀ ਬਾਬੇ ਨਾਲ ਕਿੰਨੇ ਕੁ ਖੁਸ਼ ਹਨ?

ਇਸ ਸੰਦਰਭ ਵਿਚ ਵੈਸੇ ਤਾਂ ਲੋਕਾਂ ਨੂੰ 'ਗੁੱਡ-ਗਵਰਨੈਂਸ' ਭਾਵ ਚੰਗੀ ਪ੍ਰਸ਼ਾਸਨਿਕ ਵਿਵਸਥਾ ਦੇਣ ਤੇ ਲੋਕ ਸੇਵਾ ਕਰਨ ਪ੍ਰਤੀ ਹੁਣ ਅਸੀਂ ਇੰਨੇ ਉਦਾਸੀਨ ਹੋ ਗਏ ਹਾਂ ਕਿ ਅੱਜ ਕੋਈ ਸਰਕਾਰ ਤਨੋਂ-ਮਨੋਂ ਪ੍ਰਸ਼ਾਸਨਿਕ ਪ੍ਰਣਾਲੀ ਵਿਚ ਸੁਧਾਰ ਤੇ ਸੁਚਾਰਤਾ ਲਿਆਉਣ ਦੀ ਗੱਲ ਹੀ ਨਹੀਂ ਕਰਦੀ। ਫਿਰ ਇਹ ਵੀ ਹੈ ਕਿ ਜਿੱਥੇ ਖ਼ਾਸ ਕਰਕੇ ਹੁਣ ਵਾਂਗੂੰ ਆਵਾ ਹੀ ਊਤ ਗਿਆ ਹੋਵੇ ਤਾਂ ਉਦੋਂ ਕੋਈ ਮਾੜੇ-ਧੀੜੇ ਔਹੜ-ਪੌਹੜ ਜਾਂ ਉਪਾਅ ਕੁਝ ਬਹੁਤੇ ਕਾਰਗਰ ਵੀ ਨਹੀਂ ਹੁੰਦੇ। ਵੈਸੇ ਤਾਂ ਜਿਥੇ 'ਡਿਗਨਿਟੀ ਆਫ਼ ਲੇਬਰ' ਭਾਵ ਆਪਣੇ ਕਿੱਤੇ ਦਾ ਮਾਣ ਨਾ ਹੋਵੇ ਅਤੇ ਫਿਰ ਜਿਥੇ ਕੰਮ ਕਰਨ ਦੀ ਉਜਰਤ ਜਾਂ ਮਿਹਨਤਾਨੇ ਨਾਲੋਂ ਕੰਮ ਨਾ ਕਰਕੇ ਤੇ ਜਾਂ ਫਿਰ ਕੰਮ



Original with;
Kulbir Singh Sidhu(I.A.S)
Digitized by;
Panjab Digital Library

ਵਿਚ ਸਵੈਚਾਲਿਤਾ ਲਿਆਉਣ ਦੀ ਥਾਂ ਅੜਿੱਕਾ ਲਾ ਕੇ ਦੇਰ ਕਰਨ ਦੀ ਪ੍ਰਵਿਰਤੀ ਤਹਿਤ 'ਦੋ ਨੰਬਰ ਦੀ ਕਮਾਈ' ਭਾਵ ਰਿਸ਼ਵਤ ਜ਼ਿਆਦਾ ਮਿਲਦੀ ਹੋਵੇ; ਉਥੇ ਰਾਜ ਤੇ ਪ੍ਰਸ਼ਾਸਨਿਕ ਵਿਵਸਥਾ ਨੂੰ ਚੁਸਤ-ਦਰੁਸਤ ਕਰਨ ਦੇ ਦਾਅਵੇ ਖਿਆਲੀ-ਪਲਾਉ ਹੀ ਲਗਦੇ ਹਨ।

ਪ੍ਰੰਤੂ ਇਸ ਪ੍ਰਸੰਗ ਵਿਚ ਭੁੱਲੇ-ਚੁੱਕੇ ਜੇ ਕਿਤੇ ਸਾਡੀਆਂ ਪ੍ਰਸ਼ਾਸਨਿਕ ਕਮੀਆਂ-ਕਮਜ਼ੋਰੀਆਂ ਦਾ ਕੋਈ ਹੱਲ ਕਰਨਾ ਹੋਵੇ ਤਾਂ ਜ਼ਾਹਿਰ ਹੈ ਕਿ ਸਾਡੀ ਜਨਤਾ ਨੂੰ ਸਾਡੇ ਵਿਗੜ ਚੁੱਕੇ ਪ੍ਰਸ਼ਾਸਕੀ ਢਾਂਚੇ ਤੋਂ ਨਿਜਾਤ ਦਿਵਾਉਣੀ ਪਵੇਗੀ ਅਤੇ ਸਭ ਤੋਂ ਪਹਿਲਾਂ ਸਾਡੀ ਗੈਰ-ਜ਼ਰੂਰੀ ਗਧੀ-ਗੇੜ ਪਾਉਣ ਵਾਲੀ ਦਫ਼ਤਰੀ ਕਾਰਵਾਈ ਤੇ ਕਲਮ ਦੀ ਮਾਰ ਮਾਰਨ ਵਾਲੀ ਬਾਬੂਗਿਰੀ ਦੀ ਮੁਥਾਜੀ ਘੱਟ ਕਰਨੀ ਪਵੇਗੀ।

ਇਸ ਸਬੰਧ ਵਿਚ ਸੌ ਦਵਾਈਆਂ ਦੀ ਇਕ ਹੋਰ ਦਵਾਈ ਇਹ ਹੋ ਸਕਦੀ ਹੈ ਕਿ ਕਿਤੇ ਅਸੀਂ ਆਪਣੇ ਆਪ ਨੂੰ ਜਨਤਾ ਦਾ ਹਿੱਸਾ ਕਬੂਲ ਕਰ ਲਈਏ ਅਤੇ ਲੋਕਾਂ ਦੀਆਂ ਦੁੱਖ-ਤਕਲੀਫਾਂ ਨੂੰ ਆਪਣਾ ਹੀ ਸਮਝੀਏ। ਇਉਂ ਫਿਰ ਅਸੀਂ ਪ੍ਰਮਾਤਮਾ ਵੱਲੋਂ ਲੋਕ ਸੇਵਾ ਕਰਨ ਦੀ ਸਾਨੂੰ ਬਖਸ਼ੀ ਗਈ ਮੋਹਲਤ, ਸਮਰਥਾ ਤੇ ਕਲਮ ਨੂੰ ਆਪਣੇ ਦੇਸ਼ ਤੇ ਸਮਾਜ ਨੂੰ ਸਮਰਪਿਤ ਕਰ ਦੇਈਏ। ਇਹ ਵੀ ਅਕਸਰ ਹੁੰਦਾ ਹੈ ਕਿ ਜਿਹੜੇ ਅਧਿਕਾਰੀ-ਕਰਮਚਾਰੀ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲਦੇ; ਉਹ ਆਮ ਤੌਰ 'ਤੇ ਲੋਕਾਂ ਦੇ ਵਧੀਆ ਮਿੱਤਰ ਤੇ ਮਦਦਗਾਰ ਸਾਬਿਤ ਹਨ।

ਇਸ ਵਾਸਤੇ ਪ੍ਰਸ਼ਾਸਨ ਵਿਚ ਅਫ਼ਸਰਾਂ ਨੂੰ ਆਪ ਸੁਧਰਨ ਤੇ ਵਿਵਸਥਾ ਵਿਚ ਸੁਧਾਰ ਲਿਆਉਣ ਲਈ ਆਪਣੇ ਆਚਰਣ ਤੇ ਅਨੁਸ਼ਾਸਨ ਵਿਚ ਦ੍ਰਿੜ ਇੱਛਾ ਸ਼ਕਤੀ ਅਤੇ ਪੇਸ਼ੇਵਾਰਾਨਾ ਨਿਪੁੰਨਤਾ ਤੇ ਕੰਮਕਾਜੀ ਮੁਹਾਰਿਤ ਪੈਦਾ ਕਰਨੀ ਪਵੇਗੀ। ਸੰਖੇਪ ਵਿਚ ਅਫਸਰਸ਼ਾਹੀ ਨੂੰ ਆਪਣੇ ਵਿਚ 'ਐਡਮਨਿਸਟ੍ਰੇਟਿਵ ਵਿੱਲ' ਅਤੇ 'ਪ੍ਰੋਫੈਸ਼ਨਲ ਸਕਿੱਲ' ਪੈਦਾ ਕਰਨ ਦੀ ਲੋੜ ਹੈ। ਇਸ ਸੂਰਤ ਵਿਚ ਲੋਕ ਸੇਵਾ ਤੇ ਸਮਾਜ ਭਲਾਈ ਦੇ ਹਿੱਤ ਵਿਚ ਕਰਮਚਾਰੀਆਂ ਤੇ ਖ਼ਾਸ ਕਰਕੇ ਉੱਚ ਅਧਿਕਾਰੀਆਂ ਵਿਚ ਦ੍ਰਿੜ ਪ੍ਰਸ਼ਾਸਨਿਕ ਇੱਛਾ-ਸ਼ਕਤੀ ਦੇ ਨਾਲ-ਨਾਲ ਪ੍ਰਸ਼ਾਸਨਿਕ ਨਿਪੁੰਨਤਾ ਤੇ ਸਮਰੱਥਾ 'ਤੇ ਅਧਾਰਿਤ ਮੁਹਾਰਿਤ ਹੋਣੀ ਬੜੀ ਲਾਜ਼ਮੀ ਹੈ। ਜ਼ਾਹਿਰ ਹੈ ਕਿ ਸਾਡੇ ਮੁਲਕ ਵਿਚ ਕਾਨੂੰਨ ਤੇ ਜ਼ਾਬਤਿਆਂ ਦੀ ਕੋਈ ਕਮੀ ਨਹੀਂ ਹੈ, ਸਗੋਂ ਬਹੁਤਾਤ ਹੀ ਹੈ ਪਰ ਇਨ੍ਹਾਂ ਕਾਨੂੰਨੀ ਜ਼ਾਬਤਿਆਂ ਨੂੰ ਲਾਗੂ ਕਰਨ ਵਾਲੇ ਆਗੂਆਂ ਤੇ ਅਫ਼ਸਰਾਂ ਦੀ ਹਰ ਪਾਸੇ ਘਾਟ ਹੈ।

ਬੇਸ਼ੱਕ ਅੱਜ ਦੇ ਜ਼ਿਆਦਾਤਰ ਅਫ਼ਸਰ ਬੇਲੋੜੀ ਵਡਿਆਈ ਤੇ ਝੂਠੀ ਫੰਨੇਖਾਈ ਦੀ ਖ਼ਾਤਿਰ ਸਿਆਸੀ ਆਗੂਆਂ ਵਾਂਗ ਬੇਵਜ੍ਹਾ ਮਿੱਠੇ-ਪਿਆਰੇ ਹੋ ਕੇ ਲੋੜੀਂਦੇ ਸਖਤ ਐਕਸ਼ਨ ਘੱਟ ਲੈਂਦੇ ਹਨ ਅਤੇ ਜਨਤਾ ਦਾ ਕੰਮ ਲਾਰੇ-ਲੱਪਿਆਂ ਨਾਲ ਹੀ ਸਾਰਦੇ ਰਹਿੰਦੇ ਹਨ। ਸਿਤਮ ਇਹ ਹੈ ਕਿ ਸਾਡੇ ਸਮਾਜ ਨੇ ਵੀ ਹੁਣ ਭ੍ਰਿਸ਼ਟਾਚਾਰ ਨੂੰ ਦਫ਼ਤਰਾਂ ਵਿਚ ਤਾਂ ਕੀ ਮਾੜਾ ਸਮਝਣਾ ਹੈ, ਸਗੋਂ ਆਪਣੇ ਜੀਵਨ ਵਿਚ ਵੀ ਮਾੜਾ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਝਣਾ ਬੰਦ ਕਰ ਦਿੱਤਾ ਹੈ। ਕੁਝ ਚੰਗੀ ਪੁੱਜ-ਪਹੁੰਚ ਵਾਲੇ ਲੋਕ ਵੀ ਇਹ ਕਹਿੰਦੇ ਸੁਣੇ ਗਏ ਹਨ ਕਿ ਦਫ਼ਤਰਾਂ ਵਿਚ ਧੱਕੇ ਖਾਣ ਦੀ ਬਜਾਏ ਏਜੰਟਾਂ ਰਾਹੀਂ ਬੱਸ ਨੋਟ ਚੜ੍ਹਾ ਦਿਓ। ਫਿਰ ਕੰਮ ਆਪਣੇ ਆਪ ਹੀ ਹੋ ਜਾਵੇਗਾ ਤੇ ਹੁਕਮ ਘਰ ਬੈਠੇ-ਬਿਠਾਏ ਹੀ ਆ ਜਾਣਗੇ।

ਫਿਰ ਅਮੂਮਨ ਦੇਖਣ ਵਿਚ ਆਉਂਦਾ ਹੈ ਕਿ ਸਮਾਜ ਦੇ ਮਾੜੇ ਤੇ ਮੌਕਾਪ੍ਰਸਤ ਚੌਧਰੀਆਂ ਦੀ ਖ਼ੁਸ਼ੀ ਦੀ ਖ਼ਾਤਿਰ ਕਈ ਡੰਗ ਟਪਾਊ ਅਫਸਰ ਲੋਕਾਂ ਨੂੰ ਗੁੰਮਰਾਹ ਕਰਦੇ ਰਹਿੰਦੇ ਹਨ। ਇਹ ਕਥਿਤ ਘੜੰਮ ਚੌਧਰੀ ਦਰਅਸਲ ਗਰਜ਼ ਦੇ ਮਾਰੇ ਇਨ੍ਹਾਂ ਕਮਜ਼ੋਰ ਅਫਸਰਾਂ ਨੂੰ 'ਨਰ ਅਫਸਰ' ਗਰਦਾਨਦੇ ਹਨ। ਇਉਂ ਹੀ ਜਿਹੜੇ ਅਫ਼ਸਰ ਪੈਸੇ ਤੇ ਸਿਫਾਰਿਸ਼ੀ ਇਸ਼ਾਰਿਆਂ ਦੇ ਤਹਿਤ ਕੰਮ ਕਰਦੇ ਹਨ, ਉਨ੍ਹਾਂ ਦੀ ਮਰਦਾਨਗੀ ਦਾ ਬੋਲਬਾਲਾ ਸੈਕਟਰੀਏਟ ਦੇ ਗਲਿਆਰਿਆਂ ਵਿਚ ਹੁੰਦਾ ਹੈ ਅਤੇ ਉਨ੍ਹਾਂ ਨੂੰ ਵਧੀਆ ਤੋਂ ਵਧੀਆ ਪੋਸਟਾਂ ਉਡੀਕਦੀਆਂ ਹਨ। ਇਸ ਦੇ ਉਲਟ ਜਿਹੜੇ ਅਫ਼ਸਰ ਤਕੜੇ ਹੋ ਕੇ ਮਾੜੇ ਅਨਸਰਾਂ ਦੀ ਮੰਜੀ ਠੋਕਦੇ ਹਨ, ਉਨ੍ਹਾਂ ਨੂੰ ਅਕਸਰ ਹੀ ਨਿਪੁੰਨਸਿਕ ਤੇ ਮਾਤਾ ਦਾ ਮਾਲ ਵਰਗੇ ਮਾੜੇ ਲਕਬਾਂ ਨਾਲ ਜਾਣਿਆ ਜਾਂਦਾ ਹੈ।

ਸਿਰੇ ਦੀ ਗੱਲ ਇਹ ਕਰੀਏ ਕਿ ਅੱਜ ਸਰਮਾਏਦਾਰੀ ਤੇ ਪਦਾਰਥਵਾਦੀ ਨਿਜ਼ਾਮ ਵਿਚ ਫੈਲ-ਸੂਫੀਆਂ ਕਰਨ ਵਾਸਤੇ ਸਰਕਾਰੀ ਨੌਕਰੀ ਨਾਲੋਂ ਵਧੀਆ ਕੋਈ ਹੋਰ ਵੱਡਾ ਵਣਜ-ਵਪਾਰ ਜਾਂ ਇੰਡਸਟਰੀ ਨਹੀਂ ਹੈ।

ਮੁੱਕਦੀ ਗੱਲ! ਲੋਕ ਰਾਜ ਦੇ ਨਾਂ 'ਤੇ ਸਾਡੀਆਂ ਸਰਕਾਰਾਂ ਤੇ ਦਫਤਰਾਂ ਵਿਚ ਜੋ ਅੱਜ ਹੋ ਰਿਹਾ ਹੈ, ਉਹ ਕਦਾਚਿਤ ਵੀ ਠੀਕ ਨਹੀਂ ਹੈ। ਹੁਣ ਦੀ ਅਫਸਰਸ਼ਾਹੀ ਨੂੰ ਸਿਆਸੀ ਤਰਜ਼ 'ਤੇ ਬੇਮਤਲਬ ਜਿਹੇ ਹਰਮਨ ਪਿਆਰੇ ਬਣਨ ਦੀ ਥਾਂ ਕਾਨੂੰਨ ਲਾਗੂ ਕਰਨ ਵਾਲੇ ਤਕੜੇ ਤੇ ਦਬੰਗ ਅਫ਼ਸਰ ਬਣਨ ਦੀ ਲੋੜ ਹੈ। ਫਿਰ ਸਰਕਾਰਾਂ ਨੂੰ ਅਫਸਰਸ਼ਾਹੀ ਨੂੰ ਨਿਯਮਾਂ ਕਾਨੂੰਨਾਂ ਨਾਲ ਸਾਸ਼ੱਕਤ ਬਣਾਉਣ ਲਈ ਰਾਜਸੀ ਖੋਟ ਵਾਲੀ ਦਖ਼ਲਅੰਦਾਜ਼ੀ ਤੁਰੰਤ ਬੰਦ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸਰਕਾਰ ਨੂੰ 'ਬਾਬੂਆਂ ਤੇ ਇੰਸਪੈਕਟਰਾਂ' ਦੇ ਮੌਜੂਦਾ ਦਫਤਰੀ ਰਾਜ ਨੂੰ ਬਦਲ ਕੇ 'ਗੁੱਡ-ਗਵਰਨੈਂਸ' ਵਜੋਂ 'ਸਿੰਗਲ ਵਿੰਡੋ' ਤੋਂ ਲੋਕਾਂ ਨੂੰ ਸਹੂਲਤਾਂ ਦੇਣ ਦਾ ਚੱਲਣ ਕਾਇਮ-ਮੁਕਾਮ ਕਰਨਾ ਪਵੇਗਾ।

ਠੀਕ ਹੈ ਕਿ ਇਸ ਸਭ ਕਾਸੇ ਵਾਸਤੇ ਲਗਨ, ਮਿਹਨਤ ਤੇ ਤਰੱਦਦ ਕਰਨ ਦੀ ਲੋੜ ਹੈ। ਇਸ ਵਾਸਤੇ ਹੁਣ ਸਮੁੱਚੀ ਅਫਸਰਸ਼ਾਹੀ ਨੂੰ ਸਭ ਤੋਂ ਪਹਿਲਾਂ ਸਾਡੀ ਮੌਜੂਦਾ ਦਫਤਰੀ ਕਾਰਜਸ਼ੈਲੀ ਨੂੰ 'ਦੁਕਾਨ ਤੋਂ ਸ਼ਾਨ' ਦੇ ਰਾਹ ਦੁਬਾਰਾ ਤੋਰਨਾ ਪੈਣਾ ਹੈ। ਇਸ ਲਈ ਜਨਤਾ ਤੇ ਖ਼ਾਸ ਕਰਕੇ ਸਾਡੇ ਆਗੂਆਂ ਤੇ ਅਫ਼ਸਰਾਂ ਸਭ ਨੂੰ ਹੀ ਆਪਣੀ ਜੀਵਨਸ਼ੈਲੀ ਤੇ ਕਾਰਜਸ਼ੈਲੀ ਵਿਚ ਆਚਰਣ ਤੇ ਅਨੁਸ਼ਾਸਨ ਜਿਹੇ ਜ਼ਾਬਤਿਆਂ ਦੀ ਅਹਿਮਤੀਅਤ ਨੂੰ ਸਮਝਣ ਤੇ ਸਮਝਾਉਣ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਆਪਣੇ ਦੇਸ਼ ਦੇ ਕਾਨੂੰਨਾਂ ਨੂੰ ਪੂਰਨ ਦਿਆਨਤਦਾਰੀ ਸਹਿਤ ਅਸਰਦਾਇਕ ਤਰੀਕੇ ਨਾਲ ਲਾਗੂ ਸਕੀਏ। ਫਿਰ ਇਉਂ ਅਜਿਹੀ ਮਾਨਸਿਕ ਦਿਆਨਤਦਾਰੀ ਨਾਲ ਲਿਆਂਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਕਾਰ-ਵਿਹਾਰੀ ਤਬਦੀਲੀ ਨਾਲ ਸਾਡੀ ਭ੍ਰਿਸ਼ਟਾਚਾਰੀ ਤੇ ਬੇਈਮਾਨੀ ਦੀ ਪ੍ਰਵਿਰਤੀ ਨੂੰ ਕੋਈ ਠੱਲ੍ਹ ਪੈਣ ਦੀ ਉਮੀਦ ਹੋ ਸਕਦੀ ਹੈ।

ਖ਼ੈਰ! ਇਸ ਮੌਜੂਦਾ ਬਾਬੂਗਿਰੀ ਤੇ ਦਫਤਰੀ ਰਾਜ ਦੇ ਚੱਲ ਰਹੇ ਪ੍ਰਸੰਗ ਵਿਚ ਇਉਂ ਫਿਰ ਜੇ ਕਿਤੇ ਸਾਨੂੰ 'ਗੁੱਡ-ਗਰਵਨੈਂਸ' ਤੇ 'ਵਨ ਵਿੰਡੋਅ' ਜਿਹੀ ਪ੍ਰਸ਼ਾਸਨਿਕ ਵਿਵਸਥਾ ਲਾਗੂ ਕਰਨ ਦਾ ਖਿਆਲ ਆ ਜਾਵੇ ਤਾਂ ਸਭ ਤੋਂ ਪਹਿਲਾਂ ਸਾਨੂੰ ਅੰਗਰੇਜ਼ਾਂ ਦੇ ਸਮੇਂ ਤੋਂ ਚੱਲਿਆ ਆ ਰਿਹਾ 'ਸੈੱਟ ਏ ਥੀਫ਼ ਟੂ ਕੈਚ ਏ ਥੀਫ਼' ਦੀ ਭਾਵਨਾ ਨਾਲ ਕਾਇਮ ਹੋਏ 'ਟੀਅਰ ਸਿਸਟਮ' ਅਰਥਾਤ ਦਫਤਰਾਂ ਵਿਚ ਕਈ-ਸਤੱਹੀ ਫਾਈਲ ਰਾਜ ਨੂੰ ਘੱਟ ਕਰਨ ਦੀ ਬੜੀ ਵੱਡੀ ਲੋੜ ਹੈ। ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ ਦੇ ਅਖਾਣ ਮੁਤਾਬਿਕ ਜੇ **ਬਾਬਾ ਗ਼ਾਲਿਬ** ਨੇ ਸਾਡੀ ਸਰਕਾਰੀ ਪ੍ਰਣਾਲੀ ਤੇ ਸਾਡੀ ਅਫ਼ਸਰਸ਼ਾਹੀ ਦੀ ਕੁੱਲ ਮਿਲਾ ਕੇ ਇਹ ਹਾਲਤ ਕਿਤੇ ਅੱਜ ਵੇਖੀ ਹੁੰਦੀ ਤਾਂ ਉਸ ਨੇ ਆਪਣੇ ਪੁਰਾਣੇ ਸ਼ਿਅਰ 'ਇਸ਼ਕ ਨੇ ਗਾਲਿਬ ਨਿਕੰਮਾ ਕਰ ਦੀਆ; ਵਰਨਾ ਹਮ ਵੀ ਆਦਮੀ ਥੇ ਕਾਮ ਕੇ' ਨੂੰ ਬਦਲ ਕੇ ਅਜੋਕੀ ਅਫਸਰਸ਼ਾਹੀ ਦੇ ਨਾਮ ਇਹ ਸ਼ਿਅਰ ਇਉਂ ਮਨਸੂਬ ਕਰ ਦੇਣਾ ਸੀ :-

ਜਨਾਬੀ ਨੇ ਗਾਲਿਬ ਨਿਕੰਮਾ ਕਰ ਦੀਆ,
ਵਰਨਾ ਹਮ ਵੀ ਆਦਮੀ ਥੇ ਕਾਮ ਕੇ।

ਇਸ ਸਾਰੀ ਸੂਰਤੇ-ਹਾਲ ਵਿਚ ਅੱਜ ਸਮੁੱਚੀ ਅਫ਼ਸਰਸ਼ਾਹੀ ਨੂੰ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ ਕਿ ਇਹ ਆਪਣੀ ਰਵਾਇਤੀ ਸ਼ੋਹਰਤ ਤੇ ਸ਼ਾਨ ਨੂੰ ਗੁਆ ਕੇ ਕਿਉਂ ਕੱਖੋਂ ਹੌਲੀ ਹੋ ਰਹੀ ਹੈ। ਜੇ ਸੋਚੀਏ ਤਾਂ ਜ਼ਿੰਦਗੀ ਵਿਚ ਇੱਜ਼ਤ-ਮਾਣ ਨਾਲੋਂ ਕੁਝ ਵੀ ਵੱਧ ਨਹੀਂ ਹੁੰਦਾ ਅਤੇ ਫਿਰ ਹੋਰ ਕੋਈ ਚੀਜ਼ ਇਸ ਤੋਂ ਵੱਧ ਕੀਮਤੀ ਨਹੀਂ ਹੁੰਦੀ ਕਿ ਜਿਸ ਲਈ ਆਪਣੀ ਜ਼ਮੀਰ ਤਿਆਗੀ ਜਾਵੇ। ਅੱਜ ਸਾਨੂੰ ਸਭ ਨੂੰ ਆਪਣੀ ਮੌਜੂਦਾ ਸੂਰਤੇ-ਹਾਲ ਦੇਖਦੇ ਹੋਏ ਫਿਰ ਤੋਂ ਗੌਰ ਕਰਨਾ ਪਵੇਗਾ ਕਿ ਅਸੀਂ ਰੱਬੋਂ ਮਿਲੀ ਇਲਾਹੀ ਲੋਕ ਸੇਵਾ ਦੀ ਮੋਹਲਤ ਤੇ ਸਮਰੱਥਾ ਨੂੰ ਬੇਮਤਲਬ ਹੀ ਬਦਨਾਮੀ ਤੇ ਖੁਨਾਮੀ ਦੇ ਦਾਅ 'ਤੇ ਕਿਉਂ ਲਾ ਦਿੱਤਾ ਹੈ।

ਯਾਰੋ, ਕੀ ਕਦੇ ਆਪਾਂ ਸੁਣਿਆ ਸੀ ਕਿ ਡੀ.ਸੀ; ਐੱਸ.ਐੱਸ.ਪੀ. ਤੇ ਡੀ.ਐੱਸ.ਪੀ. ਪੱਧਰ ਤੱਕ ਦੇ ਮੋਹਤਬਰ ਅਧਿਕਾਰੀ ਕਿਤੇ ਜੇਲ੍ਹਾਂ ਭੁਗਤਣਗੇ। ਫਿਰ ਆਮ ਜਿਹੇ ਪੱਧਰ ਦੇ ਸਿਆਸੀ ਬੰਦੇ ਜਿਹੜੀ ਛੋਤ-ਛਾਤ, ਛਾਂਗ-ਛੰਗਾਈ ਤੇ ਚੱਕ-ਥਲ ਨਾਲ ਆਪਣੀ ਮਾੜੀ ਬਾਬ ਕਰਦੇ ਹਨ, ਉਹ ਵੱਖਰੀ ਹੈ। ਇਨ੍ਹਾਂ ਹਾਲਾਤਾਂ ਵਿਚ ਜੇ ਹੁਣ ਵਿਚਾਰ ਕੇ ਵੇਖੀਏ ਤਾਂ ਸਾਡਾ ਤਾਂ ਫੱਕਾ ਵੀ ਨਹੀਂ ਬਚਿਆ; ਸਗੋਂ ਸਾਡੀ ਇੱਜ਼ਤ-ਆਬਰੂ ਦਾ ਦਿਨ-ਦਿਹਾੜੇ ਕੂੜਾ-ਕਬਾੜਾ ਵੱਖਰਾ ਹੋ ਰਿਹਾ ਹੈ। ਫਿਰ ਜਿਹੜੇ ਵੱਡੇਭਾਗਾਂ ਵਾਲੇ ਮਾੜੇ ਰਿਸ਼ਵਤਖੋਰ ਅਫ਼ਸਰਾਂ ਨੂੰ ਹਾਲੇ ਹੱਥ ਨਹੀਂ ਪਿਆ; ਤਾਂ ਨਾ ਸਹੀ, ਪਰ ਹੁਣ ਉਨ੍ਹਾਂ ਦੇ ਪੱਲੇ ਰਹਿ ਵੀ ਕੁਝ ਨਹੀਂ ਗਿਆ।

ਗੌਰਤਲਬ ਹੈ ਕਿ ਸਾਡੇ ਪੁਰਾਣੇ ਨਿਜ਼ਾਮ ਵਿਚ ਸਾਡੇ ਪੂਰਵਜ ਬਾਦਸ਼ਾਹਾਂ ਤੇ ਸੁਲਤਾਨਾਂ ਦੇ ਵਜ਼ੀਰ ਤੇ ਵੱਡੇ ਅਹਿਲਕਾਰ ਹੁੰਦੇ ਸਨ। ਜ਼ਿਕਰਯੋਗ ਹੈ ਕਿ ਅਕਬਰ



*Original with;*
Kulbir Singh Sidhu(I.A.S)
*Digitized by;*
Panjab Digital Library

ਵੇਲੇ ਸਾਡੇ ਇਨ੍ਹਾਂ ਮੋਹਤਬਰ ਅਹਿਲਕਾਰਾਂ ਦਾ ਸ਼ੁਮਾਰ 'ਨੌ ਰਤਨਾਂ' ਵਿਚ ਹੁੰਦਾ ਸੀ। ਅੰਗਰੇਜ਼ਾਂ ਦੇ ਦਰਬਾਰੇ-ਸ਼ਾਹੀ ਤੇ ਅਜ਼ਾਦੀ ਤੋਂ ਕੋਈ 15-20 ਸਾਲ ਬਾਅਦ ਤੱਕ ਸਾਡੇ ਆਲ੍ਹਾ ਅਫ਼ਸਰ ਲੋਕਾਂ ਦੇ 'ਮਾਈ-ਬਾਪ' ਵੀ ਰਹੇ। ਅਫ਼ਸੋਸ ਹੈ ਕਿ ਹੁਣ ਤਕਰੀਬਨ ਇਹ ਸਾਰਾ ਤਬਕਾ 'ਨਾਈ-ਸ਼ਾਪ' ਵਾਂਗੂੰ ਆਪਣੀਆਂ ਮੁੰਨਣ-ਮੁੱਛਣ ਦੀਆਂ ਕਾਰਵਾਈਆਂ ਦੇ ਕਾਰਨ ਸੁਲਤਾਨਾਂ ਤੋਂ ਹਜਾਮ ਬਣਨ ਦੇ ਰਾਹ ਪੈ ਤੁਰੇ ਹਨ।

ਇਸ ਸਿਲਸਿਲੇ ਵਿਚ ਸਮੁੱਚੀ ਅਫ਼ਸਰਸ਼ਾਹੀ ਨੂੰ ਆਪਾ ਚੀਨਣ ਵਜੋਂ ਆਪਣੇ ਆਪ ਨੂੰ ਪੁੱਛਣਾ ਤੇ ਫਿਰ ਸਮਝਾਉਣਾ ਬਣਦਾ ਹੈ ਕਿ ਜਦੋਂ ਕੁਦਰਤ ਦੇ ਅਟਲਾਦੇ ਨਿਯਮ ਅਨੁਸਾਰ 'ਸਮੇਂ ਤੋਂ ਪਹਿਲਾਂ ਅਤੇ ਕਿਸਮਤ ਤੋਂ ਵੱਧ ਕਿਸੇ ਨੂੰ ਕਦੇ ਵੀ ਕੁਝ ਨਹੀਂ ਮਿਲਦਾ' ਤਾਂ ਫਿਰ ਆਪਾਂ ਕਿਉਂ ਬੇਸਬਰੇ ਤੇ ਲੋਭੀ ਬਣੇ ਹੋਏ ਹਾਂ। ਇਸ ਪ੍ਰਥਾਇ ਇਹ ਵੀ ਸੋਚਣ ਦੀ ਲੋੜ ਹੈ ਕਿ ਅਸੀਂ ਗਲਤ ਦਬਾਅ ਤੇ ਗ਼ੈਰ-ਵਾਜਿਬ ਸੁਝਾਵਾਂ ਦੇ ਤਹਿਤ ਪ੍ਰਸ਼ਾਸਨਿਕ ਸੇਵਾਵਾਂ ਦੀ ਮਰਿਆਦਾ ਦਾ ਉਲੰਘਣ ਕਰਨ ਲਈ ਕਿਉਂ ਉਤਸ਼ਾਹਿਤ ਹੋ ਜਾਂਦੇ ਹਾਂ। ਫਿਰ ਇਸ ਸੰਦਰਭ ਵਿਚ ਸਾਨੂੰ ਮਰਿਆਦਾ ਉਲੰਘਣ ਦੇ ਸੁਝਾਅ ਤੇ ਉਤਸ਼ਾਹ ਦੇਣ-ਦਿਵਾਉਣ ਵਾਲੇ ਆਪਣੇ ਸਿਆਸੀ ਆਕਾ-ਆਕਾਵਾਂ ਨੂੰ ਵੀ 'ਕੀ ਖੱਟਿਆ ਮੈਂ ਤੇਰੀ ਹੀਰ ਬਣਕੇ' ਜਿਹਾ ਸਿੱਧਾ ਤੇ ਸਪਸ਼ਟ ਸਵਾਲ ਪੁੱਛਣਾ ਚਾਹੀਦਾ ਹੈ।

ਕੁਲ ਮਿਲਾ ਕੇ ਸਾਡੀ ਸਭ ਦੀ ਹਾਲਤ 'ਸੌ ਗੰਢੇ ਤੇ ਨਾਲੇ ਸੌ ਛਿੱਤਰ' ਖਾਣ ਵਾਲੇ ਚੋਰ ਵਾਲੀ ਬਣੀ ਹੋਈ ਹੈ। ਅਜ ਪਹਿਲਾਂ ਤਾਂ ਸਾਨੂੰ ਆਪਣੇ-ਆਪ ਨੂੰ ਪੁਛਣਾ ਬਣਦਾ ਹੈ ਕਿ ਅਸੀਂ ਆਪਣੀ ਲੋਕ ਸੇਵਾ ਦੇ ਆਦਰਸ਼ਾਂ ਤੇ ਅਸੂਲਾਂ ਨੂੰ ਛੱਡ ਕੇ ਸਿਆਸਤ ਦੇ ਦਾਅ-ਪੇਚਾਂ ਤੇ ਸਿਆਸੀ ਭਾਈਵਾਲੀ ਵਿਚੋਂ ਕੀ ਖੱਟਿਆ ਹੈ। ਫਿਰ ਅਸੀਂ ਸਿਆਸੀ ਬੰਦਿਆਂ ਤੋਂ ਪੁਛੀਏ ਕਿ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ; ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ'। ਵੈਸੇ ਹੁਣ ਤਾਂ ਸਾਡੀ ਸਿਆਸੀ ਭਾਈਵਾਲੀ ਦੇ ਮਾੜੇ ਨਤੀਜਿਆਂ ਨੂੰ ਵੇਖ ਕੇ ਲੋਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਦੱਸੋ ਸਾਹਿਬ ਜੀ ਕਿ ਤੁਸੀਂ ਲੰਗੜੇ ਬੋਕ 'ਤੇ ਚੜ੍ਹਕੇ ਕੀ ਖੱਟਿਆ ਹੈ।

ਬਸ ਅਖ਼ੀਰ ਨੂੰ ਕੀ ਖੱਟਿਆ ਤੇ ਕੀ ਗੁਆਇਆ ਦਾ ਸਾਰਾ ਲੇਖਾ-ਜੋਖਾ ਅੰਤਿਤਾ ਇਥੇ ਆ ਮੁਕਦਾ ਹੈ ਕਿ ਜਿਵੇਂ ਸ਼ਾਇਰ **ਮਿਰਜ਼ਾ ਸਾਦਿਕ ਅਲੀ ਸ਼ਰਰ** ਨੇ ਕਿਹਾ ਹੈ ਕਿ : -

ਗਏ ਦੋਨੋਂ ਜਹਾਂ ਕੇ ਕਾਮ ਸੇ ਹਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ;
ਨਾ ਖ਼ੁਦਾ ਹੀ ਮਿਲਾ, ਨਾ ਵਿਸਾਲੇ-ਸਨਮ; ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ।

ਬਹਿਰਹਾਲ, ਹੁਣ ਲਗਦਾ ਤਾਂ ਇਹ ਹੈ ਕਿ 'ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ' ਦੀ ਲੋਕ ਸਿਆਣਪ ਅਨੁਸਾਰ ਸਾਨੂੰ ਆਪਣੀ ਮਰਜ਼ੀ ਨਾਲ ਹੀ ਉਲਝੇ-ਫਸਿਆਂ ਨੂੰ ਹੁਣ ਕੌਣ ਬਚਾਵੇ, ਪਰ ਫਿਰ ਵੀ ਅੱਲਾ ਮਿਹਰਬਾਨ ਹੈ।

ਇਸ ਵਾਸਤੇ ਹੁਣ ਬਹੁਤ ਹੀ ਗੰਭੀਰਤਾ ਨਾਲ ਸੋਚਣ-ਸਮਝਣ ਦੀ ਲੋੜ ਹੈ ਕਿ ਹੁਣ ਹੀ ਕਿਸੇ ਸੋਝੀ ਦੇ ਘਰ ਆ ਕੇ ਅਸੀਂ ਆਪਣੀਆਂ ਲੋਕ ਸੇਵਾ ਦੀਆਂ ਵਧੀਆ



*Original with;*
Kulbir Singh Sidhu(I.A.S)
*Digitized by;*
Panjab Digital Library

ਰਵਾਇਤਾਂ ਅਨੁਸਾਰ ਆਪਣੇ ਦਫ਼ਤਰੀ ਜੀਵਨ ਨੂੰ ਢਾਲੀਏ-ਸਵਾਰੀਏ। ਬੇਸ਼ੱਕ ਸਾਡੇ ਅਜੋਕੇ ਦਫ਼ਤਰੀ ਸਭਿਆਚਾਰ ਦੀਆਂ ਭ੍ਰਿਸ਼ਟਾਚਾਰੀ ਪ੍ਰਵਿਰਤੀਆਂ ਬਹੁਤ ਡੂੰਘੀਆਂ ਜੜ੍ਹਾਂ ਫੜ ਚੁੱਕੀਆਂ ਹਨ, ਪਰ ਫਿਰ ਵੀ ਸਾਨੂੰ ਆਪਣੇ ਦਫ਼ਤਰੀ ਹਥਕੰਡਿਆਂ ਦਾ ਸ਼ਿਕੰਜਾ ਕੱਸਣ ਤੇ ਆਪਣੇ ਲੋਭ-ਲਾਲਚਾਂ ਨੂੰ ਛਿੱਕਲਾ ਪਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਆਪਣੇ ਮਾੜੇ ਕੰਮਾਂ ਦੇ ਨਤੀਜਿਆਂ ਨੂੰ ਵੀ ਵਿੱਧ-ਮਾਤਾ ਦੇ ਕੰਧ 'ਤੇ ਲਿਖੇ ਅੱਖਰਾਂ ਵਾਂਗ ਪੜ੍ਹਣ ਤੇ ਸਮਝਣ ਦੀ ਲੋੜ ਹੈ।

ਇਸ ਪ੍ਰਥਾਇ ਅਜ ਸਾਨੂੰ ਮੁਹੰਮਦ ਇਕਬਾਲ ਦੀ ਚਿਤਾਵਨੀ ਨੂੰ ਵੀ ਸਮਝਣ ਦੀ ਜ਼ਰੂਰਤ ਹੈ ਕਿ : 'ਵਤਨ ਕੀ ਫਿਕਰ ਕਰ ਐ ਨਾਦਾਂ ਕਿ ਤੇਰੀ ਬਰਬਾਦੀਓਂ ਕੇ ਚਰਚੇ ਆਸਮਾਨੋਂ ਮੇਂ ਹੈਂ।' ਇਸ ਪ੍ਰਸੰਗ ਵਿਚ ਹੀ ਹੁਣ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਸਿਆਣੇ ਕਹਿੰਦੇ ਹਨ ਕਿ 'ਜੇ ਸਵੇਰ ਦਾ ਭੁੱਲਿਆ; ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ'। ਸਗੋਂ 'ਦੇਰ ਆਏ ਦਰੁਸਤ ਆਏ' ਦੇ ਲੋਕ ਸੂਤਰ ਮੁਤਾਬਿਕ ਆਪਣੇ ਆਪ ਨੂੰ ਸੰਭਾਲਣ ਤੇ ਅਗੇ ਤੋਂ ਸੰਭਲਣ ਵਾਸਤੇ ਹਰ ਮੌਕਾ ਸੁਵੰਡਣਾ ਹੀ ਹੁੰਦਾ ਹੈ। ਇਸ ਲਈ ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਇਸ ਵਾਸਤੇ ਹੁਣ ਸਮੇਂ ਦੀ ਮੰਗ ਅਨੁਸਾਰ ਸਾਨੂੰ ਮੌਕਾ ਸੰਭਾਲਦੇ ਹੋਏ ਪਹਿਲਾਂ ਆਪ ਸੰਭਲਣ ਤੇ ਫਿਰ ਆਪਣੇ ਨਿਜ਼ਾਮ ਨੂੰ ਸੰਭਾਲਣ ਦੀ ਅਤਿਅੰਤ ਲੋੜ ਹੈ।

ਇਸ ਲਈ ਹੁਣ ਬਸ ਸੱਚ ਦੇ ਸੂਰਜ ਦਾ ਚਾਨਣ ਦੇਖਣ ਦੀ ਲੋੜ ਹੈ ਕਿਉਂਕਿ ਵੇਦ-ਵੇਦਾਂਤਾਂ ਨੇ ਸਾਨੂੰ ਇਹ ਹੀ ਸਮਝਾਇਆ ਹੈ ਕਿ 'ਜਦੋਂ ਅੱਖ ਖੁੱਲ੍ਹੀ ਉਦੋਂ ਹੀ ਸਵੇਰਾ'। ਬਸ ਰੱਬ ਖ਼ੈਰ ਕਰੇ! ਆਮੀਨ।

*ਜੈ ਜਨਤਾ, ਜੈ ਭਾਰਤ*



*Original with;*
Kulbir Singh Sidhu(I.A.S)
*Digitized by;*
Panjab Digital Library

# ਭਰੂਣ ਹੱਤਿਆ ਤੋਂ ਕਤਲ ਤੱਕ ਔਰਤ ਦੀ ਅਧੋਗਤੀ

ਰੱਬ ਵਲੋਂ ਥਾਪੀ ਸ੍ਰਿਸ਼ਟੀ ਦੀ ਰਚੇਤਾ ਔਰਤਜ਼ਾਤ ਨਾਲ ਅਜ ਅਸੀਂ ਸਿਰੇ ਦਾ ਦੁਰਵਿਵਹਾਰ ਕਰ ਕੇ ਉਸ ਦੀ ਅਧੋਗਤੀ ਕਰਨ ਤਕ ਦੀ ਰਸਾਤਲ ਨੂੰ ਪਹੁੰਚੇ ਹੋਏ ਹਾਂ। ਅਸੀਂ ਕਹਿਣ ਨੂੰ ਤਾਂ ਨਾਰੀ ਨੂੰ 'ਜਗਤ ਜਣਨੀ' ਤੇ 'ਨਾਰੀ ਸ਼ਕਤੀ' ਕਹਿੰਦੇ ਹਾਂ, ਪਰ ਮਨੋਂ-ਮਨੀਂ ਨਾਰੀ ਜਾਤੀ ਬਾਰੇ ਅਸੀਂ ਸੋਚਦੇ ਕੁਝ ਹੋਰ ਹੀ ਹਾਂ। ਫਿਰ ਅਸੀਂ ਕਿੰਨੇ ਹੀ ਸਮੇਂ ਤੋਂ ਔਰਤਜ਼ਾਤ ਦੀ ਦੁਰਗਤੀ ਕਰਨ ਦੀ ਖਾਤਿਰ ਅਹਿਸਾਨ-ਫ਼ਰਾਮੋਸ਼ੀ ਦੀ ਹੱਦ ਤਕ ਕੁਝ ਹੋਰ ਹੀ ਝੱਲ-ਵਲੱਲੀਆਂ ਕਰਤੂਤਾਂ ਕਰਦੇ ਆ ਰਹੇ ਹਾਂ। ਅਸੀਂ ਇਕ ਪਾਸੇ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਦੇਣ ਦੀਆਂ ਗੱਲਾਂ ਕਰਦੇ ਹਾਂ ਤੇ ਦੂਜੇ ਪਾਸੇ ਇਸਤਰੀ-ਜਾਤੀ ਨੂੰ ਭਰੂਣ ਹੱਤਿਆ ਲੈ ਕੇ ਉਸ ਦੀ ਔਖੀ-ਸੌਖੀ ਪ੍ਰਵਾਨ ਚੜ੍ਹੀ ਜਵਾਨੀ ਨੂੰ ਆਪਣੀ ਹਉਮੈ-ਹੰਕਾਰ ਦੀ ਬਲੀ ਚੜ੍ਹਾ ਰਹੇ ਹਾਂ। ਇਉਂ ਹੀ ਅਸੀਂ ਕਦੇ ਆਪਣੇ ਘਰਾਂ ਦੀਆਂ ਬਹੂ-ਬੇਟੀਆਂ ਨੂੰ ਖਾਸ ਕਰਕੇ ਦਾਜ-ਦਹੇਜ ਦੇ ਅੜਿੱਕੇ ਚੜ੍ਹਾਉਂਦੇ ਹੋਏ ਉਨ੍ਹਾਂ ਨੂੰ ਅਰਸ਼ੋਂ ਫਰਸ਼ ਤਕ ਬੇਕਦਰੀ ਦੇ ਰਾਹ 'ਤੇ ਤੋਰਦੇ ਹਾਂ। ਅਸੀਂ ਫਿਰ ਕਦੇ ਔਰਤਾਂ ਨੂੰ ਆਪਣੀ ਝੂਠੀ ਜਿਹੀ ਅਣਖ ਵਾਸਤੇ ਕਤਲ ਕਰਨ ਦੇ ਮਨਸੂਬੇ ਘੜਦੇ ਹਾਂ ਅਤੇ ਮਾਨਵਤਾ ਨਾਲ ਘੋਰ-ਅਪਰਾਧੀ ਕੁਕਰਮ ਕਰਦੇ ਹਾਂ।

ਨਿਰਦੋਸ਼, ਨਿਰਬਲ ਤੇ ਅਬਲਾ ਔਰਤਜ਼ਾਤ ਦੀ ਬੇਕਦਰੀ ਤੇ ਦੁਰਗਤੀ ਦਾ ਇਹ ਧੁੱਖਦਾ ਮਸਲਾ ਅੱਜ ਪੰਜਾਬ ਦਾ ਹੀ ਨਹੀਂ ਰਿਹਾ, ਸਗੋਂ ਸਾਰੇ ਦੇਸ਼ ਵਾਸਤੇ ਵੀ ਇਹ ਅੱਗ ਦਾ ਭਾਂਬੜ ਬਣ ਚੁੱਕਾ ਹੈ। ਸਾਡੇ ਸਮਾਜ ਵਿਚ ਨਾਰੀ ਜਾਤੀ ਦੇ ਸੰਦਰਭ ਵਿਚ ਜੋ ਕਾਰੇ-ਵਰਤਾਰੇ ਤੇ ਘਿਨੌਣੀਆਂ ਕਰਤੂਤਾਂ ਹੋ ਰਹੀਆਂ ਹਨ, ਉਨ੍ਹਾਂ ਵਿਚ ਤਾਂ ਸਾਡੀ ਮਾਨਸਿਕਤਾ ਦੇ ਦੋਗਲੇਪਣ ਤੇ ਦੋਹਰੇ ਕਿਰਦਾਰ ਦਾ ਹੀ ਘਟੀਆ ਅਕਸ ਦਿਸਦਾ ਹੈ। ਬਸ ਸਮਝ ਹੀ ਨਹੀਂ ਆਉਂਦੀ ਕਿ ਅਸਲ ਵਿਚ ਅਸੀਂ ਕੀ ਦਿਲੋਂ-ਮਨੋਂ ਵਾਕਿਆ ਹੀ ਔਰਤਜ਼ਾਤ ਨੂੰ 'ਨਾਰੀ ਸ਼ਕਤੀ' ਮੰਨਦੇ ਹਾਂ ਜਾਂ ਫਿਰ ਉਸ ਨੂੰ ਬਸ 'ਸ਼ੈਤਾਨੀ ਸ਼ਕਤੀ' ਹੀ ਸਮਝਦੇ ਹਾਂ।

ਸਮੁੱਚੇ ਤੌਰ 'ਤੇ ਔਰਤਜ਼ਾਤ ਹਮੇਸ਼ਾਂ ਹੀ ਮਰਦ ਪ੍ਰਧਾਨ ਸਮਾਜ ਦੀ ਦੋਗਲੀ ਸੋਚ ਦਾ ਸ਼ਿਕਾਰ ਰਹੀ ਹੈ। ਸਾਡੇ ਸਮਾਜ ਵਿਚ ਮਰਦਾਂ ਲਈ ਇਖ਼ਲਾਕੀ ਕਦਰਾਂ-ਕੀਮਤਾਂ ਹੋਰ ਹਨ ਅਤੇ ਔਰਤਾਂ ਲਈ ਕੁਝ ਹੋਰ ਹੀ ਹਨ। ਸਪੱਸ਼ਟ ਹੈ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਔਰਤਾਂ ਪ੍ਰਤੀ ਸ਼ੁਰੂ ਤੋਂ ਹੀ ਸਾਡੇ ਸਮਾਜ ਦੀ ਦੋਹਰੀ ਨੀਤੀ ਤੇ ਦੋਹਰੇ ਮਾਪਦੰਡ ਰਹੇ ਹਨ। ਸਮਾਜ ਨੇ ਇਸਤਰੀ ਤੇ ਪੁਰਸ਼ ਦੇ ਕਿਰਦਾਰ ਦੇ ਪ੍ਰਸੰਗ ਵਿਚ ਕਿਸੇ ਭੈੜੇ ਸਮਾਜਿਕ ਚਲਣ ਨੂੰ ਵੱਖੋ-ਵੱਖਰੀ ਨਿਗਾਹ ਨਾਲ ਵੇਖਿਆ ਹੈ। ਇਹ ਸਾਰਾ ਵਰਤਾਰਾ ਬਸ 'ਗੱਭਰੂ ਤਾਂ ਰਾਂਝੇ-ਮਿਰਜ਼ੇ ਤੇ ਨੱਢੀਆਂ ਬਦਕਾਰ' ਜਿਹੀ ਇਕ ਪੰਕਤੀ ਨਾਲ ਬਿਆਨ ਹੋ ਜਾਂਦਾ ਹੈ।

ਸਾਰੀ ਦੁਨੀਆਂ ਹੀ ਜਾਣਦੀ ਹੈ ਕਿ ਮਰਦ ਤੇ ਔਰਤ ਵਿਚਕਾਰ ਜਿਨਸੀ ਪਿਆਰ ਦੁਵੱਲੀ ਉਪਜ ਹੈ, ਪਰ ਸਾਡੇ ਸਮਾਜ ਨੇ ਹਮੇਸ਼ਾਂ ਹੀ ਇਸ ਨੂੰ 'ਚੋਬਰਾਂ ਦੀ ਬਹਾਦਰੀ' ਤੇ ਔਰਤ ਦੀ 'ਬੱਜਰ ਕੁਤਾਹੀ' ਮੰਨਿਆ ਹੈ।

ਬੇਸ਼ੱਕ ਮਰਦ ਸਮਾਜ ਇਕ ਪਾਸੇ ਔਰਤ ਨੂੰ ਜਣਨੀ ਤੇ ਆਪਣੀ ਅਰਧਾਂਗਣੀ ਕਹਿੰਦਾ ਹੈ, ਪਰ ਦੂਜੇ ਪਾਸੇ ਕੌੜਾ ਸੱਚ ਇਹ ਵੀ ਹੈ ਕਿ ਬੰਦਾ ਅਕਸਰ ਹੀ ਇਸਤਰੀ ਜਾਤੀ ਨੂੰ ਆਪਣੀ ਹਵਸ ਤੇ ਮੰਨੋਰੰਜਨ ਦਾ ਸਾਧਨ ਬਣਾ ਕੇ ਉਸ ਨੂੰ ਬਜ਼ਾਰੂ ਜਿਹੀ ਵਸਤ ਸਮਝਦਾ ਹੈ। ਅੱਜ ਸਾਡੇ ਦੇਸ਼ ਵਿਚ ਜਿਸ ਤਰ੍ਹਾਂ ਔਰਤਾਂ ਦਾ ਯੌਨ-ਸ਼ੋਸ਼ਣ, ਬਲਾਤਕਾਰ ਤੇ ਕਤਲ ਹੋ ਰਹੇ ਹਨ, ਬੱਸ ਇਹ ਸਾਡੇ ਕੌਮੀ ਆਚਰਣ ਦਾ ਇਕ ਕੋਝਾ ਦ੍ਰਿਸ਼ਟਾਂਤ ਹੀ ਹੈ। ਫਿਰ ਇਸ ਤੋਂ ਅੱਗੇ ਜਿਵੇਂ ਅੱਜ ਪ੍ਰਿੰਟ ਮੀਡੀਆ ਤੋਂ ਲੈ ਕੇ ਟੈਲੀਵੀਜ਼ਨ ਚੈਨਲਾਂ ਤੱਕ ਇਹ ਖ਼ਬਰ-ਸਮਾਚਾਰ 'ਧਮਾਕਾਖੇਜ਼ ਤੇ ਸਨਸਨੀ' ਖ਼ਬਰਸਾਰ ਦੇ ਸ਼ਿਗਾਰ ਬਣ ਰਹੇ ਹਨ, ਉਹ ਸਭ ਕੁਝ ਸਾਡੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੀ ਹੈ।

ਫਿਰ ਸਿਤਮਜ਼ਰੀਫੀ ਇਹ ਹੈ ਕਿ ਅਸੀਂ ਖੁਦ ਹੀ ਔਰਤ ਦੀ ਆਬਰੂ ਨੂੰ ਤਾਰ-ਤਾਰ ਕਰਦੇ ਹਾਂ ਤੇ ਫਿਰ ਕੋਈ ਸੰਗ-ਸ਼ਰਮ ਕਰਨ ਦੀ ਬਜਾਏ ਇਸ ਨੂੰ ਦਿਲ-ਲਗੀ ਹੀ ਸਮਝਦੇ ਹਾਂ। ਇਸ ਸੰਦਰਭ ਵਿਚ ਮੇਰੀ ਜਾਚੇ ਜੇ ਅੱਜ ਕੱਲ ਦੇਸ਼ ਵਿਚ ਕੋਈ ਸਭ ਤੋਂ ਵੱਧ ਅਨੈਤਿਕ ਕੰਮ ਹੋ ਰਿਹਾ ਹੈ ਤਾਂ ਉਹ ਸਾਡੇ ਔਰਤ ਸਮਾਜ ਦੀ ਬੇਇੱਜ਼ਤੀ ਤੇ ਬੇਕਦਰੀ ਹੈ। ਫਿਰ ਹੋਰ ਵੀ ਦੁੱਖ ਦੀ ਗੱਲ ਇਹ ਹੈ ਕਿ ਮਹਿਲਾ ਸਮਾਜ ਨਾਲ ਸਾਡਾ ਇਹ ਮਾੜਾ ਵਰਤਾਰਾ ਭਰੂਣ ਹੱਤਿਆ ਤੋਂ ਲੈ ਕੇ ਔਰਤ ਦੇ ਸਾਰੇ ਜੀਵਨ ਕਾਲ ਵਿਚ ਦ੍ਰਿਸ਼ਟਮਾਨ ਰਹਿੰਦਾ ਹੈ।

ਗੌਰਤਲਬ ਹੈ ਕਿ ਔਰਤ ਸਾਡਾ ਘਰ ਬੰਨ੍ਹਦੀ ਹੈ ਤੇ ਸਾਰੀ ਉਮਰ ਚੁੱਲ੍ਹਾ-ਚੌਂਕਾ ਕਰਕੇ ਸਾਡਾ ਘਰ ਚਲਾਉਂਦੀ ਹੈ, ਪਰ ਜਦੋਂ ਘਰ ਵਿਚ ਵਿਆਹ-ਸ਼ਾਦੀ ਦੇ ਮੌਕਿਆਂ 'ਤੇ ਉਸ ਦੀ ਕੋਈ ਮਾੜੀ-ਮੋਟੀ ਕਦਰ ਦਾ ਵੇਲਾ ਆਉਂਦਾ ਹੈ ਤਾਂ ਸੱਸ-ਨਨਾਣ ਦੇ ਮਸਲਿਆਂ ਵਿਚ ਉਸ ਦੀ ਫਿਰ ਬੇਹੁਰਮਤੀ ਹੁੰਦੀ ਹੈ। ਜ਼ਾਹਿਰ ਹੈ ਕਿ ਆਦਮੀ ਸਾਰੀ ਉਮਰ ਇਸਤਰੀ ਤੋਂ ਫੈਜ਼ਯਾਬ ਹੁੰਦਾ ਹੈ, ਪਰ ਆਖਿਰ ਨੂੰ ਉਹ ਔਰਤ ਪ੍ਰਤੀ ਨਾਸ਼ੁਕਰਾ ਹੀ ਸਾਬਿਤ ਹੁੰਦਾ ਹੈ। ਇਸ ਪ੍ਰਸੰਗ ਵਿਚ ਬੇਹੱਦ ਹੈਰਾਨੀ ਹੁੰਦੀ ਹੈ ਕਿ ਸਾਡੇ ਵੇਦ-ਗ੍ਰੰਥਾਂ ਤੇ ਮਹਾਂਪੁਰਖਾਂ ਨੇ ਨਾਰੀ ਨੂੰ 'ਮਹਾਂ ਸ਼ਕਤੀ' ਤੇ 'ਜਗਤ ਜਣਨੀ' ਦੇ ਰੂਪ ਵਿਚ ਸਵੀਕਾਰਿਆ ਹੈ, ਪਰ ਬੰਦਾਜ਼ਾਤ ਨੇ ਔਰਤਜ਼ਾਤ ਨਾਲ ਧ੍ਰੋਹ ਹੀ ਕਮਾਇਆ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਬੱਸ ਕੁੱਲ ਮਿਲਾ ਕੇ ਆਦਮੀ ਨੇ ਆਪਣੀ ਸਵਾਰਥ ਸਿੱਧੀ ਤੋਂ ਬਾਅਦ ਔਰਤ ਨਾਲ ਅਕਸਰ 'ਹਮ ਮੀਤ ਕਿਸ ਕੇ ਭਾਤ ਖਾਏ ਔਰ ਖਿਸਕੇ' ਵਰਗਾ ਵਰਤਾਉ ਹੀ ਕੀਤਾ ਹੈ।

ਇਸ ਸੰਦਰਭ ਵਿਚ ਇਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਬਾਬਾ ਨਾਨਕ ਨੇ ਮਨੁੱਖੀ ਸਮਾਜ ਵਿਚ ਇਸਤਰੀ ਜਾਤੀ ਦੀ ਮਹੱਤਤਾ ਤੇ ਯੋਗਦਾਨ ਨੂੰ ਅਨੁਭਵ ਕੀਤਾ। ਫਿਰ ਉਨ੍ਹਾਂ ਨੇ ਸਮਾਜ ਨੂੰ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਜਿਹੀ ਇਕ ਉਸਾਰੂ ਸੋਚ ਦੇ ਕੇ ਦੇਸ਼ ਵਿਚ ਇਸਤਰੀ ਜਾਤੀ ਦੀ ਹੋ ਰਹੀ ਦੁਰਗਤੀ ਦੇ ਵਿਰੁੱਧ ਆਵਾਜ਼ ਉਠਾਈ। ਇਉਂ ਹੀ ਗੁਰੂ ਨਾਨਕ, ਸੰਤ ਕਬੀਰ ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਨੇ ਔਰਤ ਨੂੰ ਜਗਤ ਜਨਨੀ ਤੇ ਜਗਤ ਸ਼ਕਤੀ ਦੇ ਰੂਪ ਵਿਚ ਦੇਖਿਆ ਹੈ ਕਿਉਂਕਿ ਇਸਤਰੀ ਭਗਤਾਂ ਤੇ ਸੂਰਬੀਰਾਂ ਦੀ ਮਾਂ ਹੈ ਅਤੇ ਉਹ ਇਕ ਸ਼ਕਤੀ ਦੇ ਰੂਪ ਵਿਚ ਕਿਸੇ ਵੀ ਸਮਾਜ ਦੀ ਜਨਮਦਾਤਾ ਤੇ ਸਿਰਜਕ ਹੈ।

ਇਥੇ ਇਸ ਸੰਦਰਭ ਵਿਚ ਗੁਰੂ ਘਰਿ ਦੀਆਂ ਪਰਮ ਸਤਿਕਾਰਯੋਗ ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ ਤੇ ਮਾਤਾ ਗੁਜਰੀ ਜਿਹੀਆਂ ਬੀਬੀਆਂ-ਮਾਈਆਂ ਅਤੇ ਗੁਰੂ ਕਾਲ ਤੇ ਫਿਰ ਅਜ਼ਾਦੀ ਦੇ ਸੰਘਰਸ਼ ਦੀਆਂ ਉਨ੍ਹਾਂ ਮਹਾਨ ਸੁਆਣੀਆਂ ਦਾ ਜ਼ਿਕਰ ਆਉਂਦਾ ਹੈ ਕਿ ਜਿਨ੍ਹਾਂ ਨੇ ਆਪਣੇ ਸਿਰਾਂ ਦੇ ਸਾਈਆਂ, ਪੁੱਤਰਾਂ ਤੇ ਭਾਈਆਂ ਨੂੰ ਦੇਸ਼, ਧਰਮ ਤੇ ਕੌਮ ਦੀ ਖ਼ਾਤਿਰ ਕੁਰਬਾਨ ਹੋਣ ਲਈ ਖ਼ੁਦ ਵਿਦਾ ਕੀਤਾ। ਜ਼ਿਕਰਯੋਗ ਹੈ ਕਿ ਜਦੋਂ ਕਿਤੇ ਸਾਡੇ ਦੇਸ਼ ਤੇ ਸਮਾਜ ਨੂੰ ਕੋਈ ਭੀੜ ਪੈਂਦੀ ਹੈ ਤਾਂ ਸਾਡਾ ਨਾਰੀ ਸਮਾਜ ਹਾਲੇ ਵੀ ਆਪਣੀ ਇਸ ਮਹਾਨ ਪ੍ਰੰਪਰਾ ਨੂੰ ਖਿੜੇ ਮੱਥੇ ਨਿਭਾ ਰਿਹਾ ਹੈ।

ਇਸ ਪ੍ਰਥਾਇ ਸੰਸਾਰ ਭਰ ਦੇ ਵਿਦਵਾਨਾਂ ਤੇ ਚਿੰਤਕਾਂ ਨੇ ਇਸਤਰੀ ਜਾਤੀ ਦੇ ਸਨਮਾਨ ਵਿਚ ਬਹੁਤ ਹੀ ਪ੍ਰਸ਼ੰਸਾਜਨਕ ਵਿਚਾਰ ਦਿੱਤੇ ਹਨ, ਪਰ ਅਫ਼ਸੋਸ ਹੈ ਕਿ ਜ਼ਿਆਦਾਤਰ ਅਸੀਂ ਅਜਿਹੇ ਗਿਆਨ ਤੋਂ ਵਿਹੂਣੇ ਹਾਂ। ਸਗੋਂ ਸੱਚ ਤਾਂ ਇਹ ਹੈ ਕਿ ਅਸੀਂ ਸੂਝਵਾਨ ਅਖਵਾਉਣ ਦੇ ਬਾਵਜੂਦ ਵੀ ਬੱਸ ਅਗਿਆਨਤਾ ਦਾ ਹਨੇਰਾ ਹੀ ਢੋਅ ਰਹੇ ਹਾਂ। ਨੈਪੋਲੀਅਨ ਬੋਨਾਪਾਰਟ ਵਰਗੇ ਮਹਾਨ ਜਰਨੈਲ ਦਾ ਤਾਂ ਇਹ ਮੰਨਣਾ ਸੀ ਕਿ ਔਰਤ ਹੀ ਕੌਮ ਦੀ ਉਸਰੱਈਆ ਹੁੰਦੀ ਹੈ। ਉਸ ਦਾ ਕਹਿਣਾ ਸੀ ਕਿ 'ਜਿਹੜੇ ਮਾਵਾਂ ਦੇ ਹੱਥ ਝੂਲਾ ਝੁਲਾਉਂਦੇ ਹਨ, ਉਹ ਹੱਥ ਹੀ ਚੰਗੀਆਂ ਕੌਮਾਂ ਦੀ ਉਸਾਰੀ ਕਰਨ ਵਿਚ ਸਹਾਈ ਹੁੰਦੇ ਹਨ। ਇਉਂ ਹੀ ਸਾਡੇ ਬੇਮਿਸਾਲ ਸਿੱਖ ਜਰਨੈਲ ਹਰੀ ਸਿੰਘ ਨਲੂਏ ਦੀਆਂ ਨਾਰੀ ਜਾਤੀ ਦੀ ਕਦਰ ਕਰਨ ਪ੍ਰਤੀ ਕਿੰਨੀਆਂ ਹੀ ਰਵਾਇਤਾਂ ਤੇ ਕਹਾਣੀਆਂ ਅੱਜ ਵੀ ਲੋਕ ਚੇਤਨਾ ਦਾ ਹਿੱਸਾ ਹਨ। ਇਹ ਰਣਤੱਤੇ ਦਾ ਸੂਰਬੀਰ ਯੋਧਾ ਨਾਰੀ ਸਮਾਜ ਪ੍ਰਤੀ ਇੰਨਾ ਸੰਵੇਦਨਸ਼ੀਲ ਸੀ ਕਿ ਕਿਸੇ ਵੀ ਲੜਕੀ ਦੀ ਡੋਲੀ ਤੁਰਨ ਸਮੇਂ ਬਹੁਤ ਹੀ ਭਾਵੁਕ ਹੋ ਜਾਂਦਾ ਸੀ।

ਇਥੇ ਬਹੁਤ ਹੀ ਸ਼ਰਧਾਪੂਰਵਕ ਜ਼ਿਕਰ ਕਰਨਾ ਬਣਦਾ ਹੈ ਕਿ ਸਿੱਖ ਜਰਨੈਲਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਤੇ ਫੌਜਾਂ ਨੇ ਕਦੇ ਵੀ ਜਿੱਤਣ ਉਪਰੰਤ ਔਰਤਾਂ ਦੀ ਨਿਰਾਦਰੀ ਨਹੀਂ ਕੀਤੀ, ਸਗੋਂ ਹਰ ਇਕ ਜਥੇਦਾਰ, ਸਿੱਖ ਜਰਨੈਲ ਤੇ ਯੋਧੇ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਦੇ ਔਰਤਾਂ ਦੀ ਇੱਜ਼ਤ ਆਬਰੂ ਪ੍ਰਤੀ ਦਿੱਤੇ ਫ਼ੁਰਮਾਨਾਂ ਦੀ ਦਿਲੋਂ-ਮਨੋਂ ਪਾਲਣਾ ਕੀਤੀ।

ਪਰ ਅਜੋਕੇ ਸਮਾਜ ਵਿਚ ਔਰਤਾਂ ਪ੍ਰਤੀ ਸਾਡਾ ਰਵੱਈਆ ਬਹੁਤ ਹੀ ਘਿਨੌਣਾ ਮੋੜ ਲੈ ਰਿਹਾ ਹੈ। ਇਸ ਚੱਲ ਰਹੇ ਪ੍ਰਸੰਗ ਵਿਚ ਨਿਰਸੰਦੇਹ, ਆਦਮੀ ਨੇ ਔਰਤ ਦੇ ਮਾਂ ਰੂਪ ਤੋਂ ਜੀਵਨ ਗ੍ਰਹਿਣ ਕੀਤਾ ਹੈ ਤੇ ਆਪਣੀ ਪਾਲਣਾ ਪਾਈ ਹੈ, ਪਰ ਅਮੂਮਨ ਹੀ ਉਸ ਨੇ ਔਰਤ ਨੂੰ ਉਸ ਦਾ ਬਣਦਾ ਆਦਰ-ਮਾਣ ਨਹੀਂ ਦਿੱਤਾ। ਇਸ ਸਬੰਧ ਵਿਚ ਮੈਨੂੰ ਮੇਰੇ ਮਾਤਾ ਜੀ ਮਹਿੰਦਰਪਾਲ ਕੌਰ ਦੀ ਯਾਦ ਅਕਸਰ ਆਉਂਦੀ ਹੈ ਕਿ ਉਹ ਸਾਡੇ ਲੋਕਯਾਨ ਦਾ ਇਕ ਬੜਾ ਸੋਹਣਾ ਸੂਤਰ 'ਜਿਹੜੀ ਮੁਕਤੀ ਰਿਸ਼ੀ ਮੁਨੀ ਭਾਲਦੇ ਨੇ ਧੂਣੇ ਬਾਲਕੇ, ਮਾਂ ਪਾ ਲੈਂਦੀ ਹੈ ਉਹ ਮੁਕਤੀ ਬਾਲਕੇ ਪਾਲ ਕੇ' ਬੋਲਦੇ ਹੁੰਦੇ ਸਨ। ਪਰ ਅਫ਼ਸੋਸ ਹੈ ਕਿ ਅੱਜ ਕਿਤੇ ਨਾ ਕਿਤੇ ਅਕ੍ਰਿਤਘਣ ਔਲਾਦ ਨੇ ਹੁਣ ਮਾਵਾਂ ਦੀ ਹਾਲਤ 'ਦੁੱਧ ਨਾਲ ਪੁੱਤ ਪਾਲ ਕੇ, ਪਿੱਛੋਂ ਪਾਣੀ ਨੂੰ ਤਰਸਦੀਆਂ ਮਾਵਾਂ' ਅਨੁਸਾਰ ਤਰਸਯੋਗ ਬਣਾ ਦਿੱਤੀ ਹੈ।

ਗੌਰਤਲਬ ਹੈ ਕਿ ਸਾਡੇ ਪੁਰਖਿਆਂ ਤੇ ਵਡੇਰਿਆਂ ਦੀਆਂ ਨੇਕ ਨਸੀਹਤਾਂ ਦੇ ਬਾਵਜੂਦ ਵੀ ਬੰਦੇ ਨੇ ਆਪਣੀ ਜਾਂਗਲੀ ਜ਼ਹਿਨੀਅਤ ਨੂੰ ਨਹੀਂ ਛੱਡਿਆ ਅਤੇ ਉਹ ਮੌਕਾ ਮਿਲਣ 'ਤੇ ਔਰਤ 'ਤੇ ਅੱਤਿਆਚਾਰ ਕਰਨ ਤੋਂ ਨਹੀਂ ਟਲਿਆ। ਫਿਰ ਹੋਰ ਵੀ ਦੁੱਖ ਦੀ ਗੱਲ ਹੈ ਕਿ ਔਰਤਜ਼ਾਤ ਦੀ ਬੇਕਦਰੀ ਤੇ ਬੇਇਜ਼ਤੀ ਦੇ ਪ੍ਰਸੰਗ ਵਿਚ ਔਰਤ ਨੂੰ ਭਰੂਣ ਹੱਤਿਆ ਤੋਂ ਅਣਖ ਲਈ ਕਤਲ, ਦਾਜ-ਦਹੇਜ ਲਈ ਕਤਲ ਤੇ ਫਿਰ ਆਤਮ-ਹੱਤਿਆ ਤੱਕ ਖਤਮ ਕੀਤਾ ਜਾ ਰਿਹਾ ਹੈ। ਇਉਂ ਹੀ ਸਾਡੇ ਸਮਾਜ ਵਿਚ ਚਿਰਾਂ ਤੋਂ ਬੰਦਾਜ਼ਾਤ ਵੱਲੋਂ ਆਪਣੀ ਫ਼ੰਨੇਖਾਈ ਦਿਖਾਉਣ ਖ਼ਾਤਿਰ ਔਰਤਾਂ ਨੂੰ ਸਾੜਨ-ਮਾਰਨ ਤੇ ਕਤਲ ਕਰਨ ਦੀਆਂ ਮਾੜੀਆਂ ਕਰਤੂਤਾਂ ਹਾਲੇ ਵੀ ਚੱਲੀਆਂ ਆ ਰਹੀਆਂ ਹਨ।

ਜ਼ਾਹਿਰ ਹੈ ਕਿ ਇਨ੍ਹਾਂ ਮਾੜੇ ਕਾਰਿਆਂ ਦੇ ਹੁਣ ਮਾੜੇ ਨਤੀਜੇ ਵੀ ਸਾਡੇ ਸਾਹਮਣੇ ਹੀ ਹਨ। ਖ਼ਾਸ ਕਰਕੇ ਭਰੂਣ ਹੱਤਿਆ ਜਿਹੇ ਸਾਡੇ ਸਮਾਜਿਕ ਕੁਕਰਮ ਨੇ ਤਾਂ ਸਾਡੇ ਦੇਸ਼ ਦੇ ਸਾਰੇ ਮਰਦਾਂ ਦੀ ਮੰਜੀ ਹੀ ਠੋਕ ਰੱਖੀ ਹੈ। ਹੁਣ ਸਾਡੇ ਸੂਬਿਆਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਭਾਰੀ ਕਮੀ ਦੇ ਕਾਰਨ ਬਾਹਰਲੇ ਪ੍ਰਦੇਸ਼ਾਂ ਤੋਂ ਜ਼ਨਾਨੀ ਤਾਂ 35 ਹਜ਼ਾਰ ਵਿਚ ਮਿਲ ਜਾਂਦੀ ਹੈ, ਪਰ ਚੰਗੀ ਮੱਝ 70 ਹਜ਼ਾਰ ਵਿਚ ਵੀ ਨਹੀ ਮਿਲਦੀ। ਕੀ ਇਹ ਦੇਹ ਵਪਾਰ ਦਾ ਹੀ ਇਕ ਨਵਾਂ ਤੇ ਘਿਨਾਉਣਾ ਰੂਪ ਨਹੀਂ ਹੈ ਕਿ ਜਿਥੇ ਔਰਤ ਦੀ ਔਕਾਤ ਇਕ ਜਾਨਵਰ ਜਿੰਨੀ ਵੀ ਨਹੀਂ ਹੈ।

ਫਿਰ ਜੇ ਕਿਤੇ ਸਾਡੇ ਅਜ਼ਾਦ ਮੁਲਕ ਵਿਚ ਅਜ਼ਾਦ ਕਹਾਉਂਦੀ ਔਰਤ ਭੁਲੀ-ਭਟਕੀ ਮਨੁੱਖੀ ਭਾਵਨਾਵਾਂ ਦੇ ਤਹਿਤ ਕੋਈ ਪ੍ਰੇਮ-ਪ੍ਰਸੰਗ ਰਚਾ ਲੈਂਦੀ ਹੈ ਤਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਾਜ ਵੱਲੋਂ ਉਹ ਊਝਾਂ ਦੇ ਕਿਨਾਰੇ 'ਤੇ ਲਿਆ ਖੜ੍ਹੀ ਕੀਤੀ ਜਾਂਦੀ ਹੈ। ਫਿਰ ਰੱਬ ਹੀ ਬਖ਼ਸ਼ੇ ਕਿ ਜੇ ਕੋਈ ਮੁਟਿਆਰ ਇਸ਼ਕ-ਪੇਚੇ ਦੀ ਖੇਡ ਵਿਚ ਕਿਤੇ 'ਜ਼ੋਰ-ਜੁਆਨੀ' ਜਿਹੇ ਵੇਗਮਈ ਹੜ੍ਹ ਦੇ ਧੱਕੇ ਚੜ੍ਹ ਕੇ ਕਦੇ ਕੋਈ ਗੁਨਾਹ ਬੇਲੱਜ਼ਤ ਕਰ ਲਵੇ ਤਾਂ ਜ਼ਨਾਨੀ ਦੀ ਸਾਰੀ ਉਮਰ ਬਸ ਤਾਹਨੇ-ਮਿਹਣਿਆਂ ਵਿਚ ਹੀ ਲੰਘਦੀ ਹੈ।

ਇਉਂ ਹੀ ਫਿਰ ਜੇ ਕਿਤੇ ਕੋਈ ਭੁਲੀ-ਚੁਕੀ ਨਾਰੀ ਪ੍ਰੇਮ-ਵਿਆਹ ਕਰਵਾ ਹੀ ਲੈਂਦੀ ਹੈ ਤਾਂ ਸਾਰਾ ਸਮਾਜ 'ਔਨਰ ਕਿਲਿੰਗ' ਭਾਵ ਅਣਖ ਲਈ ਉਸ ਨੂੰ ਕਤਲ ਕਰਨ 'ਤੇ ਉਤਾਰੂ ਹੋ ਜਾਂਦਾ ਹੈ। ਇਉਂ ਕਦੇ ਨੱਢੇ-ਨੱਢੀਆਂ ਨੂੰ ਭਰੀ ਸੱਥ-ਚੌਪਾਲ ਵਿਚ ਬਦਨਾਮੀ ਦੇ ਢਾਹੇ ਚਾੜ੍ਹਿਆ ਜਾਂਦਾ ਹੈ ਅਤੇ ਕਿਤੇ ਪ੍ਰੇਮੀ ਜੋੜਿਆਂ ਨੂੰ ਗੋਲੀ ਦਾ ਹੀ ਨਿਸ਼ਾਨਾ ਬਣਾ ਦਿੱਤਾ ਜਾਂਦਾ ਹੈ।

ਬਹਿਰਹਾਲ, ਇਹੋ ਜਿਹੇ ਘਟਨਾਕ੍ਰਮ ਵੇਖ-ਸੁਣ ਕੇ ਇਕ ਸੋਚ ਜਿਹੀ ਉਭਰਦੀ ਹੈ ਕਿ ਬੰਦਾ ਆਪਣੀ ਧੀ-ਭੈਣ ਜਾਂ ਜ਼ੋਰੂ ਦੀ ਇਜ਼ਤ-ਆਬਰੂ ਬਾਰੇ ਤਾਂ ਨਿਹਾਇਤ ਹੀ ਚਿੰਤਤ ਰਹਿੰਦਾ ਹੈ, ਪਰ ਜਦੋਂ ਉਹ ਆਪ ਪ੍ਰੇਮ-ਪਿਆਰ ਦੇ ਨਾਮ 'ਤੇ ਅਨੈਤਿਕਤਾ ਦੀਆਂ ਪੌੜੀਆਂ ਚੜ੍ਹਦਾ ਹੈ ਜਾਂ ਫਿਰ ਦੇਹ-ਵਪਾਰ ਦੀ ਮੰਡੀ ਦੀਆਂ ਦਹਿਲੀਜ਼ਾਂ ਟੱਪ ਕੇ ਵੇਸਵਾਵਾਂ ਦੇ ਕੋਠਿਆਂ 'ਤੇ ਪਹੁੰਚਦਾ ਹੈ ਤਾਂ ਉਹ ਕਿਉਂ ਭੁੱਲ ਜਾਂਦਾ ਹੈ ਕਿ ਉਹ ਔਰਤ ਵੀ ਤਾਂ ਕਿਸੇ ਦੀ ਧੀ-ਭੈਣ ਹੋਵੇਗੀ। ਬਸ ਸੱਚੀ ਗੱਲ ਤਾਂ ਇਹ ਹੈ ਕਿ ਅੰਨ੍ਹੇ ਇਸ਼ਕ ਦੀ ਖੇਡ ਤੋਂ ਲੈ ਕੇ ਹਵਸ ਦੀ ਹਨੇਰੀ ਤੱਕ ਬੰਦੇ ਅਕਸਰ ਹੀ ਔਰਤਾਂ ਨਾਲੋਂ ਕਿਤੇ ਵੱਡੇ ਖਿਡਾਰੀ ਤੇ ਵੱਡੇ ਦੋਸ਼ੀ ਹੁੰਦੇ ਹਨ, ਪਰ ਇਸ ਦੇ ਬਾਵਜੂਦ ਵੀ ਆਦਮੀ ਆਪਣੇ ਆਪ ਨੂੰ 'ਗੰਗਾ ਨ੍ਹਾਤਾ' ਹੀ ਸਮਝਦਾ ਹੈ। ਇਉਂ ਹੀ ਸਾਡੇ ਸਮਾਜ ਵਿਚ ਮਰਦ ਦੀ ਪ੍ਰਧਾਨਤਾ ਹੋਣ ਕਰਕੇ ਆਦਮੀ ਇਕ ਤੋਂ ਵੱਧ ਔਰਤ ਨਾਲ ਵਿਆਹ ਕਰਵਾਉਣ ਜਾਂ ਨਜਾਇਜ਼ ਸਬੰਧ ਰੱਖਣ ਨੂੰ ਆਪਣਾ ਜਨਮਜਾਤ ਅਧਿਕਾਰ ਸਮਝਦਾ ਰਿਹਾ ਹੈ। ਬੇਸ਼ੱਕ ਦੂਜੇ ਪਾਸੇ ਔਰਤ ਭਾਵੇਂ ਕਿਤੇ ਕਿਤਾਈਂ ਮੂੰਹ ਜ਼ੋਰ ਵੀ ਹੋਈ ਹੈ, ਪਰ ਆਖਿਰਕਾਰ ਫਿਰ ਵੀ ਔਰਤਜ਼ਾਤ ਨੇ ਸ਼ਰਮ ਤੇ ਹਯਾ ਨੂੰ ਆਪਣਾ ਗਹਿਣਾ ਹੀ ਸਮਝਿਆ ਹੈ।

ਇਸ ਲਈ ਪਰਗਮਨ ਵਿਚ ਬੇਸ਼ੱਕ ਔਰਤ ਸ਼ਰੀਕ ਜ਼ਰੂਰ ਹੋਈ ਹੈ, ਪਰ ਇਸ ਹਵਸ ਦੀ ਖੇਡ ਦਾ ਮੋਹਰੀ 'ਦੁੱਧ ਧੋਤਾ' ਆਦਮੀ ਹੀ ਰਿਹਾ ਹੈ। ਜੇ ਕਿਤੇ 'ਠਰਕੇ ਬੁੱਢੇ-ਠੇਰੇ ਬਾਪੂ' ਨੇ ਆਪਣੇ ਆਪ ਨੂੰ ਮਾੜਾ-ਮੋਟਾ ਜੁਰਮੀ ਮੰਨਿਆਂ ਵੀ ਹੈ ਤਾਂ ਉਸ ਨੇ ਆਪਣੇ ਆਪ ਨੂੰ ਕਥਿਤ ਤੌਰ 'ਤੇ 'ਨ੍ਹਾਤਾ ਘੋੜਾ' ਤੇ 'ਪਵਿੱਤਰ ਪਾਪੀ' ਹੀ ਕਹਾਉਣ ਦੀ ਕੋਸ਼ਿਸ਼ ਕੀਤੀ ਹੈ। ਗੌਰਤਲਬ ਹੈ ਕਿ ਫਿਰ ਜਵਾਨੀ ਪਹਿਰੇ ਵਿਚ ਤਾਂ ਬੰਦਾ ਕੋਠੇ ਟੱਪਣ ਜਿਹੀ ਕੋਈ ਨਾ ਕੋਈ ਖੇਹ-ਖ਼ਰਾਬੀ ਕਰ ਹੀ ਬਹਿੰਦਾ ਹੈ। ਇਉਂ ਮੁੰਡਿਆਂ ਤੇ ਕੁੜੀਆਂ ਦੇ ਗੈਰ-ਕਾਨੂੰਨੀ ਜਿਨਸੀ ਸਬੰਧਾਂ ਤੋਂ ਬਾਅਦ ਮੁੰਡੇ ਤਾਂ 'ਲੰਡੇ ਚਿੜੇ ਪਹਾੜਾਂ ਦੇ ਸਾਥੀ' ਬਣ ਕੇ ਉਡਾਰੀ ਮਾਰ ਜਾਂਦੇ ਹਨ। ਇਸ ਉਲਟ ਪਰ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਚਾਰੀਆਂ 'ਕੁੜੀਆਂ-ਚਿੜੀਆਂ' ਨੂੰ ਪਹਿਲਾਂ ਗੈਰ-ਕਾਨੂੰਨੀ ਜਾਪੇ ਦਾ ਅਤੇ ਬਾਅਦ ਵਿਚ 'ਕੁਆਰੀ ਮਾਂ' ਦੇ ਰੂਪ ਵਿਚ ਹਰਾਮ ਦੀ ਔਲਾਦ ਜੰਮਣ ਦਾ ਸੰਤਾਪ ਸਾਰੀ ਉਮਰ ਸਹਿਣਾ ਪੈਂਦਾ ਹੈ। ਬੱਸ ਇਸ ਸਾਰੀ ਘਿਨਾਉਣੀ ਖੇਡ ਵਿਚ ਔਰਤ ਹੀ ਸਾਡੀ ਇਕ ਪੁਰਾਣੀ ਲਕੋਕਤੀ 'ਜੰਨ-ਕੁਪੱਤੀ ਤੇ ਸੁਥਰਾ ਭਲਾਮਾਣਸ' ਅਨੁਸਾਰ ਗੁਨਾਹਗਾਰ ਬਣਦੀ ਹੈ ਅਤੇ ਨੀਂਗਰ ਚੰਦ ਭਲਾਮਾਣਸ ਕਹਾਉਂਦਾ ਹੈ।

ਹਾਲੇ ਔਰਤਜ਼ਾਤ ਦੀ ਬੇਕਿਰਕੀ ਤੇ ਬੇਹੁਰਮਤੀ ਦੀ ਦੁਖਦਾਈ ਕਹਾਣੀ ਵਿਚ ਅਖੌਤੀ ਮਜਨੂੰਆਂ ਤੇ ਹਵਸੀ-ਦਰਿੰਦਿਆਂ ਦਾ ਜ਼ਿਕਰ ਬਾਕੀ ਹੈ ਕਿ ਜਦੋਂ ਕਿਤੇ ਕੋਈ ਕੁਆਰੀ-ਨੱਢੀ ਆਪਣੇ ਮਾਪਿਆਂ ਦੇ ਪ੍ਰਭਾਵ ਹੇਠ ਜਾਂ ਫਿਰ ਆਪਣੇ-ਆਪ ਹੀ ਸੋਝੀ ਦੇ ਘਰ ਆ ਜਾਂਦੀ ਹੈ ਤਾਂ ਅੱਜਕੱਲ੍ਹ ਦੇ 'ਭੂੰਡ-ਆਸ਼ਿਕ' ਉਸ ਨੂੰ ਬਦਨਾਮ ਕਰਨ ਵਾਸਤੇ ਹਰ ਜ਼ਹਿਰੀਲਾ ਤੇ ਵਹਿਸ਼ੀ ਡੰਗ ਮਾਰਨੋਂ ਨਹੀਂ ਹਟਦੇ। ਇਥੋਂ ਤੱਕ ਕਿ ਇਹ ਹੈਵਾਨੀ ਮਾਨਸਿਕਤਾ ਵਾਲੇ ਰੱਬੀ ਕਾਇਨਾਤ ਦੀ ਇਸ ਖ਼ੂਬਸੂਰਤ ਪੁਤਲੀ ਨੂੰ ਤੇਜ਼ਾਬੀ ਹਮਲਿਆਂ ਦੀ ਮਾਰ ਨਾਲ ਬਦਸੂਰਤ ਬਣਾਉਣ ਤੋਂ ਬਾਜ਼ ਨਹੀਂ ਆਉਂਦੇ।

ਇਉਂ ਮਰਦ-ਸਮਾਜ ਨੇ ਅਕਸਰ ਹੀ ਆਪਣੀ ਹਵਸ ਪੂਰੀ ਕਰਨ ਨੂੰ ਆਪਣਾ ਜਨਮ-ਸਿੱਧ ਅਧਿਕਾਰ ਸਮਝਿਆ ਹੈ। ਇਸ ਵਾਸਤੇ ਜਦੋਂ ਕਿਤੇ ਸਮਾਜ ਵਿਚ ਬੰਦੇ ਦੀ ਕੋਈ ਗੈਰ-ਸਮਾਜਿਕ ਗੱਲ ਨਸ਼ਰ ਹੁੰਦੀ ਹੈ ਤਾਂ ਉਸ ਦੀ ਹਮ-ਨਵਾ ਔਰਤ ਦੀ ਨਾ ਕੋਈ ਬਾਤ ਪੁੱਛਦਾ ਹੈ ਅਤੇ ਨਾ ਹੀ ਕੋਈ ਬਾਂਹ ਫੜਦਾ ਹੈ। ਸਗੋਂ ਆਦਮ-ਸਮਾਜ ਸਾਡੇ ਇਕ ਪੰਜਾਬੀ ਅਖਾਣ 'ਜੱਟ ਤਾਂ ਜੱਟ ਦਾ ਤੇ ਭੋਲੂ ਨਰਾਇਣ ਦਾ' ਮੁਤਾਬਿਕ ਇਕ ਹੋ ਜਾਂਦਾ ਹੈ ਤੇ ਉਸ ਦੀ ਸਾਥੀ ਔਰਤ ਕਟਹਿਰੇ ਵਿਚ ਖੜ੍ਹੀ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸਾਡਾ ਸਾਰਾ ਸਮਾਜਿਕ ਚੱਲਣ 'ਆਪਣਾ ਨੀਂਗਰ ਤੇ ਪਰਾਇਆ ਢੀਂਗਰ' ਉਤੇ ਹੀ ਆ ਮੁੱਕਦਾ ਹੈ। ਬਸ ਔਰਤ ਮਰਦਾਂ ਦੀ ਕਾਮਵਾਸਨਾ ਤੇ ਬਿਮਾਰ ਮਾਨਸਿਕਤਾ ਦੇ ਕਾਰਨ ਸਾਰੀ ਉਮਰ ਦੋਜ਼ਖ ਦੀ ਅੱਗ ਵਿਚ ਹੀ ਸੜਦੀ ਰਹਿੰਦੀ ਹੈ। ਔਰਤ ਦੀ ਇਸ ਦੁਖਦਾਈ ਦਾਸਤਾਨ ਦਾ ਅੰਤਿਤਾ ਸੰਖੇਪ ਤਾਂ ਇਹ ਹੀ ਹੈ ਕਿ ਉਹ ਸਾਡੇ ਮਨੁੱਖ ਪ੍ਰਧਾਨ ਸਮਾਜ ਵਿਚ ਤਮਾਮ ਉਮਰ ਕਿਸੇ ਨਾ ਕਿਸੇ ਦੋਸ਼ ਦੀ ਭਾਗੀ ਬਣੀ ਰਹਿੰਦੀ ਹੈ।

ਬੱਸ ਮੁੱਕਦੀ ਗੱਲ ਇਹ ਹੈ ਕਿ ਮਨੁੱਖੀ ਸਮਾਜ ਵਿਚ ਮੁੱਢ-ਕਦੀਮੀ ਜੰਗਲ ਰਾਜ ਤੋਂ ਲੈ ਕੇ ਹੁਣ ਤੱਕ ਦੀ ਕਥਿਤ ਅਤਿ-ਸਭਿਅਕ ਸੁਸਾਇਟੀ ਦੇ ਚਲਣ ਵਿਚ ਮਨੁੱਖੀ ਹਉਮੈ ਤੇ ਹੈਂਕੜ ਹੀ ਮਹਿਲਾ ਸਮਾਜ 'ਤੇ ਹਾਵੀ ਰਹੀ ਹੈ ਅਤੇ ਮਰਦ ਨੇ ਘਰਵਾਲੀ ਨੂੰ ਪੈਰ ਦੀ ਜੁੱਤੀ ਹੀ ਸਮਝਿਆ ਹੈ। ਇਉਂ ਹੀ ਸਾਡੇ ਸਮਾਜਿਕ ਚਲਣ ਵਿਚ ਹਮੇਸ਼ਾਂ ਤੋਂ ਆਦਮੀ ਵਾਸਤੇ ਤਾਂ ਔਰਤ ਨਾਲ ਰਿਸ਼ਤੇ ਦੇ ਜ਼ਰੀਏ ਕਿਸੇ ਹੋਰ ਨੂੰ ਸਾਲਾ ਤੇ ਸਹੁਰਾ ਬਣਾਉਣਾ ਤਾਂ ਉਸ ਦਾ ਜਮਾਂਦਰੂ ਹੱਕ ਹੈ, ਪਰ ਆਪਣੇ-ਆਪ ਨੂੰ ਸਾਲਾ ਜਾਂ ਸਹੁਰਾ ਅਖਵਾਉਣਾ ਬੰਦੇ ਨੂੰ ਬੜਾ ਔਖਾ ਜਾਪਦਾ ਹੈ।

ਆਖਿਰ ਨੂੰ ਇਹ ਮਰਦ ਸਮਾਜ ਹੀ ਹੈ ਕਿ ਜਿਸ ਨੇ ਮੁੱਢ ਕਦੀਮ ਤੋਂ ਹੀ ਔਰਤ



*Original with;*
Kulbir Singh Sidhu(I.A.S)
*Digitized by;*
Panjab Digital Library

ਨੂੰ ਹਵਸ ਪੂਰਤੀ ਦਾ ਸਾਧਨ ਮੰਨ ਕੇ ਦੇਹ ਵਪਾਰ ਦੇ ਬਜ਼ਾਰ ਵੱਲ ਹੀ ਧਕਿਆ ਹੈ। **ਸਾਹਿਰ ਲੁਧਿਆਣਵੀ** ਔਰਤ ਦੇ ਜਨਮ ਦੇ ਸਾਰੇ ਦੁੱਖ-ਸੰਤਾਪ ਨੂੰ ਬੜੇ ਹੀ ਸਟੀਕ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ :-

ਔਰਤ ਨੇ ਜਨਮ ਦੀਆ ਮਰਦੋਂ, ਮਰਦੋ ਨੇ ਉਸੇ ਬਾਜ਼ਾਰ ਦੀਆ!
*ਜਬ ਜੀ ਚਾਹਾ ਮਸਲਾ ਕੁਚਲਾ, ਜਬ ਜੀ ਚਾਹਾ ਦੁਤਕਾਰ ਦੀਆ*
*ਯੇ ਬੇਇਜ਼ਤ ਚੀਜ਼ ਹੈ ਜੋ, ਬੰਟ ਜਾਤੀ ਹੈ ਇਜ਼ਤਦਾਰੋਂ ਮੇਂ*
*ਮਰਦੋ ਕੇ ਲੀਏ ਹਰ ਐਸ਼ ਕਾ ਹੱਕ, ਔਰਤ ਕੇ ਲੀਆ ਬਸ ਜੀਨਾ ਭੀ ਸਜ਼ਾ॥*

ਦਰਅਸਲ, ਜੋ ਸ਼ਾਇਰ ਸਾਹਿਰ ਲੁਧਿਆਣਵੀ ਨੇ ਮਰਦ ਸਮਾਜ ਵਲੋਂ ਔਰਤ ਸਮਾਜ ਦੀ ਹੋ ਰਹੀ ਬੇਹੁਰਮਤੀ ਸਬੰਧੀ ਸਾਡੇ ਸਮੁੱਚੇ ਸਮਾਜ ਤੇ ਕੌਮੀ ਆਗੂਆਂ ਨੂੰ ਜੋ ਇਥੇ ਕਹਿ ਦਿੱਤਾ ਹੈ, ਇਸ ਤੋਂ ਵੱਡੀ ਫਿਟਕਾਰ ਕੋਈ ਹੋਰ ਹੋ ਹੀ ਨਹੀਂ ਸਕਦੀ। ਅਸੀਂ ਇਕ ਪਾਸੇ ਤਾਂ ਨਾਰੀ ਨੂੰ ਦੁਰਗਾ ਤੇ ਚੰਡੀ ਦਾ ਸਾਕਾਰ ਰੂਪ ਮੰਨਦੇ ਹਾਂ, ਪਰ ਦੂਜੇ ਪਾਸੇ ਉਸ ਨੂੰ ਪੈਰ ਦੀ ਜੁੱਤੀ ਤੇ ਫਿਰ ਆਪਣੀ ਹਵਸ ਪੂਰੀ ਕਰਨ ਦਾ ਸਾਧਨ ਹੀ ਬਣਾ ਰੱਖਿਆ ਹੈ। ਸਾਡਾ ਇਹ ਕੋਝਾ ਪ੍ਰਚਲਣ ਸਾਡੇ ਸਭਿਆਚਾਰ 'ਤੇ ਇਕ ਬਦਨੁਮਾ ਧੱਬਾ ਹੈ।

ਔਰਤਜ਼ਾਤ ਦੇ ਚਲ ਰਹੇ ਇਸ ਪ੍ਰਸੰਗ ਵਿਚ ਬਦਕਿਸਮਤੀ ਨਾਲ ਔਰਤ ਸਬੰਧੀ ਸਾਡੀ ਵਪਾਰੀ ਜਿਹੀ ਪ੍ਰਵਿਰਤੀ ਸਦੀਆਂ ਪਿੱਛੇ ਜਾ ਕੇ ਸਾਡੀ ਮੱਧਕਾਲੀ ਸੋਚ ਨਾਲ ਮੜਿਕਦੀ ਦਿਸਦੀ ਹੈ। ਸਾਡੇ ਮੱਧਕਾਲੀ ਸਮਾਜ ਵਿਚ ਜੇ ਔਰਤਜ਼ਾਤ ਖਰੀਦੋ-ਫ਼ਰੋਖ਼ਤ ਦੀ ਮੰਡੀ ਦੀ ਸ਼ੈਅ ਸੀ ਤਾਂ ਹੁਣ ਵੀ ਨਾਰੀ ਸ਼ਕਤੀ ਨੂੰ ਅਸੀਂ ਬਜ਼ਾਰੂ ਵਸਤੂ ਹੀ ਬਣਾ ਦਿੱਤਾ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਔਰਤਜ਼ਾਤ ਦੀ ਅਧੋਗਤੀ ਹੋ ਰਹੀ ਹੈ। ਆਧੁਨਿਕ ਕਾਲ ਦੀ ਪ੍ਰਗਤੀ ਦੀ ਅਖੌਤੀ ਰੋਸ਼ਨੀ ਨੇ ਸੜਕਾਂ ਤੇ ਤਾਂ ਉਜਾਲਾ ਕੀਤਾ ਹੈ, ਪਰ ਜ਼ਹਿਨੀ ਤੌਰ 'ਤੇ ਸਾਡੇ ਦਿਮਾਗਾਂ ਵਿਚ ਹਨੇਰਾ ਹੈ।

**ਸ਼ਾਇਰ ਦਿਵਾਕਰ** ਨੇ ਬੜੇ ਹੀ ਯਥਾਰਥਿਕ ਢੰਗ ਨਾਲ ਸਾਡੀ ਅਜੋਕੀ ਤਹਿਜ਼ੀਬ ਦੀ ਤਰਜਮਾਨੀ ਕੀਤੀ ਹੈ :-

ਇਸ ਦੌਰਿ ਤਰੱਕੀ ਕੇ, ਅੰਦਾਜ਼ ਨਿਰਾਲੇ ਹੈਂ,
ਜ਼ਿਹਨੋਂ ਮੇਂ ਅੰਧੇਰੇ ਹੈਂ, ਸੜਕੋਂ ਪੇ ਉਜਾਲੇ ਹੈਂ।

ਬਹਿਰਹਾਲ! ਔਰਤਾਂ ਨੂੰ ਸਦੀਆਂ-ਸਦੀਆਂ ਤੋਂ ਗੁਲਾਮਾਂ ਦੀ ਮੰਡੀ ਵਿਚ ਬੈਅ-ਖਰੀਦ ਗੁਲਾਮ ਬਾਂਦੀਆਂ ਬਣਾ ਕੇ ਖਰੀਦਿਆ ਤੇ ਵੇਚਿਆ ਜਾਂਦਾ ਰਿਹਾ ਹੈ। ਫਿਰ 20ਵੀਂ ਸਦੀ ਦੇ ਪਹਿਲੇ ਅੱਧ ਤੱਕ ਰਜਵਾੜਾਸ਼ਾਹੀ ਦੇ ਦੌਰ ਸਮੇਂ ਔਰਤਾਂ ਨੂੰ ਅਯਾਸ਼ ਰਜਵਾੜਿਆਂ ਤੇ ਨਵਾਬਾਂ ਦੀ ਐਸ਼ੋ-ਇਸ਼ਰਤ ਵਾਸਤੇ ਉਨ੍ਹਾਂ ਦੇ ਹਰਮਾਂ ਵਿਚ ਕਨੀਜ਼ਾਂ ਤੇ ਦਰਬਾਰਾਂ ਦੀਆਂ ਜ਼ੀਨਤਾਂ ਬਣਨਾ ਪਿਆ ਹੈ। ਉਹ ਨਵਾਬਜ਼ਾਦਿਆਂ ਤੇ ਅਮੀਰਜ਼ਾਦਿਆਂ ਦੀਆਂ 'ਸ਼ਰਾਬ-ਸ਼ਬਾਬ ਤੇ ਰਕਸੋ-ਸਰੋਦ' ਦੀਆਂ ਮਹਫਿਲਾਂ ਦਾ ਦਿਲ-ਫ਼ਰੇਬ ਸ਼ਿੰਗਾਰ ਬਣੀਆਂ ਰਹੀਆਂ ਹਨ। ਇਥੇ ਹੀ ਬਸ ਨਹੀਂ ਔਰਤਾਂ ਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਜਗੀਰਦਾਰੀ ਸਮਾਜ ਤੇ ਰੁਪਏ-ਪੈਸੇ ਦੇ ਪਖੋਂ ਅਮੀਰ ਲੋਕਾਂ ਨੇ ਆਪਣੇ ਮਨਪ੍ਰਚਾਵੇ ਲਈ ਕੋਠਿਆਂ ਦੀਆਂ ਤਵਾਇਫ਼ਾਂ, ਰਕਾਸਾ ਤੇ ਮੁੱਗਨੀਆਂ ਭਾਵ ਨੱਚਣ-ਗਾਉਣ ਵਾਲੀਆਂ ਬਣਨ ਲਈ ਮਜਬੂਰ ਕੀਤਾ।

ਸਾਡੇ ਜਗੀਰਦਾਰੀ ਸਮਾਜ ਵਿਚ ਇਕ ਤੋਂ ਵਧਕੇ ਇਕ ਘੜੰਮ ਚੌਧਰੀਆਂ ਦੀ ਤਾਲਾਬੰਦ ਸੋਚ ਨੇ ਘਰ ਦਾ ਬਾਨ੍ਹਣੂੰ ਬੰਨ੍ਹਣ ਵਾਲੀ ਨੇਕ ਤੀਵੀਂਜ਼ਾਤ ਨੂੰ ਬੱਸ ਬਜ਼ਾਰੀ ਤੇ ਵਿਕਾਊ ਮਾਲ ਹੀ ਸਮਝੀ ਰਖਿਆ ਹੈ। ਫਿਰ ਭਾਵੇਂ ਨਤੀਜੇ ਵਜੋਂ ਅਜਿਹੀ ਦਕੀਆਨੂਸੀ ਸੋਚ ਦੇ ਕਾਰਣ ਇਨ੍ਹਾਂ ਅਖੌਤੀ 'ਨਰ-ਮਰਦਾਂ' ਦਾ ਹਮੇਸ਼ਾਂ ਆਪਣਾ ਹੀ ਝੁੱਗਾ ਚੌੜ ਹੋਇਆ ਹੈ ਅਤੇ ਇਉਂ ਫਿਰ ਘਰ-ਘਰ ਦੀ ਇਜ਼ਤ ਘੱਟੇ-ਕੌਡੀਆਂ ਰੁਲ ਕੇ ਸਮੁਚੇ ਸਮਾਜ ਦੀ ਅਕਲ ਦਾ ਦਿਵਾਲਾ ਨਿਕਲਿਆ ਹੈ।

ਜਗ ਜਾਣਦਾ ਹੈ ਕਿ ਇਉਂ ਸਾਡੇ ਰੰਘੜਾਊ ਸਮਾਜ ਦੇ ਪੱਲੇ ਲੈ-ਦੇ ਕੇ ਅਖੌਤੀ ਅਣਖ ਤੇ ਨਿੱਕੀ ਜਿਹੀ ਖਾਪ ਦੀ ਚੌਧਰ ਤੋਂ ਵੱਧ ਕੁਝ ਨਹੀਂ ਪਿਆ। ਬੱਸ 'ਰੱਸੀ ਬਲ੍ਹ ਗਈ ਪਰ ਵੱਟ ਨਹੀਂ ਗਿਆ' ਜਿਹੀ ਝੂਠੀ ਸਮਝੌਤੀ ਦੇ ਸਿੱਟੇ ਵਜੋਂ ਭਾਵੇਂ ਸਮਾਜ ਦਾ ਮੂੰਹ ਕਾਲਾ ਹੋਇਆ ਹੈ ਜਾਂ ਭਾਵੇਂ ਸਾਡੇ ਅਖੌਤੀ ਸ਼ੇਰ-ਦੂਲਿਆਂ ਦਾ ਮੂੰਹ-ਸਿਰ ਮੁੰਨਿਆ ਗਿਆ, ਪਰ ਇਨ੍ਹਾਂ ਸੈਲਫ ਸਟਾਈਲਡ ਭਾਵ ਸਵੈ-ਅੰਦਾਜ਼ ਵਿਚ ਸਵੈ-ਘੋਸ਼ਿਤ ਚੌਧਰੀਆਂ ਤੇ 'ਰਾਏ-ਬਹਾਦਰਾਂ' ਨੇ ਆਪਣੀ ਹੋਈ ਝੰਡ-ਛੋਤ ਨੂੰ ਵੀ ਸ਼ਰਬਤ ਸਮਝ ਕੇ ਛਕ-ਛਕਾ ਲਿਆ ਹੈ।

ਬੱਲੇ-ਓ-ਪੰਜਾਬੀਓ! ਅਸੀਂ ਆਪਣੇ ਆਪ ਨੂੰ ਫੰਨ੍ਹੇ ਖ਼ਾਂ, ਪਾਟੇ ਖਾਂ ਤੇ ਤੀਸ ਮਾਰ ਖਾਂ ਸਮਝਣੋਂ ਤਾਂ ਟਲਣਾ ਨਹੀਂ ਅਤੇ ਨਾ ਹੀ ਅਸੀਂ ਆਪਣੀ ਫੰਨ੍ਹੇਖਾਈਂ ਤੇ ਟੈਂਅ ਅਨੁਸਾਰ 'ਮੈਂ ਨਾ ਮਾਨੂੰ' ਵਾਲੀ ਆਪਣੀ ਅੜੀ ਹੀ ਛੱਡਣੀ ਹੈ। ਭਾਵੇਂ ਇਸ ਲਈ ਸਾਨੂੰ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਜਲਾਵਤਨ ਹੀ ਕਿਉਂ ਨਾ ਕਰਨਾ ਪਵੇ। ਇਸ ਲਈ ਸ਼ੇਰੋ ਜਿਵੇਂ ਸੂਤ ਲੱਗੇ ਧੂੜ ਵਿਚ ਆਪਣਾ ਟੱਟੂ ਭਜਾਈ ਚਲੋ ਤੇ ਸਿੱਧੀ-ਪੁੱਠੀ ਬਾਤ-ਬਤੌਲੀ ਬਣਾਈ ਰੱਖੋ।

ਖ਼ੈਰ! 'ਆਪੇ ਮੈਂ ਮੱਥਾ ਟੇਕਾਂ ਤੇ ਆਪੇ ਹੀ ਮੈਂ ਬੁੱਢ-ਸੁਹਾਗਣ' ਜਿਹੀਆਂ ਬੇਤੁਕੀਆਂ ਮਨ-ਪ੍ਰਚਾਉਣੀਆਂ ਤੇ ਅਸੀਸਾਂ ਨਾਲ ਦਿਲ ਬਹਿਲਾਉਣ ਵਾਲੇ ਪੰਜਾਬੀ ਵੀਰੋ ਤੇ ਭੈਣੋ ਸਮਝ ਲਓ ਕਿ ਹੁਣ ਜਿਹੜੇ 'ਸਾਡੇ ਚਾਲੇ' ਹਨ, ਇਨ੍ਹਾਂ ਮੁਤਾਬਿਕ ਨਾ ਪੰਜਾਬੀ ਤੇ ਨਾ ਹੀ ਪੰਜਾਬੀਅਤ ਰਹਿਣੀ ਹੈ। ਫਿਰ ਇਸ ਪ੍ਰਸੰਗ ਵਿਚ ਹੀ ਹੋਰ ਵੀ ਸਮਝਣ ਦੀ ਲੋੜ ਹੈ ਕਿ ਫਿਰ ਸਿੱਖੀ ਦੇ ਰਾਹ ਤੇ ਖਾਲਸਾਈ ਮੁਹਾਣੇ ਤਾਂ ਬਹੁਤ ਦੁਰੇਡੇ ਦੀਆਂ ਬਾਤਾਂ ਤੇ ਬੜੀਆਂ ਉੱਚੀਆਂ ਸਬੀਲਾਂ ਹਨ। ਪ੍ਰੰਤੂ ਬੜੇ ਨੇੜੇ ਦੇ ਭਵਿੱਖ ਦੀ ਕੰਨਸੋਅ ਕਹਿੰਦੀ ਹੈ ਕਿ ਜੇ ਪੰਜਾਬੀ ਤੇ ਪੰਜਾਬੀਅਤ ਹੀ ਨਹੀਂ ਰਹੀ ਤਾਂ ਪੰਜਾਬ ਵੀ ਨਹੀਂ ਰਹਿਣਾ। ਫਿਰ ਆਪ ਹੀ ਸੋਚੋ ਕਿ 'ਬਾਂਸ ਬਿਨਾਂ ਬੰਸਰੀ ਕਿਵੇਂ ਵਜੂਗੀ'।

ਦਰਅਸਲ, ਸੌ ਹੱਥ ਰੱਸਾ ਸਿਰੇ ਤੇ ਗੰਢ ਜਿਹੀ ਚਿਰਕਾਲੀ ਲੋਕ ਸਿਆਣਪ ਅਨੁਸਾਰ ਹੁਣ ਵੀ ਸਮਝਣ ਦੀ ਲੋੜ ਹੈ ਕਿ ਫਾਥੀਆਂ ਨੂੰ ਛੱਡਕੇ ਉਡਦੀਆਂ ਚਿੜੀਆਂ ਨੂੰ ਫੜਣਾ ਕੋਈ ਸਮਝ ਤੇ ਸਿਆਣਪ ਵਾਲੀ ਗੱਲ ਨਹੀਂ ਹੈ। ਇਸ ਲਈ



*Original with;*
Kulbir Singh Sidhu(I.A.S)
*Digitized by;*
Panjab Digital Library

ਪੱਛਮ ਦੀ ਰੰਗੀਨ ਤੇ ਬਲੌਰੀ ਤਹਿਜ਼ੀਬ ਮਗਰ ਲਗਕੇ ਆਪਣੀ ਬੌਧਿਕ ਤੇ ਅਧਿਆਤਮਿਕ ਸਭਿਅਤਾ ਨੂੰ ਵਿਸਾਰਨ ਦੀ ਲੋੜ ਨਹੀਂ ਹੈ। ਬੇਸ਼ੱਕ ਦੂਜੇ ਦੀ ਥਾਲੀ ਵਿਚ ਲੱਡੂ ਵੱਡਾ ਦਿਸਦਾ ਹੈ; ਪਰ ਆਪਣਾ ਲੱਡੂ ਫਿਰ ਆਪਣਾ ਹੀ ਹੁੰਦਾ ਹੈ। ਇਸ ਵਾਸਤੇ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਸਗੋਂ ਹੁਣ ਵੀ ਸਿਰਫ਼ ਮੌਕਾ ਵਿਚਾਰਨ ਤੇ ਸੰਭਾਲਣ ਦੀ ਲੋੜ ਹੈ।

ਇਸ ਲਈ ਹੁਣ ਮੌਜੂਦਾ ਦੌਰ ਵਿਚ ਖ਼ਾਸ ਕਰਕੇ 'ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ' ਦੇ ਜਵਾਬੀ ਤੋੜ ਵਜੋਂ ਹਾਲੇ ਵੀ ਸਾਡੇ ਕੋਲ ਆਪਣੇ ਗੁਰੂਆਂ, ਪੀਰਾਂ, ਸੰਤਾਂ ਤੇ ਪੁਰਖਿਆਂ ਦੇ ਨਾਯਾਬ ਵਿਰਸੇ ਦੀ ਅਮੀਰਤਮ ਵਿਰਾਸਤ ਹੈ। ਸਾਡੇ ਕੋਲ ਮਨੁੱਖੀ ਜੀਵਨ ਵਿਚ ਅਧਿਆਤਮ ਮਾਰਗ ਦੇ ਗਿਆਨ ਤੋਂ ਲੈ ਕੇ ਸਮਾਜਿਕ ਵਿਗਿਆਨ ਜਿਹੇ ਹਰ ਪਹਿਲੂ ਸਬੰਧੀ ਗੁਰਬਾਣੀ ਦਾ ਮਹਾਨ ਤੇ ਬੇਸ਼ਕੀਮਤੀ ਫ਼ਲਸਫ਼ਾ ਹੈ। ਅੱਜ ਸਮੇਂ ਦੀ ਮੰਗ ਹੈ ਕਿ ਸਾਡੇ ਗੁਰੂ ਸਾਹਿਬਾਨ ਵਲੋਂ ਸਾਨੂੰ ਬਖਸ਼ੀ ਸਿੱਖੀ ਦੀ ਇਸ ਵਿਸ਼ਵਵਿਆਪੀ ਜੀਵਨ-ਜਾਚ ਤੇ ਜੀਵਨ-ਸੇਧ ਨੂੰ ਸਾਡੀ ਮੌਜੂਦਾ 'ਢਕੀ ਰਿਝੇ ਤੇ ਕੋਈ ਨਾ ਬੁੱਝੇ' ਵਰਗੀ ਬੇਮਤਲਬ ਜਿਹੀ ਢੱਕਣ ਤੇ ਕੱਜਣ ਦੀ ਮਾਨਸਿਕਤਾ ਵਿਚੋਂ ਕੱਢਕੇ ਦੁਨੀਆਂ ਵਿਚ ਨਸ਼ਰ ਕਰਨ ਦੀ ਲੋੜ ਹੈ।

ਬਸ! ਹੁਣ ਸਿੱਖੀ ਸਿਧਾਂਤ 'ਖੋਜ ਸ਼ਬਦ ਮਹਿ ਲੇਹਿ' ਅਨੁਸਾਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਜੀਵਨ ਜਾਚ ਤੇ ਜੀਵਨ ਸੇਧ ਲੈਣ ਦੀ ਸਾਨੂੰ ਖ਼ੁਦ ਲੋੜ ਹੈ । ਫਿਰ ਇਸ ਤੋਂ ਅੱਗੇ ਸਰਬਤ ਦੇ ਭਲੇ ਵਾਸਤੇ ਸਿੱਖ ਮੱਤ ਦੇ ਮਹਾਨ ਆਦਰਸ਼ਾਂ ਤੇ ਅਧਿਆਤਮ ਮਾਰਗ ਨੂੰ ਲੋਕਾਈ ਦੇ ਭਲੇ ਹਿਤ ਸੰਸਾਰ ਵਿਚ ਵਿਚ ਪ੍ਰਚਾਰਣ ਤੇ ਪ੍ਰਸਾਰਣ ਦੀ ਜ਼ਰੂਰਤ ਹੈ।

ਬਸ ਬਾਤ ਇਥੇ ਆ ਕੇ ਮੁਕਦੀ ਹੈ ਕਿ ਇਉਂ ਸਾਡੇ ਆਪਣੇ ਹੀ ਰਚਾਏ ਮਾੜੇ ਪ੍ਰਪੰਚਾਂ ਤੇ ਸਮਾਜਿਕ ਵਰਤਾਰਿਆਂ ਵਿਚ ਸਾਡੀ ਆਪਣੀ ਹੀ ਮੁਛ ਨੀਵੀਂ ਹੋਈ ਹੈ ਜਾਂ ਮੁੰਨੀ ਗਈ ਹੈ। ਬਹਿਰਹਾਲ, ਸਾਡੀ ਮੁੱਛ ਰਹੀ ਜਾਂ ਨਾ ਰਹੀ, ਪਰ ਅਸੀਂ 'ਆਪਣੇ ਮੂੰਹ ਆਪ ਨੂੰ ਹੀ ਮੀਆਂ ਮਿੱਠੂ' ਕਹਿਣ ਜਿਹੀ ਖਿਆਲੀ ਦਿਲਬਰੀ ਦਾ ਲੜ ਨਹੀਂ ਛਡਿਆ। ਸਗੋਂ ਹੋਰ ਵੀ ਹੈਂਕੜ ਵਿਚ ਮੁਛੋਂ ਸੱਖਣੇ ਮੂੰਹ 'ਤੇ ਮੁਛ ਨੂੰ ਮਰੋੜਾ ਦੇਣ ਅਤੇ ਦਾੜ੍ਹੀ-ਮੁਛ ਰਹਿਤ ਸਫ਼ਾ-ਚੱਟ ਮੂੰਹ 'ਤੇ ਹੱਥ ਫੇਰਨ ਦੀ ਘਮੰਡ ਭਰੀ ਆਦਤ ਅਸੀਂ ਹਾਲੇ ਵੀ ਨਹੀਂ ਛੱਡੀ। ਬਸ ਅਸੀਂ ਅਕਸਰ ਹੀ ਯਥਾਰਥ ਨੂੰ ਛਿੱਕੇ ਟੰਗ ਕੇ ਸਿਰਫ਼ ਖਿਆਲੀ-ਪੁਲਾਅ ਹੀ ਪਕਾਏ ਹਨ।

ਇਸ ਪ੍ਰਥਾਇ **ਗਾਲਿਬ** ਮੀਆਂ ਦਾ ਸੁਖਨ ਸਾਡੀ ਇਸ ਮਾਨਸਿਕਤਾ ਤੇ ਸਮਾਜਿਕ ਸੋਚ ਦਾ ਬੜਾ ਢੁਕਵਾਂ ਨਿਰਣਾ ਕਰਦਾ ਹੈ ਕਿ

ਹਮ ਕੋ ਮਾਲੂਮ ਹੈ ਜੰਨਤ ਕੀ ਹਕੀਕਤ,
ਲੇਕਿਨ ਦਿਲ ਕੇ ਖੁਸ਼ ਰਖਨੇ ਕੋ ਗਾਲਿਬ ਯੇ ਖ਼ਯਾਲ ਅੱਛਾ ਹੈ।

ਅੱਜ ਬੇਸ਼ਕ ਦੁਨੀਆਂ ਲੋਕਤੰਤਰੀ ਮਰਿਆਦਾਵਾਂ ਅਨੁਸਾਰ ਔਰਤ ਜ਼ਾਤ ਦੀ ਬਰਾਬਰੀ ਦੀ ਹਾਲ-ਪਾਰ੍ਹਿਆ ਮਚਾ ਰਹੀ ਹੈ, ਪਰ ਦਰ-ਹਕੀਕਤ ਹਾਲੇ ਵੀ ਮਰਦ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਾਜ ਦੀ ਪੂਰੀ ਚੜ੍ਹਤ ਹੈ। ਅੱਜ ਵੀ ਸਰਮਾਏਦਾਰ ਵਰਗ ਵਲੋਂ ਆਪਣੀ ਐਸ਼ਪ੍ਰਸਤੀ ਤੇ ਹਵਸ ਦਾ ਝੱਸ ਪੂਰਾ ਕਰਨ ਲਈ ਨਾਰੀ ਨੂੰ ਦੁਨੀਆਂ ਦੇ ਵਪਾਰੀਕਰਣ ਬਜ਼ਾਰ ਵਿਚ ਆਨੇ-ਬਹਾਨੇ ਵਰਤਣ-ਹੰਢਾਉਣ ਦੀ ਵਸਤੂ ਹੀ ਸਮਝਿਆ ਜਾ ਰਿਹਾ ਹੈ।

ਅੱਜ ਆਧੁਨਿਕੀਕਰਨ ਦੇ ਥੋੜ੍ਹੇ ਬਹੁਤੇ ਫਰਕ ਨਾਲ ਔਰਤ ਹਾਲੇ ਵੀ ਫਿਰਦੌਸ ਭਾਵ ਸਵਰਗੀ ਨਜ਼ਾਰਿਆਂ ਦੇ ਸਮਾਨਾਂਤਰ ਫੈਸ਼ਨ ਸ਼ੋਆਂ ਵਰਗੇ ਚੋਂਚਲਿਆਂ ਤੇ ਸੁੰਦਰਤਾ ਦੇ ਮੁਕਾਬਲਿਆਂ ਦੇ ਨਾਮ 'ਤੇ ਔਰਤ ਜ਼ਾਤ ਦਾ ਮੰਡੀਕਰਣ ਕਰਨ ਦੇ ਨਾਲ-ਨਾਲ ਉਸਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸਬਬ ਬਣੀ ਹੋਈ ਹੈ। ਔਰਤ ਜ਼ਾਤ ਸਾਡੇ ਘਰ ਤੋਂ ਲੈ ਕੇ ਸਮਾਜ ਤੱਕ ਸ਼ਿੰਗਾਰ ਤੇ ਮਨਪਰਚਾਵੇ ਦਾ ਸਾਧਨ ਹੀ ਸਮਝੀ ਜਾ ਰਹੀ ਹੈ।

ਹੁਣ ਬਾਕੀ ਗੱਲ ਦਾ ਦੂਰ ਗਈ ਸਗੋਂ ਜਗਤ ਜਨਨੀ ਬਾਬਾ ਆਦਮ ਤੋਂ ਲੈ ਕੇ ਕਾਮੁਕਤਾ ਦੀ ਸੇਜ ਦਾ ਸ਼ਿੰਗਾਰ ਤੇ ਭੋਗ ਵਿਲਾਸ ਦਾ ਸਾਧਨ ਬਣਕੇ ਸਾਡੇ ਘਰਾਂ ਵਿਚ ਵਿਚਰਦੀ ਹੈ। ਹੋਰ ਤਾਂ ਹੋਰ ਹੁਣ ਤੱਕ ਜੰਗਾਂ ਯੁਧਾਂ ਵਿਚ ਅਧੀ ਦੁਨੀਆਂ ਜਿੱਤ ਤੋਂ ਬਾਅਦ ਪਰੀ ਰੁਪ ਖੁਬਸੂਰਤ ਜਨਾਨੀਆਂ ਵਾਸਤੇ ਮਰ ਚੁਕੀ ਹੈ। ਫਿਰ ਜਿਉਂਦੇ ਜੀਅ ਤਾਂ ਇਕ ਪਾਸੇ ਰਹੇ ਸਗੋਂ ਮੈਦਾਨੇ-ਜੰਗ ਵਿਚ ਯੋਧਿਆਂ ਨੂੰ ਮਰਨ ਉਪਰੰਤ ਹੂਰਾਂ ਮਿਲਣ ਦੇ ਧਰਵਾਸੇ ਨਾਲ ਵਰਚਾ ਕੇ ਸ਼ਹੀਦੀ ਇਸ਼ਨਾਨ ਕਰਾ ਦਿੱਤਾ ਜਾਂਦਾ ਰਿਹਾ ਹੈ।

ਬੱਸ ਕਿੰਨੀ ਵੱਡੀ ਵਿੰਡਬਣਾ ਹੈ ਕਿ ਪ੍ਰਾਚੀਨਤਮ ਸਭਿਅਤਾ ਤੇ ਸੰਸਕ੍ਰਿਤੀ ਦੇ ਵਾਰਿਸ ਭਾਰਤ ਦੀਆਂ ਨਾਰੀਆਂ ਨੂੰ ਪਹਿਲਾਂ ਗੁਲਾਮੀ ਦੇ ਕਾਰਣ ਤੇ ਮੌਜੂਦਾ ਸਮੇਂ ਵਿਚ ਸਾਡੀ ਗੁਲਾਮ ਮਾਨਸਿਕਤਾ, ਪਾਸ਼ਵਿਕ ਬਿਰਤੀ ਤੇ ਰਾਖਸ਼ਸੀ ਦਰਿੰਦਗੀ ਕਰਕੇ ਆਪਣੀ ਝਿਜ਼ਤ-ਆਬਰੂ ਤੇ ਸ਼ਰਮ ਹਯਾ ਜਿਹੇ ਸ਼ਖਸੀਅਤੀ ਗਹਿਣਿਆਂ ਨੂੰ ਦੇਹ-ਵਪਾਰ ਜਿਹੀਆਂ ਮੰਡੀਆਂ ਤੇ ਮਹਿਫਲਾਂ ਵਿਚ ਰੱਬ ਦਾ ਹੈਅ-ਭੈਅ ਤੇ ਡਰ-ਡੁੱਕਰ ਭੁੱਲ ਚੁੱਕੇ ਹਵਸ ਦੇ ਤਾਜਰਾਂ ਕੋਲ ਗਿਰਵੀ ਰੱਖਣ ਦਾ ਮਾਨਸਿਕ ਤੇ ਸਰੀਰਕ ਸੰਤਾਪ ਕੋਈ ਸਾਲ-ਦੋ-ਸਾਲ ਨਹੀਂ; ਸਗੋਂ ਸਦੀਆਂ-ਬੱਧੀ ਭੋਗਣਾ ਪਿਆ ਹੈ।

ਇਸ ਵਾਸਤੇ ਜਦੋਂ ਇਕ ਪਾਸੇ ਵੈਦਿਕ ਸਭਿਅਤਾ ਤੇ ਸਭਿਆਚਾਰ ਅਤੇ ਦੂਜੇ ਪਾਸੇ ਗੁਲਾਮ ਹਿੰਦੋਸਤਾਨ ਦੀ ਗੱਲ ਹੁੰਦੀ ਹੈ ਤਾਂ ਸਾਡੀਆਂ ਸੋਨੇ ਦੀਆਂ ਕੁੜੀਆਂ-ਚਿੜੀਆਂ ਦੀ ਅਣਹੋਣੀ ਅੱਧੋਗਤੀ ਦੇ ਧਿਆਨ ਮਾਤਰ ਨਾਲ ਹੀ ਕਲੇਜਾ ਮੂੰਹ ਨੂੰ ਆਉਂਦਾ ਹੈ। ਇਸ ਸੂਰਤ ਵਿਚ ਆਮ ਹੀ ਖਿਆਲ ਆਉਂਦਾ ਹੈ ਕਿ ਕਦੇ ਪੁਰਾਤਨ ਸਮੇਂ ਦੀ ਸੰਸਕ੍ਰਿਤੀ ਸਦਕਾ ਸਾਡੇ ਹਾਲਾਤ ਕੀ ਸਨ ਅਤੇ ਹੁਣ ਕੀ ਹੋ ਗਏ ਹਨ। ਪਹਿਲਾਂ ਸਾਡੀ ਗੁਲਾਮੀ ਦੇ ਕਾਰਣ ਤੇ ਹੁਣ ਗੁਲਾਮ ਮਾਨਸਿਕਤਾ ਦੇ ਕਾਰਨ ਨੈਤਿਕ ਤੇ ਸਦਾਚਾਰਕ ਪਖੋਂ ਸਾਡੀ ਕਿੰਨੀ ਦੁਰਦਸ਼ਾ ਹੋ ਗਈ ਹੈ।

ਇਨ੍ਹਾਂ ਦੋਨਾਂ ਸਥਿਤੀਆਂ ਤੇ ਜ਼ਿੰਦਗੀ ਦੇ ਇਨ੍ਹਾਂ ਹੇਰਾਂ-ਫੇਰਾਂ ਤੇ ਉਤਰਾਵਾਂ-ਚੜ੍ਹਾਵਾਂ ਦੇ ਮੁਕਾਬਲਿਤਨ ਹਾਲਾਤਾਂ ਅਨੁਸਾਰ ਜੇ ਹੁਣ ਵੇਖੀਏ ਤਾਂ ਇਕ ਪਾਸੇ ਸਾਡੇ ਸਮੁੱਚੇ ਸਮਾਜ



*Original with;*
Kulbir Singh Sidhu(I.A.S)
*Digitized by;*
Panjab Digital Library

ਦਾ ਜੀਵਨ ਕੁਲ ਮਿਲਾਕੇ ਸਦਾਚਾਰੀ ਤੇ ਨੈਤਿਕ ਕਦਰਾਂ-ਕੀਮਤਾਂ 'ਤੇ ਅਧਾਰਿਤ ਸੀ। ਇਸ ਦੇ ਉਲਟ ਹੁਣ ਦੂਜੇ ਬੰਨ੍ਹੇ ਸਾਡੇ ਆਲੇ-ਦੁਆਲੇ ਹਰ ਪਾਸੇ ਨੈਤਿਕ, ਬੌਧਿਕ ਤੇ ਸਮਾਜਿਕ ਭ੍ਰਿਸ਼ਟਾਚਾਰ ਦਾ ਵਾਤਾਵਰਣ ਹੈ। ਅਫ਼ਸੋਸ ਦੀ ਗਲ ਹੈ ਕਿ ਅਜ਼ਾਦ ਭਾਰਤ ਵਿਚ ਹਰ ਕਿਸਮ ਦਾ ਅਨੈਤਿਕ ਤੇ ਭ੍ਰਿਸ਼ਟਾਚਾਰੀ ਤੇਂਦੂਆ ਜਾਲ ਫੈਲਿਆ ਹੋਇਆ ਹੈ, ਜਿਸ ਕਰਕੇ ਹੁਣ ਆਲਮ ਇਹ ਹੈ ਕਿ ਅਵਾਮ ਨੇ ਖ਼ੁਦ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਹੁਣ ਨਾਲੋਂ ਤਾਂ ਅਜ਼ਾਦੀ ਤੋਂ ਪਹਿਲਾਂ ਦਾ ਨਿਜ਼ਾਮ ਹੀ ਚੰਗਾ ਸੀ।

ਅਫ਼ਸੋਸ ਕਿ ਅੱਜ ਦੇ ਸਾਡੇ ਆਧੁਨਿਕ ਯੁਗ ਵਿਚ ਔਰਤ ਨੂੰ ਉਪਭੋਗ ਦੀ ਵਸਤੂ ਸਮਝ ਕੇ ਉਸ ਦਾ ਵਸਤੂਕਰਨ ਕੀਤਾ ਜਾ ਰਿਹਾ ਹੈ। ਨਾਰੀ ਹੁਣ ਸ਼ਕਤੀ ਬਣਦੀ-ਬਣਦੀ ਉਪਭੋਗਤਾ ਦੀ ਵਸਤੂ ਹੀ ਸਮਝੀ ਜਾਣ ਲੱਗ ਪਈ ਹੈ। ਬਹਿਰਹਾਲ! ਅਸੀਂ ਔਰਤਜ਼ਾਤ ਨੂੰ ਬਰਾਬਰੀ ਦਿੰਦੇ-ਦਿੰਦੇ ਉਸ ਦੇ ਬਣਦੇ ਇਜ਼ਤ-ਮਾਣ ਤੋਂ ਵੀ ਉਸ ਨੂੰ ਮਹਿਰੂਮ ਕਰ ਰਹੇ ਹਾਂ। ਹੋਰ ਵੀ ਸ਼ਰਮਨਾਕ ਸਥਿਤੀ ਇਹ ਹੈ ਕਿ ਔਰਤਜ਼ਾਤ ਦੇਹ ਵਪਾਰ ਦੀ ਤਸਕਰੀ ਦੇ ਅੜਿਕੇ ਚੜ ਕੇ ਕਿਤੇ ਵੇਚੀ ਤੇ ਕਿਤੇ ਖਰੀਦੀ ਜਾ ਰਹੀ ਹੈ। ਫਿਰ ਸਿਤਮ ਇਹ ਹੈ ਕਿ ਅਜ਼ਾਦ ਭਾਰਤ ਵਿਚ ਔਰਤਾਂ ਤੇ ਮਾਸੂਮ ਬਚੀਆਂ ਸਰੇ-ਬਜ਼ਾਰ ਤੇ ਦਿਨ-ਦਿਹਾੜੇ ਬਲਾਤਕਾਰ, ਤੇਜ਼ਾਬੀ ਹਮਲਿਆਂ ਤੇ ਕਤਲੋਗਾਰਤ ਦਾ ਸ਼ਿਕਾਰ ਹੋ ਰਹੀਆਂ ਹਨ। ਫਿਰ ਸਾਡੇ ਸਭ ਦੇ ਦੁਰ-ਫਿਟੇ ਮੂੰਹ ਕਿ ਇਸ ਸਾਰੀ ਸ਼ਰਮਨਾਕ ਖੇਡ ਵਿਚ ਫੁਲਾਂ ਵਰਗੇ ਖੁਬਸੂਰਤ ਚਿਹਰੇ ਕਦੋਂ ਤੇ ਕਿਥੇ ਤੇਜ਼ਾਬ ਪਾ ਕੇ ਬਦਰੰਗ ਕਰ ਦਿਤੇ ਜਾਣ; ਇਹ ਤਾਂ ਸਾਡੇ ਦੇਸ਼ ਵਿਚ ਸ਼ਾਇਦ ਰੱਬ ਨੂੰ ਵੀ ਪਤਾ ਨਹੀਂ ਚਲਦਾ।

ਬਹਿਰਹਾਲ, ਇਸਤਰੀ ਜਾਤੀ ਦੀ ਦੁਰਦਸ਼ਾ ਦਾ ਇਹ ਸੁਆਲ ਸਦੀਆਂ-ਸਦੀਆਂ ਤੋਂ ਕੌਮ ਦੇ ਸਾਹਮਣੇ ਹੈ। ਜਦੋਂ ਤੋਂ ਬੰਦੇ ਨੇ ਸੁਰਤ ਸੰਭਾਲੀ ਹੈ ਤਾਂ ਉਦੋਂ ਤੋਂ ਹੀ ਉਸ ਨੇ ਸਮਾਜ ਵਿਚ 'ਪੁਰਸ਼ ਪ੍ਰਧਾਨ ਤੇ ਇਸਤਰੀ ਗੁਲਾਮ' ਜਿਹੀ ਚੌਧਰ ਦਾ ਰੂਪ ਦਿੱਤਾ ਹੈ। ਇਸ ਪਰਿਪੇਖ ਵਿਚ ਫਿਰ ਜਿਥੇ ਸਮਾਜ ਵਿਚ 'ਰਾਜੇ ਸੀਂਹ ਮੁਕਦਮ ਕੁਤੇ' ਹੋਣ, ਭਾਵ ਜਿਥੇ ਧੱਕੇਖੋਰ ਧਾਕੜ ਬੰਦਿਆਂ ਦਾ ਰਾਜ ਹੋਵੇ, ਉਥੇ ਸਕਤਾ ਭਾਵ ਤਕੜਾ ਬੰਦਾ ਗਿਣਤੀ ਕਰਨ ਵੇਲੇ ਭਾਵੇਂ ਸਤੀਂ-ਵੀਹੀਂ ਸੌ ਆਖੇ, ਉਹ ਵੀ ਠੀਕ ਹੈ। ਬੱਸ ਇਸ ਤਰ੍ਹਾਂ ਦੇ ਹਿਸਾਬ-ਕਿਤਾਬ ਵਿਚ ਔਰਤਜ਼ਾਤ ਨੂੰ 'ਏਤੀ ਮਾਰ' ਪੈਂਦੀ ਰਹੀ ਹੈ, ਪਰ ਦਰਹਕੀਕਤ ਇਹ ਸਾਡੇ ਸਮੁੱਚੇ ਸਮਾਜ ਦ ਮੂੰਹ 'ਤੇ ਇਕ ਕਰਾਰੀ ਚਪੇੜ ਵਾਂਗ ਹੈ।

ਸਗੋਂ ਕੌਮ ਲਈ ਹੋਰ ਵੀ ਅਫਸੋਸ ਦੀ ਗੱਲ ਇਹ ਹੈ ਕਿ ਸਮੁੱਚੇ ਤੌਰ 'ਤੇ ਸਾਡੇ ਦੇਸ਼ ਵਿਚ 'ਨਾਰੀ ਪਰਦੇ ਦੀ ਅਧਿਕਾਰੀ ਤੇ ਜੁੱਤੀਆਂ ਦੀ ਮਾਰੀ' ਹੀ ਸਮਝੀ ਜਾਂਦੀ ਰਹੀ ਹੈ। ਸਾਡੀ ਜਗੀਰਦਾਰੀ ਸੋਚ ਮੁਤਾਬਿਕ ਹੀਰ ਖ਼ੂਬਸੂਰਤੀ ਦੀ ਮੂਰਤ ਬਣ ਕੇ ਸਾਡਾ ਮਨ ਪ੍ਰਚਾਉਣ ਲਈ ਤਾਂ ਜ਼ਰੂਰ ਜੰਮੇ; ਪਰ ਇਹ ਗੁਆਂਢੀਆਂ ਦੇ ਘਰ ਹੀ ਜੰਮੇ। ਇਸ ਲਈ ਸਾਡੇ ਸਮਾਜ ਦੀ ਸੋਚ ਅਨੁਸਾਰ ਜੇ ਔਰਤ ਨੇ ਮਰਦ ਦੇ ਘਰ ਵਸਣਾ ਹੈ



Original with;
Kulbir Singh Sidhu(I.A.S)
Digitized by;
Panjab Digital Library

ਤਾਂ ਉਸ ਲਈ ਚੰਗਾ ਇਹ ਹੀ ਹੈ ਕਿ ਉਹ ਮਰਦ ਦੀ ਬਸ ਰਖੈਲ ਜਿਹੀ ਹੀ ਬਣ ਕੇ ਰਹੇ।

ਸੋ ਇਸ ਵਾਸਤੇ ਭਾਵੇਂ ਕੋਈ ਇਸਤਰੀ ਭਾਵੇਂ ਮਾਈ ਭਾਗੋ, ਰਾਣੀ ਝਾਂਸੀ, ਰਾਣੀ ਸਾਹਿਬ ਕੌਰ, ਅਜ਼ਾਦ ਹਿੰਦ ਫੌਜ ਦੀ ਇਸਤਰੀ ਬ੍ਰਿਗੇਡ ਦੀ ਕਮਾਂਡਰ ਕੈਪਟਨ ਲਕਸ਼ਮੀ ਸਹਿਗਲ ਹੋਵੇ ਤੇ ਜਾਂ ਅਜੋਕੇ ਸਮੇਂ ਵਿਚ ਮਦਰ ਟੈਰੇਸਾ, ਕਲਪਨਾ ਚਾਵਲਾ ਤੇ ਕਿਰਨ ਬੇਦੀ ਵਰਗੀਆਂ ਹੋਰ ਵੀ ਉੱਘੀਆਂ ਹਸਤੀਆਂ ਹੋਣ, ਪਰ ਉਨ੍ਹਾਂ ਦਾ ਨਾਮ ਸਾਡੇ ਘਰ-ਸੰਸਾਰ ਵਿਚ ਮਰਦਾਂ ਤੋਂ ਕਿਤੇ ਬਾਅਦ ਆਉਂਦਾ ਹੈ।

ਇਉਂ ਸਾਡੇ ਵੇਦਾਂ-ਗ੍ਰੰਥਾਂ ਵਿਚ ਅਰਧਾਂਗਣੀ ਕਹਾਉਣ ਵਾਲੀ ਮਹਾਨ ਇਸਤਰੀ ਦੀ ਸਾਡੇ ਸਮਾਜਿਕ ਜੀਵਨ ਵਿਚ ਕੁਝ ਹੋਰ ਹੀ ਭੂਮਿਕਾ ਰਹੀ ਹੈ। ਅਰਧਾਂਗਣੀ ਦਾ ਭਾਵ ਤਾਂ 'ਦੋ ਜਿਸਮ ਇਕ ਜਾਨ' ਹੁੰਦਾ ਹੈ, ਪਰ ਅਸਲ ਵਿਚ ਔਰਤ ਨੂੰ ਸਾਡੇ ਘਰਾਂ ਵਿਚ ਇਹ ਸਥਾਨ ਕਿਤੇ ਘੱਟ ਹੀ ਮਿਲਿਆ ਹੈ। ਉਹ 'ਘਰ ਵਾਲੀ' ਦੇ ਰੂਪ ਵਿਚ ਘਰ-ਗ੍ਰਹਿਸਥੀ ਚਲਾਉਣ ਵਜੋਂ ਬੱਸ ਇਕ 'ਲਿਮਟਿਡ ਕੰਪਨੀ' ਹੀ ਰਹੀ ਹੈ।

ਬੇਸ਼ੱਕ ਅਸੀਂ ਔਰਤ ਦੇ ਜਨਮ ਲੈਣ ਅਤੇ ਧਰਤੀ 'ਤੇ ਵਿਚਰਨ ਦੀ ਕੌੜੀ ਸੱਚਾਈ ਨੂੰ ਤਾਂ ਔਖੇ-ਸੌਖੇ ਪ੍ਰਵਾਨ ਕਰ ਲਿਆ ਹੈ, ਪਰ ਇਸਤਰੀ ਸਮਾਜ ਵੱਲੋਂ ਆਪਣੀ ਇੱਜ਼ਤ-ਆਬਰੂ ਤੇ ਹੱਕਾਂ ਦੀ ਗੱਲ ਕਰਨਾ, ਪੁਰਸ਼ ਸਮਾਜ ਲਈ ਹਮੇਸ਼ਾਂ ਤੋਂ ਹੀ ਬਿਲਕੁਲ ਬੇਮਾਇਅਨੇ ਜਿਹਾ ਰਿਹਾ ਹੈ। ਸ਼ਾਇਦ ਸਾਡਾ ਪੁਰਸ਼ ਪ੍ਰਧਾਨ ਸਮਾਜ ਨਾਰੀ ਸ਼ਕਤੀ ਤੋਂ ਇਸ ਗੱਲੋਂ ਤ੍ਰਹਿੰਦਾ ਹੈ ਕਿ ਔਰਤਾਂ ਕਿਤੇ ਸਾਡੀ ਚੌਧਰ ਤੇ ਪ੍ਰਧਾਨਗੀ ਦੀ ਕੁਰਸੀ ਹੀ ਨਾ ਖੋਹ ਲੈਣ। ਇਹ ਹੀ ਕਾਰਨ ਹੈ ਕਿ ਕਈ ਦਹਾਕੇ ਹੋ ਗਏ ਪਰ ਹਾਲੇ ਸਾਡੀ ਪਾਰਲੀਮੈਂਟ ਵਿਚ ਔਰਤਾਂ ਦੇ ਅਧਿਕਾਰ ਦਾ ਬਿਲ ਪਾਸ ਨਹੀਂ ਹੋ ਸਕਿਆ। ਸਗੋਂ ਸਾਡੇ ਸਿਆਣੇ ਆਗੂ ਇਹੋ ਜਿਹੀ ਬਿੱਬ-ਵਿਚਾਰ ਕਰਨ ਤੋਂ ਵੀ ਟਾਲਾ ਵੱਟਦੇ ਜਾਪਦੇ ਹਨ। ਇਸ ਤੋਂ ਇਲਾਵਾ ਉਹ ਅੱਗੇ ਉਹ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਔਰਤਾਂ ਨੂੰ ਅਧਿਕਾਰ ਦੇਣ ਵਾਲੀ ਗੱਲ ਤੋਂ ਤੌਬਾ-ਤੌਬਾ ਕਰਨ ਦੀ ਨਸੀਹਤ ਕਰਦੇ ਦਿਸਦੇ ਹਨ।

ਪਰ ਸਚਮੁੱਚ ਹੀ ਹੈਰਾਨੀ ਦੀ ਗੱਲ ਹੈ ਕਿ ਅਜਿਹੀ ਸੋਚ ਤੇ ਮੁਖ਼ਾਲਿਫ਼ ਹਾਲਾਤਾਂ ਦੇ ਬਾਵਜੂਦ ਵੀ ਅਜੋਕੇ ਸਮਿਆਂ ਵਿਚ ਨਾਰੀ ਸਮਾਜ ਨੇ ਪੁਰਸ਼ ਪ੍ਰਧਾਨ ਸਮਾਜ ਦੀ ਹਉਮੈ ਨੂੰ ਸਿਰਫ਼ ਲਲਕਾਰਿਆ ਹੀ ਨਹੀਂ, ਸਗੋਂ ਉਸ ਦੀ ਹੈਂਕੜ ਨੂੰ ਤੋੜਿਆ ਵੀ ਹੈ। ਹੁਣ ਇਹ ਕਈ ਸਾਲਾਂ ਤੋਂ ਪ੍ਰਤੱਖ ਰੂਪ ਵਿਚ ਸਾਡੇ ਸਾਹਮਣੇ ਆ ਰਿਹਾ ਹੈ ਕਿ ਲੜਕੀਆਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਇਮਤਿਹਾਨਾਂ ਤੋਂ ਲੈ ਕੇ ਅੱਗੇ ਕੌਮੀ ਪੱਧਰ ਦੇ ਪ੍ਰਸ਼ਾਸਕੀ ਮੁਕਾਬਲਿਆਂ ਵਿਚ ਲੜਕਿਆਂ ਨੂੰ ਕਿਤੇ ਪਿੱਛੇ ਛੱਡ ਰਹੀਆਂ ਹਨ। ਰੱਬ ਲਗਦੀ ਗੱਲ ਤਾਂ ਇਹ ਹੈ ਕਿ ਹੁਣ ਸਾਡਾ ਇਸਤਰੀ ਸਮਾਜ ਰਾਜਸੀ, ਸਮਾਜਿਕ, ਸਾਹਿਤਕ ਤੇ ਖ਼ਾਸ ਕਰਕੇ ਖੇਡਾਂ ਦੇ ਖੇਤਰ ਵਿਚ ਨਾਰੀ ਸੰਸਾਰ ਦਾ ਨਾਮ ਰੋਸ਼ਨ ਕਰ ਰਿਹਾ ਹੈ।

ਪਰ ਇਸ ਦੇ ਬਾਵਜੂਦ ਵੀ ਇਸ ਨੂੰ ਕੁਦਰਤ ਦੀ ਹੈਰਾਨੀਕੁੰਨ ਵਿਡੰਬਣਾ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਝੀ ਜਾਵੇ ਕਿ ਸਾਡੇ ਸਮਾਜ ਵਿਚ ਜਨਮ ਤੋਂ ਲੈ ਕੇ ਆਖਿਰ ਤਕ ਇਸਤਰੀ ਨਾਲ ਵਿਤਕਰੇ ਵਾਲਾ ਵਰਤਾਉ ਹੋਇਆ ਹੈ। ਇਸ ਪ੍ਰਥਾਇ ਅਸੀਂ ਆਪ ਹੀ ਸੋਚ ਕੇ ਵੇਖੀਏ ਕਿ ਕਦੇ ਵੀ ਕੋਈ ਬੰਦਾ ਸੰਤਾਨ ਪ੍ਰਾਪਤੀ ਲਈ ਅਰਦਾਸ ਕਰਨ ਵੇਲੇ ਲੜਕੇ ਦੀ ਥਾਂ ਲੜਕੀ ਦੀ ਮੰਗ ਕਰਦਾ ਨਹੀਂ ਦੇਖਿਆ ਜਾਂਦਾ। ਸਗੋਂ ਅਕਸਰ ਹੀ ਅਰਦਾਸ ਵਿਚ ਹੀ ਪਹਿਲਾਂ ਤਾਂ ਲੜਕੀ ਦੇ ਜਨਮ ਨੂੰ ਟਾਲਣ ਦੀ ਮੰਗ ਕੀਤੀ ਜਾਂਦੀ ਹੈ, ਪਰ ਜੇ ਅਰਦਾਸ ਪੂਰੀ ਹੁੰਦੀ ਨਾ ਦਿੱਸੇ ਤਾਂ ਲੜਕੀ ਨੂੰ ਭਰੂਣ ਹੱਤਿਆ ਵਰਗੀ ਬਜਰ ਕੁਰਹਿਤ ਨਾਲ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਫਿਰ ਵੀ ਇਹੋ ਜਿਹੇ ਸਾਰੇ ਕਸੂਤੇ ਔਹੜਾਂ-ਪੌੜਾਂ ਤੋਂ ਬਾਅਦ ਵੀ ਜੇ ਕੰਨਿਆ ਜਨਮ ਲੈ ਹੀ ਲਵੇ ਤਾਂ ਸਮਝੋਂ ਕਿ ਸਾਰੇ ਟੱਬਰ ਨੂੰ ਡੇਂਗੂ ਬੁਖਾਰ ਵਰਗਾ ਕਾਂਬਾ ਛਿੜ ਜਾਂਦਾ ਹੈ।

ਇਸ ਤੋਂ ਅੱਗੇ ਅਸੀਂ ਇਹ ਰੀਤ ਹੀ ਬਣਾ ਰੱਖੀ ਹੈ ਕਿ ਔਰਤ ਜਦੋਂ ਤੱਕ ਪੁੱਤ ਪੈਦਾ ਕਰੇ ਤਾਂ ਅਸੀਂ 'ਨਿਹਾਲ' ਹੋ ਜਾਂਦੇ ਹਾਂ ਕਿਉਂਕਿ ਪੁੱਤ ਤਾਂ ਰੱਬੀ ਦਾਤ ਹੁੰਦੇ ਹਨ। ਇਸ ਦੇ ਉਲਟ ਜੇ ਰੱਬ ਦੀ ਰਜ਼ਾ ਨਾਲ ਕਿਤੇ ਕੰਨਿਆ ਆ ਜਾਂਦੀ ਹੈ ਤਾਂ ਅਸੀਂ ਇਸ ਨੂੰ 'ਚੁੱਲ੍ਹੇ ਵਿਚ ਪਾਣੀ' ਪੈਣ ਜਿਹੀ ਬਿਪਤਾ ਸਮਝ ਕੇ 'ਬੇਹਾਲ' ਹੋ ਜਾਂਦੇ ਹਾਂ। ਇਥੇ ਹੀ ਸਾਡੇ ਸਮਾਜ ਦੀ ਆਪ ਹੀ ਘੜੀ-ਬਣਾਈ ਕੋਝੀ 'ਦਾਜ-ਪ੍ਰਥਾ' ਦੀ ਵੀ ਗੱਲ ਕਰਨੀ ਬਣਦੀ ਹੈ ਕਿ ਕਿਸੇ ਬੇਗਾਨੇ ਘਰ ਜੰਮੀ ਧੀ-ਭੈਣ; ਜਦੋਂ ਸਾਡੇ ਘਰ ਵਿਚ ਨੂੰਹ ਬਣ ਕੇ ਆਵੇ ਤਾਂ ਉਹ ਸਾਡੇ ਸਾਰੇ ਖਾਨਦਾਨੀ ਦੁਖ-ਦਲਿਦਰ ਦੂਰ ਕਰਨ ਵਾਸਤੇ ਆਪਣੇ ਨਾਲ ਦਹੇਜ ਰੂਪੀ ਮਾਇਆ ਦੀ ਸੰਜੀਵਨੀ ਬੂਟੀ ਲੈ ਕੇ ਆਵੇ। ਫੇਰ ਉਹ ਜ਼ਿੰਦਗੀ ਭਰ ਸਾਡੇ ਪਰਿਵਾਰ ਦੀਆਂ ਖੁਸ਼ੀਆਂ-ਗਮੀਆਂ ਵਿਚ ਆਪਣੇ ਪੇਕਿਆਂ ਤੋਂ ਸਾਡੇ ਲਈ ਕਦੇ ਗੋਦ ਭਰਾਈ, ਕਦੇ ਸ਼ੂਸ਼ਕ ਤੇ ਕਦੇ ਸੰਧਾਰੇ ਸਾਡੀ ਦੰਦ ਘਸਾਈ ਵਜੋਂ ਲਈ ਤੁਰੀ ਆਵੇ। ਵਾਹ ਬੱਈ ਵਾਹ! ਸਾਡੇ ਲਈ ਔਰਤ ਵੀ ਕਿਹੋ ਜਿਹੀ ਸਨਅੱਤ ਬਣ ਗਈ ਹੈ ਕਿ ਜਿਹੜੀ ਸਾਡੇ ਵੱਲੋਂ ਕੋਈ ਬਾਹਲੇ ਪੈਸੇ-ਧੇਲੇ ਦੇ ਨਿਵੇਸ਼ ਤੋਂ ਬਿਨਾਂ ਹੀ ਉਹ ਵਿਚਾਰੀ ਸਾਰੀ ਉਮਰ ਸਾਨੂੰ ਸ਼ੁੱਧ ਧਨ-ਲਾਭ ਦੇਈ ਜਾਂਦੀ ਹੈ।

ਪਰ ਇਥੇ ਹੀ ਅਕਲ ਨੂੰ ਹੱਥ ਮਾਰਨ ਵਾਲੀ ਗੱਲ ਇਹ ਹੈ ਕਿ ਹੁਣ ਔਰਤ ਸਾਡੀ ਦਾਸੀ ਤੇ ਸੁੱਖ-ਆਨੰਦ ਦਾ ਸਾਧਨ ਹੀ ਨਹੀਂ ਹੈ; ਸਗੋਂ ਅਜੋਕੇ ਯੁੱਗ ਵਿਚ ਤਾਂ ਨਾਰੀ ਸਾਡੇ ਜੀਵਨ ਦੇ ਗਾਡੀ ਰਾਹ ਵਿਚ ਮੋਢੇ ਨਾਲ ਮੋਢਾ ਲਾ ਕੇ ਤੁਰਨ ਵਾਲੀ ਹਮਸਫ਼ਰ ਦੋਸਤ ਹੈ। ਇਸ ਦੇ ਨਾਲ ਹੀ ਸਦੀਆਂ ਤੋਂ ਰੱਬ ਗਵਾਹ ਹੈ ਕਿ ਪੁੱਤਾਂ ਨਾਲੋਂ ਧੀ-ਧਿਆਣੀਆਂ ਮਾਪਿਆਂ ਦੀਆਂ ਕਿਤੇ ਵੱਧ ਸ਼ੁੱਭਚਿੰਤਕ ਹੁੰਦੀਆਂ ਹਨ। ਇਸ ਵਾਸਤੇ ਹੀ **ਹੰਸ ਰਾਜ ਹੰਸ** ਵਰਗਿਆਂ ਨੇ ਧੀਆਂ ਸਬੰਧੀ ਸੱਚੇ ਸੁਖਨ ਅਲਾਏ ਹਨ ਕਿ:-

"ਧੀਆਂ ਸਦਾ ਮਾਪਿਆਂ ਦੇ ਘਰ ਦੀ ਖ਼ੈਰ ਮਨਾਉਂਦੀਆਂ ਨੇ
ਪੁੱਤ ਵੰਡਾਉਣ ਜ਼ਮੀਨਾਂ ਧੀਆਂ ਦੁੱਖ ਵੰਡਾਉਂਦੀਆਂ ਨੇ"

ਖ਼ੈਰ! ਇਹ ਖਰਾ-ਸੁੱਧਾ ਸੱਚ ਹੈ ਕਿ ਪੁੱਤ ਤਾਂ 'ਪੈਸੇ ਦੇ ਪੁੱਤ' ਬਣ ਕੇ ਆਪਣੇ



*Original with;*
Kulbir Singh Sidhu(I.A.S)
*Digitized by;*
Panjab Digital Library

ਮਾਂ-ਪਿਓ ਤੇ ਭਰਾਵਾਂ ਨੂੰ ਕਤਲ ਕਰਦੇ ਦੇਖੇ-ਸੁਣੇ ਜਾਂਦੇ ਹਨ, ਪਰ ਕਿਸੇ ਨੇ ਵੀ ਇਹ ਕਦੇ ਨਹੀਂ ਸੁਣਿਆ ਹੋਣਾ ਕਿ ਕਿਤੇ ਕਿਸੇ ਧੀ -ਭੈਣ ਨੇ ਆਪਣੇ ਮਾਪਿਆਂ ਜਾਂ ਭਰਾਵਾਂ ਨੂੰ ਮਾਰਿਆ ਹੋਵੇ। ਜ਼ਾਹਿਰ ਹੈ ਕਿ ਹੁਣ ਹਰ ਬੰਦਾ ਪੈਸੇ ਦਾ ਪੁੱਤ ਬਣ ਗਿਆ ਤੇ ਸਾਰੇ ਮਨੁੱਖੀ ਰਿਸ਼ਤੇ ਪੈਸੇ ਦੀ ਤੱਕੜੀ 'ਤੇ ਤੁਲਣ ਲੱਗੇ ਹਨ।

ਬਹਿਰਹਾਲ, ਇਥੇ ਧੀਆਂ-ਭੈਣਾਂ ਦੇ ਰਿਸ਼ਤੇ ਦੇ ਇਤਿਹਾਸਿਕ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਔਰੰਗਜ਼ੇਬ ਨੇ ਆਪਣੇ ਭਰਾਵਾਂ ਨੂੰ ਮਾਰਨ ਤੋਂ ਪਹਿਲਾਂ ਆਪਣੇ ਬਾਪ ਸ਼ਾਹਜਹਾਨ ਨੂੰ ਸਾਰੀ ਉਮਰ ਬੰਦੀ ਬਣਾ ਕੇ ਰੱਖਿਆ। ਉਦੋਂ ਸ਼ਾਹਜਹਾਨ ਦਾ ਇਕੋ-ਇਕ ਸਹਾਰਾ ਉਸ ਦੀਆਂ ਧੀਆਂ ਰੌਸ਼ਨ ਆਰਾ ਤੇ ਜਹਾਨ ਆਰਾ ਹੀ ਬਣੀਆਂ ਸਨ। ਸਗੋਂ ਇਤਿਹਾਸ ਗਵਾਹ ਹੈ ਕਿ ਜਦੋਂ ਪਟਿਆਲਾ ਦੇ ਮਹਾਰਾਜਾ ਸਾਹਿਬ ਸਿੰਘ 'ਤੇ ਮਰਹੱਟਿਆਂ ਵੱਲੋਂ ਕਿਤੇ ਧਨ-ਮਾਲ ਦੀ ਉਗਰਾਹੀ ਦਾ ਕਟਕ ਚੜ੍ਹਿਆ ਤੇ ਸਥਿਤੀ ਰਾਜ ਭਾਗ ਗਵਾਉਣ ਤਕ ਪਹੁੰਚ ਗਈ ਤਾਂ ਉਦੋਂ ਇਸ ਰਾਜ ਘਰਾਣੇ ਦੀ ਧੀ-ਭੈਣ ਬੀਬੀ ਸਾਹਿਬ ਕੌਰ ਹੀ ਸੀ, ਜਿਸ ਨੇ ਜੰਗ ਦੇ ਮੈਦਾਨ ਵਿਚ ਖ਼ੁਦ ਉਤਰ ਕੇ ਆਪਣੇ ਬਾਬਲ ਮਹਾਰਾਜਾ ਅਮਰ ਸਿੰਘ ਦੇ ਖ਼ਾਨਦਾਨ ਨੂੰ ਬਚਾਇਆ ਸੀ।

ਦਰਅਸਲ, ਸਾਨੂੰ ਹੁਣ ਆਪਣੀਆਂ ਸਦਾਚਾਰਕ ਕਦਰਾਂ-ਕੀਮਤਾਂ ਦੀ ਕੋਈ ਲਿਹਾਜ਼ ਜਾਂ ਆਪਸੀ ਪਿਆਰ-ਸਤਿਕਾਰ ਦੀ ਕੋਈ ਪਰਵਾਹ ਨਹੀਂ ਰਹਿ ਗਈ। ਸਗੋਂ ਹੁਣ ਹਰ ਕਿਸੇ ਦੀ ਅੱਖ ਆਪਣੇ ਪਿਉ-ਦਾਦੇ ਦੀ ਦੌਲਤ ਉਪਰ ਤਾਂ ਟਿਕੀ ਰਹਿੰਦੀ ਹੈ, ਪਰ ਸਾਡਾ ਆਪਣੇ ਵਡੇਰਿਆਂ ਦੇ ਜੀਵਨ ਦੇ ਸੱਚ, ਧਰਮ ਤੇ ਇਮਾਨ ਨੂੰ ਹਾਸਿਲ ਕਰਨ ਵਾਸਤੇ ਹੱਥ ਕਦੇ ਨਹੀਂ ਵਧਦਾ। ਮੁੱਕਦੀ ਗੱਲ, ਧਨ-ਦੌਲਤ ਨੇ ਮਨੁੱਖੀ ਰਿਸ਼ਤਿਆਂ ਨੂੰ ਨਪੀੜ ਕੇ ਰੱਖ ਦਿੱਤਾ ਹੈ। ਸਾਡਾ ਅੱਜ ਦਾ ਸਮਾਜ ਪਿਆਰ ਤੇ ਭਾਈਚਾਰੇ ਦੀ ਥਾਂ ਵਰਤਮਾਨ ਦੀਆਂ ਗਰਜ਼ਾਂ ਨਾਲ ਜੁੜ ਗਿਆ ਹੈ। ਫਿਰ ਹੋਰ ਵੀ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਸਾਡੇ ਅਜ਼ਾਦ ਭਾਰਤ ਵਿਚ ਕਥਿਤ ਪ੍ਰਗਤੀਵਾਦੀ ਤੇ ਆਧੁਨਿਕ ਯੁੱਗ ਵਿਚ ਅੱਜ ਦਾ ਅਖੌਤੀ ਸਭਿਅਕ ਨਾਗਰਿਕ ਸਮਾਜ ਜਦੋਂ ਆਪਣੀਆਂ ਹੀ ਧੀਆਂ-ਭੈਣਾਂ ਨੂੰ ਦਾਮਿਨੀ, ਗੁੜੀਆ ਤੇ ਅਰੁਸ਼ੀ ਜਿਹੀਆਂ ਹੋਰ ਕਿੰਨੀਆਂ ਹੀ ਕੰਜਕਾਂ ਨੂੰ ਆਪਣੀ ਬਲਾਤਕਾਰੀ ਹਵਸ ਤੇ ਸਮਾਜਿਕ ਸ਼ੋਸ਼ਣ ਦਾ ਨਿਸ਼ਾਨਾ ਬਣਾਉਂਦਾ ਹੈ ਤਾਂ ਅਸੀਂ ਤਕਰੀਬਨ ਸਾਰੇ ਹੀ ਔਰਤ ਨੂੰ ਬਜ਼ਾਰੂ ਤੇ ਉਪਭੋਗਤਾ ਦੀ ਵਸਤੂ ਹੀ ਸਮਝਦੇ ਹਾਂ।

ਸੋ ਸਾਡੀ ਅਜਿਹੀ ਮਾਨਸਿਕਤਾ ਚਿਰਾਂ ਤੋਂ ਹੁਣ ਤੱਕ ਵੀ ਬਣੀ ਹੋਈ ਹੈ ਕਿ ਆਦਮੀ ਨੇ ਔਰਤ ਨੂੰ ਜਨਮ ਤੋਂ ਹੀ ਧੀ-ਭੈਣ ਦੇ ਰੂਪ ਵਿਚ ਦਿਲੋਂ-ਮਨੋਂ ਸਵੀਕਾਰ ਨਹੀਂ ਕੀਤਾ। ਜੇ ਆਦਮੀ ਘਰੋਂ ਬਾਹਰ ਕੋਈ ਖੇਹ-ਖਰਾਬੀ ਕਰਨ ਲਈ ਪੈਰ ਬਾਹਰ ਕੱਢੇ ਤਾਂ ਉਹ ਚੋਬਰ ਤੇ ਨਹਾਤਾ ਘੋੜਾ ਹੈ, ਪਰ ਬਿਲਕੁਲ ਇਸ ਹੀ ਸੂਰਤ ਵਿਚ ਜੇ ਕੁੜੀ ਕਿਸੇ ਪ੍ਰੇਮ-ਪ੍ਰੀਤ ਦੀ ਭਾਵਨਾ ਹੇਠ ਘਰੋਂ ਬਾਹਰ ਨਿਕਲੇ ਤਾਂ ਉਹ ਧਰਤੀ ਤੇ ਮੌਤ ਅਤੇ ਪ੍ਰਲੋਕ ਵਿਚ ਨਰਕਾਂ ਦੀ ਭਾਗੀ ਕਹਾਉਂਦੀ ਹੈ। ਇਸ ਪ੍ਰਸੰਗ ਵਿਚ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਗੌਰਤਲਬ ਹੈ ਕਿ ਮਰਦ ਸਮਾਜ ਵਿਚ ਹਾਲੇ ਵੀ ਇਕ ਬਹੁਤ ਵੱਡਾ ਤਬਕਾ ਹੈ ਕਿ ਜਿਹੜਾ ਅੱਜ ਵੀ ਮੰਨਦਾ ਹੈ ਕਿ ਬੇਸ਼ੱਕ ਔਰਤ ਵਿਚ ਬਹੁਤ ਗੁਣ ਹੋਣਗੇ, ਪਰ ਫਿਰ ਵੀ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਹੈ।

ਇਸ ਸੰਦਰਭ ਵਿਚ ਕੁਝ ਸਮਾਂ ਹੋਇਆ ਕਿ ਮੈਂ ਆਪਣੇ ਇਕ ਲੇਖ ਵਿਚ ਨਾਰੀ ਜਗਤ ਦੀ ਆਪਣੇ ਹੀ ਅੰਦਾਜ਼ ਵਿਚ ਸਿਫ਼ਤ-ਸਲਾਹ ਕਰ ਦਿੱਤੀ ਕਿਉਂਕਿ ਮੈਂ ਆਪਣੇ ਮਾਤਾ-ਪਿਤਾ ਤੋਂ ਮਿਲੇ ਚੰਗੇ ਸੰਸਕਾਰਾਂ ਸਦਕਾ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਦਾ ਸ਼ੁਰੂ ਤੋਂ ਹੀ ਕਦਰਦਾਨ ਹਾਂ। ਇਸ ਤਰ੍ਹਾਂ ਹੀ ਮੈਂ ਗਰੀਬਾਂ ਤੇ ਫੌਜੀਆਂ ਦਾ ਮੁਦਈ ਅਤੇ ਸ਼ੂੰਅ-ਫੈਂਅ ਦੇ ਪੱਟੇ ਅਮੀਰ ਵਰਗ ਤੇ ਝੂਠੀ ਫੰਨੇਖਾਈ ਦੇ ਸਰਾਪੇ ਸਿਆਸੀ ਲੋਕਾਂ ਦਾ ਮਨੋਂ-ਮਨੀਂ ਸ਼ਰੀਕ ਰਿਹਾ ਹਾਂ। ਇਉਂ ਮੈਂ ਖ਼ੁਦ 'ਪੁੱਤ ਸਿੱਧੂ ਸਰਦਾਰਾਂ ਦਾ' ਹੋਣ ਦੇ ਬਾਵਜੂਦ ਵੀ ਜਗੀਰਦਾਰੀ ਸੋਚ ਤੇ ਨਿਜ਼ਾਮ ਦੇ ਉਲਟ ਰਿਹਾ ਹਾਂ।

ਬੇਸ਼ੱਕ ਬਹੁਤ ਸਾਰੇ ਪਾਠਕਾਂ ਵੱਲੋਂ ਮੇਰੇ ਵਿਚਾਰਾਂ ਦੀ ਸਲਾਹੁਤਾ ਵੀ ਹੋਈ, ਪਰ ਨਾਰੀ ਵਿਰੋਧੀ ਕੁਝ ਕੁ ਨੁਕਤਾਚੀਨ ਸੱਜਣਾਂ ਨੂੰ ਮੇਰੀ ਲਿਖਤ ਜਚੀ ਨਹੀਂ। ਜਿਸ ਕਰਕੇ ਉਨ੍ਹਾਂ ਨੇ ਮਰਦ ਪ੍ਰਧਾਨ ਸਮਾਜ ਦੇ ਉਲਟ ਨਜ਼ਰੀਏ ਤੇ ਮੇਰੇ ਖਿਆਲਾਂ-ਵਿਚਾਰਾਂ ਦੀ ਇੰਨੀ ਅਲੋਚਨਾ ਕੀਤੀ ਕਿ ਮੇਰੀ ਤਾਂ ਭਿਆਂ ਹੀ ਬੁਲਾ ਦਿੱਤੀ। ਮਰਦ ਪ੍ਰਧਾਨ ਸਮਾਜ ਦੇ ਇਨ੍ਹਾਂ ਕਥਿਤ ਲੰਬੜਦਾਰਾਂ ਦਾ ਕਹਿਣਾ ਸੀ ਕਿ ਮੈਂ ਐਵੇਂ ਹੀ ਗੁਰੂ ਨਾਨਕ ਦੇਵ ਪਾਤਿਸ਼ਾਹ ਦੇ ਫ਼ੁਰਮਾਨ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦੀ ਤਰਜ਼ ਉਤੇ ਹੀ ਇਕ-ਵਾਗੇ ਜਿਹੇ ਹੋ ਕੇ ਔਰਤਜ਼ਾਤ ਦੀ ਵਾਧੂ ਪ੍ਰਸ਼ੰਸਾ ਕਰ ਦਿੱਤੀ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਸੀ ਕਿ ਅਸਲ ਵਿਚ ਮੈਂ ਆਪਣੇ ਹੀ ਵੇਗ ਵਿਚ ਆਇਆ ਇਸਤਰੀ ਜਾਤੀ ਦਾ ਦੂਜਾ ਪੱਖ ਤਾਂ ਭੁੱਲ ਹੀ ਗਿਆ ਹਾਂ ਕਿ ਜ਼ਨਾਨੀ ਜ਼ਾਤ ਤਾਂ 'ਸ਼ੈਤਾਨ ਦੀ ਟੂਟੀ' ਹੁੰਦੀ ਹੈ, ਜਿਸ ਕਰਕੇ ਇਹ ਸਾਰੇ ਸਮਾਜਿਕ ਪੁਆੜਿਆਂ ਦੀ ਜੜ੍ਹ ਬਣਦੀ ਹੈ।

ਗੌਰਤਲਬ ਹੈ ਕਿ ਇਸ ਪ੍ਰਸੰਗ ਵਿਚ ਉਨ੍ਹਾਂ ਦੀ ਸਾਰੀ ਗੱਲਬਾਤ ਸਾਡੇ ਸਮਾਜ ਵਿਚ ਪ੍ਰਚੱਲਤ ਔਰਤ ਵਿਰੋਧੀ ਅਖਾਣਾਂ ਤੇ ਮੁਹਾਵਰਿਆਂ 'ਤੇ ਅਧਾਰਿਤ ਸੀ। ਜੇ ਇਕ ਨੇ ਕਿਹਾ ਕਿ 'ਖਾਣ-ਪੀਣ ਨੂੰ ਭਾਗਭਰੀ ਤੇ ਛਿੱਤਰ ਖਾਣ ਨੂੰ ਜੁੰਮਾ' ਭਾਵ ਐਸ਼-ਅਰਾਮ ਕਰਨ ਨੂੰ ਤਾਂ ਔਰਤ ਹੁੰਦੀ ਹੈ ਤੇ ਬੰਦਾ ਤਾਂ ਕਮਾਉਣ ਤੇ ਭੁਗਤਣ ਨੂੰ ਹੀ ਹੁੰਦਾ ਹੈ। ਇਉਂ ਹੀ ਕਿਸੇ ਹੋਰ ਨੇ 'ਖਾਣ-ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ' ਜਿਹਾ ਲੋਕਯਾਨ ਦਾ ਸੂਤਰ ਸੁਣਾ ਕੇ ਬਸ ਚਿੱਤ ਹੀ ਰਾਜ਼ੀ ਕਰ ਦਿੱਤਾ। ਫਿਰ ਇਕ ਅਖੌਤੀ ਜਿਹੇ ਗੁੜ੍ਹ-ਗਿਆਨੀ ਨੇ ਤਾਂ ਔਰਤ ਤੇ ਬੰਦਾਜ਼ਾਤ ਦੇ ਆਪਸੀ ਮਾੜੇ ਸਬੰਧਾਂ ਬਾਰੇ ਸਾਡੇ ਸਮਾਜ ਵਿਚ ਪ੍ਰਚੱਲਤ 'ਘੁੱਗੀ ਕੰਜਰੀ ਤੇ ਕਾਂ ਬਦਨਾਮ' ਜਿਹੀ ਧਾਰਨਾ ਵਾਲਾ ਟੋਟਕਾ ਸੁਣਾ ਕੇ ਗੱਲ ਦੀ ਲੀਹ ਹੀ ਪੁਗਾ ਦਿੱਤੀ।

ਸਾਡੇ ਇਸ ਕੋਝੇ ਜਿਹੇ ਸਮਾਜਿਕ ਪ੍ਰਚੱਲਣ ਦੇ ਸਬੰਧ ਵਿਚ ਸਪੱਸ਼ਟ ਹੈ ਕਿ



Original with;
Kulbir Singh Sidhu(I.A.S)
Digitized by;
Panjab Digital Library

ਅਜਿਹੀਆਂ ਕਹਾਵਤਾਂ ਇਸ ਲਈ ਬਣੀਆਂ ਹਨ ਕਿ ਜਦੋਂ ਖ਼ਤਾਂ ਕੋਈ ਕਰੇ ਤੇ ਖਮਿਆਜ਼ਾ ਕੋਈ ਭੁਗਤੇ ਅਰਥਾਤ 'ਜੁਰਮ ਕੋਈ ਕਰੇ ਤੇ ਸਜ਼ਾ ਕਿਸੇ ਹੋਰ ਨੂੰ ਮਿਲੇ' ਅਤੇ ਜਾਂ ਫਿਰ ਦੋਵੇਂ ਧਿਰਾਂ ਦੋਸ਼ੀ ਹੋਣ, ਪਰ ਦੋਸ਼ ਸਿਰਫ਼ ਇਕ ਧਿਰ ਦੇ ਸਿਰ ਮੜ੍ਹ ਕੇ ਇਕ ਧਿਰ ਆਪਣੇ ਆਪ ਨੂੰ ਬਰੀ-ਉਲ-ਜਿੰਮਾ ਕਰ ਲਵੇ। ਜ਼ਾਹਿਰ ਹੈ ਕਿ ਔਰਤ ਵਿਰੋਧੀ ਇਨ੍ਹਾਂ ਅਖੌਤਾਂ ਦੇ ਪਿਛੇ ਸਾਡੀ ਮਾਨਸਿਕਤਾ ਇਹ ਹੈ ਕਿ ਕੁਝ ਕੁ ਕੇਸਾਂ ਵਿਚ ਤਾਂ ਭਾਵੇਂ ਮਰਦਾਂ ਦਾ ਦੋਸ਼ ਹੋਵੇ, ਪਰ ਜ਼ਿਆਦਾਤਰ ਦੋਸ਼ ਔਰਤਾਂ ਦਾ ਹੀ ਹੁੰਦਾ ਹੈ।

ਖ਼ੈਰ! ਸਾਡੀ ਇਹ ਗਿਆਨ-ਗੋਸ਼ਟੀ 'ਦੂਰ-ਭਾਸ਼' ਅਰਥਾਤ ਟੈਲੀਫੋਨ 'ਤੇ ਹੋ ਰਹੀ ਸੀ। ਇਸ ਵਾਸਤੇ ਸਮੇਂ ਦੇ ਪੱਖੋਂ ਗੱਲ ਸੰਕੋਚਣ ਲਈ ਮੈਂ ਉਨ੍ਹਾਂ ਨੂੰ ਮਿੰਨਤ-ਸਮਾਜਿਤ ਮਾਤਰ ਬਥੇਰਾ ਕਿਹਾ ਕਿ ਸਮਾਜ ਨੂੰ ਦਿੱਤੇ ਗਏ ਯੋਗਦਾਨ ਦੇ ਪੱਖੋਂ ਔਰਤ ਦਾ ਦਰਜਾ ਆਦਮੀ ਨਾਲੋਂ ਹਾਲੇ ਵੀ ਕਿਤੇ ਉੱਚਾ ਹੈ। ਜੇ ਫਿਰ ਸਮਾਜ ਵਿਚ ਬੰਦੇ ਤੇ ਔਰਤ ਦੇ ਕੁੱਲ ਗੁਣ-ਔਗੁਣ ਮਿਲਾ ਕੇ ਕੋਈ ਗੱਲ ਕਹਿਣੀ-ਕਥਨੀ ਹੋਵੇ ਤਾਂ ਸਦਾਚਾਰ ਤੇ ਨੈਤਿਕਤਾ ਦੇ ਪੱਖੋਂ ਮਰਦ ਹੁਣ ਵੀ ਔਰਤ ਨਾਲੋਂ ਕਿਤੇ ਪਿਛੇ ਹੈ। ਹੋਰ ਤਾਂ ਹੋਰ, ਸਗੋਂ ਆਦਮੀ ਆਪਣੇ ਘਰ-ਪਰਿਵਾਰ ਵਿਚ ਵੀ ਇਖ਼ਲਾਕੀ ਪੱਖੋਂ ਆਪਣੀਆਂ ਮਾਈਆਂ-ਬੀਬੀਆਂ ਤੇ ਸੁਆਣੀਆਂ ਦੇ ਤੁੱਲ ਨਹੀਂ ਹੈ, ਪਰ ਉਨ੍ਹਾਂ ਸੱਜਣਾਂ ਨੇ ਆਪਣੀ ਗੱਲ ਪੁਗਾਉਣ ਦੀ ਅੜੀ ਹੀ ਨਹੀਂ ਛੱਡੀ।

ਇਸ ਚੱਲ ਰਹੇ ਪ੍ਰਸੰਗ ਵਿਚ ਮੈਂ ਉਨ੍ਹਾਂ ਸੱਜਣਾਂ ਨੂੰ ਇਹ ਸਮਝਾਉਣ ਦੀ ਵੀ ਕੋਸ਼ਿਸ਼ ਕੀਤੀ ਕਿ ਮੈਂ ਔਰਤ ਨੂੰ ਸ੍ਰਿਸ਼ਟੀ ਦੀ ਮੁੱਖ ਸਿਰਜਣਾ ਸਰੋਤ ਹੋਣ ਦੇ ਨਾਲ-ਨਾਲ ਦੁਨੀਆਂ ਭਰ ਦੇ ਸਾਹਿਤ ਤੇ ਖ਼ਾਸ ਕਰਕੇ ਕਾਵਿ ਸਾਹਿਤ ਦਾ ਮੂਲ ਸਰੋਤ ਮੰਨਦਾ ਹਾਂ। ਇਸ ਸਬੰਧ ਵਿਚ ਤਾਂ ਗੁਰੂ ਸਾਹਿਬਾਨ ਤੋਂ ਲੈ ਕੇ ਸੂਫੀ ਸੰਤਾਂ ਤੱਕ ਨੇ ਆਤਮਿਕ ਰੂਪ ਵਿਚ ਪ੍ਰਮਾਤਮਾ ਦੇ ਸਾਹਮਣੇ ਆਪਣੇ ਆਪ ਨੂੰ 'ਮਹਿਲਾ' ਵਜੋਂ ਹੀ ਦਰਸਾਇਆ ਹੈ।

ਜੇ ਫਿਰ ਕਿੱਸਾ ਕਾਵਿ ਦੀ ਗੱਲ ਕਰੀਏ ਤਾਂ ਦਮੋਦਰ, ਪੀਲੂ, ਹਾਫਿਜ਼ ਬਰਖੁਰਦਾਰ, ਵਾਰਿਸ ਸ਼ਾਹ, ਹਾਸ਼ਮ, ਮੁਕਬਲ, ਅਹਿਮਦਯਾਰ ਤੇ ਹੋਰ ਕਿੰਨੇ ਹੀ ਕਿੱਸਾਕਾਰਾਂ ਨੇ 'ਪ੍ਰੀਤਾਂ ਦੇ ਪਹਿਰੇਦਾਰ' ਬਣ ਕੇ ਔਰਤ ਦੀ ਸੂਰਤ ਤੇ ਸੀਰਤ ਦੇ ਸੋਹਲੇ ਗਾਏ ਹਨ। ਇਉਂ ਹੀ ਉਰਦੂ ਸ਼ਾਇਰੀ ਵਿਚ ਔਰਤ ਦੇ ਹੁਸਨ ਤੇ ਇਖ਼ਲਾਕ ਨੇ ਤਾਂ ਮੀਰ ਤਕੀ ਮੀਰ, ਜ਼ੌਕ ਦੇਹਲਵੀ, ਦਾਗ, ਗਾਲਿਬ, ਇਕਬਾਲ, ਫੈਜ਼ ਅਹਿਮਦ ਫੈਜ਼ ਤੇ ਸਾਹਿਰ ਲੁਧਿਆਣਵੀ ਜਿਹੇ ਅਜ਼ੀਮ ਸ਼ਾਇਰਾਂ ਨੂੰ ਖਿਆਲਾਂ ਦੀ ਬੁਲੰਦੀ ਦਿੱਤੀ ਹੈ। ਇਹ ਸਭ ਕੁਝ ਸੁਣਨ ਦੇ ਬਾਵਜੂਦ ਵੀ ਬਹੁਤੇ ਮਿੱਤਰਾਂ ਨੇ ਤਾਂ 'ਮੈਂ ਨਾ ਮਾਨੂੰ' ਦੀ ਰਟ ਹੀ ਫੜ੍ਹ ਲਈ। ਬਸ ਸਮਝੋ ਕਿ ਬਹਿਸ ਦੀ ਐਸੀ ਸੂਈ ਅੜੀ ਕਿ ਮੈਂ ਉਨ੍ਹਾਂ ਦੇ ਸੰਗੀਨ ਜਿਹੇ ਕਿਸੇ ਸੰਵਾਦ ਦਾ ਇਕ ਦੰਦਾ ਕੱਢਾਂ ਤੇ ਉਹ ਸੱਜਣ ਓਦੋਂ ਵੀ ਵੱਡਾ ਦੰਦਾ ਫਸਾ ਲੈਣ।



*Original with;*
Kulbir Singh Sidhu(I.A.S)
*Digitized by;*
Panjab Digital Library

ਖ਼ੈਰ! ਮੈਂ ਇਸ ਤਰ੍ਹਾਂ ਦੇ ਜਾਭਾਂ ਦੇ ਭੇੜ ਤੋਂ ਖਹਿੜਾ ਛੁਡਾਉਣ ਦੀ ਗਰਜ਼ ਨਾਲ ਉਨ੍ਹਾਂ 'ਬੇਬੇ ਵਿਰੋਧੀ' ਬੰਦਿਆਂ ਦੀ ਗੱਲ ਸਮਝਣ ਦੀ ਕੋਸ਼ਿਸ਼ ਵੀ ਕੀਤੀ। ਮੈਨੂੰ ਬਸ ਇਹ ਹੀ ਸਮਝ ਆਈ ਕਿ ਉਹ ਸੋਚਦੇ ਕਿ ਸ਼ੈਤਾਨ ਨੇ ਵੀ 'ਮਾਈ ਹਵਾ' ਨੂੰ 'ਬਾਬਾ ਆਦਮ' ਨੂੰ ਉਕਸਾ ਕੇ ਰੱਬ ਦੀ ਨਸੀਹਤ ਦੇ ਉਲਟ 'ਬਹਿਸ਼ਤੀ ਬਾਗ' ਵਿਚੋਂ ਸੇਬ ਖਾਣ ਨੂੰ ਕਿਹਾ ਸੀ, ਜਿਸ ਕਰਕੇ ਆਖਿਰਕਾਰ ਬੰਦੇ ਨੂੰ ਬੜਾ ਬੇਆਬਰੂ ਹੋ ਕੇ ਸਵਰਗ ਤੋਂ ਧਰਤੀ 'ਤੇ ਆਉਣਾ ਪਿਆ ਸੀ।

ਇਉਂ ਹੀ ਕੁਝ ਕੁ ਹੋਰ ਪੜ੍ਹੇ-ਲਿਖੇ ਅਜਿਹੇ ਅਲੋਚਕਾਂ ਦੀ ਇਕ ਇਹ ਵੀ ਦਲੀਲ ਸੀ ਕਿ ਘਰ-ਗ੍ਰਹਿਸਥੀ ਦੇ ਵਿਚ ਜਿੰਨੇ ਪਖੰਡ ਤੇ ਪੰਗੇ ਔਰਤ ਰਚਦੀ ਹੈ, ਬੰਦਾ ਤਾਂ ਉਸ ਦੇ ਪਾਸਿੰਗ ਵੀ ਨਹੀਂ ਹੈ। ਇਨ੍ਹਾਂ ਸੱਜਣਾਂ ਨੇ ਮਾਤਾ ਕੈਕੱਈ ਦੀ ਆਪਣੇ ਪੁੱਤਰ ਲਈ ਰਾਜ ਪ੍ਰਾਪਤੀ ਦੀ ਤ੍ਰਿਸ਼ਨਾ ਤੋਂ ਲੈ ਕੇ ਮਾਤਾ ਸੀਤਾ ਵੱਲੋਂ ਸੁਨਹਿਰੀ ਮਿਰਗ ਦੀ ਤਮੰਨਾ ਤੱਕ ਦੇ ਹੋਏ-ਬੀਤੇ ਵਿਰਤਾਂਤਾਂ ਦਾ ਮੈਨੂੰ ਗਿਆਨ ਕਰਵਾ ਦਿੱਤਾ। ਫਿਰ ਉਨ੍ਹਾਂ ਨੇ ਮਹਾਂਭਾਰਤ ਕਾਲ ਵਿਚ ਦਰੋਪਦੀ ਵੱਲੋਂ ਦਰਯੋਧਨ ਦੀ ਕੀਤੀ ਗਈ ਬੇਇਜ਼ਤੀ ਤੇ ਉਸ ਦੇ ਮਾੜੇ ਨਤੀਜੇ ਵਜੋਂ ਮਹਾਂਭਾਰਤ ਦੇ ਸੰਤਾਪ ਦੀ ਕਥਾ ਵੀ ਸੁਣਾ ਦਿੱਤੀ।

ਇਨ੍ਹਾਂ ਵਿਚੋਂ ਹੀ ਇਕ ਭੱਦਰਪੁਰਸ਼ ਦਾ ਤਾਂ ਇਹ ਵੀ ਕਹਿਣਾ ਸੀ ਕਿ ਦੁਨੀਆਂ ਦੇ ਜਾਬਰ ਤੇ ਨਾਬਰ ਹੁਕਮਰਾਨ ਵੀ ਔਰਤ ਦੇ ਇਸ਼ਕ ਦੀ ਕੀਲ ਤੋਂ ਨਹੀਂ ਬਚ ਸਕੇ। ਜਿਸ ਕਰਕੇ ਦੁਨੀਆਂ ਦੇ ਵਿਚ ਬਹੁਤੀਆਂ ਜੰਗਾਂ ਤੇ ਖ਼ੂਨ-ਖ਼ਰਾਬੇ ਔਰਤਾਂ ਦੀ ਮਾੜੀ ਭੱਦਰਕਾਰੀ ਦੇ ਕਾਰਨ ਹੀ ਹੋਏ ਹਨ। ਇਸ ਸਬੰਧ ਵਿਚ ਸੰਗਰੂਰ ਵਾਲੇ ਇਕ ਜਥੇਦਾਰ ਸਾਹਿਬ ਤਾਂ **ਬਾਬਾ ਵਾਰਿਸ ਸ਼ਾਹ** ਨੂੰ ਹੀ ਨਾਲ ਲਿਆ ਖੜੋਤੇ ਕਿ :-

'ਆਸ਼ਕ, ਭੌਰ ਤੇ ਨਾਗ ਕਾਲੇ ਬਾਝ ਮੰਤਰੋਂ ਕਦੇ ਨਾ ਕੀਲੀਏ ਜੀ।'

ਮੇਰੀ ਜਾਚੇ ਬੇਸ਼ੱਕ ਇਹ ਗੱਲ ਬਹੁਤ ਹੱਦ ਤੱਕ ਤਾਂ ਠੀਕ ਹੈ, ਪਰ ਅੰਤ ਨੂੰ ਮੇਰਾ ਇਹ ਹੀ ਅਕੀਦਾ ਹੈ ਕਿ ਔਰਤਜ਼ਾਤ ਘਰ ਤੋਂ ਲੈ ਕੇ ਸਮਾਜ ਤੇ ਅੱਗੇ ਸੰਸਾਰ ਤੱਕ ਆਦਮੀ ਦੀ ਬੜੀ ਵੱਡੀ ਤਾਕਤ ਹੁੰਦੀ ਹੈ। ਇਸ ਵਾਸਤੇ ਹੀ ਕਿਹਾ ਜਾਂਦਾ ਹੈ ਕਿ ਮਹਾਨ ਪੁਰਖਿਆਂ ਦੇ ਪਿਛੇ ਉਨ੍ਹਾਂ ਦੀਆਂ ਮਾਵਾਂ ਦੀ ਪ੍ਰੇਰਣਾ ਰਹੀ ਹੈ। ਇਉਂ ਹੀ ਦੁਨੀਆਂ ਦੇ ਇਤਿਹਾਸ ਤੇ ਸਾਹਿਤ ਦੇ ਨਾਮੀ ਵਿਅਕਤੀਆਂ ਦੇ ਪਿਛੇ ਵੀ ਔਰਤ ਦੀ ਕਿਸੇ ਨਾ ਕਿਸੇ ਰੂਪ ਵਿਚ ਪ੍ਰੇਰਣਾ ਹੁੰਦੀ ਹੈ।

ਇਸ ਪ੍ਰਥਾਇ ਮੈਂ ਉਨ੍ਹਾਂ ਬਹਿਸਬਾਜ਼ ਬਾਈਆਂ ਨੂੰ ਸ਼ਾਹਜਹਾਂ ਦਾ ਆਪਣੀ ਬੇਗਮ ਮੁਮਤਾਜ਼ ਲਈ, ਫਰਾਂਸ ਦੇ ਬਾਦਸ਼ਾਹ ਨੈਪੋਲੀਅਨ ਬੋਨਾਪਾਰਟ ਦਾ ਜੋਸੇਫੀਨ ਲਈ, ਇਟਲੀ ਦੇ ਡਿਕਟੇਟਰ ਮੋਸੋਲੀਨੀ ਦਾ ਆਪਣੀ ਪ੍ਰੇਮਿਕਾ ਕਲਾਰਾ ਲਈ ਅਤੇ ਹਿਟਲਰ ਦਾ ਈਵਾ ਬਰਾਊਨ ਲਈ ਇਸ਼ਕ ਦੀਆਂ ਕਈ ਮਿਸਾਲਾਂ ਦਿੱਤੀਆਂ ਕਿ ਐਡਵਰਡ ਅੱਠਵੇਂ ਨੇ ਤਾਂ ਇੰਗਲੈਂਡ ਦਾ ਰਾਜ ਭਾਗ ਹੀ ਆਪਣੀ ਪ੍ਰੇਮਿਕਾ ਸਿੰਪਸਨ ਲਈ ਤਿਆਗ ਦਿੱਤਾ ਸੀ, ਪਰ ਉਹ ਬਾਈ ਮੰਨਣ ਵਿਚ ਹੀ ਨਹੀਂ ਆਏ।



Original with;
Kulbir Singh Sidhu(I.A.S)
Digitized by;
Panjab Digital Library

ਫਿਰ ਮੈਂ ਇਉਂ ਹੀ ਉਨ੍ਹਾਂ ਨੂੰ ਬੇਨਤੀ-ਬੇਨਤਾ ਕੀਤਾ ਕਿ ਯੁਗੋ-ਯੁਗ ਚਲਦੀ ਆ ਰਹੀ ਹੁਸਨ ਤੇ ਇਸ਼ਕ ਦੀ ਇਸ ਖੇਡ ਵਿਚ ਭਾਵੇਂ ਯੂਨਾਨ ਦੀ ਹੈਲਨ ਆਫ਼ ਟਰੌਏ ਹੋਵੇ ਜਾਂ ਮਿਸਰ ਦੀ ਕਲੀਓਪੈਤਰਾ ਹੋਵੇ ਤੇ ਫੇਰ ਭਾਵੇਂ ਇਹ ਪ੍ਰਾਚੀਨ ਸਮੇਂ ਦੇ ਨਗਰ ਵੈਸ਼ਾਲੀ ਦੀ ਅਮਰਪਾਲੀ ਹੋਵੇ ਜਾਂ ਭਾਵੇਂ ਮੇਵਾੜ ਦੀ ਰਾਣੀ ਕਰਣਾਵਤੀ ਜਾਂ ਚਿਤੌੜ ਦੀ ਰਾਣੀ ਪਦਮਨੀ ਹੋਵੇ ਜਾਂ ਫਿਰ ਭਾਵੇਂ ਪੰਜਾਬ ਦੇ ਨਗਰ ਨੂਰਮਹਿਲ ਦੀ ਜੰਮਪਲ ਹਿੰਦੋਸਤਾਨ ਦੀ ਮਲਿਕਾ ਨੂਰਜਹਾਂ ਹੋਵੇ, ਬੱਸ ਸਭ ਵਿਚ ਕੋਈ ਨਾ ਕੋਈ ਖ਼ੂਬਸੂਰਤ ਗੁਣ ਜ਼ਰੂਰ ਸੀ। ਇਸ ਵਾਸਤੇ ਇਹ ਸਭ ਨਾਮਚੀਨ ਔਰਤਾਂ ਐਵੇਂ-ਕੈਵੇਂ ਹੀ ਇਤਿਹਾਸ ਦੀਆਂ ਪਾਤਰ ਨਹੀਂ ਬਣੀਆਂ ਸਨ।

ਇਸ ਤਰ੍ਹਾਂ ਹੀ ਇਹ ਭਾਵੇਂ ਰਾਜਸਥਾਨ ਦਾ ਪ੍ਰੇਮੀ ਜੋੜਾ ਢੋਲਾ ਮਾਰੂ ਜਾਂ ਫਿਰ ਪੰਜਾਬ ਦੇ ਦਿਲਦਾਰ ਹੀਰ-ਰਾਂਝੇ, ਸੱਸੀ-ਪੁੰਨੂ, ਸਹਿਤੀ-ਮੁਰਾਦ, ਸੋਹਣੀ-ਮਹੀਂਵਾਲ, ਸ਼ੀਰੀਂ-ਫਰਹਾਦ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾਂ ਵਰਗੇ ਗੱਭਰੂ-ਗਭਰੇਟ ਆਸ਼ਿਕ ਹੋਣ, ਇਹ ਸਭ ਲੋਕ-ਦਿਲਾਂ ਦੇ ਹਰਮਨ ਪਿਆਰੇ ਲੋਕ ਨਾਇਕ ਸਨ। ਇਸ ਤਰ੍ਹਾਂ ਹੀ ਭਾਵੇਂ ਇਹ ਹੱਡਾਂ ਵਿਚ ਇਸ਼ਕ ਰਚਾਈ ਫਿਰਦੇ ਵਲੈਤ ਦੇ ਆਸ਼ਿਕ-ਮਾਸ਼ੂਕ ਰੋਮਿਊ-ਜੂਲੀਅਟ ਹੋਣ ਜਾਂ ਗੋਆ ਦੇ ਹਰਦਿਲ ਅਜ਼ੀਜ਼ ਪ੍ਰੇਮੀ ਡੋਨਾ-ਪਾਊਲਾ ਹੋਣ, ਬੱਸ ਇਹ ਸਭ ਪ੍ਰੇਮੀ ਲੋਕ-ਦਿਲਾਂ ਦੇ ਰਾਜੇ ਤੇ ਰਾਣੀਆਂ ਹਨ। ਮੁੱਕਦੀ ਗੱਲ! ਇਨ੍ਹਾਂ ਸਭ 'ਪ੍ਰੀਤਾਂ ਦੇ ਪਹਿਰੇਦਾਰ' ਨੱਢੇ ਤੇ ਨੱਢੀਆਂ ਦੇ ਹੁਸਨ ਤੇ ਇਖ਼ਲਾਕ ਦਾ ਸੰਸਾਰ ਭਰ ਨੇ ਲੋਹਾ ਮੰਨਿਆ ਹੈ ਤੇ ਇਹ ਅੱਜ ਵੀ ਲੋਕ ਚੇਤਨਾ ਦਾ ਹਿੱਸਾ ਹਨ।

ਬਸ ਭਰਾਵੋ, ਆਪਣਾ-ਆਪਣਾ ਨਜ਼ਰੀਆ ਤੇ ਫਿਰ ਉਸ ਨਜ਼ਰੀਏ 'ਤੇ ਆਪੋ-ਆਪਣਾ ਹੀ ਅੜੀਅਲਪਣ ਹੁੰਦਾ ਹੈ। ਇਸ ਵਾਸਤੇ ਕਈ ਸੱਜਣਾਂ ਨੇ ਤਾਂ ਬਿਨਾਂ ਜਾਣੇ-ਬਿਨਾਂ ਪਛਾਣੇ ਜਾਂ ਬਿਨਾਂ ਕੁਝ ਪੁੱਛੇ-ਗਿਣੇ, ਬੱਸ ਮੈਨੂੰ 'ਰੰਨ-ਮੁਰੀਦ' ਹੋਣ ਦੀ ਉਪਾਧੀ ਹੀ ਦੇ ਦਿੱਤੀ। ਜਲੂਰ ਪਿੰਡ ਵਾਲੇ ਇਕ ਜਥੇਦਾਰ ਸਾਹਿਬ ਤਾਂ ਮੇਰੇ ਖਹਿੜੇ ਹੀ ਪੈ ਗਏ ਕਿ ਜ਼ਨਾਨੀ ਜ਼ਾਤ ਤਾਂ 'ਫਿੱਟਣੀਆਂ ਦਾ ਫੇਟ' ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਰਾਂਝੇ ਨੂੰ ਪੱਟਣ ਵਾਲੀ ਹੀਰ ਤੇ ਅੰਗੋਂ-ਸਾਕੋਂ ਉਸ ਦੀ ਭਤੀਜੀ ਸਾਹਿਬਾਂ ਨੇ ਆਪਣੇ ਯਾਰ ਮਿਰਜ਼ੇ ਨੂੰ ਮਰਵਾਉਣ ਵਿਚ ਭਲਾ ਕੀ ਭਲੀ ਗੁਜ਼ਾਰੀ ਸੀ। ਅਜਿਹੀਆਂ ਨਾਰਾਂ ਦੀਆਂ ਕਰਤੂਤਾਂ ਨੂੰ ਦੇਖ ਕੇ ਹੀ ਤਾਂ **ਪੀਲੂ** ਨੇ 'ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ' ਅਤੇ 'ਕੋਠੇ ਯਾਰ ਚੜ੍ਹਾ ਕੇ ਪਿਛੋਂ ਪੌੜੀ ਦਿੰਦੀਆਂ ਚੱਕ' ਜਾਂ 'ਹੱਸ-ਹੱਸ ਲਾਉਂਦੀਆਂ ਯਾਰੀਆਂ ਤੇ ਰੋ-ਰੋ ਦੇਂਦੀਆਂ ਦੱਸ' ਕਿਹਾ ਹੈ। ਅਜਿਹੀਆਂ ਮਾੜੀਆਂ ਵਹਿਵਤਾਂ ਤੇ ਕਰਤੂਤਾਂ ਕਰਨ ਵਾਲੀਆਂ ਇਹ ਟੂਣੇਹਾਰੀਆਂ, ਮੋਮੋਠੱਗਣੀਆਂ ਤੇ ਖੇਖਣਹਾਰੀਆਂ ਔਰਤਾਂ ਹੀ ਹੁੰਦੀਆਂ ਹਨ।

ਗੱਲ ਕੀ; ਜਥੇਦਾਰ ਜੀ ਨੇ ਤਾਂ ਮੈਨੂੰ ਤਕਰੀਬਨ ਸਾਰਾ ਹੀ ਪੀਲੂ ਤੇ ਵਾਰਿਸ ਸ਼ਾਹ ਪੜ੍ਹਾ ਦਿੱਤਾ। ਇਉਂ ਹੀ ਉਨ੍ਹਾਂ ਨੇ **ਦੇਵ ਥਰੀਕਿਆਂ** ਵਰਗਿਆਂ ਦੇ ਸੁਖਨ "ਰੰਨਾਂ ਚੰਚਲਹਾਰੀਆਂ ਕੀ ਰੰਨਾਂ ਦਾ ਇਤਬਾਰ, ਇਹ ਦਿਨੇ ਡਰਨ ਪਰਛਾਵਿਓਂ ਤੇ ਰਾਤੀਂ ਨਦੀਆਂ ਕਰਦੀਆਂ ਪਾਰ" ਸੁਣਾ ਕੇ ਤਾਂ ਮੈਨੂੰ ਨਿਹਾਲ ਹੀ ਕਰ ਦਿੱਤਾ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਤੋਂ ਮੈਨੂੰ ਵੀ ਯਾਦ ਆਇਆ ਕਿ ਸ਼ੈਕਸਪੀਅਰ ਵਰਗਾ ਮੰਨਿਆਂ-ਦੰਨਿਆਂ ਵਿਦਵਾਨ ਵੀ ਤਾਂ ਔਰਤ ਨੂੰ 'ਫਰੈਲਿਟੀ ਦਾਈ ਨੇਮ ਇਜ਼ ਵੁਮੈਨ' ਤੇ 'ਕੈਟਸ ਇਨ ਬੈੱਡ' ਕਹਿੰਦਾ ਹੈ।

ਬਹਿਰਹਾਲ, ਆਪਣੇ ਉਨ੍ਹਾਂ ਖਰੜ੍ਹ-ਗਿਆਨੀਆਂ ਤੋਂ ਮੈਂ ਖਹਿੜਾ ਛੁਡਾਉਣ ਦੀ ਗਰਜ਼ ਨਾਲ ਕਿਹਾ ਕਿ ਭਾਈ ਮੈਨੂੰ ਵੀ ਪਤਾ ਹੈ ਕਿ ਘਰ-ਸੰਸਾਰ ਤੋਂ ਲੈ ਕੇ ਸੰਸਾਰ-ਸਮੁੰਦਰਾਂ ਤੱਕ ਬਹੁਤੀਆਂ ਲੜਾਈਆਂ-ਭਿੜਾਈਆਂ ਵਿਚ ਕਿਤੇ-ਕਤਾਈਂ ਔਰਤ ਦਾ ਰੋਲ ਬੜਾ ਨਾਕਾਰਾਤਮਿਕ ਰਿਹਾ ਹੈ। ਪਰ ਇਉਂ ਕਿਸੇ ਸਮਾਜ ਵਿਚ ਕਾਣਗਿਆਰੀ ਮਾਫਿਕ ਪੈਦਾ ਹੋਈਆਂ ਕੁਝ ਕੁ ਔਰਤਾਂ ਦੀ ਮਾੜੀ ਕਾਰਗੁਜ਼ਾਰੀ ਦੇ ਕਾਰਨ ਸਾਰੀ ਔਰਤਜ਼ਾਤ ਦੇ ਸਕਾਰਾਤਮਿਕ ਰੋਲ ਨੂੰ ਵੀ ਤਾਂ ਨਹੀਂ ਝੁਠਲਾਇਆ ਜਾ ਸਕਦਾ।

ਫੇਰ ਉਨ੍ਹਾਂ ਭਾਈ ਸਾਹਿਬ ਨੇ ਆਪਣੀ ਗੱਲ ਦੀ ਤਾਈਦ ਵਜੋਂ ਮੇਰਾ ਜੋੜ ਆਪਣੇ ਕੋਲ ਬੈਠੇ ਸਾਥੀ ਭਾਈ ਮੰਗੂ ਸਿੰਘ ਨਾਲ ਪੁਆ ਦਿੱਤਾ। ਬੱਸ ਇਨ੍ਹਾਂ ਸੱਜਣਾਂ ਦਾ ਇਕੋ ਰਾਗ-ਅਲਾਪ ਸੀ ਕਿ ਔਰਤਜ਼ਾਤ ਤਾਂ ਸ਼ੈਤਾਨ ਦੀ ਟੂਟੀ ਹੁੰਦੀ ਹੈ। ਇਕ ਜ਼ਨਾਨੀ ਦੂਜੀ ਜ਼ਨਾਨੀ ਦੀ ਜਨਮਜਾਤ ਵੈਰੀ ਹੁੰਦੀ ਹੈ ਕਿਉਂਕਿ ਜਦੋਂ ਕਿਸੇ ਘਰ ਧੀ ਜੰਮਦੀ ਹੈ ਤਾਂ ਜਾਪੇ ਸਮੇਂ ਸਭ ਤੋਂ ਪਹਿਲਾਂ ਸੱਸ ਤੇ ਨਣਦਾਂ ਹੀ ਕਹਿੰਦੀਆਂ ਹਨ ਕਿ ਸਾਡੀ ਨੂੰਹ ਨੇ ਤਾਂ ਪੱਥਰ ਜੰਮਿਆ ਹੈ। ਬੰਦੇ ਨੂੰ ਤਾਂ ਬਾਅਦ ਵਿਚ ਹੀ ਪਤਾ ਲੱਗਦਾ ਹੈ ਕਿ ਇਨ੍ਹਾਂ ਸਿਆਣੀਆਂ ਨੇ ਤਾਂ ਪਹਿਲਾਂ ਹੀ ਪੱਥਰ ਰੋੜ੍ਹ ਦਿੱਤਾ ਹੈ ਭਾਵ ਕੁੜੀ ਨੂੰ ਜੰਮਣ ਸਾਰ ਹੀ ਪਾਰ ਬੁਲਾ ਦਿੱਤਾ ਹੈ।

ਇਉਂ ਹੀ ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਆਪਣੇ ਵਿਆਹ ਵਿਚ ਕੋਈ ਕੁੜੀ ਚੋਖਾ ਦਾਜ-ਦਹੇਜ ਨਹੀਂ ਲਿਆਉਂਦੀ ਤਾਂ ਬੰਦਿਆਂ ਨੂੰ ਤਾਂ ਪਤਾ ਵੀ ਨਹੀਂ ਹੁੰਦਾ, ਸਗੋਂ ਇਹ ਦਰਾਣਾ-ਜਠਾਣਾ ਹੀ ਹੁੰਦਾ ਹੈ; ਜਿਹੜਾ ਵਿਖਾਵੇ ਦੀ ਰਸਮ ਦੇ ਨਾਮ ਉਤੇ ਉਸ ਸੱਜ-ਵਿਆਹੀ ਦੇ ਘਰ-ਪਰਿਵਾਰ ਤੇ ਪੇਕਿਆਂ ਦਾ ਪਾਜ ਉਘੇੜਦਾ ਹੈ। ਕਿਸੇ ਵੀ ਔਰਤ ਦੇ ਸਹੁਰੇ ਘਰ ਦੀਆਂ ਆਮ ਤੌਰ 'ਤੇ ਜ਼ਨਾਨੀਆਂ ਤੇ ਖਾਸ ਤੌਰ 'ਤੇ ਸੱਸ-ਨਨਾਣਾਂ ਦਾ ਦਾਜ ਬਿਨਾਂ ਨੱਕ ਨਹੀਂ ਰਹਿੰਦਾ। ਇਉਂ ਬੱਸ ਇਕ ਵਿਚਾਰੀ ਨਵ-ਵਿਆਹੀ ਲੜਕੀ ਦੇ ਸ਼ਗਨਾਂ ਨੂੰ ਬਦਸ਼ਗਨ ਕਰਨ ਵਾਲੀਆਂ ਵੀ ਅਕਸਰ ਉਸ ਦੀਆਂ ਹਮਜਿਨਸ ਇਸਤਰੀਆਂ ਹੀ ਹੁੰਦੀਆਂ ਹਨ।

ਫਿਰ ਇਨ੍ਹਾਂ ਹੀ ਖੁੰਡ-ਚਰਚਾ ਜਿਹੀ ਇਹ ਦਲੀਲ ਵੀ ਬੜੀ ਕਾਇਲ ਕਰਨ ਵਾਲੀ ਸੀ ਕਿ ਅੱਜ ਤੱਕ ਔਰਤਾਂ ਨੂੰ ਅੱਗ ਲਾਉਣ-ਲੱਗਣ ਵਾਲੀਆਂ ਦੁਰਘਟਨਾਵਾਂ ਵਿਚ ਨੂੰਹਾਂ ਹੀ ਕਿਉਂ ਵੱਡੀ ਗਿਣਤੀ ਵਿਚ ਬਲੀ ਚੜ੍ਹਦੀਆਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਔਰਤਾਂ ਨੂੰ ਅੱਗ ਲੱਗਣ-ਲਗਾਉਣ ਦੀਆਂ ਵਾਰਦਾਤਾਂ ਵਿਚ 'ਸਟੋਵ ਦੇਵਤਾ' ਦੀ ਸਭ ਤੋਂ ਵੱਧ ਦੀ ਕਰੋਪੀ ਨੂੰਹਾਂ 'ਤੇ ਹੀ ਕਿਉਂ ਹੁੰਦੀ ਹੈ।

ਮੁੱਕਦੀ ਗੱਲ! ਤ੍ਰੀਮਤਾਂ ਦੇ ਇਨ੍ਹਾਂ ਸ਼ਰੀਕਾਂ ਅਨੁਸਾਰ ਤਾਂ ਤੀਵੀਆਂ ਹੀ ਸਾਰੇ ਪੁਆੜਿਆਂ ਦੀ ਜੜ੍ਹ ਹੁੰਦੀਆਂ ਹਨ ਅਤੇ ਹਰ ਝਗੜੇ ਵਿਚ ਔਰਤ ਕਿਸੇ ਵੀ ਮਸਾਲੇ ਵਿਚ ਪਿਪਲਾਮੂਲ ਵਾਂਗੂੰ ਲਾਜ਼ਮੀ ਸ਼ਾਮਿਲ ਹੁੰਦੀ ਹੈ। ਉਨ੍ਹਾਂ ਮੁਤਾਬਿਕ ਤਾਂ ਔਰਤ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਔਰਤ ਦੀ ਸਭ ਤੋਂ ਪਹਿਲਾਂ ਤੇ ਵੱਡੀ ਸ਼ਰੀਕ ਹੁੰਦੀ ਹੈ ਤੇ ਇਨ੍ਹਾਂ ਦਾ ਆਪਸ ਵਿਚ ਇੱਟ ਕੁੱਤੇ ਦਾ ਵੈਰ ਹੁੰਦਾ ਹੈ। ਇਸ ਪ੍ਰਥਾਇ ਉਨ੍ਹਾਂ ਦਾ ਕਹਿਣਾ ਸੀ ਕਿ ਤੁਸੀਂ ਭਾਵੇਂ ਸੱਸ ਤੇ ਨੂੰਹ ਦੋਵਾਂ ਨੂੰ ਹੀ ਸਾਊਦੀ ਅਰਬ ਤੋਂ ਲੈ ਆਓ, ਪਰ ਇਨ੍ਹਾਂ ਵਿਚ ਵੀ ਸ਼ਰੀਕਾ ਸਾਡੀਆਂ ਜ਼ਨਾਨੀਆਂ ਵਰਗਾ ਹੀ ਹੁੰਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਨਾਰੀ-ਵਿਰੋਧੀ ਦੀ ਇਕ ਦਲੀਲ ਇਹ ਸੀ ਸਾਡੇ ਘਰਾਂ ਦੀਆਂ ਸੁਆਣੀਆਂ ਦੀ ਗੱਲ ਹੀ ਕਰ ਲਉ, ਬੱਸ ਬੰਦਾ ਭਾਵੇਂ ਕਿੰਨੀ ਵੀ ਮਿਹਨਤ ਕਰ ਲਵੇ ਤੇ ਮਿੱਟੀ ਨਾਲ ਮਿੱਟੀ ਹੋਇਆ ਰਹੇ, ਪਰ ਇਨ੍ਹਾਂ ਦੇ ਪਹਿਨਣ-ਪਚਰਣ ਤੇ ਸੁਰਖੀ-ਬਿੰਦੀ ਦੇ ਖਰਚੇ-ਵਰਚੇ ਹੀ ਪੂਰੇ ਨਹੀਂ ਹੁੰਦੇ। ਦਰਅਸਲ, ਕਮਾਊ ਬੰਦੇ ਵੀ ਆਮ ਤੌਰ 'ਤੇ ਆਪਣੀਆਂ ਜ਼ਨਾਨੀਆਂ ਦੇ ਚਾਅ ਪੂਰੇ ਕਰਨ ਵਾਸਤੇ 'ਚਿੜੀਆਂ ਦਾ ਦੁੱਧ' ਲਿਆਉਂਦੇ-ਲਿਆਉਂਦੇ ਹੀ ਖੁੰਗਲ ਹੋ ਜਾਂਦੇ ਹਨ। ਖ਼ਾਸ ਕਰਕੇ ਵੱਡੇ-ਵੱਡੇ ਅਫ਼ਸਰ ਤੇ ਬਾਬੂ ਤਾਂ ਆਪਣੀਆਂ 'ਧਰਮ-ਪਤਨੀਆਂ' ਦੇ ਨਖ਼ਰੇ ਪੂਰਦੇ ਅਤੇ ਇਨ੍ਹਾਂ ਦੇ ਹੁਕਮਾਂ ਦੀ ਤਾਮੀਲ ਕਰਦੇ-ਕਰਦੇ ਅਕਸਰ ਹੀ ਰਿਸ਼ਵਤਖੋਰੀ ਦੇ ਰਾਹ ਪੈ ਜਾਂਦੇ ਹਨ।

ਇਉਂ ਹੀ ਥੋੜ੍ਹੇ ਚਿਰ ਬਾਅਦ ਮੈਨੂੰ ਮੋਗੇ ਤੋਂ ਮੇਰੇ ਹੀ ਕਾਲਜ ਦੇ ਇਕ ਬੁੱਧੀਜੀਵੀ ਦਾ ਇਕ ਟੈਲੀਫੋਨ ਆਇਆ। ਉਹ ਕਹਿਣ ਲੱਗਾ ਕਿ ਬਾਈ ਜੀ ਇਹ ਤਾਂ ਦੱਸੋ ਕਿ ਜ਼ਨਾਨੀਆਂ ਇਹ ਕਿਉਂ ਭੁੱਲ ਜਾਂਦੀਆਂ ਹਨ ਕਿ ਸੱਸ ਵੀ ਕਦੇ ਨੂੰਹ ਹੋਇਆ ਕਰਦੀ ਸੀ। ਉਸ ਦਾ ਕਹਿਣਾ ਸੀ ਕਿ ਪਹਿਲ-ਪ੍ਰਿਥਮੈ ਜਦੋਂ ਦੀ ਧਰਤੀ ਸਾਜੀ ਹੈ, ਉਦੋਂ ਤੋਂ ਹੀ ਨੂੰਹ-ਸੱਸ ਦਾ ਵੈਰ ਚਲਿਆ ਆਉਂਦਾ ਹੈ। ਜਦੋਂ ਨੂੰਹ ਆਪ ਸੱਸ ਬਣ ਜਾਂਦੀ ਹੈ ਤਾਂ ਉਹ ਆਪਣਾ ਵੇਲਾ ਭੁੱਲ ਜਾਂਦੀ ਹੈ ਤੇ ਆਪਣੀ ਸੱਸ ਵੱਲੋਂ ਕੀਤੀਆਂ ਵਧੀਕੀਆਂ ਦਾ ਗੁੱਭ-ਗੁਲਾਟ ਆਪਣੀ ਨੂੰਹ 'ਤੇ ਕੱਢਦੀ ਹੈ। ਫਿਰ ਉਸਦਾ ਮੈਨੂੰ ਸੁਆਲ ਸੀ ਕਿ ਇਹ ਜ਼ਨਾਨੀਆਂ ਆਪਣੇ ਹੱਕ-ਹਕੂਕ ਕੋਰਟ-ਕਚਹਿਰੀਆਂ ਤੋਂ ਲੈ ਕੇ ਪਾਰਲੀਮੈਂਟ ਤੱਕ ਭਾਲਦੀਆਂ ਫਿਰਦੀਆਂ ਹਨ, ਪਰ ਇਹ ਦਾਨੀਆਂ ਤੇ ਸਿਆਣੀਆਂ ਬੁੜ੍ਹੀਆਂ ਆਪਣੇ ਘਰਾਂ ਵਿਚ ਆਪਣੀਆਂ ਹੀ ਬਹੂਆਂ ਨੂੰ ਮਸੂਰੀ ਪੈਸੇ ਜਿੰਨਾ ਵੀ ਕੋਈ ਅਧਿਕਾਰ ਨਹੀਂ ਦਿੰਦੀਆਂ।

ਖ਼ੈਰ! ਜਨਾਬ ਬੁੱਧੀਜੀਵੀ ਸਾਹਿਬ ਦਾ ਤੋੜਾ ਇਸ ਗੱਲ 'ਤੇ ਝੜਿਆ ਕਿ ਸੱਸਾਂ ਆਪਣੀਆਂ ਨੂੰਹਾਂ ਨੂੰ ਤਾਂ ਤੱਕਲੇ ਦਾ ਵਿੰਗ ਸਿੱਧਾ ਕਰਨ ਵਾਂਗੂੰ ਆਪ ਤਾਂ ਹਰ ਮੌਕੇ 'ਤੇ ਝਾੜ-ਝੰਭ ਕਰਕੇ ਆਮ ਹੀ ਟਿੰਡੀ ਦੇ ਬੀਅ 'ਤੇ ਚੜ੍ਹਾਈ ਰੱਖਦੀਆਂ ਹਨ। ਪਰ ਦੂਜੇ ਪਾਸੇ ਇਸ ਦੇ ਨਾਲ ਹੀ ਇਹ ਮਰਦ ਸਮਾਜ ਵੱਲੋਂ ਹੋ ਰਹੀਆਂ ਵਧੀਕੀਆਂ ਦੇ ਵੈਣ-ਸਿਆਪੇ ਵੀ ਕਰਦੀਆਂ ਨਹੀਂ ਥੱਕਦੀਆਂ। ਇਉਂ ਇਸ ਸਾਰੇ ਬਹਿਸ-ਮੁਬਾਹਿਸੇ ਵਿਚੋਂ ਇਕ ਸਾਂਝੀ ਜਿਹੀ ਧਾਰਨਾ ਇਹ ਤਾਂ ਬਣੀ ਕਿ ਅਸੀਂ ਆਪਣੇ ਘਰਾਂ ਵਿਚ ਔਰਤਾਂ ਨੂੰ ਦਬਾਊ ਕਰੀ ਰਖਦੇ ਹਾਂ।

ਖ਼ੈਰ! ਇਸ ਲਈ ਇਹ ਤਾਂ ਰੱਬ ਲਗਦੀ ਗੱਲ ਹੈ ਕਿ ਮਰਦ ਸਮਾਜ ਤੋਂ ਆਪਣੇ ਹੱਕ ਮੰਗਣ ਤੋਂ ਪਹਿਲਾਂ ਔਰਤ ਨੂੰ ਆਪਣੀਆਂ ਹੀ ਹਮ-ਜਿਨਸ ਔਰਤਾਂ ਨਾਲ ਪਿਆਰ, ਸਤਿਕਾਰ ਤੇ ਸਾਂਝੀਵਾਲਤਾ ਦੀ ਭਾਵਨਾ ਦੀ ਬਕਾਇਮੀ ਕਰਨੀ ਪਵੇਗੀ।



*Original with;*
Kulbir Singh Sidhu(I.A.S)
*Digitized by;*
Panjab Digital Library

ਇੰਨੇ ਨੂੰ ਮੈਨੂੰ ਨੰਗਲ ਤੋਂ ਇਕ ਸਿਆਣੇ ਵਕੀਲ ਦਾ ਟੈਲੀਫੋਨ ਆ ਗਿਆ। ਉਸ ਨੇ ਤਾਂ ਫਿਰ ਮੈਨੂੰ ਕਿੰਨੇ ਹੀ ਕਾਨੂੰਨ-ਵਿਧਾਨਾਂ ਦੇ ਰਾਹ ਪਾ ਕੇ ਡਾਉਰੀ ਪ੍ਰੋਹਿਬਸ਼ਨ ਐਕਟ, ਪ੍ਰੀਵੈਨਸ਼ਨ ਆਫ ਡੋਮੈਸਟਿਕ ਵਾਇਲੈਂਸ ਐਕਟ, ਦਫ਼ਾ 498 ਆਈ.ਪੀ.ਸੀ. ਅਤੇ ਘਰ ਵਾਲੇ ਤੋਂ ਖਰਚੇ-ਵਰਚੇ ਵਜੋਂ ਗੁਜ਼ਾਰੇ ਭੱਤੇ ਲਈ ਦਫ਼ਾ 125 ਸੀ.ਆਰ.ਪੀ.ਸੀ. ਜਿਹੇ ਕਾਨੂੰਨੀ ਜ਼ਾਬਤਿਆਂ ਦਾ ਪੁਨਰ ਗਿਆਨ ਕਰਵਾ ਦਿੱਤਾ। ਉਸ ਦੀ ਦਲੀਲ ਸੀ ਕਿ ਜਦੋਂ ਕਿਤੇ ਔਰਤਾਂ ਦਾ ਵੀ ਦਾਅ ਲੱਗਦਾ ਹੈ ਤਾਂ ਉਹ ਵੀ ਹੁਣ ਆਪਣੇ ਪਤੀ ਤੇ ਸਹੁਰਿਆਂ ਨੂੰ ਧੋਬੀ ਪਟੜਾ ਮਾਰਨ ਤੋਂ ਸੰਕੋਚ ਨਹੀਂ ਕਰਦੀਆਂ, ਸਗੋਂ ਅੱਜ ਕੱਲ੍ਹ ਔਰਤਾਂ ਵੱਲੋਂ ਤਕਰੀਬਨ ਅੱਧੋ-ਅੱਧ ਦੀ ਨਿਸਬਤ ਵਿਚ ਮੌਜੂਦਾ ਕਾਨੂੰਨਾਂ ਦੀ ਦੁਰਵਰਤੋਂ ਹੋ ਰਹੀ ਹੈ।

ਵੈਸੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਡੇ ਸਮਾਜ ਵਿਚ ਔਰਤਾਂ ਨਾਲ ਜ਼ਿਆਦਤੀ ਕਰਨ ਕਰਾਉਣ ਦੇ ਪੱਖੋਂ ਜ਼ਿਆਦਾ ਕਰਕੇ ਵਧੀਕੀਆਂ ਔਰਤਾਂ ਵੱਲੋਂ ਹੀ ਆਪਣੇ ਵਰਗ ਦੇ ਨਾਲ ਹੀ ਕੀਤੀਆਂ ਜਾਂਦੀਆਂ ਹਨ। ਮੁੱਕਦੀ ਗੱਲ ਹੈ ਕਿ ਮੈਨੂੰ ਇਹ ਮੰਨਣਾ ਪਿਆ ਕਿ ਭਾਈ ਇਹ ਗੱਲ ਸੱਚੀ ਹੈ ਕਿ ਅਜੋਕੇ ਸਮੇਂ ਵਿਚ ਦਾਜ-ਦਹੇਜ, ਭਰੂਣ ਹੱਤਿਆ ਤੇ ਘਰੇਲੂ ਹਿੰਸਾ ਸਬੰਧੀ ਕਾਨੂੰਨ ਤੇ ਸਰਕਾਰੀ ਔਹੜ-ਪੌਹੜ ਕੋਈ ਜ਼ਿਆਦਾ ਕਾਰਗਰ ਨਹੀਂ ਹੋ ਸਕੇ। ਹੁਣ ਇਹ ਕਾਨੂੰਨ-ਜ਼ਾਬਤੇ ਬਸ ਕੁਝ ਕੁ ਰੋਕਥਾਮ ਦੇ ਤੋੜ-ਤਰੀਕੇ ਹੀ ਬਣ ਕੇ ਰਹਿ ਗਏ ਹਨ। ਇਕ ਪਾਸੇ ਭਰੂਣ ਹੱਤਿਆ ਨੂੰ ਲਾਹਨਤ ਮੰਨ ਕੇ ਇਸ ਨੂੰ ਰੋਕਣ ਲਈ 'ਨੰਨ੍ਹੀ ਛਾਂ' ਵਰਗੇ ਯਤਨ-ਪ੍ਰਯਤਨ ਹੋ ਰਹੇ ਹਨ। ਦੂਜੇ ਪਾਸੇ ਵਿਆਹ-ਸ਼ਾਦੀਆਂ 'ਤੇ ਕੁੜੀ ਵਾਲਿਆਂ ਦੀ ਦਾਜ-ਦਹੇਜ ਦੇ ਨਾਮ 'ਤੇ ਦੁਰਗਤੀ ਤੇ ਬਾਅਦ ਵਿਚ ਨੂੰਹਾਂ ਨੂੰ ਸਾੜ-ਬਾਲ ਕੇ ਦਹੇਜ ਦੀ ਬਲੀ ਚੜ੍ਹਾਉਣ ਦਾ ਕੋਝਾ ਪ੍ਰਚਲਣ ਪ੍ਰਤੱਖ ਹੈ। ਅਜਿਹੇ ਦੁੱਖ-ਸੰਤਾਪ ਦੇ ਡਰੋਂ ਵੀ ਹੁਣ ਕੁੜੀਆਂ ਨੂੰ ਭਰੂਣ ਰੂਪ ਵਿਚ ਹੀ ਮਾਰਨ ਲਈ ਵਿਉਂਤਬੰਦੀ ਦਿਨ-ਦੀਵੀਂ ਉਜਾਗਰ ਹੈ।

ਪਰ ਫਿਰ ਵੀ ਇਸ ਸਾਰੀ ਸਮਾਜਿਕ ਤੇ ਕਾਨੂੰਨੀ ਘਾਟ-ਵਾਧ ਤੋਂ ਬਾਅਦ ਅਖੀਰ ਨੂੰ ਸਿੱਟਾ ਇਹ ਹੀ ਨਿਕਲਦਾ ਹੈ ਕਿ ਨਿਰਸੰਦੇਹ ਸਾਡੇ ਦੇਸ਼ ਵਿਚ ਕਾਨੂੰਨ ਤਾਂ ਬਹੁਤ ਹਨ; ਪਰ ਇਨ੍ਹਾਂ ਕਾਨੂੰਨਾਂ ਤੇ ਜ਼ਾਬਤਿਆਂ ਨੂੰ ਲਾਗੂ ਕਰਨ ਵਿਚ ਬਹੁਤ ਢਿੱਲ-ਮੱਠ ਤੇ ਅਣਗਹਿਲੀ ਹੋ ਰਹੀ ਹੈ। ਖਾਸ ਤੌਰ 'ਤੇ ਔਰਤਾਂ ਦੇ ਸ਼ੋਸ਼ਣ ਤੇ ਬਲਾਤਕਾਰ ਜਿਹੇ ਮੁਕੱਦਮਿਆਂ ਵਿਚ ਔਰਤ ਨੂੰ ਫੈਸਲੇ ਤੇ ਇਨਸਾਫ ਲਈ ਜ਼ਲੀਲ ਵੀ ਹੋਣਾ ਪੈਂਦਾ ਹੈ, ਜਿਸ ਕਰਕੇ ਉਸ ਨੂੰ ਲੰਮੇ ਸਮੇਂ ਦਾ ਸੰਤਾਪ ਵੀ ਭੋਗਣਾ ਪੈ ਰਿਹਾ ਹੈ। ਇਸ ਲਈ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਔਰਤਾਂ ਨੂੰ ਸਮਾਜ ਵਿਚ ਉਨ੍ਹਾਂ ਦਾ ਬਣਦਾ ਸਥਾਨ ਤੇ ਇੱਜ਼ਤ ਮਾਣ ਦਿਵਾਉਣ ਵਿਚ ਅਸਰਦਾਇਕ ਤੇ ਸਾਰਥਿਕ ਰੋਲ ਅਦਾ ਕਰੇ।

ਇਸ ਤਰ੍ਹਾਂ ਹੀ ਇਉਂ ਜਿਹੇ ਦੀ ਬਹਿਸਮ-ਬਹਿਸ ਵਿਚ ਇਹ ਸੱਚਾਈ ਵੀ ਸਾਡੇ ਸਾਹਮਣੇ ਆਉਂਦੀ ਹੈ ਕਿ ਸਰਕਾਰਾਂ ਤੇ ਸਮਾਜ ਦੇ ਯਤਨਾਂ ਦੇ ਬਾਵਜੂਦ ਵੀ ਮੁੰਡਿਆਂ ਦੀ ਨਿਸਬਤ ਵਿਚ ਕੁੜੀਆਂ ਦੀ ਗਿਣਤੀ ਘੱਟ ਰਹੀ ਹੈ ਤੇ ਅਣਖ ਲਈ



*Original with;*
Kulbir Singh Sidhu(I.A.S)
*Digitized by;*
Panjab Digital Library

ਕਤਲਾਂ ਦੀ ਗਿਣਤੀ ਵਧ ਰਹੀ ਹੈ। ਇਸ ਦਾ ਕਾਰਨ ਸਪੱਸ਼ਟ ਹੈ ਕਿ ਹਾਲੇ ਵੀ ਸਾਡੀਆਂ ਸਰਕਾਰਾਂ ਤੇ ਪ੍ਰਸ਼ਾਸਨ ਮਿਲ ਕੇ ਵੀ ਲੜਕੀਆਂ ਨੂੰ ਸਮਾਜਿਕ ਸੁਰੱਖਿਆ ਨਹੀਂ ਦੇ ਸਕੇ। ਦੁੱਖ ਦੀ ਗੱਲ ਹੈ ਕਿ ਮੱਧਕਾਲ ਦੇ ਧਾੜਵੀਆਂ ਵਾਂਗੂੰ ਕੋਈ ਪਤਾ ਨਹੀਂ ਕਿ ਹੁਣ ਵੀ ਕੋਈ ਮਨਚਲੇ ਭੂੰਡ ਆਸ਼ਿਕ ਤੇ ਮਾੜੇ ਅਨਸਰ ਕਦੋਂ ਕੁੜੀਆਂ ਦੀ ਦਾਮਨੀ, ਅਰੁਸ਼ੀ ਤੇ ਗੁੜੀਆ ਜਿਹੀ ਦੁਰਗਤ ਕਰ ਦੇਣ।

ਇਸ ਵਾਸਤੇ ਲੜਕੀ ਦੇ ਜਨਮ ਸਮੇਂ ਤੋਂ ਹੀ ਉਸ ਦੀ ਇੱਜ਼ਤ-ਆਬਰੂ ਦੀ ਚਿੰਤਾ ਮਾਪਿਆਂ ਨੂੰ ਬਣ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਕੁੜੀਆਂ ਦੇ ਜੰਮਦਿਆਂ ਹੀ ਉਨ੍ਹਾਂ ਦੇ ਦਾਜ-ਦਹੇਜ ਦੀ ਚਿੰਤਾ ਮਾਪਿਆਂ ਨੂੰ ਵੱਢ-ਵੱਢ ਕੇ ਖਾਣ ਲੱਗਦੀ ਹੈ। ਸਗੋਂ ਸਾਡੇ ਲਈ ਕੌਮੀ ਪੱਧਰ 'ਤੇ ਹੋਰ ਵੀ ਡੁੱਬ ਮਰਨ ਦੀ ਗੱਲ ਹੈ ਕਿ ਸਮੁੱਚੇ ਨਾਰੀ ਸਮਾਜ ਦਾ ਅੱਜ ਇਹ ਸੁਆਲ ਹੈ ਕਿ ਕੀ ਅਸੀਂ ਨਾਰੀ ਸਮਾਜ ਦੀ ਬੇਕਦਰੀ ਕਰਦੇ ਹੋਏ ਭਰੂਣ ਹੱਤਿਆ ਦੇ ਰੂਪ ਵਿਚ ਨਰਸੰਹਾਰ ਹੀ ਕਰਦੇ ਰਹਾਂਗੇ? ਇਸ ਤਰ੍ਹਾਂ ਹੀ ਕੀ ਅਸੀਂ ਆਪਣੇ ਪੈਰ ਕੁਹਾੜੀ ਮਾਰਨ ਵਾਂਗ ਨਰ-ਨਾਰੀ ਦੀ ਅਨੁਪਾਤ ਵਿਗਾੜ ਕੇ ਕੁਦਰਤ ਦੀ ਕਰੋਪੀ ਸਹੇੜਦੇ ਰਹਾਂਗੇ ਅਤੇ ਅਣਿਆਈ ਮੌਤ ਹੀ ਮਰਦੇ ਰਹਾਂਗੇ? ਨਿਰਸੰਦੇਹ ਹੁਣ ਤੱਕ ਅਸੀਂ ਸਾਰੇ ਇਨ੍ਹਾਂ ਪ੍ਰਸ਼ਨਾਂ ਦੇ ਸਬੰਧ ਵਿਚ ਨਿਰਉੱਤਰ ਹਾਂ ਅਤੇ ਔਰਤਜ਼ਾਤ ਨੂੰ ਉਸ ਦਾ ਬਣਦਾ ਹੱਕ ਤੇ ਦਰਜਾ ਦੇਣ ਸਬੰਧੀ ਕੌਮੀ ਪੱਧਰ 'ਤੇ ਭੰਬਲਭੂਸੇ ਪਏ ਹੋਏ ਹਾਂ।

ਅੱਜ ਜ਼ਾਹਿਰ ਹੈ ਕਿ ਸਾਡੇ ਦੇਸ਼ ਤੇ ਸਮਾਜ ਦੀ ਅਖੌਤੀ ਤਰੱਕੀ ਤੇ ਵਿਕਾਸ ਦੇ ਬਾਵਜੂਦ ਵੀ ਸਾਡਾ ਮਾਨਸਿਕ ਤੇ ਸਮਾਜਿਕ ਪੱਧਰ 'ਤੇ ਵਿਕਾਸ ਨਹੀਂ ਹੋਇਆ। ਫਿਰ ਮੌਕੇ ਦੀਆਂ ਸਰਕਾਰਾਂ ਤੇ ਪ੍ਰਸ਼ਾਸ਼ਨ ਹਾਲੇ ਵੀ ਇੰਨੇ ਜਾਗਰੂਕ ਤੇ ਸਤਰਕ ਨਹੀਂ ਹੋਏ ਕਿ ਸਮਾਜ ਨੂੰ ਤੇ ਖਾਸ ਕਰਕੇ ਮਾੜੇ ਅਨਸਰਾਂ ਨੂੰ ਰਾਹੇ-ਰਾਸਤ ਪਾ ਸਕਣ। ਹੁਣ ਵੀ ਸਾਡੀ ਮਾਨਸਿਕਤਾ ਵਿਚ ਔਰਤ ਦਾ ਵਜੂਦ ਸਿਰਫ਼ ਅਜਾਬ ਸਹਿਣ ਵਾਸਤੇ ਹੀ ਹੈ। ਲੜਕੀਆਂ ਦੇ ਪੜ੍ਹਨ ਸਮੇਂ ਤੋਂ ਲੈ ਕੇ ਨੌਜਵਾਨ ਗੇੜੀ-ਮਾਸਟਰ ਮੁੰਡਿਆਂ ਤੋਂ ਅੱਗੇ ਮਾੜੇ ਬੰਦਿਆਂ ਵੱਲੋਂ ਉਨ੍ਹਾਂ ਤੇ ਤੇਜ਼ਾਬ ਸੁੱਟਣ ਤੱਕ ਦਾ ਸਾਡਾ ਧੱਕਾ-ਧੋੜੀ ਕਲਚਰ ਅੱਗੇ ਬਲਾਤਕਾਰ ਤੇ ਕਤਲਾਂ ਤੱਕ ਜਾ ਪਹੁੰਚਦਾ ਹੈ। ਹੋਰ ਤਾਂ ਹੋਰ ਆਨਰ-ਕਿਲਿੰਗ ਦੇ ਨਾਮ 'ਤੇ ਫਿਰ ਸਿਆਣਿਆਂ-ਬਿਆਣਿਆਂ ਬੰਦਿਆਂ ਵੱਲੋਂ ਵੀ ਆਖਿਰ ਨੂੰ ਕੱਟਕ ਔਰਤ 'ਤੇ ਹੀ ਚੜ੍ਹਦਾ ਹੈ। ਕੌਣ ਨਹੀਂ ਜਾਣਦਾ ਕਿ ਔਰਤ ਨੂੰ ਦਾਜ-ਦਹੇਜ ਦੀ ਬਲੀ-ਬੇਦੀ 'ਤੇ ਚੜ੍ਹਾਉਣ ਤੋਂ ਲੈ ਕੇ ਜਿਉਂਦੇ ਜੀਅ 'ਸਟੋਵ ਦੇਵਤਾ' ਦੀ ਅੱਗ ਵਿਚ ਸਾੜਨ ਤੱਕ ਦਾ ਕੋਝਾ ਪ੍ਰਚਲਣ ਸਮਾਜ ਵਿਚ ਬੁਲਬੁਲੀਆ ਬੁਲਾ ਰਿਹਾ ਹੈ।

ਬੇਸ਼ੱਕ ਇਨ੍ਹਾਂ ਸਾਰੇ ਮਾੜੇ ਵਰਤਾਰਿਆਂ ਦੀ ਰੋਕਥਾਮ ਲਈ ਅਸੀਂ ਕਾਨੂੰਨ ਤਾਂ ਬਣਾ ਲਏ ਹਨ, ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਵਾਸਤੇ ਦ੍ਰਿੜ ਸਿਆਸੀ ਇੱਛਾ ਸ਼ਕਤੀ ਅਤੇ ਪ੍ਰਸ਼ਾਸਨਿਕ ਜਜ਼ਬੇ ਵਾਲਾ ਕੋਈ ਕਰਮਯੋਗੀ ਨਹੀਂ ਦਿਸਦਾ। ਅਫ਼ਸੋਸ ਹੈ ਕਿ ਸਿਆਸੀ ਪਾਰਟੀਆਂ ਤੇ ਖ਼ਾਸ ਕਰਕੇ ਮੌਜੂਦਾ ਸਮੇਂ ਦੀਆਂ ਸਰਕਾਰਾਂ ਗੁੱਡ -ਗਵਰਨੈਂਸ ਦੇ ਪੱਖੋਂ ਆਪਣੀ ਮਾੜੀ ਕਾਰਗੁਜ਼ਾਰੀ ਦੇ ਕਾਰਨ ਹਾਸ਼ੀਏ 'ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਆਈਆਂ ਖੜ੍ਹੀਆਂ ਹਨ। ਸਗੋਂ ਜੱਗ ਜ਼ਾਹਿਰ ਹੈ ਕਿ ਇਸ ਪੱਖੋਂ ਸਰਕਾਰਾਂ ਤੇ ਪ੍ਰਸ਼ਾਸਨਿਕ ਅਧਿਕਾਰੀ ਦੋਵੇਂ ਲੂਣ ਸੁੰਘਦੇ ਬਸ ਖੂੰਜੇ ਲੱਗੇ ਫਿਰਦੇ ਹਨ। ਸਾਡੇ ਦੇਸ਼ ਤੇ ਸਮਾਜ ਵਿਚ ਸਮੁੱਚੇ ਤੌਰ 'ਤੇ ਹੋ ਰਹੀ ਔਰਤ ਦੀ ਬੇਕਦਰੀ ਤੇ ਅਧੋਗਤੀ ਦੇ ਸਬੰਧ ਵਿਚ ਪੰਜਾਬੀ ਮਾਂ ਦੇ ਪੁੱਤ **ਸਾਹਿਰ ਲੁਧਿਆਣਵੀ** ਦੇ ਭਾਵਪੂਰਨ ਸ਼ਬਦਾਂ ਤੋਂ ਵੱਧ ਹੋਰ ਕੋਈ ਖ਼ੁਲਾਸਾ ਹੋ ਹੀ ਨਹੀਂ ਸਕਦਾ ਕਿ :-

ਯੇ ਬੀਵੀ ਭੀ ਹੈ ਔਰ ਬਹਨ ਭੀ ਹੈ ਮਾਂ ਭੀ,
ਜਿਨ੍ਹਾਂ ਨਾਜ਼ ਹੈ ਹਿੰਦ ਪਰ ਵੋਹ ਕਹਾਂ ਹੈਂ।
ਮਦਦ ਚਾਹਤੀ ਹੈ ਯੇ ਹਵਾ ਕੀ ਬੇਟੀ,
ਯਸ਼ੋਧਾ ਕੀ ਹਮਜਿਨਸ ਰਾਧਾ ਕੀ ਬੇਟੀ।
ਜ਼ਰਾ ਮੁਲਕ ਕੇ ਰਹਿਬਰੋਂ ਕੋ ਬੁਲਾਓ,
ਯੇ ਕੂਚੇ ਯੇ ਗਲੀਆਂ ਯੇ ਮੰਜ਼ਰ ਦਿਖਾਓ।
ਜਿਨ੍ਹੇ ਨਾਜ਼ ਹੈ ਹਿੰਦ ਪਰ ਵੋਹ ਕਹਾਂ ਹੈਂ?

ਇਸ ਨਾਲੋਂ ਕੋਈ ਹੋਰ ਵੱਡੇ ਦੁੱਖ ਦੀ ਗੱਲ ਹੋ ਨਹੀਂ ਸਕਦੀ ਕਿ ਕੌਮੀ ਇਖ਼ਲਾਕ ਦੇ ਪੱਖੋਂ ਅਸੀਂ ਆਪਣੀ ਜਨਮਦਾਤੀ ਤੇ ਪਾਲਣਹਾਰੀ ਜਨਣੀ ਨੂੰ ਪਤਾ ਨਹੀਂ ਕਿਉਂ ਅਤੇ ਕਿਹੜੀ ਬੇਸਮਝੀ ਵਿਚ ਵਿਸਾਰ ਰੱਖਿਆ ਹੈ। ਔਰਤਜ਼ਾਤ ਦਾ ਆਦਰ-ਮਾਣ ਕਰਨਾ ਤਾਂ ਇਕ ਪਾਸੇ ਰਿਹਾ, ਸਗੋਂ ਇੱਜ਼ਤ-ਆਬਰੂ ਦੇ ਪੱਖੋਂ ਅਸੀਂ ਉਸ ਨੂੰ ਦਰਕਿਨਾਰ ਕਰ ਰੱਖਿਆ ਹੈ। ਦਰਅਸਲ, ਅਸੀਂ ਇਸਤਰੀ ਦੀ ਬੇਕਿਰਕੀ ਤੇ ਬੇਕਦਰੀ ਕਰਕੇ ਉਸ ਨੂੰ ਨੀਵਾਂ ਦਿਖਾਉਣ ਦਾ ਕੋਈ ਮੌਕਾ ਹੀ ਨਹੀਂ ਗੁਆਉਂਦੇ।

ਨਿਰਸੰਦੇਹ **ਸਾਹਿਰ ਲੁਧਿਆਣਵੀ** ਦੀ ਇਬਾਦਤ ਵਰਗੀ ਇਸ ਉਪਰੋਕਤ ਇਬਾਰਤ ਦਾ ਇਕ-ਇਕ ਅੱਖਰ ਸਾਡੀ ਬਿਮਾਰ ਮਾਨਸਿਕਤਾ ਤੇ ਦ੍ਰਿਸ਼ਟੀ ਦੇ ਅੰਧਰਾਤੇ ਤੋਂ ਇਲਾਵਾ ਸਾਡੇ ਬਹਿਰੇਪਣ ਦੀ ਤਸਵੀਰ ਵੀ ਬੜੀ ਨਿਖਾਰ ਕੇ ਪੇਸ਼ ਕਰਦਾ ਹੈ। ਇਨ੍ਹਾਂ ਸ਼ਬਦਾਂ ਵਿਚ ਸਮੁੱਚੀ ਨਾਰੀ ਜਾਤੀ ਦੀ ਅਧੋਗਤੀ ਦੇ ਪ੍ਰਸੰਗ ਵਿਚ ਸਾਡੇ ਸਮੁੱਚੇ ਸਮਾਜ ਤੇ ਖ਼ਾਸ ਕਰਕੇ ਆਗੂਆਂ ਨੂੰ ਧੁਰ-ਆਤਮਾ ਤੋਂ ਝੰਜੋੜਨ ਵਾਲੀ ਇਸ ਦਿਲ ਚੀਰਵੀਂ ਪੁਕਾਰ ਤੋਂ ਵੱਡੀ ਹੋਰ ਕੋਈ ਵੰਗਾਰ ਹੋ ਹੀ ਨਹੀਂ ਸਕਦੀ। ਦਰਅਸਲ, ਇਹ ਸਾਡੇ ਸਾਰੇ ਦੇਸ਼ ਤੇ ਸਮਾਜ ਨੂੰ ਯਲਗਾਰ ਰੂਪੀ ਵੰਗਾਰ ਹੈ ਕਿ ਅਸੀਂ ਹੁਣ ਹੀ ਕੋਈ ਅਕਲ-ਹੋਸ਼ ਦੀ ਦਵਾਈ ਕਰੀਏ।

ਰੱਬਾ! ਬੌੜ੍ਹੀ ਹੈ; ਸਾਡੇ ਅਜਿਹੇ ਸਾਰੇ ਮਾੜੇ ਕਾਰੇ-ਵਰਤਾਰਿਆਂ ਪ੍ਰਤੀ ਸਾਨੂੰ ਕੋਈ ਚੂੰਢੀ ਕੁ ਭਰ ਅਕਲ ਦਾ ਦਾਨ ਬਖਸ਼ ਦੇਹ, ਬੱਸ ਤੇਰਾ ਹੀ ਓਟ ਆਸਰਾ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਨਿਘਰਦੀ ਜਾ ਰਹੀ ਕਿਰਸਾਣੀ

ਖੇਤੀਬਾੜੀ ਦਾ ਇਤਿਹਾਸ ਮਨੁੱਖੀ ਸਭਿਅਤਾ ਦੇ ਵਿਕਾਸ ਜਿੰਨਾ ਹੀ ਪੁਰਾਣਾ ਹੈ। ਖੇਤੀ ਦੇ ਮੁਢ-ਕਦੀਮੀ ਵਿਕਾਸ ਦੇ ਇਸ ਸਾਰੇ ਘਟਨਾਕ੍ਰਮ ਦੀ ਗਵਾਹੀ ਸਿੰਧ ਘਾਟੀ ਦੀ ਸਭਿਅਤਾ ਦਾ ਇਤਿਹਾਸ ਦਿੰਦਾ ਹੈ। ਮਨੁੱਖ ਨੇ ਸਭ ਤੋਂ ਪਹਿਲਾਂ ਕੰਦ-ਮੂਲ ਖਾ ਕੇ ਗੁਜ਼ਾਰਾ ਕੀਤਾ ਤੇ ਫਿਰ ਉਹ ਸ਼ਾਕ-ਸਬਜ਼ੀਆਂ ਉਗਾਉਣ ਲੱਗਾ। ਇਸ ਤਰ੍ਹਾਂ ਹੀ ਪਹਿਲਾਂ ਮਨੁੱਖਤਾ ਦਾ ਵਾਹ ਦੁੱਧ-ਵਾਅਧ ਵਾਸਤੇ ਪਸ਼ੂ-ਧਨ ਨਾਲ ਪੈਣਾ ਸ਼ੁਰੂ ਹੋਇਆ, ਜਿਸ ਕਰਕੇ ਉਸ ਨੇ ਆਪਣੇ ਪਸ਼ੂਆਂ ਵਾਸਤੇ ਚਾਰਾਗਾਹਾਂ ਲੱਭੀਆਂ। ਫਿਰ ਉਸ ਨੇ ਘੋੜਿਆਂ ਤੇ ਉਸ ਤੋਂ ਬਾਅਦ ਝੋਟਿਆਂ, ਬਲਦਾਂ ਤੇ ਊਠਾਂ ਦੀ ਖੇਤੀ ਕਰਨ ਅਤੇ ਸਮਾਨ ਢੋਣ ਵਾਸਤੇ ਵਰਤੋਂ ਕਰਨੀ ਸ਼ੁਰੂ ਕੀਤੀ। ਇਉਂ ਬੰਦੇ ਨੇ ਖੁਸ਼ਹਾਲ ਚਰਾਂਦਾ ਵਿਚ ਖੇਤੀ ਦਾ ਕਿੱਤਾ ਵਿਢਿਆ ਅਤੇ ਉਸ ਨੇ ਆਪਣਾ ਇਕ ਛੋਟਾ ਜਿਹਾ ਸਮਾਜ ਬਣਾ ਕੇ ਰਹਿਣਾ ਸ਼ੁਰੂ ਕੀਤਾ। ਸੋ ਇਸ ਤਰ੍ਹਾਂ ਸਾਨੂੰ ਜੋ ਅਜ ਸਾਡਾ ਅਜੋਕਾ ਪੰਜਾਬ ਨਜ਼ਰ ਆਉਂਦਾ ਹੈ, ਇਹ ਸਾਡੇ ਕੋਲ ਸਪਤ ਸਿੰਧੂ ਦੀ ਵਿਰਾਸਤ ਹੀ ਹੈ। ਮੌਜੂਦਾ ਪੰਜਾਬੀ ਸਮਾਜ ਸਦੀਆਂ ਤੋਂ ਖੇਤੀ ਤੇ ਪਸ਼ੂ ਪਾਲਣ ਦੇ ਕਿੱਤਿਆਂ ਦੁਆਰਾ ਵਿਕਸਿਤ ਹੁੰਦਾ-ਹੁੰਦਾ ਹਰੀ ਕ੍ਰਾਂਤੀ ਤੇ ਦੁੱਧ ਦੀ ਕ੍ਰਾਂਤੀ ਦੇ ਰੂਪ ਵਿਚ ਸਿਰਫ਼ ਖੇਤੀ ਪ੍ਰਧਾਨ ਹੀ ਨਹੀਂ ਬਣਿਆਂ; ਸਗੋਂ ਸਾਰੇ ਦੇਸ਼ ਦਾ ਅੰਨਦਾਤਾ ਵੀ ਬਣਿਆ।

ਖ਼ੈਰ, ਖੇਤੀਬਾੜੀ ਦੇ ਵਿਕਾਸ ਦੇ ਪ੍ਰਸੰਗ ਵਿਚ ਜਦੋਂ ਤੋਂ ਮਨੁੱਖ ਨੇ ਅਜ ਤੋਂ ਕੋਈ 3000 ਸਾਲ ਪਹਿਲਾਂ 'ਪਹੀਏ' ਦੀ ਕਾਢ ਕੱਢੀ; ਉਦੋਂ ਤੋਂ ਹੁਣ ਤਕ 'ਜੱਟ ਦੇ ਜਹਾਜ਼' ਵਜੋਂ ਜਾਣੇ ਜਾਂਦੇ ਗੱਡੇ ਤੇ ਹਲ੍ਹਾਂ ਦੀ ਖੇਤੀ ਵਿਚ ਅਜ ਚਲਦੇ-ਚਲਦੇ ਇੱਕੀਵੀਂ ਸਦੀ ਤਕ ਜ਼ਮੀਨ ਤੇ ਅਸਮਾਨ ਤਕ ਦਾ ਫ਼ਰਕ ਆ ਚੁੱਕਾ ਹੈ। ਖੇਤੀਬਾੜੀ ਦੇ ਪੁਰਾਣੇ ਤੌਰ-ਤਰੀਕੇ ਵੀਹਵੀਂ ਸਦੀ ਦੇ ਅੰਤ ਤਕ ਤਾਂ ਬਿਲਕੁਲ ਹੀ ਬਦਲ ਗਏ ਸਨ ਅਤੇ ਹੁਣ ਖੇਤੀ ਦੇ ਪੁਰਾਣੇ ਤੌਰ-ਤਰੀਕਿਆਂ ਦੀ ਥਾਂ ਮਸ਼ੀਨੀਕਰਨ ਨੇ ਲੈ ਲਈ ਹੈ। ਖੇਤੀ ਦੇ ਪੁਰਾਣੇ ਸੰਦ-ਸੰਦੇੜਿਆਂ ਦੇ ਬਦਲ ਵਜੋਂ ਟਰੈਕਟਰ ਤੇ ਕੰਬਾਈਨਾਂ ਆ ਗਈਆਂ ਹਨ, ਪਰ ਕੁਲ ਮਿਲਾ ਕੇ ਪੁਰਾਣੇ ਸਮਿਆਂ ਤੋਂ ਲੈ ਕੇ ਹੁਣ ਤੱਕ ਕਣਕ, ਜੌਂ, ਛੋਲੇ, ਬਾਜਰਾ, ਦਾਲਾਂ ਸਰੋਂ, ਚੌਲ ਤੇ ਕਪਾਹ ਹੀ ਪੰਜਾਬ ਦੀਆਂ ਮੁੱਖ ਫਸਲਾਂ ਰਹੀਆਂ ਹਨ। ਜਿੱਥੇ ਸਾਉਣੀ ਦੀਆਂ ਫਸਲਾਂ ਕਮਰਸ਼ੀਅਲ ਭਾਵ ਵਪਾਰਕ ਸਮਝੀਆਂ ਜਾਂਦੀਆਂ



Original with;
Kulbir Singh Sidhu(I.A.S)
Digitized by;
Panjab Digital Library

ਸਨ, ਉਥੇ ਹਾੜ੍ਹੀ ਦੀਆਂ ਫਸਲਾਂ ਤਕਰੀਬਨ ਖਾਧ-ਖੁਰਾਕ ਵਾਸਤੇ ਹੀ ਰੱਖੀਆਂ ਜਾਂਦੀਆਂ ਸਨ।

ਬੇਸ਼ੱਕ ਬਰਾਨੀ ਛੋਲਿਆਂ ਦੀ ਖਾਧ-ਖੁਰਾਕ ਵਜੋਂ ਵਰਤੋਂ ਘੱਟ ਹੋਣ ਦੇ ਕਾਰਨ ਇਸ ਫਸਲ ਦਾ ਸ਼ੁਮਾਰ ਵਪਾਰਕ ਭਾਵ ਮੰਡੀ ਵਿਚ ਵੇਚੀਆਂ ਜਾਣ ਵਾਲੀਆਂ ਲਾਹੇਵੰਦ ਫਸਲਾਂ ਵਿਚ ਹੁੰਦਾ ਸੀ। ਛੋਲਿਆਂ ਦੀ ਜ਼ਿਆਦਤਰ ਕਾਸ਼ਤ ਬਰਾਨੀ ਭਾਵ ਪਾਣੀ ਰਹਿਤ ਧਰਤੀ 'ਤੇ ਹੁੰਦੀ ਸੀ, ਜਿਸ ਕਰਕੇ ਇਸ ਫਸਲ 'ਤੇ ਕਣਕ, ਸਰੋਂ ਜਾਂ ਨਰਮੇ-ਕਪਾਹ ਦੀ ਬਨਿਸਬਤ ਰੇਹਾਂ-ਸਪਰੇਆਂ ਦਾ ਖਰਚਾ ਬਿਲਕੁਲ ਹੀ ਨਹੀਂ ਹੁੰਦਾ ਸੀ। ਆਮ ਤੌਰ 'ਤੇ ਬਰਾਨੀ ਫਸਲਾਂ ਸਾਉਣ-ਭਾਦੋਂ ਦੀਆਂ ਬਰਸਾਤਾਂ ਦੀ ਗਿੱਲ ਦੱਬਣ ਉਪਰੰਤ ਜ਼ਿਆਦਾਤਰ ਛਿੱਟਾ ਦੇ ਕੇ ਬੀਜੀਆਂ ਜਾਂਦੀਆਂ ਸਨ। ਫਿਰ ਛੋਲੇ, ਬਾਜਰੇ ਤੇ ਸਰੋਂ ਦੀ ਫਸਲ ਬਾਰੇ ਤਾਂ ਮਸ਼ਹੂਰ ਸੀ ਕਿ 'ਟੰਬੇ-ਤਲੈਂਬੜਾਂ ਦੀ ਮਾਰੀ ਬਾਰਾਂ ਮਣ ਝੜਦੀ ਹੈ'। ਬਹਿਰਹਾਲ, ਅੱਜਕੱਲ੍ਹ ਕਿਉਂਕਿ ਬਰਾਨੀ ਜ਼ਮੀਨ ਬਹੁਤ ਘੱਟ ਰਹਿ ਗਈ ਹੈ, ਇਸ ਲਈ ਕੁਲ ਮਿਲਾ ਕੇ ਖੇਤੀਬਾੜੀ ਦੀ ਲਾਹੇਵੰਦੀ ਤੇ ਖਾਸਾ ਮਾੜਾ ਅਸਰ ਪਿਆ ਹੈ।

ਖੈਰ! ਗੌਰਤਲਬ ਹੈ ਕਿ ਵਿਗਿਆਨੀਆਂ ਤੇ ਖੇਤੀਬਾੜੀ ਦੇ ਮਾਹਿਰਾਂ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਵੀ ਵੱਖ-ਵੱਖ ਇਲਾਕਿਆਂ ਵਿਚ ਫਸਲ ਚੱਕਰ ਨੂੰ ਬਦਲਿਆ ਨਹੀਂ ਜਾ ਸਕਿਆ। ਇਸ ਸਾਰੇ ਪ੍ਰਸੰਗ ਦਾ ਹਰਗਿਜ਼ ਇਹ ਮਤਲਬ ਨਹੀਂ ਕਿ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਤੇ ਤਰੱਕੀ ਵਿਚ ਕੋਈ ਕਾਣ ਹੈ, ਸਗੋਂ ਇਸ ਦਾ ਭਾਵ ਇਹ ਹੈ ਕਿ ਇਸ ਨਾਲ ਆਟੇ ਨਾਲ ਘੁਣ ਪਿਸਣ ਵਾਂਗੂੰ ਪੇਂਡੂ ਸਮਾਜ ਤੇ ਖਾਸ ਕਰਕੇ ਖੇਤੀ ਸਮਾਜ ਦੇ ਸੋਹਣੇ ਸਭਿਆਚਾਰ ਵਿਚ ਖੇਤੀ 'ਤੇ ਨਿਰਭਰ ਕਿੰਨੇ ਹੀ ਵਰਗਾਂ ਦੇ ਲੋਕਾਂ ਤੇ ਪਸ਼ੂ ਧਨ ਦੀ ਅਹਿਮੀਅਤ ਗੁਆਚ ਰਹੀ ਹੈ ਜੋ ਕਿ ਸਾਡੇ ਮੁਲਕ ਨੂੰ ਖੇਤੀ ਪ੍ਰਧਾਨ ਦੇਸ਼ ਹੋਣ ਦੀ ਅਸਲ ਪਰਿਭਾਸ਼ਾ ਤੋਂ ਥਿੜਕਾ ਕੇ ਸਾਡੀ ਵਧੀਆ ਸੰਸਕ੍ਰਿਤੀ ਤੇ ਸਦਾਚਾਰਕ ਕਦਰਾਂ-ਕੀਮਤਾਂ ਤੋਂ ਦਿਨ ਪ੍ਰਤੀ ਦਿਨ ਦੂਰ ਕਰ ਰਿਹਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਵੱਧ ਬੱਸ ਇਸ ਗੱਲ ਨੂੰ ਸਮਝਦੇ ਹੋਏ ਸਾਨੂੰ ਸੰਭਲਣ ਦੀ ਲੋੜ ਹੈ ਕਿ ਸਾਡੀ ਜੀਵਨਸ਼ੈਲੀ ਵਿਚ ਪੇਂਡੂ ਸਮਾਜ ਨੂੰ ਮਿਲੀ ਕੁਦਰਤ ਦੀ ਨੇੜਤਾ ਭਰੀ ਸਾਦ-ਮੁਰਾਦੀ ਤੇ ਸਿਰੜੀ ਜੀਵਨ ਜਾਚ ਪ੍ਰਤੀ ਅੰਧਰਾਤੇ ਰੋਗ ਵਰਗਾ ਅਗਿਆਨਤਾ ਦਾ ਹਨ੍ਹੇਰਾ ਫੈਲ ਰਿਹਾ ਹੈ।

ਦੁਨੀਆਂ ਨੇ ਕਿਰਸਾਣ ਨੂੰ ਅੰਨਦਾਤੇ ਦੇ ਰੂਪ ਵਿਚ ਦੇਖਿਆ ਹੈ ਤੇ ਉਸਦੀ ਕਿਰਸਾਣ ਦੀ ਸਿਫ਼ਤ-ਸਲਾਹ ਕੀਤੀ ਹੈ, ਪਰ ਉਥੇ ਹੀ ਜੱਟ ਦੀ ਸੰਕਟਾਂ ਭਰੀ ਜ਼ਿੰਦਗੀ ਬਾਰੇ ਵੀ 'ਜੱਟਾ ਤੇਰੀ ਜੂਨ ਬੁਰੀ, ਹੱਲ ਛੱਡ ਚਰ੍ਹੀ ਨੂੰ ਜਾਣਾ' ਜਿਹੇ ਯਥਾਰਥਵਾਦੀ ਟੋਟਕੇ ਵੀ ਬਣਾਏ ਹਨ। ਇਹ ਸਿਰੜੀ ਕਿਰਸਾਣੀ ਵਰਗ ਸਿਰੇ ਦੀ ਮਿਹਨਤ-ਮੁਸ਼ੱਕਤ ਦਾ ਸ਼ੁਦਾਈ ਹੈ। ਇਸ ਲਈ ਕਿਰਸਾਣ ਕਿਤੇ ਕਕਰੀਲੀਆਂ ਰਾਤਾਂ ਵਿਚ ਕਣਕਾਂ ਨੂੰ ਪਾਣੀ ਲਾਉਂਦਾ ਫਿਰਦਾ ਹੈ ਤੇ ਕਿਤੇ ਹਾੜ ਦੀ ਅੰਗਿਆਰਿਆਂ ਵਾਂਗੂੰ ਤਪਦੀ ਰੁੱਤ ਵਿਚ ਵਾਢੀ ਕਰਦਾ ਫਿਰਦਾ ਹੈ। ਇਉਂ ਫਿਰ ਜੱਟ ਮਿੱਟੀ ਨਾਲ ਮਿੱਟੀ ਹੁੰਦਾ ਹੋਇਆ, ਬਸ



Original with;
Kulbir Singh Sidhu(I.A.S)
Digitized by;
Panjab Digital Library

ਦਿਨ-ਰਾਤ ਖੇਤਾਂ ਵਿਚ ਸੱਪ-ਸਲੂਤੀਆਂ ਦੇ ਨਾਲ ਰਹਿੰਦਾ ਹੈ ਅਤੇ ਕਦੇ ਲੋੜ ਵੇਲੇ ਉਨ੍ਹਾਂ ਦੇ ਸਿਰ ਵੀ ਮਿੱਧਦਾ ਫਿਰਦਾ ਹੈ। ਸਾਉਣ ਭਾਦੋਂ ਦੇ ਹੁੰਮਸ ਤੇ ਹੁੱਸੜ ਭਰੇ ਮੌਸਮ ਵਿਚ ਕਿਰਸਾਣ ਜਦੋਂ ਫਸਲਾਂ ਨੂੰ ਗੋਡੀ ਪਾਉਂਦਾ ਹੈ ਤਾਂ ਦੁਨੀਆਂ ਨੂੰ ਮਨਾ ਦਿੰਦਾ ਹੈ ਕਿ ਇੰਨਾ ਸਖ਼ਤ ਕੰਮ ਸਿਰਫ਼ ਜੱਟ ਕੌਮ ਹੀ ਕਰ ਸਕਦੀ ਹੈ। ਇਉਂ ਸਪਸ਼ਟ ਹੈ ਕਿ ਇੰਨਾਂ ਔਕੜਾਂ ਭਰਿਆ ਕਿੱਤਾ ਹਾਈਂ-ਮਾਈਂ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ।

ਨਿਰਸੰਦੇਹ ਸਾਡੇ ਆਧੁਨਿਕ ਤੇ ਸਨਅੱਤੀ ਸਮੇਂ ਜੋ ਖੇਤੀਬਾੜੀ ਦਾ ਮਸ਼ੀਨੀਕਰਣ ਹੋਇਆ ਹੈ, ਉਸ ਨਾਲ ਕਿਰਸਾਣੀ ਵਿਚ ਮਿਹਨਤ-ਮੁਸ਼ੱਕਤ ਘਟੀ ਹੈ ਤੇ ਪਹਿਲੇ ਸਮਿਆਂ ਨਾਲੋਂ ਅਰਥਚਾਰੇ ਵਿਚ ਸੁਧਾਰ ਹੋਇਆ ਹੈ, ਪਰ ਇਸ ਦੇ ਨਾਲ ਹੀ ਸਭਿਆਚਾਰਕ ਤੌਰ 'ਤੇ ਕਿਰਸਾਣੀ ਵਰਗ ਵਿਚ ਸਬਰ, ਸੰਤੋਖ ਤੇ ਸਿਰੜ ਦੀ ਘਾਟ ਵੀ ਆਈ ਹੈ। ਹੁਣ ਵਪਾਰੀਕਰਣ ਦੀ ਸੋਚ ਦੇ ਵਧਾਰੇ ਦੇ ਕਾਰਨ 'ਧਰਤੀ ਦਾ ਮੋਹ' ਵੀ ਘਟ ਗਿਆ ਹੈ। ਸ਼ਹਿਰੀਕਰਨ ਹੋਣ ਦੇ ਨਾਲ ਜੱਟ ਦਾ ਜ਼ਮੀਨਾਂ ਨਾਲ ਮਾਂ ਵਰਗਾ ਮੋਹ ਪੈਸੇ ਦੀ ਤ੍ਰਿਸ਼ਣਾ ਦੇ ਕਾਰਨ ਹੋਰ ਵੀ ਘਟ ਗਿਆ ਹੈ। ਅੱਜ ਜ਼ਮੀਨਾਂ ਧੜਾ-ਧੜ ਵਿਕ ਰਹੀਆਂ ਹਨ।

ਇਸ ਤੋਂ ਇਲਾਵਾ ਹੁਣ ਵਧਦੀ ਅਬਾਦੀ ਦੇ ਮਾਰੂ ਪ੍ਰਭਾਵ ਹੇਠ ਘਰ-ਪਰਿਵਾਰ ਤੇ ਹਿੱਸੇਦਾਰ ਵਧ ਰਹੇ ਹਨ ਤੇ ਜ਼ਮੀਨੀ ਵੰਡ ਕਾਰਨ ਕਿਰਸਾਣੀ ਢੇਰੀਆਂ ਛੋਟੀਆਂ ਹੋ ਰਹੀਆਂ ਹਨ। ਉਸ ਤੋਂ ਉਪਰ ਸਿਤਮ ਦੀ ਗੱਲ ਇਹ ਹੈ ਕਿ ਖੇਤੀ ਦੇ ਸੰਦਾਂ, ਦਵਾਈਆਂ ਤੇ ਦਿਹਾੜੀਆਂ ਦੇ ਖਰਚਿਆਂ ਨੇ ਜੱਟ ਦਾ ਕਚੂਮਰ ਕੱਢ ਦਿੱਤਾ ਹੈ। ਹੁਣ ਲੈਂਡ ਲਾਰਡਾਂ ਵਾਲੀ ਗੱਲ ਇਕ ਪਾਸੇ ਰਹੀ, ਲੈਂਡ ਓਨਰਾਂ ਵਾਲੀ ਗੱਲ ਵੀ ਨਹੀਂ ਰਹੀ ਜਾਪਦੀ ਕਿਉਂਕਿ ਜ਼ਮੀਨਾਂ ਕਰਜ਼ਿਆਂ ਦੇ ਹੇਠ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਖੇਤੀਬਾੜੀ ਦੀ ਉਪਜ ਦੇ ਮੁੱਲ-ਭਾਅ ਸਰਕਾਰ ਦੇ ਕੰਟਰੋਲ ਵਿਚ ਹਨ ਤੇ ਖੇਤੀ 'ਤੇ ਖਰਚ ਹੋਣ ਵਾਲੀ ਹਰ ਮਦ ਦਾ ਮੁੱਲ ਮਾਰਕੀਟ ਦੇ ਭਾਅ ਅਨੁਸਾਰ ਹੈ।

ਅਜੋਕੇ ਸਮੇਂ ਵਿਚ ਸਿੱਕੇ ਦੀ ਕਰਾਮਾਤ ਵੀ ਇਹ ਹੋ ਗਈ ਹੈ ਕਿ ਖੇਤੀ ਦੀਆਂ ਜਿਣਸਾਂ ਲੋੜ ਦੀ ਥਾਂ ਪੈਸੇ ਨਾਲ ਤੁਲਣ ਲੱਗੀਆਂ ਹਨ। ਹੁਣ ਮੁੱਲ ਲੋੜ ਦਾ ਨਹੀਂ, ਸਗੋਂ ਸਿੱਕੇ ਦਾ ਪੈਣ ਲੱਗਿਆ ਹੈ। ਇਹ ਹੀ ਕਾਰਨ ਹੈ ਕਿ ਹੁਣ ਵਣਜ-ਵਪਾਰੀ ਤੇ ਸ਼ਾਹੂਕਾਰ-ਆੜ੍ਹਤੀਏ ਸਭ ਕਿਰਸਾਣ ਦੇ ਮਸਲਿਆਂ ਉਪਰ ਆਪਣੀਆਂ 'ਚੰਮ' ਦੀਆਂ ਨੀਤੀਆਂ ਚਲਾਉਂਦੇ ਹਨ ਤੇ ਸਰਕਾਰਾਂ ਵਿਚ ਵੀ ਵਪਾਰੀਆਂ ਦੇ ਚੰਮ ਦੇ ਸਿੱਕੇ ਚਲਦੇ ਹਨ।

ਕਿਰਸਾਣ ਵਰਗ ਲਈ ਦਾਲ-ਰੋਟੀ ਤੋਂ ਉਪਰ ਬੇਸ਼ੱਕ ਖੇਤੀ ਕਦੇ ਵੀ ਲਾਹੇਵੰਦ ਨਹੀਂ ਰਹੀ, ਪਰ ਹੁਣ ਤਾਂ ਪਰਿਵਾਰਿਕ ਲੋੜਾਂ-ਥੁੜਾਂ ਤੇ ਖਾਸ ਕਰਕੇ ਕਿਰਸਾਣੀ ਦੀਆਂ ਗਰਜ਼ਾਂ ਹੁਣ ਕਰਜ਼ਾ ਬਣਨ ਲੱਗ ਪਈਆਂ ਹਨ। ਇਸ ਲਈ ਇਹ ਸਪਸ਼ਟ ਹੈ ਕਿ ਜਿਣਸਾਂ ਦੀਆਂ ਬੋਰੀਆਂ ਹੁਣ ਬਟੂਏ ਤੋਂ ਵੀ ਹੌਲੀਆਂ ਹੋ ਗਈਆਂ ਹਨ। ਫਿਰ ਵੀ ਫਸਲਾਂ ਨਾਲ ਧਰਮ ਪਾਲਣ ਵਾਲਾ ਇਹ ਜੱਟ ਨਾ ਸੱਚਾਈ ਨਾਲ ਖੁੱਲ੍ਹ ਕੇ ਭਿੜਦਾ ਹੈ ਅਤੇ ਨਾ ਹੀ ਇਸ ਤੋਂ ਭੱਜਦਾ ਹੈ। ਬੱਸ ਸਾਰੀ ਕਿਰਸਾਣੀ ਚਿਰ ਦੇਰ ਤੋਂ ਆਪਣੀ ਆਰਥਿਕਤਾ ਦੀ ਮਾੜੀ ਮੰਡੀ ਵਿਚ ਬੌਂਡੇ ਬਲਦਾਂ ਵਾਂਗੂੰ ਸਿੰਙ ਫਸਾਈ ਖਲੋਤੀ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਗੌਰਤਲਬ ਹੈ ਕਿ ਹੁਣ ਜੱਟਾਂ ਦੇ ਮਸਲੇ ਕੱਹੀ-ਕੁਹਾੜੀ ਦੇ ਮਸਲਿਆਂ ਤੋਂ ਅੱਗੇ ਲੰਘ ਕੇ ਸਮੁੱਚੀ ਕਿਰਸਾਣੀ ਵਾਸਤੇ ਸਿੜ੍ਹੀ-ਸਿਆਪਾ ਮਾਤਰ ਹੀ ਬਣ ਚੁੱਕੇ ਹਨ।

ਇਸ ਪ੍ਰਥਾਇ ਜੱਟ ਦੀ ਮਾਨਸਿਕ ਭਾਵਨਾ ਇਕ ਲੋਕ ਗੀਤ 'ਕਣਕੇ ਨੀ ਕਣਕੇ ਇਕ ਵਾਰ ਫੇਰ ਦੱਸੀਂ ਤੂੰ ਮਹਿੰਗੀ ਬਣ ਕੇ' ਰਾਹੀਂ ਉਭਰਦੀ ਹੈ। ਜੱਟ ਆਉਣ ਵਾਲੀ ਫਸਲ ਬੀਜਣ ਲੱਗਿਆਂ ਇਕ ਸੁਪਨਾ ਸਿਰਜਦਾ ਤੇ ਬੀਜਦਾ ਹੈ ਕਿਉਂਕਿ ਉਸ ਨੇ ਖੇਤੀ ਦਾ ਮਾਲ-ਮਾਮਲਾ ਪੂਰਾ ਕਰਨਾ ਹੈ ਤੇ ਆਪਣੀਆਂ ਲੋੜਾਂ ਪੂਰਨੀਆਂ ਹਨ। ਇਸ ਸਭ ਕਾਸੇ ਤੋਂ ਵੱਧ ਉਸ ਨੇ ਆਦਿ-ਜੁਗਾਦਿ ਤੋਂ ਆਪਣੇ ਸਿਰ ਚੜ੍ਹਿਆ ਕਰਜ਼ਾ ਵੀ ਲਾਹੁਣਾ ਹੈ। ਬੇਸ਼ੱਕ ਫਸਲਾਂ ਦੀ ਹਰਿਆਵਲ ਤੇ ਖੇੜਾ ਹੀ ਜੱਟ ਦੇ ਸਵੈਮਾਣ ਨੂੰ ਅਸਮਾਨੀ ਚਾੜ੍ਹ ਦਿੰਦਾ ਹੈ। ਫਿਰ ਕਣਕ, ਕਪਾਹ ਤੇ ਝੋਨੇ ਦਾ ਵਧਿਆ ਮੁੱਲ ਜੱਟ ਨੂੰ ਆਰਥਿਕ ਤੇ ਸਮਾਜਿਕ ਮਾਣ-ਸਵੈਮਾਣ ਦਿੰਦਾ ਹੈ। ਪਰ ਜਦੋਂ ਜਿਣਸਾਂ ਦੇ ਭਾਅ ਟੁੱਟ ਜਾਂਦੇ ਜਾਂ ਰੇਹ-ਖਾਦਾਂ ਤੇ ਸਪ੍ਰੇਆਂ ਦੇ ਖਰਚਿਆਂ ਦੀ ਲਾਗਤ ਹੀ 'ਖੂਹ ਦੀ ਮਿੱਟੀ ਖੂਹ ਨੇ ਖਾਈ' ਵਾਂਗ ਬਣ ਜਾਂਦੀ ਹੈ ਤਾਂ ਉਦੋਂ ਜੱਟ ਆਪਣੀ ਜਨਮਜਾਤ ਮਗਰੂਰੀ ਛੱਡ ਕੇ ਫਿਰੋਜ਼ਪੁਰੀਏ ਕਵੀ **ਜਸਵੰਤ ਕੈਲਵੀ** ਦੇ ਅਨੁਸਾਰ ਆਪਣੀ ਘਰਵਾਲੀ ਨੂੰ ਆਪਣੀ ਖੇਤੀ ਤੇ ਕਮਾਈ ਦਾ ਯਥਾਰਥ ਦੱਸਦਾ ਹੈ।

ਖਾਦਾਂ ਮਹਿੰਗੀਆਂ ਫਸਲਾਂ ਦੀ ਬੇਕਦਰੀ, ਆਸਾਂ ਰੱਖ ਨਾ ਵੱਡੀਆਂ ਵੱਡੀਆਂ ਨੀਂ
ਬਾਂਕਾਂ ਤੈਨੂੰ ਨਹੀਂ ਜੁੜਨੀਆਂ ਬੰਤ ਕੌਰੇ, ਐਵੇਂ ਕੂਚਦੀ ਫਿਰੇਂ ਕਿਉਂ ਅੱਡੀਆਂ ਨੀਂ

ਪਰ ਕੌੜੀ ਸੱਚਾਈ ਇਹ ਵੀ ਹੈ ਕਿ ਅਜੋਕੇ ਸਮੇਂ ਵਿਚ ਖੇਤੀ 'ਤੇ ਆਉਣ ਵਾਲੇ ਖਰਚੇ ਅਤੇ ਆਪਣੀਆਂ ਨਿੱਤਾ ਪ੍ਰਤੀ ਦੀਆਂ ਲੋੜਾਂ ਪੂਰਨ ਲਈ ਜੱਟ ਪਹਿਲਾਂ ਹੀ ਸਹਿਕਾਰੀ ਤੇ ਸ਼ਾਹੂਕਾਰਾ ਕਰਜ਼ਿਆਂ ਦਾ ਦਬੈਲ ਹੋ ਜਾਂਦਾ ਹੈ। ਫਿਰ ਉਹ ਸ਼ਾਇਰ **ਲਖਵੀਰ ਗਿੱਲ** ਦੇ ਕਾਵਿ ਸ਼ਬਦਾਂ ਵਿਚ "ਕਰਜ਼ਾ ਉਗਰਾਹੁਣ ਵਾਲੀ ਜੀਪ, ਨਿੱਤ ਬੇਸ਼ਰਮ ਰੰਨ ਵਾਂਗ ਦਰਾਂ ਮੂਹਰੇ ਆਣ ਖੜ੍ਹਦੀ ਹੈ।" ਫਿਰ ਕਰਜ਼ੇ ਦੇ ਭਾਰ ਦੀ ਨਮੋਸ਼ੀ ਦੇ ਮਾਰੇ ਹੋਏ ਕਿਰਸਾਣ ਨੂੰ ਸਾਡੀ ਲੋਕ ਬੋਲੀ '**ਚੋਗ ਬੇਗਾਨੀ ਕਾਹਦਾ ਦਾਅਵਾ, ਮਾਣ ਟੁੱਟੇ ਕੀ ਬਚਦਾ**' ਦੀ ਸਮਝ ਆਉਂਦੀ ਹੈ, ਪਰ ਜਦੋਂ ਨੂੰ ਜੱਟ ਸੋਝੀ ਦੇ ਘਰ ਆਉਂਦਾ ਹੈ ਤਾਂ ਉਦੋਂ ਨੂੰ 'ਅਬ ਪਛਤਾਏ ਕਯਾ ਹੋਤ, ਜਬ ਚਿੜੀਆ ਚੁੱਗ ਗਈ ਖੇਤ' ਵਰਗੀ ਸੂਰਤੇ-ਹਾਲ ਬਣ ਚੁੱਕੀ ਹੁੰਦੀ ਹੈ।

ਸਾਡੀ ਮੌਜੂਦਾ ਸਰਕਾਰੀ ਵਿਵਸਥਾ ਵਿਚ ਕਰਜ਼ੇ ਦੀ ਵਸੂਲੀ ਵਾਸਤੇ ਫੜੋ-ਫੜਾਈ ਤੋਂ ਲੈ ਕੇ ਆਤਮਘਾਤ ਕਰਨ ਤੱਕ ਦੀ ਹੋਣੀ-ਅਣਹੋਣੀ ਕਿਰਸਾਣਾਂ ਨਾਲ ਅਕਸਰ ਹੀ ਵਾਪਰਦੀ ਰਹਿੰਦੀ ਹੈ। ਇਸ ਸਬੰਧ ਵਿਚ ਕਵੀ **ਮੀਤ ਅਨਮੋਲ** ਦੇ ਇਹ ਸ਼ਬਦ ਇਸ ਸਾਰੀ ਸਥਿਤੀ ਨੂੰ ਸ਼ੀਸ਼ੇ ਵਾਂਗੂੰ ਸਾਫ਼ ਕਰ ਦਿੰਦੇ ਹਨ ਕਿ :-

ਮਤਲਬਖ਼ੋਰੀ ਡੈਮ ਦਾ ਪਾਣੀ, ਤੋੜ ਕੇ ਦੋਸਤੀ ਦੇ ਬੰਨ ਲੈ ਗਿਆ ਰੋੜ੍ਹ,
ਮੇਰੇ ਵਿਸ਼ਵਾਸ ਦੀ **ਫਸਲ ਵਿਚ ਫਿਰ** ਬਿਨਾਂ ਮੇਰੇ ਨਾਂ ਕੋਈ ਨੋਟ ਲਿਖੇ,
ਨਾਸਤਿਕਤਾ ਦੀ ਸਲਫ਼ਾਸ ਖਾ ਕੇ, ਮੇਰੇ ਰੱਬ ਨੇ ਕਰ ਲਈ ਖੁਦਕੁਸ਼ੀ

ਸਪਸ਼ਟ ਹੈ ਕਿ ਕਿਰਸਾਣਾਂ ਵਲੋਂ ਖੁਦਕੁਸ਼ੀਆਂ ਦਾ ਮਸਲਾ ਸਿਰਫ਼ ਉਨ੍ਹਾਂ ਵਲੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਲਏ ਗਏ ਕਰਜ਼ੇ ਦਾ ਹੀ ਨਹੀਂ, ਸਗੋਂ ਕਰਜ਼ ਉਗਰਾਹੁਣ ਦੇ ਜ਼ਲਾਲਤ ਭਰੇ ਤੌਰ ਤਰੀਕੇ ਤੇ ਵਤੀਰੇ ਦਾ ਵੀ ਹੈ। ਇਸ ਵਿਚ ਕਿਰਸਾਣ ਦੀ ਅਜਿਹੀ ਬੇਜ਼ਤੀ ਨਾਲੋਂ ਕਿਤੇ ਵੱਧ ਉਸ ਦੀ ਕਿਰਤ, ਕਮਾਈ ਤੇ ਉਸ ਦੀ ਜਿਣਸ ਦੀ ਬੇਕਦਰੀ ਹੁੰਦੀ ਹੈ। ਜੱਟ ਲੜਾਈ ਝਗੜੇ ਜਾਂ ਪੁਲਿਸ ਤੋਂ ਡਰ ਕੇ ਕਦੇ ਨਹੀਂ ਭੱਜਦਾ ਸੀ। ਪਰ ਹੁਣ ਉਹ ਮਾਮਲੇ, ਸਹਿਕਾਰੀ ਤੇ ਸ਼ਾਹੂਕਾਰਾਂ ਦੇ ਕਰਜ਼ਿਆਂ ਦੀ ਉਗਰਾਹੀ ਦੀ ਬੇਪੱਤੀ ਤੋਂ ਡਰਿਆ ਤੇ ਭਜਾਇਆ ਹੋਇਆ ਛੱਤਣੀ ਚੜ੍ਹ ਜਾਂਦਾ ਹੈ। ਇਸ ਵਿਚ ਸਾਡੀਆਂ ਆਪਣੀਆਂ ਹੀ ਚੁਣੀਆਂ ਹੋਈਆਂ ਸਰਕਾਰਾਂ ਦੀਆਂ ਚੋਣਾਂ ਤੋਂ ਪਹਿਲਾਂ ਦਿੱਤੀਆਂ ਛੋਟਾਂ ਤੇ ਬਾਅਦ ਵਿਚ ਕਿਰਸਾਣੀ ਨੂੰ ਮਾਰੀਆਂ ਚੋਟਾਂ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਹੀਆਂ ਹਨ। ਸੋ ਜਿਣਸ ਦੀ ਮੰਡੀ ਵਿਚ ਕਿਰਸਾਣੀ ਨਾਲ ਇਹ 'ਕਾਵਿਕ ਨਿਆਂ' ਦੇ ਰੂਪ ਵਿਚ ਜੋ ਦੁਰਗਤੀ ਅਜੋਕੀ ਕਿਰਸਾਣੀ ਦੀ ਹੋ ਰਹੀ ਹੈ, ਅਸਲ ਵਿਚ ਇਹ ਦੁਰਦਸ਼ਾ ਪੰਜਾਬ ਦੇ ਅਰਥਚਾਰੇ ਤੇ ਸਮਾਜਿਕ ਭਾਈਚਾਰੇ ਦੀ ਸਹੀ-ਸਹੀ ਤਰਜਮਾਨੀ ਕਰਦੀ ਹੈ।

ਕਿੱਸਾ ਮੁਖਤਸਰ ਤੌਰ 'ਤੇ ਇਹ ਹੈ ਕਿ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਜ਼ਮੀਨ ਵੀ ਕਦੇ ਮੰਡੀ ਦੀ ਵਸਤ ਬਣ ਜਾਵੇਗੀ। ਹੁਣ ਪਹਿਲੇ ਸਮਿਆਂ ਵਾਂਗ ਵਪਾਰੀ ਪਿੰਡ-ਪਿੰਡ ਨਹੀਂ ਫਿਰਦਾ, ਸਗੋਂ ਕਿਰਸਾਣ ਖੁਦ ਆੜ੍ਹਤੀਏ ਕੋਲ ਫਸਲ ਲੈ ਕੇ ਜਾਂਦਾ ਹੈ। ਹੋਰ ਵੀ ਸਿਤਮਜ਼ਰੀਫ਼ੀ ਇਹ ਹੈ ਕਿ ਕਿਰਸਾਣ ਆਪਣੀ ਮਿਹਨਤ ਤੇ ਜਿਣਸ ਦਾ ਮੁੱਲ ਆਪ ਨਹੀਂ ਕਰਦਾ, ਸਗੋਂ ਸ਼ਰੇਆਮ ਨਿਲਾਮੀ ਵਾਂਗੂੰ ਆੜ੍ਹਤੀਆ ਉਸ ਦੀ ਫਸਲ ਨੂੰ ਨਿਲਾਮ ਕਰਦਾ ਹੈ। ਸਪਸ਼ਟ ਹੈ ਕਿ ਕਿਰਸਾਣ ਬਾਣੀਏ ਨੂੰ ਇਹ ਵੀ ਨਹੀਂ ਕਹਿ ਸਕਦਾ ਕਿ ਮੇਰੀ ਇਸ ਤਰ੍ਹਾਂ ਕਿਉਂ ਛਿੱਲ ਲਾਹੁੰਦਾ ਹੈ ਕਿਉਂਕਿ ਅਸਲੀਅਤ ਤਾਂ ਇਹ ਹੈ ਕਿ ਜੱਟ ਆਪਣੇ ਆੜ੍ਹਤੀਏ ਕੋਲ ਆਪਣੀ ਛਿੱਲ ਆਪ ਲਹਾਉਣ ਜਾਂਦਾ ਹੈ। ਇਸ ਕਸੈਲੇ ਸੱਚ ਦੀ ਤਰਜਮਾਨੀ ਸਾਡੇ ਸਮੇਂ ਦਾ ਚੇਤੰਨ ਕਵੀ **ਅਤੈ ਸਿੰਘ** ਇਉਂ ਕਰਦਾ ਹੈ ਕਿ :-

ਕੁਝ ਕਣਕੇ ਤੂੰ ਖੇਤੀਂ ਰੁਲ ਗਈ, ਕੁਝ ਰੁਲ ਗਈ ਤੂੰ ਮੰਡੀ।
ਧੀਆਂ ਵਾਂਗੂ ਪਾਲੀਏ ਨੀਂ, ਤੇਰੀ ਮੰਡੀ ਦੇ ਵਿਚ ਭੰਡੀ।
ਤੂੰ ਰਹੇਂ ਕਿੰਜ ਤਣਕੇ; ਕਣਕੇ ਨੀਂ ਕਣਕੇ!

ਜ਼ਾਹਿਰ ਹੈ ਕਿ ਅੱਜ ਦੇ ਸਮੇਂ ਵਿਚ ਖੇਤੀਬਾੜੀ ਘਾਟੇਬੰਦੀ ਦਾ ਸੌਦਾ ਬਣ ਗਈ ਹੈ। ਪਹਿਲਾਂ ਕਦੇ ਜੱਟ ਭਾਦੋਂ ਦੇ ਹੁੰਮਸ-ਹੁਸੜ ਦਾ ਮਰੋੜਿਆ ਸਾਧ ਹੋ ਜਾਂਦਾ ਸੀ, ਪਰ ਹੁਣ ਦਾ ਕਿਰਸਾਣ ਕਰਜ਼ਿਆਂ ਦਾ ਮਾਰਿਆ ਨੰਗਾਂ-ਮਲੰਗਾਂ ਵਿਚ ਜਾ ਖੜ੍ਹਦਾ ਹੈ। ਸਿਰੇ ਦੀ ਗੱਲ ਇਹ ਹੈ ਕਿ ਜਿਵੇਂ ਹਿੰਦ ਸਰਕਾਰ ਦਾ ਕਰਜ਼ਾ ਮੋੜਨ ਵੇਲੇ ਹੁਣ ਪੰਜਾਬ ਸਰਕਾਰ ਕਹਿੰਦੀ ਹੈ ਕਿ ਅਸੀਂ ਤੁਹਾਡਾ ਕਿਹੜਾ ਕਰਜ਼ਾ ਦੇਣਾ ਹੈ। ਬਿਲਕੁੱਲ ਉਸ ਤਰ੍ਹਾਂ ਹੀ ਹੁਣ ਅੱਗੇ ਪੰਜਾਬ ਸਰਕਾਰ ਨੂੰ ਆਮ ਲੋਕ ਤੇ ਖ਼ਾਸ ਕਰਕੇ ਕਿਰਸਾਣ ਚੁੱਕੇ ਹੋਏ ਕਰਜ਼ੇ ਦੀਆਂ ਕਿਸ਼ਤਾਂ ਭਰਨ ਵੇਲੇ ਅਜਿਹਾ ਹੀ ਟਕੇ ਵਰਗਾ ਜਵਾਬ ਦਿੰਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਹਨ। ਫਿਰ ਇਹ ਵੀ ਸੱਚਾਈ ਹੈ ਕਿ ਵੋਟਾਂ ਦੀ ਮੁਥਾਜੀ ਦੀਆਂ ਮਾਰੀਆਂ ਸਰਕਾਰਾਂ ਨਾ ਤਾਂ ਸਖ਼ਤੀ ਕਰ ਸਕਦੀਆਂ ਹਨ ਤੇ ਨਾ ਹੀ ਇਨ੍ਹਾਂ ਕੋਲ ਕਿਰਸਾਣ ਦੀਆਂ ਮੁਸ਼ਕਿਲਾਂ ਦਾ ਕੋਈ ਹੱਲ ਹੈ ਅਤੇ ਨਾ ਹੀ ਇਨ੍ਹਾਂ ਕੋਲ ਮਰ ਰਹੀ ਕਿਰਸਾਣੀ ਦਾ ਕੋਈ ਤੋੜ ਹੈ।

ਬੱਸ ਜੋ ਕਰਜ਼ਿਆਂ ਤੇ ਤਕਾਵੀਆਂ ਦੀ ਵਸੂਲੀ ਦਾ ਕੱਟਕ ਕਦੇ ਕਦਾਈਂ ਬਾਕੀਦਾਰਾਂ 'ਤੇ ਚੜ੍ਹਦਾ ਹੈ, ਉਸ ਦੇ ਪਿੱਛੇ ਵੀ ਧੜੇਬੰਦੀ ਪ੍ਰਤੱਖ ਨਜ਼ਰ ਆਉਂਦੀ ਹੈ। ਇਸ ਅਨੁਸਾਰ ਰਾਜਸੱਤਾ ਵਾਲੀ ਪਾਰਟੀ ਤੇ ਪ੍ਰਸ਼ਾਸਨ ਦਾ ਹਮੇਸ਼ਾਂ ਹੀ ਕਰਜ਼ਦਾਰਾਂ ਪ੍ਰਤੀ ਇਹ ਰੁਖ਼ ਰਵੱਈਆ ਰਹਿੰਦਾ ਹੈ ਕਿ ਆਪਣੇ ਬਾਕੀਦਾਰ ਵੋਟਰਾਂ ਨੂੰ ਕੁੱਝ ਬਾਹਲਾ ਅਕਾਉਣਾ-ਸਤਾਉਣਾ ਨਹੀਂ ਅਤੇ ਵਿਰੋਧੀ ਬਾਕੀਦਾਰਾਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਣਾ ਨਹੀਂ। ਬਹਿਰਹਾਲ ਹੁਣ ਸਮੇਂ-ਸਮੇਂ ਦੀਆਂ ਸਰਕਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਅਜਿਹੀਆਂ ਆਪਹੁਦਰੀਆਂ ਕਾਰਵਾਈਆਂ ਸਿਰਫ਼ ਕਿਰਸਾਣੀ ਲਈ ਹੀ ਨਹੀਂ, ਸਗੋਂ ਸਰਕਾਰਾਂ ਵਾਸਤੇ ਵੱਡੇ ਖੜਕੇ-ਖ਼ਤਰੇ ਦੀ ਘੰਟੀ ਬਣ ਚੁਕੀਆਂ ਹਨ। ਬੱਸ ਇਨ੍ਹਾਂ ਹਾਲਾਤਾਂ ਵਿਚ ਪੰਜਾਬ ਦੀ ਕਿਰਸਾਣੀ ਤੇ ਉਸ ਦੇ ਸਿਰ ਚੜ੍ਹੇ ਕਰਜ਼ਿਆਂ ਦੀ ਬਣ ਚੁੱਕੀ ਇਸ ਦਾਸਤਾਨ ਨੂੰ ਜਾਨਣ ਤੇ ਸਮਝਣ ਦੀ ਬੇਅੰਤ ਲੋੜ ਹੈ।

ਇਸ ਵਾਸਤੇ 'ਕਿਰਸਾਣੀ ਬਚਾਉ' ਮੁਹਿੰਮ ਨੂੰ 'ਪੰਜਾਬ ਬਚਾਉ' ਦੇ ਰੂਪ ਵਿਚ ਇਕ ਵੱਡੀ ਲੜਾਈ ਬਣਾਉਣ ਦੀ ਬੇਹੱਦ ਜ਼ਰੂਰਤ ਹੈ। ਇਸ ਲਈ ਕਿਰਸਾਣੀ ਨੂੰ ਲਾਹੇਵੰਦ ਬਣਾਉਣ ਦੇ ਲੇਖੇ-ਜੋਖਿਆਂ ਦੇ ਨਾਲ-ਨਾਲ ਸਾਨੂੰ ਆਪਣੇ ਲੋਕਾਂ ਦੀ ਮੌਜੂਦਾ ਮਾਨਸਿਕਤਾ ਨੂੰ ਵੀ ਸਮਝਣਾ ਪਵੇਗਾ, ਕਿਉਂਕਿ ਅੱਜ ਦੇ ਜੱਟ ਤੇ ਕਿਰਸਾਣ ਸਿਰਫ਼ ਨਾਂ ਦੇ ਹੀ ਵਾਹੀਵਾਨ ਰਹਿ ਗਏ ਹਨ। ਪਰ ਇਹ ਅਤਿਕਥਨੀ ਨਹੀਂ ਹੈ ਕਿ ਜ਼ਿਮੀਦਾਰਾਂ ਨੇ ਆਪਣਾ ਪੁਰਾਣਾ ਮਿਹਨਤੀ-ਸਿਰੜੀ ਤੇ ਸਬਰ-ਸੰਤੋਖ ਵਾਲਾ ਸੁਭਾਅ ਛੱਡ ਕੇ ਬਹੁਤ ਹੀ ਘਾਟਾ ਖਾਧਾ ਹੈ। ਗੁਰਦਾਸ ਮਾਨ ਸਾਡੇ ਸਭਿਆਚਾਰ ਦੀਆਂ ਬਦਲ ਰਹੀਆਂ ਨੈਤਿਕ ਕਦਰਾਂ-ਕੀਮਤਾਂ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ 'ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ'; ਪਰ ਮੈਂ ਉਸ ਦੇ ਨਾਲ ਖੇਤੀ ਦੇ ਸੰਦਰਭ ਵਿਚ ਹੋਰ ਵੀ ਸਪੱਸ਼ਟ ਤੌਰ 'ਤੇ ਇਹ ਕਹਿਣਾ ਚਾਹੁੰਦਾ ਹਾਂ ਕਿ 'ਹੁਣ ਹੱਲ੍ਹ ਵੀ ਗਏ ਤੇ ਪੰਜਾਲੀਆਂ ਵੀ ਗਈਆਂ' ਅਤੇ ਇਸ ਤੋਂ ਮੇਰਾ ਭਾਵ ਇਹ ਹੈ ਕਿ ਆਮ ਤੌਰ 'ਤੇ ਅੱਜ ਦੇ ਜੱਟ ਨਾ ਤਾਂ ਹੁਣ ਖ਼ੁਦ ਵਾਹੀਵਾਨ ਹਨ ਅਤੇ ਨਾ ਹੀ ਉਹ ਹੱਲ੍ਹ-ਪੰਜਾਲੀਆਂ ਦੇ ਸਮੇਂ ਦੇ ਕਿਰਸਾਣਾਂ ਵਾਂਗੂੰ ਮਿਹਨਤੀ ਤੇ ਸਿਦਕਵਾਨ ਹਨ।

ਇਹ ਗੱਲ ਬੇਸ਼ੱਕ ਕਿਸੇ ਨੂੰ ਕੌੜਤੁੰਮੇ ਵਰਗੀ ਕੌੜੀ ਹੀ ਲੱਗੇ ਕਿ ਅੱਜ ਦਾ ਕਿਰਸਾਣ ਸਭ ਦਾ ਅੰਨਦਾਤਾ ਤਾਂ ਕੀ ਹੋਣਾ ਸੀ, ਸਗੋਂ ਲੋੜਵੰਦਾਂ ਤੇ ਭੁੱਖਿਆਂ ਨੂੰ ਖੁਆਉਣ ਦੇ ਸਮਰਥ ਹੀ ਨਹੀਂ ਰਿਹਾ। ਬੱਸ ਹੁਣ ਜੱਟ ਨੂੰ ਆਪਣਾ ਹੀ ਢਿੱਡ ਧਾਪੜਨ ਦੀ ਫ਼ਿਕਰ ਪਿਆ ਹੋਇਆ ਹੈ। ਇਨ੍ਹਾਂ ਹਾਲਾਤਾਂ ਵਿਚ ਅੱਜ ਦਾ ਕਿਰਸਾਣ ਪੁੱਤ ਆਪਣੇ ਪਿਓ-ਦਾਦਿਆਂ ਦੀ ਸਾਂਭੀ ਵਿਰਾਸਤੀ ਜ਼ਮੀਨ ਨੂੰ ਵੇਚ ਕੇ



*Original with;*
Kulbir Singh Sidhu(I.A.S)
*Digitized by;*
Panjab Digital Library

ਚਿੱਟ-ਕੱਪੜੀਆਂ ਸਰਦਾਰ ਬਣ ਕੇ ਗਮ-ਗਲਤ ਕਰ ਰਿਹਾ ਹੈ। ਫਿਰ ਨਵੀਂ ਤਹਿਜ਼ੀਬ ਖਾਸ ਤੌਰ 'ਤੇ ਪੱਛਮੀ ਜਲਵਿਆਂ ਤੇ ਸ਼ਹਿਰੀ ਵਿਖਾਵਿਆਂ ਦੀ ਰੀਸੋ-ਰੀਸ ਅੱਜ ਕਿਰਸਾਣ-ਪੁੱਤ ਅਰਾਮਪ੍ਰਸਤ, ਫੈਸ਼ਨਪ੍ਰਸਤ ਤੇ ਨਸ਼ਈ ਹੋ ਗਏ ਹਨ। ਜ਼ਮੀਨਾਂ ਜੋ ਹਮੇਸ਼ਾਂ ਹੀ ਸਾਡੀਆਂ ਅੰਨਦਾਤੀਆਂ ਸਨ, ਅੱਜ ਵਪਾਰ ਤੇ ਮੰਡੀ ਸੰਸਾਰ ਦੀਆਂ ਰਖੈਲਾਂ ਬਣ ਕੇ ਧੜਾਧੜ ਵਿਕ ਰਹੀਆਂ ਹਨ।

ਅਜਿਹੀਆਂ ਐਸ਼ਪ੍ਰਸਤੀ ਦੀਆਂ ਪ੍ਰਵਿਰਤੀਆਂ ਦਾ ਕੁੱਲ ਮਿਲਾ ਕੇ ਨਤੀਜਾ ਇਹ ਹੋਇਆ ਹੈ ਕਿ ਜੱਟ 'ਗੈਰਹਾਜ਼ਰ ਲੈਂਡਲੌਰਡ' ਬਣ ਗਿਆ ਹੈ। ਖੇਤੀਬਾੜੀ ਦੀ ਇਕ ਪੁਰਾਣੀ ਲੋਕ ਸਿਆਣਪ ਸੀ ਕਿ ਬੇਗਾਨੇ ਹੱਥੀਂ ਖੇਤੀ, ਕਦੇ ਨਾ ਹੁੰਦੇ ਬੱਤੀਓਂ ਤੇਤੀ। ਅੱਜ ਪ੍ਰਤੱਖ ਹੋ ਰਹੀ ਹੈ। ਖੇਤ ਕਾਮੇ ਤੇ ਖਾਸ ਤੌਰ 'ਤੇ ਬਾਹਰ ਦੇ ਰਾਜਾਂ ਦੇ ਪ੍ਰਵਾਸੀ ਮਜ਼ਦੂਰ ਢਿੱਲੋਂ ਸਾਹਿਬ, ਗਿੱਲ ਸਾਹਿਬ, ਢੀਂਡਸਾ ਸਾਹਿਬ ਤੇ ਸਿੱਧੂ ਸਾਹਿਬ ਦੀ ਥਾਂ 'ਤੇ ਉਨ੍ਹਾਂ ਦੀਆਂ ਜ਼ਮੀਨਾਂ ਉਤੇ ਟੀਲੋਂ ਸਾਹਿਬ, ਗੀਲ ਸਾਹਿਬ, ਡੀਂਡਸਾ ਸਾਹਿਬ ਤੇ ਸੀਧੂ ਸਾਹਿਬ ਦੇ ਰੂਪ ਵਿਚ ਵਿਚਰ ਰਹੇ ਹਨ।

ਫਿਰ ਸ਼ਹਿਰੀਕਰਨ ਦੇ ਸ਼ੌਕ ਨੇ ਪਿੰਡਾਂ ਦੇ ਪਿੰਡ ਪੱਟ ਕੇ ਨਾਲ ਲਗਦੇ ਸ਼ਹਿਰਾਂ ਵਿਚ ਤੇ ਖਾਸ ਕਰਕੇ ਚੰਡੀਗੜ੍ਹ-ਮੋਹਾਲੀ ਲੈ ਆਂਦੇ ਹਨ। ਜਿਹੜੇ ਹੱਲ੍ਹ ਵਾਹ ਜੱਟ ਚੰਡੀਗੜ੍ਹ-ਮੋਹਾਲੀ ਦੇ ਆਸਪਾਸ ਰਹਿੰਦੇ ਸਨ, ਉਨ੍ਹਾਂ ਨੂੰ ਸਰਕਾਰਾਂ ਨੇ ਵੱਡੀਆਂ ਰਕਮਾਂ ਦੇ ਕੇ ਉਨ੍ਹਾਂ ਦੀਆਂ ਜ਼ਮੀਨਾਂ ਸ਼ਹਿਰੀ ਕਾਲੋਨੀਆਂ ਤੇ ਵਿਕਾਸ ਪ੍ਰਾਜੈਕਟਾਂ ਵਾਸਤੇ ਲੈ ਲਈਆਂ ਹਨ। ਸਰਕਾਰਾਂ ਦਾ ਇਹ ਚੱਲਣ ਤਾਂ ਕਿਰਸਾਣਾਂ ਵਾਸਤੇ ਫਿਰ ਪਾਕਿਸਤਾਨ ਬਣਨ ਵਰਗਾ ਵਰਤਾਰਾ ਹੀ ਬਣ ਗਿਆ ਹੈ, ਕਿਉਂਕਿ ਇਨ੍ਹਾਂ ਲੋਕਾਂ ਦੀ ਖੇਤੀ-ਬਾੜੀ ਉਜੜ ਗਈ ਹੈ ਤੇ ਇਹ ਘਰੋਂ ਬੇਘਰ ਹੋ ਗਏ ਹਨ। ਇਨ੍ਹਾਂ ਦੇ ਪੁੱਤ-ਭਤੀਜੇ ਜ਼ਮੀਨ ਦੇ ਮਿਲੇ ਮੁਆਵਜ਼ੇ ਦੇ ਪੈਸਿਆਂ ਨਾਲ ਚੰਡੀਗੜ੍ਹ ਦੇ 'ਕਾਕਿਆਂ' ਨਾਲ ਮੜ੍ਹਕਦੇ ਹੋਏ ਬਜ਼ਾਰਾਂ ਤੇ ਕਲੱਬਾਂ ਵਿਚ ਸ਼ੌਕੀਨੀਆਂ ਮਾਣਦੇ ਫਿਰਦੇ ਹਨ। ਗੁਰਦਾਸ ਮਾਨ ਨੇ ਇਨ੍ਹਾਂ ਨਵੇਂ-ਨਵੇਂ ਅਮੀਰ ਹੋਏ 'ਕਾਕਿਆਂ' ਦੇ ਬਾਰੇ ਬੜਾ ਢੁੱਕਵਾਂ ਗੀਤ ਗਾਇਆ ਸੀ ਕਿ ਜਿਸ ਦਾ ਸਾਰੰਸ਼ ਇਉਂ ਜਿਹੇ ਹੈ ਕਿ ਹੁਣ ਜ਼ਮੀਨਾਂ ਵਾਹੁਣ-ਬੀਜਣ ਦਾ ਸਿਆਪਾ ਮੁਕ ਗਿਆ ਹੈ ਤੇ ਨੌਜਵਾਨਾਂ ਦੇ ਡੇਰੇ ਹੁਣ ਠੇਕੇ ਜਾਂ ਥਾਣੇ ਜਾ ਲੱਗੇ ਹਨ।

ਸੋ ਖੇਤੀਬਾੜੀ ਕਰਨ ਦੇ ਇਸ ਪ੍ਰਸੰਗ ਵਿਚ ਮੁੱਢ ਕਦੀਮ ਤੋਂ ਹੀ ਜਦੋਂ ਸਾਡੇ ਦੇਸ਼ ਦਾ ਅੰਨਦਾਤਾ ਪੰਜਾਬ ਆਪਣੇ ਧਰਤੀ ਦੇ ਜਾਏ ਕਿਰਸਾਣ ਪੁੱਤਰਾਂ ਤੇ ਗਊ ਦੇ ਜਾਇਆਂ 'ਤੇ ਅਧਾਰਿਤ ਖੇਤੀ ਕਰਦਾ ਸੀ ਤਾਂ ਪੰਜਾਬ ਦੀ ਬੱਲੇ-ਬੱਲੇ ਹੁੰਦੀ ਸੀ। ਨਿਰਸੰਦੇਹ ਉਦੋਂ ਪੰਜਾਬ ਦੇ ਜਰਵਾਣਿਆਂ ਵਿਚ ਜੱਤ-ਸੱਤ, ਕਿਰਸਾਣਾਂ ਵਿਚ ਬਲ-ਬਲਕਾਰ ਅਤੇ ਬਲਦਾਂ ਦੇ ਕੰਨ੍ਹਿਆਂ ਤੇ ਖਾਸ ਕਰਕੇ ਪਸ਼ੂ ਧਨ ਵਿਚ ਸਾਹ-ਸਤ ਹੁੰਦਾ ਸੀ। ਪੁਰਾਣੇ ਲੋਕ ਅਜੇ ਵੀ ਸਾਡੀ ਪ੍ਰਾਚੀਨ ਧਾਰਨਾ ਦੇ ਧਾਰਨੀ ਹਨ ਕਿ ਬਲਦਾਂ ਦੇ ਕੰਨ੍ਹਿਆਂ ਵਿਚ ਜੱਤ-ਸੱਤ ਹੁੰਦਾ ਸੀ, ਜਿਸ ਕਰਕੇ ਦੇਸੀ ਹੱਲ੍ਹਾਂ ਦੇ ਨਾਲ ਡੂੰਘੀ ਖੇਤੀ ਹੋਇਆ ਕਰਦੀ ਸੀ ਤੇ ਫਿਰ ਜਿਸ ਦੇ ਕਾਰਨ ਚੰਗੀਆਂ ਦੇਸੀ ਖੁਰਾਕਾਂ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਦਕਾ ਪੰਜਾਬ ਤੰਦਰੁਸਤੀਆਂ ਤੇ ਖੁਸ਼ਹਾਲੀਆਂ ਮਾਣਦਾ ਸੀ। ਹੁਣ ਦੇਸੀ ਰੇਹਾਂ-ਖਾਦਾਂ ਦੀ ਥਾਂ ਰਸਾਇਣਿਕ ਖਾਦਾਂ-ਸਪ੍ਰੇਆਂ ਨੇ ਦੇਖਣ ਨੂੰ ਤਾਂ ਬੇਸ਼ੱਕ ਉਪਜ ਵਧਾ ਰੱਖੀ ਹੈ, ਪਰ ਕੈਮੀਕਲਜ਼ ਦੇ ਘਾਤਕ ਅਸਰ ਦੇ ਕਾਰਨ ਪੰਜਾਬੀਆਂ ਦੇ ਜੀਵਨ ਵਿਚ ਪਹਿਲਾਂ ਵਾਲੀ ਤਾਕਤ ਤੇ ਤੰਦਰੁਸਤੀ ਨਹੀਂ ਰਹਿ ਗਈ।

ਇਸ ਲਈ ਹੁਣ ਨਿਘਰਦੇ ਜਾ ਰਹੇ ਪੇਂਡੂ ਸਮਾਜ ਤੇ ਨਿਘਰਦੀ ਕਿਰਸਾਣੀ ਦੇ ਪ੍ਰਸੰਗ ਵਿਚ ਸਾਡੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਤੇ ਸਮਾਜ ਦੇ ਆਗੂਆਂ ਨੂੰ ਆਪਣੀ ਵਪਾਰਿਕ ਤੇ ਤਿਜਾਰਤੀ ਸੋਚ ਬਦਲਣ ਦੀ ਲੋੜ ਹੈ। ਫਿਰ ਬਹੁਤ ਹੀ ਸੰਜੀਦਗੀ ਨਾਲ ਸਾਨੂੰ ਸਭ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਹੁਣ ਜਦੋਂ ਖੇਤੀਬਾੜੀ ਦੇ ਸੰਸਾਰ ਵਿਚ ਹਰੀਆਂ-ਭਰੀਆਂ ਕ੍ਰਾਂਤੀਆਂ ਵੀ ਆ ਗਈਆਂ ਹਨ ਤਾਂ ਹਾਲੇ ਵੀ ਖੇਤੀ ਲਾਹੇਵੰਦ ਕਿਉਂ ਨਹੀਂ ਹੈ ਅਤੇ ਹੁਣ ਦਿਨ-ਬ-ਦਿਨ ਕਿਰਸਾਣ ਕਰਜ਼ਾਈ ਕਿਉਂ ਹੋ ਰਹੇ ਹਨ। ਇਨ੍ਹਾਂ ਸਮਾਜਿਕ ਤੇ ਆਰਥਿਕ ਮਸਲਿਆਂ ਦੇ ਪਿੱਛੇ ਬੜੀ ਵੱਡੀ ਹੱਦ ਤੱਕ ਪੰਜਾਬੀਆਂ ਦਾ ਆਪਣਾ ਵੀ ਕਸੂਰ ਹੈ ਕਿ ਇਹ ਬੇਮਤਲਬ ਜਿਹੇ ਦੀਆਂ ਫੈਲ-ਸੂਫ਼ੀਆਂ ਵਿਚ ਪੈ ਕੇ ਵਿਤੋਂ ਵੱਧ ਪੈਰ ਪਸਾਰ ਰਹੇ ਹਨ। ਮੁੱਕਦੀ ਗੱਲ, ਅਜਿਹੇ ਕਈ ਗੈਰ-ਸਮਾਜਿਕ ਤੇ ਗ਼ੈਰ-ਜ਼ਰੂਰੀ ਪੰਗਿਆਂ ਵਿਚ ਪੈ ਕੇ ਅਸੀਂ ਪਹਿਲਾਂ ਕਰਜ਼ਾਈ ਹੁੰਦੇ ਹਾਂ ਤੇ ਫਿਰ ਅੱਡੀਆਂ ਚੁੱਕ ਕੇ ਫ਼ਾਹੇ ਲੈਂਦੇ ਹਾਂ।

ਕਿੱਸਾ ਮੁਕਤਸਰ! ਅਸੀਂ ਸਾਰੇ ਆਪਣੇ ਪੁਰਖਿਆਂ ਦੀ ਸਦਾਚਾਰਕ ਜੀਵਨਸ਼ੈਲੀ ਦੇ ਵਿਰਾਸਤੀ ਵਿਰਸੇ ਨੂੰ ਤਕਰੀਬਨ ਭੁੱਲ ਗਏ ਹਾਂ, ਜਿਸ ਕਰਕੇ ਅਸੀਂ ਆਪਣੇ ਸ਼ਾਨਾਮੱਤੇ ਪੰਜਾਬੀ ਸਭਿਆਚਾਰ ਤੇ ਆਪਣੀਆਂ ਸਮਾਜਿਕ ਕਦਰਾਂ-ਕੀਮਤਾਂ ਤੋਂ ਥਿੜਕ ਚੁੱਕੇ ਹਾਂ। ਅੱਜ ਸਾਨੂੰ ਸਾਡੇ ਸਨਮੁੱਖ ਖੜ੍ਹੇ ਮਾਮਲੇ-ਮਸਲਿਆਂ ਨੂੰ ਫੌਰੀ ਤੌਰ 'ਤੇ ਹੱਲ ਕਰਨ ਦੀ ਲੋੜ ਬਣ ਗਈ ਹੈ। ਇਸ ਵਾਸਤੇ ਸਾਨੂੰ ਸਭ ਨੂੰ ਤੇ ਖ਼ਾਸ ਕਰਕੇ ਸਾਡੀਆਂ ਸਰਕਾਰਾਂ ਨੂੰ ਨਿਘਰਦੀ ਕਿਰਸਾਣੀ ਨੂੰ ਸੰਭਾਲਣ ਦੇ ਨਾਲ-ਨਾਲ ਆਪਣੇ ਵਡੇਰਿਆਂ ਦੀ ਨਾਯਾਬ ਸਭਿਆਚਾਰਕ ਦੌਲਤ ਨੂੰ ਵੀ ਸੰਭਾਲਣ ਲਈ ਸਮੇਂ ਬੱਧ ਤਰੀਕੇ ਨਾਲ ਯਤਨਸ਼ੀਲ ਹੋਣ ਦੀ ਬੜੀ ਲੋੜ ਹੈ। ਅਜੋਕੇ ਸਮੇਂ ਵਿਚ ਇਹ ਹੀ ਸਾਡੇ ਪੰਜਾਬੀ ਸਮਾਜ ਦੀ ਮੰਗ ਤੇ ਉਮੰਗ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਨਸ਼ਿਆਂ ਨੇ ਗੋਲ ਗੰਢ ਪਾ ਲਈ ਮਿੱਤਰੋ
# ਹੁਣ ਕੀ ਬਣਤ ਬਣਾਈਏ

ਪੰਜ ਦਰਿਆਵਾਂ ਦੇ ਪੰਜ-ਆਬਾਂ ਦੇ ਨਾਮ ਨਾਲ ਜਾਣੀ ਜਾਂਦੀ ਪੰਜਾਬ ਦੀ ਧਰਤੀ 'ਤੇ ਹੁਣ ਨਸ਼ਿਆਂ ਰੂਪੀ ਛੇਵਾਂ 'ਨਰਕੀ ਦਰਿਆ' ਠਾਠਾਂ ਮਾਰ ਰਿਹਾ ਹੈ। ਇਸ ਦੀਆਂ ਭਿਆਨਕ ਸ਼ੂਕਰਾਂ ਪੰਜਾਬੀਅਤ ਦੀ ਰੂਹ ਨੂੰ ਡਰਾ-ਕੰਬਾਅ ਰਹੀਆਂ ਹਨ। ਬੇਸ਼ੱਕ ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਖੇਤੀਬਾੜੀ ਦੀ ਹਰੀ ਕ੍ਰਾਂਤੀ ਸਦਕਾ ਦੁੱਧ-ਦਹੀਂ ਦੀਆਂ ਲਹਿਰਾਂ-ਬਹਿਰਾਂ ਦੇ ਰੂਪ ਵਿਚ ਚਿੱਟੀ ਕ੍ਰਾਂਤੀ ਦਾ ਇਕ ਹੋਰ ਵੀ ਦਰਿਆ ਵਗਿਆ ਸੀ। ਫੇਰ ਤ੍ਰਾਸਦੀ ਇਹ ਹੋਈ ਕਿ ਦੁੱਧ-ਲੱਸੀ ਦੇ ਇਸ ਦਰਿਆ ਨੂੰ ਅਸੀਂ ਸਾਂਭ ਨਹੀਂ ਸਕੇ ਤੇ ਇਹ ਸਾਡੇ ਵਿਹੰਦੇ-ਵਿਹੰਦੇ ਹੀ ਸੁੱਕ-ਮੁੱਕ ਗਿਆ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸਾਥੋਂ ਤਾਂ ਕਾਦਰ ਦੀ ਬਖਸ਼ਿਸ਼ ਸਾਡੇ ਪੰਜ ਦਰਿਆਵਾਂ ਦੇ ਪਾਣੀ ਹੀ ਨਹੀਂ ਸਾਂਭੇ ਗਏ।

ਇਸ ਵਾਸਤੇ ਸਾਡੀ ਹੁਣ ਦੀ ਨਵੀਂ ਪੀੜ੍ਹੀ ਤਾਂ ਇਹ ਮੰਨਦੀ ਹੀ ਨਹੀਂ ਕਿ ਕਦੇ ਕਿਹਾ ਜਾਂਦਾ ਸੀ ਕਿ ਪੰਜਾਬ ਵਿਚ ਦੁੱਧ-ਘਿਓ ਦੀਆਂ ਨਦੀਆਂ ਚਲਦੀਆਂ ਸਨ। ਬੱਸ ਉਨ੍ਹਾਂ ਦੇ ਸਾਹਮਣੇ ਤਾਂ ਹੁਣ ਨਸ਼ਿਆਂ-ਪਤਿਆਂ ਦੇ ਛੇਵੇਂ ਦਰਿਆ ਦਾ ਹੀ ਕੱਚ-ਸੱਚ ਹੈ। ਅੱਜ ਪੰਜਾਬ ਵਿਚ ਨਸ਼ਿਆਂ ਦੀ ਚੜ੍ਹਤ ਦਾ ਬੋਲਬਾਲਾ ਹੀ ਚਹੁੰਕੂੰਟੀ ਸੁਣ ਰਿਹਾ ਹੈ, ਸਗੋਂ ਹੁਣ ਤਾਂ ਸਮਾਜ ਨੂੰ ਇਕ ਨਵੀਂ ਹੀ ਸੁਗਾਤ ਵਜੋਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਆਪਣੀਆਂ ਨਵੀਆਂ-ਨਵੀਆਂ ਆਬਕਾਰੀ ਨੀਤੀਆਂ ਅਨੁਸਾਰ ਸ਼ਰਾਬ ਦੀ ਖਪਤ ਨੂੰ ਹਰ ਸਾਲ ਹੋਰ ਵਧਾਉਣ ਦਾ ਤਹੱਈਆ ਕਰ ਲਿਆ ਹੈ। ਇਉਂ ਹੁਣ ਪੰਜਾਬ ਦੀ ਸਮੁੱਚੀ ਜਵਾਨੀ ਨੂੰ ਨਸ਼ਿਆਂ ਦੇ ਨਾਗ ਨੇ ਅਜਿਹਾ ਨਾਗਵਲ੍ਹ ਪਾ ਲਿਆ ਹੈ ਕਿ ਇਸ ਤੋਂ ਬਚਣ ਦਾ ਹੁਣ ਕੋਈ ਉਪਾਅ ਹੀ ਨਜ਼ਰ ਨਹੀਂ ਆਉਂਦਾ। ਅਜ 'ਨਸ਼ੇਖੋਰੀ' ਘਰ-ਘਰ ਤੋਂ ਲੈ ਕੇ ਸਮਾਜ ਤਕ ਤੇ ਫਿਰ ਸਮੁੱਚੇ ਪੰਜਾਬ ਤਕ ਸਾਡੇ ਸਭ ਵਾਸਤੇ ਧੁਖਦਾ-ਭਖਦਾ ਮਸਲਾ ਬਣ ਗਈ ਹੈ। ਪਰ ਰੱਬ ਹੀ ਜਾਣੇ ਕਿ ਸਾਡੇ ਅਗਵਾਨੂੰਆਂ ਨੂੰ ਇਸ ਸਬੰਧ ਵਿਚ ਸੋਝੀ ਕਦੋਂ ਆਉਣੀ ਹੈ।

ਜ਼ਾਹਿਰ ਹੈ ਕਿ ਅੱਜ ਸਾਡੀ ਨਵੀਂ ਤਹਿਜ਼ੀਬ ਦੀ ਇਕ ਭੈੜੀ ਸੁਗਾਤ ਵਜੋਂ ਨਸ਼ੇਖੋਰੀ ਦੀ ਆਦਤ ਹੁਣ ਸਾਡੇ ਸਮਾਜ ਨੂੰ ਭੂਤ ਬਣ ਕੇ ਚਿੰਬੜ ਗਈ ਹੈ। ਇਸ ਕਰਕੇ ਸਾਲ 2013-14 ਤੱਕ ਦੇ ਅੰਕੜਿਆਂ ਅਨੁਸਾਰ ਇਕੱਲੀ ਅੰਗੂਰ ਦੀ ਬੇਟੀ



*Original with;*
Kulbir Singh Sidhu(I.A.S)
*Digitized by;*
Panjab Digital Library

ਸ਼ਰਾਬ ਦੀਆਂ ਸਲਾਨਾ 33 ਕਰੋੜ ਬੋਤਲਾਂ ਪੰਜਾਬੀਆਂ ਦੇ ਸੰਘੋਂ ਉੱਤਰ ਜਾਂਦੀਆਂ ਹਨ। ਹੁਣ ਸਾਡੀ 2014-15 ਦੀ ਆਬਕਾਰੀ ਨੀਤੀ ਵਿਚ ਸਰਕਾਰ ਨੂੰ ਸ਼ਰਾਬ ਦੀਆਂ 34 ਕਰੋੜ ਬੋਤਲਾਂ ਦਾ ਕੋਟਾ ਮਿਥਣ ਦੀ ਲੋੜ ਬਣ ਗਈ ਹੈ। ਇਸ ਹਿਸਾਬ ਨਾਲ ਢਾਈ ਕਰੋੜ ਦੀ ਅਬਾਦੀ ਵਾਲੇ ਸੂਬੇ ਵਿਚ ਹਰ ਵਿਅਕਤੀ ਦੇ ਹਿੱਸੇ 13 ਬੋਤਲਾਂ ਆਉਣਗੀਆਂ। ਇਸ ਤਰ੍ਹਾਂ ਪੰਜ ਜੀਆਂ ਵਾਲੇ ਪਰਿਵਾਰਾਂ ਵਾਸਤੇ ਵਧਾਈ ਵਾਲੀ ਗੱਲ ਹੈ ਕਿ ਸਲਾਨਾ ਹਰ ਟੱਬਰ ਦੇ ਹਿੱਸੇ 65 ਤੋਂ 70 ਬੋਤਲਾਂ ਦੀ ਜੁਗਾੜਬੰਦੀ ਹੋ ਚੁੱਕੀ ਹੈ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਸਾਡਾ ਇਕ-ਇਕ ਪਿਆਕੜ ਸ਼ਰਾਬ ਦੀ ਪੂਰੀ-ਪੂਰੀ ਬੋਤਲ ਡਕਾਰ ਜਾਂਦਾ ਹੈ। ਇਉਂ ਹੀ ਸਾਡੇ ਨਸ਼ੇੜੀ ਨੌਜਵਾਨ ਬੋਤਲਾਂ-ਦਰ-ਬੋਤਲਾਂ ਨੂੰ ਫੂਕ ਮਾਰ ਕੇ ਉਠਦੇ ਹਨ। ਫਿਰ ਉਹ ਅਗਲੇ ਦਿਨ ਵਾਸਤੇ ਨਵੀਂ ਬੋਤਲ ਦਾ ਜੁਗਾੜ ਬਣਾਉਣ ਲਈ ਰੱਬ ਦੀ ਕ੍ਰਿਪਾ ਦ੍ਰਿਸ਼ਟੀ ਮੰਗ ਰਹੇ ਹੁੰਦੇ ਹਨ, ਪਰ ਅਫ਼ਸੋਸ ਕਿ ਇਹ ਇੰਨੀ ਗੱਲ ਨਹੀਂ ਸਮਝਦੇ ਕਿ ਬੰਦਾ ਸ਼ਰਾਬ ਨਹੀਂ ਪੀਂਦਾ, ਸਗੋਂ ਆਖਿਰ ਨੂੰ ਸ਼ਰਾਬ ਹੀ ਬੰਦੇ ਨੂੰ ਪੀਂਦੀ ਹੈ।

ਫਿਰ ਇਸ ਸੂਰਤ ਵਿਚ ਸ਼ਰਾਬ ਆਪਣੇ ਗੁਲਾਮ-ਸ਼ੌਕੀਨਾਂ ਨੂੰ ਛੱਡਣ ਦਾ ਨਾਂ ਹੀ ਨਹੀਂ ਲੈ ਰਹੀ। ਹੁਣ ਤਾਂ ਸਗੋਂ ਇਕੱਲੇ ਸ਼ਰਾਬੀਆਂ ਨੂੰ ਹੀ ਨਹੀਂ, ਬਲਕਿ ਸ਼ਰਾਬ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਘੁਟਾ-ਵਾਟੀ ਪੀ ਰਹੀ ਹੈ। **ਉਸਤਾਦ ਜ਼ੌਕ** ਨੇ ਇਸ ਕੌੜੀ ਸੱਚਾਈ ਨੂੰ ਇਸ ਤਰ੍ਹਾਂ ਸਚੋ-ਸੱਚ ਬਿਆਨਦੇ ਹੋਏ ਸਾਨੂੰ ਚਿਤਾਵਾਨੀ ਦਿੱਤੀ ਹੈ ਕਿ :-

*ਐ ਜ਼ੌਕ ਦੇਖ ਇਸ ਦੁਖਤਰੇ-ਰਜ਼ ਕੋ ਨਾ ਮੂੰਹ ਲਗਾ*
*ਛੁਟਤੀ ਨਹੀਂ ਹੈ ਮੂੰਹ ਸੇ ਯੇ ਕਾਫ਼ਿਰ ਲਗੀ ਹੁਈ*

ਇਉਂ ਹੀ ਸ਼ਾਇਰ **ਅਕਬਰ ਇਲਾਹਾਬਾਦੀ** ਨੇ ਅੱਲਾ ਮੀਆਂ ਦਾ ਸ਼ੁਕਰ ਕੀਤਾ ਹੈ ਕਿ ਅੰਗੂਰਾਂ ਦੇ ਘਰ ਉਨ੍ਹਾਂ ਦੀ ਬੇਟੀ ਦੇ ਰੂਪ ਵਿਚ ਸ਼ਰਾਬ ਨੇ ਜਨਮ ਲਿਆ ਹੈ। ਵਰਨਾ, ਜੇ ਕਿਤੇ ਅੰਗੂਰਾਂ ਦੇ ਘਰ ਦਾਰੂ ਦੇ ਨਸ਼ੇ ਦੇ ਰੂਪ ਵਿਚ ਬੇਟਾ ਜੰਮ ਪੈਂਦਾ ਤਾਂ ਉਸ ਨੇ ਤਾਂ ਸਾਰੀ ਦੁਨੀਆਂ ਵਿਚ ਹੀ ਖ਼ਰੂਦ ਪਾ ਦੇਣਾ ਸੀ। ਇਸ ਪ੍ਰਥਾਇ ਉਸ ਦਾ ਕਹਿਣਾ ਹੈ ਕਿ:-

*ਦੁਖ਼ਤਰੇ-ਰਜ਼ਜ਼ਨੇ ਉਠਾ ਰਖੀ ਹੈ ਆਫ਼ਤ ਸਰ ਪਰ*
*ਖ਼ੈਰੀਅਤ ਗੁਜ਼ਰੀ ਕੇ ਅੰਗੂਰ ਕੇ ਬੇਟਾ ਨਾ ਹੂਆ*

ਬਸ ਸਮਝ ਲਉ ਕਿ ਸ਼ਰਾਬ, ਅਫੀਮ, ਨਸਵਾਰ, ਬੀੜੀ-ਸਿਗਰਟ, ਚਿਲਮ ਤੇ ਤੰਬਾਕੂ ਦਾ ਬੀੜਾ ਲਾਉਣ ਵਰਗੇ ਨਸ਼ੇ-ਪੱਤੇ ਕਰਨ ਦੀ ਜਿਸ ਕਿਸੇ ਜੀਅ ਨੂੰ ਆਦਤ ਪੈ ਜਾਏ ਤਾਂ ਇਹ ਛੁਟਦੀ ਨਹੀਂ ਹੈ। ਇਉਂ ਹੀ ਜੇ ਨਸ਼ੇ ਕਿਸੇ ਘਰ ਵਿਚ ਵੜ ਜਾਣ ਤਾਂ ਸਮਝੋ ਉਸ ਘਰ ਦੀ ਜ਼ਮੀਨ-ਜਾਇਦਾਦ ਤੇ ਬੰਦੇ ਦੇ ਸਰੀਰ ਨੂੰ ਚੱਟ ਕਰਕੇ ਹੀ ਨਸ਼ੇ ਦਾ ਅਮਲ ਬਸ ਅਮਲੀ ਬੰਦਿਆਂ ਦੇ ਹੱਡਾਂ ਨਾਲ ਹੀ ਘਰੋਂ ਨਿਕਲਦਾ ਹੈ। ਇਸ ਤਰ੍ਹਾਂ ਨਸ਼ੇ ਚੰਗੇ-ਭਲੇ ਘਰਾਂ ਦੇ ਸ਼ਰੀਕ ਬਣ ਜਾਂਦੇ ਹਨ। ਸ਼ਰੀਕਾਂ ਬਾਰੇ ਪਿੰਡਾਂ



Original with;
Kulbir Singh Sidhu(I.A.S)
Digitized by;
Panjab Digital Library

ਵਿਚ ਇਕ ਬੋਲੀ ਮਸ਼ਹੂਰ ਹੁੰਦੀ ਸੀ ਕਿ 'ਜੱਟ ਦੇ ਘਰੇ ਸ਼ਰੀਕ ਵੜਿਆ ਨਿਕਲੂ ਗੁਜ਼ਾਰਾ ਕਰਕੇ' ਬੱਸ ਉਸ ਅਨੁਸਾਰ ਹੀ ਕਿਸੇ ਘਰੇ ਵੀ ਨਸ਼ੇ ਵੜੇ ਮਾੜੇ ਹੀ ਮਾੜੇ ਹਨ।

ਗੌਰਤਲਬ ਹੈ ਕਿ ਨਸ਼ਾ ਕਰਕੇ ਚੰਗਾ-ਭਲਾ ਬੰਦਾ ਬਦਜ਼ਨ ਤੇ ਬਦਦਿਮਾਗ ਹੋ ਜਾਂਦਾ ਹੈ। ਸ਼ਰਾਬੀ ਅਕਸਰ ਹੀ ਡਿੱਕ-ਡੋਲੇ ਖਾਂਦੇ ਨਾਲੀਆਂ ਵਿਚ ਡਿੱਗਦੇ ਫਿਰਦੇ ਹਨ ਤੇ ਇਨ੍ਹਾਂ ਦਾ ਮੂੰਹ ਕੁੱਤੇ ਲੱਕਦੇ-ਚੱਟਦੇ ਰਹਿੰਦੇ ਹਨ। ਫਿਰ ਇਨ੍ਹਾਂ ਦੀ ਅਕਲ ਨੂੰ ਖੋਤਾ ਚਰ ਜਾਂਦਾ ਹੈ ਕਿਉਂਕਿ ਦਾਰੂ ਪੀਣ ਤੋਂ ਬਾਅਦ ਬੱਸ ਬੰਦਾ ਖ਼ਰ-ਦਿਮਾਗ ਭਾਵ ਖੋਤਾ ਜਿਹਾ ਬਣ ਕੇ ਆਸੇ-ਪਾਸੇ ਵਾਲਿਆਂ ਨੂੰ ਬਿਨ੍ਹਾਂ ਮਤਲਬ ਦੁਲੱਤੀਆਂ ਝਾੜਦਾ ਫਿਰਦਾ ਹੈ। ਉਦੋਂ ਕਿਸੇ ਵੀ ਧੁੱਤ ਸ਼ਰਾਬੀ ਦੀ ਹਾਲਤ 'ਜੰਨ ਜਨੌਰਾਂ ਦੀ ਵਿਚ ਗਧਾ ਹਿਣਕਦਾ ਆਵੇ' ਵਰਗੀ ਹਾਸੋਹੀਣੀ ਬਣੀ ਹੁੰਦੀ ਹੈ।

ਗੌਰਤਲਬ ਹੈ ਕਿ 'ਜਨਰੇਸ਼ਨ ਸੇਵੀਅਰ ਐਸੋਸੀਏਸ਼ਨ' ਨਾਂਅ ਦੀ ਸੰਸਥਾ ਵਲੋਂ ਕੀਤੇ ਸਰਵੇ ਦੇ ਮੁਤਾਬਿਕ ਤੀਜੀ ਤੋਂ ਅੱਠਵੀਂ ਜਮਾਤ ਤੱਕ ਦੇ 44 ਫ਼ੀ-ਸਦੀ ਬੱਚੇ ਤੰਬਾਕੂ ਦਾ ਸੇਵਨ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕਰਵਾਏ ਗਏ 2009 ਦੇ ਸਰਵੇ ਅਨੁਸਾਰ ਪੰਜਾਬ ਦੀ 45 ਫ਼ੀ-ਸਦੀ ਨੌਜਵਾਨਾਂ ਦੀ ਜਵਾਨੀ ਨਸ਼ਿਆਂ ਵਿਚ ਗਲਤਾਨ ਹੈ। ਗੱਲ ਕੀ; ਪੰਜਾਬ ਦੀ ਅੱਧੀ ਤੋਂ ਵਧ ਅਬਾਦੀ ਬੱਚੇ-ਬੁੱਢੇ ਤੋਂ ਲੈ ਕੇ ਔਰਤਾਂ ਤਕ ਨਸ਼ਿਆਂ ਦੀ ਗ੍ਰਿਫ਼ਤ ਵਿਚ ਹੈ।

ਵੈਸੇ! ਹੁਣ ਤਾਂ ਪਿਛਲੇ ਪੰਜ-ਚਾਰ ਸਾਲਾਂ ਵਿਚ ਜ਼ਨਾਨੀਆਂ ਤੇ ਮਰਦਾਂ ਵੱਲੋਂ ਸ਼ਰ੍ਹੇਆਮ ਖੁਲ੍ਹ-ਬਹਾਰੇ ਸ਼ਰਾਬ ਪੀਣ ਦਾ ਕਚੂਰ ਘਰਾਂ ਦੀਆਂ ਹੱਦਾਂ ਤੋਂ ਨਿਕਲ ਕੇ ਕਲੱਬਾਂ ਤੇ ਵਿਆਹ-ਸ਼ਾਦੀਆਂ ਤਕ ਨਸ਼ਰ ਹੋ ਰਿਹਾ ਹੈ। ਕੋਈ ਦੋ ਕੁ ਸਾਲ ਦੀ ਗੱਲ ਹੈ ਕਿ ਜ਼ੀਰਕਪੁਰ ਦੇ ਕਿਸੇ ਵੱਡੇ ਮੈਰਿਜ ਪੈਲੇਸ ਵਿਚ ਪੰਜਾਬ ਦੇ ਨਾਮੀ ਪਰਿਵਾਰਾਂ ਦੇ ਧੀ-ਪੁੱਤ ਦਾ ਵਿਆਹ ਹੋ ਰਿਹਾ ਸੀ, ਜਿਥੇ ਵੱਡੇ-ਵੱਡੇ ਨਾਮੀ-ਗਰਾਮੀ ਬੰਦਿਆਂ ਤੇ ਅਫ਼ਸਰਾਂ ਵਾਸਤੇ ਇਕ ਰਾਖਵੇਂ ਮੇਜ਼ 'ਤੇ ਸ਼ਰਾਬ ਮੀਂਹ ਵਾਂਗੂੰ ਵਰ੍ਹ ਰਹੀ ਸੀ। ਗੌਰਤਲਬ ਹੈ ਕਿ ਕੋਈ ਅੱਧੇ-ਪੌਣੇ ਘੰਟੇ ਬਾਅਦ ਨਾਲ ਦੇ ਟੇਬਲ 'ਤੇ ਬੈਠੀਆਂ ਸੁਆਣੀਆਂ ਨੇ ਸ਼ਰਾਬ ਤੇ ਮੀਟ ਦੀ ਮੇਲ੍ਹਦੀ ਆਉਂਦੀ ਸਪਲਾਈ ਨੂੰ ਰਾਹ ਵਿਚ ਹੀ ਹਾਈਜੈਕ ਕਰ ਲਿਆ ਕਿ ਉਹ ਵੀ ਮਰਦਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਹਨ। ਵੈਸੇ ਕੋਈ ਮੰਨੇ ਜਾਂ ਨਾ ਮੰਨੇ, ਪਰ ਸਾਡੀਆਂ ਕਲੱਬਾਂ ਤੇ ਵਿਆਹਾਂ-ਸ਼ਾਦੀਆਂ ਵਿਚ ਹੁਣ ਸ਼ਰਾਬ ਸੱਪਾਂ ਵਾਂਗੂੰ ਮੇਲਦੀ ਫਿਰਦੀ ਹੈ ਅਤੇ ਇਉਂ ਨਸ਼ੇ ਸਾਡੇ ਸਮੁੱਚੇ ਸਭਿਆਚਾਰ 'ਤੇ ਸੱਪ ਵਾਂਗੂੰ ਕੁੰਡਲੀ ਮਾਰੀ ਬੈਠੇ ਹਨ।

ਕੁਝ ਕੁ ਚਿਰ ਪਹਿਲਾਂ ਧਰਮਿੰਦਰ ਪੰਜਾਬ ਵਿਚ ਆਇਆ ਤਾਂ ਉਹ ਹੈਰਾਨ-ਪ੍ਰੇਸ਼ਾਨ ਰਹਿ ਗਿਆ ਕਿ ਹੁਣ ਤਾਂ ਕੁੜੀਆਂ-ਕਾਕੀਆਂ ਵੀ ਦਾਰੂ ਛਕਦੀਆਂ ਹਨ। ਹਾਲੇ ਵੀ ਸ਼ੁਕਰ ਹੈ ਕਿ ਉਸ ਨੂੰ ਬੰਬਈ ਦੀਆਂ ਐਸ਼ੋ-ਇਸ਼ਰਤ ਤੇ ਅਯਾਸ਼ੀ ਦੀਆਂ ਉੱਚੀਆਂ ਹਵਾਵਾਂ ਵਿਚ ਵਸਦੀ ਦੁਨੀਆਂ ਤੋਂ ਬਿਨਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਪੰਜਾਬ ਨੂੰ ਵੇਖਣ ਦਾ ਹੁਣ ਹੀ ਮੌਕਾ ਮਿਲਿਆ ਹੈ ਕਿ ਇਥੇ ਤਾਂ ਹੁਣ ਔਰਤਾਂ ਵੀ ਬੰਦਿਆਂ ਦੇ ਬਰਾਬਰ ਹੀ ਦਾਰੂ-ਪਿਆਲਾ ਕਰ ਲੈਂਦੀਆਂ ਹਨ। ਅੱਜ ਨਸ਼ਾਖੋਰੀ ਤੇ ਨੰਗੇਜ ਸਾਡੀ ਵਡੀ ਕਮਜ਼ੋਰੀ ਬਣ ਗਿਆ ਹੈ, ਜਿਸ ਦੇ ਨਤੀਜੇ ਵਜੋਂ ਸਿਗਰਟ ਦੇ ਧੂੰਏਂ, ਗਲਾਸੀਆਂ ਦੀ ਟੁਣਕਾਰ ਤੇ ਨੰਗੇ-ਨਾਚ ਗਾਣੇ ਦੇਖਣ ਜਿਹੇ ਕੁਕਰਮਾਂ ਵਿਚ ਔਰਤਾਂ ਬਰਾਬਰ ਦੀਆਂ ਸ਼ਰੀਕ ਹਨ। ਇਉਂ ਸਮਾਜਿਕ ਭ੍ਰਿਸ਼ਟਾਚਾਰ ਨੇ ਸਾਨੂੰ ਤਕਰੀਬਨ ਪੂਰਨ ਤੌਰ 'ਤੇ ਹੀ ਪੱਟ ਦਿੱਤਾ ਹੈ।

ਬਹਿਰਹਾਲ, ਨਸ਼ਿਆਂ ਦੀ ਆਮਦ ਤੇ ਖਪਤ ਦੇ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਰਾਜਸਥਾਨ ਵਿਚ ਪੋਸਤ ਬੀਜਣ ਤੇ ਵੇਚਣ ਦਾ ਲਾਇਸੰਸ ਮਿਲਦਾ ਹੈ, ਪਰ ਪੰਜਾਬ ਦੇ ਵਿਚ ਇਸ ਦੀ ਪਾਬੰਦੀ ਹੈ। ਇਸ ਤਰ੍ਹਾਂ ਹੀ ਚੂਰਾ ਪੋਸਤ ਦੀ ਸਥਿਤੀ ਜੰਮੂ-ਕਸ਼ਮੀਰ ਵਿਚ ਹੈ, ਇਹ ਹੀ ਕਾਰਨ ਹੈ ਕਿ ਗੁਆਂਢੀ ਰਾਜਾਂ ਤੋਂ ਨਸ਼ੇ ਪੰਜਾਬ ਵਿਚ ਆ ਰਹੇ ਹਨ। ਅਫ਼ੀਮ ਤਾਂ ਪੰਜਾਬ ਵਿਚ ਮੱਧ ਪ੍ਰਦੇਸ਼ ਤੋਂ ਲੈ ਕੇ ਕਰਨਾਟਕ ਤੱਕ ਦੇ ਪ੍ਰਾਂਤਾਂ ਤੋਂ ਇਥੇ ਆ ਕੇ ਪੈਰ ਪਸਾਰ ਰਹੀ ਹੈ। ਬਾਹਰਲੇ ਸੂਬਿਆਂ ਵਿਚ 20 ਹਜ਼ਾਰ ਰੁਪਏ ਕਿਲੋ ਵਿਕਣ ਵਾਲੀ ਅਫ਼ੀਮ ਪੰਜਾਬ ਵਿਚ ਆ ਕੇ 1 ਲੱਖ ਰੁਪਏ ਕਿਲੋ ਦੇ ਹਿਸਾਬ ਨਾਲ ਵਿਕਦੀ ਹੈ। ਫਿਰ ਪਿਛਲੇ ਪੰਜ ਕੁ ਸਾਲਾਂ ਵਿਚ ਹੁਣ ਤੱਕ ਪੰਜਾਬ ਵਿਚ ਅਰਬਾਂ-ਖਰਬਾਂ ਰੁਪਏ ਦੀ ਹੈਰੋਇਨ ਫੜੀ ਜਾ ਚੁਕੀ ਹੈ। ਇਹ ਅਤਿ ਮਹਿੰਗਾ ਨਸ਼ਾ ਫਿਰ ਵੀ ਪੰਜਾਬ ਤੁਰਿਆ ਹੀ ਆ ਰਿਹਾ ਹੈ ਤੇ ਸਾਡੇ ਧੀਆਂ-ਪੁੱਤ ਹੈਰੋਇਨ ਜਿਹੇ ਨਸ਼ਿਆਂ ਦੀ ਮਾਰ ਨਾਲ ਢਹਿੰਦੇ ਤੇ ਮਰਦੇ ਜਾ ਰਹੇ ਹਨ।

ਖੈਰ! ਸਮੇਂ-ਸਮੇਂ ਦੀਆਂ ਸਰਕਾਰਾਂ ਦਾ ਭਲਾ ਹੋਵੇ ਕਿ ਜਿਨ੍ਹਾਂ ਨੇ ਸਮਾਜ ਦੀਆਂ ਅਜਿਹੀਆਂ ਲਾਹਨਤਾਂ ਵਲੋਂ ਪਾਸਾ ਹੀ ਵੱਟ ਰਖਿਆ ਹੈ ਅਤੇ ਨਸ਼ਿਆਂ ਦੀ ਸ਼ਰ੍ਹੇਆਮ ਤਸਕਰੀ ਹੋ ਰਹੀ ਹੈ। ਪੰਜਾਬ ਦੇ ਰਾਜਸਥਾਨ ਨਾਲ ਲਗਦੇ ਬਾਰਡਰ ਉਤੇ ਫਿਰੋਜ਼ਪੁਰ ਤੋਂ ਲੈ ਕੇ ਪਿੰਡ ਖੁੱਭਣ ਤੱਕ ਤਕਰੀਬਨ ਡੇਢ ਸੌ ਕਿਲੋਮੀਟਰ ਵਿਚ ਭੁੱਕੀ ਤੇ ਅਫੀਮ ਦੀ ਤਸਕਰੀ ਹਜ਼ਾਰਾਂ-ਲੱਖਾਂ ਰੁਪਏ ਤੋਂ ਸ਼ੁਰੂ ਹੋ ਕੇ ਹੁਣ ਚਰਸ ਤੇ ਹੈਰੋਇਨ ਦੇ ਕਰੋੜਾਂ-ਅਰਬਾਂ ਰੁਪਏ ਤੱਕ ਦੇ ਕਾਰੋਬਾਰ ਨੂੰ ਪਹੁੰਚ ਚੁਕੀ ਹੈ। ਇਉਂ ਹੀ ਪਠਾਣਕੋਟ ਤੋਂ ਅੰਮ੍ਰਿਤਸਰ ਤੇ ਫਿਰੋਜ਼ਪੁਰ ਤੱਕ ਪਾਕਿਸਤਾਨ ਬਾਰਡਰ 'ਤੇ ਦੋਨਾਂ ਪਾਸਿਆਂ ਦੇ ਤਸਕਰਾਂ ਦਾ ਆਪਸੀ ਵਪਾਰ ਚੱਲ ਰਿਹਾ ਹੈ। ਬਸ ਸਮਝ ਨਹੀਂ ਆਉਂਦੀ ਕਿ ਇਹ ਘਾਤਿਕ ਨਸ਼ੇ ਕਿਥੋਂ ਆਉਂਦੇ ਹਨ ਤੇ ਇਨ੍ਹਾਂ ਨੂੰ ਕੌਣ ਲਿਆਉਂਦਾ ਹੈ। ਬੇਸ਼ੱਕ ਇਹ ਗੱਲ ਪੱਕੀ ਹੈ ਕਿ ਨਸ਼ਿਆਂ ਦੇ ਤਾਜਰ ਤੇ ਸਮਾਜ ਦੇ ਕੁਝ ਕੁ ਮੋਹਤਬਰਾਂ ਨੂੰ ਇਨ੍ਹਾਂ ਚੋਰ-ਮੋਰੀਆਂ ਦਾ ਪੂਰਾ ਇਲਮ ਹੈ।

ਇਸ ਪ੍ਰਥਾਇ ਇਕ-ਦੋ ਸਾਲਾਂ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਾਡੇ ਵੱਡੇ-ਵੱਡੇ ਆਗੂ ਇਕ-ਦੂਜੇ 'ਤੇ ਚਿਕੜ ਸੁੱਟਣ ਜਿਹੀ ਬਿਆਨਬਾਜ਼ੀ ਤੋਂ ਇਲਾਵਾ ਨਿਤ-ਦਿਹਾੜੇ ਆਪਸ ਵਿਚ ਜੂਤ-ਪਤਾਣ ਕਰ ਰਹੇ ਹਨ। ਜਦੋਂ ਨੇਤਾ-ਲੋਕਾਂ ਦੇ ਇਸ 'ਨਕਲੀ ਦੰਗਲ' ਵਿਚੋਂ ਕੁਝ ਨਹੀਂ ਨਿਕਲਦਾ ਤਾਂ ਕਿਤੇ-ਕਤਾਈਂ ਆਪਣੇ



Original with;
Kulbir Singh Sidhu(I.A.S)
Digitized by;
Panjab Digital Library

ਨਸ਼ੇੜੀ ਮੁੰਡੇ-ਕੁੜੀਆਂ ਦੀ ਹਾਲਤ ਤੋਂ ਤੰਗ ਆ ਕੇ ਲੋਕ ਬੂਅ-ਕਲਾਂ ਤੇ ਹਾਲ ਪਾਰ੍ਹਿਆ ਮਚਾਉਣ ਲਗਦੇ ਹਨ। ਬਹਿਰਹਾਲ, ਫਿਰ ਵੀ ਕੋਈ ਚੰਗਾ ਨਤੀਜਾ ਸਾਹਮਣੇ ਨਹੀਂ ਆ ਰਿਹਾ। ਲੋਕ ਬਸ ਨਿਤਾ-ਪ੍ਰਤੀ ਅਖ਼ਬਾਰੀ ਤਮਾਸ਼ੇ ਦੇਖ ਕੇ ਹੀ ਚਿੱਤ ਪ੍ਰਸੰਨ ਕਰਦੇ ਰਹਿੰਦੇ ਹਨ। ਇਸ ਪ੍ਰਥਾਇ ਕੁਝ ਕੁ ਦਿਨ ਲਈ ਸਰਕਾਰ ਅੱਥਰੂ ਪੂੰਝਣ ਵਰਗੀ ਕਾਰਵਾਈ ਕਰਕੇ ਪੁਲਿਸ ਨੂੰ ਇਸ ਪਾਸੇ ਧਿਆਨ ਦੇਣ ਦੇ ਹੁਕਮ ਜਾਰੀ ਕਰ ਦਿੰਦੀ ਹੈ ਤਾਂ ਪੁਲਿਸ ਵਾਲਿਆਂ ਦੀਆਂ ਬਾਛਾਂ ਖਿੜ ਜਾਂਦੀਆਂ ਹਨ। ਜ਼ਾਹਿਰ ਹੈ ਕਿ ਨਸ਼ਾ ਵਿਰੋਧੀ ਮੁਹਿੰਮ ਦੇ ਪੰਦਰਵਾੜੇ ਜਾਂ ਮਹੀਨੇ ਵਿਚ ਪੁਲਿਸ ਵਾਲਿਆਂ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਹਨ।

ਗੌਰਤਲਬ ਹੈ ਕਿ ਪੰਜਾਬ ਵਿਚ 'ਨਸ਼ੇ ਰੋਕੂ ਕਾਨੂੰਨ' ਜਾਂ ਡਰੱਗਜ਼ ਭਾਵ ਨਸ਼ੀਲੀਆਂ ਦਵਾਈਆਂ ਵਿਰੋਧੀ ਕੋਈ ਠੋਸ ਤੇ ਕਾਰਆਮਦ ਨੀਤੀ ਨਾ ਹੋਣ ਕਰਕੇ ਬੱਸ ਇਥੇ 'ਹਿੱਟ ਐਂਡ ਟ੍ਰਾਇਲ' ਦੀ ਨੀਤੀ ਹੀ ਚੱਲ ਰਹੀ ਹੈ। ਪੰਜਾਬ ਵਿਚ ਹੁਣ ਨਸ਼ਿਆਂ ਦਾ ਛੇਵਾਂ ਦਰਿਆ ਤਾਂ ਸਮੁੰਦਰ ਦਾ ਹੀ ਰੂਪ ਧਾਰਨ ਕਰ ਗਿਆ ਹੈ। ਹੁਣ ਕੋਈ ਨਹੀਂ ਕਹਿ ਸਕਦਾ ਕਿ ਪੰਜਾਬ ਵਿਚ ਕੋਈ ਸਮੁੰਦਰ ਨਹੀਂ ਹੈ, ਸਗੋਂ ਨਸ਼ਿਆਂ ਦੇ ਇਸ ਸਮੁੰਦਰ ਦੀਆਂ ਸੁਨਾਮੀ ਲਹਿਰਾਂ ਤਾਂ ਪੰਜਾਬ ਦੇ ਗਲੀ-ਮੁਹੱਲਿਆਂ ਤੱਕ ਲਹਿਰਾਂ-ਬਹਿਰਾਂ ਲਾ ਰਹੀਆਂ ਹਨ। ਜੇ ਸ਼ਰਾਬ ਦੇ ਠੇਕਿਆਂ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ ਪੰਜ ਸਾਲਾਂ ਵਿਚ ਇਨ੍ਹਾਂ ਦੀ ਗਿਣਤੀ 4912 ਤੋਂ ਵੱਧ ਕੇ 12188 ਹੋ ਚੁੱਕੀ ਹੈ। ਹੁਣ ਠੇਕਿਆਂ ਤੇ ਹਾਤਿਆਂ ਦੀ ਗਿਣਤੀ ਤਾਂ ਬੇਮਾਇਨੇ ਹੀ ਹੋ ਗਈ ਹੈ ਕਿਉਂਕਿ ਹਰੇਕ ਕਿਲੋਮੀਟਰ 'ਤੇ ਇਕ ਠੇਕਾ ਜ਼ਰੂਰ ਬਣਿਆ ਦਿਸਦਾ ਹੈ।

ਜ਼ਾਹਿਰ ਹੈ ਕਿ ਸਾਡੀ ਪੁਰਾਣੀ ਰਵਾਇਤ ਦੇ ਉਲਟ ਠੰਢੇ ਜਲ ਦੀਆਂ ਛਬੀਲਾਂ ਦੀ ਬਜਾਏ ਹੁਣ ਥਾਂ-ਥਾਂ 'ਤੇ ਠੇਕੇ ਖੁੱਲ੍ਹ ਗਏ ਹਨ। ਸਿਰੇ ਦੀ ਗੱਲ ਇਹ ਹੈ ਕਿ ਹੁਣ ਸਰਕਾਰੀ ਨੀਤੀ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਸ਼ਰਾਬ ਦੀ ਖ਼ਪਤ 29 ਕਰੋੜ ਤੋਂ ਵਧ ਕੇ 34 ਕਰੋੜ ਨੂੰ ਜਾ ਢੁਕੀ ਹੈ। ਇਸ ਪ੍ਰਸੰਗ ਵਿਚ ਸਾਡੇ ਸਮਾਜ ਚਿੰਤਕ ਤੇ ਹਾਸ-ਵਿਅੰਗ ਦੇ ਧਨੀ ਭਗਵੰਤ ਮਾਨ ਦੀ ਟਿੱਪਣੀ 'ਤੇ ਗੌਰ ਕਰਨਾ ਬਣਦਾ ਹੈ ਕਿ 'ਪਹਿਲਾਂ ਤਾਂ 31 ਮਾਰਚ ਨੂੰ ਡਰ ਲਗਦਾ ਹੁੰਦਾ ਸੀ ਕਿ ਜੇ ਫੇਲ੍ਹ ਹੋ ਗਏ ਤਾਂ ਘਰ ਦੇ ਕੁਟਣਗੇ। ਹੁਣ ਸਾਲ੍ਹਾ ਚਾਅ ਚੜ੍ਹ ਜਾਂਦਾ ਹੈ ਕਿ 31 ਮਾਰਚ ਨੂੰ ਠੇਕੇ ਟੁਟਣਗੇ'। ਹੁਣ ਹਰ ਵਿਤੀ ਸਾਲ ਦੇ 31 ਮਾਰਚ ਨੂੰ ਸਾਡੇ ਆਬਕਾਰੀ ਵਿਭਾਗ ਵਿਚ ਅਜਿਹੀ ਮਾਨਸਿਕਤਾ ਤਹਿਤ ਸਰਕਾਰਾਂ ਦੀ ਆਮਦਨ ਵਧਾਉਣ ਤੇ ਪੰਜਾਬੀਆਂ ਦੀ ਸੋਚ ਨੂੰ ਖੁੰਢਾ ਕਰਨ ਵਾਸਤੇ ਨਵੀਆਂ ਸਬੀਲਾਂ ਘੜੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਸ਼ਰਾਬ ਤੋਂ ਪ੍ਰਾਪਤ ਹੋਣ ਵਾਲੀ ਆਮਦਨ 2005-06 ਵਿਚ 1570 ਕਰੋੜ ਰੁਪਏ ਸੀ ਜੋ ਕਿ ਸਾਲ 2013-14 ਵਿਚ 3947 ਕਰੋੜ ਦੇ ਕਰੀਬ ਹੋ ਗਈ ਸੀ। ਹੁਣ ਰੱਬ ਭਲਾ ਕਰੇ ਇਸ ਸਾਲ 2014-15 ਦੀ ਆਬਕਾਰੀ ਨੀਤੀ ਅਨੁਸਾਰ ਆਬਕਾਰੀ ਤੋਂ ਹੋਣ ਵਾਲੀ ਆਮਦਨ ਵਿਚ 724 ਕਰੋੜ ਦਾ ਵਾਧਾ



*Original with;*
Kulbir Singh Sidhu(I.A.S)
*Digitized by;*
Panjab Digital Library

ਕਰਕੇ ਇਸ ਨੂੰ 4671 ਕਰੋੜ ਤਕ ਪਹੁੰਚਾਉਣ ਦਾ ਅਸੀਂ ਪੱਕਾ ਨਿਸ਼ਚਾ ਕਰ ਲਿਆ ਹੈ। ਇਉਂ ਹੀ ਹੁਣ ਸਾਲ 2014-15 ਦੀ ਪਾਲਿਸੀ ਵਿਚ ਤੰਬਾਕੂ ਵਸਤਾਂ 'ਤੇ 55 ਫ਼ੀ-ਸਦੀ ਲਗਦੀ ਵੈਟ ਨੂੰ ਹੁਣ ਘਟਾ ਕੇ 22 ਫ਼ੀ-ਸਦੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਦੋਂ ਕਿ ਹਿਮਾਚਲ ਵਿਚ ਵੈਟ 36 ਫ਼ੀ-ਸਦੀ, ਰਾਜਸਥਾਨ ਵਿਚ 65 ਫ਼ੀ-ਸਦੀ, ਯੂ.ਪੀ. ਵਿਚ 55 ਫ਼ੀ-ਸਦੀ ਤੇ ਜੰਮੂ ਕਸ਼ਮੀਰ ਵਿਚ 40 ਫ਼ੀ-ਸਦੀ ਹੈ। ਗੌਰਤਲਬ ਹੈ ਕਿ ਇਕ ਡਾਕਟਰੀ ਸਰਵੇ ਅਨੁਸਾਰ ਪੰਜਾਬ ਵਿਚ ਪਿਛਲੇ ਪੰਜ ਸਾਲਾਂ ਵਿਚ 33 ਹਜ਼ਾਰ ਮੌਤਾਂ ਕੈਂਸਰ ਨਾਲ ਹੋਈਆਂ, ਇਨ੍ਹਾਂ ਵਿਚੋਂ 80 ਫ਼ੀ-ਸਦੀ ਜਾਨਾਂ ਸਿਰਫ਼ ਤੰਬਾਕੂ ਦੀ ਵਰਤੋਂ ਕਾਰਨ ਹੋਈਆਂ। ਇਸ ਤਰ੍ਹਾਂ ਹੀ 'ਮਨੁੱਖਤਾ ਬਚਾਉ' ਜਥੇਬੰਦੀ ਦੇ ਮੋਹਰੀ ਡਾਕਟਰਾਂ ਨੇ ਸਾਡਾ ਸਭ ਦਾ ਤੇ ਖ਼ਾਸ ਕਰਕੇ ਸਰਕਾਰ ਦਾ ਧਿਆਨ ਗਲੋਬਲ ਅਡਲਟ ਤੰਬਾਕੂ ਤੇ ਸ਼ਰਾਬ ਦੇ ਸਰਵੇ ਦੇ ਅੰਕੜਿਆਂ ਵੱਲ ਦੁਆਇਆ ਹੈ। ਪੰਜਾਬ ਵਿਚ 15 ਸਾਲ ਤੋਂ ਉਪਰ ਉਮਰ ਦੇ 24 ਲੱਖ ਮੁੰਡੇ-ਕੁੜੀਆਂ ਕੋਈ ਨਾ ਕੋਈ ਨਸ਼ਾ ਕਰ ਰਹੇ ਹਨ।

ਇਉਂ ਹੀ ਪੰਜਾਬ ਵਿਚ ਪਹਿਲਾਂ ਸ਼ਰਾਬ ਦੀਆਂ 8 ਡਿਸਟਿਲਰੀਆਂ ਸਨ, ਫੇਰ ਸਨ 2000 ਵਿਚ ਇਹ ਵਧ ਕੇ 11 ਹੋ ਗਈਆਂ। ਹੁਣ ਇਸ ਸਾਲ ਪੰਜਾਬੀਆਂ ਨੂੰ ਨਵੇਂ ਸਾਲ ਦੇ ਤੋਹਫ਼ੇ ਦੇ ਰੂਪ ਵਿਚ 19 ਹੋਰ ਫੈਕਟਰੀਆਂ ਮਿਲਣ ਦੀ ਚਰਚਾ ਅਕਾਸ਼ਾਂ ਵਿਚ ਹੈ। ਇਸ ਨਾਲ ਹੁਣ ਇਨ੍ਹਾਂ ਦੀ ਕੁੱਲ ਗਿਣਤੀ 30 ਹੋ ਜਾਵੇਗੀ। ਇਸ ਤਰ੍ਹਾਂ ਪੰਜਾਬ ਵਿਚ ਰੋਜ਼ਾਨਾ 59 ਲੱਖ 35 ਹਜ਼ਾਰ ਸ਼ਰਾਬ ਦੀਆਂ ਬੋਤਲਾਂ ਦਾ ਉਤਪਾਦਨ ਹੋ ਜਾਵੇਗਾ। ਹੁਣ 19 ਡਿਸਟਲਰੀਆਂ ਲਾਉਣ ਦੀ ਮਨਜ਼ੂਰੀ ਦਾ ਇਹ ਰੌਲਾ-ਗੌਲਾ ਸੱਤ ਸਮੁੰਦਰੋਂ ਪਾਰ ਵਿਕੀਪੀਡੀਆ ਤੇ ਵਿਕੀਲੀਕਸ ਦੁਆਰਾ ਨਸ਼ਰ ਹੋ ਰਿਹਾ ਹੈ।

ਇਕ ਹੋਰ ਖ਼ਬਰ ਹੈ ਕਿ ਪੰਜਾਬ ਵਿਚ ਹਰ ਰੋਜ਼ ਸਾਢੇ 7 ਲੱਖ ਬੋਤਲ ਦੇਸੀ ਦਾਰੂ ਤੇ ਦੋ-ਢਾਈ ਲੱਖ ਬੋਤਲ ਅੰਗਰੇਜ਼ੀ ਸ਼ਰਾਬ ਦੀ ਖਪਤ ਮੁਤਾਬਿਕ ਪੰਜਾਬ ਦੇ ਲੋਕ ਤਕਰੀਬਨ 10 ਕੁ ਲੱਖ ਸ਼ਰਾਬ ਦੀਆਂ ਬੋਤਲਾਂ ਡਕਾਰ ਜਾਂਦੇ ਹਨ। ਇਕ ਹੋਰ ਸਰਵੇ ਅਨੁਸਾਰ ਸਿਰਫ਼ ਸਾਡਾ ਇਕੱਲਾ ਕਿਸਾਨ ਵਰਗ ਹੀ ਸ਼ਰਾਬ ਦੀਆਂ 5 ਲੱਖ 20 ਹਜ਼ਾਰ ਬੋਤਲਾਂ ਦੇ ਢੱਕਣ ਖੋਲ੍ਹ ਕੇ ਗ਼ਮ-ਗਲਤ ਕਰਨ ਦੇ ਬਹਾਨੇ ਜਾਂ ਕਿਸੇ ਖੁਸ਼ੀ ਦੇ ਸਬੱਬ ਨਾਲ ਦੇਸੀ ਜਾਂ ਅੰਗਰੇਜ਼ੀ ਜਿਹੜੀ ਵੀ ਦਾਰੂ ਮਿਲੇ, ਉਹ ਹੀ ਚੜ੍ਹਾ ਜਾਂਦਾ ਹੈ। ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ 10 ਕੁ ਕਰੋੜ ਦੀ ਸ਼ਰਾਬ ਪੀਤੀ ਜਾਂਦੀ ਹੈ। ਇਸ ਵਾਸਤੇ ਹੀ ਭਗਵੰਤ ਮਾਨ ਸਿਰੇ ਦੀ ਸੱਚੀ ਹਕੀਕਤ ਦਾ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ 'ਜਿਥੇ ਆਂਡਿਆਂ ਦੀਆਂ ਰੇਹੜੀਆਂ ਤੋਂ ਸਮੈਕ ਮਿਲਦੀ ਹੈ ਤੇ ਸਵੇਰੇ ਦੁੱਧ ਦੀਆਂ ਡੇਅਰੀਆਂ ਤੋਂ ਪਹਿਲਾਂ ਠੇਕੇ ਖੁੱਲ੍ਹ ਜਾਂਦੇ ਹੋਣ; ਬਸ ਉਸ ਸੂਬੇ ਦਾ ਰੱਬ ਹੀ ਰਾਖਾ ਹੈ।

ਇਸ ਸਬੰਧ ਵਿਚ ਲੋਕਾਂ ਦਾ ਕਹਿਣਾ ਹੈ ਕਿ ਇਥੇ ਹੁਣ ਖ਼ਾਸ ਕਰਕੇ ਚੋਣਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਦੌਰਾਨ 'ਜਲ ਪੀਉ ਜੀ' ਦੀ ਥਾਂ 'ਪੈੱਗ ਪੀਉ ਜੀ' ਦੇ ਅਵਾਜ਼ੇ ਲੱਗਿਆ ਕਰਨਗੇ। ਇਨ੍ਹਾਂ ਤੋਂ ਇਲਾਵਾ ਨਜਾਇਜ਼ ਸ਼ਰਾਬ ਤੇ ਨਸ਼ਿਆਂ ਦੇ ਰੂਪ ਵਿਚ ਮੌਤ ਦਾ ਸਮਾਨ ਵੰਡਣ ਵਾਲੀਆਂ ਨਾਜਾਇਜ਼ ਦੁਕਾਨਾਂ ਦੀ ਗਿਣਤੀ ਤਾਂ ਕਿਸੇ ਨੇ ਕਦੇ ਕੀਤੀ ਹੀ ਨਹੀਂ ਹੈ। ਇਨ੍ਹਾਂ ਗੈਰ-ਕਾਨੂੰਨੀ ਸੈਂਟਰਾਂ ਰਾਹੀਂ ਪੰਜਾਬੀਆਂ ਦੀਆਂ ਜੇਬਾਂ ਵਿਚੋਂ ਰੋਜ਼ਾਨਾ ਤਕਰੀਬਨ 15 ਕਰੋੜ ਤੋਂ ਵੀ ਵੱਧ ਰੁਪਿਆ ਨਿਕਲ ਰਿਹਾ ਹੈ। ਇਉਂ ਸ਼ਰਾਬ ਦੇ ਠੇਕੇਦਾਰ ਇਕ ਪਾਸੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਲੋਕਾਂ ਨੂੰ ਪੈੱਗਾਂ ਵਿਚ ਸਰਕਾਰੀ ਨਿਯਮ ਘੋਲ ਕੇ ਪਿਆ ਰਹੇ ਹਨ ਅਤੇ ਦੂਜੇ ਪਾਸੇ ਆਪਣੀਆਂ ਜੇਬਾਂ ਨੋਟਾਂ ਨਾਲ ਭਰ ਰਹੇ ਹਨ।

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਸਾਡੇ ਸਮਾਜ ਵਿਚ ਕਾਨੂੰਨ ਲਾਗੂ ਕਰਨ ਦੀ ਥਾਂ 'ਤੇ ਕਾਨੂੰਨ ਭੰਗ ਕਰਨ ਦਾ ਪ੍ਰਚਲਣ ਆਮ ਹੀ ਹੈ। ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 40-ਏ ਤੇ 40-ਬੀ ਦੇ ਅਧੀਨ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਤੇ ਨਸ਼ਿਆਂ ਦੇ ਤਸੱਕਰ ਦੇ ਖਿਲਾਫ ਪੰਚਾਇਤਾਂ ਨੂੰ ਮਤੇ ਪਾਉਣ ਦਾ ਅਧਿਕਾਰ ਹੈ। ਨਤੀਜੇ ਵਜੋਂ ਬਠਿੰਡੇ ਜ਼ਿਲ੍ਹੇ ਦੇ ਪਿੰਡ ਸੇਲਬਰਾਹ ਤੇ ਸੰਗਰੂਰ ਜ਼ਿਲ੍ਹੇ ਦੀਆਂ 40 ਪੰਚਾਇਤਾਂ ਸਮੇਤ ਕੁੱਲ ਪੰਜਾਬ ਦੀਆਂ 42 ਪੰਚਾਇਤਾਂ ਨੇ ਮਤੇ ਪਾ ਕੇ ਭੇਜੇ, ਪਰ "ਚੋਰ ਨੂੰ ਕਹਿਣਾ ਲੱਗ ਤੇ ਕੁੱਤੇ ਨੂੰ ਕਹਿਣਾ ਭੌਂਕ" ਜਿਹੀ ਕਾਰਵਾਈ ਤੋਂ ਵੱਧ ਕੋਈ ਅਸਰਦਾਇਕ ਕਾਰਗੁਜ਼ਾਰੀ ਨਹੀਂ ਦਿਸੀ।

ਇਸ ਤਰ੍ਹਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਨਸ਼ੇਖੋਰੀ ਦੀ ਸਮੱਸਿਆ ਜੁਲਾਹੇ ਦੀ ਤਾਣੀ ਵਾਂਗੂੰ ਉਲਝੀ ਪਈ ਹੈ। ਜਿਵੇਂ ਉਲਝੀ ਤਾਣੀ ਵਿਚੋਂ ਕੋਈ ਸਹੀ ਤੰਦ ਫੜਨਾ ਔਖਾ ਹੁੰਦਾ ਹੈ, ਉਵੇਂ ਹੀ ਹੁਣ ਨਸ਼ਾ ਰੋਕੂ ਮੁਹਿੰਮਾਂ ਦੀ ਸਥਿਤੀ ਇਹ ਹੈ ਕਿ ਕੋਈ ਸਮਝ ਨਹੀਂ ਆਉਂਦੀ ਕਿ ਇਹ ਅਹਿਮ ਕਾਰਵਾਈ ਕਦੋਂ ਤੇ ਕਿਥੋਂ ਸ਼ੁਰੂ ਕੀਤੀ ਜਾਵੇ। ਜ਼ਾਹਿਰ ਹੈ ਕਿ ਵੋਟ ਰਾਜ ਦੀਆਂ ਮੁਥਾਜ ਸਰਕਾਰਾਂ ਧਨਾਢ ਠੇਕੇਦਾਰਾਂ ਤੇ ਖ਼ਾਸ ਕਰਕੇ ਚੋਣਾਂ ਦੇ ਨੇੜੇ ਨਸ਼ਾ ਕਰਨ ਵਾਲੇ ਆਪਣੇ ਵੋਟਰ੍ਹਾਂ ਦੇ ਵੱਡੇ ਵਰਗਾਂ ਨੂੰ ਨਿਰਾਸ਼ ਤੇ ਨਰਾਜ਼ ਨਹੀਂ ਕਰ ਸਕਦੇ। ਇਸ ਵਾਸਤੇ ਇਹ ਕੰਮ ਕੋਈ ਸੌਖਾ ਵੀ ਨਹੀਂ ਹੈ ਕਿਉਂਕਿ ਸਪੱਸ਼ਟ ਹੈ ਕਿ ਹੁਣ ਸਰਕਾਰਾਂ ਪੈਸੇ ਤੇ ਵੋਟਾਂ ਬਿਨਾਂ ਨਹੀਂ ਚਲ ਸਕਦੀਆਂ।

ਜੱਗ ਜ਼ਾਹਿਰ ਹੈ ਕਿ ਪੰਜਾਬ ਸਰਕਾਰ ਆਬਕਾਰੀ ਦੀ ਕਮਾਈ ਨਾਲ ਚੱਲ ਰਹੀ ਹੈ ਤੇ ਆਬਕਾਰੀ ਮਹਿਕਮਾ ਰੈਵੇਨਿਊ ਦਾ ਬਹੁਤ ਵੱਡਾ ਸਰੋਤ ਹੈ। ਬੱਸ ਕਦੇ-ਕਦਾਈਂ ਸੇਲਬਰਾਹ ਪਿੰਡ ਵਾਂਗੂੰ ਜਦੋਂ ਕਿਤੇ ਲੋਕ ਨਸ਼ਿਆਂ ਵਿਰੁੱਧ ਅਵਾਜ਼ ਉਠਾਉਂਦੇ ਹਨ ਤਾਂ ਸਰਕਾਰ ਵੀ ਕਿਤੇ-ਕਤਾਈਂ ਵਿਖਾਵੇ ਮਾਤਰ 'ਗੋਂਗਲੂਆਂ ਤੋਂ ਮਿੱਟੀ ਝਾੜ' ਦਿੰਦੀ ਹੈ। ਇਉਂ ਕਿਸੇ ਠੋਸ ਕਾਰਵਾਈ ਖੁਣੋਂ 'ਪੰਚਾਂ ਦਾ ਕਿਹਾ ਸਿਰ ਮੱਥੇ ਤੇ ਪਰਨਾਲਾ ਉਥੇ' ਵਾਲੀ ਸਥਿਤੀ ਬਣੀ ਰਹਿੰਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਰਕਾਰ ਦੀ ਆਪਣੀ ਆਬਕਾਰੀ ਨੀਤੀ 'ਤੇ ਨਿਰਭਰਤਾ ਦੇ ਕਾਰਨ



*Original with;*
Kulbir Singh Sidhu(I.A.S)
*Digitized by;*
Panjab Digital Library

ਅਕਸਰ ਹੀ ਨਸ਼ਿਆਂ ਨੂੰ ਰੋਕਣ ਦੀਆਂ ਸਾਰੀਆਂ ਕਾਰਵਾਈਆਂ ਨਿਹਫਲ ਹੋ ਜਾਂਦੀਆਂ ਹਨ।

ਸਗੋਂ ਇਸ ਪ੍ਰਸੰਗ ਵਿਚ ਪੰਜਾਬ ਸਰਕਾਰ ਦੀ ਹਾਲਤ ਤਾਂ ਇਹ ਬਣੀ ਹੋਈ ਹੈ ਕਿ ਇਕ ਪਾਸੇ ਇਹ ਆਪਣੇ-ਆਪ ਨੂੰ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਦੀ ਰਖਵਾਲੀ ਤੇ ਅਲੰਬਰਦਾਰ ਕਹਾ ਰਹੀ ਹੈ ਅਤੇ ਦੂਜੇ ਪਾਸੇ ਤਿਜਾਰਤੀ ਢੰਗ-ਤਰੀਕੇ ਅਪਣਾ ਰਹੀ ਹੈ। ਸਰਕਾਰ ਦੀ ਇਸ ਨੀਅਤ ਤੇ ਨੀਤੀ ਦੀ ਤਰਜਮਾਨੀ ਪ੍ਰਸਿੱਧ ਸ਼ਾਇਰ **ਮੀਰ ਤਕੀ ਮੀਰ** ਦੇ ਮਸ਼ਹੂਰ ਸੁਖਨ ਦੁਆਰਾ ਇਉਂ ਹੁੰਦੀ ਹੈ।

*ਮੁਹਤਸਿਬ ਤਸਬੀਹ ਕੇ ਦਾਨੋਂ ਪੇ ਯੇ ਗਿਨਤਾ ਰਹਾ*
*ਕਿਸ ਨੇ ਪੀ, ਕਿਸ ਨੇ ਨ ਪੀ, ਕਿਨ ਕਿਨ ਕੇ ਆਗੇ ਜਾਮ ਥਾ*

ਇਸ ਤਰ੍ਹਾਂ ਸਾਡੀਆਂ ਸਰਕਾਰਾਂ ਇਕ ਪਾਸੇ ਤਾਂ ਡਿਸਟਿਲਰੀਆਂ ਲਾਉਣ ਤੇ ਠੇਕੇ ਖੋਲਣ ਵਾਸਤੇ ਫ਼ਿਕਰਮੰਦ ਹਨ ਅਤੇ ਦੂਜੇ ਪਾਸੇ ਨਸ਼ੇ ਦੀ ਰੋਕਥਾਮ ਲਈ ਔਹੜ-ਪੌਹੜ ਕਰ ਰਹੀਆਂ ਹਨ। ਪਰ ਸਮੇਂ ਦਾ ਯਥਾਰਥ ਇਹ ਹੈ ਕਿ ਸਰਕਾਰ ਕੋਲ ਜਦੋਂ ਆਬਕਾਰੀ ਵਿਭਾਗ ਦਾ ਰੈਵੀਨਿਊ ਆਉਂਦਾ ਹੈ ਤਾਂ ਸਰਕਾਰ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਸਰਕਾਰ ਦੀ ਇਸ ਦਿਲੀ-ਖੁਸ਼ੀ ਦੀ ਤਰਜਮਾਨੀ **ਕਸਰ ਦੇਹਲਵੀ** ਦਾ ਸ਼ਿਅਰ ਬਾਖੂਬੀ ਕਰਦਾ ਹੈ।

*ਬੋਤਲ ਖੁੱਲੀ ਜੋ ਹਜ਼ਰਤੇ ਸ਼ਾਹਿਦ ਕੇ ਵਾਸਤੇ,*
*ਮਾਰੇ ਖੁਸ਼ੀ ਕੇ ਕਾਗ ਦੋ ਗਜ਼ ਉਛਲ ਗਿਆ*

ਅਜਿਹੀ ਸਥਿਤੀ ਲਿਆਉਣ ਲਈ ਸਰਕਾਰ ਹੀ ਨਹੀਂ ਸਗੋਂ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ। ਇਸ ਪ੍ਰਸੰਗ ਵਿਚ ਠੇਕੇ-ਹਾਤਿਆਂ ਦੀ ਗੱਲ ਤਾਂ ਇਕ ਪਾਸੇ ਰਹੀ ਅਸੀਂ ਆਪਣੇ ਘਰਾਂ ਵਿਚ ਵੀ ਦੇਖਦੇ ਹਾਂ ਕਿ ਇਕ ਪਾਸੇ ਅਖੰਡ ਪਾਠ ਕਰਵਾਇਆ ਜਾ ਰਿਹਾ ਹੁੰਦਾ ਹੈ ਤੇ ਦੂਜੇ ਪਾਸੇ ਪਾਠ ਦਾ ਭੋਗ ਪਿਛੋਂ ਪੈਂਦਾ ਹੈ ਤੇ ਬੋਤਲਾਂ ਦੇ ਡੱਟ ਪਹਿਲਾਂ ਖੁੱਲ੍ਹ ਜਾਂਦੇ ਹਨ। ਸਾਡੀ ਇਸ ਕੋਝੀ ਕੁਰੀਤੀ ਬਾਰੇ ਹੀ **ਕਵੀ ਕੈਲਵੀ** ਨੇ ਕਿਹਾ ਹੈ ਕਿ 'ਡੱਟ ਬੋਤਲਾਂ ਦੇ ਪਹਿਲਾਂ ਖੁੱਲ੍ਹ ਜਾਂਦੇ; ਪਿਆ ਘਰੇ ਨਾ ਪਾਠ ਦਾ ਭੋਗ ਹੁੰਦਾ'।

ਸਾਡੀ ਇਸ ਭੈੜੀ ਮਾਨਸਿਕਤਾ ਦਾ ਹੋਰ ਵੀ ਪ੍ਰਤੱਖ ਪ੍ਰਮਾਣ ਉਦੋਂ ਵੇਖਣ ਨੂੰ ਮਿਲਦਾ ਹੈ ਕਿ ਜਦੋਂ ਆਮ ਮੇਲਿਆਂ ਦੀ ਗੱਲ ਤਾਂ ਛੱਡੋ, ਸਗੋਂ ਧਾਰਮਿਕ ਤੇ ਸ਼ਹੀਦੀ ਜੋੜ ਮੇਲਿਆਂ 'ਤੇ ਆਏ ਲੋਕਾਂ ਵਾਸਤੇ ਦਾਰੂ-ਸਿੱਕੇ ਦੇ ਠੇਕੇ ਆਮ ਹੀ ਖੁੱਲ੍ਹੇ ਹੁੰਦੇ ਹਨ ਅਤੇ ਫਿਰ ਲੋਕਾਂ ਵਲੋਂ ਸੜਕਾਂ 'ਤੇ ਲਾਏ ਗਏ ਲੰਗਰਾਂ ਦੇ ਪਕੌੜੇ ਪਿਆਕੜਾਂ ਦਾ ਬੁੱਤਾ ਸਾਰ ਰਹੇ ਹੁੰਦੇ ਹਨ। ਸ਼ਰਾਬ ਦੇ ਠੇਕੇਦਾਰਾਂ ਨੇ ਸਮੇਂ-ਸਮੇਂ ਦੀਆਂ ਸਰਕਾਰਾਂ ਤੇ ਪ੍ਰਸ਼ਾਸਨ ਨਾਲ ਅੰਦਰ-ਖਾਤੇ ਚੁੱਪ-ਗੜੁੱਪ ਜਿਹੇ ਸਮਝੌਤੇ ਕੀਤੇ ਹੁੰਦੇ ਹਨ। ਫਿਰ ਇਨ੍ਹਾਂ ਆਪਸੀ ਮੰਨ-ਮਨੌਤੀਆਂ ਅਨੁਸਾਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਇਤਿਹਾਸਿਕ ਨਗਰਾਂ ਵਿਚ ਉਥੋਂ ਦੇ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੀ ਮਨਾਹੀ ਦੇ ਹੁਕਮ



*Original with;*
Kulbir Singh Sidhu(I.A.S)
*Digitized by;*
Panjab Digital Library

ਜਾਰੀ ਕੀਤੇ ਹੁੰਦੇ ਹਨ, ਪਰ ਨਸ਼ਿਆਂ ਦੇ ਤਸਕਰ, ਸੌਦਾਗਰ ਤੇ ਨਸ਼ੇੜੀ ਸਾਰੇ ਰਲ-ਮਿਲ ਕੇ ਦੀਦਾ-ਦਾਨਿਸ਼ਤਾ ਇਨ੍ਹਾਂ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਹੁੰਦੇ ਹਨ। ਇਹ ਸਭ ਕੁਝ ਸਰਕਾਰ ਤੇ ਪ੍ਰਸ਼ਾਸਨ ਦੀ ਹਿੱਕ 'ਤੇ ਮੂੰਗੀ ਦਲਣ ਮਾਤਰ ਹੋ ਰਿਹਾ ਹੁੰਦਾ ਹੈ, ਪਰ ਸਾਰੇ ਆਗੂ ਤੇ ਅਫ਼ਸਰ "ਚੱਲ ਹੋਊ" ਵਾਲੀ ਘੇਸਲ ਮਾਰਕੇ ਆਨੰਦ-ਮੰਗਲ ਬੈਠੇ ਹੁੰਦੇ ਹਨ।

ਖ਼ੈਰ! ਰੱਬ ਹੀ ਜਾਣਦਾ ਹੈ ਕਿ ਸਾਡੀਆਂ ਸਰਕਾਰਾਂ ਤੇ ਮੇਰੇ ਵਰਗੇ ਜ਼ਿਲ੍ਹਿਆਂ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਕਿਉਂ ਤੇ ਕਿਹੜੀ ਗੱਲੋਂ ਚੁੱਪ ਹਨ। ਅੱਜ ਸਾਡਾ ਸਾਰਾ ਸਮਾਜ ਨਸ਼ੇਖੋਰੀ ਦੀ ਇਸ ਮਹਾਂਮਾਰੀ ਤੇ ਖ਼ਾਸ ਕਰਕੇ ਨੌਜਵਾਨਾਂ ਵਿਚ ਨਸ਼ਾਖੋਰੀ ਦੀ ਇੱਲਤ ਤੇ ਉਨ੍ਹਾਂ ਦੇ ਭਵਿੱਖ ਬਾਰੇ ਮਹਾਂ-ਚਿੰਤਤ ਹੈ। ਅਸੀਂ ਸਾਡੇ ਪੰਜਾਬ ਵਿਚ ਫੈਲੀ ਇਸ ਵਬਾ-ਬਿਮਾਰੀ ਦਾ ਅਕਸਰ ਹੀ ਠੂੰਣਾ ਦੂਜਿਆਂ ਦੇ ਸਿਰ ਭੰਨਦੇ ਹਾਂ। ਕਦੇ ਅਸੀਂ ਕੇਂਦਰ ਸਰਕਾਰ ਨੂੰ ਇੰਟਰਨੈਸ਼ਨਲ ਬਾਰਡਰ 'ਤੇ ਤਸਕਰੀ ਨਾ ਰੋਕਣ ਲਈ ਜ਼ਿੰਮੇਵਾਰ ਠਹਿਰਾਉਂਦੇ ਹਾਂ ਅਤੇ ਕਦੇ ਇਸ ਦਾਵਾਨਲੀ ਗੁਨਾਹ ਦਾ ਦੋਸ਼ ਪੱਛਮੀ ਸਭਿਅਤਾ ਤੇ ਜਾਂ ਫਿਰ ਟੀ.ਵੀ.ਚੈਨਲਾਂ 'ਤੇ ਮੜ੍ਹ ਦਿੰਦੇ ਹਾਂ।

ਇਥੇ ਜ਼ਿਕਰਯੋਗ ਹੈ ਕਿ ਅਸੀਂ 'ਉਠਿਆ ਆਪ ਤੋਂ ਨਾ ਜਾਏ ਤੇ ਫਿਟੇ ਮੂੰਹ ਗੋਡਿਆਂ ਦੇ' ਜਿਹੀ ਆਦਤ ਅਨੁਸਾਰ ਆਪਣੀ ਜ਼ਿੰਮੇਵਾਰੀ ਟਾਲਦੇ ਹੋਏ, ਕਿਸੇ ਦੂਜੇ 'ਤੇ ਦੋਸ਼ ਮੜ੍ਹਨ ਦੇ ਬੜੇ ਵੱਡੇ ਆਦੀ ਹਾਂ। ਅਸੀਂ ਕਦੇ ਵੀ 'ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ' ਹੋਏ ਇਹ ਨਹੀਂ ਸੋਚਦੇ ਕਿ ਆਪਾਂ ਨੇ ਪੱਛਮੀ ਸਭਿਅਤਾ ਵਾਲਿਆਂ ਤੋਂ ਕਾਮ-ਉਤੇਜਕ ਤੇ ਹੋਰ ਕਈ ਮਾੜੀਆਂ ਪ੍ਰਵਿਰਤੀਆਂ ਦੀ ਨਕਲ ਕਰਨੀ ਤਾਂ ਸਿੱਖ ਲਈ ਹੈ, ਪਰ ਅਸੀਂ ਉਨ੍ਹਾਂ ਤੋਂ ਰਾਸ਼ਟਰਵਾਦ ਦੀ ਭਾਵਨਾ, ਕੌਮੀ ਅਨੁਸ਼ਾਸ਼ਨ ਤੇ ਮਿਹਨਤ ਦੀ ਕਦਰ ਆਦਿ ਜਿਹੇ ਕਈ ਚੰਗੇ ਗੁਣ ਨਾ ਖ਼ੁਦ ਆਪ ਹੀ ਗ੍ਰਹਿਣ ਕੀਤੇ ਹਨ ਅਤੇ ਅੱਗੇ ਨਾ ਹੀ ਆਪਣੇ ਬੱਚਿਆਂ ਨੂੰ ਸਿਖਾਏ ਹਨ।

ਇਸ ਲਈ ਸਾਡੀ ਨਵੀਂ ਪੀੜ੍ਹੀ ਨੇ ਹੁਣ ਪੱਛਮੀ ਸਭਿਆਚਾਰ ਵਿਚੋਂ ਸਮੈਕ-ਹੈਰੋਇਨ ਤੇ ਹੋਰ ਲੱਖਾਂ ਰੁਪਈਆਂ ਦੇ ਭਾਅ ਗ੍ਰਾਮਾਂ-ਤੋਲਿਆਂ ਵਿਚ ਵਿਕਦੇ ਨਸ਼ੇ-ਪੱਤਿਆਂ ਦੇ ਆਤਮਘਾਤੀ ਖਜ਼ਾਨੇ ਆਪਣੀ ਸਮਾਜਿਕ ਤੇ ਆਰਥਿਕ ਬੇਚੈਨੀ ਨੂੰ ਦੂਰ ਕਰਨ ਦੇ ਬਦਲ ਵਜੋਂ ਲੱਭ ਲਏ ਹਨ। ਸਾਡੇ ਨੌਜੁਆਨ ਬੱਚੇ ਅੱਜ ਲੱਖਾਂ ਰੁਪਏ ਨਸ਼ਿਆਂ ਅਤੇ ਵਿਖਾਵੇ ਦੀਆਂ ਫੈਲਸੂਫੀਆਂ ਕਰਕੇ ਧੂੰਏ ਵਾਂਗ ਉਡਾ ਰਹੇ ਹਨ। ਉਹ ਆਪਣੀਆਂ ਜੱਦੀ ਜ਼ਮੀਨਾਂ-ਜਾਇਦਦਾਂ ਦੀ ਧੂਫ਼ ਬਣਾ ਕੇ ਸਮਾਜਿਕ ਬਦੀਆਂ ਦੇ ਦੈਤਾਂ ਦੀ ਆਰਤੀ ਉਤਾਰ ਰਹੇ ਹਨ। ਫਿਰ ਸਿਤਮ ਦੀ ਗੱਲ ਇਹ ਹੈ ਕਿ ਹੁਣ ਇਸ ਰਸਾਤਲ ਦੇ ਧੁਰ ਹੇਠਲੇ ਮੁਕਾਮ 'ਤੇ ਪਹੁੰਚੇ ਸਾਡੇ ਇਹ ਜੁਆਨ ਧੀ-ਪੁੱਤ ਕਿਸੇ ਨੇਕ ਕੰਮ ਜਾਂ ਰਸਤੇ ਬਾਰੇ ਕੋਈ ਸਲਾਹ ਜਾਂ ਗੱਲਬਾਤ ਸੁਨਣ ਲਈ ਵੀ ਤਿਆਰ ਨਹੀਂ।

ਹੁਣ ਨਸ਼ੇ ਕਰਨ ਕਰਕੇ ਸਾਡੇ ਗੱਭਰੂਆਂ ਦੇ ਸਾਰਾ ਦਿਨ ਸਰੀਰ ਟੁਟਦੇ ਰਹਿੰਦੇ ਹਨ। ਉਹ ਹੱਡ-ਗੋਡੇ ਜੋੜਨ ਲਈ ਤੜਕਸਾਰ ਹੀ ਟੀਕਾ ਲਾ ਕੇ, ਚਮਚਾ ਭੁੱਕੀ ਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਖਾ ਕੇ ਜਾਂ ਫਿਰ ਅਫ਼ੀਮ ਦਾ ਗੋਲਾ ਛਕ ਕੇ ਹੀ ਮੰਜੇ ਤੋਂ ਉੱਠਦੇ ਹਨ। ਫਿਰ ਦਿਨ ਚੜ੍ਹਦੇ ਹੀ ਇਹ ਜਵਾਨ ਫੈਂਸੀਡ੍ਰਿਲ, ਲੋਮੋਟਿਲ, ਮੋਮੋਟਿਲ, ਕੌਰੈਕਸ, ਆਇਓਡੈਕਸ ਅਤੇ ਪਤਾ ਨਹੀਂ ਹੋਰ ਕਿਹੜੇ ਕਿਰਲੇ-ਕਿਰਲੀਆਂ ਜਿਹੇ ਗੰਦ-ਮੰਦ 'ਚੋਂ ਨਸ਼ੇ ਲੱਭਣ ਵਾਸਤੇ ਤੁਰ ਪੈਂਦੇ ਹਨ। ਵੈਸੇ ਤਾਂ ਹੁਣ ਨਸ਼ਿਆਂ ਦੀ ਤਾਂ ਹੋਮ ਡਿਲਵਰੀ ਵੀ ਹੋ ਰਹੀ ਹੈ। ਨਸ਼ੇੜੀਆਂ ਨੇ ਆਪਣੇ ਹੀ ਕੋਡ-ਵਰਡ ਬਣਾ ਰੱਖੇ ਹਨ। ਉਹ ਕੈਪਸੂਲਾਂ ਨੂੰ ਘੋਗੇ, ਸ਼ੀਸ਼ੀਆਂ ਨੂੰ ਘਰੀਟਾ, ਬੀੜੀ-ਸਿਗਰਟ ਨੂੰ ਭੱਠਾ ਲਾਉਣਾ, ਭੁੱਕੀ ਵਗੈਰਾ ਨੂੰ ਕਾਰਡ ਲਾਉਣਾ ਕਹਿੰਦੇ ਹਨ। ਪੁਰਾਣੇ ਅਮਲੀ ਜਿਹੜੇ ਭੁੱਕੀ, ਪੋਸਤ ਨੂੰ ਛਤਰ-ਧਾਰਾ ਤੇ ਅਫੀਮ ਨੂੰ ਕਾਲੀ ਨਾਗਣੀ ਕਿਹਾ ਕਰਦੇ ਸਨ, ਉਨ੍ਹਾਂ ਦੀ ਤਾਂ ਹੁਣ ਨਸ਼ੇੜੀਆਂ ਵਿਚ ਕੋਈ ਬਿਸਾਤ ਹੀ ਨਹੀਂ ਹੈ ਕਿਉਂ ਕਿ ਉਹ ਹੁਣ ਬੜੇ ਨੀਵੇਂ ਪੱਧਰ ਦੇ ਨਸ਼ੱਈ ਗਿਣੇ ਜਾਂਦੇ ਹਨ।

ਬੱਸ ਅੱਜ ਸਾਡੇ ਨੌਜਵਾਨ ਕੀ ਮੁੰਡੇ ਤੇ ਕੁੜੀਆਂ ਤਕਰੀਬਨ ਅੱਧਿਉਂ ਵੱਧ 'ਖਾਓ-ਪੀਓ ਕਰੋ ਅਨੰਦ ਤੇ ਬਾਕੀ ਫ਼ਿਕਰ ਆਪੇ ਕਰੂ ਬਾਈ ਪਰਮਾਨੰਦ' ਵਰਗੀਆਂ ਮਨੌਤੀਆਂ ਤੇ ਸਮਝੌਤੀਆਂ ਤਹਿਤ ਤੁਰੇ ਹੋਏ ਹਨ। ਉਹ ਆਪਣੀ ਨਸ਼ੱਈ-ਨਸ਼ੇੜੀ ਤੇ ਬਿਮਾਰ ਜਿਹੀ ਸੋਚ ਅਨੁਸਾਰ ਮਨੋਂ-ਮਨੀਂ ਆਪਣੇ ਵੱਲੋਂ ਤਾਂ ਵਧੀਆ ਦਿਨ ਕਟੀ ਕਰ ਰਹੇ ਹਨ। ਉਨ੍ਹਾਂ ਨੂੰ ਅਜਿਹੀਆਂ ਮਨ ਪ੍ਰਚਾਊ ਸਮਝੌਤੀਆਂ ਤੋਂ ਬਿਨਾਂ ਹੋਰ ਕੋਈ ਚਾਰਾਗਰ ਵੀ ਨਹੀਂ ਦਿਸਦਾ। ਫਿਰ ਭਵਿੱਖ ਵਿਚ ਉਨ੍ਹਾਂ ਦਾ ਆਪਣਾ ਤੇ ਅੱਗੇ ਉਨ੍ਹਾਂ ਦੀ ਨਸਲ ਦਾ ਕੀ ਹਸ਼ਰ ਹੋਊ; ਇਸ ਦੀ ਤਾਂ ਸ਼ਾਇਦ ਉਨ੍ਹਾਂ ਦੇ ਫਰਿਸ਼ਤਿਆਂ ਨੂੰ ਵੀ ਖ਼ਬਰ ਨਹੀਂ ਹੈ। ਹੁਣ ਸਾਡੇ ਸਭ ਦੇ ਵਾਸਤੇ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ' ਵਾਲੀ ਸਥਿਤੀ ਬਣੀ ਹੋਈ ਹੈ। ਇਸ ਲਈ ਹੀ ਹੁਣ ਸਾਡੇ ਸਮੁੱਚੇ ਸਮਾਜ ਨੂੰ ਆਪਣੇ ਫਰਜ਼ਾਂ ਬਾਰੇ ਜਾਗਰੂਕ ਹੋ ਕੇ ਆਪਣੇ ਅੰਦਰ ਝਾਤੀ ਮਾਰਨ ਅਤੇ ਕੌਮ ਪ੍ਰਤੀ ਫੌਰੀ ਤੌਰ 'ਤੇ ਕੋਈ ਲੋੜੀਂਦਾ ਉਪਾਅ ਕਰਨ ਦੀ ਲੋੜ ਬਣ ਗਈ ਹੈ।

ਜ਼ਾਹਿਰ ਹੈ ਕਿ ਨਸ਼ੇ-ਪਤਿਆਂ ਦੇ ਬੋਲਬਾਲੇ ਦੇ ਸੰਦਰਭ ਵਿਚ ਅੱਜ ਗੱਲ ਇੰਨੀ ਵਿਗੜ ਚੁੱਕੀ ਹੈ ਕਿ ਇਹ ਸਮੱਸਿਆ ਸਾਡੇ ਸਮਾਜ ਤੇ ਸਰਕਾਰ ਦੇ ਵਸੋਂ ਬਾਹਰ ਹੋਈ ਜਾਪਦੀ ਹੈ। ਸਗੋਂ ਹੁਣ ਤਾਂ ਨਸ਼ਾਖੋਰੀ ਦੇ ਪੱਖੋਂ ਪੰਜਾਬ ਦੀ ਮੌਜੂਦਾ ਹਾਲਤ ਬਾਰੇ ਇਕ ਬੜਾ ਹੀ ਮਨ ਨੂੰ ਟੁੰਬਣ ਵਾਲਾ ਟੋਟਕਾ ਪ੍ਰਚਲਿਤ ਹੈ ਕਿ 'ਹੁਣ ਕਿਥੋਂ ਲੱਭਣੇ ਨੇ ਭਗਤ ਸਿੰਘ, ਊਧਮ ਤੇ ਸਰਾਭੇ; ਪੰਜਾਬ ਵਿਚ ਰਹਿ ਗਏ ਨੇ ਸਿੰਗਰ, ਨਸ਼ੇੜੀ ਤੇ ਬਾਬੇ'। ਬੱਸ ਇਸ ਤੋਂ ਅੱਗੇ ਤਾਂ ਹੁਣ ਦੱਬੀ ਚੱਲ ਕਰਤਾਰ ਸਿੰਹਾਂ ਵਾਲੀ ਖੇਡ ਬਣੀ ਦਿਸਦੀ ਹੈ ਕਿ ਦੋ ਅਮਲੀ ਕਰਤਾਰਾ ਤੇ ਭਜਨਾ ਅਫੀਮ ਦੀ ਲੋਰ ਵਿਚ ਸਾਈਕਲ 'ਤੇ ਚੜ੍ਹੇ ਜਾਂਦੇ ਸਨ। ਭਜਨਾ ਪਿਛੋਂ ਕੈਰੀਅਰ ਤੋਂ ਡਿੱਗ ਪਿਆ। ਜਦੋਂ ਕਰਤਾਰੇ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਭਜਨਾ ਕਹਿਣ ਲਗਾ "ਕਰਤਾਰ ਸਿਆਂ ਮੈਂ ਤਾਂ ਮੌਜ ਵਿਚ ਬੈਠਾ ਹਾਂ; ਬਾਈ ਤੂੰ ਬੱਸ ਕਿਲੀ ਦੱਬੀ ਚੱਲ।"

ਬਹਿਰਹਾਲ! ਅਫ਼ਸੋਸ ਦੀ ਗੱਲ ਇਹ ਹੈ ਕਿ ਭ੍ਰਿਸ਼ਟਾਚਾਰ, ਨਸ਼ੇਖੋਰੀ, ਭਰੂਣ



*Original with;*
Kulbir Singh Sidhu(I.A.S)
*Digitized by;*
Panjab Digital Library

ਹੱਤਿਆ ਤੇ ਰਿਸ਼ਵਤਖੋਰੀ ਜਿਹੀਆਂ ਮਾੜੀਆਂ ਵਹਿਵਤਾਂ ਨੇ ਸਾਡੇ ਸਮਾਜ ਨੂੰ ਦਬਾਊ ਕਰ ਰਖਿਆ ਹੈ ਅਤੇ ਅਸੀਂ ਸਾਰੇ ਹੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪੱਖੋਂ ਅੱਜ ਇਖਲਾਕੀ ਗਿਰਾਵਟ ਦੀ ਰਸਾਤਲ ਨੂੰ ਪਹੁੰਚੇ ਹੋਏ ਹਾਂ। ਹੁਣ ਹਰ ਕੋਈ ਬੱਚਾ-ਬੁੱਢਾ, ਵੱਡਾ-ਛੋਟਾ ਸਾਡੇ ਸਮਾਜ ਵਿਚ ਅਨੈਤਿਕਤਾ, ਸਮਾਜਿਕ ਭ੍ਰਿਸ਼ਟਾਚਾਰ ਤੇ ਆਰਥਿਕ ਸ਼ੋਸ਼ਣ ਦੇ ਪੱਖੋਂ ਮਹਿਸੂਸ ਕਰ ਰਿਹਾ ਹੈ ਕਿ ਹੁਣ ਪਾਣੀ ਸਿਰੋਂ ਲੰਘ ਗਿਆ ਹੈ। ਇਸ ਵਾਸਤੇ ਹੁਣ ਜਦੋਂ ਖ਼ਾਸ ਕਰਕੇ ਨਸ਼ੇ-ਪਤਿਆਂ ਨੇ ਸਾਡੇ ਸਾਰੇ ਸਮਾਜ ਨੂੰ ਹੀ ਜਕੜ ਲਿਆ ਹੈ ਤਾਂ ਹਰ ਕੋਈ 'ਨਸ਼ਿਆਂ ਨੇ ਗੋਲ ਗੰਢ ਪਾ ਲਈ ਮਿਤਰੋ; ਹੁਣ ਕੀ ਬਣਤ ਬਣਾਈਏ' ਜਿਹੇ ਡੋਬੂ-ਖਿਆਲਾਂ ਵਿਚ ਡੁੱਬਿਆ ਨਜ਼ਰ ਆਉਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪੱਖੋਂ ਹੁਣ ਹਰ ਮਾਂ-ਬਾਪ ਆਪਣੇ ਨੌਜਵਾਨ ਬੱਚਿਆਂ ਵਾਸਤੇ ਚਿੰਤਾਤੁਰ ਤੇ ਫ਼ਿਕਰਮੰਦ ਹੈ। ਬੇਸ਼ੱਕ ਸਾਡੇ ਧਾਰਮਿਕ, ਸਮਾਜਿਕ ਤੇ ਖ਼ਾਸ ਕਰਕੇ ਰਾਜਨੀਤਿਕ ਆਗੂ ਇਸ ਦਿਨ-ਬ-ਦਿਨ ਵਧ ਰਹੇ ਭ੍ਰਿਸ਼ਟਾਚਾਰ ਤੇ ਖ਼ਾਸ ਕਰਕੇ ਨਸ਼ਾਖੋਰੀ ਵਾਸਤੇ ਇਕ ਪਾਸੇ ਤਾਂ ਆਪ ਜ਼ਿੰਮੇਵਾਰ ਹਨ ਅਤੇ ਦੂਜੇ ਪਾਸੇ ਇਨ੍ਹਾਂ ਮਾੜੀਆਂ ਸਮਾਜਿਕ ਲਾਅਨਤਾਂ ਦੇ ਮੁਕਾਬਲੇ ਵਿਚ ਉਹ ਆਪਣੇ ਆਪ ਨੂੰ ਅਸਮਰਥ ਤੇ ਨਿਤਾਣਾ ਜਿਹਾ ਮਹਿਸੂਸ ਕਰ ਰਹੇ ਹਨ। ਇਸ ਸੂਰਤੇ-ਹਾਲ ਵਿਚ ਅਸੀਂ ਸਾਰੇ ਆਪਣੇ ਆਪ ਨੂੰ 'ਚਿੜੀ ਵਿਚਾਰੀ ਕੀ ਕਰੇ ਬੱਸ ਠੰਡਾ ਪੀਣਾ ਪੀ ਮਰੇ' ਜਿਹੀ ਸਮਝੌਤੀ ਨਾਲ ਮਹਾਂਭਾਰਤ ਦੇ ਹਾਰੇ-ਜੁਆਰੀਆਂ ਵਾਂਗੂੰ ਆਪਣੇ ਮਨ ਨੂੰ ਇਕ ਦਿਲਾਸਾ ਜਿਹਾ ਦੇ ਰਹੇ ਹਾਂ। ਬੇਸ਼ਕ ਸਮਾਜ ਤੇ ਸਮੇਂ-ਸਮੇਂ ਦੀ ਸਰਕਾਰ ਵੱਲੋਂ ਨਸ਼ੇਖੋਰੀ ਵਿਰੁੱਧ ਮੁਹਿੰਮ ਰੂਪੀ ਭੱਜ-ਨੱਠ ਹੋ ਰਹੀ ਹੈ, ਪਰ ਇਸ ਨਸ਼ਾਖੋਰੀ ਦੀ ਵਿਆਪਕਤਾ ਤੇ ਵਿਕਰਾਲਤਾ ਦੇ ਸਾਹਮਣੇ ਸਾਡੇ ਇਹ ਯਤਨ-ਪ੍ਰਯਤਨ ਨਾਮ ਮਾਤਰ ਹੀ ਸਾਬਿਤ ਹੋ ਰਹੇ ਹਨ। ਸਗੋਂ ਇਸ ਦੇ ਉਲਟ 'ਮਰਜ਼ ਬੜ੍ਹਤਾ ਗਿਆ ਜਿਉਂ-ਜਿਉਂ ਦਵਾ ਕੀ' ਦਾ ਸੁਖਨ ਸੱਚਾ ਸਿੱਧ ਹੋ ਰਿਹਾ ਹੈ।

ਨਿਰਸੰਦੇਹ ਇਸ ਸਾਰੀ ਸੂਰਤੇ-ਹਾਲ ਵਿਚ ਅੱਜ ਸਾਡਾ ਅਵਾਮ ਆਪਣੇ ਨੌਜਵਾਨਾਂ ਤੋਂ ਅੱਕ ਕੇ ਆਪਣੇ ਵਡਿਕਿਆਂ-ਬਾਬਲਾਂ ਨੂੰ ਆਪਣੀ ਵਿਥਿਆ 'ਬਾਬਲ ਤੇਰੇ ਮਹਿਲਾਂ ਵਿਚੋਂ ਹੁਣ ਸਤਰੰਗੀਆਂ ਕਬੂਤਰ ਨਾ ਬੋਲੇ ਅਤੇ ਬਾਬਲ ਤੇਰੇ ਮਹਿਲਾਂ ਦੀਆਂ ਚਾਰੇ ਕੰਧਾਂ ਨੇ ਹਿਲੀਆਂ' ਜਿਹੀਆਂ ਕੂਕ-ਪੁਕਾਰਾਂ ਦੁਆਰਾ ਸੁਣਾ ਰਿਹਾ ਹੈ। ਉਧਰ ਦੂਜੇ ਪਾਸੇ ਸਾਡੇ ਨੌਜਵਾਨ ਤੇ ਖਾਸ ਕਰਕੇ ਵਿਦਿਆਰਥੀ ਹੁਣ ਬੇਰੁਜ਼ਗਾਰੀ ਤੋਂ ਤੰਗ ਆ ਕੇ ਜਾਂ ਤਾਂ ਨਸ਼ੇ ਕਰਨ ਵੱਲ ਨੂੰ ਵੱਧ ਰਹੇ ਹਨ ਤੇ ਜਾਂ ਫੇਰ ਬਾਹਰਲੇ ਮੁਲਕਾਂ ਨੂੰ ਵਹੀਰਾਂ ਘੱਤ ਰਹੇ ਹਨ। ਫਿਰ ਉਥੇ ਜਾ ਕੇ ਸਾਡੇ ਨੌਜਵਾਨਾਂ ਦੀ ਜੋ ਦੁਰਗਤੀ ਤੇ ਕੁੱਟਮਾਰ ਹੁੰਦੀ ਹੈ, ਉਹ ਵਖਰੀ ਗੱਲ ਹੈ। ਹੁਣ ਤਾਂ ਉਨ੍ਹਾਂ ਦੀ ਇਹ ਸਮੱਸਿਆ ਕਤਲਾਂ ਤਕ ਵੀ ਪਹੁੰਚੀ ਹੋਈ ਹੈ, ਜਿਸ ਨੂੰ ਕਿ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਲੋੜ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਸੂਰਤ ਵਿਚ ਸੋਚੋ ਕਿ ਜੇ ਸਾਡੀ ਅਜੋਕੀ ਪੀੜ੍ਹੀ ਦੇ ਤਕਰੀਬਨ 50 ਫ਼ੀ-ਸਦੀ ਤੋਂ ਵੱਧ ਜੇ ਸਾਡੇ ਨੌਜਵਾਨ ਹੀ ਖਤਮ ਹੋ ਗਏ ਤਾਂ ਪੰਜਾਬ ਦਾ ਕੀ ਬਣੂੰ ਅਤੇ ਫਿਰ ਸਾਨੂੰ ਸਾਡਾ ਸੋਹਣਾ ਤੇ ਸ਼ਾਨਾਮੱਤਾ ਪੰਜਾਬ ਕਿੱਥੋ ਲੱਭੂਗਾ? ਇਸ ਪ੍ਰਸੰਗ ਵਿਚ ਤਾਂ ਹੁਣ ਇਉਂ ਲਗਦਾ ਹੈ ਕਿ ਜੇ ਸਾਡੇ ਇਹ ਮਾੜੇ ਕਾਰੇ-ਵਰਤਾਰੇ ਇੰਝ ਹੀ ਚਲਦੇ ਰਹੇ ਤਾਂ ਅਸੀਂ ਅਜੋਕੇ ਪੰਜਾਬ ਨੂੰ ਫਿਰ ਮੋਹੰਜੋਦਾੜੋ ਤੇ ਹੜੱਪਾ ਦੇ ਖੰਡਰਾਂ ਵਿਚੋਂ ਲੱਭਦੇ ਫਿਰਾਂਗੇ। ਇਸ ਸੰਦਰਭ ਵਿਚ ਮੇਰੀ ਇਕ ਨਿਗੂਣੀ ਜਿਹੀ ਰਾਇ ਅਨੁਸਾਰ ਕਿੰਨਾ ਹੀ ਚੰਗਾ ਹੋਵੇ ਜੇ ਕਿਤੇ ਅਸੀਂ ਆਪਣੇ ਬੱਚਿਆਂ ਵਾਸਤੇ ਉਨ੍ਹਾਂ ਦੀ ਛੋਟੀ ਉਮਰ ਤੋਂ ਹੀ ਨੇਕ ਤੇ ਸਦਾਚਾਰੀ ਘਰ-ਸੰਸਾਰ ਦੀ ਰਚਨਾ ਕਰੀਏ। ਬੱਚਿਆਂ ਨੂੰ ਜਦੋਂ ਮੁਢਲੇ ਸਾਲਾਂ ਵਿਚ ਸਹੀ ਗਿਆਨ, ਸਹੀ ਉਤਸ਼ਾਹ ਤੇ ਸਹੀ ਸੇਧ ਦੀ ਲੋੜ ਹੁੰਦੀ ਹੈ; ਜੇ ਅਸੀਂ ਉਦੋਂ ਸ਼ੁਰੂ ਵਿਚ ਹੀ ਉਨ੍ਹਾਂ ਦੀ ਸ਼ਖਸੀਅਤੀ ਉਸਾਰੀ ਦੇ ਸਮੇਂ ਹੀ ਉਨ੍ਹਾਂ ਨੂੰ ਸੰਭਾਲ ਲਵਾਂਗੇ ਤਾਂ ਸਾਨੂੰ ਬਾਅਦ ਵਿਚ ਉਨ੍ਹਾਂ ਦੇ ਦਰਪੇਸ਼ ਔਕੜਾਂ ਤੇ ਉਨ੍ਹਾਂ ਨੂੰ ਲੱਗੀਆਂ ਇਲਤਾਂ ਦੇ ਵਿਰੁੱਧ ਮੁਹਿੰਮਾਂ ਛੇੜਣ ਦੀ ਲੋੜ ਹੀ ਨਹੀਂ ਰਹੇਗੀ।

ਇਸ ਤਰ੍ਹਾਂ ਹੀ ਜੇ ਅਸੀਂ ਕੌਮ ਵਿਚ ਦੇਸ਼ ਪ੍ਰੇਮ ਤੇ ਕੌਮੀਅਤ ਦੀ ਭਾਵਨਾ ਜਗਾਉਣ ਲਈ ਆਪਣੇ ਵਿਦਿਅਕ ਕੋਰਸਾਂ ਰਾਹੀਂ ਸ਼ੁਰੂ ਤੋਂ ਹੀ ਆਪਣੇ ਸ਼ਹੀਦਾਂ-ਮੁਰੀਦਾਂ ਦੀ ਘਾਲਣਾ, ਤਿਆਗ ਤੇ ਕੁਰਬਾਨੀਆਂ ਦੀ ਗੱਲ-ਕੱਥ ਆਪਣੀ ਤਾਲੀਮ ਦਾ ਜ਼ਰੂਰੀ ਹਿੱਸਾ ਬਣਾ ਲਈਏ ਤਾਂ ਇਸ ਨਾਲ ਇਕ ਨਰੋਏ ਸਮਾਜ ਤੇ ਕੌਮ ਦੀ ਉਸਾਰੀ ਸੰਭਵ ਹੋ ਸਕਦੀ ਹੈ। ਇਉਂ ਹੀ ਸ਼ਾਇਦ ਅਸੀਂ ਮੁੱਢ ਤੋਂ ਹੀ ਆਪਣੇ ਬੱਚਿਆਂ ਨੂੰ ਆਪਣੀ ਸਭਿਅਤਾ, ਸੰਸਕ੍ਰਿਤੀ, ਸਭਿਆਚਾਰ ਤੇ ਸਦਾਚਾਰ ਦੀ ਗੁੜ੍ਹਤੀ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਰਤਾ-ਮਾਸਾ ਸੁਧਾਰ ਕਰ ਸਕੀਏ। ਇਸ ਲਈ ਇਹ ਲੋੜੀਂਦੇ ਔਹੜ-ਪੌਹੜ ਕਰਨ ਵਜੋਂ ਬੇਸ਼ੱਕ ਇਹ ਨੁਸਖਾ ਲਗਦਾ ਤਾਂ ਖਾਸਾ ਔਖਾ ਹੈ।

ਪਰ ਮਿੱਤਰੋ! ਦੇਰ-ਸਵੇਰ ਤਾਂ ਇਹ ਦੁਆ ਤੇ ਦਵਾ ਕਰਨੀ ਹੀ ਪਊ। ਭਲਾ ਸੋਚੀਏ ਕਿ ਇਹ ਕਿੰਨੀ ਕੁ ਔਖੀ ਗੱਲ ਹੈ? ਪੰਜਾਬ ਵਿਚ ਨਸ਼ਿਆਂ-ਪੱਤਿਆਂ ਦੇ ਵਗਦੇ ਛੇਵੇਂ ਦਰਿਆ ਦੇ ਸੰਦਰਭ ਵਿਚ ਬੜੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਹੁਣ ਧਾੜਵੀਆਂ ਦੇ ਹਮਲਿਆਂ ਤੋਂ ਕਿਤੇ ਵੱਧ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਤਸਕਰੀ ਹਮਲੇ ਸਮਾਜ ਤੇ ਕੌਮ ਲਈ ਘਾਤਕ ਹਨ। ਇਸ ਸੂਰਤ ਵਿਚ ਹੁਣ ਸਭ ਤੋਂ ਪਹਿਲਾਂ ਸਾਨੂੰ ਸਭ ਨੂੰ ਤੇ ਖ਼ਾਸ ਕਰਕੇ ਸਾਡੀਆਂ ਸਰਕਾਰਾਂ ਨੂੰ ਹਰ ਹਾਲ ਨਸ਼ਿਆਂ-ਪੱਤਿਆਂ ਦੇ ਇਸ ਸੁਨਾਮੀ-ਦਰਿਆ ਨੂੰ ਠੱਲ੍ਹਣ ਤੇ ਰੁੜ੍ਹਦੀ ਜਾ ਰਹੀ ਜਵਾਨੀ ਨੂੰ ਸਾਂਭਣ-ਸੰਭਾਲਣ ਦੀ ਬੜੀ ਵੱਡੀ ਲੋੜ ਹੈ।

ਗੌਰਤਲਬ ਹੈ ਕਿ ਨਸ਼ੇ ਅੱਜ ਸਾਡੇ ਪੰਜਾਬ ਦੀ ਜਵਾਨੀ ਨੂੰ ਇਕ ਵੱਡਾ ਖ਼ੋਰਾ ਲਾ ਰਹੇ ਹਨ। ਨਸ਼ਿਆਂ ਦੀ ਲਤ ਸਾਡੇ ਨੌਜੁਆਨਾਂ ਨੂੰ ਹੋਸ਼ਾਂ ਦੀ ਦੁਨੀਆਂ ਵਿਚੋਂ ਕੱਢ ਕੇ ਬਸ ਲਟਬੌਰੇ ਜਿਹੇ ਬਣਾ ਰਹੀ ਹੈ ਅਤੇ ਉਨ੍ਹਾਂ ਦੇ ਨਸ਼ਈ-ਨਸ਼ੇੜੀ ਲਟੌਰ ਜਿਹੇ



*Original with;*
Kulbir Singh Sidhu(I.A.S)
*Digitized by;*
Panjab Digital Library

ਕਦਮ ਪੁੱਠੇ ਰਾਹ ਜਾ ਰਹੇ ਹਨ। ਜ਼ਾਹਿਰ ਹੈ ਕਿ ਇਕ ਪਾਸੇ ਨੌਜਵਾਨਾਂ ਵਿਚ ਨਸ਼ਿਆਂ ਦੀ ਲਿਲਕ ਤੇ ਦੂਜੇ ਪਾਸੇ ਸਾਡੇ ਸਮਾਜ ਤੇ ਧਰਮ ਦੇ ਅਗਵਾਨੂੰ ਵਡੇਰਿਆਂ ਤੇ ਖ਼ਾਸ ਕਰਕੇ ਸਾਡੇ ਸਿਆਸਤਦਾਨਾਂ ਦੀ ਅਣਗਹਿਲੀ ਨੇ ਸਾਰਾ ਪੰਜਾਬ ਹੀ ਪੱਟ ਦਿੱਤਾ ਹੈ। ਕਦੇ ਮੁੰਡੇ-ਕੁੜੀ ਦਾ ਰਿਸ਼ਤੇ ਕਰਨ ਸਮੇਂ ਕੁੜੀ ਵਾਲੇ ਪੁਛਦੇ ਸਨ ਕਿ ਕਿਤੇ ਮੁੰਡਾ ਨਸ਼ੇ ਤਾਂ ਨਹੀਂ ਕਰਦਾ, ਪਰ ਅੱਜ ਮੁੰਡੇ ਵਾਲੇ ਕੁੜੀ ਵਾਲਿਆਂ ਨੂੰ ਪਹਿਲਾਂ ਇਕ ਪਾਸੇ ਜਿਹੇ ਕਰ ਕੇ ਪੁਛਦੇ ਹਨ ਕਿ ਬੀਬਾ ਕੋਈ ਦਵਾਈ-ਦਾਰੂ ਤਾਂ ਨਹੀਂ ਲੈਂਦੀ। ਇਸ ਵਾਸਤੇ ਇਹ ਅੱਜ ਸਮੇਂ ਦੀ ਲੋੜ ਹੈ ਕਿ ਹੁਣ ਨਸ਼ਿਆਂ ਦਾ ਲੁਤਫ਼ ਲੈਂਦੇ ਤੇ ਡਰੱਗਾਂ ਖੇਹਕਾਰੀ 'ਚ ਡੁੱਬੇ ਸਾਡੇ ਸਿੱਧ-ਪੱਧਰੇ ਪੰਜਾਬੀ ਜੁਆਨਾਂ ਤੇ ਸਿੱਧੜ ਬੰਦਿਆਂ ਨੂੰ ਨਸ਼ਿਆਂ ਦੀ ਖੁਮਾਰੀ ਵਿਚੋਂ ਕੱਢਿਆ ਜਾਵੇ। ਪਰ ਦੁਖ ਦੀ ਗੱਲ ਹੈ ਕਿ ਇਸ ਦੇ ਉਲਟ ਸਰਕਾਰਾਂ ਸਿਰਫ਼ ਗਾਫ਼ਿਲ ਹੀ ਨਹੀਂ ਹਨ, ਸਗੋਂ ਰੂਹਾਂ ਦੀਆਂ ਤਾਜਰ ਬਣਕੇ ਸ਼ਰਾਬ ਦੀਆਂ ਨਵੀਆਂ ਫ਼ੈਕਟਰੀਆਂ ਲਾਉਣ ਅਤੇ ਤੰਬਾਕੂ, ਬੀੜੀ ਤੇ ਸਿਗਰਟਾਂ 'ਤੇ ਵੈਟ ਜਿਹੇ ਟੈਕਸ ਘਟਾਉਣ ਜਿਹੇ ਕੁਫ਼ੱਕੜੇ ਧੰਦਿਆਂ ਨਾਲ ਆਪਣੀਆਂ ਵੋਟਾਂ ਤੇ ਆਮਦਨ ਵਧਾਉਣ 'ਤੇ ਲੱਗੀਆਂ ਹੋਈਆਂ ਹਨ।

ਅੱਜ ਕਬੱਡੀ ਖਿਡਾਉਣ ਦੇ ਨਾਮ 'ਤੇ ਆਪਣੇ ਜੁਆਨਾਂ ਦੀ ਸਿਹਤ ਬਣਾਉਣ ਦੀ ਥਾਂ ਨਸ਼ਿਆਂ ਦੇ ਕਾਰੋਬਾਰੀਆਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਥਾਂ-ਥਾਂ 'ਤੇ ਸ਼ਰਾਬ ਦੀਆਂ ਛਬੀਲਾਂ ਲਾਉਣ ਦੇ ਲਾਇਸੰਸ ਦਿੱਤੇ ਜਾ ਰਹੇ ਹਨ। ਅੱਜ ਇਹ ਸਭ ਕੁਝ ਵੇਖ ਕੇ ਹੈਰਾਨੀ ਦੇ ਨਾਲ ਪ੍ਰੇਸ਼ਾਨੀ ਵੀ ਹੁੰਦੀ ਹੈ ਕਿ ਸਰਕਾਰਾਂ ਵੱਲੋਂ ਇਕ ਪਾਸੇ ਤਾਂ ਖੇਡਾਂ ਤੇ ਖ਼ਾਸ ਕਰਕੇ ਕਬੱਡੀ ਨੂੰ ਗਲੋਬਲ ਪੱਧਰ 'ਤੇ ਲਿਜਾਣ ਅਤੇ ਪੰਜਾਬੀ ਨੌਜਵਾਨਾਂ ਨੂੰ ਸੰਸਾਰ ਪੱਧਰ ਦੇ ਧਾਵੀ ਤੇ ਜਾਫੀ ਬਣਾਉਣ ਦੀ ਗੱਲ ਹੁੰਦੀ ਹੈ, ਪਰ ਦੂਜੇ ਪਾਸੇ ਸ਼ਰਾਬ ਦੇ ਠੇਕੇਦਾਰਾਂ ਅਤੇ 'ਹੁਸਨ ਦੀਆਂ ਸਰਕਾਰਾਂ' ਨਾਲ ਸਾਈਆਂ-ਵਧਾਈਆਂ ਲਾਈਆਂ ਜਾਂਦੀਆਂ ਹਨ। ਇਉਂ ਇਹ 'ਸਾਈਆਂ ਕਿਤੇ ਤੇ ਵਧਾਈਆਂ ਕਿਤੇ' ਦੀ ਖੇਡ ਵੇਖ ਕੇ ਇਕ ਬੰਨੇ ਤਾਂ ਸਰੀਰ ਨੂੰ ਕੁਤ-ਕੁਤਾੜੀਆਂ ਹੁੰਦੀਆਂ ਹਨ ਤੇ ਦੂਜੇ ਬੰਨੇ ਮਨ ਨੂੰ ਝੁੰਝਲਾਹਟ ਵਿਚ ਝੁਣਝੁਣੀਆਂ ਜਿਹੀਆਂ ਆਉਂਦੀਆਂ ਹਨ ਕਿ ਸਰਕਾਰ ਕਿਹੋ ਜਿਹਾ ਸਭਿਆਚਾਰਕ ਇਨਕਲਾਬ ਲਿਆ ਰਹੀ ਹੈ। ਸਰਕਾਰ ਦੀ ਇਹ ਮੂੰਹ-ਜ਼ੁਬਾਨੀ ਤੇ ਫਿਰ ਸਾਰੀ ਕਾਗਜ਼ੀ-ਪੱਤਰੀ ਕਾਰਵਾਈ ਨੂੰ ਦੇਖ ਕੇ ਲੋਕ ਠੀਕ ਹੀ ਕਹਿੰਦੇ ਹਨ ਕਿ 'ਰੰਗਲਾ ਪੰਜਾਬ ਬਰਬਾਦ ਹੋਈ ਜਾਂਦਾ ਹੈ ਤੇ ਕਾਗਜ਼ਾਂ ਵਿਚ ਐਵੇਂ ਜ਼ਿੰਦਾਬਾਦ ਹੋਈ ਜਾਂਦਾ ਹੈ।'

ਇਸ ਤਰ੍ਹਾਂ ਸਰਕਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਤੇ ਜਨਤਾ ਨੂੰ ਵਰਗਲਾਉਣ ਦੇ ਸਾਰੇ ਪੁੱਠੇ ਆਹਰੇ-ਪਾਹਰੇ ਦ੍ਰਿਸ਼ਟੀਗੋਚਰ ਹੋ ਰਹੇ ਹਨ। ਸਾਡੇ ਸਮਾਜ ਦੀ ਸ਼ੇਖੀਖੋਰੀ ਵਾਲੀ ਮਾਨਸਿਕਤਾ ਅਤੇ ਫਿਰ ਸਾਡੇ ਸਿਆਸੀ ਮਹੰਤਾਂ ਦੇ ਸੁਆਰਥੀ ਮੰਤਵਾਂ ਨੂੰ ਦੇਖ ਕੇ ਤਾਂ 'ਲੁਕਿੰਗ ਲੰਡਨ; ਟਾਕਿੰਗ ਟੋਕੀਓ' ਭਾਵ ਕਹਿਣਾ ਕੁਝ ਹੋਰ ਤੇ ਕਰਨਾ ਕੁਝ ਹੋਰ ਵਾਲੀ ਸਿਆਸਤੀ ਸਾਜਿਸ਼ ਹੋਰ ਵੀ ਸਪੱਸ਼ਟ



Original with;
Kulbir Singh Sidhu(I.A.S)
Digitized by;
Panjab Digital Library

ਹੋ ਰਹੀ ਹੈ। ਸਾਡੇ ਇਕ ਮਿੱਤਰ ਪ੍ਰਸਿੱਧ ਭੂਗੋਲ ਵਿਗਿਆਨੀ ਤੇ ਸਾਬਕਾ ਡਾਇਰੈਕਟਰ ਯੁਵਕ ਸੇਵਾਵਾਂ ਡਾ. ਗੁਰਬਚਨ ਸਿੰਘ ਪੰਜਾਬੀ ਜੀਵਨ ਦੇ ਬੜੇ ਹੀ ਸੁਲਝੇ ਤੇ ਸਟੀਕ ਟਿਪਣੀਕਾਰ ਦਾ ਕਹਿਣਾ ਹੈ ਕਿ 'ਰਾਜ ਨਹੀਂ ਸੇਵਾ' ਦਾ ਨਾਅਰਾ ਤਾਂ ਸਿਆਸਤ ਦੀ ਸ਼ਤਰੰਜ ਦੇ ਇਕ ਮੋਹਰੇ ਮਾਤਰ ਹੀ ਹੈ, ਸਗੋਂ ਅਸਲੀਅਤ ਤਾਂ ਇਹ ਹੈ ਕਿ ਪੰਜਾਬ ਵਿਚ ਸਰਵਪੱਖੀ ਵਿਕਾਸ ਨਾਲੋਂ ਹਰੇਕ ਪਾਸੇ ਵਿਨਾਸ਼-ਧਾਰਾ ਦਾ ਵੇਗ ਇੰਨਾਂ ਵਧ ਗਿਆ ਹੈ ਕਿ ਹੁਣ 'ਰੰਗਲਾ' ਪੰਜਾਬ ਦਿਨ-ਬ-ਦਿਨ 'ਕੰਗਲਾ' ਪੰਜਾਬ ਬਣਦਾ ਜਾ ਰਿਹਾ ਹੈ।

ਇਸ ਵਾਸਤੇ ਸਾਡੀ ਸਰਕਾਰ ਤੇ ਸਮਾਜ ਨੂੰ ਬੜਾ ਸੋਚ ਸਮਝ ਕੇ ਦੂਰਗਾਮੀ ਤੇ ਦ੍ਰਿੜ੍ਹ ਫੈਸਲੇ ਲੈਣ ਦੀ ਲੋੜ ਹੈ ਕਿਉਂਕਿ ਹੁਣ ਪੰਜਾਬ ਦੀ ਜਵਾਨੀ ਦਾ "ਸਤਰੰਗੀਆਂ ਕਬੂਤਰ" ਪਹਿਲਾਂ ਵਾਂਗੂੰ ਨਹੀਂ ਗੁਟਕਦਾ, ਸਗੋਂ ਇਸ ਪੱਖੋਂ ਤਾਂ ਹੁਣ ਸਾਡੇ ਅਜੋਕੇ ਸਮਾਜ ਦੀਆਂ ਚਾਰੇ ਚੂਲ੍ਹਾਂ ਹਿੱਲ ਚੁੱਕੀਆਂ ਹਨ।

ਖ਼ੈਰ! ਅੱਜ ਪੰਜਾਬ ਨੂੰ ਅਜਿਹੇ ਮਰਦੇ-ਕਾਮਿਲ ਆਗੂਆਂ, ਪ੍ਰਸ਼ਾਸਕਾਂ ਤੇ ਸਮਾਜ ਸੁਧਾਰਕਾਂ ਦੀ ਲੋੜ ਹੈ ਕਿ ਜੋ ਸਮਾਜ ਵਿਚ ਨਸ਼ਿਆਂ ਦੀ ਥਾਂ ਸਦਾਚਾਰੀ ਜੀਵਨ ਦੀ ਲਿਲਕ ਪੈਦਾ ਕਰ ਸਕਣ। ਫਿਰ ਇਸ ਤਰ੍ਹਾਂ ਹੀ ਉਹ ਆਪਣੀ ਜੀਵਨ ਜਾਚ ਤੋਂ ਆਪਣੇ ਸਮਾਜ ਨੂੰ ਦਸ ਤੇ ਦਰਸਾ ਸਕਣ ਕਿ ਸਾਡਾ ਪੰਜਾਬੀ ਵਿਰਸਾ ਕਿੰਨਾਂ ਜੀਵੰਤ ਹੈ ਅਤੇ ਇਸ ਲਈ ਸਾਨੂੰ ਸਮਾਜਿਕ ਇਲਤਾਂ ਤੇ ਨਸ਼ਿਆਂ ਵਿਚ ਗਰਕ ਹੋਣ ਦੀ ਲੋੜ ਨਹੀਂ ਹੈ। ਇਸ ਵਾਸਤੇ ਹੀ ਬੇਨਤੀ ਹੈ ਕਿ ਕੌਮ ਦੇ ਬਾਪੂ-ਬਾਬਿਓ! ਹੁਣ ਤਾਂ ਕੋਈ ਹੋਸ਼ ਦੀ ਦੁਆ ਤੇ ਦਵਾ ਦੀ ਅਹਿਮੀਅਤ ਨੂੰ ਆਪ ਸਮਝੋ ਤੇ ਅਗੇ ਆਪਣੇ ਲੋਕਾਂ ਨੂੰ ਸਮਝਾਉਣ ਦੀ ਕੋਈ ਖੇਚਲ ਕਰੋ। ਰੱਬ ਤੁਹਾਡਾ ਭਲਾ ਕਰੇ।।



*Original with;*
Kulbir Singh Sidhu(I.A.S)
*Digitized by;*
Panjab Digital Library

# ਅਮਰ ਵੇਲ ਵਾਂਗ ਵਧਦੀ ਬੇਰੁਜ਼ਗਾਰੀ ਤੇ ਨੌਜਵਾਨਾਂ ਵਿਚ ਬੇਚੈਨੀ

ਸਾਡੇ ਦੇਸ਼ ਤੇ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਦੇ ਪ੍ਰਸੰਗ ਵਿਚ ਬੇਰੁਜ਼ਗਾਰੀ ਤੋਂ ਪੈਦਾ ਹੋਈਆਂ ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਕੋਈ ਪਾਰਾਵਾਰ ਹੀ ਨਹੀਂ ਹੈ। ਬੇਰੁਜ਼ਗਾਰੀ ਆਪਣੇ-ਆਪ ਵਿਚ ਹੀ ਇਕ ਕੌਮੀ ਲਾਅਨਤ ਹੈ ਅਤੇ ਫਿਰ ਇਸ ਦੇ ਨਾਲ ਸਾਡੇ ਦੇਸ਼ ਦਾ ਭਵਿੱਖ ਕਹਾਏ ਜਾਂਦੇ ਨੌਜਵਾਨ ਤੇ ਵਿਦਿਆਰਥੀ ਵਰਗ ਦੀ ਆਰਥਿਕ ਬੇਚੈਨੀ ਤੇ ਵਿੱਹਲੜ ਕਹਾਉਣ ਦੀ ਅਵਾਜ਼ਾਰੀ ਵੀ ਆ ਜੁੜਦੀ ਹੈ। ਇਸ ਸੂਰਤ ਵਿਚ ਸਾਡੇ ਦੇਸ਼ ਦਾ ਸਰਮਾਇਆ ਸਦਾਏ ਜਾਂਦੇ ਨੌਜਵਾਨ ਜਾਂ ਤਾਂ ਰੋਟੀ-ਰੋਜ਼ੀ ਲਈ ਦੇਸ਼ਾਂ-ਦੇਸ਼ਾਂਤਰਾਂ ਨੂੰ ਵਹੀਰਾਂ ਘੱਤ ਲੈਂਦੇ ਹਨ ਅਤੇ ਜਾਂ ਫਿਰ ਜਦੋਂ ਪ੍ਰਦੇਸ਼ਾਂ ਵਿਚ ਉਨ੍ਹਾਂ ਦਾ ਕੋਈ ਜੁਗਾੜ ਫਿਟ ਨਹੀਂ ਬਹਿੰਦਾ ਤਾਂ ਉਹ ਨਸ਼ਿਆਂ ਦੇ ਰਾਹ ਤੁਰ ਪੈਂਦੇ ਹਨ। ਅਜ ਬੇਰੁਜ਼ਗਾਰੀ ਸਿਰਫ਼ ਪੰਜਾਬ ਦਾ ਮਸਲਾ ਹੀ ਨਹੀਂ ਹੈ; ਸਗੋਂ ਇਹ ਸਾਰੇ ਦੇਸ਼ ਵਾਸਤੇ ਇਕ ਦਾਵਾਨਲੀ ਸਮੱਸਿਆ ਬਣ ਗਈ ਹੈ।

ਫਿਰ ਸਿਤਮ ਇਹ ਹੈ ਕਿ **ਮਿਰਜ਼ਾ ਅਲੀ ਬੇਗ ਇਸ਼ਰਤੀ** ਦੇ ਸ਼ਿਅਰ "ਮਰੀਜ਼-ਏ-ਇਸ਼ਕ ਪਰ ਰਹਿਮਤ ਖੁਦਾ ਕੀ, ਮਰਜ਼ ਬੜਤਾ ਗਿਆ ਜਿਉਂ-ਜਿਉਂ ਦਵਾ ਕੀ" ਮੁਤਾਬਿਕ ਸਾਡੇ ਅਧੂਰੇ ਤੇ ਅਧਵਾਟੇ ਔਹੜਾਂ-ਪੌਹੜਾਂ ਦੇ ਬਾਵਜੂਦ ਵੀ ਬੇਰੁਜ਼ਗਾਰੀ ਤੇ ਇਸ ਤੋਂ ਉਤਪੰਨ ਹੋਏ ਨੈਤਿਕ, ਸਮਾਜਿਕ ਤੇ ਅਰਥਚਾਰੇ ਦੇ ਵਿਗਾੜਾਂ ਨੇ ਹੁਣ ਹੋਰ ਵੀ ਵਿਕਰਾਲ ਰੂਪ ਧਾਰ ਲਿਆ ਹੈ। ਅੱਜ ਇਸ ਦੇਸ਼-ਵਿਆਪੀ ਮੁੱਦੇ-ਮਸਲੇ ਦਾ ਕੋਈ ਸਿੱਧਾ ਤੇ ਸਰਲ ਹੱਲ ਤਾਂ ਨਹੀਂ ਦਿਸਦਾ; ਪਰ ਫਿਰ ਵੀ 'ਹਾਰਟ ਵਿਦਨ ਐਂਡ ਗੌਡ ਓਵਰਹੈੱਡ' ਭਾਵ ਰੱਬ 'ਤੇ ਭਰੋਸਾ ਤੇ ਦਿਲ ਵਿਚ ਹੌਸਲਾ ਧਾਰਨ ਦੀ ਲੋੜ ਹੈ। ਇਸ ਲਈ ਹੁਣ ਇਹ ਹੀ ਸੋਝੀ ਪੈਂਦੀ ਹੈ ਕਿ ਇਸ ਸੰਗੀਨ ਸਮੱਸਿਆ ਦੇ ਇਕੋ-ਇਕ ਤੋੜ ਵਜੋਂ ਸਾਨੂੰ ਆਪਣੀ ਮਾਨਸਿਕਤਾ ਦੇ ਵਿਚ ਬਦਲਾਅ ਲਿਆਉਣ ਦੀ ਜ਼ਰੂਰਤ ਹੈ।

ਇਸ ਤੋਂ ਇਲਾਵਾ ਦੇਸ਼ ਵਿਚ ਕੌਮੀ ਪੱਧਰ 'ਤੇ ਆਰਥਿਕ ਚਾਰਾਜੋਈ ਕਰਨ ਦੇ ਨਾਲ-ਨਾਲ ਨੈਤਿਕ ਤੇ ਸਮਾਜਿਕ ਬਦਲਾਅ ਲਿਆਉਣ ਦੀ ਬੇਹੱਦ ਲੋੜ ਹੈ। ਨਿਰਸੰਦੇਹ, ਇਸ ਤਰ੍ਹਾਂ ਜਿਹੇ ਦੀ ਤਬਦੀਲੀ ਹੋਣ ਨਾਲ ਹੁਣ ਤੱਕ ਦੇਸ਼ ਵਿਚ ਫੈਲ ਚੁੱਕੇ ਹਰ ਕਿਸਮ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਭ੍ਰਿਸ਼ਟਾਚਾਰ ਅਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਨਿਘਾਰ ਨੂੰ ਨਿਸ਼ਚਿਤ ਤੌਰ ’ਤੇ ਠੱਲ੍ਹ ਪਾਈ ਜਾ ਸਕਦੀ ਹੈ। ਬੇਸ਼ੱਕ ਦੁਨੀਆਂ ਜਾਣਦੀ ਹੈ ਕਿ ਸਾਡੇ ਦੇਸ਼ ਨੇ ਪਹਿਲਾਂ ਨਾਲੋਂ ਹੁਣ ਬਹੁਤ ਹੀ ਵਿਕਾਸ ਤੇ ਤਰੱਕੀ ਕੀਤੀ ਹੈ; ਪਰ ਇਹ ਵੀ ਜੱਗ-ਜ਼ਾਹਿਰ ਸਾਡੀ ਵਧਦੀ ਅਬਾਦੀ, ਨੈਤਿਕ ਤੇ ਵਧਦੇ ਭ੍ਰਿਸ਼ਟਾਚਾਰ ਦੇ ਕਾਰਨ ‘ਖੂਹ ਦੀ ਮਿੱਟੀ ਖੂਹ ਨੇ ਖਾਈ’ ਅਨੁਸਾਰ ਸਾਡਾ ਸਾਰਾ ਅਰਥਚਾਰਾ ਖੂਹ-ਖਾਤੇ ਹੀ ਪੈ ਰਿਹਾ ਹੈ।

ਇਸ ਪ੍ਰਸੰਗ ਵਿਚ ‘ਸੌ ਹੱਥ ਰੱਸਾ ਸਿਰੇ ’ਤੇ ਗੰਢ’ ਵਾਲੀ ਗੱਲ ਇਹ ਹੈ ਕਿ ਦੇਸ਼ ਤੇ ਕੌਮੀਅਤ ਦੇ ਪੱਖੋਂ ਹੁਣ ਸਾਨੂੰ ਆਪਣੇ-ਆਪ ਵਿਚ ਤੇ ਫਿਰ ਖ਼ਾਸ ਕਰਕੇ ਸਾਡੀਆਂ ਨੌਜਵਾਨ ਪੀੜ੍ਹੀਆਂ ਵਿਚ ਦੇਸ਼-ਪ੍ਰੇਮ, ਕੌਮੀ ਇਖ਼ਲਾਕ ਤੇ ਕੌਮੀ ਅਨੁਸ਼ਾਸਨ ਜਿਹੀਆਂ ਭਾਵਨਾਵਾਂ ਦਾ ਸੰਚਾਰ ਕਰਨ ਦੀ ਬੜੀ ਲੋੜ ਹੈ। ਸਗੋਂ ਇਸ ਪੱਖੋਂ ਸਾਨੂੰ ਸਮੁੱਚੇ ਸਮਾਜ ਦੀ ਸਭਿਆਚਾਰਕ ਤੇ ਸਦਾਚਾਰਕ ਰੂਹ ਨੂੰ ਜਗਾਉਣ ਤੇ ਪੁਨਰ ਸੁਰਜੀਤ ਕਰਨ ਦੀ ਬੇਇੰਤਹਾ ਜ਼ਰੂਰਤ ਹੈ ਤਾਂ ਕਿ ਦੇਸ਼ ਤੇ ਕੌਮ ਦੇ ਭਲੇ ਵਾਸਤੇ ਇਕ ਕ੍ਰਾਂਤੀਕਾਰੀ ਪਰ ਅਮਨਸ਼ੀਲ ਇਨਕਲਾਬ ਲਿਆਂਦਾ ਜਾ ਸਕੇ।

ਮੇਰੀ ਜਾਚੇ ਜ਼ਾਹਿਰ ਹੈ ਕਿ ਇਸ ਤਰ੍ਹਾਂ ਬਾਬੇ ਨਾਨਕ ਦੇ ਕਿਰਤੀ ਤੇ ਸਾਂਝੀਵਾਲ ਸਮਾਜ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਨੁੱਖੀ ਅਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਪ੍ਰਤੀਕ ਖਾਲਸਾ ਹਲੇਮੀ ਰਾਜ ਅਤੇ ਉਸ ਉਪਰੰਤ ਸ਼ਹੀਦੇ-ਆਜ਼ਮ ਭਗਤ ਸਿੰਘ ਵਰਗੇ ਕ੍ਰਾਂਤੀਕਾਰੀਆਂ ਦੇ ਸ਼ੋਸ਼ਣ ਰਹਿਤ ਸਮਾਜਵਾਦ ਦੇ ਸੁਪਨੇ ਸਾਕਾਰ ਹੋਣ ਉਮੀਦ ਬੱਝ ਸਕਦੀ ਹੈ।

ਹੁਣ ਫਿਰ ਬੇਰੁਜ਼ਗਾਰੀ ਦੇ ਸਬੰਧ ਵਿਚ ਇਹ ਵੀ ਜੱਗ ਜ਼ਾਹਿਰ ਹੋ ਰਿਹਾ ਹੈ ਕਿ ਸਾਡੇ ਨੌਜੁਆਨ ਤੇ ਖਾਸ ਕਰਕੇ ਵਿਦਿਆਰਥੀ ਰੋਟੀ-ਰੋਜ਼ੀ ਵਾਸਤੇ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹਨ। ਇਸ ਤਰ੍ਹਾਂ ਬਰੇਨ-ਡਰੇਨ ਵਜੋਂ ਸਾਡੇ ਨੌਜਵਾਨਾਂ ਦਾ ਦਿਮਾਗੀ ਤੇ ਮਿਹਨਤੀ ਸਰਮਾਇਆ ਸਾਡੇ ਦੇਸ਼ ਤੋਂ ਬਾਹਰ ਜਾ ਰਿਹਾ ਹੈ। ਗੌਰਤਲਬ ਹੈ ਕਿ ਜਿਹੜੇ ਨੌਜੁਆਨ ਜਾ ਵਿਦਿਆਰਥੀ ਬਾਹਰ ਜਾਣ ਤੋਂ ਉੱਕ ਜਾਂਦੇ ਹਨ ਤਾਂ ਉਹ ਬੇਜ਼ਾਰ ਤੇ ਪ੍ਰੇਸ਼ਾਨ ਹੋ ਕੇ ਮੰਦੇ ਕੰਮਾਂ ਦੇ ਰਾਹ ਪੈ ਜਾਂਦੇ ਹਨ। ਮੰਨਿਆਂ ਜਾਂਦਾ ਹੈ ਕਿ ‘ਵਿਹਲਾ ਮਨ ਸ਼ੈਤਾਨ ਦਾ ਚਰਖਾ’ ਹੁੰਦਾ ਹੈ ਤੇ ਦੂਜਾ ਬੇਰੁਜ਼ਗਾਰੀ ਜਿਹੀਆਂ ਜੀਵਨ ਦੀਆਂ ਪ੍ਰੇਸ਼ਾਨੀਆਂ ਤੇ ਬੇਜ਼ਾਰੀਆਂ ਅੱਗੇ ਨਸ਼ਿਆਂ ਤੇ ਕੁਕਰਮਾਂ ਦਾ ਕਾਰਨ ਬਣਦੀਆਂ ਹਨ। ਇਉਂ ਹੁਣ ਸੱਚ-ਮੁੱਚ ਹੀ ਬੇਰੁਜ਼ਗਾਰੀ ਤੇ ਬੇਕਾਰੀ ਨੌਜੁਆਨਾਂ ਵਿਚ ਨਸ਼ਿਆਂ ਤੇ ਮਾੜੀਆਂ ਇੱਲਤਾਂ ਦੀ ਮਾਂ ਬਣੀ ਹੋਈ ਹੈ।

ਅੱਜ ਸਾਡੇ ਪੜ੍ਹੇ-ਲਿਖੇ ਤੇ ਕਿੱਤਾ ਮੁਖੀ ਨੌਜਵਾਨ ਬੇਰੁਜ਼ਗਾਰੀ ਤੇ ਖ਼ਾਸ ਕਰਕੇ ਸਾਡੀ ਬੇਰੁਖ਼ੀ ਤੋਂ ਇੰਨੇ ਬੇਜ਼ਾਰ ਹੋਏ ਬੈਠੇ ਹਨ ਕਿ ਉਨ੍ਹਾਂ ਨੂੰ ਸਾਡੀਆਂ ਸਰਕਾਰਾਂ ਦੀ ਨੀਅਤ ਤੇ ਨੀਤੀਆਂ ’ਤੇ ਕੋਈ ਭਰੋਸਾ ਜਾਂ ਵਿਸਾਹ ਹੀ ਨਹੀਂ ਰਿਹਾ। ਇਸ ਵਾਸਤੇ ਜੇ ਉਨ੍ਹਾਂ ਨੂੰ ਕੋਈ ਚੰਗੀ ਸਲਾਹ ਵੀ ਦਿੰਦਾ ਹੈ ਤਾਂ ਉਹ ਯਕੀਨ ਹੀ ਨਹੀਂ ਕਰਦੇ ਕਿ ਅਸੀਂ ਉਨ੍ਹਾਂ ਦੇ ਖ਼ੈਰ-ਖੁਵਾਹ ਹਾਂ, ਸਗੋਂ ਉਹ ਆਪਣੀ ਉਦਾਸ ਤੇ ਨਸ਼ਈ ਜਿਹੀ



Original with;
Kulbir Singh Sidhu(I.A.S)
Digitized by;
Panjab Digital Library

ਮਾਨਸਿਕਤਾ ਨਾਲ ਉਸਤਾਦ ਸ਼ਾਇਰ **ਇੰਸ਼ਾ ਅੱਲ੍ਹਾ ਇੰਸ਼ਾ** ਦੇ ਸੁਖਨ ਦੇ ਧਾਰਨੀ ਬਣੇ ਹੋਏ ਹਨ ਕਿ :-

ਨਾ ਛੇੜ ਏ ਨਕਹਤ-ਏ- ਬਾਦੇ-ਬਹਾਰੀ ਰਾਹ ਲਗ ਅਪਨੀ,
ਤੁਝੇ ਅਠਖੇਲੀਆਂ ਸੂਝੀ ਹੈਂ, ਹਮ ਬੇਜ਼ਾਰ ਬੈਠੇ ਹੈਂ।

ਇਸ ਵਾਸਤੇ ਇਹ ਹੁਣ ਸਮੇਂ ਦੀ ਮੰਗ ਬਣ ਚੁੱਕੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਮਾਜ ਦੇ ਮਾੜੇ ਵਰਤਾਰਿਆਂ ਲਈ ਕਸੂਰਵਾਰ ਠਹਿਰਾਉਣ ਦੀ ਥਾਂ ਖ਼ੁਦ ਆਪਣਾ ਦੋਸ਼ ਮੰਨੀਏ। ਫਿਰ ਸਾਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ ਆਪਣੇ ਬੱਚਿਆਂ ਨੂੰ ਕੋਈ ਵਧੀਆ ਦਸ਼ਾ ਤੇ ਦਿਸ਼ਾ-ਨਿਰਦੇਸ਼ ਦੇਣ ਦੀ ਲੋੜ ਹੈ ਕਿ ਚੰਗੇ ਗੁਣ, ਤੰਦਰੁਸਤੀ ਤੇ ਤਾਕਤ ਉਨ੍ਹਾਂ ਦੀ ਜਵਾਨੀ ਦਾ ਸਰਮਾਇਆ ਹੈ ਤੇ ਇਸ ਲਈ ਐਸ਼ੋ-ਇਸ਼ਰਤ ਤੇ ਨਸ਼ਿਆਂ-ਪਤਿਆਂ ਵਿਚ ਕੁਝ ਵੀ ਨਹੀਂ ਧਰਿਆ ਪਿਆ।

ਬਹਿਰਹਾਲ, ਇਸ ਪ੍ਰਥਾਇ ਨੌਜਵਾਨਾਂ ਨੂੰ ਵੀ ਸਮਝਣ ਦੀ ਲੋੜ ਹੈ ਕਿ ਜੇ ਦੇਹ ਅਰੋਗ ਹੈ ਤਾਂ ਤਵਾਨਾਈ, ਸਫੂਰਤੀ ਤੇ ਸਮਰਥਾ ਸਭ ਕੁਝ ਹੀ ਉਨ੍ਹਾਂ ਦੇ ਪੱਲੇ ਹੈ, ਪਰ ਜੇ ਸਿਹਤ ਹੀ ਨਸ਼ਿਆਂ ਨੇ ਗਾਲ ਦਿੱਤੀ ਤਾਂ ਉਨ੍ਹਾਂ ਦੇ ਕੋਲ ਕੁਝ ਵੀ ਨਹੀਂ ਬਚਣਾ। ਸਿਆਣਿਆਂ ਦਾ ਕਹਿਣਾ ਹੈ ਕਿ "ਬੇਹੀ ਕੜ੍ਹੀ" ਵਿਚ ਕਦੇ ਉਬਾਲ ਨਹੀਂ ਆਉਂਦਾ। ਇਸ ਤੋਂ ਇਲਾਵਾ ਸਾਨੂੰ ਆਪਣੇ ਨੌਜਵਾਨਾਂ ਨੂੰ ਦੱਸਣ ਦੀ ਲੋੜ ਹੈ ਕਿ ਜ਼ਿੰਦਗੀ ਵਿਚ ਗਿਆਨਵਾਨ ਬਣਨ ਤੋਂ ਪਹਿਲਾਂ ਸਾਨੂੰ ਜ਼ਿੰਦਗੀ ਦੇ ਯੋਧੇ ਬਣ ਕੇ ਆਪਣੇ ਅੰਦਰ ਛੁਪੀਆਂ ਆਪਣੀਆਂ ਦੁਸ਼ਮਣ ਕਮਜ਼ੋਰੀਆਂ ਨੂੰ ਲੱਭਣ ਉਪਰੰਤ ਉਨ੍ਹਾਂ ਨਾਲ ਯੁੱਧ ਲੜਨਾ ਪੈਂਦਾ ਹੈ। ਜੇ ਫਿਰ ਅਸੂਲਪ੍ਰਸਤੀ ਦੀ ਇਸ ਜੰਗ ਵਿਚ ਦ੍ਰਿੜਤਾ ਕਾਇਮ ਰੱਖਣ ਲਈ ਕਿਤੇ ਜੰਗੀ ਪੈਂਤੜੇਬਾਜ਼ੀ ਵਜੋਂ ਪਿਛੇ ਵੀ ਹਟਣਾ ਪੈਂਦਾ ਹੈ ਤਾਂ ਆਪਣੀ ਸ਼ਖਸੀਅਤੀ ਸ਼ਾਨ ਕਾਇਮ ਰੱਖਣ ਦੀ ਲੋੜ ਹੈ। ਨਿਰਸੰਦੇਹ ਯੋਧਿਆਂ ਵਾਂਗੂੰ ਸਾਨੂੰ ਸਵੈਮਾਣ ਭਰੀ ਜ਼ਿੰਦਗੀ ਦੀ ਲਾਲਸਾ ਤਾਂ ਚਾਹੀਦੀ ਹੈ, ਪਰ ਐਸ਼ਪ੍ਰਸਤੀ ਦਾ ਲੋਭ-ਲਾਲਚ ਨਹੀਂ ਹੋਣਾ ਚਾਹੀਦਾ।

ਇਸ ਤਰ੍ਹਾਂ ਹੀ ਸਾਡੇ ਸਭ ਦੇ ਲਈ ਜਿਥੋਂ ਤੱਕ ਜ਼ਿੰਦਗੀ ਨਾਲ ਪਿਆਰ ਕਰਨ ਦੀ ਗੱਲ ਹੈ ਉਹ ਇਹ ਹੀ ਹੈ ਕਿ ਸਾਨੂੰ ਆਪਣੇ ਆਦਰਸ਼ਾਂ ਤੇ ਉੱਚੇ ਉਦੇਸ਼ਾਂ ਨਾਲ ਪਿਆਰ ਹੋਣਾ ਚਾਹੀਦਾ ਹੈ ਅਤੇ ਇਹ ਸਾਡੇ ਜੀਵਨ ਦੀ ਮੁੱਢਲੀ ਲੋੜ ਬਣ ਜਾਣੇ ਚਾਹੀਦੇ ਹਨ। ਇਉਂ ਹੀ ਸਾਡੇ ਅੰਦਰ ਬਹੁਤੇ ਦਿਨ ਜਿਉਣ ਦੇ ਲੋਭ ਦੀ ਥਾਂ ਥੋੜ੍ਹੇ ਦਿਨ ਦੀ ਸਾਰਥਕ ਜ਼ਿੰਦਗੀ ਜਿਉਣ ਦੀ ਤਾਂਘ ਹੋਣੀ ਚਾਹੀਦੀ ਹੈ। ਫਿਰ ਇਸ ਤਰ੍ਹਾਂ ਸਾਨੂੰ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਦੇਸ਼ ਦੇ ਵਧੀਆ ਨਾਗਰਿਕ ਬਨਾਉਣ ਹਿੱਤ ਮਨੁੱਖ ਹੋਣ ਦੇ ਪੜਾਅ ਤੋਂ ਅੱਗੇ ਨਿਕਲ ਕੇ ਇਨਸਾਨੀਅਤ ਦੇ ਪੜਾਅ ਦੀ ਪ੍ਰਾਪਤੀ ਲਈ ਯੋਧੇ ਬਣਨ ਦੀ ਅਹਿਮੀਅਤ ਦੱਸਣ ਦੀ ਵੀ ਲੋੜ ਹੈ।

ਪਰ ਹੁਣ ਇਹ ਇਕ ਬੜੀ ਕੋਝੀ ਜਿਹੀ ਸਮਾਜਿਕ ਵਿਡੰਬਣਾਂ ਬਣ ਗਈ ਹੈ ਕਿ ਅੱਜ ਕੋਈ ਭਾਗਾਂ ਵਾਲੇ ਵਿਰਲੇ-ਵਾਂਝੇ ਨੌਜਵਾਨ ਮੁੰਡੇ-ਕੁੜੀਆਂ ਹੀ ਨਸ਼ਿਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਦੀ ਇੱਲਤ ਤੋਂ ਬਚੇ ਹੋਣਗੇ। ਇਸ ਤਰ੍ਹਾਂ ਹੀ ਕਰੋੜਾਂ ਨੌਜਵਾਨਾਂ ਤੇ ਖਾਸ ਤੌਰ 'ਤੇ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਜ਼ਾਰੀ ਤੇ ਬੇਰੁਜ਼ਗਾਰੀ ਦਾ ਫਾਇਦਾ ਉਠਾ ਕੇ ਸਾਡੇ ਹੀ ਸਮਾਜ ਦੇ ਮਾੜੇ ਲੋਕ ਤੇ ਮਾੜੇ ਅਨਸਰ ਕਬੂਤਰਬਾਜ਼ੀ ਦੇ ਕਾਰੋਬਾਰ ਨਾਲ ਪ੍ਰਫੁੱਲਤ ਹੋ ਰਹੇ ਹਨ। ਉਨ੍ਹਾਂ ਵਲੋਂ ਵਿਦੇਸ਼ਾਂ ਵਿਚ ਭੇਜੇ ਗਏ ਨੌਜਵਾਨ ਜਾਂ ਤਾਂ ਰਾਹ ਵਿਚ ਹੀ ਗੁਆਚ ਜਾਂਦੇ ਹਨ ਤੇ ਜਾਂ ਸਮੁੰਦਰਾਂ ਦੇ ਵਿਚ ਹੀ ਮਰ-ਖੱਪ ਜਾਂਦੇ ਹਨ। ਫਿਰ ਜੇ ਕੁਝ ਲੜਕੇ ਤੇ ਖਾਸ ਕਰਕੇ ਲੜਕੀਆਂ ਵਿਆਹਾਂ ਦੇ ਝਾਂਸੇ ਵਿਚ ਆ ਕੇ ਦੇਸ਼-ਦੇਸ਼ਾਂਤਰਾਂ ਵਿਚ ਪਹੁੰਚ ਵੀ ਜਾਂਦੇ ਹਨ ਤਾਂ ਉਹ ਉਥੋਂ ਦੀ ਧੂੜ-ਮਿੱਟੀ ਛਾਣਦੇ ਹੀ ਮਰ ਜਾਂਦੇ ਹਨ। ਫਿਰ ਸਿਤਮ ਇਹ ਕਿ ਨੌਜਵਾਨਾਂ ਨਾਲ ਅਜਿਹੀ ਕਬੂਤਰਬਾਜ਼ੀ ਦੁਆਰਾ ਦੇਹ-ਦਿਮਾਗ ਦਾ ਵਪਾਰ ਕਰਨ ਵਾਲਿਆਂ ਨੂੰ ਕੋਈ ਸਰਕਾਰ ਤੇ ਕੋਈ ਦਰਬਾਰ ਬਸ ਕੋਈ ਵੀ ਪੁੱਛਣ ਵਾਲਾ ਹੀ ਨਹੀਂ ਹੈ।

ਬਹਿਰਹਾਲ, ਮਾਫਿਆਂ ਤੋਂ ਲੈ ਕੇ ਟਰੈਵਲ ਏਜੰਟਾਂ ਤੇ ਸਰਕਾਰਾਂ ਤਕ ਸਾਰੇ ਹੀ ਆਪੋ-ਆਪਣੀ ਮਤਲਬ ਪ੍ਰਸਤੀ ਦੀਆਂ ਰੋਟੀਆਂ ਵੇਲਣ ਤੇ ਸੇਕਣ ਵਿਚ ਮਸਰੂਫ ਹਨ। ਸਾਡੇ ਨੌਜਵਾਨਾਂ ਦੀ ਇਸ ਅਵਾਜਾਰੀ ਦੀ ਤਰਜਮਾਨੀ ਕਰਦਾ ਹੋਇਆ ਲੁਧਿਆਣੇ ਦਾ ਉਭਰਦਾ ਕਵੀ **ਮੀਤ ਅਨਮੋਲ** ਕਹਿੰਦਾ ਹੈ ਕਿ :-

ਸ਼ੋਰ ਸ਼ਰਾਬੇ ਵਿਚ ਭਰਿਆ ਤੇਰਾ ਜਹਾਨ ਛੱਡ ਦੇਵਾਂ
ਦੁਨੀਆਂ ਮਸਰੂਫ ਏ ਫਰੇਬ ਦੇ ਕਾਰੋਬਾਰ ਵਿਚ
ਘਾਟੇ ਚ ਚਲਦੀ ਵਫਾ ਦੀ ਦੁਕਾਨ ਛੱਡ ਦੇਵਾਂ

ਇਸ ਸੂਰਤ ਵਿਚ ਸੋਚੀਏ ਕਿ ਜੇ ਸਾਡੀਆਂ ਅਜੋਕੀਆਂ ਪੀੜ੍ਹੀਆਂ ਦੇ ਤਕਰੀਬਨ 50 ਫ਼ੀਸਦੀ ਤੋਂ ਵੱਧ ਨੌਜਵਾਨ ਤੇ ਵਿਦਿਆਰਥੀ ਹੀ ਪੰਜਾਬ ਨੂੰ ਛੱਡ ਗਏ ਤਾਂ ਫਿਰ ਸਾਡਾ ਕੀ ਬਣੂੰ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਨੌਜਵਾਨਾਂ ਦੀ ਦੇਸ਼ ਵਿਚ ਬੇਰੁਜ਼ਗਾਰੀ ਦੇ ਕਾਰਨ ਦੁਰਗਤੀ ਹੋ ਰਹੀ ਹੈ ਤੇ ਖ਼ਾਸ ਕਰਕੇ ਸਾਡੇ ਵਿਦਿਆਰਥੀ ਵਰਗ ਦਾ ਵੱਡਾ ਹਿੱਸਾ ਡਾਕਟਰ, ਇੰਜੀਨੀਅਰ ਤੇ ਹੋਰ ਲਾਇਕ ਬੱਚੇ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹਨ। ਗੌਰਤਲਬ ਹੈ ਕਿ ਇਹ ਮਸਲਾ ਆਪਣੇ ਆਪ ਵਿਚ ਜਿਥੇ ਦੇਸ਼ ਲਈ ਇਕ ਗੰਭੀਰ ਚੁਣੌਤੀ ਹੈ, ਉਥੇ ਹੀ ਪੰਜਾਬ ਸਰਕਾਰ ਲਈ ਇਹ ਇਕ ਵੱਡੀ ਸਮੱਸਿਆ ਹੈ ਕਿਉਂਕਿ ਵਿਦਿਆਰਥੀਆਂ ਦੀ ਵਿਦੇਸ਼ਾਂ ਵਿਚ ਬੇਕਦਰੀ ਤੇ ਕੁੱਟਮਾਰ ਹੋ ਰਹੀ ਹੈ। ਜ਼ਾਹਿਰ ਹੈ ਕਿ ਹੁਣ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਕਤਲਾਂ ਤਕ ਪਹੁੰਚੀ ਇਸ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਫ਼ੌਰਨ ਹੱਲ ਕਰਨ ਦੀ ਲੋੜ ਹੈ।

ਇਹ ਹੋਰ ਵੀ ਡੂੰਘੀ ਸੰਵੇਦਨਾ ਨਾਲ ਵਿਚਾਰਨ ਦੀ ਗੱਲ ਹੈ ਕਿ ਸਾਡੇ ਭਵਿੱਖ ਦੇ ਵਾਰਿਸ ਨੌਜਵਾਨਾਂ ਨੂੰ ਇਕ ਪਾਸੇ ਦੇਸ਼-ਪ੍ਰੇਮ ਤੇ ਆਪਣੇ ਲੋਕਾਂ ਪ੍ਰਤੀ ਵਫ਼ਾਦਾਰੀ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਉਂ ਹੀ ਦੂਜੇ ਪਾਸੇ ਆਪਣੇ ਦੇਸ਼ ਵਿਚ ਵੀ ਪੰਜਾਬ ਦੀ ਜਵਾਨੀ ਸ਼ਰੇਆਮ ਰੁਲ ਰਹੀ ਹੈ, ਪਰ ਸਾਡੇ ਗੱਭਰੂ ਮੁੰਡੇ-ਕੁੜੀਆਂ ਨੂੰ ਸਮਾਜ ਤੇ ਸਰਕਾਰ ਵਲੋਂ ਕੋਈ ਓਟ-ਆਸਰਾ ਹੀ ਨਹੀਂ ਮਿਲ ਰਿਹਾ। ਫਿਰ ਦੁਖ ਦੀ



Original with;
Kulbir Singh Sidhu(I.A.S)
Digitized by;
Panjab Digital Library

ਗੱਲ ਇਹ ਹੈ ਕਿ ਸਰਕਾਰਾਂ ਵੱਲੋਂ ਮਗਰਮੱਛਾਂ ਵਾਂਗ ਹੰਝੂ ਵਹਾਉਣ ਤੋਂ ਇਲਾਵਾ ਨੌਜਵਾਨਾਂ ਦੇ ਭਵਿੱਖ ਲਈ ਕੋਈ ਸੰਜੀਦਾ ਤੇ ਠੋਸ ਉੱਦਮ-ਉਪਰਾਲਾ ਹੀ ਨਹੀਂ ਕੀਤਾ ਜਾ ਰਿਹਾ।

ਪੰਜਾਬ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਦਿਨ-ਬ-ਦਿਨ ਵਧ ਰਹੀ ਹੈ। ਇਕ ਸਿੱਧੇ ਜਿਹੇ ਅੰਦਾਜ਼ੇ ਨਾਲ ਸਾਡੇ 45 ਲੱਖ ਨੌਜਵਾਨ ਬੇਰੁਜ਼ਗਾਰ ਹਨ। ਖ਼ਾਸ ਕਰਕੇ ਸਾਡੇ ਨੌਜਵਾਨ ਵਿਦਿਆਰਥੀ ਇਸ ਦੀ ਸਿੱਧੀ ਮਾਰ ਹੇਠ ਹਨ, ਇਸ ਤਰ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਵਿਚੋਂ ਤਕਰੀਬਨ 14-15 ਲੱਖ ਬੱਚੇ ਬੇਰੁਜ਼ਗਾਰ ਹਨ। ਬੇਸ਼ੱਕ ਇਸ ਪ੍ਰਸੰਗ ਵਿਚ ਗੌਰਤਲਬ ਹੈ ਕਿ ਬੇਰੁਜ਼ਗਾਰੀ ਸਬੰਧੀ ਸਾਡੇ ਵਿਦਵਾਨ ਸਮਾਜ ਵਿਗਿਆਨੀਆਂ ਤੇ ਅਰਥ-ਸ਼ਾਸਤਰੀਆਂ ਦਾ ਵੱਖ-ਵੱਖ ਨਜ਼ਰੀਆ ਤੇ ਆਪੋ-ਆਪਣੀ ਦਲੀਲ ਹੈ ਕਿਉਂਕਿ ਅਲੱਗ-ਅਲੱਗ ਸਰਵਿਆਂ ਦੇ ਭਿੰਨ-ਭਿੰਨ ਤਰੀਕੇ ਤੇ ਮਾਪਦੰਡ ਹੁੰਦੇ ਹਨ। ਇਸ ਅਨੁਸਾਰ ਬੇਸ਼ੱਕ ਅੰਕੜਿਆਂ ਦੀ ਖੇਡ ਅਕਸਰ ਨੰਬਰੀ ਖੇਡ ਹੀ ਸਾਬਿਤ ਹੁੰਦੀ ਹੈ।

ਇਸ ਸਬੰਧ ਵਿਚ ਮੈਂ ਕਈ ਅਰਥ-ਸ਼ਾਸਤਰੀਆਂ ਤੋਂ ਪੰਜਾਬ ਵਿਚ ਬੇਰੁਜ਼ਗਾਰੀ ਸਬੰਧੀ ਤੱਥ ਤੇ ਅੰਕੜੇ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਤਕਰੀਬਨ ਸਭ ਦੇ ਵੱਖ-ਵੱਖ ਵਿਚਾਰ ਸਨ। ਫਿਰ ਵੀ ਸਾਰੇ ਹੀ ਤਕਰੀਬਨ ਇਸ ਗੱਲ 'ਤੇ ਸਹਿਮਤ ਸਨ ਕਿ ਸਾਡਾ ਪੰਜਾਬੀ ਸਮਾਜ ਖੇਤੀ ਪ੍ਰਧਾਨ ਹੈ, ਜਿਸ ਕਰਕੇ ਹਰ ਕੋਈ ਕੰਮ ਕਰੇ ਜਾਂ ਨਾ ਕਰੇ, ਪਰ ਦੋ ਵਕਤ ਦੀ ਰੋਟੀ ਜ਼ਰੂਰ ਖਾਂਦਾ ਹੈ। ਇਸ ਸੂਰਤ ਵਿਚ ਵਿਹਲੇ ਤੇ ਬੇਰੁਜ਼ਗਾਰਾਂ ਦੀ ਗਿਣਤੀ ਕਰਨੀ ਮੁਮਕਿਨ ਹੀ ਨਹੀਂ ਹੈ।

ਮੈਨੂੰ ਇਹ ਗੱਲ 'ਜੁਲਾਹੇ ਦੇ ਹਿਸਾਬ' ਵਾਲੀ ਲਗਦੀ ਹੈ ਕਿ ਜਿਸ ਨੇ ਆਪਣੇ ਟੱਬਰ ਦੀ ਔਸਤ ਉਚਾਈ ਮਾਪਣ ਉਪਰੰਤ ਦਰਿਆ ਦੀ ਔਸਤ ਡੂੰਘਾਈ ਕੱਢ ਲਈ ਤੇ ਟੱਬਰ ਨੂੰ ਦਰਿਆ ਪਾਰ ਕਰਨ ਦਾ ਹੁਕਮ ਸੁਣਾ ਦਿੱਤਾ। ਸਪੱਸ਼ਟ ਹੈ ਕਿ ਜਿਨ੍ਹਾਂ ਬੱਚਿਆਂ ਦਾ ਕੱਦ ਪਾਣੀ ਦੀ ਡੂੰਘਾਈ ਨਾਲੋਂ ਘੱਟ ਸੀ, ਉਹ ਡੁੱਬ ਗਏ। ਇਸ ਪ੍ਰਥਾਇ ਬਸ ਹਰ ਅਰਥ-ਸ਼ਾਸਤਰੀ ਤੇ ਖ਼ਾਸ ਕਰਕੇ ਸਰਕਾਰ ਦੀ ਅਖਾਣ ਮਾਤਰ ਮੈਨੂੰ ਇਕੋ ਗੱਲ 'ਡੁੱਬੀ ਤਾਂ ਜੇ ਸਾਹ ਨਾ ਆਇਆ' ਦੀ ਹੀ ਆਖਿਰ ਨੂੰ ਸਮਝ ਆਈ ਕਿ 'ਬੇਰੁਜ਼ਗਾਰੀ ਤਾਂ ਬਹੁਤ ਹੈ, ਪਰ ਕਿੰਨੀ ਹੈ; ਇਸ ਬਾਰੇ ਠੀਕ ਪਤਾ ਨਹੀਂ ਹੈ।'

ਖ਼ੈਰ! ਇਹ ਬਹਿਸ-ਮੁਬਾਹਿਸੇ ਸਿਆਣਿਆਂ 'ਤੇ ਹੀ ਛੱਡੀਏ; ਰੱਬ ਕਰੇ ਸ਼ਾਇਦ ਇਹ ਕਦੇ ਸਹੀ ਨਿਰਣਿਆਂ 'ਤੇ ਪਹੁੰਚ ਸਕਣ। ਦਰਅਸਲ, ਅੱਜ ਸਮਾਜ ਦਾ ਕੌੜ-ਤੁੰਮੇ ਵਰਗਾ ਕੁਸੈਲਾ ਸੱਚ ਤਾਂ ਇਹ ਹੈ ਕਿ ਖੁਸ਼ਹਾਲ ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਰੋਟੀ-ਰੋਜ਼ੀ ਤੇ ਖ਼ਾਸ ਕਰਕੇ ਨੌਕਰੀਆਂ ਪਿਛੇ ਬੇਹਾਲ ਹੋਏ ਫਿਰਦੇ ਹਨ। ਹਾਲੇ ਥੋੜ੍ਹੇ ਦਿਨ ਹੀ ਹੋਏ ਕਿ ਪੰਜਾਬ ਵਿਚ ਖੁਰਾਕ ਮਹਿਕਮੇ ਦੇ 460 ਇੰਸਪੈਕਟਰਾਂ ਦੀਆਂ ਅਸਾਮੀਆਂ ਪਿਛੇ 1 ਲੱਖ 73 ਹਜ਼ਾਰ ਉਮੀਦਵਾਰ ਲਾਈਨ ਵਿਚ ਲੱਗੇ ਖੜ੍ਹੇ ਸਨ। ਇਉਂ ਹੀ ਰੱਬ ਭਲਾ ਕੇ ਕੋਈ ਇਕ-ਦੋ ਦਹਾਕੇ ਪਹਿਲਾਂ ਪੰਜਾਬ ਸਿਵਲ



*Original with;*
Kulbir Singh Sidhu(I.A.S)
*Digitized by;*
Panjab Digital Library

ਸਰਵਿਸ ਦਾ ਰੇਟ 70 ਲੱਖ ਰੁਪਏ ਨਿਕਲਿਆ ਸੀ। ਬਸ ਚੁੱਪ ਹੀ ਭਲੀ ਹੈ, ਬੇਸ਼ੱਕ ਹੁਣ ਲੋਕ ਕਹਿੰਦੇ ਹਨ ਕਿ ਅੱਜ-ਕੱਲ੍ਹ ਮੋੜਾ ਪਿਆ ਹੈ।

ਇਸ ਸਾਰੇ ਸਾਰ-ਵਿਸਥਾਰ ਦੇ ਸੰਦਰਭ ਵਿਚ ਬਹੁਤ ਹੀ ਸੰਜੀਦਗੀ ਨਾਲ ਸੋਚਣ-ਵਿਚਾਰਨ ਦੀ ਲੋੜ ਹੈ ਕਿ ਕਿਤੇ ਨਾ ਕਿਤੇ ਪੰਜਾਬ ਵਿਚ ਹਾਲੇ ਵੀ ਮੁਕਾਬਲਿਤਨ ਦੂਜੇ ਸੂਬਿਆਂ ਨਾਲੋਂ ਖ਼ੁਸ਼ਹਾਲੀ ਵੱਧ ਹੋਣ ਦੇ ਬਾਵਜੂਦ ਵੀ ਆਰਥਿਕ ਮੰਦਹਾਲੀ ਤੇ ਸਮਾਜਿਕ ਬਦਹਾਲੀ ਦਾ ਬੋਲਬਾਲਾ ਹੈ। ਖ਼ਾਸ ਕਰਕੇ ਕਿਰਸਾਣੀ ਤੇ ਨੌਜਵਾਨੀ ਨੂੰ ਬਹੁਤ ਵੱਡਾ ਖੋਰਾ ਲੱਗ ਰਿਹਾ ਹੈ। ਇਸ ਵਾਸਤੇ ਪੰਜਾਬ ਦੇ ਭਵਿੱਖ ਤੇ ਖ਼ਾਸ ਕਰਕੇ ਸਾਡੇ ਨੌਜਵਾਨ ਸਰਮਾਏ ਨੂੰ ਬਚਾਉਣ ਦੀ ਖਾਤਰ ਲੰਗਰ-ਲੰਗੋਟ ਕੱਸਣ ਦੀ ਲੋੜ ਹੈ।

ਇਸ ਵਾਸਤੇ ਸਾਡੀਆਂ ਨੀਤੀਆਂ ਤੇ ਕਾਰਗੁਜ਼ਾਰੀਆਂ ਵਿਚ ਜੋ ਅੱਜ ਤਕ ਨਹੀਂ ਹੋਇਆ, ਹੁਣ ਉਹ ਫ਼ੌਰੀ ਤੌਰ 'ਤੇ ਕਰਨ ਦੀ ਲੋੜ ਹੈ। ਖ਼ਾਸ ਕਰਕੇ ਇਸ ਪ੍ਰਥਾਇ ਸਾਡੀ ਸਿੱਖਿਆ ਪ੍ਰਣਾਲੀ ਨੂੰ ਮਿਆਰੀ ਤੇ ਮੌਕੇ ਮੁਤਾਬਿਕ ਚੁਸਤ-ਦਰੁਸਤ ਕਰਨ ਦੀ ਬੇਇੰਤਹਾ ਜ਼ਰੂਰਤ ਹੈ। ਇਸ ਲਈ ਸਾਨੂੰ ਸਰਕਾਰੀ ਪੱਧਰ 'ਤੇ ਚਾਹੀਦਾ ਹੈ ਕਿ ਅਸੀਂ ਹੁਣ ਤੁਰੰਤ ਆਪਣੀ ਸਿਖਿਆ, ਸਿਹਤ, ਖੇਡ ਤੇ ਸਭਿਆਚਾਰ ਸਬੰਧੀ ਨੀਤੀਆਂ ਨੂੰ ਘੜੀਏ-ਬਣਾਈਏ ਅਤੇ ਅਮਲ ਵਿਚ ਲਿਆਈਏ।

ਬੇਸ਼ੱਕ ਹਾਲ ਦੀ ਘੜੀ ਇਸ ਸਾਰੇ ਸੰਦਰਭ ਵਿਚ ਅਜੋਕੇ ਸਮੇਂ ਵਿਚ ਮਿਆਰੀ ਸਿੱਖਿਆ ਸਬੰਧੀ ਕੋਈ ਫੈਸਲਾਕੁੰਨ ਨੀਤੀ ਨਾ ਹੋਣ ਕਰਕੇ ਸਾਡੀ ਸਮੁੱਚੀ ਸਿੱਖਿਆ ਪ੍ਰਣਾਲੀ ਬਸ 'ਮੈਂ ਇਧਰ ਜਾਊਂ ਜਾਂ ਉਧਰ ਜਾਊਂ' ਦੀ ਸਥਿਤੀ ਵਿਚ ਫਸੀ ਖੜ੍ਹੀ ਹੈ। ਇਉਂ ਹੀ ਸਾਡੀ ਵਿੱਦਿਅਕ ਖੇਤਰ ਦੇ ਮਹਾਂਪ੍ਰਬੰਧਕ ਤੇ ਮਹਾਂਅਚਾਰੀਏ ਵੀ ਡਾਂਵਾਂ-ਡੋਲ ਜਿਹੀ ਮਾਨਸਿਕਤਾ ਦਾ ਸ਼ਿਕਾਰ ਬਣੇ ਹੋਏ ਹਨ। ਇਸ ਦੇ ਨਤੀਜੇ ਵਜੋਂ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਨੂੰ ਸੋਧਣ ਤੇ ਸੁਧਾਰਨ ਵਾਸਤੇ ਬੇਸ਼ੱਕ ਹਾਲੇ ਤਕ ਵੀ ਕਮਿਸ਼ਨ ਤੇ ਕਮੇਟੀਆਂ ਤਾਂ ਬਣਾ-ਬਿਠਾ ਰਹੇ ਹਾਂ, ਪਰ ਸਾਲਾਂ ਬੱਧੀ ਸਮਾਂ ਬੀਤਣ ਤੋਂ ਬਾਅਦ ਵੀ ਹੁਣ ਤਕ ਇਨ੍ਹਾਂ ਕਮਿਸ਼ਨਾਂ ਤੇ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਅਸੀਂ ਕੋਈ ਠੋਸ ਤੇ ਸਕਾਰਤਮਿਕ ਰੂਪ ਹੀ ਨਹੀਂ ਦੇ ਸਕੇ।

ਸਪੱਸ਼ਟ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਰਿਪੋਰਟਾਂ ਤਾਂ ਕਦੇ ਵੀ ਅਮਲੀ ਰੂਪ ਵਿਚ ਨਹੀ ਆਈਆਂ, ਜਿਸ ਕਰਕੇ ਇਹ ਠੰਡੇ ਬਸਤਿਆਂ ਵਿਚ ਹੀ ਪਈਆਂ ਅੱਜ ਦਫ਼ਤਰਾਂ ਦੀ ਧੂੜ-ਮਿੱਟੀ ਹੀ ਫਕ ਰਹੀਆਂ ਹਨ। ਮੁੱਕਦੀ ਗੱਲ! ਵਿਦਿਆ ਦੇ ਖੇਤਰ ਵਿਚ ਅਸੀਂ ਕੋਈ ਚੱਜ-ਚਾਅ ਦਾ ਚੰਗਾ ਕੰਮ ਕੀਤਾ ਹੀ ਨਹੀਂ ਹੈ; ਸਗੋਂ ਐਵੇਂ-ਕਿਵੇਂ ਜਿਹੇ ਅਸੀਂ ਬਸ 'ਗੋਂਗਲੂਆਂ ਤੋਂ ਮਿੱਟੀ ਹੀ ਝਾੜਦੇ ਫਿਰਦੇ' ਹਾਂ।

ਇਸ ਵਾਸਤੇ ਅਸੀਂ ਆਪਣੇ ਇਨ੍ਹਾਂ ਭਵਿੱਖ ਦੇ ਵਾਰਿਸਾਂ ਨੂੰ ਨਾ ਤਾਂ ਮਿਆਰੀ ਸਿੱਖਿਆ ਤੇ ਨਾ ਹੀ ਕੋਈ ਨੈਤਿਕ ਸਿੱਖਿਆ ਦੇ ਰਹੇ ਹਾਂ। ਬਸ ਇਸ ਪ੍ਰਸੰਗ ਵਿਚ ਮੈਕਾਲੇ ਵਰਗੇ ਗੈਰ-ਮੁਲਕੀ ਹਾਕਮਾਂ ਦੀ ਪੈੜ ਵਿਚ ਪੈਰ ਧਰਦੇ, ਅਸੀਂ ਆਪ ਵੀ



*Original with;*
Kulbir Singh Sidhu(I.A.S)
*Digitized by;*
Panjab Digital Library

ਤੁਰੇ ਜਾ ਰਹੇ ਹਾਂ ਅਤੇ ਅੱਗੇ ਆਪਣੇ ਵਿਦਿਆਰਥੀਆਂ ਨੂੰ ਤੋਰੀ ਜਾ ਰਹੇ ਹਾਂ।

ਸਿਤਮ ਦੀ ਗੱਲ ਇਹ ਹੈ ਕਿ ਸਾਡੇ ਵਿਦਿਅਕ ਅਦਾਰੇ ਅਤੇ ਵਿਦਿਆ ਦੇ ਮਹਾਂ-ਅਚਾਰੀਏ ਵੀ ਸਿੱਖਿਆ ਪ੍ਰਣਾਲੀ ਤੇ ਵਿਦਿਆਰਥੀਆਂ ਦੇ ਇਨ੍ਹਾਂ ਨਿਰੋਲ ਮਸਲਿਆਂ ਤੋਂ ਕੰਨੀ ਵੱਟਦੇ ਹਨ। ਇਸ ਪੱਖੋਂ ਅਸੀਂ ਮੁਨਕਰ ਨਹੀਂ ਹੋ ਸਕਦੇ ਕਿ ਅੰਗਰੇਜ਼ ਹਕੂਮਤ ਨੇ ਸਾਡੀ ਵਿਦਿਅਕ ਪ੍ਰਣਾਲੀ ਦਾ ਢਾਂਚਾ ਉਸ ਸਮੇਂ ਦੇ ਪ੍ਰਸ਼ਾਸਨ ਵਿਚ 'ਬਾਬੂਆਂ' ਦੀ ਲੋੜ ਪੂਰੀ ਕਰਨ ਵਾਸਤੇ ਬਣਾਇਆ ਸੀ। ਸੋ, ਅੰਗਰੇਜ਼ਾਂ ਨੇ ਆਪਣੇ ਦਫ਼ਤਰਾਂ ਵਾਸਤੇ 'ਬਾਬੂ ਕਲਰਕ' ਪੈਦਾ ਕੀਤੇ ਸਨ, ਪਰ ਅਫ਼ਸੋਸ ਕਿ ਅਸੀਂ ਹੁਣ ਤਕ ਵੀ ਆਪਣੇ ਨੌਜੁਆਨਾਂ ਤੇ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਨਹੀਂ ਬਣਾ ਸਕੇ। ਇਸ ਤਰ੍ਹਾਂ ਹੀ ਅੰਗਰੇਜ਼ਾਂ ਵੱਲੋਂ ਦਿੱਤਾ ਗਿਆ ਇਮਤਿਹਾਨੀ ਢਾਂਚਾ ਅਧੂਰਾ ਤੇ ਸਮਾਂ ਵਿਹਾ ਚੁੱਕਾ ਹੈ, ਪਰ ਇਹ ਨੁਕਸ ਭਰਪੂਰ ਹੋਣ ਦੇ ਬਾਵਜੂਦ ਵੀ ਸਾਲ-ਦਰ-ਸਾਲ ਰਵਾਂ-ਦਵਾਂ ਹੈ।

ਮੁੱਕਦੀ ਗੱਲ ਇਹ ਹੈ ਕਿ ਅਸੀਂ ਹੁਣ ਅਜ਼ਾਦੀ ਤੋਂ 66 ਸਾਲ ਬਾਅਦ ਅੱਜ ਤਕ ਵੀ ਆਪਣੀ ਵਿਦਿਆ ਪ੍ਰਣਾਲੀ ਨੂੰ ਸਮੇਂ ਦੀ ਲੋੜ ਅਨੁਸਾਰ ਨਹੀਂ ਬਣਾ ਸਕੇ। ਸਗੋਂ ਵਰਤਮਾਨ ਸਮਿਆਂ ਵਿਚ ਮਿਆਰੀ ਤੇ ਕਿੱਤਾ ਮੁਖੀ ਸਿੱਖਿਆ ਦੇ ਸੰਦਰਭ ਵਿਚ ਸਾਡੇ ਨੌਜੁਆਨ ਖੇਤੀਬਾੜੀ, ਬਾਗਬਾਨੀ, ਸ਼ਾਕ-ਸਬਜ਼ੀਆਂ ਪੈਦਾ ਕਰਨ ਤੇ ਪਸ਼ੂ-ਪਾਲਣ ਜਿਹੇ ਸਾਡੇ ਮੁੱਢ-ਕਦੀਮੀ ਕਿਤਿਆਂ ਨੂੰ ਅਜ ਅਨਪੜ੍ਹ ਤੇ ਗਵਾਰਾਂ ਦਾ ਕੰਮ ਸਮਝਕੇ ਛਡ ਚੁੱਕੇ ਹਨ। ਦਰਅਸਲ, ਜਦੋਂ ਕਿ ਅੱਜ ਹਰ ਕੋਈ ਜਾਣਦਾ ਹੈ ਕਿ ਅਜੋਕੇ ਸਮੇਂ ਵਿਚ ਲਾਹੇਵੰਦ ਕਿਰਸਾਣੀ ਸਿਰਫ਼ ਤੇ ਸਿਰਫ਼ ਪੜ੍ਹਿਆਂ-ਲਿਖਿਆ ਦਾ ਹੀ ਕੰਮ ਹੈ। ਅੱਜ ਦਾ ਸੱਚ ਤਾਂ ਇਹ ਹੈ ਕਿ ਸਾਡੀਆਂ ਮੌਜੂਦਾ ਪੀੜ੍ਹੀਆਂ ਹੱਥੀਂ ਕੰਮ ਕਰਨ ਨੂੰ ਆਪਣੀ ਹੇਠੀ ਸਮਝਦੀਆਂ ਹਨ।

ਇਸ ਲਈ ਅਸੀਂ 'ਵਾਈਟ ਕਾਲਰ ਜੌਬਸ' ਭਾਵ ਅਜਿਹੀਆਂ ਨੌਕਰੀਆਂ ਭਾਲਦੇ ਹਾਂ ਜਿਥੇ ਜਿਸਮ 'ਤੇ ਮਿੱਟੀ ਅਤੇ ਕਪੜਿਆਂ ਨੂੰ ਮੈਲ ਨਾ ਲੱਗੇ। ਇਸ ਸੂਰਤ ਵਿਚ ਜ਼ਾਹਿਰ ਹੈ ਕਿ ਖੇਤੀ ਤਾਂ ਇਕ ਪਾਸੇ ਰਹੀ, ਸਗੋਂ ਸਾਡੇ ਨੌਜੁਆਨ ਖੇਤੀ 'ਤੇ ਅਧਾਰਿਤ ਹੋਰ ਕਿੰਨੇ ਹੀ ਲੋਹਾਰਾਂ-ਤਰਖਾਣਾਂ ਜਿਹੇ ਕਿਤਿਆਂ ਤੇ ਘਰੇਲੂ ਦਸਤਕਾਰੀ ਤੋਂ ਵੀ ਮੂੰਹ ਮੋੜ ਚੁੱਕੇ ਹਨ। ਇਸ ਪ੍ਰਥਾਇ **ਗੁਰਦਾਸ ਮਾਨ** ਸਾਡੇ ਸਮਿਆਂ ਵਿਚ ਮਾਪਿਆਂ, ਬੱਚਿਆਂ ਤੇ ਖ਼ਾਸ ਕਰਕੇ ਵਿਦਿਆਰਥੀਆਂ ਦੀ ਸਥਿਤੀ ਦਾ ਬੜਾ ਸੋਹਣਾ ਵਰਣਨ ਕਰਦਾ ਹੈ :-

'ਮੁੱਕਿਆ ਸਿਆਪਾ ਵਾਹੁਣੀਆਂ ਜ਼ਮੀਨਾਂ ਦਾ, ਮੁੱਛਾਂ ਉਤੇ ਜ਼ੋਰ ਵੱਡਿਆਂ ਸ਼ੌਕੀਨਾਂ ਦਾ,
ਬਾਪੂ ਫਿਰੇ ਖੇਤਾਂ ਵਿਚ ਨੱਕੇ ਮੋੜਦਾ, ਮੁੰਡਾ ਪੜ੍ਹੇ ਕਾਲਜ 'ਚ ਡੱਕਾ ਨੀ ਤੋੜਦਾ
ਚੰਗੀਆਂ ਪੜ੍ਹਾਈਆਂ ਤੋਰਾ-ਫੇਰਾ ਮਿੱਤਰੋ, ਬੱਸ ਦੋਵੇਂ ਥਾਵਾਂ ਉਤੇ ਡੇਰਾ ਮਿੱਤਰੋ
ਯਾ ਠੇਕੇ ਯਾ ਠਾਣੇ, ਓ ਕੀ ਬਣੂੰ ਦੁਨੀਆਂ ਦਾ, ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ'

ਇਸ ਵਾਸਤੇ ਇਨ੍ਹਾਂ ਸਾਰੇ ਹਾਲਾਤਾਂ ਵਿਚ ਅਜ ਇਹ ਸਮੇਂ ਦੀ ਮੰਗ ਹੈ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੇ ਨੌਜੁਆਨਾਂ ਵਿਚ ਡਿਗਨਟੀ ਆਫ਼ ਲੇਬਰ ਭਾਵ ਹਥੀਂ ਕਿਰਤ ਕਰਨ ਦਾ ਸਵੈਮਾਣ ਜਾਗ੍ਰਿਤ ਕੀਤਾ ਜਾਵੇ ਤਾਂ ਕਿ ਉਨ੍ਹਾਂ ਵਿਚ ਨੌਕਰੀਆਂ ਦੀ ਤਲਬ ਨਾਲੋਂ ਵਧ ਸਵੈ-ਰੁਜ਼ਗਾਰ ਦੀ ਸੋਹਣੀ ਲਲਕ ਪੈਦਾ ਹੋ ਸਕੇ। ਹੁਣ ਇਹ ਸਪੱਸ਼ਟ ਹੈ ਕਿ ਅਸੀਂ ਸਧਾਰਨ ਹੋਣ ਦਾ ਮਾਣ ਤੇ ਸਹਿਜ ਅਵਸਥਾ ਵਿਚ ਜ਼ਿੰਦਗੀ ਜਿਉਣ ਦਾ ਸਲੀਕਾ ਗੁਆ ਚੁੱਕੇ ਹਾਂ। ਇਸ ਵਾਸਤੇ ਜਦੋਂ ਵੀ ਜ਼ਮਾਨੇ ਦੀਆਂ 'ਵਡਫੂਲੀਆਂ ਤੇ ਇੱਲਤਾਂ' ਦੀ ਲਿਸ਼ਕੋਰ ਨੌਜਵਾਨਾਂ 'ਤੇ ਪੈਂਦੀ ਹੈ ਤਾਂ ਉਹ ਕੱਚੇ ਘੜੇ ਵਾਂਗ ਤਿੜਕ ਜਾਂਦੇ ਹਨ। ਇਥੇ ਇਹ ਵੀ ਸਮਝਣ ਦੀ ਜ਼ਰੂਰਤ ਹੈ ਕਿ ਕੰਮਕਾਰ ਵਿਚ ਰੁਝਿਆ ਬੰਦਾ ਆਰਥਿਕ, ਸਮਾਜਿਕ, ਸਭਿਆਚਾਰਕ ਤੇ ਰੂਹਾਨੀਅਤ ਦਾ ਉੱਤਮ ਨਮੂਨਾ ਹੁੰਦਾ ਹੈ, ਜਦੋਂ ਕਿ ਵਿਹਲਾ ਬੰਦਾ ਸ਼ੈਤਾਨ ਦਾ ਚਰਖਾ ਤੇ ਉੱਲੂ ਬਾਟਾ ਹੁੰਦਾ ਹੈ।

ਇਸ ਵਾਸਤੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮੁਢਲੇ ਜੀਵਨ ਤੋਂ ਹੀ ਰੁਝਾਨ ਦੇਣ ਦੀ ਲੋੜ ਹੈ। ਇਸ ਤੋਂ ਵੀ ਵੱਧ ਉਨ੍ਹਾਂ ਨੂੰ ਨੌਕਰੀਆਂ ਤੋਂ ਇਲਾਵਾ ਜ਼ਿੰਦਗੀ ਦੇ ਕਿਸੇ ਵੀ ਸ਼ੋਭੇ ਜਾਂ ਕਿੱਤੇ ਦੀ ਜੱਦੋ-ਜਹਿਦ ਵਾਸਤੇ ਤਿਆਰ ਕਰਨ ਦੀ ਜ਼ਰੂਰਤ ਹੈ। ਸਿਰੇ ਦੀ ਗੱਲ ਇਹ ਹੈ ਕਿ ਸਾਨੂੰ ਆਪਣੇ ਬੱਚਿਆਂ ਨੂੰ ਨੌਕਰਸ਼ਾਹੀ ਦੀ ਮਾਨਸਿਕਤਾ ਵਿਚੋਂ ਕੱਢ ਕੇ ਉਨ੍ਹਾਂ ਨੂੰ ਮੁਸ਼ੱਕਤ-ਮਿਹਨਤ ਭਰੀ ਜ਼ਿੰਦਗੀ ਦੀ ਜੰਗ ਲੜਨ ਵਾਸਤੇ ਤਿਆਰ ਕਰਨ ਦੀ ਲੋੜ ਹੈ। ਇਸ ਲਈ ਸਾਡੇ ਜ਼ਮਾਨੇ ਤੇ ਅਜੋਕੇ ਸਮੇਂ ਦੀ ਰਫ਼ਤਾਰ ਮੁਤਾਬਿਕ ਹੁਣ ਸਾਨੂੰ ਆਪਣੇ ਨੌਜੁਆਨਾਂ ਨੂੰ ਗਲੋਬਲ ਸੋਚ ਦਾ ਹਾਣੀ ਬਣਾਉਣ ਵਾਸਤੇ ਹੋਟਲ ਬਿਜਨੈਸ, ਟੂਰਿਜ਼ਮ-ਇਨਫਰਮੇਸ਼ਨ, ਇਲੈਕਟ੍ਰੌਨਿਕਸ, ਬਿਜਲੀ ਤੇ ਕੰਪਿਊਟਰੀਕਰਣ ਜਿਹੀਆਂ ਤਕਨੀਕਾਂ ਦੀਆਂ ਕਿੰਨੀਆਂ ਹੀ ਸੀਮਤਾਂ ਦੇ ਕੰਮਾਂ ਵਾਲੇ ਪਾਸੇ ਉਤਸ਼ਾਹਿਤ ਕਰਨ ਦੀ ਲੋੜ ਹੈ। ਜ਼ਾਹਿਰ ਹੈ ਕਿ ਸਾਡੇ ਨੌਜਵਾਨ ਹੁਣ ਆਪਣੇ ਸਮੇਂ ਦੇ ਹਾਣੀ ਨਹੀਂ ਹਨ। ਉਨ੍ਹਾਂ ਕੋਲ ਆਪਣੇ ਹਾਣ ਦਾ ਰੁਜ਼ਗਾਰ ਨਹੀਂ ਹੈ ਅਤੇ ਨਾ ਹੀ ਅਸੀਂ ਉਨ੍ਹਾਂ ਨੂੰ ਰੁਜ਼ਗਾਰ ਦੇ ਹਾਣ ਦੇ ਹੀ ਬਣਾ ਸਕੇ ਹਾਂ।

ਇਥੇ ਜ਼ਿਕਰਯੋਗ ਹੈ ਕਿ ਇਕ ਪਾਸੇ ਦੇਸ਼ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਵਿਕਰਾਲ ਰੂਪ ਧਾਰ ਰਹੀ ਹੈ ਤੇ ਦੂਜੇ ਪਾਸੇ ਸਾਡੇ ਘਰ-ਘਰ ਵਿਚ ਬਿਜਲੀ, ਪਾਣੀ, ਸੀਵਰੇਜ, ਪੇਟ, ਲੱਕੜ, ਲੋਹੇ, ਸ਼ੀਸ਼ੇ, ਫਰਿੱਜ, ਏਅਰ ਕੰਡੀਸ਼ਨ ਤੇ ਕੰਪਿਊਟਰ ਆਦਿ ਕਿੰਨੇ ਹੀ ਰੋਜ਼ਮਰ੍ਹਾ ਦੇ ਕੰਮਾਂ ਵਾਸਤੇ ਕਿੰਨੇ ਇਲੈਕਟ੍ਰੀਸ਼ਨ, ਪਲੰਬਰ, ਤਕਨੀਕੀ ਕਾਰੀਗਰ ਤੇ ਕਰਿੰਦੇ ਆਦਿ ਨਹੀਂ ਲੱਭ ਰਹੇ। ਇਸ ਦਾ ਕਾਰਨ ਸਿਰਫ਼ ਇਹ ਹੀ ਹੈ ਕਿ ਇਨ੍ਹਾਂ ਕੰਮਾਂ ਨੂੰ ਅਸੀਂ ਹਾਲੇ ਵੀ ਨਿਗੂਣੇ ਕੰਮ ਹੀ ਸਮਝਦੇ ਹਾਂ ਕਿਉਂਕਿ ਅਸੀਂ 'ਡਿਗਨਿਟੀ ਆਫ਼ ਲੇਬਰ' ਭਾਵ ਹੱਥੀਂ ਕਿਰਤ ਕਰਨ ਨੂੰ ਕੋਈ ਮਹੱਤਵ ਹੀ ਨਹੀਂ ਦਿੰਦੇ; ਸਗੋਂ ਇਸ ਨੂੰ ਨੀਵੀਆਂ ਸ਼੍ਰੇਣੀਆਂ ਦੇ ਕੰਮ ਸਮਝ ਕੇ ਇਨ੍ਹਾਂ ਤੋਂ ਟਾਲਾ ਵੱਟਦੇ ਹਾਂ।

ਇਸ ਵਾਸਤੇ ਸਾਨੂੰ ਆਪਣੀ ਜ਼ਿੰਦਗੀ ਵਿਚ ਹੱਥੀਂ ਕੰਮ ਕਰਨ ਦੀ ਅਹਿਮੀਅਤ ਨੂੰ ਸਮਝਣ ਦੀ ਅਤਿਅੰਤ ਜ਼ਰੂਰਤ ਹੈ। ਇਸ ਵਾਸਤੇ ਸਾਨੂੰ ਕਿਰਤ ਦੀ ਕੀਰਤੀ, ਕੰਮ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਮਹਿਮਾ ਤੇ ਮਿਹਨਤ-ਮੁਸ਼ਕਤ ਦੇ ਮਾਣ ਜਿਹੇ ਅਹਿਸਾਸਾਂ ਦੀ ਸ਼ੋਭਾ ਨੂੰ ਆਪਣੀ ਜੀਵਨਸ਼ੈਲੀ ਦਾ ਅੰਗ ਬਣਾਉਣ ਦੀ ਲੋੜ ਹੈ। ਫਿਰ ਇੰਨਾਂ ਸਿਫ਼ਤਾਂ 'ਤੇ ਅਧਾਰਿਤ ਕਾਰਜਸ਼ੈਲੀ ਨੂੰ ਲੋਕ ਚੇਤਨਾ ਬਣਾਉਣ ਦੀ ਅੱਜ ਬੜੀ ਵੱਡੀ ਸਮਾਜਿਕ ਜ਼ਰੂਰਤ ਹੈ। ਜ਼ਾਹਿਰ ਹੈ ਕਿ ਸਾਨੂੰ ਤਨੋਂ-ਮਨੋਂ ਪਹਿਲਾਂ ਆਪਣੇ ਆਪ ਨੂੰ ਤੇ ਫਿਰ ਅੱਗੇ ਬੱਚਿਆਂ ਤਕ ਇਕ-ਦੂਜੇ ਨੂੰ ਇਹ ਵੀ ਸਮਝਣ-ਸਮਝਾਉਣ ਦੀ ਲੋੜ ਹੈ ਕਿ ਜ਼ਿੰਦਗੀ ਦੇ ਵਧੀਆ ਨਿਸ਼ਾਨਿਆਂ 'ਤੇ ਪੁੱਜਣ ਤੇ ਕੋਈ ਵਧੀਆ ਸਿਰਜਣਾਤਮਿਕ ਕਾਰਜ ਨੇਪਰੇ ਚਾੜ੍ਹਨ ਵਾਸਤੇ ਸੁੱਖ, ਅਰਾਮ ਤੇ ਸੁਵਿਧਾ ਦੀ ਬਜਾਏ ਮਿਹਨਤ, ਸਿਰੜ੍ਹ ਤੇ ਲਗਨ ਦੀ ਲੋੜ ਹੁੰਦੀ ਹੈ।

ਇਸ ਸੰਦਰਭ ਵਿਚ ਖ਼ਾਸ ਤੌਰ 'ਤੇ ਚੰਡੀਗੜ੍ਹ ਤੇ ਮੋਹਾਲੀ ਦੇ ਨਾਲ ਲਗਦੇ ਪੇਂਡੂ ਇਲਾਕਿਆਂ ਵਿਚ ਸਰਕਾਰਾਂ ਤੇ ਪ੍ਰਾਪਰਟੀ ਡੀਲਰਾਂ ਵੱਲੋਂ ਸੈਂਕੜੇ ਹੀ ਨਵੀਆਂ ਅਬਾਦੀਆਂ ਤੇ ਕਾਲੋਨੀਆਂ ਬਣ ਰਹੀਆਂ ਹਨ। ਇਉਂ ਸ਼ਹਿਰੀਕਰਨ ਦੇ ਨਾਮ 'ਤੇ ਇਮਾਰਤਾਂ ਦੇ ਜੰਗਲ ਉਸਾਰਨ ਵਾਸਤੇ ਖੇਤੀ ਵਾਲੀਆਂ ਜ਼ਮੀਨਾਂ ਧੜਾ-ਧੜ ਵਿਕ ਰਹੀਆਂ ਹਨ, ਜਿਸ ਕਾਰਨ ਇਕ ਵਾਰ ਤਾਂ ਕਰੋੜਾਂ ਰੁਪਏ ਜ਼ਮੀਨਾਂ ਦੇ ਮੁਆਵਜ਼ੇ ਵਜੋਂ ਸਧਾਰਨ ਕਿਸਾਨਾਂ ਦੀ ਝੋਲੀ ਵਿਚ ਆ ਡਿੱਗੇ ਹਨ। ਇਥੇ ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਇਥੋਂ ਦੇ ਵਾਸੀਆਂ ਕੋਲ ਇਕ ਵਾਰ ਪੈਸਾ ਤਾਂ ਆ ਗਿਆ ਹੈ, ਪਰ ਜ਼ਮੀਨਾਂ ਖਤਮ ਹੋ ਗਈਆਂ ਹਨ। ਇਥੇ ਦੇਖਣ ਨੂੰ ਤਾਂ ਇਉਂ ਲੱਗਦਾ ਹੈ ਕਿ ਆਮ ਪਿੰਡਾਂ ਦੀਆਂ ਗੈਰ-ਅਬਾਦ ਤੇ ਘੱਟ ਉਪਜਾਊ ਜ਼ਮੀਨਾਂ ਵੀ ਮਹਿੰਗੇ ਭਾਅ ਵਿਕਣ ਨਾਲ ਇਥੋਂ ਦੇ ਲੋਕਾਂ ਨੂੰ ਪੈਸੇ ਦੀਆਂ ਛੱਲਾਂ ਤੇ ਅਮੀਰੀ ਦੀ ਨਵੀਂ-ਨਵੀਂ ਬਹਾਰ ਵੇਖਣ ਦਾ ਮੌਕਾ ਮਿਲਿਆ ਹੈ। ਇਉਂ ਹੁਣ ਇਨ੍ਹਾਂ ਛੋਟੇ ਕਿਸਾਨਾਂ ਦੇ ਬੈਂਕਾਂ ਦੇ ਖਾਤਿਆਂ ਵਿਚ ਪਈਆਂ ਇੰਨੀਆਂ ਮੋਟੀਆਂ ਰਕਮਾਂ ਨੇ ਇਨ੍ਹਾਂ ਦੇ ਬੱਚਿਆਂ ਨੂੰ ਪੱਛਮੀ ਸਭਿਅਤਾ ਦੀਆਂ ਸਾਰੀਆਂ ਇੱਲਤਾਂ-ਮੁਲ੍ਹਮਤਾਂ ਨੂੰ ਮਾਨਣ ਤੇ ਛੱਕਾਂ ਲਾਹੁਣ ਦਾ ਰਾਹ ਦਿਖਾ ਦਿੱਤਾ ਹੈ।

ਪਰ ਜੇ ਕਿਤੇ ਇਨ੍ਹਾਂ ਨੌਜੁਆਨਾਂ ਦੇ ਕਾਰਿਆਂ ਤੋਂ ਤੰਗ ਇਨ੍ਹਾਂ ਦੇ ਦੁਖਦੇ-ਧੁਖਦੇ ਮਾਪਿਆਂ ਨੂੰ ਪੁੱਛ ਕੇ ਵੇਖੋ ਤਾਂ ਬਹੁਤੇ ਮਾਪੇ ਤਾਂ ਹੁਣ ਆਪਣੇ ਨਿਆਣਿਆਂ ਦੇ ਨਸ਼ੇੜੀ ਲੱਛਣਾਂ ਤੇ ਸ਼ਹਿਰੀ ਰੰਗਾਂ-ਢੰਗਾਂ ਨੂੰ ਵੇਖ ਕੇ ਪ੍ਰੇਸ਼ਾਨ ਤੇ ਬੇਚੈਨ ਹਨ। ਇਸ ਸਬੰਧ ਵਿਚ ਇਕ ਵਾਰ ਮੈਂ ਆਪਣੇ ਦੋਧੀ ਨੂੰ ਪੁੱਛਿਆ ਕਿ ਉਹ ਆਪਣੀ ਜ਼ਮੀਨ ਦਾ ਲੱਖਾਂ ਰੁਪਏ ਮੁਆਵਜ਼ਾ ਮਿਲਣ ਉਪਰੰਤ ਵੀ ਦੁੱਧ ਦੇ ਢੋਲ ਕਿਉਂ ਢੋਂਦਾ ਫਿਰਦਾ ਹੈ? ਉਸ ਦਾ ਰੋਣ-ਹਾਕਾ ਜਿਹਾ ਜਵਾਬ ਇਹ ਸੀ ਕਿ ਸਰਦਾਰ ਜੀ; ਕੀ ਕਰੀਏ ਸਾਡੇ ਪੁੱਤ-ਪੋਤਿਆਂ ਦੀਆਂ ਦੋ ਪੀੜ੍ਹੀਆਂ ਤਾਂ ਸਾਡੇ ਸਾਹਮਣੇ ਹੀ ਘਰਾਂ ਦੇ ਉਜਾੜੇ 'ਤੇ ਲੱਗੀਆਂ ਹੋਈਆਂ ਹਨ, ਜਿਸ ਕਰਕੇ "ਪੰਜ ਪੁੱਤ ਤੇ ਪੰਜਾਹ ਪੋਤੇ, ਬਾਬਾ ਅਜੇ ਵੀ ਘਾਹ ਖੋਤੇ" ਦੀ ਦੰਦ-ਕਥਾ ਸਹੀ ਸਾਬਿਤ ਹੋ ਰਹੀ ਹੈ।

ਪਰ ਇਹ ਵੀ ਕੁਦਰਤ ਦੀ ਵਿਡੰਬਣਾ ਹੈ ਕਿ ਸਾਡੇ ਕੋਲ ਸਾਡੇ ਸਭਿਆਚਾਰ ਤੇ ਸੰਸਕ੍ਰਿਤੀ ਦਾ ਇੰਨਾਂ ਵੱਡਾ ਸਰਮਾਇਆ ਹੋਣ ਦੇ ਬਾਵਜੂਦ ਵੀ ਅਸੀਂ ਖ਼ੁਦ ਤੇ ਸਾਡੇ ਬੱਚੇ ਔਝੜ ਰਾਹ ਪਏ ਹੋਏ ਹਾਂ। ਸਾਡੇ ਸਮਾਜ ਵਿਚ ਹੁਣ ਸਮਾਜਿਕ, ਆਰਥਿਕ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਰਾਜਨੀਤਿਕ ਪ੍ਰਸਥਿਤੀਆਂ ਤੋਂ ਪੈਦਾ ਹੋਏ ਹਾਲਾਤਾਂ ਵਿਚ ਸਪੱਸ਼ਟ ਹੈ ਕਿ ਸਾਡੇ ਇਹ ਔਂਟਲੇ ਜਿਹੇ ਨੌਜਵਾਨ ਬਾਕੀ ਸਾਰੇ ਕਿੱਤੇ-ਕੈਰੀਅਰ ਛੱਡ ਕੇ ਸਿਆਸਤ ਵੱਲ ਨੂੰ ਤੁਰ ਪਏ ਹਨ। ਇਨ੍ਹਾਂ ਦਾ ਇਹ ਹਾਲ 'ਜਿਸ ਨੇ ਲਾਈ ਗੱਲੀਂ; ਉਸ ਨਾਲ ਹੀ ਤੁਰ ਚੱਲੀ' ਅਨੁਸਾਰ 'ਜਿਥੇ ਦੇਖੀ ਤਵਾ-ਪਰਾਤ, ਉਥੇ ਕੱਟੀ ਸਾਰੀ ਰਾਤ' ਵਾਲਾ ਬਣਿਆ ਹੋਇਆ ਹੈ।

ਇਸ ਪ੍ਰਥਾਇ ਜ਼ਾਹਿਰ ਹੈ ਕਿ ਵਿਰੋਧੀ ਪਾਰਟੀ ਦੇ ਤਵੇ ਤੇ ਰੋਟੀ ਨਹੀਂ ਹੁੰਦੀ ਤੇ ਬਦਲ ਵਜੋਂ ਤੀਜੀ ਪਾਰਟੀ ਦਾ ਤਵਾ ਮੂਧਾ ਵਜਿਆ ਹੁੰਦਾ ਹੈ। ਫਿਰ ਇਕੋ-ਇਕ ਰਾਜ ਸੱਤਾ ਵਾਲੀ ਪਾਰਟੀ ਰਹਿ ਜਾਂਦੀ ਹੈ ਕਿ ਜਿਧਰੋਂ ਪਰੌਂਠਿਆਂ ਦੀ ਖ਼ੁਸ਼ਬੂ ਆ ਰਹੀ ਹੁੰਦੀ ਹੈ; ਬਸ ਫਿਰ ਇਹ ਸਾਰੇ ਥਾਲੀਆਂ ਖੜਕਾਉਂਦੇ ਉਧਰ ਨੂੰ ਹੀ ਚਾਲੇ ਪਾ ਦਿੰਦੇ ਹਨ। ਫਿਰ ਨਸ਼ੇੜੀ ਨੌਜਵਾਨਾਂ ਬਾਰੇ ਤਾਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਨੇਫ਼ੇ ਵਿਚ ਟੰਗੀ ਦਾਰੂ ਦੀ ਸ਼ੀਸ਼ੀ ਦਿਖਾ ਦਿਉ ਤੇ ਜਾਂ ਫਿਰ ਕੋਈ ਮਾੜਾ ਜਿਹਾ ਨਸ਼ਾ-ਪੱਤਾ ਤਲੀ ਤੇ ਮਲ੍ਹ ਕੇ ਸੁੰਘਾ ਦਿਓ, ਫਿਰ ਭਾਵੇਂ ਇਨ੍ਹਾਂ ਨੂੰ ਸਿਵਿਆਂ ਤੋਂ ਵੀ ਅੱਗੇ ਤੋਰ ਕੇ ਲੈ ਜਾਉ। ਅੱਜ ਰਾਜਸੱਤਾ ਦੇ ਬੂਹਿਆਂ ਤੇ ਇਹੋ ਜਿਹੇ ਲੋਕਾਂ ਦੀਆਂ ਇਉਂ ਲਾਈਨਾਂ ਲੱਗੀਆਂ ਹੁੰਦੀਆਂ ਹਨ ਕਿ ਜਿਵੇਂ ਕੀੜੀਆਂ ਦਾ ਭੌਣ ਗੁੜ ਦੀ ਰੋੜੀ ਵੱਲ ਨੂੰ ਤੁਰਿਆ ਹੋਵੇ।

ਇਸ ਤੋਂ ਇਲਾਵਾ ਨੌਜਵਾਨਾਂ ਨੂੰ ਆਪਣੇ ਰਾਹ ਤੋਂ ਭਟਕਾਉਣ ਤੇ ਥਿੜਕਾਉਣ ਲਈ ਹੁਣ ਤਾਂ ਪੰਚਾਇਤ ਚੋਣਾਂ ਤੋਂ ਲੈ ਕੇ ਮਿਉਂਸਿਪਲ ਕਮੇਟੀਆਂ, ਵਿਧਾਨ-ਸਭਾ ਤੇ ਲੋਕ-ਸਭਾ ਤੇ ਹੋਰ ਤਾਂ ਹੋਰ ਸਗੋਂ ਐੱਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਵੀ ਪੈਸੇ ਤੇ ਨਸ਼ੇ-ਪੱਤੇ ਰਿਉੜੀਆਂ ਵਾਂਗੂੰ ਵੰਡੇ ਜਾਂਦੇ ਹਨ। ਮਤਲਬ ਸਾਫ ਹੈ ਕਿ ਹੁਣ ਇਹ ਰਾਜਨੀਤੀ ਦੇ ਸੰਸਾਰ ਵਿਚ ਇਹ ਪੱਕੀ ਧਾਰਨਾ ਬਣੀ ਹੋਈ ਹੈ ਕਿ ਜਿਥੇ ਕਿਤੇ ਚੋਣ ਪ੍ਰਚਾਰ ਭਖੇਗਾ, ਉਥੇ ਚੋਣ ਦਫ਼ਤਰਾਂ ਵਿਚ ਨਸ਼ੇ ਦੇ ਪਰਮਿਟ ਮਿਲਣਗੇ ਅਤੇ ਫਿਰ ਸ਼ਰਾਬ-ਭੁੱਕੀ ਦੀਆਂ ਬੋਰੀਆਂ ਖੁੱਲ੍ਹਣਗੀਆਂ।

ਅੰਤਿਤਾ ਇਉਂ ਚੋਣਾਂ ਜਿੱਤਣ ਤੋਂ ਬਾਅਦ ਸਾਡੇ ਚੁਣੇ ਹੋਏ ਨੁਮਾਇੰਦੇ ਫਿਰ ਭ੍ਰਿਸ਼ਟਾਚਾਰ ਤੇ ਨਸ਼ੇ ਵਿਰੋਧੀ ਮੁਹਿੰਮਾਂ ਵਾਸਤੇ ਵੱਧ ਤੋਂ ਵੱਧ ਐਲਾਨਨਾਮੇ ਜਾਰੀ ਕਰਦੇ ਹਨ ਅਤੇ ਇਉਂ ਨਾਅਰਿਆਂ ਤੇ ਦਮਗਜਿਆਂ ਨਾਲ ਦੁਨੀਆਂ-ਜਹਾਨ ਦੀ ਵਾਹ-ਵਾਹ ਖੱਟੀ ਜਾਂਦੀ ਹੈ। ਫਿਰ ਸਿਤਮ ਇਹ ਹੈ ਕਿ ਸਰਕਾਰਾਂ ਆਪਣੀ ਆਬਕਾਰੀ ਆਮਦਨ ਵਧਾਉਣ ਲਈ ਤੇ ਤਸਕਰਾਂ ਨਾਲ ਭਾਈਵਾਲੀ ਨਿਭਾਉਣ ਲਈ ਪੰਜਾਬ ਦੀ ਜਵਾਨੀ ਦਾ ਸਿੱਧਾ-ਅਸਿੱਧਾ ਘਾਣ ਕਰ ਰਹੀਆਂ ਹਨ। ਬੱਸ ਸਾਡਾ ਰੱਬ ਹੀ ਰਾਖਾ ਹੈ।

ਇਉਂ ਹੀ ਫਿਰ ਆਮ ਜਨਤਾ ਨਾਲ ਲੋਕ ਭਲਾਈ ਦੇ ਕੀਤੇ ਵਾਅਦੇ ਇਕ ਵਾਰ ਫਿਰ ਲਾਰੇ-ਲੱਪੇ ਬਣ ਜਾਂਦੇ ਹਨ। ਫਿਰ ਜਿਥੋਂ ਤੱਕ ਵਿਦਿਆਰਥੀਆਂ ਦਾ ਤੁਅਲੱਕ ਹੈ, ਉਨ੍ਹਾਂ ਦੇ ਭਵਿੱਖ ਨਾਲ ਤਾਂ ਹਮੇਸ਼ਾਂ ਵਾਂਗ ਖਿਲਵਾੜ ਹੀ ਹੁੰਦਾ ਹੈ ਕਿਉਂਕਿ ਆਖਿਰ ਉਨ੍ਹਾਂ ਨੂੰ ਸਿਆਸਤ ਹੀ ਲਾਹੇਵੰਦ ਕਿੱਤਾ ਜਾਪਦੀ ਹੈ। ਫਿਰ ਸਿਆਸੀ ਮੈਦਾਨ ਵਿਚ ਇਨ੍ਹਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਨੌਜਵਾਨਾਂ ਦੀ ਮੁੱਢਲੀ ਸਿਖਲਾਈ ਵਜੋਂ ਉਨ੍ਹਾਂ ਨੂੰ ਪਰਸੁਆਰਥ ਤੋਂ ਸੁਆਰਥ ਅਤੇ ਲੋਕ ਸੇਵਾ ਤੋਂ ਜੇਬ ਸੇਵਾ ਤੱਕ ਦੇ ਸਬਕ ਪੜ੍ਹਾਏ-ਰਟਾਏ ਜਾਂਦੇ ਹਨ। ਇਹ ਹੀ ਨਹੀਂ, ਸਗੋਂ ਦੇਸ਼ ਸੇਵਾ ਤੇ ਸਮਾਜ ਭਲਾਈ ਜਿਹੇ ਆਦਰਸ਼ ਤੇ ਆਦਰਸ਼ਵਾਦ ਦੇ ਸਾਰੇ ਪਾਠ ਭੁਲਾਏ ਵੀ ਜਾਂਦੇ ਹਨ।

ਇਸ ਦੇ ਉਲਟ ਇਕ ਸੰਸਾਰ ਪ੍ਰਸਿੱਧ ਮੰਨੀ-ਪ੍ਰਮੰਨੀ ਮਾਨਤਾ ਇਹ ਵੀ ਹੈ ਕਿ ਨੌਜਵਾਨ ਕਿਸੇ ਵੀ ਦੇਸ਼ ਤੇ ਕੌਮ ਦਾ ਭਵਿੱਖ ਹੁੰਦੇ ਹਨ। ਉਨ੍ਹਾਂ ਨੇ ਹੀ ਸਾਡਾ ਸੁਨਿਹਰਾ ਭਵਿੱਖ ਚਿਤਵਣਾ ਤੇ ਬਣਾਉਣਾ ਹੁੰਦਾ ਹੈ। ਇਸ ਲਈ ਸਮਝਣ ਵਾਲੀ ਗੱਲ ਇਹ ਹੈ ਕਿ ਜਿਥੇ ਨੌਜਵਾਨਾਂ ਵਿਚ ਬੁਨਿਆਦੀ ਆਚਰਣ ਤੇ ਮੁੱਢਲੀ ਸਿਖਲਾਈ ਦੀ ਚੂਲ੍ਹ ਹੀ ਖਚਕੀ ਪਈ ਹੋਵੇ; ਉਹ ਦੇਸ਼ ਤੇ ਕੌਮ ਦੇ ਭਵਿੱਖ ਦੇ ਚੰਗੇ ਉਸਰੀਏ ਕਿਸ ਤਰ੍ਹਾਂ ਬਣ ਸਕਣਗੇ? ਇਸ ਸਾਰੀ ਸੂਰਤੇ ਹਾਲ ਵਿਚ ਬੱਸ ਪ੍ਰੇਸ਼ਾਨੀ ਤੇ ਬੇ-ਉਮੀਦੀ ਦੇ ਮਾਰੇ ਇਨ੍ਹਾਂ ਨੌਜਵਾਨਾਂ ਦਾ ਇਕੋ ਇਕ ਇਹ ਹੀ ਮਿਸ਼ਨ ਹੋਵੇਗਾ ਕਿ ਹੁਣ ਚੱਲ ਰਹੀ ਲੁੱਟ-ਖਸੁੱਟ ਤੇ ਮਾਰ-ਧਾੜ ਦੀ ਮੰਡੀ ਦੇ ਇਹ ਵੱਡੇ ਤਾਜਰ ਤੇ ਵਪਾਰੀ ਬਣ ਜਾਣ।

ਇਸ ਸਾਰੀ ਸੂਰਤੇ-ਹਾਲ ਵਿਚ ਬੇਚੈਨ ਰੂਹਾਂ ਵਾਲੇ ਇਹ ਨੌਜਵਾਨ ਹਮੇਸ਼ਾਂ ਯਤਨਸ਼ੀਲ ਰਹਿਣਗੇ ਕਿ ਜਾਂ ਤਾਂ ਪੁਰਾਣੀ ਸਿਆਸੀ ਪੀੜ੍ਹੀ ਹੁਣ ਰਾਜਭਾਗ ਉਨ੍ਹਾਂ ਦੇ ਹਵਾਲੇ ਕਰ ਦੇਵੇ ਅਤੇ ਜਾਂ ਇਹ ਬੁੱਢੇ-ਠੇਰੇ ਸਿਆਸੀ ਬੰਦੇ ਆਪਣੇ-ਆਪ ਹੀ ਇਸ ਜਹਾਨ ਤੋਂ ਰੁੱਖਸਤ ਹੋ ਜਾਣ। ਵਰਨਾ ਕੋਈ ਪਤਾ ਨਹੀਂ ਕਿ ਇਹ ਜੋਸ਼ੀਲੇ ਤੇ ਆਪ ਮੁਹਾਰੇ ਨੌਜਵਾਨ ਹੁਣ ਰਜਵਾੜਾਸ਼ਾਹੀ ਦੇ ਪੁਰਾਣੇ ਤੌਰ-ਤਰੀਕਿਆਂ ਮੁਤਾਬਿਕ ਵਡੇਰੀਆਂ ਪੀੜ੍ਹੀਆਂ ਦੇ ਗਲ ਅੰਗੂਠਾ ਦੇਣ ਦੀ ਪੁਰਾਣੀ ਪ੍ਰੰਪਰਾ ਨੂੰ ਪੁਨਰ ਸੁਰਜੀਤ ਕਰਨ ਬਾਰੇ ਹੀ ਨਾ ਸੋਚਣ ਲੱਗ ਪੈਣ।

ਇਸ ਪ੍ਰਸੰਗ ਵਿਚ ਹੁਣ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਹੁਣ ਜ਼ਮਾਨਾ ਬਦਲ ਰਿਹਾ ਹੈ ਤੇ ਦੁਨੀਆਂ ਬਦਲਾਅ ਚਾਹੁੰਦੀ ਹੈ। ਇਸ ਪੱਖੋਂ ਇਹ ਵੀ ਪ੍ਰਤੱਖ ਹੈ ਕਿ ਸਾਡਾ ਸਮੁੱਚਾ ਸਮਾਜ ਵੀ ਦਿਲੋਂ-ਮਨੋਂ ਸਮਾਜਿਕ, ਆਰਥਿਕ ਤੇ ਰਾਜਨੀਤਿਕ ਬਦਲਾਅ ਚਾਹੁੰਦਾ ਹੈ; ਪਰ ਸਿਆਸੀ ਬੰਦੇ ਤੇ ਖ਼ਾਸ ਕਰਕੇ ਸਿਆਸਤਦਾਨ ਆਗੂ ਤਬਦੀਲੀ ਤੋਂ ਤ੍ਰੇਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਜੇ ਕਿਤੇ ਚੱਲ ਰਹੇ ਲੋਟੂ-ਖੋਟੂ ਨਿਜ਼ਾਮ ਵਿਚ ਕੋਈ ਫ਼ਰਕ ਆ ਗਿਆ ਤਾਂ ਉਨ੍ਹਾਂ ਦਾ ਤੋਰੀ-ਫੁਲਕਾ ਤਾਂ ਬੰਦ ਹੋਣਾ ਹੀ ਹੈ; ਸਗੋਂ ਕਿਤੇ ਨਾਲੋ-ਨਾਲ ਛਿੱਤਰੌਲ ਵੀ ਨਾ ਹੋ ਜਾਵੇ। ਸੋ ਇਉਂ ਸਾਡੇ ਸਾਰੇ ਮੋਹਤਬਰ ਖੜਪੈਂਚ ਤੇ ਲੰਬੜਦਾਰ ਅਜਿਹੇ 'ਰੱਬੀ ਭਾਣਿਆਂ' ਤੋਂ ਬਹੁਤ ਹੀ ਡਰਦੇ ਹਨ।

ਸਾਡੇ ਅਜੋਕੇ ਦਿਸ਼ਾ-ਦਰਸ਼ਕਾਂ ਦੇ ਡਰ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਜਦੋਂ ਸਾਨੂੰ ਕਿਤੇ ਆਪਣੇ ਘਰ-ਪਰਿਵਾਰ ਤੋਂ ਲੈ ਕੇ ਸਮਾਜ-ਸੰਸਾਰ ਤੱਕ ਆਪਣੀ ਚੌਧਰ ਦਾ ਸੂਪੜਾ ਸਾਫ਼ ਹੁੰਦਾ ਦਿਸਦਾ ਹੈ ਤਾਂ ਅਸੀਂ ਕਿਸੇ ਵੀ ਅਣਸੁਖਾਵੀਂ ਤਬਦੀਲੀ ਤੋਂ ਘਬਰਾ ਕੇ ਬਿਨਾਂ-ਪਾਣੀਉਂ ਮੌਜੇ-ਜੋੜੇ ਲਾਹ ਲੈਂਦੇ ਹਾਂ। ਫਿਰ ਇਸ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਅੱਗੇ ਅਸੀਂ ਆਮ ਤੌਰ 'ਤੇ ਆਪਣੇ 'ਸੀਲ ਬੰਦ ਦਿਮਾਗਾਂ' ਤੇ ਰੂੜੀਵਾਦੀ ਸੋਚ ਦਾ ਵਿਚਾਰ ਕਰਨ ਹਿੱਤ ਪੇਸ਼ਬੰਦੀ ਵਜੋਂ ਆਪਣੇ ਦੁਆਲੇ ਦਫ਼ਾ 144 ਜ਼ਾਬਤਾ ਫ਼ੌਜਦਾਰੀ ਵਰਗੀਆਂ ਵਾੜਾਂ ਖੜ੍ਹੀਆਂ ਕਰ ਲੈਂਦੇ ਹਾਂ।

ਇਹ ਹੀ ਕਾਰਨ ਹੈ ਕਿ ਘੜੰਮ-ਚੌਧਰੀ ਬੱਸ ਲਗਦੀ ਵਾਹ ਨਾ ਤਾਂ ਸਮਾਜ ਵਿਚ ਕੋਈ ਚੰਗੀ ਸੋਚ ਉਭਰਨ ਦਿੰਦੇ ਹਨ ਤੇ ਨਾ ਹੀ ਕਿਸੇ ਸਾਰਥਕ ਕਾਰਜ ਵਾਸਤੇ ਕਿਸੇ ਨੇਕ ਖ਼ਸਲਤ ਬੰਦੇ ਨੂੰ ਕੋਈ ਪੱਲਾ ਨਹੀਂ ਫੜਾਉਂਦੇ ਹਨ। ਬਸ ਨਤੀਜਾ ਇਹ ਹੀ ਹੈ ਕਿ ਜਨਤਾ ਦਾ ਕੋਈ ਨਾ ਕੋਈ 'ਕੁੱਤੀ-ਚੀਕਾ' ਤਾਂ ਚਲ ਰਿਹਾ ਹੈ, ਪਰ ਸਾਡੀ ਰਾਜਸੀ ਵਿਵਸਥਾ ਤੇ ਪ੍ਰਬੰਧਕੀ ਢਾਂਚੇ ਵਿਚ ਜ਼ਰੂਰਤ ਹੋਣ ਦੇ ਬਾਵਜੂਦ ਵੀ ਕੋਈ ਤਬਦੀਲੀ ਨਹੀਂ ਹੋ ਰਹੀ।

ਸੋ ਇਸ ਵਾਸਤੇ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਾਡੇ ਸਮਾਜ, ਸਭਿਆਚਾਰ ਤੇ ਰਾਜਨੀਤੀ ਦਾ ਹੁਣ ਜਦੋਂ ਘੋਰੜੂ ਵੱਜ ਰਿਹਾ ਹੈ ਤਾਂ ਸਮੇਂ ਦੇ ਇਸ ਘਾਤਿਕ ਵਾਰ ਤੋਂ ਬਚਣ ਦੀ ਬੇਹੱਦ ਲੋੜ ਹੈ। ਅੱਜ ਦੁਨੀਆਂ ਨਿਰਸੰਦੇਹ ਤਬਦੀਲੀ ਚਾਹੁੰਦੀ ਹੈ, ਪਰ ਤਬਦੀਲੀ ਵਿਕਾਸ ਲਈ ਹੈ ਜਾਂ ਫਿਰ ਵਿਨਾਸ਼ ਲਈ ਇਹ ਸਾਡੇ ਅਗਵਾਨੂੰਆਂ ਦੀ ਸੋਚ 'ਤੇ ਨਿਰਭਰ ਕਰਦਾ ਹੈ।

ਇਸ ਵਾਸਤੇ ਹੁਣ ਸਭ ਤੋਂ ਪਹਿਲਾਂ ਸਾਨੂੰ ਆਪਣੀ ਮਾਨਸਿਕਤਾ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ। ਇਸ ਲਈ ਸਾਨੂੰ ਹੁਣ ਕੌਮੀ ਪੱਧਰ 'ਤੇ ਵਾਅਦਿਆਂ ਤੇ ਇਰਾਦਿਆਂ ਦੇ ਵਿਚਲੇ ਫ਼ਰਕ ਨੂੰ ਸਮਝਣਾ ਪਵੇਗਾ। ਸੋ ਹੁਣ ਸਮੁੱਚੀ ਕੌਮ ਨੂੰ ਆਪਣੇ ਨਿੱਜ-ਸੁਆਰਥ ਤੋਂ ਪਹਿਲਾਂ ਪਰਸੁਆਰਥ, ਪਾਰਟੀ ਤੋਂ ਪਹਿਲਾਂ ਦੇਸ਼ ਅਤੇ 'ਗੱਲਾਂ ਘੱਟ ਤੇ ਕੰਮ ਜ਼ਿਆਦਾ' ਜਿਹੇ ਨੈਤਿਕ ਤੇ ਅਨੁਸਾਸ਼ਨੀ ਸੂਤਰਾਂ ਨੂੰ ਆਪਣੀ ਪ੍ਰਬੰਧਕੀ ਵਿਵਸਥਾ ਵਿਚ ਸਭ ਤੋਂ ਉਪਰ ਰੱਖਣ ਤੇ ਅਮਲ ਵਿਚ ਲਿਆਉਣ ਦੀ ਲੋੜ ਹੈ। ਸਪੱਸ਼ਟ ਹੈ ਕਿ ਅੱਜ ਦੇਸ਼ ਨੂੰ ਝੂਠੇ ਵਾਅਦੇ ਤੇ ਲਾਰੇ-ਲੱਪੇ ਨਹੀਂ ਚਾਹੀਦੇ, ਸਗੋਂ ਇਸ ਦੀ ਥਾਂ ਬੁਲੰਦ ਇਰਾਦੇ, ਨੇਕ-ਨੀਅਤਾਂ ਅਤੇ ਨੇਕ ਨੀਤੀਆਂ ਚਾਹੀਦੀਆਂ ਹਨ।

ਜ਼ਾਹਿਰ ਹੈ ਕਿ ਇਹ ਹੁਣ ਅਜੋਕੇ ਸਮੇਂ ਦੀ ਪ੍ਰਬਲ ਮੰਗ ਬਣ ਚੁੱਕੀ ਹੈ ਕਿ ਅੱਜ ਦੇਸ਼ ਤੇ ਕੌਮ ਨੂੰ ਸਾਫ਼-ਸੁਥਰੀ ਤੇ ਪਾਰਦਰਸ਼ੀ ਸਰਕਾਰ ਤੇ ਪ੍ਰਸ਼ਾਸਨਿਕ ਪ੍ਰਣਾਲੀ ਦਿੱਤੀ ਜਾਵੇ। ਇਸ ਵਾਸਤੇ ਹੁਣ ਨੇਕ ਇਰਾਦੇ, ਨੇਕ ਨੀਅਤ ਤੇ ਨੇਕ ਨੀਤੀਆਂ ਵਾਲੇ ਖੁਦਾਈ ਖਿਦਮਤਗਾਰ ਆਗੂਆਂ ਦੀ ਲੋੜ ਹੈ, ਜੋ ਕਿ ਦੇਸ਼ ਤੇ ਲੋਕ ਭਲਾਈ ਹਿੱਤ ਸਾਰਥਿਕ ਤੇ ਸੁਚਾਰੂ ਨੀਤੀਆਂ ਨੂੰ ਕਾਰਆਮਦ ਕਰ ਸਕਣ।

ਇਸ ਸੰਦਰਭ ਵਿਚ ਹੀ ਜਦੋਂ ਕਿਤੇ ਅੱਗੇ ਸਾਡੇ ਭਵਿੱਖ ਦੇ ਵਾਰਿਸ ਨੌਜੁਆਨਾਂ ਦੀ ਵਿਗੜਦੀ ਜਾ ਰਹੀ **ਦਸ਼ਾ ਤੇ ਦਿਸ਼ਾ** ਦੀ ਗਲ ਚਲਦੀ ਹੈ ਤਾਂ ਬਲੇਮ-ਗੇਮ ਭਾਵ ਇਕ-ਦੂਜੇ 'ਤੇ ਦੋਸ਼ ਮੜ੍ਹਨ ਦੀ ਖੇਡ ਸ਼ੁਰੂ ਹੋ ਜਾਂਦੀ ਹੈ। ਇਸ ਦਾ ਸਿੱਧਾ-ਪੱਧਰਾ ਮਤਲਬ ਇਹ ਹੈ ਕਿ ਕਿਤੇ ਨਾ ਕਿਤੇ ਸਾਡੇ ਸਮਾਜ ਵਿਚ 'ਕਸੂਰ ਕੋਈ ਕਰੇ ਤੇ ਭਰੇ ਕੋਈ' ਦੀ



Original with;
Kulbir Singh Sidhu(I.A.S)
Digitized by;
Panjab Digital Library

ਕੋਝੀ ਮਾਨਸਿਕਤਾ ਹਮੇਸ਼ਾਂ ਹੀ ਰਹੀ ਹੈ। ਇਸ ਲਈ ਸਪੱਸ਼ਟ ਹੈ ਕਿ ਬੱਚਿਆਂ ਦੀ ਸਿਖਲਾਈ ਦੇ ਸਬੰਧ ਵਿਚ ਗਲਤੀ ਤਾਂ ਅਸੀਂ ਆਪ ਕਰ ਰਹੇ ਹਾਂ, ਪਰ ਨੌਜਵਾਨਾਂ ਨੂੰ ਅਸੀਂ ਕਸੂਰਵਾਰ ਠਹਿਰਾ ਕੇ ਆਪਣੇ ਆਪ ਨੂੰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜਦੋਂ ਇਉਂ ਅਸੀਂ ਨੌਜੁਆਨਾਂ ਦੇ ਚਰਿੱਤਰ ਵਿਚ ਆਈ ਗਿਰਾਵਟ ਦਾ ਠੂਣਾਂ ਉਨ੍ਹਾਂ ਦੇ ਸਿਰ ਭੰਨਦੇ ਹਾਂ ਤਾਂ ਫਿਰ ਸਾਡੇ ਬੱਚੇ ਹੋਰ ਵੀ ਸਿੱਧੇ ਤੇ ਸਪੱਸ਼ਟ ਸ਼ਬਦਾਂ ਵਿਚ ਪਲਟਵਾਰ ਕਰਦੇ ਹੋਏ, ਸਾਨੂੰ ਇਸ ਸਭ ਕਾਸੇ ਲਈ ਦੋਸ਼ੀ ਗਰਦਾਨਦੇ ਹਨ।

ਇਸ ਪ੍ਰਸੰਗ ਵਿਚ ਖ਼ਾਸ ਕਰਕੇ ਜਦੋਂ ਸਾਡੇ ਬੱਚੇ ਕਿਸੇ ਵੀ ਸੰਗੀਨ ਜਿਹੇ ਵਿਸ਼ੇ 'ਤੇ ਗੱਲ ਕਰਦੇ ਹੋਏ ਸਾਨੂੰ ਸੁਭਾਵਿਕ ਹੀ ਇਹ ਕਹਿੰਦੇ ਹਨ ਕਿ ਮਾਪਿਓ! ਤੁਸੀਂ ਇਹ ਸਧਾਰਨ ਜਿਹੀ ਗਲ ਕਿਉਂ ਨਹੀਂ ਸਮਝਦੇ ਤਾਂ ਇਸ ਸੂਰਤ ਵਿਚ ਉਹ ਸਾਨੂੰ ਬੜੇ ਗੁਸਤਾਖ਼ ਤੇ ਬੜਬੋਲੇ ਲਗਦੇ ਹਨ। ਸੱਚੀ ਗਲ ਤਾਂ ਇਹ ਹੈ ਕਿ ਉਦੋਂ ਸਾਡੀ ਹਉਮੈਂ ਨੂੰ ਠੇਸ ਲਗਦੀ ਹੈ ਕਿਉਂਕਿ ਸਾਡੀ ਜ਼ਿੰਦਗੀ ਦੇ ਪਿਛਲੇ 30-40 ਸਾਲ ਤੋਂ ਸਾਡੀ ਹੈਂਕੜ ਨੂੰ ਇੰਨੇ ਪੱਠੇ ਪਏ ਹੁੰਦੇ ਹਨ ਕਿ ਅਸੀਂ ਆਪਣੇ-ਆਪ ਨੂੰ ਹਰਫ਼ਨ-ਮੌਲਾ ਹੀ ਸਮਝਣ ਲਗ ਪੈਂਦੇ ਹਨ। ਬਹਿਰਹਾਲ! ਜਦੋਂ ਨਵੀਂ ਪੀੜ੍ਹੀ ਸਾਡੇ ਗੁਣਾਂ-ਗਿਆਨਾਂ 'ਤੇ ਕਿੰਤੂ-ਪ੍ਰੰਤੂ ਕਰਦੀ ਹੈ ਤਾਂ ਸਾਡੀ ਅਕਲ ਦੇ ਅਥਰੇ ਘੋੜੇ ਬਿਦਕ ਜਾਂਦੇ ਹਨ ਅਤੇ ਇਉਂ ਸਾਡੀ ਸਾਰੀ ਸਿਆਣਪ ਬੇਅਕਲੀ ਦੇ ਬੂਹੇ 'ਤੇ ਜਾ ਖੜ੍ਹਦੀ ਹੈ।

ਦਰਅਸਲ ਫਿਰ ਅਸੀਂ ਆਪਣੇ ਬੱਚਿਆਂ ਨੂੰ ਇਹ ਵੀ ਦਸਣਾ ਚਾਹੁੰਦੇ ਹਾਂ ਕਿ ਸਾਨੂੰ ਕੋਈ ਜਾਣਕਾਰੀ ਜਾਂ ਸਮਝ ਨਹੀਂ ਹੈ; ਇਹ ਗਲ ਤਾਂ ਸਾਨੂੰ ਕਦੇ ਕਿਸੇ ਟੁੰਡੀ-ਲਾਟ ਦੇ ਸਾਲੇ ਨੇ ਵੀ ਨਹੀਂ ਕਹੀ। ਦਰਹਕੀਕਤ ਗਲ ਤਾਂ ਇਹ ਹੈ ਕਿ ਜਦੋਂ ਸਾਨੂੰ ਆਪਣੀ ਅਕਲਮੰਦੀ ਸਬੰਧੀ ਇਉਂ ਕਿਤੇ ਅਲੋਚਨਾ ਮਾਤਰ ਬੱਚਿਆਂ ਤੋਂ ਕੋਈ ਨਵਾਂ ਇਲਹਾਮ ਸੁਨਣਾ ਪੈਂਦਾ ਹੈ ਤਾਂ ਨਿਰਸੰਦੇਹ ਸਾਡੇ ਗੁਮਾਨ ਤੇ ਘਮੰਡ ਦਾ ਕੜ੍ਹ ਟੁੱਟਦਾ ਜਾਪਦਾ ਹੈ। ਉਦੋਂ ਫਿਰ ਸਾਡੇ ਅੰਦਰ ਦਾ ਹੰਕਾਰ ਬੋਲ ਉਠਦਾ ਹੈ ਕਿ ਅਸੀਂ ਠੀਕ ਹਾਂ ਕਿਉਂਕਿ ਅਸੀਂ ਬੱਚਿਆਂ ਨੂੰ ਜਨਮ ਦਿੱਤਾ ਹੈ; ਨਾ ਕਿ ਸਾਨੂੰ ਬੱਚਿਆਂ ਨੇ ਜਨਮ ਦਿੱਤਾ ਹੈ।

ਫਿਰ ਇਸ ਤਰ੍ਹਾਂ ਹੀ ਜਦੋਂ ਸਾਡੇ ਨੌਜਵਾਨ ਬੱਚੇ ਕਿਤੇ ਸਾਨੂੰ ਇਹ ਮੰਨਣ ਲਈ ਮਜਬੂਰ ਕਰਦੇ ਹਨ ਕਿ ਇਹ ਕੋਈ ਬੜੀ ਵੱਡੀ ਡੀਲ ਨਹੀਂ ਹੈ ਕਿ ਅਸੀਂ ਮੰਨ ਲਈਏ ਕਿ ਆਧੁਨਿਕ ਤਕਨੀਕਾਂ ਦੇ ਪੱਖੋਂ ਸਾਡਾ ਗਿਆਨ ਤੇ ਜਾਣਕਾਰੀ ਅਧੂਰੀ ਹੈ ਤਾਂ ਵੀ ਸਾਨੂੰ ਉਹ ਭੈੜੇ ਲੱਗਦੇ ਹਨ। ਪਰ ਇਥੇ ਰੱਬ ਲੱਗਦੀ ਗੱਲ ਇਹ ਹੈ ਕਿ ਸਾਨੂੰ ਸਚਮੁੱਚ ਹੀ ਮੰਨ ਲੈਣਾ ਚਾਹੀਦਾ ਹੈ ਕਿ ਹੁਣ ਅਸੀਂ ਆਪਣੇ ਬੱਚਿਆਂ ਦੀਆਂ ਪੀੜ੍ਹੀਆਂ ਨੂੰ ਸਹੀ ਦਿਸ਼ਾ ਦੇਣ ਦੀ ਸਥਿਤੀ ਵਿਚ ਹੀ ਨਹੀਂ ਹਾਂ।

ਇਸ ਤਰ੍ਹਾਂ ਜਦੋਂ ਸਾਡਾ ਵਾਹ ਜੀਵਨ ਦੇ ਯਥਾਰਥ ਨਾਲ ਪੈਂਦਾ ਹੈ ਤੇ ਸਾਡਾ ਮੱਥਾ ਜ਼ਿੰਦਗੀ ਦੀ ਅਸਲੀਅਤ ਨਾਲ ਜਾ ਲਗਦਾ ਹੈ ਤਾਂ ਉਦੋਂ ਸਾਨੂੰ ਕੁਦਰਤ ਦੇ ਰੰਗਾਂ ਤੇ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਦਾ ਚਾਨਣ ਹੋਣ ਲਗਦਾ ਹੈ ਅਤੇ ਸਾਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਰੱਬ ਯਾਦ ਆਉਂਦਾ ਹੈ। ਸਦਅਫ਼ਸੋਸ ਕਿ ਫਿਰ ਵੀ ਅਸੀਂ ਸੋਝੀ ਦੇ ਘਰ ਘਟ ਹੀ ਆਉਂਦੇ ਹਾਂ, ਸਗੋਂ ਅਸੀਂ ਕਪੜਿਆਂ ਤੋਂ ਬਾਹਰ ਹੋ ਕੇ ਘਰ-ਪਰਿਵਾਰ ਦੇ ਦਾਇਰੇ ਤੋਂ ਭਜ ਨਿਕਲਦੇ ਹਾਂ।

ਬੇਸ਼ੱਕ ਮੰਨਿਆ ਕਿ ਇਹ ਵੀ ਇਨਸਾਨੀ ਫਿਤਰਤ ਹੈ ਕਿ ਹਰ ਬੰਦਾ ਸੁਖ-ਸੁਆਦ ਤੇ ਸੁਖ-ਆਰਾਮ ਅਤੇ ਅੱਗੇ ਐਸ਼ੋ-ਇਸ਼ਰਤ ਵਲ ਝੁਕਾਅ ਰੱਖਦਾ ਹੈ ਅਤੇ ਮਿਹਨਤ-ਮੁਸ਼ਕਤ ਤੋਂ ਕੰਨੀ ਕਤਰਾਉਂਦਾ ਹੈ, ਪਰ ਆਖਿਰ ਨੂੰ ਦੁਨੀਆਂ ਦੇ ਵਿਚਾਰਵਾਨਾਂ ਨੇ ਇਸ ਇਨਸਾਨੀ ਦਵੰਧ ਦਾ ਨਿਰਣਾ ਇਉਂ ਕੀਤਾ ਹੈ :

ਮਨੋਰਥ ਇਕ ਹੀ ਤਾਂ ਸੀ : 'ਸਿਕੰਦਰ ਤੇ ਸਿਧਾਰਥ' ਦਾ
ਇਕ ਦਾ ਰਸਤਾ 'ਰੂਹਾਨੀ' ਸੀ ਦੂਜੇ ਦਾ 'ਸੁਆਰਥ' ਦਾ

ਇਸ ਵਾਸਤੇ ਹੀ ਸਾਨੂੰ ਸਭ ਨੂੰ ਇਹ ਵੀ ਸਮਾਜਿਕ ਸੋਝੀ ਆਉਣ ਦੀ ਲੋੜ ਹੈ ਕਿ "ਮੰਗਦੇ ਹੱਥਾਂ ਨਾਲੋਂ ਕਿਤੇ ਦਿੰਦੇ ਹੱਥ ਕਿਤੇ ਬਿਹਤਰ ਹੁੰਦੇ ਹਨ"। ਇਸ ਲਈ ਸਾਨੂੰ ਸ਼ੁਰੂ ਤੋਂ ਹੀ ਖ਼ੁਦ ਆਪਣੇ ਆਪ ਨੂੰ ਤੇ ਫਿਰ ਆਪਣੇ ਨੌਜੁਆਨਾਂ ਨੂੰ ਮੰਗਣ ਦੀ ਥਾਂ ਕੁਝ ਪਰਸੁਆਰਥ ਦਾ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਕਿ ਜਿਸ ਸਦਕਾ ਅਸੀਂ ਗੁਰਬਾਣੀ ਦੀ ਸੰਥਾ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ" ਦੇ ਭਾਵਅਰਥ ਨੂੰ ਧੁਰ ਆਤਮਾ ਤੋਂ ਆਪਣੇ ਮਨਾਂ ਵਿਚ ਵਸਾ ਕੇ ਜ਼ਿੰਦਗੀ ਵਿਚ ਆਪਣੇ ਇਖ਼ਲਾਕੀ ਤੇ ਸਮਾਜਿਕ ਫ਼ਰਜ਼ਾਂ ਨੂੰ ਨਿਭਾ ਸਕੀਏ।

ਇਸ ਸੰਦਰਭ ਵਿਚ ਬਾਬਾ ਨਾਨਕ ਨੇ ਸਿੱਖੀ ਦੇ ਤਿੰਨ ਮੁੱਢਲੇ ਸਿਧਾਂਤਾਂ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣੀ ਦੇ ਅਧਾਰ 'ਤੇ ਸਿੱਖ ਮਤ ਨੂੰ ਦੁਨੀਆਂ ਵਿਚ ਨਸ਼ਰ ਕੀਤਾ ਸੀ। ਇਸ ਪ੍ਰਥਾਇ ਕਿਸੇ ਵੀ ਲੋੜਵੰਦ ਤੇ ਗਰੀਬ ਦੀ ਮਦਦ ਕਰਨ ਅਤੇ ਫਿਰ ਉਸ ਸੇਵਾ ਭਾਵਨਾ ਨੂੰ ਰੱਬ ਦੇ ਲੇਖੇ ਲਾ ਦੇਣ ਦੀ ਸਲਾਹੀਅਤ ਦਾ ਜ਼ਿਕਰੇ-ਖ਼ਾਸ ਭਗਵਤ ਗੀਤਾ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਸਾਡੇ ਰਹਿਬਰਾਂ ਵਲੋਂ ਖ਼ਸੂਸੀ ਤੌਰ 'ਤੇ ਕੀਤਾ ਗਿਆ ਹੈ।

ਬਹਿਰਹਾਲ ! ਅਕਸਰ ਹੀ ਬੰਦੇ ਨੂੰ ਜੀਵਨ ਵਿਹਾਕੇ ਕੋਈ ਭਲੀ ਸੋਝੀ ਆਉਣ ਵਿਚ **ਬਾਬਾ ਫ਼ਰੀਦ** ਦੇ ਕਥਨ : "ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ" ਦੇ ਮੁਤਾਬਿਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਖ਼ੈਰ! ਫਿਰ ਵੀ ਜੀਵਨ ਸਾਧਨਾ ਦਾ ਨੇਮ ਹੈ ਕਿ ਬਿਲਕੁਲ ਹੀ ਕੁਝ ਨਾ ਹੋਣ ਨਾਲੋਂ ਦੇਰ-ਸਵੇਰ ਹੀ ਕੁਝ ਚੰਗਾ ਹੋਣ ਕਿਤੇ ਬੇਹਤਰ ਹੁੰਦਾ ਹੈ। ਦੁਨੀਆਂਦਾਰੀ ਦੇ ਵਪਾਰਿਕ ਜਿਹੇ ਰਾਹ 'ਤੇ ਤਾਂ ਇਕ ਵਾਰੀ ਮੌਕੇ ਤੋਂ ਖੁੰਝੇ ਆਦਮੀ ਵਾਸਤੇ 'ਵੇਲੇ ਦਾ ਰਾਗ ਤੇ ਕੁਵੇਲੇ ਦੀਆਂ ਟੱਕਰਾਂ ਬਣ ਜਾਂਦਾ ਹੈ; ਪਰ ਅਧਿਆਤਮ ਮਾਰਗ ਤੇ ਰਬ ਨੇ ਬੰਦੇ ਨੂੰ ਪ੍ਰਾਣਾਂ ਦੇ ਆਖਰੀ ਛੋਰ ਤਕ ਸੁਧਰਨ ਦੀ ਛੋਟ ਦਿੱਤੀ ਹੈ।

ਇਸ ਲਈ ਮਨੁੱਖਤਾਂ ਤੋਂ ਮਾਨਵਤਾ ਤਕ ਜਾਂਦੇ ਪ੍ਰਮਾਰਥ ਦੇ ਰਾਹ 'ਤੇ 'ਦੇਰ



*Original with;*
Kulbir Singh Sidhu(I.A.S)
*Digitized by;*
Panjab Digital Library

ਆਏ ਦਰੁਸਤ ਆਏ' ਦੀ ਧਾਰਨਾ ਮਨੁੱਖੀ ਸਮਾਜ ਵਾਸਤੇ ਸਾਰੇ ਧਰਮਾਂ ਵਿਚ ਪ੍ਰਵਾਨਿਤ ਹੈ। ਬੱਸ ਸੋਝੀ ਦੇ ਘਰ ਆਉਣ ਲਈ ਹਜ਼ਾਰਾਂ ਕੋਹਾਂ ਦੇ ਪੈਂਡੇ 'ਤੇ ਇਕ ਪੁਲਾਂਘ ਪੁੱਟਣ ਦੀ ਹੀ ਲੋੜ ਹੁੰਦੀ ਹੈ। ਅੱਗੇ ਭਾਈ ਗੁਰਦਾਸ ਜੀ ਦੇ ਅਨੁਸਾਰ 'ਗੁਰੂ ਕੋਟਿ ਪੈਂਡਾ ਚਲ ਕੇ ਆਪ ਹੀ ਆਣ ਮਿਲਦਾ ਹੈ'। ਇਸ ਪ੍ਰਸੰਗ ਵਿਚ ਅਜ ਸਾਨੂੰ ਆਪਣੀਆਂ ਅਜੋਕੀਆਂ ਨੌਜਵਾਨ ਪੀੜ੍ਹੀਆਂ ਵਾਸਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਹੀਲੇ-ਵਸੀਲੇ ਕਰਨ ਤੋਂ ਇਲਾਵਾ ਨੌਜਵਾਨਾਂ ਨੂੰ ਆਪਣੇ ਮਹਾਨ ਪੁਰਖਿਆਂ ਦੇ ਫ਼ਲਸਫ਼ੇ ਤੇ ਸਿੱਖਿਆ ਨਾਲ ਜੋੜਦੇ ਹੋਏ, ਆਪਣੇ ਦੇਸ਼ ਦੇ ਆਦਰਸ਼ ਨਾਗਰਿਕ ਬਣਾਉਣ ਦੀ ਵੀ ਅਤਿਅੰਤ ਜ਼ਰੂਰਤ ਹੈ।

ਇਸ ਸੰਦਰਭ ਵਿਚ ਹੀ ਸਾਨੂੰ ਰਾਸ਼ਟਰਪਤੀ ਕੈਨੇਡੀ ਦੀ ਨਸੀਹਤ ਵੀ ਯਾਦ ਰਖਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਕਿਹਾ ਸੀ ਕਿ 'ਇਹ ਪੁੱਛਣ ਤੋਂ ਪਹਿਲਾਂ ਕਿ ਦੇਸ਼ ਤੁਹਾਡੇ ਵਾਸਤੇ ਕੀ ਕਰ ਰਿਹਾ ਹੈ; ਤੁਸੀਂ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਦੇਸ਼ ਵਾਸਤੇ ਕੀ ਕਰ ਰਹੇ ਹੋ'। ਇਉਂ ਹੀ ਸਾਡੇ ਇਸ ਵੱਡੇ ਕੌਮੀ ਤੇ ਸਮਾਜਿਕ ਫ਼ਰਜ਼ ਦੇ ਪ੍ਰਸੰਗ ਵਿਚ ਸਾਨੂੰ ਆਪਣੇ ਵਿਦਿਆਰਥੀਆਂ ਤੇ ਨੌਜੁਆਨਾਂ ਦੇ ਮਨਾਂ ਵਿਚ ਹੁਣ ਇਹ ਭਾਵਨਾ ਪੈਦਾ ਕਰਨ ਦੀ ਲੋੜ ਹੈ ਕਿ ਉਹ ਸਰਕਾਰੀ ਨਿਆਜ਼ ਤੇ ਲਿਹਾਜ਼ ਵਜੋਂ ਨੌਕਰੀਆਂ ਮੰਗਣ ਦੀ ਬਜਾਏ ਉਹ ਦੇਸ਼ ਤੇ ਸਮਾਜ ਸੇਵਾ ਦੇ ਸਿਰਜਣਾਤਮਿਕ ਤੇ ਸਾਰਥਿਕ ਕੰਮਾਂ ਵਿਚ ਰੁਚਿਤ ਹੋਣ। ਇਸ ਵਾਸਤੇ ਸਮੁੱਚੇ ਤੌਰ 'ਤੇ ਅਜ ਸਾਨੂੰ ਸਭ ਨੂੰ ਵੀ ਕੌਮੀ ਪੱਧਰ 'ਤੇ ਆਪਣੇ ਵਿਚ ਅਜ਼ਾਦ ਮਾਨਸਿਕਤਾ ਤੇ ਭਗਤੀ-ਭਾਵਨਾ ਨਾਲ ਚੰਗੇ ਕੰਮ ਕਰਨ ਦੀ ਸਮਰਥਾ ਨੂੰ ਜਾਗ੍ਰਿਤ ਕਰਨ ਉਪਰੰਤ ਆਪਣੇ ਦੇਸ਼ ਤੇ ਕੌਮ ਨੂੰ ਸਮਰਪਿਤ ਹੋਣ ਦੀ ਜ਼ਰੂਰਤ ਹੈ। ਆਮੀਨ!



*Original with;*
Kulbir Singh Sidhu(I.A.S)
*Digitized by;*
Panjab Digital Library

# ਪ੍ਰਦੂਸ਼ਣੀ ਲਗੜਾਂ ਨੇ ਘੇਰੀ ਜਿੰਦੜੀ

ਕਾਦਰ ਦੀ ਕੁਦਰਤ ਅਗੰਮ, ਅਗੋਚਰ ਤੇ ਅਪਰੰਪਾਰ ਹੈ। ਇਸ ਦੀ ਅਨੰਤ ਵਿਸ਼ਾਲਤਾ ਵਿਚ ਸ੍ਰਿਸ਼ਟੀ ਪਣਪੀ, ਪਸਰੀ ਤੇ ਵਿਗਸੀ ਹੈ। ਫਿਰ ਇਸ ਬਲਿਹਾਰੀ ਕੁਦਰਤ ਦੀ ਗੋਦ ਵਿਚ ਹੀ ਸਾਡੀ ਧਰਤੀ ਜੰਮੀ-ਪਲੀ ਤੇ ਮੌਲੀ-ਮੱਲੀ ਹੈ। ਇਉਂ ਹੀ ਫਿਰ ਅਗੇ ਧਰਤੀ ਮਾਂ ਦੀ ਗੋਦ ਵਿਚ ਲੋਕਾਈ ਆਪਣੇ ਮੌਜੂਦਾ ਵਿਗਾਸ ਤੇ ਵਿਕਾਸ ਨੂੰ ਪਹੁੰਚੀ ਹੈ। ਕੁਦਰਤ ਨੇ ਮਨੁੱਖਤਾ ਨੂੰ ਹਵਾ, ਪਾਣੀ, ਬਨਸਪਤੀ ਤੇ ਖਣਿੰਜਾਂ ਜਿਹੇ ਆਪਣੇ ਬੇਸ਼ਕੀਮਤੀ ਸੋਮਿਆਂ ਨਾਲ ਸਰਾਬੋਰ ਕੀਤਾ ਹੈ।

ਇਸ ਪ੍ਰਸੰਗ ਵਿਚ ਸਪਸ਼ਟ ਹੈ ਕਿ ਕੁਦਰਤ ਨੇ ਸਾਡੀ ਦੁਨੀਆਂ ਦੀ ਪਾਲਣਾ-ਪੋਸਣਾ ਕੀਤੀ ਹੈ, ਪਰ ਇਸ ਦੇ ਬਾਵਜੂਦ ਵੀ ਅਜੋਕੀ ਦੁਨੀਆਂ ਖਾਸੇ ਸਮੇਂ ਤੋਂ ਕੁਦਰਤ ਦੇ ਬੇਅੰਤ ਸੁਖਮਈ ਵਾਤਾਵਰਣ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਲੋਕਾਈ ਹਮੇਸ਼ਾਂ ਹੀ ਕੁਦਰਤ ਦੇ ਅਣਮੋਲ ਕੁਦਰਤੀ ਖਜ਼ਾਨਿਆਂ ਤੇ ਦੌਲਤਾਂ ਨਾਲ ਸਰਸ਼ਾਰ ਰਹੀ ਹੈ, ਪਰ ਦੁੱਖ ਦੀ ਗੱਲ ਹੈ ਕਿ ਹੁਣ ਸਾਡੀ ਅਜੋਕੀ ਸਭਿਅਤਾ ਕੁਦਰਤੀ ਸਰੋਤਾਂ-ਸੋਮਿਆਂ ਨੂੰ ਪ੍ਰਦੂਸ਼ਿਤ ਕਰਨ ਦੇ ਰਾਹ ਪਈ ਹੋਈ ਹੈ। ਅਸੀਂ ਮੌਜੂਦਾ ਦੌਰੇ-ਦੌਰਾਂ ਵਿਚ ਖ਼ਾਸ ਕਰਕੇ ਵਿਕਾਸ ਦੇ ਨਾਂ 'ਤੇ ਆਪਣੇ ਹੀ ਵਿਨਾਸ਼ ਦੇ ਰਾਹ 'ਤੇ ਤੁਰੇ ਹੋਏ ਹਾਂ, ਕਿਉਂਕਿ ਅਸੀਂ ਹਵਾ ਤੇ ਪਾਣੀ ਜਿਹੇ ਆਪਣੇ ਜੀਵਨਦਾਇਕ ਪ੍ਰਾਣ-ਅਧਾਰਾਂ ਨੂੰ ਪ੍ਰਦੂਸ਼ਿਤ ਕਰਨ ਦੇ ਰਾਹ ਤੁਰੇ ਹੋਏ ਹਾਂ। ਫਿਰ ਇਸ ਨੂੰ ਵੀ ਮਨੁੱਖ ਦੀ ਫ਼ਿਤਰਤੀ ਵਿਡੰਬਣਾ ਹੀ ਕਹੀਏ ਕਿ ਜਿਹੜਾ ਹੱਥ ਇਸ ਦੇ ਮੂੰਹ ਵਿਚ ਰੋਟੀ ਪਾਉਂਦਾ ਹੈ, ਉਸ ਹੱਥ ਨੂੰ ਹੀ ਇਹ ਦੰਦੀ ਵੱਢ ਲੈਂਦਾ ਹੈ।

ਜੱਗ ਜ਼ਾਹਿਰ ਹੈ ਕਿ ਇਸ ਤਰ੍ਹਾਂ ਅਸੀਂ ਆਪਣਾ ਹੀ ਵਿਨਾਸ਼ ਕਰ ਰਹੇ ਹਾਂ। ਸਾਡੇ ਅਜੋਕੇ ਜੀਵਨ ਦੀ ਸਭ ਤੋਂ ਵੱਡੀ ਸਮੱਸਿਆ ਹਵਾ ਤੇ ਪਾਣੀ ਦਾ ਪ੍ਰਦੂਸ਼ਣ ਹੈ। ਇਉਂ ਹੀ ਹਰੇਕ ਤਰ੍ਹਾਂ ਦੇ ਪ੍ਰਦੂਸ਼ਣਾਂ ਨੇ ਸਾਡੇ ਜੀਵਨ ਨੂੰ ਘੇਰਿਆ ਹੋਇਆ ਹੈ, ਇਸ ਲਈ ਸਿਰਫ਼ ਸਾਡਾ ਸਮਾਜ ਹੀ ਨਹੀਂ, ਸਗੋਂ ਸਾਡਾ ਸਾਰਾ ਵਾਤਾਵਰਣ ਵੀ ਪ੍ਰਦੂਸ਼ਣ ਗ੍ਰਸਤ ਹੋ ਚੁੱਕਾ ਹੈ। ਸਾਡੇ ਵਾਯੂਮੰਡਲ ਵਿਚ ਇੰਨੀਆਂ ਕੁ ਜ਼ਹਿਰੀਲੀਆਂ ਗੈਸਾਂ, ਹਵਾਵਾਂ ਤੇ ਧੂਏਂ ਜਿਹੀਆਂ ਵਬਾਵਾਂ ਸ਼ਾਮਿਲ ਹੋ ਚੁੱਕੀਆਂ ਹਨ ਕਿ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ ਹੈ। ਸਾਡੀ ਸਾਹ ਲੈਣ ਦੀ ਪ੍ਰਕਿਰਿਆ ਵਿਚ ਸਾਡੇ ਆਕਸੀਜ਼ਨ ਦੇ ਸਰੋਤ ਰੁੱਖ ਖ਼ੁਦ ਹੀ ਪ੍ਰਦੂਸ਼ਣ ਦੇ ਕਾਰਨ ਦਮ ਤੋੜ ਚੁਕੇ ਹਨ।

ਇਸ ਤਰ੍ਹਾਂ ਹੀ ਵਧਦੀ ਅਬਾਦੀ ਲਈ ਵਿਕਾਸ ਦੇ ਨਾਂ 'ਤੇ ਜਿਹੜੀਆਂ ਨਵੀਆਂ



Original with;
Kulbir Singh Sidhu(I.A.S)
Digitized by;
Panjab Digital Library

ਬਸਤੀਆਂ ਬਣਾਈਆਂ ਜਾ ਰਹੀਆਂ ਹਨ, ਉਨ੍ਹਾਂ ਦੇ ਕਾਰਨ ਕੁਦਰਤੀ ਜੰਗਲਾਂ ਦੀ ਥਾਂ ਪੱਥਰ, ਕੰਕਰੀਟ ਤੇ ਸਰੀਏ ਦੇ ਜੰਗਲ ਨਿਤ ਦਿਹਾੜੇ ਉਗ ਰਹੇ ਹਨ। ਇਉਂ ਹੀ ਸੜਕਾਂ ਚੌੜੀਆਂ ਕਰਨ ਵਾਸਤੇ ਜਿਹੜਾ ਬਨਸਪਤੀ ਜਗਤ ਦਾ ਘਾਣ ਸਾਡੇ ਕੁਹਾੜੇ ਦੀ ਮਾਰ ਹੇਠ ਹੋਇਆ ਹੈ; ਉਹ ਜ਼ਿਕਰੋਂ ਬਾਹਰ ਹੈ।

ਇਸ ਤੋਂ ਇਲਾਵਾ ਜ਼ਮੀਨਾਂ ਦੀ ਮੁਰੱਬਾਬੰਦੀ ਦੇ ਸਮੇਂ ਤੋਂ ਲੈ ਕੇ ਹੁਣ ਤਕ ਦਰੱਖਤਾਂ ਦੀ ਬੜੀ ਬੇਰਹਿਮੀ ਨਾਲ ਕਟਾਈ ਹੋ ਰਹੀ ਹੈ। ਮੁਰੱਬਾਬੰਦੀ ਵਿਚ ਜਦੋਂ ਟੱਕ ਬਦਲੇ ਜਾਂਦੇ ਹਨ ਜਾਂ ਜੱਟਾਂ ਦੀਆਂ ਆਪਸੀ ਵੰਡਾਂ ਵਿਚ ਜ਼ਮੀਨਾਂ ਦੀ ਅਦਲਾ-ਬਦਲੀ ਹੁੰਦੀ ਹੈ ਤਾਂ ਜ਼ਿਮੀਂਦਾਰਾਂ ਨੂੰ ਪਹਿਲਾ ਲਾਲਚ ਇਹ ਹੁੰਦਾ ਹੈ ਕਿ ਉਹ ਆਪਣੇ ਪੁਰਾਣੇ ਟੱਕ ਦੇ ਸਾਰੇ ਰੁੱਖ ਵੇਚ-ਵੱਟ ਲਵੇ।

ਹੁਣ ਸਾਡਾ ਕੁਦਰਤੀ ਵਾਤਾਵਰਣ ਇੰਨਾ ਤਬਦੀਲ ਹੋ ਗਿਆ ਹੈ ਕਿ ਪਿੰਡ ਸ਼ਹਿਰਾਂ ਵੱਲ ਨੂੰ ਤੁਰੇ ਜਾ ਰਹੇ ਹਨ ਅਤੇ ਅੱਗੇ ਸ਼ਹਿਰਾਂ ਦੇ ਸ਼ਹਿਰ ਆਪਣੇ ਕੁਹਾੜੇ ਚੁੱਕੀ ਜੰਗਲਾਂ ਵੱਲ ਨੂੰ ਭੱਜੇ ਜਾ ਰਹੇ ਹਨ। ਅੱਜ ਕਿਤੇ ਵੀ ਵੇਖ ਲਉ ਕਿ ਰੁੱਖਾਂ ਦੀਆਂ ਝਿੜੀਆਂ ਦੀ ਥਾਂ ਕਾਲੋਨੀਆਂ ਹੀ ਦਿਸਦੀਆਂ ਹਨ। ਇਹ ਵੇਖ ਕੇ ਬੰਦਾ ਬਸ ਭੁਲੇਖਾ-ਭੁਚੱਕਾ ਖਾ ਜਾਂਦਾ ਹੈ ਕਿ ਸ਼ਹਿਰ ਜੰਗਲਾਂ ਵੱਲ ਨੂੰ ਜਾ ਰਹੇ ਹਨ ਜਾਂ ਜੰਗਲ ਸ਼ਹਿਰ ਵੱਲ ਨੂੰ ਆ ਰਹੇ ਹਨ। ਇਸ ਧਰਾਤਲੀ ਤਬਦੀਲੀ ਸਬੰਧੀ ਕਵੀ **ਮੀਤ ਅਨਮੋਲ** ਨੇ ਕੁਝ ਕੁ ਬੜੀਆਂ ਹੀ ਢੁੱਕਵੀਆਂ ਸਤਰਾਂ ਲਿਖੀਆਂ ਹਨ ਕਿ:-

ਜੰਗਲਾਂ ਵੱਲ ਸ਼ਹਿਰ ਜਾ ਰਿਹਾ, ਜਾਂ ਸ਼ਹਿਰਾਂ ਵੱਲ ਜੰਗਲ ਆ ਰਿਹਾ।
ਕਦੇ ਇਥੇ ਇਨਸਾਨ ਵਸਦੇ ਸਨ, ਅੱਜ ਜੰਗਲ ਬਣੇ,
ਇਸ ਸ਼ਹਿਰ ਦਾ ਮੈਂ ਕੀ ਕਰਾਂ?

ਇਸ ਤਰ੍ਹਾਂ ਪੈਸੇ ਦੇ ਲਾਲਚ ਵਿਚ ਜ਼ਿਮੀਂਦਾਰ ਵੀ ਪਹਿਲਾਂ ਤਾਂ ਆਪਣੀਆਂ ਮਾਵਾਂ ਵਰਗੀਆਂ ਜ਼ਮੀਨਾਂ ਕਾਲੋਨਾਈਜ਼ਰਾਂ ਨੂੰ ਵੇਚ ਰਹੇ ਹਨ। ਫਿਰ ਹੁਣ ਤਾਂ ਹਰ ਚੀਜ਼ ਮਹਿੰਗੀ ਹੋਣ ਦੇ ਕਾਰਨ ਇਮਾਰਤੀ ਲੱਕੜ ਤੇ ਬਾਲਣ ਵਾਲੀਆਂ ਲੱਕੜਾਂ ਦਾ ਭਾਅ ਵੀ ਇੰਨਾਂ ਕੁ ਹੋ ਗਿਆ ਹੈ ਕਿ ਦਰੱਖਤਾਂ ਦੇ ਵਪਾਰੀ ਆਰੀਆਂ-ਕੁਹਾੜੀਆਂ ਚੁੱਕੀ ਫਿਰਦੇ ਹਨ ਅਤੇ ਕਿਰਸਾਣ ਵੀ ਆਪਣੇ ਪੁੱਤਾਂ ਵਰਗੇ ਰੁੱਖਾਂ ਦਾ ਸੌਦਾ ਕਰ ਰਹੇ ਹਨ। ਜਿਸ ਕਰਕੇ ਕੀੜੇ-ਮਕੌੜੇ ਚੁਗਣ ਵਾਲੇ ਕਿਰਸਾਣੀ ਦੇ ਸਹਾਇਕ ਪੰਛੀਆਂ ਦੇ ਰਹਿਣ ਬਸੇਰੇ ਵੀ ਖਤਮ ਹੋ ਰਹੇ ਹਨ। ਇਸ ਤਰ੍ਹਾਂ ਬਨਸਪਤੀ ਨਾਲ ਪੰਛੀਆਂ ਅਤੇ ਉਨ੍ਹਾਂ ਦੇ ਰਾਗ-ਰੰਗਾਂ ਦਾ ਵੀ ਭੋਗ ਪੈ ਰਿਹਾ ਹੈ ਅਤੇ ਇਉਂ ਵਾਯੂਮੰਡਲ ਗੰਧਲਾ ਹੋ ਰਿਹਾ ਹੈ। ਬੱਸ ਮੁੱਕਦੀ ਗੱਲ ਸਾਡੀ ਇਸ ਸਾਰੀ ਘਿਨਾਉਣੀ ਕਰਤੂਤ ਦਾ ਤਫ਼ਸਰਾ **ਮਿਰਜ਼ਾ ਅਲੀ ਬੇਗ ਇਸ਼ਰਤੀ** ਦੇ ਇਸ ਸ਼ਿਅਰ ਨਾਲ ਬਾਖੂਬੀ ਹੋ ਜਾਂਦਾ ਹੈ ਕਿ:-

ਪੂਛ ਰਹੇ ਹੈਂ ਪੇੜੋਂ ਕੇ ਸੌਦਾਗਰ
ਆਬੋ ਹਵਾ ਕੈਸੇ ਜ਼ਹਿਰੀਲੀ ਹੋ ਜਾਤੀ ਹੈ।

ਇਸ ਤਰ੍ਹਾਂ ਹੀ ਅੱਜ ਸਾਡਾ ਪੰਜਾਬ ਪਾਣੀਆਂ ਦੀ ਵੰਡ, ਪਾਣੀਆਂ ਦੇ ਜ਼ਹਿਰ



*Original with;*
Kulbir Singh Sidhu(I.A.S)
*Digitized by;*
Panjab Digital Library

ਤੇ ਵਾਤਾਵਰਣ ਦੇ ਪ੍ਰਦੂਸ਼ਣ ਤੋਂ ਲੈ ਕੇ ਨੈਤਿਕ, ਸਮਾਜਿਕ ਤੇ ਅਰਥਚਾਰੇ ਜਿਹੇ ਕਿੰਨੇ ਹੀ ਪ੍ਰਦੂਸ਼ਣਾਂ ਵਿਚ ਘਿਰਿਆ ਪਿਆ ਹੈ। ਅਫ਼ਸੋਸ ਹੈ ਕਿ ਸਾਡੀ ਇਸ ਸੋਹਣੀ ਸਰਜ਼ਮੀਨ 'ਤੇ ਅੱਜ ਦੁਰਾਚਾਰਾਂ ਦੀ ਚੜ੍ਹਤ ਹੋ ਰਹੀ ਹੈ, ਜਿਸ ਦੇ ਕਾਰਨ ਸਾਡਾ ਸ਼੍ਰੋਮਣੀ ਪੰਜਾਬੀ ਸਮਾਜ ਅੱਜ ਰਸਾਤਲ ਦੇ ਰਾਹ ਤੁਰਿਆ ਹੋਇਆ ਹੈ। ਪੰਜਾਬ ਹਾਲੇ 1947 ਦੀ ਵੰਡ, ਫਿਰ ਪੰਜਾਬੀ ਸੂਬੇ ਦੀ ਬਣਤ ਅਤੇ ਪਾਣੀਆਂ ਦੀ ਵੰਡ ਜਿਹੇ ਕਈ ਹੋਰ ਸੰਤਾਪਾਂ-ਕਸ਼ਟਾਂ ਤੋਂ ਤਾਂ ਉੱਭਰਿਆ ਹੀ ਨਹੀਂ ਸੀ ਕਿ ਨਵੇਂ ਝਗੜੇ-ਝੇੜਿਆਂ ਦੇ ਅਵੱਲੇ ਹੀ ਮਾਮਲੇ ਪੰਜਾਬੀਆਂ ਲਈ ਛਿੜ ਗਏ ਹਨ।

ਅਫ਼ਸੋਸ ਹੈ ਕਿ ਹੁਣ ਨਸਲਵਾਦ ਤੇ ਕੱਟੜਵਾਦ ਦਾ ਪ੍ਰਦੂਸ਼ਣ ਤਾਂ ਸਾਡੀ ਮਾਨਸਿਕਤਾ ਤੇ ਸੋਚ ਵਿਚ ਵੜ ਕੇ ਸਾਡੇ ਹੱਡਾਂ ਵਿਚ ਹੀ ਰਚ-ਮਿਚ ਗਿਆ ਹੈ। ਇਸ ਵਾਸਤੇ ਅਸੀਂ ਇਸ ਨੂੰ ਨਾ ਤਾਂ ਸਮਾਜਿਕ ਤੇ ਨਾ ਹੀ ਮਾਨਸਿਕ ਪ੍ਰਦੂਸ਼ਣ ਸਮਝਦੇ ਹਾਂ; ਜਦੋਂ ਕਿ ਕੌਮੀ ਤੌਰ 'ਤੇ ਸਾਡੀ ਵਿਚਾਰਧਾਰਾ ਦਾ ਇਹ ਗੰਧਲਾਪਣ ਹੋਰ ਸਾਰੇ ਦੇਸ਼-ਵਿਆਪੀ ਪ੍ਰਦੂਸ਼ਣਾਂ ਤੋਂ ਕਿਤੇ ਘਾਤਕ ਤੇ ਤਬਾਹਕੁੰਨ ਹੈ। ਬਸ ਇਸ ਤਰ੍ਹਾਂ ਜਿਹੇ ਦੇ ਹੀ ਹਾਲਾਤਾਂ ਵਿਚੋਂ ਹੁਣ ਪੰਜਾਬ ਗੁਜ਼ਰ ਰਿਹਾ ਹੈ। ਇਉਂ ਇਕ ਪਾਸੇ ਅੰਦਰੋਂ-ਬਾਹਰੋਂ ਪੰਜਾਬ ਤੇ ਪੰਜਾਬੀਅਤ ਨੂੰ ਸ਼ਰੀਕੇਬਾਜ਼ੀ ਦੀ ਪ੍ਰਦੂਸ਼ਿਤ ਸੋਚ ਅਤੇ ਦੂਜੇ ਪਾਸੇ ਦਰਪੇਸ਼ ਕਿੰਨੇ ਹੀ ਪੁਆੜਿਆਂ ਨੇ ਸਾਡੇ ਸਭ ਦੇ ਸਾਹ ਸੂਤ ਰੱਖੇ ਹਨ। ਫਿਰ ਸਾਡੇ ਪੰਜਾਬ ਵਿਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਜਮਾਂਖੋਰੀ, ਚੋਰ-ਬਜ਼ਾਰੀ, ਬੇਰੁਜ਼ਗਾਰੀ, ਨਸ਼ਿਆਂ ਦੀ ਚੜ੍ਹਤ ਤੇ ਕਿਰਸਾਣੀ ਦੇ ਨਿਘਾਰ ਜਿਹੇ ਮਸਲਿਆਂ ਨੇ ਸਾਡੇ ਸਮਾਜਿਕ ਵਾਤਾਵਰਣ ਨੂੰ ਬੁਰੀ ਤਰ੍ਹਾਂ ਗੰਧਲਾ ਕਰ ਰੱਖਿਆ ਹੈ।

ਸਿਤਮ ਇਹ ਹੈ ਕਿ ਗੱਲ ਇਥੇ ਹੀ ਨਹੀਂ ਮੁੱਕਦੀ; ਸਗੋਂ ਹਰ ਕਿਸਮ ਦੇ ਇਨ੍ਹਾਂ ਸਮਾਜਿਕ ਤੇ ਆਰਥਿਕ ਕੋਹੜਾਂ ਨੇ ਅੱਗੇ ਸਾਡੇ ਜਲ ਤੇ ਵਾਯੂ ਦੇ ਪ੍ਰਦੂਸ਼ਣਾਂ ਨਾਲ ਮਿਲ ਕੇ ਪੰਜਾਬ ਦੇ ਨਾਯਾਬ ਕੁਦਰਤੀ ਤੇ ਸਮਾਜਿਕ ਵਾਤਾਵਰਣ ਨੂੰ ਇਸ ਹੱਦ ਤੱਕ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਹੁਣ ਤਾਂ ਜਿਉਣਾਂ ਵੀ ਮੁਹਾਲ ਹੋ ਗਿਆ ਹੈ। ਇਥੇ ਬੜੀ ਸੰਜੀਦਗੀ ਨਾਲ ਸਮਝਣ ਵਿਚਾਰਨ ਦੀ ਗੱਲ ਇਹ ਹੈ ਕਿ ਦੇਸ਼ ਦੀ ਵੰਡ ਵੇਲੇ ਪੰਜਾਬ ਦੇ ਸੋਹਣੇ ਮਿੱਠੇ ਪੰਜ-ਆਬਾਂ ਵਿਚ ਲਹੂ ਘੁਲਿਆ ਸੀ। ਫਿਰ ਬਾਕੀ ਰਹਿੰਦੇ ਢਾਈ ਆਬਾਂ ਵਿਚ ਪੰਜਾਬੀ ਸੂਬੇ ਵੇਲੇ ਫ਼ਿਰਕਾਪ੍ਰਸਤੀ ਤੇ ਮੌਕਾਪ੍ਰਸਤੀ ਦੀ ਕੁੜੱਤਣ ਸ਼ਾਮਿਲ ਹੋ ਗਈ। ਹੁਣ ਪੰਜਾਬ ਦੇ ਪਾਣੀਆਂ ਵਿਚ ਰਸਾਇਣਿਕ ਤੇ ਤੇਜ਼ਾਬੀ ਮਾਦੇ ਰਲ-ਗੱਡ ਹੋ ਚੁੱਕੇ ਹਨ ਤੇ ਹਵਾਵਾਂ ਵਿਚ ਧੂੰਏਂ ਤੇ ਜ਼ਹਿਰੀਲੀਆਂ ਗੈਸਾਂ ਅਤੇ ਇਸ ਦੇ ਨਾਲ ਹੀ ਸਾਡੇ ਸਮਾਜਿਕ ਮਾਹੌਲ ਵਿਚ ਭ੍ਰਿਸ਼ਟਾਚਾਰ ਤੇ ਨਸ਼ਿਆਂ ਦਾ ਜ਼ਹਿਰ ਘੁਲ-ਮਿਲ ਗਿਆ ਹੈ। ਇਸ ਸਭ ਕਾਸੇ ਨਾਲ ਸਾਡਾ ਕੁਦਰਤੀ ਤੇ ਸਮਾਜਿਕ ਵਾਤਾਵਰਣ ਪੂਰਨ ਤੌਰ 'ਤੇ ਗੰਧਲਾ ਹੋ ਚੁੱਕਾ ਹੈ।

ਸਾਡੀ ਇਕ ਪੁਰਾਣੀ ਸਭਿਆਚਾਰਕ ਬੋਲੀ ਹੈ ਕਿ 'ਲਗੜਾਂ ਦੀ ਘਰੀ ਮਿਤਰੋ ਹੁਣ ਘੁੱਗੀ ਕਿੱਧਰ ਨੂੰ ਜਾਵੇ'। ਗੌਰਤਲਬ ਹੈ ਕਿ ਲਗੜ ਇਕ ਸ਼ਿਕਾਰੀ ਪੰਛੀ ਹੁੰਦਾ ਹੈ



Original with;
Kulbir Singh Sidhu(I.A.S)
Digitized by;
Panjab Digital Library

ਤੇ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਵਿਚਾਰੀ ਭੋਲੀ ਜਿਹੀ ਘੁੱਗੀ ਅਮਨ-ਸ਼ਾਂਤੀ ਦੀ ਪ੍ਰਤੀਕ ਮੰਨੀ ਜਾਂਦੀ ਹੈ। ਫਿਰ ਇਉਂ ਹੀ ਸਾਡੇ ਲੋਕਯਾਨ ਦਾ ਇਕ ਹੋਰ ਸੂਤਰ ਹੈ ਕਿ 'ਚਿੜੀ ਵਿਚਾਰੀ ਕੀ ਕਰੇ ਠੰਢਾ ਪਾਣੀ ਪੀ ਮਰੇ'। ਇਥੇ ਪ੍ਰਦੂਸ਼ਣਾਂ ਦੇ ਚੱਲ ਰਹੇ ਪ੍ਰਸੰਗ ਵਿਚ ਸਾਡੀਆਂ ਇਨ੍ਹਾਂ ਲਕੋਕਤੀਆਂ ਦਾ ਮਤਲਬ ਇਹ ਹੈ ਕਿ ਸਾਡੇ ਵਾਤਾਵਰਣ ਤੇ ਸਮਾਜ ਵਿਚ ਫੈਲੇ ਪ੍ਰਦੂਸ਼ਣਾਂ ਨੂੰ ਨੱਥਣ-ਠੱਲ੍ਹਣ ਦੇ ਪੱਖੋਂ ਸਾਡੇ ਪ੍ਰਸ਼ਾਸਨ ਦੀ ਢਿੱਲੀ ਕਾਰਵਾਈ ਅਤੇ ਖ਼ਾਸ ਕਰਕੇ ਸਾਡੀਆਂ ਸਰਕਾਰਾਂ ਦੇ ਨਾਂਹ-ਮੁਖੀ ਰਵੱਈਏ ਦੇ ਸਨਮੁੱਖ ਸਾਡੀ ਜਨਤਾ ਦੀ ਮਜਬੂਰੀਆਂ ਭਰਪੂਰ ਹਾਲਤ ਵਿਚਾਰੀ ਘੁੱਗੀ ਤੇ ਵਿਚਾਰੀ ਚਿੜੀ ਵਰਗੀ ਹੀ ਬਣੀ ਹੋਈ ਹੈ। ਸੋ ਹੁਣ ਵਾਤਾਵਰਣ ਤੇ ਸਮਾਜ ਵਿਚ ਫੈਲੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਦੇ ਕਾਰਨ ਸਾਡੀ ਹਾਲਤ ਵੀ ਬਸ 'ਪ੍ਰਦੂਸ਼ਣੀ ਲਗੜਾਂ ਦੀ ਘੇਰੀ ਮਿਤਰੋ, ਹੁਣ ਜਿੰਦੜੀ ਕਿੱਧਰ ਨੂੰ ਜਾਵੇ' ਵਾਲੀ ਸਥਿਤੀ ਵਿਚ ਫਸ ਚੁੱਕੀ ਹੈ।

ਅਜ਼ਾਦੀ ਤੋਂ ਬਾਅਦ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਹੁਣ ਪਾਕਿਸਤਾਨ ਤੋਂ ਲੈ ਕੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਤੱਕ ਆਪਸ ਵਿਚ ਦੁਸ਼ਮਣੀ ਦੀ ਹਦ ਤਕ ਦਾਵਾਨਲੀ ਅੱਗ ਬਣ ਚੁੱਕਾ ਹੈ। ਜਿਸ ਕਰਕੇ ਇਸ ਮਸਲੇ ਦੇ ਤਰਥੱਲੇ ਨਾਲ ਸਾਡੇ ਸਮਾਜਿਕ ਤੇ ਰਾਜਨੀਤਿਕ ਮਾਹੌਲ ਵਿਚ ਅਕਸਰ ਹੀ ਤਣਾਅ ਬਣਿਆ ਰਹਿੰਦਾ ਹੈ। ਪੰਜ ਦਰਿਆਵਾਂ ਦੇ ਪੰਜ-ਆਬਾਂ ਦੇ ਨਾਮ ਨਾਲ ਜਾਣੀ ਜਾਂਦੀ ਇਸ ਪੰਜਾਬ ਦੀ ਧਰਤੀ 'ਤੇ ਸੰਨ 1947 ਵਿਚ ਆਪਣੇ ਛੋਟੇ ਭਰਾ ਪਾਕਿਸਤਾਨ ਨਾਲ ਆਪਣੇ ਘਰਾਂ ਤੇ ਜ਼ਮੀਨਾਂ ਵੰਡਣ ਸਮੇਂ ਜਿਹੜੀ ਪਾਣੀਆਂ ਦੀ ਵੰਡ ਹੋਈ ਸੀ; ਉਸ ਅਨੁਸਾਰ ਸਾਡੇ ਸਾਂਝੇ ਪੰਜਾਬ ਦੇ ਦੋਵਾਂ ਘਰਾਂ ਕੋਲ ਢਾਈ-ਢਾਈ ਦਰਿਆਵਾਂ ਦੇ ਪਾਣੀ ਹੀ ਰਹਿ ਗਏ ਸਨ। ਇਸ ਲਈ ਹੁਣ ਇਹ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਧਰਤੀ ਪੰਜ-ਆਬਾਂ ਦੀ ਧਰਤੀ ਕਹਾਉਣ ਦੀ ਬਜਾਏ ਅਸਲ ਵਿਚ ਢਾਈ-ਢਾਈ ਆਬਾਂ ਦੀ ਜ਼ਮੀਨ ਹੀ ਬਣ ਕੇ ਰਹਿ ਗਈ ਹੈ। ਇਉਂ ਪੰਜਾਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਇਹ ਪਿਆ ਹੈ ਕਿ ਹੁਣ ਕਾਦਰ ਦੀ ਕੁਦਰਤ ਦੇ ਇਲਾਹੀ ਵਰਦਾਨਾਂ ਜਿਹੇ ਸਾਡੇ ਅੰਮ੍ਰਿਤ ਰੂਪੀ ਪਾਣੀ ਅਤੇ ਸੰਜੀਵਨੀ ਬੂਟੀ ਵਰਗੇ ਜੀਵਨਦਾਇਕ ਸੋਮੇ ਅਜ ਅਜਾਈਂ ਹੀ ਸੁੱਕਦੇ-ਮੁੱਕਦੇ ਜਾ ਰਹੇ ਹਨ।

ਬੇਸ਼ੱਕ ਸਦੀਆਂ ਤੋਂ ਚੱਲੀ ਆ ਰਹੀ ਮਾਨਸਿਕਤਾ ਅਨੁਸਾਰ ਅਸੀਂ ਅੱਜ ਵੀ ਇਸ ਨੂੰ ਪੰਜ-ਆਬਾਂ ਦੀ ਧਰਤੀ ਹੀ ਕਹਿ ਰਹੇ ਹਾਂ। ਪੰਜਾਬ 1947 ਤੋਂ ਹੀ ਦੇਸ਼ ਦੀ ਵੰਡ ਦੇ ਸੰਤਾਪ ਵਿਚੋਂ ਗੁਜ਼ਰ ਰਿਹਾ ਹੈ ਅਤੇ ਇਨ੍ਹਾਂ ਢਾਈ ਪਾਣੀਆਂ ਦੀ ਸਾੜ੍ਹਸਤੀ ਦੇ ਢਾਈਏ ਦੇ ਝਮੇਲਿਆਂ-ਝੇੜਿਆਂ ਦਾ ਖਿਲਾਰਾ-ਪੁਆੜਾ ਅਜੇ ਸੂਤ ਨਹੀਂ ਹੋਇਆ ਸੀ ਕਿ ਨਵੀਂ ਵਿਹਾਝੀ ਸੌਂਕਣ ਮਾਂ ਦੇ ਸਾਡੇ ਗੁਆਂਢੀ ਰਾਜਾਂ ਦੇ ਪੁੱਤ-ਭਰਾਵਾਂ ਦੀ ਕਬੀਲਦਾਰੀ ਹੁਣ ਵੱਡੀ ਹੋ ਗਈ ਹੈ ਕਿ ਉਨ੍ਹਾਂ ਨੇ ਵੀ ਸਾਡੇ ਪੰਜਾਬ ਦੇ ਬਾਕੀ ਬਚੇ-ਖੁਚੇ ਪਾਣੀਆਂ ਦੀ ਵੰਡ ਦੇ ਦਾਅਵੇ-ਮੁਕੱਦਮੇ ਠੋਕ ਦਿੱਤੇ ਹਨ। ਇਸ ਮੁਕੱਦਮੇਬਾਜ਼ੀ ਦੇ ਨਤੀਜੇ ਕੀ ਹੋਣਗੇ? ਬੱਸ ਰੱਬ ਹੀ ਖ਼ੈਰ-ਮਿਹਰ ਰੱਖੇ।



*Original with;*
Kulbir Singh Sidhu(I.A.S)
*Digitized by;*
Panjab Digital Library

ਸੰਨ 1947 ਵਿਚ ਪੰਜਾਬ ਦੀ ਹੋਣੀ ਨੇ ਇਕ ਅਣਹੋਣਾ ਜਲਵਾ ਦੇਖਿਆ, ਜਦੋਂ ਵਿਦੇਸ਼ੀ ਹੁਕਮਰਾਨਾਂ ਵੱਲੋਂ ਕੀਤੀ ਗਈ ਅਣਹੋਈ ਤੇ ਅਣਸੁਖਾਵੀਂ ਪੰਜਾਬ ਦੀ ਬਾਂਦਰ ਵੰਡ ਸਮੇਂ ਦੀਆਂ ਸੁੱਟੀਆਂ ਖਿੱਲ੍ਹਾਂ ਦੀ ਲੜਾਈ ਦੋਹਾਂ ਦੇਸ਼ਾਂ ਦੇ ਦਰਮਿਆਨ ਦਾਵਾਨਲ ਦਾ ਰੂਪ ਧਾਰ ਗਈ। ਇਸ ਜਲਦੇ-ਬਲਦੇ ਮਸਲੇ ਨੇ ਹਮੇਸ਼ਾਂ-ਹਮੇਸ਼ਾਂ ਲਈ ਸੰਯੁਕਤ ਰਾਸ਼ਟਰ ਸੰਘ ਤੱਕ ਦੀਆਂ ਕੋਰਟ-ਕਚਹਿਰੀਆਂ ਦੀ ਨਾ ਮੁੱਕਣ ਵਾਲੀ ਠੰਢੀ ਜੰਗ ਦਾ ਰੂਪ ਧਾਰਨ ਕਰ ਲਿਆ ਹੈ। ਇਸ ਪ੍ਰਥਾਇ **'ਤਾਰਾ ਸਿੰਘ ਖੋਜੇਪੁਰੀ'** ਦਾ ਬੜਾ ਹੀ ਇਕ ਡੂੰਘਾ ਵਿਅੰਗ ਹੈ ਕਿ 'ਦੋ ਬਿੱਲੀਆਂ ਨੂੰ ਚਾਰ ਗਿਆ, ਬਾਂਦਰ ਦੀ ਹੁਸ਼ਿਆਰੀ ਹੈ।'

ਖ਼ੈਰ! ਹੁਣ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਪਾਣੀਆਂ ਦੀ ਵੰਡ ਦਾ ਆਪਸੀ ਮਸਲਾ ਅਤਿ ਗੰਭੀਰ ਹੋ ਗਿਆ ਹੈ ਕਿਉਂਕਿ ਇਸ ਵਿਚ ਸੰਨ 1966 ਤੋਂ ਸਾਡੇ ਨਵੇਂ ਕਬੀਲਦਾਰ ਬਣੇ ਭਰਾ ਹਰਿਆਣਾ, ਹਿਮਾਚਲ ਤੇ ਰਾਜਸਥਾਨ ਵੀ ਸਾਡੇ ਸ਼ਰੀਕ ਬਣ ਗਏ ਹਨ। ਉਨ੍ਹਾਂ ਨੇ ਵੀ ਟਿੰਡ ਵਿਚ ਕਾਨਾ ਫਸਾਉਣ ਦੀ ਗਰਜ਼ ਨਾਲ ਪਾਣੀਆਂ ਤੇ ਪਿੰਡਾਂ ਦੀ ਵੰਡ ਕਦੇ ਨਾ ਮੁੱਕਣ ਵਾਲੀ ਕਹਾਣੀ ਵਰਗੇ ਮਸਲਿਆਂ ਦੇ ਝੇੜੇ-ਝਾਂਝੇ ਛੇੜ ਦਿੱਤੇ ਹਨ।

ਖ਼ੈਰ! ਅਜਿਹੇ ਕੌਮੀ ਪੱਧਰ ਦੇ ਫੈਸਲੇ ਲੈਣ ਦੇ ਪ੍ਰਸੰਗ ਵਿਚ ਕੈਪਟਨ ਅਮਰਿੰਦਰ ਸਿੰਘ ਵਿਚ ਪੰਜਾਬ ਦੇ ਇਤਿਹਾਸ, ਸਭਿਆਚਾਰ ਤੇ ਕੌਮੀ ਮਸਲਿਆਂ ਸਬੰਧੀ ਸਵੈਮਾਣਤਾ ਭਰੀ ਸੋਝੀ ਹੈ। ਇਸ ਅਨੁਸਾਰ ਉਨ੍ਹਾਂ ਨੇ ਪੰਜਾਬ ਦੇ ਹਿੱਤ ਵਿਚ ਪਾਣੀਆਂ ਦੀ ਵੰਡ ਸਬੰਧੀ ਜੋ ਇਤਿਹਾਸਿਕ ਫੈਸਲਾ ਲਿਆ, ਉਹ ਕਾਬਿਲੇ-ਤਾਰੀਫ਼ ਹੈ। ਪਰ ਹਾਲੇ ਵੀ ਪੰਜਾਬ ਵਿਚ ਸਮਾਜਿਕ, ਆਰਥਿਕ ਤੇ ਰਾਜਨਿਤਿਕ ਮਸਲਿਆਂ ਤੋਂ ਇਲਾਵਾ ਕਿੰਨੇ ਹੀ ਹੋਰ ਮਸਲੇ ਧੁੱਖ ਰਹੇ ਹਨ ਕਿ ਜਿਨ੍ਹਾਂ ਦੇ ਸੇਕ ਨਾਲ ਪੰਜਾਬ ਭਖ ਰਿਹਾ ਹੈ। ਪਰ ਅਸੀਂ ਸਾਰੇ ਤੇ ਖਾਸ ਕਰਕੇ ਸਾਡੇ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਆਗੂ ਇਨ੍ਹਾਂ ਅਹਿਮ ਕੌਮੀ ਮਸਲਿਆਂ ਨੂੰ ਪਤਾ ਨਹੀਂ ਕਿਉਂ ਅਣਗੌਲੇ ਜਿਹੇ ਕਰਕੇ ਆਪਣੇ ਘਰ ਦੀ ਅੱਗ ਨੂੰ 'ਬੇਗਾਨਿਆਂ ਦੇ ਘਰ ਬਸੰਤਰ' ਸਮਝ ਕੇ ਪਾਸਾ ਵੱਟੀਂ ਬੈਠੇ ਹਾਂ। ਸੋ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਜੇ ਫੌਰੀ ਤੌਰ 'ਤੇ ਕੋਈ ਔਹੜ-ਪੌਹੜ ਨਾ ਕੀਤੇ ਗਏ ਤਾਂ ਸਮਝੋ ਕਿ ਕੋਈ ਔਲੀ ਆਉਣ ਵਾਲੀ ਹੈ।

ਰੱਬ ਖ਼ੈਰ-ਮਿਹਰ ਰਖੇ ਕਿ ਅਨੈਤਿਕਤਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਕਿਰਸਾਣੀ ਤੇ ਨੌਜਵਾਨਾਂ ਦੀ ਦੁਰਗਤੀ, ਭਰੂਣ-ਹੱਤਿਆ ਤੇ ਪੰਜਾਬੀ ਮਾਂ-ਬੋਲੀ ਦੀ ਦੁਰਦਸ਼ਾ ਵਰਗੇ ਮਸਲਿਆਂ ਦੇ ਦਾਵਾਨਲੀ ਸੇਕ ਤੋਂ ਪੰਜਾਬੀਆਂ ਦੇ ਘਰ ਦਾ ਮੰਜਾ-ਪੀੜ੍ਹੀ ਤੇ ਹੋਰ ਨਿੱਕ-ਸੁੱਕ ਬਚਿਆ ਰਹੇ। ਇਸ ਤੋਂ ਪਹਿਲਾਂ ਕਿ ਪੰਜਾਬ ਦੇ ਮਿੱਠੇ ਪਾਣੀਆਂ ਵਿਚ ਆਪਣੇ ਗੁਆਂਢੀ ਰਾਜਾਂ ਦੇ ਭਾਈਚਾਰੇ ਦੇ ਨਾਲ ਵਿਗੜਦੇ ਜਾ ਰਹੇ ਆਪਸੀ ਰਿਸ਼ਤਿਆਂ ਦੀ ਕੁੜੱਤਣ ਦਾ ਜ਼ਹਿਰ ਭਰ ਜਾਏ; ਸਾਨੂੰ ਪਾਣੀਆਂ ਦੀ ਘਾਟ ਨੂੰ ਪੂਰਾ



Original with;
Kulbir Singh Sidhu(I.A.S)
Digitized by;
Panjab Digital Library

ਕਰਨ ਵਾਸਤੇ ਫੌਰੀ ਤੌਰ 'ਤੇ ਬੜੇ ਵੱਡੇ ਪੱਧਰ 'ਤੇ ਤਰੱਦਦ ਅਤੇ ਯਤਨਾਂ-ਪ੍ਰਯਤਨਾਂ ਦੀ ਲੋੜ ਹੈ। ਇਥੇ ਸਾਨੂੰ **ਵਾਰਿਸ ਸ਼ਾਹ** ਦੇ ਕਥਨ ਤੋਂ ਨਸੀਹਤ ਲੈਣੀ ਬਣਦੀ ਹੈ ਕਿ 'ਸੁਲਾਹ ਕੀਤਿਆਂ ਫਤਹਿ ਜੇ ਹੱਥ ਆਵੇ, ਕਮਰ ਜੰਗ ਤੇ ਮੂਲ ਨਾ ਕਸੀਏ ਜੀ।' ਦੁਵੱਲਿਉਂ ਹੀ ਪਾਣੀਆਂ ਦੀ ਵੰਡ ਦੇ ਨਾਲ ਸਬੰਧਤ ਧਿਰਾਂ ਵੱਲੋਂ ਖਿੱਚੋਤਾਣੀ ਦੇ ਕਾਰਨ ਸਾਡੇ ਭਾਈਚਾਰੇ ਤੇ ਮਾਨਸਿਕਤਾ ਵਿਚ ਪ੍ਰਦੂਸ਼ਣ ਦਾ ਅੰਸ਼ ਸ਼ਾਮਲ ਹੋਇਆ ਹੈ। ਫਿਰ ਹੁਣ ਜੋ ਪਾਣੀ ਸਾਡੇ ਕੋਲ ਬਚੇ ਹਨ, ਉਨ੍ਹਾਂ ਦੇ ਪ੍ਰਦੂਸ਼ਣ ਦੀ ਗੱਲ ਗੰਭੀਰ ਸਮੱਸਿਆ ਸਾਡੇ ਸਾਹਮਣੇ ਹੈ।

ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਵਿਚ ਪਾਣੀ ਦੀ ਅਹਿਮੀਅਤ ਨੂੰ "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ" ਜਿਹੇ ਬੜੇ ਹੀ ਸੁੰਦਰ ਢੰਗ ਨਾਲ ਬਿਆਨਿਆ ਗਿਆ ਹੈ। ਇਸ ਦੇ ਉਲਟ ਅੱਜ ਅਸੀਂ ਪਾਣੀ ਵਰਗੀ ਕੁਦਰਤ ਦੀ ਦੇਣ ਨੂੰ ਖੁਦ ਹੀ ਪ੍ਰਦੂਸ਼ਿਤ ਤੇ ਜ਼ਹਿਰੀਲਾ ਕਰਕੇ ਇਸ ਨੂੰ ਜਨਜੀਵਨ ਦਾ ਸਭ ਤੋਂ ਵੱਡਾ ਖੌਅ-ਖ਼ਤਰਾ ਬਣਾ ਲਿਆ ਹੈ। ਅਫ਼ਸੋਸ ਹੈ ਕਿ ਹੁਣ ਅੱਧੇ ਤੋਂ ਵੱਧ ਮਾਲਵੇ ਤੇ ਫਿਰ ਹੁਣ ਦੁਆਬੇ-ਮਾਝੇ ਤੱਕ ਨਾਮੁਰਾਦ ਬਿਮਾਰੀਆਂ ਵਿਚ ਘਿਰੀਆਂ ਲੋਕਾਂ ਦੀਆਂ ਹੱਡੀਆਂ ਬਰਾਸਤਾ ਬਠਿੰਡਾ, ਬੀਕਾਨੇਰ ਤੇ ਲੁਧਿਆਣਾ ਵਰਗੇ ਹੋਰਨਾਂ ਸ਼ਹਿਰਾਂ ਦੇ ਕੈਂਸਰ ਤੇ ਮਲਟੀ ਸਪੈਸ਼ਲਿਟੀ ਹਸਪਤਾਲਾਂ ਤੋਂ ਅੱਗੇ ਹੁਣ ਗੱਡੀਆਂ ਭਰ-ਭਰ ਕੇ ਹਰਿਦੁਆਰ ਰਾਹੀਂ ਸੁਰਗਾਂ-ਨਰਕਾਂ ਨੂੰ ਜਾ ਰਹੇ ਹਨ।

ਇਸ ਪ੍ਰਸੰਗ ਵਿਚ ਅੱਜ ਸਤਲੁਜ ਦਰਿਆ ਦੀ ਲੁਧਿਆਣੇ ਵਿਚੋਂ ਲੰਘਦੀ ਬੁੱਢੇ ਦਰਿਆ ਦੇ ਨਾਮ ਨਾਲ ਜਾਣੀ ਜਾਂਦੀ ਇਕ ਸ਼ਾਖਾ ਸਭ ਤੋਂ ਵੱਧ ਬਦਨਾਮ ਹੈ। ਜ਼ਿਕਰਯੋਗ ਹੈ ਕਿ ਵੈਦਿਕ ਕਾਲ ਵਿਚ ਸਤਲੁਜ ਆਪਣੀਆਂ ਸਹਸਤਰ ਧਾਰਾਵਾਂ ਕਰਕੇ ਸਤਾਧਰੂ ਤੇ ਸਤਦਰਵ ਦੇ ਨਾਮਾਂ ਨਾਲ ਜਾਣਿਆ ਜਾਂਦਾ ਸੀ। ਇਸ ਦੀਆਂ ਅਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਹੁਣ ਵਾਂਗ ਹੀ ਸਰਸਾ, ਬੁਧਕੀ ਤੇ ਸੀਸਵਾਂ ਨਦੀ ਪ੍ਰਮੁੱਖ ਸ਼ਾਖਾਵਾਂ ਸਨ। ਚਮਕੌਰ ਦੀ ਗੜ੍ਹੀ ਨੇ ਸੰਨ 1705 ਵਿਚ ਸਤਲੁਜ ਦਰਿਆ ਨੂੰ ਆਪਣੇ ਬਿਲਕੁਲ ਲਾਗਿਓਂ ਦੀ ਲੰਘਦੇ ਵੇਖਿਆ ਸੀ। ਹੁਣ ਇਸ ਵਹਿਣ ਵਾਲੀ ਥਾਂ 'ਤੇ ਮੌਜੂਦਾ ਸਰਹਿੰਦ ਨਹਿਰ ਵਗਦੀ ਹੈ। ਇਸ ਸਬੰਧ ਵਿਚ ਇਕ ਰੌਚਿਕਤਾ ਭਰੀ ਜਾਣਕਾਰੀ ਮਿਲਦੀ ਹੈ ਕਿ ਚਮਕੌਰ ਸਾਹਿਬ ਦੀ ਜੰਗ ਸਮੇਂ ਮੁਗਲ ਫੌਜਾਂ ਨੇ ਆਪਣੇ ਡੇਰੇ ਸਤਲੁਜ ਦਰਿਆ ਦੇ ਕੰਢੇ 'ਤੇ ਲਾਏ ਸਨ। ਸਪੱਸ਼ਟ ਹੈ ਕਿ ਮੁਗਲ ਫੌਜਾਂ ਦੇ ਰਾਸ਼ਨ ਵਿਚ ਖਜੂਰਾਂ ਉਨ੍ਹਾਂ ਦਾ ਮੁੱਖ ਖਾਜਾ ਹੁੰਦੀਆਂ ਸਨ। ਇਸ ਦੇ ਫਲਸਰੂਪ ਅੱਜ ਵੀ ਇਸ ਸਾਰੇ ਇਲਾਕੇ ਵਿਚ ਖਜੂਰਾਂ ਦੇ ਝੁੰਡ ਵੇਖਣ ਨੂੰ ਮਿਲਦੇ ਹਨ। ਇਹ ਇਸ ਇਤਿਹਾਸਿਕ ਤੱਥ ਦੀ ਸ਼ਾਹਦੀ ਭਰਦੇ ਹਨ ਕਿ ਮੁਗਲਾਂ ਦੀ ਕਿੰਨੀ ਵੱਡੀ ਟਿੱਡੀ ਦਲ ਜਿਹੀ ਫੌਜ ਨੇ ਗੁਰੂ ਸਵਾਰੇ 40 ਸਿੰਘਾਂ ਨੂੰ ਘੇਰਿਆ ਹੋਇਆ ਸੀ।

ਖ਼ੈਰ! ਬੁੱਢੇ ਦਰਿਆ ਦੇ ਸਰੋਤ ਸਬੰਧੀ ਚੱਲ ਰਹੇ ਪ੍ਰਸੰਗ ਅਨੁਸਾਰ ਦੋ ਧਾਰਾਵਾਂ ਚਮਕੌਰ ਸਾਹਿਬ ਤੇ ਦੂਜੀ ਮਾਛੀਵਾੜਾ ਕਦੇ ਇਨ੍ਹਾਂ ਨਗਰਾਂ ਤੋਂ ਵੱਖ ਹੋ ਕੇ ਵਗਦੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਸਨ। ਹੁਣ ਪਹਿਲੀ ਸ਼ਾਖਾ ਚਮਕੌਰ ਸਾਹਿਬ ਤੋਂ ਮਾਛੀਵਾੜਾ ਅਪਰ, ਰਹੀਮਾਬਾਦ, ਲੱਖੋਵਾਲ, ਘੁਮਾਣਾ ਤੇ ਅੱਗੇ ਮੱਤੇਵਾੜਾ ਦੇ ਨਜ਼ਦੀਕ ਵਾਪਸ ਸਤਲੁਜ ਦਰਿਆ ਵਿਚ ਆ ਪੈਂਦੀ ਹੈ। ਇਸ ਤਰ੍ਹਾਂ ਹੀ ਦੂਜੀ ਸ਼ਾਖਾ ਮਾਛੀਵਾੜਾ ਤੋਂ ਕੂੰਮ ਕਲਾਂ ਤੇ ਤਾਜਪੁਰ ਹੁੰਦੀ ਹੋਈ ਸਤਲੁਜ ਦਰਿਆ ਨੂੰ ਆ ਮਿਲਦੀ ਹੈ। ਫਿਰ ਇਥੋਂ ਇਹ ਬੁੱਢਾ ਦਰਿਆ ਲੁਧਿਆਣੇ ਵਿਚੋਂ ਲੰਘਦਾ ਹੋਇਆ ਅੱਗੇ ਹੈਬੋਵਾਲ-ਹੰਬੜਾਂ ਸੜਕ ਦੇ ਸਮਾਨਅੰਤਰ ਪੱਛਮੀ ਬਾਹੀ 'ਤੇ ਵਸੇ ਜਮਾਲਪੁਰ, ਰਜ਼ਾਪੁਰ, ਨੂਰਪੁਰ ਖੈਰ੍ਹਾ, ਭੂੰਦੜੀ ਤੇ ਆਲੀਵਾਲ ਆਦਿ ਪਿੰਡਾਂ ਦੇ ਨੇੜਿਓਂ ਲੰਘ ਕੇ ਪਿੰਡ ਵਲੀਪੁਰ ਕਲਾਂ ਤੇ ਪਿੰਡ ਗੋਰਸੀਆਂ ਕਾਦਰ ਬਖ਼ਸ਼ ਦੇ ਕਰੀਬ ਆਪਣੇ 'ਮਾਹੀ' ਸਤਲੁਜ ਵਿਚ ਜਾ ਰਲਦਾ ਹੈ।

ਗੌਰਤਲਬ ਹੈ ਕਿ ਅੱਜ ਤੋਂ ਸਿਰਫ਼ 50 ਕੁ ਸਾਲ ਪਹਿਲਾਂ ਸੰਨ 1964 ਦੇ ਕਰੀਬੀ ਸਾਲ ਖ਼ੁਦ ਲੁਧਿਆਣੇ ਦੇ ਵਿਚੋਂ ਦੀ ਲੰਘਦੇ ਇਸ ਬੁੱਢੇ ਦਰਿਆ ਦੇ ਸਾਫ਼-ਸਵੱਛ ਪਾਣੀਆਂ ਦੇ ਚਸ਼ਮਦੀਦ ਗਵਾਹ ਬਣੇ ਸਨ ਕਿਉਂਕਿ ਇਥੇ 56 ਕਿਸਮ ਦੀਆਂ ਮੱਛੀਆਂ ਤਾਰੀਆਂ ਲਾਉਂਦੀਆਂ ਦਿਸਦੀਆਂ ਸਨ। ਇਸ ਵਾਸਤੇ ਇਹ ਪਾਣੀ ਲਾਗਲੇ ਇਲਾਕਾ ਵਾਸੀਆਂ ਤੇ ਖ਼ਾਸ ਕਰਕੇ ਲੁਧਿਆਣੇ ਦੇ ਲੋਕਾਂ ਵਾਸਤੇ ਨਿਆਮਤ ਹੋਇਆ ਕਰਦਾ ਸੀ।

ਅਫ਼ਸੋਸ ਹੈ ਕਿ ਹੁਣ ਸਾਡੀਆਂ ਆਪਣੀਆਂ ਹੀ ਅਣਗਹਿਲੀਆਂ ਤੇ ਖ਼ਾਸ ਕਰਕੇ ਸਨਅਤੀ ਕਰਤੂਤਾਂ-ਕੋਤਾਹੀਆਂ ਦੇ ਕਾਰਨ ਇਹ ਅੱਜ 'ਗੰਦੇ ਨਾਲੇ' ਵਿਚ ਤਬਦੀਲ ਹੋ ਚੁੱਕਾ ਹੈ। ਫਿਰ ਹੁਣ ਤਾਂ ਹੋਰ ਵੀ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਪ੍ਰਦੂਸ਼ਣ ਦੇ ਕਾਰਨ ਬਦਨਾਮ ਇਹ 'ਬੁੱਢਾ ਦਰਿਆ' ਹੁਣ ਦਿਨੋ-ਦਿਨ ਜੁਆਨ ਹੁੰਦਾ ਜਾ ਰਿਹਾ ਹੈ। ਇਸ ਦੀ ਬੁੱਢੇ ਨਾਲੇ ਦੀ ਰੋਜ਼-ਬ-ਰੋਜ਼ ਚੜ੍ਹਦੀ ਜਵਾਨੀ ਦੇ ਕਾਰਨ ਲੁਧਿਆਣਾ ਵਾਸੀ ਉਮਰ ਦਾ ਪੰਧ ਮਾਰਦੇ ਹੋਏ ਸਾਲੋ-ਸਾਲ ਬਾਕੀ ਦੁਨੀਆਂ ਨਾਲੋਂ ਵੱਧ ਬੁਢਾਪੇ ਦੀਆਂ ਬਰੂਹਾਂ ਨੂੰ ਪਹੁੰਚ ਰਹੇ ਹਨ। ਸਮਾਜ ਚਿੰਤਕਾਂ ਦਾ ਵਿਚਾਰ ਹੈ ਕਿ ਅਮੀਰ ਲੋਕ ਬਦ-ਪ੍ਰਹੇਜ਼ੀਆਂ ਦੇ ਕਾਰਨ ਮਰਦੇ ਹਨ ਤੇ ਗਰੀਬ ਭੁੱਖ-ਨੰਗ ਦੇ ਮਾਰੇ ਔਖੇ-ਦਿਹਾੜੇ ਦਿਨ ਕੱਟਦੇ ਹਨ।

ਇਸ ਪ੍ਰਥਾਇ ਮੇਰਾ ਬਤੌਰ ਸਾਬਕਾ ਕਮਿਸ਼ਨਰ ਲੁਧਿਆਣਾ ਨਗਰ ਨਿਗਮ ਇਹ ਨਿੱਜੀ ਖਿਆਲ ਹੈ ਕਿ ਆਮ ਦੁਨੀਆਂ ਜਿਥੇ ਭੁੱਖ-ਨੰਗ ਨਾਲ ਖਹਿਕੇ ਅੱਡੀਆਂ ਰਗੜ-ਰਗੜ ਕੇ ਮਰਦੀ ਹੈ; ਉਥੇ ਲੁਧਿਆਣਾ ਵਾਸੀ ਅਮੀਰ ਹੋਣ ਦੇ ਬਾਵਜੂਦ ਵੀ ਆਮ ਲੋਕਾਂ ਨਾਲੋਂ ਕਿਤੇ ਵੱਧ ਸਨਅਤੀ ਪ੍ਰਦੂਸ਼ਣ ਦੇ ਕਾਰਨ ਅੱਡੀਆਂ ਰਗੜ-ਰਗੜ ਕੇ ਜਿਉਂਦੇ ਹਨ। ਮੈਂ ਸੰਨ 1996-97 ਵਿਚ ਲੁਧਿਆਣਾ ਨਗਰ ਨਿਗਮ ਦਾ ਕਮਿਸ਼ਨਰ ਸੀ। ਆਪਣੇ ਸਮੇਂ ਵਿਚ ਮੈਂ ਯਥਾ ਸ਼ਕਤੀ ਤੇ ਯਥਾ ਸੰਭਵ ਇਸ ਬੁੱਢੇ ਨਾਲੇ ਨੂੰ ਸਾਫ਼ ਕਰਨ ਵਾਸਤੇ 'ਸਤਲੁਜ ਐਕਸ਼ਨ ਪਲੈਨ' ਜਿਹੇ ਯਤਨ ਕਾਰਆਮਦ ਕੀਤੇ ਸਨ। ਖ਼ੈਰ ਫਿਰ ਉਥੋਂ ਬਦਲੀ ਤੋਂ ਰਿਟਾਇਰਮੈਂਟ ਤੱਕ ਹੁਣ ਮੈਂ ਵੀ ਬੁਢਾ ਹੋ ਚੁੱਕਾ ਹਾਂ। ਮੈਥੋਂ ਪਹਿਲੇ ਕਈ ਕਮਿਸ਼ਨਰ ਵੀ ਲੁਧਿਆਣੇ ਵਾਸੀਆਂ ਦਾ ਇਹ 'ਗੰਦਾ ਨਾਲਾ' ਧੋਂਦੇ-ਧੋਂਦੇ ਰਿਟਾਇਰ ਹੋਣ ਤੋਂ ਬਾਅਦ ਸ਼ਾਇਦ ਸਫ਼ਾ ਹਸਤੀ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਫ਼ ਹੋ ਗਏ ਹੋਣਗੇ। ਇਉਂ ਹੀ 'ਬੁੱਢੇ ਨਾਲੇ' ਦੇ ਕੁੱਟੇ-ਮਾਰੇ ਇਥੋਂ ਦੇ ਹਜ਼ਾਰਾਂ-ਲੱਖਾਂ ਲੋਕ ਵੀ ਹੁਣ ਤਕ ਹਸਪਤਾਲਾਂ ਵਿਚ ਦਿਹਾੜੇ ਤੋੜਦੇ ਰੱਬ ਨੂੰ ਪਿਆਰੇ ਹੋ ਗਏ ਹੋਣਗੇ। ਫਿਰ ਉਨ੍ਹਾਂ ਵਿਚੋਂ ਕਿੰਨੇ ਰੀਸੋਲ ਅਰਥਾਤ ਪੁਨਰ-ਜਨਮ ਲੈ ਕੇ ਵਾਪਿਸ ਆ ਗਏ ਹੋਣਗੇ; ਇਹ ਰੱਬ ਹੀ ਜਾਣੇ।

ਪਰ ਰੱਬ ਦੇ ਰੰਗ ਵੇਖੋ ਕਿ ਬੁੱਢਾ ਨਾਲਾ ਦਿਨ-ਬ-ਦਿਨ ਰੰਗੋਂ-ਬਦਰੰਗ ਹੋਣ ਦੇ ਬਾਵਜੂਦ ਵੀ ਮਸਤੇ ਹੋਏ ਊਠ ਵਾਂਗੂੰ ਬੁਲਬਲੀਆਂ ਬੁਲਾਉਂਦਾ ਫਿਰਦਾ ਹੈ। ਸਗੋਂ ਲੋਕ ਕਹਿੰਦੇ ਹਨ ਕਿ 400 ਕਰੋੜ ਦੇ ਪ੍ਰੋਜੈਕਟ ਵਿਚੋਂ ਹਾਲੇ 1995 ਤੋਂ ਲੈ ਕੇ ਹੁਣ ਤੱਕ 20 ਕੁ ਸਾਲ ਮਗਰੋਂ 100 ਕੁ ਕਰੋੜ ਦੇ ਕੰਮ ਹੀ ਨੇਪਰੇ ਚੜ੍ਹੇ ਹਨ। ਫਿਰ ਇਸ ਦੌਰਾਨ ਲੁਧਿਆਣੇ ਸ਼ਹਿਰ ਦੀ ਅਬਾਦੀ 20 ਕੁ ਲੱਖ ਤੋਂ ਵਧ ਕੇ 35-40 ਲੱਖ ਨੂੰ ਜਾ ਢੁਕੀ ਹੈ। ਇਸ ਤਰ੍ਹਾਂ ਗੰਦੇ ਪਾਣੀਆਂ ਤੇ ਗੰਦਗੀ ਦੇ ਡੰਪਾਂ ਨੂੰ ਬੁਢੇ ਨਾਲੇ ਵਿਚ ਵਹਾਉਣ ਨਾਲ ਵਿਕਾਸ ਨਾਲੋਂ ਵਿਨਾਸ਼ ਦਾ ਹਿਸਾਬ ਕਿਤੇ ਅਗੇ ਵਧ ਗਿਆ ਹੈ। ਬਹਿਰਹਾਲ, ਸਰਕਾਰਾਂ ਦੇ ਹਿਸਾਬ-ਕਿਤਾਬ ਤਾਂ ਹਮੇਸ਼ਾਂ 'ਜਿੰਨਾ ਸੱਪ ਲੰਮਾ, ਉਨੀਂ ਗੋਹ ਚੌੜੀ' ਵਾਂਗ ਹੀ ਹੁੰਦੇ ਹਨ। ਬਸ ਹੁਣ ਤੱਕ ਸਾਰਾ ਮਸਲਾ ਘਾਊਂ-ਘੱਪ ਤੇ ਛਾਊਂ-ਛੱਪ ਜਿਹਾ ਹੋ ਕੇ ਹੀ ਰਹਿ ਗਿਆ ਹੈ। ਹੁਣ ਤਕ ਕਿੰਨੇ ਮਿਲੀਅਨ ਕਿਊਸਿਕ ਗੰਦਾ ਪਾਣੀ ਪੁਲਾਂ ਹੇਠੋਂ ਦੀ ਲੰਘ ਗਿਆ ਹੈ ਅਤੇ ਸਤਲੁਜ ਐਕਸ਼ਨ ਪਲੈਨ ਦਾ ਕਿੰਨਾ ਪੈਸਾ ਅਜਾਈਂ ਰੁੜ੍ਹ ਚੁੱਕਾ ਹੈ; ਚਲੋ ਬਸ ਗੱਲ ਮੁੱਕੀ, 'ਢਕੀ ਰਿਝੇ ਤੇ ਕੋਈ ਨਾ ਬੁਝੇ'।

ਖ਼ੈਰ! ਚਲਦੇ-ਚਲਦੇ ਮੈਨੂੰ ਇਸ ਬੁੱਢੇ ਦਰਿਆ ਦੇ ਸਬੰਧ ਵਿਚ ਆਪਣੇ ਸਮੇਂ ਦੀ ਗੱਲ ਯਾਦ ਆਈ ਹੈ ਕਿ ਉਦੋਂ ਇਕ ਰਾਤ ਕੋਈ ਦੋ-ਢਾਈ ਵਜੇ ਐਮ.ਐੱਲ.ਏ. ਗੁਸਾਈਂ ਸਾਹਿਬ ਦਾ ਮੈਨੂੰ ਫ਼ੋਨ ਆਇਆ ਕਿ ਕਮਿਸ਼ਨਰ ਸਾਹਿਬ ਆਪਣਾ ਗੰਦਾ ਨਾਲਾ ਟੁੱਟ ਗਿਆ ਹੈ, ਕੋਈ ਚਾਰਾਜੋਈ ਕਰੋ। ਅੱਗੋਂ ਮੈਂ ਨਿਗਮ ਦੀ ਸਾਰੇ ਦਿਨ ਦੀ ਬਿਜਲੀ, ਪਾਣੀ, ਸਫਾਈ ਤੇ ਸੜਕਾਂ ਦੀ ਜੰਗ ਲੜਦਾ-ਲੜਦਾ ਥੱਕ ਟੁੱਟ ਕੇ ਖਾਓ-ਪੀਓ ਉਪਰੰਤ ਘੋੜੇ ਵੇਚ ਕੇ ਸੁੱਤਾ ਹੋਇਆ ਸੀ। ਮੈਨੂੰ ਖਾਧੀ-ਪੀਤੀ ਵਿਚ ਉਨ੍ਹਾਂ ਦੀ ਘਬਰਾਹਟ ਤੋਂ ਇਹ ਹੀ ਸਮਝ ਆਈ ਕਿ ਮੇਰਾ ਨਾਲਾ ਤਾਂ ਠੀਕ ਹੈ। ਇਸ ਵਾਸਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਜਨਾਬ ਤੁਸੀਂ ਆਪਣਾ ਫ਼ਿਕਰ ਕਰੋ ਜੇ ਤੁਹਾਡਾ ਨਾਲਾ ਟੁੱਟ ਗਿਆ ਹੈ ਤਾਂ ਮੈਂ ਕੀ ਕਰਾਂ।

ਖ਼ੈਰ! ਹਾਸਾ ਤਾਂ ਉਨ੍ਹਾਂ ਦਾ ਵੀ ਨਿਕਲ ਗਿਆ, ਪਰ ਥੋੜ੍ਹੀ ਤਲਖ਼ੀ ਨਾਲ ਮੈਨੂੰ ਕਹਿਣ ਲੱਗੇ ਕਿ ਜਨਾਬ ਜਾਗੋ! ਆਪਣੇ ਸ਼ਹਿਰ ਵਾਲਾ ਗੰਦਾ ਨਾਲਾ ਜੇਲ੍ਹ ਕੋਲੋਂ ਟੁੱਟ ਗਿਆ ਹੈ ਤੇ ਸਾਰਾ ਇਲਾਕਾ ਅਵਾਜ਼ਾਰ ਹੋ ਰਿਹਾ ਹੈ। ਬਹਿਰਹਾਲ, ਮੈਂ ਆਪਣੀ ਡਿਊਟੀ ਪ੍ਰਤੀ ਨਿਸ਼ਠਾ ਅਨੁਸਾਰ ਅਸ਼ੋਕ ਕੁਮਾਰ ਐੱਸ.ਈ. ਤੇ ਉਨ੍ਹਾਂ ਦੀ ਟੀਮ ਨੂੰ ਪੰਜਾਬੀ ਵਿਚ ਗੱਲ ਸਮਝਾ ਕੇ 'ਟਿੰਡੀ ਦੇ ਬੀਅ' 'ਤੇ ਚੜ੍ਹਾ ਦਿੱਤਾ। ਅਸ਼ਕੇ ਜਾਈਏ ਨਗਰ ਨਿਗਮ ਦੀ ਉਸ ਟੀਮ ਦੇ ਕਿ ਉਨ੍ਹਾਂ ਨੇ ਹਨ੍ਹੇਰੇ ਤੇ ਬੇਵਕਤ ਦੀਆਂ ਦੁਸ਼ਵਾਰੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਦੇ ਬਾਵਜੂਦ ਵੀ ਕੋਈ ਤਿੰਨ ਕੁ ਘੰਟੇ ਦੀ ਸਖ਼ਤ ਮਿਹਨਤ ਤੋਂ ਬਾਅਦ ਨਾਲਾ ਸੰਢ ਦਿੱਤਾ।

ਇਸ ਸਬੰਧ ਵਿਚ ਤਾਮੀਲੀ ਰਿਪੋਰਟ ਦੇਣ ਹਿੱਤ ਮੈਂ ਗੁਸਾਈਂ ਸਾਹਿਬ ਨੂੰ ਫ਼ੋਨ ਕੀਤਾ। ਅੱਗੋਂ ਉਨ੍ਹਾਂ ਦੀ ਧਰਮਪਤਨੀ ਦੀ ਆਵਾਜ਼ ਆਈ ਕਿ ਗੁਸਾਈਂ ਸਾਹਿਬ ਇਹ ਕਹਿ ਕੇ ਸੁੱਤੇ ਹਨ ਕਿ ਜੇ ਕਮਿਸ਼ਨਰ ਸਾਹਿਬ ਦਾ ਫ਼ੋਨ ਆਇਆ ਤਾਂ ਧੰਨਵਾਦ ਕਰ ਦੇਣਾ। ਮੈਂ ਸਤਿਕਾਰ ਸਾਹਿਤ ਉਨ੍ਹਾਂ ਨੂੰ ਕਿਹਾ ਕਿ ਜੇ ਨਿਗਮ ਦੇ ਅਧਿਕਾਰੀ ਤੇ ਕਰਮਚਾਰੀ ਸਾਰੀ ਰਾਤ ਜਾਗੇ ਹਨ ਤਾਂ ਹੁਣ ਮੈਂ 'ਲੋਕ ਸੇਵਕ' ਨੂੰ ਵੀ ਸੌਣ ਨਹੀਂ ਦੇਣਾ। ਚਲੋ! ਉਨ੍ਹਾਂ ਨੇ ਗੁਸਾਈਂ ਸਾਹਿਬ ਨੂੰ ਜਗਾ ਦਿੱਤਾ ਤਾਂ ਗੁਸਾਈਂ ਸਾਹਿਬ ਬੋਲੇ ਕਿ ਕਮਿਸ਼ਨਰ ਸਾਹਿਬ ਸਵੇਰੇ ਦੱਸ ਦੇਣਾ ਸੀ, ਪਰ ਮੈਂ ਵੀ ਅੱਗੋਂ ਬੜੇ ਵਿਉਂ ਵਿਚ ਉਨ੍ਹਾਂ ਨੂੰ ਕਿਹਾ ਕਿ 'ਲੱਗੀ ਵਾਲੇ ਤਾਂ ਕਦੇ ਨਾ ਸੌਂਦੇ ਤੇਰੀ ਕਿਵੇਂ ਅੱਖ ਲੱਗ ਗਈ'।

ਬੱਸ ਇਸ ਉਪਰੰਤ ਦੂਜੇ ਪਾਸਿਉਂ ਨੀਂਦ ਦੇ ਸਤਾਏ ਗੁਸਾਈਂ ਸਾਹਿਬ ਵੱਲੋਂ ਦੋ-ਚਾਰ ਸ਼ਬਦ 'ਚਲੋ ਗੌਂ ਕੱਢੀ ਤੇ ਰੋਡਿਆ ਮਿਲਦਾ-ਗਿਲਦਾ ਰਹੀਂ' ਜਿਹੇ ਧੰਨਵਾਦੀ ਮਤੇ ਵਜੋਂ ਹੀ ਸਨ। ਵੈਸੇ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇਹ ਬੁੱਢਾ ਨਾਲਾ ਉਰਫ਼ ਗੰਦਾ ਨਾਲਾ ਪਤਾ ਨਹੀਂ ਕਿੰਨੇ ਹੀ ਲੱਖਾਂ ਲੁਧਿਆਣਾ ਵਾਸੀਆਂ ਤੇ ਹਜ਼ਾਰਾਂ ਕਰਮਚਾਰੀਆਂ ਦੀ ਨੀਂਦ ਹੁਣ ਤੱਕ ਹਰਾਮ ਕਰ ਚੁੱਕਾ ਹੈ। ਫਿਰ ਸਾਡੇ ਵੱਲੋਂ ਹੀ ਸਿਰੇ ਤੋਂ ਵਿਗਾੜਿਆ ਜਾ ਚੁੱਕਾ ਇਹ ਬੁੱਢਾ ਦਰਿਆ ਹੁਣ ਇਸ ਤੋਂ ਅੱਗੇ ਲੁਧਿਆਣੇ ਦੀ ਕਿਸਮਤ ਬਣ ਕੇ ਕਦੋਂ ਤੱਕ ਇਲਾਕਾ ਨਿਵਾਸੀਆਂ ਨੂੰ ਦਾਖੂ-ਦਾਣਾ ਦਿੰਦਾ ਰਹੇਗਾ।

ਮੁੱਕਦੀ ਗੱਲ! ਸਰਕਾਰੀ ਔਹੜਾਂ-ਪੌਹੜਾਂ ਦੀ ਇਹ ਸਾਰੀ ਵਿੱਥਿਆ 'ਮਰਜ਼ ਬੜਤਾ ਗਿਆ ਜਿਉਂ-ਜਿਉਂ ਦਵਾ ਕੀ' ਅਨੁਸਾਰ ਇਕ ਬੇਮਤਲਬ ਜਿਹੀ ਕਹਾਣੀ ਬਣ ਕੇ ਰਹਿ ਗਈ ਹੈ। ਮੈਂ ਨਗਰ ਨਿਗਮ ਲੁਧਿਆਣੇ ਦਾ ਕਮਿਸ਼ਨਰ ਰਹਿਣ ਉਪਰੰਤ ਰੋਪੜ, ਫਿਰੋਜ਼ਪੁਰ ਤੇ ਗੁਰਦਾਸਪੁਰ ਦਾ ਡੀ.ਸੀ. ਬਣਿਆ ਤੇ ਫਿਰ ਫਿਰੋਜ਼ਪੁਰ ਤੇ ਫਰੀਦਕੋਟ ਡਿਵੀਜ਼ਨਾਂ ਦਾ ਕਮਿਸ਼ਨਰ ਰਿਟਾਇਰ ਹੋ ਕੇ ਹੁਣ ਬੁੱਢ-ਵਰੇਸ ਦੇ ਪੜਾਅ ਪਾਰ ਕਰ ਰਿਹਾ ਹਾਂ। ਉਧਰ ਗੁਸਾਈਂ ਸਾਹਿਬ ਕੌਂਸਲਰ ਤੋਂ ਐੱਮ.ਐੱਲ.ਏ. ਤੇ ਮੰਤਰੀ ਰਹਿਣ ਉਪਰੰਤ ਬੁਢਾਪੇ ਦੀਆਂ ਸਿਖਰਾਂ ਨੂੰ ਪਹੁੰਚ ਚੁੱਕੇ ਹਨ।

ਖ਼ੈਰ! ਇਹ ਕੁਦਰਤ ਦੀ ਵਿਡੰਬਣਾ ਹੀ ਹੈ ਕਿ ਦਰਬਾਰੇਸ਼ਾਹੀ ਸਰਕਾਰ ਤੇ ਦਫਤਰਸ਼ਾਹੀ ਦੀ ਪੱਟੀ ਅਫਸਰਸ਼ਾਹੀ ਦੀ ਕੁੱਲ ਕਾਰਗੁਜ਼ਾਰੀ ਦੇ ਬਾਵਜੂਦ ਵੀ ਬੁੱਢਾ ਦਰਿਆ ਬਨਾਮ ਗੰਦਾ ਨਾਲਾ ਨਸ਼ੇ ਵਿਚ ਧੁੱਤ ਲੁਧਿਆਣੇ ਤੋਂ ਪੰਜਾਬ ਦੇ ਦੂਜੇ ਸਿਰੇ ਬਠਿੰਡੇ ਤੱਕ ਆਪਣੀ ਤਬਾਹਕੁੰਨ ਤਾਕਤ ਦੀ ਕਰਾਮਾਤ ਦਿਖਾ ਰਿਹਾ ਹੈ। ਇਹ ਬੁੱਢਾ ਨਾਲਾ 'ਅੰਨ੍ਹੀ ਜਵਾਨੀ ਤੇ ਲਿੱਦ ਦੇ ਫੱਕੇ ਮਾਰਦਾ' ਸਿਰਫ਼ ਲੁਧਿਆਣੇ ਵਿਚ ਹੀ ਨਹੀਂ ਸ਼ੂਕਦਾ ਫਿਰਦਾ; ਸਗੋਂ ਪੰਜਾਬ ਤੋਂ ਦਿੱਲੀ ਤਕ ਤੇ ਫਿਰ ਇੰਤਜ਼ਾਮੀ ਅਦਾਰਿਆਂ ਨੂੰ ਦੂਰ ਹਰਿਆਣੇ ਤੇ ਰਾਜਸਥਾਨ ਤਕ ਸਾਨੂੰ ਸਭ ਨੂੰ ਵੰਗਾਰ ਰਿਹਾ ਹੈ



*Original with;*
Kulbir Singh Sidhu(I.A.S)
*Digitized by;*
Panjab Digital Library

ਕਿ 'ਆ ਜੋ; ਫੜ ਲਉ ਜਿਹੜੀ ਮੇਰੀ ਪੂਛ ਫੜਨੀ ਹੈ; ਪਰ ਮੈਂ ਤਾਂ ਤੁਹਾਡੀ ਸਭ ਦੀ ਐਸੀ-ਤੈਸੀ ਫੇਰਕੇ ਹੀ ਹਟਣਾ ਹੈ'।

ਇਹ ਕਹਾਣੀ ਤਾਂ ਇਕ ਸ਼ਹਿਰ ਦੇ ਇਕ ਗੰਦੇ ਨਾਲੇ ਦੀ ਹੈ। ਇਸ ਸਬੰਧ ਵਿਚ ਸਗੋਂ ਸਮਝਣ ਵਾਲੀ ਗੱਲ ਇਹ ਹੈ ਕਿ ਹਰ ਨਗਰ, ਸ਼ਹਿਰ ਤੇ ਪਿੰਡਾਂ ਵਿਚ ਵੀ ਗੰਦੀਆਂ ਨਾਲੀਆਂ ਤੋਂ ਲੈ ਕੇ ਗੰਦੇ ਨਾਲਿਆਂ ਤਕ ਪ੍ਰਦੂਸ਼ਣ ਸ਼ੁਕਾਟਾਂ ਪਾ ਰਿਹਾ ਹੈ। ਫਿਰ ਸਾਡੇ ਕਸਬਿਆਂ ਵਿਚ ਸੜਕਾਂ 'ਤੇ ਪਏ ਕੂੜੇ-ਕਰਕਟ ਦੇ ਢੇਰਾਂ ਤੋਂ ਇਲਾਵਾ ਸ਼ਹਿਰਾਂ ਦੀ ਗੰਦਗੀ ਦੇ ਡੰਪ ਅਤੇ ਕਾਰਖਾਨਿਆਂ ਦੇ ਤੇਜ਼ਾਬੀ ਮਾਦੇ ਦੇ ਮਾੜੇ ਤੇ ਕੋਝੇ ਜਲਵੇ ਤਾਂ ਹੁਣ ਹਰ ਨਗਰ ਤੇ ਹਰ ਸ਼ਹਿਰ ਦਾ ਕੋਹਝ ਬਣ ਚੁੱਕੇ ਹਨ। ਪਰ ਅਫ਼ਸੋਸ ਹੈ ਕਿ ਅਸੀਂ ਇਨ੍ਹਾਂ ਕੋਹਝਾਂ ਨੂੰ ਆਪਣੇ ਸ਼ਹਿਰਾਂ ਦੀ ਵਿਸ਼ੇਸ਼ ਪਛਾਣ ਬਣਾ ਰੱਖਿਆ ਹੈ। ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਰਗੇ ਵੱਡੇ-ਵੱਡੇ ਸ਼ਹਿਰਾਂ ਦੇ ਸਰਾਫ਼ਾ ਬਜ਼ਾਰਾਂ ਵਿਚ ਸੋਨੇ ਦੀ ਢਲਾਈ ਵਿਚੋਂ ਨਿਕਲਦਾ ਤੇਜ਼ਾਬੀ ਮਾਦਾ ਇੰਨਾ ਘਾਤਿਕ ਹੈ ਕਿ ਇਸ ਤੋਂ ਪੈਦਾ ਹੋਣ ਵਾਲੇ ਸਾਹ ਤੇ ਚਮੜੀ ਰੋਗਾਂ ਦੇ ਅੱਗੇ ਤਾਂ ਡਾਕਟਰ ਵੀ ਹੱਥ ਖੜ੍ਹੇ ਕਰ ਰਹੇ ਹਨ।

ਅੰਮ੍ਰਿਤਸਰ ਦੇ ਸਨਅਤੀ ਕਾਰੋਬਾਰ ਤੇ ਖ਼ਾਸ ਕਰਕੇ ਸਰਾਫ਼ਾ ਬਜ਼ਾਰ ਦੀਆਂ ਭੱਠੀਆਂ ਤੋਂ ਨਿਕਲ ਰਹੀਆਂ ਜ਼ਹਿਰੀਲੀਆਂ ਗੈਸਾਂ ਤਾਂ ਸ੍ਰੀ ਹਰਿਮੰਦਰ ਸਾਹਿਬ ਤੱਕ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਇਉਂ ਹੀ ਸਕੂਟਰਾਂ, ਕਾਰਾਂ, ਬੱਸਾਂ ਤੇ ਟਰੱਕਾਂ ਦਾ ਧੂੰਆਂ ਤਾਂ ਹੁਣ ਹਰ ਸ਼ਹਿਰ ਦੀ ਚੰਗੀ-ਮਾੜੀ ਵਿਰਾਸਤ ਬਣ ਚੁੱਕਾ ਹੈ। ਇਸ ਤੋਂ ਇਲਾਵਾ ਤਕਰੀਬਨ ਹਰ ਸ਼ਹਿਰ ਦੇ ਅੰਦਰ ਮੱਝਾਂ-ਗਾਵਾਂ ਦੀਆਂ ਡੇਅਰੀਆਂ ਹਨ, ਜਿਸ ਕਰਕੇ ਦੁੱਧ ਦੀ ਸਹੂਲਤ ਦੇ ਨਾਲ-ਨਾਲ 'ਗੋਹੇ ਤੇ ਗੰਦ' ਦੀ ਸੇਵਾ ਮੁਫ਼ਤ ਵਿਚ ਹੀ ਉਪਲਬਧ ਹੈ। ਵੈਸੇ ਮੌਜੂਦਾ ਸਥਿਤੀ ਅਨੁਸਾਰ ਇਹ ਵੀ ਕੋਈ ਅਲੋਕਾਰੀ ਵਾਲੀ ਗੱਲ ਨਹੀਂ ਹੈ ਕਿ ਪੀਣ ਵਾਲੇ ਗੰਦੇ ਪਾਣੀ, ਪ੍ਰਦੂਸ਼ਿਤ ਹਵਾ, ਸੀਵਰੇਜ ਜਾਂ ਗੰਦਗੀ ਦੇ ਢੇਰਾਂ ਸਬੰਧੀ ਸਮੱਸਿਆਵਾਂ ਤਾਂ ਸਾਡੇ ਵਾਸਤੇ ਹੁਣ ਕੋਈ ਸਮੱਸਿਆਵਾਂ ਹੀ ਨਹੀਂ ਹਨ। ਸਗੋਂ ਅਸੀਂ ਸਭ ਨੇ ਤੇ ਖ਼ਾਸ ਕਰਕੇ ਸਾਡੀਆਂ ਸਰਕਾਰਾਂ ਨੇ ਇਨ੍ਹਾਂ ਦੇ ਨਾਲ ਸਮਝੌਤਾ ਕਰਕੇ ਰਹਿਣਾ ਸਿੱਖ ਲਿਆ ਹੈ।

ਸਿਰੇ ਦੀ ਗੱਲ ਇਹ ਹੈ ਕਿ ਮਨੁੱਖੀ ਜਨਜੀਵਨ ਦੇ ਇਹ ਅਹਿਮ ਸਰੋਕਾਰ ਅਜ ਸਾਡੇ ਲਈ ਆਮ ਜਿਹੀ ਗੱਲ ਬਣ ਚੁਕੇ ਹਨ ਅਤੇ ਸਾਡੀ ਪ੍ਰਸ਼ਾਸਨਿਕ ਵਿਵਸਥਾ ਵਾਸਤੇ ਇਹ ਕੋਈ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਨਹੀਂ ਰਹੇ। ਇਸ ਸਬੰਧ ਵਿਚ ਸਰਕਾਰਾਂ ਨੂੰ ਚਾਹੀਦਾ ਤਾਂ ਇਹ ਹੈ ਕਿ ਉਹ ਪ੍ਰਦੂਸ਼ਿਤ ਪਾਣੀ ਤੇ ਹਵਾ ਤੋਂ ਫੈਲਣ ਵਾਲੀਆਂ ਬਿਮਾਰੀਆਂ ਦੇ ਸਮਾਧਾਨ ਵਾਸਤੇ ਸਮਾਂ ਵਿਹਾਉਣ ਉਪਰੰਤ ਕੀਤੇ ਜਾਣ ਵਾਲੇ ਖਰਚਿਆਂ ਤੋਂ ਕਿਤੇ ਪਹਿਲਾਂ ਲੋਕਾਂ ਨੂੰ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤਕ ਪੀਣ ਵਾਲਾ ਸਾਫ਼-ਸਵੱਛ ਪਾਣੀ, ਸਫਾਈ, ਸਿਹਤ ਤੇ ਬਿਜਲੀ ਦੇਣ ਜਿਹੀਆਂ ਬੁਨਿਆਦੀ ਸਹੂਲਤਾਂ ਤੇ ਸੇਵਾਵਾਂ ਪ੍ਰਦਾਨ ਕਰਨ। ਸਗੋਂ ਇਹ ਦੁੱਖ ਦੀ ਗੱਲ ਹੈ ਕਿ ਅਸੀਂ ਸਾਰੇ



*Original with;*
Kulbir Singh Sidhu(I.A.S)
*Digitized by;*
Panjab Digital Library

ਤੇ ਖਾਸ ਕਰਕੇ ਸਾਡੀਆਂ ਸਰਕਾਰਾਂ ਉਪਚਾਰ ਤੋਂ ਪਹਿਲਾਂ ਪ੍ਰਹੇਜ਼ ਕਰਨ ਦੀ ਨੀਤੀ 'ਤੇ ਇਕ ਪ੍ਰਤੀਸ਼ਤ ਵੀ ਅਮਲ ਨਹੀਂ ਕਰ ਰਹੇ ਅਤੇ ਅਸੀਂ ਸਾਰਾ ਪੈਸਾ ਸਮਾਂ ਵਿਹਾਅ ਕੇ ਅਜਾਈਂ ਹੀ ਨਿਰਾਰਥਿਕ ਜਿਹੇ ਔਹੜਾਂ-ਪੌਹੜਾਂ ਦੇ ਬੁੱਥੇ ਦੇ ਰਹੇ ਹਾਂ।

ਸਪਸ਼ਟ ਹੈ ਕਿ ਸਰਕਾਰਾਂ ਨੇ ਅਜ ਬਿਜਲੀ ਸਪਲਾਈ ਤੋਂ ਸੀਵਰੇਜ ਤੇ ਸੜਕਾਂ ਤਕ ਅਤੇ ਅੱਗੇ ਮਕਾਨ ਉਸਾਰੀ ਤੱਕ ਦੀਆਂ ਆਪਣੀਆਂ ਲੋਕ ਭਲਾਈ ਦੀਆਂ ਸਕੀਮਾਂ ਦੇ ਅਹਿਮ ਫਰਜ਼ ਤੋਂ ਕਿਨਾਰਾਕਸ਼ੀ ਕਰ ਲਈ ਹੈ। ਇਸ ਤਰ੍ਹਾਂ ਹੁਣ ਸਾਡੀਆਂ ਸਰਕਾਰਾਂ ਤੇ ਸਾਡੇ ਪ੍ਰਸ਼ਾਸਨ ਨੇ ਲੋਕਾਂ ਨੂੰ ਠੇਕੇਦਾਰ ਕਿਸਮ ਦੇ ਕਾਰੋਬਾਰੀਆਂ ਦੇ ਰਹਿਮੋ-ਕਰਮ 'ਤੇ ਛਡ ਰਖਿਆ ਹੈ। ਫਿਰ ਅੱਗੋਂ ਸਾਡਾ ਠੇਕੇਦਾਰ ਵਰਗ 'ਈਸਟ ਇੰਡੀਆ ਕੰਪਨੀ' ਵਾਂਗੂੰ ਬੜੀ ਬੇਕਿਰਕੀ ਨਾਲ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਦੇ ਛੌਂਡੇ ਲਾਹ ਕੇ ਧਨ-ਕੁਬੇਰ ਬਣ ਰਿਹਾ ਹੈ। ਸਾਡੀ ਸਾਰੀ ਸਰਕਾਰੀ ਵਿਵਸਥਾ ਪ੍ਰਣਾਲੀ ਵਿਚ ਫਿਰ ਸਭ ਤੋਂ ਹੋਰ ਵਡੀ ਸਿਤਮਜ਼ਰੀਫ਼ੀ ਇਹ ਹੈ ਕਿ ਸਰਕਾਰੀ ਦਰਬਾਰਾਂ ਤੇ ਦਫਤਰਾਂ ਵਾਲਿਆਂ ਨੂੰ ਤਾਂ ਬਸ ਲਾਗੀਆਂ ਵਾਂਗੂੰ 'ਆਪਣੇ ਹਿੱਸੇ' ਦਾ ਲਾਗ ਚਾਹੀਦਾ ਹੈ, ਫਿਰ ਭਾਵੇਂ ਰਾਮ-ਪਿਆਰੀ ਵੱਸੇ ਜਾਂ ਜਾਂਦੀ ਹੀ ਰੰਡੀ ਹੋ ਜਾਵੇ।

ਗੌਰਤਲਬ ਹੈ ਕਿ ਸਰਕਾਰਾਂ ਨੂੰ ਜਨ-ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਵਾਸਤੇ ਬਣੀਆਂ ਸਥਾਨਿਕ ਪਬਲਿਕ ਸੇਵਾਵਾਂ ਨੂੰ ਦਰਕਿਨਾਰ ਕਰਕੇ ਕਿਸੇ ਵੀ ਕੀਮਤ 'ਤੇ ਕਾਰੋਬਾਰੀ ਲੋਕਾਂ ਨੂੰ ਠੇਕੇ 'ਤੇ ਨਹੀਂ ਦਿੱਤਾ ਜਾਣਾ ਚਾਹੀਦਾ। ਪਰ ਬੜੇ ਦੁੱਖ ਦੀ ਗੱਲ ਹੈ ਕਿ ਹੁਣ ਸਭ ਕੁਝ ਇਸ ਦੇ ਬਿਲਕੁਲ ਉਲਟ ਹੋ ਰਿਹਾ ਹੈ। ਅਜ ਲੋਕਾਂ ਦੇ ਵਸੇਬੇ ਵਾਸਤੇ ਮਕਾਨ ਉਸਾਰੀ ਤੋਂ ਲੈ ਕੇ ਬਿਜਲੀ ਦੀ ਸਪਲਾਈ ਤੇ ਸੀਵਰ ਪਾਉਣ ਤਕ ਇਹੋ ਕੁਝ ਹੀ ਹੋ ਰਿਹਾ ਹੈ ਅਤੇ ਸਮਾਜ ਕਲਿਆਣ ਦੇ ਇਹ ਸਾਰੇ ਕਾਰਜ ਪੂੰਜੀਪਤੀ ਕਾਰੋਬਾਰੀਆਂ ਦੇ ਹਵਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਜਦੋਂ ਕਿ ਸਭ ਤੋਂ ਅਹਿਮ ਜ਼ਰੂਰਤ ਇਸ ਗੱਲ ਦੀ ਹੈ ਕਿ ਸਮੁੱਚੇ ਜਨ-ਜੀਵਨ ਦੇ ਇਹ ਪ੍ਰਾਣ-ਅਧਾਰ ਮਸਲੇ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਖ਼ੁਦ ਹੀ ਜੰਗੀ ਪੱਧਰ 'ਤੇ ਨਜਿੱਠੇ ਜਾਣੇ ਚਾਹੀਦੇ ਹਨ।

ਜ਼ਾਹਿਰ ਹੈ ਕਿ ਕਿਸੇ ਵੀ ਸਮਾਜ ਵਿਚ ਹਵਾ, ਪਾਣੀ, ਸਫਾਈ, ਬਿਜਲੀ, ਸੀਵਰ ਤੇ ਸੜਕਾਂ ਜਿਹੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਹੀ ਸਰਕਾਰ ਵਾਸਤੇ ਲੋਕਾਂ ਦੀ ਮੁੱਖ ਤੇ ਮੁਢਲੀ ਸੇਵਾ ਹੁੰਦੀ ਹੈ। ਪਰ ਅਕਸਰ ਹੀ ਸਾਡੀਆਂ ਸਥਾਨਕ ਸਰਕਾਰਾਂ ਆਪਣੇ ਇਸ ਮੁੱਖ ਫਰਜ਼ ਤੇ ਅਹਿਮ ਜ਼ਿੰਮੇਵਾਰੀ ਤੋਂ ਟਾਲਾ ਵੱਟਦੀਆਂ ਰਹੀਆਂ ਹਨ। ਅਸੀਂ ਆਪਣੀਆਂ ਵਪਾਰੀਕਰਣ ਪ੍ਰਵਿਰਤੀਆਂ ਦੇ ਤਹਿਤ ਲੋਕ ਸੇਵਾਵਾਂ ਤੇ ਲੋਕ ਭਲਾਈ ਦੀਆਂ ਸਕੀਮਾਂ ਦੀ ਜ਼ਿੰਮੇਵਾਰੀ ਤਿਜਾਰਤੀ ਕਿਸਮ ਦੇ ਕਾਰੋਬਾਰੀਆਂ ਨੂੰ ਦੇਣਾ ਚੰਗਾ ਸਮਝਦੇ ਹਾਂ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਵਪਾਰੀਕਰਣ ਤੇ ਨਿਜੀਕਰਣ ਜਿਹੇ ਸ਼ੋਸ਼ਿਆਂ ਨਾਲ ਸਾਡੀ ਸਰਕਾਰੀ ਤੇ ਪ੍ਰਸ਼ਾਸਨਿਕ ਵਿਵਸਥਾ ਪ੍ਰਣਾਲੀ ਜੀਅ-ਜਾਨ ਨਾਲ ਮਿਹਨਤ ਕਰਨ ਤੋਂ ਆਪਣਾ ਬਚਾਅ ਕਰ



*Original with;*
Kulbir Singh Sidhu(I.A.S)
*Digitized by;*
Panjab Digital Library

ਲੈਂਦੀ ਹੈ ਅਤੇ ਆਪਣੇ ਆਪ ਨੂੰ ਆਪਣੀ ਸਮਾਜ ਪ੍ਰਤੀ ਸਿੱਧੀ ਜ਼ਿੰਮੇਵਾਰੀ ਤੋਂ ਵੀ ਸੁਰਖਰੂ ਕਰ ਲੈਂਦੀ ਹੈ।

ਮੁਕਦੀ ਗੱਲ! ਇਥੇ ਪ੍ਰਦੂਸ਼ਣ ਸਬੰਧੀ ਚਲ ਰਹੇ ਪ੍ਰਸੰਗ ਦੇ ਸਿਲਸਿਲੇ ਵਿਚ ਹੋਰ ਵੀ ਅਫ਼ਸੋਸਨਾਕ ਗੱਲ ਇਹ ਹੈ ਕਿ ਅਸੀਂ ਪੰਜਾਬੀ ਲੋਕ ਪ੍ਰਦੂਸ਼ਿਤ ਪਾਣੀਆਂ ਤੇ ਹਵਾ ਦੇ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਨੂੰ ਤਾਂ ਸਧਾਰਨ ਗੱਲ ਹੀ ਸਮਝਦੇ ਹਾਂ। ਇਉਂ ਅਸੀਂ ਬਲੱਡ ਪ੍ਰੈਸ਼ਰ, ਸ਼ੂਗਰ ਜਾਂ ਸਾਹ, ਅੱਖਾਂ, ਕੰਨਾਂ ਤੇ ਚਮੜੀ ਦੀਆਂ ਬਿਮਾਰੀਆਂ ਨੂੰ ਗੌਲਦੇ ਹੀ ਨਹੀਂ ਹਾਂ। ਸਗੋਂ ਅਜ ਤਕਰੀਬਨ ਅਸੀਂ ਸਾਰੇ ਹੀ ਸਵੱਛ ਹਵਾ ਤੇ ਪੀਣ ਵਾਲੇ ਸਾਫ਼ ਪਾਣੀ ਦੀ ਅਣਹੋਂਦ ਵਿਚ ਜ਼ਹਿਰੀਲੀਆਂ ਗੈਸਾਂ ਤੇ ਗੰਦੇ ਪਾਣੀ ਦੇ ਕਾਰਨ ਦਮੇ ਤੇ ਦਿਲ ਦੀਆਂ ਬਿਮਾਰੀਆਂ ਤੋਂ ਪੀੜ੍ਹਤ ਹਾਂ। ਇਸ ਤਰ੍ਹਾਂ ਹੀ ਸਾਡਾ ਜੋ ਸ਼ੋਰ ਜਿਹੇ ਪ੍ਰਦੂਸ਼ਣਾਂ ਕਰਕੇ ਅੱਖਾਂ ਤੇ ਕੰਨਾਂ ਦੇ ਰੋਗਾਂ ਨਾਲ ਨੁਕਸਾਨ ਹੋ ਰਿਹਾ ਹੈ; ਉਹ ਤਾਂ ਸਾਡੀ ਗਿਣਤੀ-ਮਿਣਤੀ ਵਿਚ ਹੀ ਨਹੀਂ ਆਉਂਦਾ।

ਗੌਰਤਲਬ ਹੈ ਕਿ ਹਾਈਕੋਰਟ ਤੱਕ ਰੋਕਦੇ-ਰੁਕਾਉਂਦੇ ਵੀ ਕਾਰਾਂ ਦੇ ਹੌਰਨ ਹੁਣ ਮੋਟਰਸਾਈਕਲਾਂ ਨੂੰ ਲੱਗ ਗਏ ਹਨ। ਫਿਰ ਲੋਕਾਂ ਨੇ ਟਰੱਕਾਂ ਤੇ ਬੱਸਾਂ ਦੇ ਹਾਰਨ ਆਪਣੀਆਂ ਕਾਰਾਂ ਤੇ ਟਰੱਕਾਂ ਨੂੰ ਲਾ ਲਏ ਹਨ। ਫਿਰ ਜੇ ਟਰੱਕਾਂ ਤੇ ਬੱਸਾਂ ਦੇ ਡਰਾਈਵਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਸ਼ੇਰਾਂ ਨੇ ਤਾਂ ਪ੍ਰੈਸ਼ਰ ਹਾਰਨ ਨਾ ਕਦੇ ਲਾਹੇ ਸਨ ਤੇ ਨਾ ਹੁਣ ਹੀ ਲਾਹੁਣੇ ਹਨ। ਸਗੋਂ ਹੁਣ ਤਾਂ ਇਹ 'ਬਾਈ' ਟਰੱਕਾਂ ਤੇ ਬੱਸਾਂ ਦੇ ਅੰਦਰ ਵੀ ਵੀਡੀਓ ਤੇ ਸਪੀਕਰ ਲਾਈ ਫਿਰਦੇ ਹਨ। ਫਿਰ ਭਾਵੇਂ ਸਾਰੇ ਹਿੰਦੁਸਤਾਨ ਦੇ ਡੀ.ਟੀ.ਓ. ਤੇ ਪੁਲਿਸ ਵਾਲੇ ਰਲ ਕੇ ਵੀ ਟ੍ਰੈਫਿਕ-ਚਲਾਣਾਂ ਨਾਲ ਇਨ੍ਹਾਂ ਦੇ ਹੱਡਾਂ ਦੇ ਛੌਡੇ ਵੀ ਕਿਉਂ ਨਾ ਲਾਹ ਲੈਣ।

ਇਸ ਤਰ੍ਹਾਂ ਹੀ ਚਮੜੀ ਰੋਗਾਂ ਵਿਚ ਰੋਜ਼-ਬ-ਰੋਜ਼ ਵਾਧਾ ਹੋ ਰਿਹਾ ਹੈ। ਸੁਪਰੀਮ ਕੋਰਟ ਤੱਕ ਦੇ ਹੁਕਮਾਂ ਦੇ ਬਾਵਜੂਦ ਵੀ ਸਿੰਥੈਟਿਕ ਤੇ ਪਲਾਸਟਿਕ ਦਾ ਪ੍ਰਯੋਗ ਬੰਦ ਨਹੀਂ ਹੋ ਰਿਹਾ, ਬੱਸ ਅਸੀਂ ਪੰਜਾਬੀ ਤਾਂ ਪਹਿਲਾਂ ਹੀ ਮੋਟੀ ਚਮੜੀ ਵਾਲੇ ਹੋਣ ਕਰਕੇ ਜਾਣੇ ਜਾਂਦੇ ਸੀ। ਹੁਣ ਤਾਂ ਅੱਲਾ-ਅੱਲ੍ਹਾ ਖ਼ੈਰ ਸੱਲਾ; ਬਸ ਹਰੇਕ ਤਰ੍ਹਾਂ ਦੇ ਪ੍ਰਦੂਸ਼ਣਾਂ ਨੇ ਸਾਡੀ ਮੱਤ ਤੇ ਖੱਲੜੀ ਦੋਵਾਂ ਨੂੰ ਹੀ ਇੰਨਾ ਮੋਟਾ ਕਰ ਦਿੱਤਾ ਹੈ ਕਿ ਅਸੀਂ ਆਪਣੇ ਵਾਤਾਵਰਣ ਵਿਚ ਹੁਣ ਹੋ ਰਹੀਆਂ ਵੱਡੀਆਂ-ਵੱਡੀਆਂ ਤਬਦੀਲੀਆਂ ਨੂੰ ਅਨੁਭਵ ਹੀ ਨਹੀਂ ਕਰ ਰਹੇ। ਬਸ ਅਸੀਂ ਤਾਂ ਸਾਡੇ ਲੋਕਯਾਨ ਦੇ ਸੂਤਰ 'ਕਮਲੀ ਜਾਂ ਤਾਂ ਖੁਰਕਦੀ ਹੀ ਨਹੀਂ ਤੇ ਜੇ ਖੁਰਕਦੀ ਹੈ ਤਾਂ ਲਹੂ ਕੱਢ ਲੈਂਦੀ ਹੈ' ਅਨੁਸਾਰ ਜਾਂ ਤਾਂ ਮਾੜੇ ਮੋਟੇ ਚਰਮ ਰੋਗ ਦੀ ਪ੍ਰਵਾਹ ਹੀ ਨਹੀਂ ਕਰਦੇ ਅਤੇ ਜਾਂ ਫਿਰ ਪਿੰਡਾ ਖੁਰਕ-ਖੁਰਕ ਕੇ ਲਹੂ-ਲੁਹਾਨ ਹੋਣ ਨੂੰ ਹੀ ਇਲਾਜ ਮਾਤਰ ਸਮਝਣ ਲੱਗ ਪੈਂਦੇ ਹਾਂ।

ਫਿਰ ਇਥੇ ਬਹੁਤ ਹੀ ਦੁੱਖ ਵਾਲੀ ਗੱਲ ਇਹ ਹੈ ਕਿ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਬਿਨਾਂ ਅਸੀਂ ਆਪਣੀ ਸ਼ੁੱਧ ਬਨਸਪਤੀ ਤੇ ਸ਼ੁੱਧ ਪਸ਼ੂ ਧਨ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਅਸੀਂ ਫਸਲਾਂ ਤੇ ਸਬਜ਼ੀਆਂ 'ਤੇ ਅਤਿ ਜ਼ਹਿਰੀਲੇ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਘਾਤਿਕ ਸਪਰੇਅ ਕਰਦੇ ਹਾਂ। ਸਗੋਂ ਅਸੀਂ ਰੇਹਾਂ-ਸਪਰੇਆਂ ਨਾਲ ਆਪਣੇ ਸਾਰੇ ਵਾਤਾਵਰਣ ਦਾ ਤਵਾਜ਼ਨ ਹੀ ਡਾਂਵਾਂਡੋਲ ਕਰ ਲਿਆ ਹੈ। ਸਮਝਣ ਵਾਲੀ ਗੱਲ ਹੈ ਕਿ ਕਦੇ ਜ਼ਿਮੀਂਦਾਰ ਦੇ ਵੱਲੋਂ ਰੱਬ ਵਿਚ ਆਸਥਾ ਰੱਖ ਕੇ ਚਿੜੀ, ਜਨੌਰ ਤੇ ਰਾਹੀ-ਪਾਂਧੀ ਦੇ ਭਾਗਾਂ ਲਈ ਬੀਜੀ ਗਈ ਫ਼ਸਲ ਕੁਦਰਤ ਦੇ ਵਾਤਾਵਰਣ ਨੂੰ ਵੀ ਸਾਂਵਾ ਰੱਖਣ ਵਿਚ ਸਹਾਈ ਹੁੰਦੀ ਸੀ। ਜੱਟ ਦੀ ਫਸਲ ਵਿਚ ਜਿਥੇ ਚਿੜੀਆਂ, ਕਾਂ, ਬਗਲੇ ਤੇ ਤਿੱਤਰ-ਬਟੇਰੇ ਦਾਣੇ ਚੁਗਦੇ ਸਨ, ਉਸ ਦੇ ਨਾਲ ਹੀ ਉਹ ਫਸਲਾਂ ਦੇ ਦੁਸ਼ਮਣ ਕੀੜੇ-ਮਕੌੜੇ ਵੀ ਖਾਂਦੇ ਸਨ, ਜਿਸ ਨਾਲ ਫਸਲ ਜ਼ਹਿਰੀਲੇ ਇੰਸੈਕਟੇਸਾਈਡਾਂ ਤੇ ਪੈਸਟੇਸਾਈਡਾਂ ਤੋਂ ਬਿਨਾਂ ਵੀ ਬਹੁਤ ਵਧੀਆ ਹੁੰਦੀ ਸੀ। ਇਉਂ ਹੀ ਪਿੰਡਾਂ ਤੇ ਨਗਰਾਂ ਵਿਚ ਮਰੇ ਪਸ਼ੂਆਂ ਨੂੰ ਸਮੇਟਣ ਲਈ ਜਿਹੜੀਆਂ ਗਿਰਝਾਂ ਮਿੰਟਾਂ-ਸਕਿੰਟਾਂ ਵਿਚ ਪਹੁੰਚ ਜਾਂਦੀਆਂ ਸਨ, ਉਹ ਹੁਣ ਦੇਖਣ ਨੂੰ ਵੀ ਨਹੀਂ ਮਿਲਦੀਆਂ।

ਜ਼ਾਹਿਰ ਹੈ ਕਿ ਹੁਣ ਜ਼ਹਿਰੀਲੇ ਕੈਮੀਕਲਜ਼ ਵਾਲੀਆਂ ਰੇਹਾਂ ਤੇ ਸਪਰੇਆਂ ਦੇ ਕਾਰਨ ਸਿਰਫ ਪਸ਼ੂ-ਪੰਛੀਆਂ ਤੇ ਜੀਆ-ਜੰਤਾਂ ਨੂੰ ਹੀ ਖਤਰਾ ਖੜ੍ਹਾ ਨਹੀਂ ਹੋਇਆ, ਸਗੋਂ ਪ੍ਰਾਣੀਆਂ ਨੂੰ ਵੀ ਮੌਤ ਪੈ ਰਹੀ ਹੈ। ਫਿਰ ਗੱਲ ਇਥੇ ਹੀ ਨਹੀਂ ਮੁਕਦੀ, ਸਗੋਂ ਰਾਤੋ-ਰਾਤ ਵੇਲਾਂ ਤੇ ਕੱਦੂਆਂ ਨੂੰ ਵਧਾਉਣ ਅਤੇ ਅੱਗੇ ਦੁੱਧ ਵਧਾਉਣ ਲਈ ਦੁਧਾਰੂ ਪਸ਼ੂਆਂ ਨੂੰ ਜ਼ਹਿਰੀਲੀਆਂ ਦਵਾਈਆਂ ਦੇ ਟੀਕੇ ਲਾਉਣੋਂ ਵੀ ਨਹੀਂ ਟਲਦੇ। ਇਸ ਤਰ੍ਹਾਂ ਕੱਦੂ-ਤੋਰੀਆਂ ਦੀਆਂ ਵੇਲਾਂ ਨੂੰ ਕੈਮੀਕਲ ਜ਼ਹਿਰਾਂ ਦੇ ਟੀਕੇ ਲਾਏ ਜਾਂਦੇ ਹਨ। ਅੰਬ-ਅੰਗੂਰ ਤੇ ਫਲ-ਫਰੂਟ ਤਾਂ 'ਮਾਈ ਮਹਿੰਗਾਈ' ਦੇ ਸਦਕਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਸਗੋਂ ਗਰੀਬ ਦਾ ਸ਼ੌਕੀਆ ਖਾਜਾ ਤਰਬੂਜ਼ ਵੀ ਹੁਣ ਟੀਕਾਕਰਨ ਦੇ ਕਾਰਨ ਬੰਬਾਂ ਵਾਂਗ ਸਰੇ-ਬਜ਼ਾਰ 'ਮਿਲਾਵਟਖੋਰੀ ਦੇ ਧਮਾਕੇ' ਦੇ ਰੂਪ ਵਿਚ ਸਾਡੇ ਸਾਹਮਣੇ ਫਟ ਰਿਹਾ ਹੈ। ਇਸ ਤਰ੍ਹਾਂ ਨਾਲ ਅਸੀਂ ਸ਼ੁੱਧ ਹਰੀਆਂ ਸਬਜ਼ੀਆਂ ਤੇ ਸ਼ੁੱਧ ਦੁੱਧ ਦੇ ਨਾਮ 'ਤੇ ਮਣਾਂ-ਮੂੰਹੀਂ ਜ਼ਹਿਰ ਆਪਣੇ ਲੋਕਾਂ ਦੇ ਅੰਦਰ ਸੁਟ ਰਹੇ ਹਾਂ। ਫਿਰ ਦੁੱਧ, ਪਨੀਰ ਤੇ ਖੋਏ ਵਰਗੀ ਖੁਰਾਕ ਵਿਚ ਯੂਰੀਆ, ਮਸਾਲਿਆਂ ਵਿਚ ਘੋੜਿਆਂ ਤੇ ਗਧਿਆਂ ਦੀ ਲਿੱਦ ਤੇ ਮਠਿਆਈਆਂ ਵਿਚ ਗੰਦ-ਮੰਦ ਦੀ ਮਿਲਾਵਟ ਦੇ ਕਾਰਨ ਅਜ ਹਰ ਕੋਈ 'ਕੀ ਖਾਈਏ ਜਾਂ ਕੀ ਨਾ ਖਾਈਏ' ਦੇ ਫਿਕਰ ਵਿਚ ਫਸਿਆ ਹੋਇਆ ਹੈ।

ਸਗੋਂ ਅੱਜ ਅਸੀਂ ਸਭ ਨੇ ਮਿਲ-ਮਿਲਾ ਕੇ ਆਪਣੇ ਵਾਸਤੇ ਇਹ ਇਕ ਨਵਾਂ ਹੀ ਸਵਾਲ ਖੜ੍ਹਾ ਕਰ ਲਿਆ ਹੈ। ਪਰ ਅਸੀਂ ਮਿਲਾਵਟੀ ਪਦਾਰਥਾਂ ਦਾ ਸੇਵਨ ਕਰਨੋਂ ਫੇਰ ਵੀ ਨਹੀਂ ਹੱਟਦੇ, ਸਗੋਂ ਹੁਣ ਤਾਂ ਕੀ ਰਾਤ ਤੇ ਕੀ ਦਿਨ; ਬਸ ਦਾਰੂ ਤੇ ਪਤਾ ਨਹੀਂ ਹੋਰ ਕੀ-ਕੀ ਅਲਮ-ਗਲਮ ਛਕ-ਛਕਾ ਲੈਂਦੇ ਹਾਂ। ਜਦੋਂ ਕਿ ਸਾਨੂੰ ਇਹ ਵੀ ਪਤਾ ਹੈ ਕਿ ਨਸ਼ਿਆਂ ਦੇ ਤਾਜਰਾਂ ਤੇ ਤਸਕਰਾਂ ਵੱਲੋਂ ਸਭ ਤੋਂ ਵੱਧ ਜ਼ਹਿਰ ਦੀ ਮਿਲਾਵਟ ਸ਼ਰਾਬ ਤੇ ਹੋਰ ਨਸ਼ਿਆਂ ਵਿਚ ਕੀਤੀ ਜਾਂਦੀ ਹੈ।

ਅੱਜ-ਕੱਲ੍ਹ ਸਾਡੇ ਖਾਣ ਪੀਣ ਵਿਚ ਅਲਮ-ਗਲਮ ਫਾਸਟ ਫੂਡ ਦੇ ਪੀਜ਼ੇ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਬਰਗਰ ਸ਼ਾਮਲ ਹੋ ਗਏ ਹਨ ਅਤੇ ਸਾਡਾ ਅਮੀਰ ਵਰਗ ਤਾਂ ਹੁਣ ਸਲਾਦ ਤੇ ਸਾਗ-ਸਬਜ਼ੀਆਂ ਨੂੰ ਤਾਂ ਹਰਾ ਚਾਰਾ-ਪੱਠਾ ਹੀ ਸਮਝਦਾ ਹੈ। ਇਸ ਦੇ ਨਾਲ ਹੀ ਸਾਡੀ ਖ਼ੁਰਾਕ ਵਿਚ ਮਿਲਾਵਟ ਇੰਨੀ ਵਧ ਗਈ ਹੈ ਕਿ ਕਿਸੇ ਸਮੇਂ ਦੇ ਸੁਡੌਲ ਤੇ ਜਰਵਾਣੇ ਪੰਜਾਬੀ ਲੋਕ ਵੀ ਹੁਣ ਬਹੁਤੀ ਹੱਦ ਤੱਕ ਬਸ 'ਬਣਾਵਟੀ' ਜਿਹੇ ਹੀ ਲੱਗਣ ਲੱਗ ਪਏ ਹਨ। ਸਗੋਂ ਹੁਣ ਤਾਂ ਇਹ ਡਰ ਬਣ ਗਿਆ ਹੈ ਕਿ ਆਉਣ ਵਾਲੇ ਸਮਿਆਂ ਦੇ ਵਿਚ ਜੇ ਸਾਡਾ ਹਾਲ ਇਹ ਹੀ ਰਿਹਾ ਤਾਂ ਸਾਡੀ ਆਪਣੇ-ਆਪ ਹੀ ਨਸਲਕੁਸ਼ੀ ਹੋ ਜਾਵੇਗੀ। ਫੇਰ ਕਿਤੇ ਦੇਵਨੇਤ ਜੇ ਸਾਡੀਆਂ ਆਉਣ ਵਾਲੀਆਂ ਨਸਲਾਂ ਬਚ ਵੀ ਗਈਆਂ ਤਾਂ ਖਦਸ਼ਾ ਹੈ ਕਿ ਸਾਡੀ ਅਜੋਕੀ ਜੀਵਨਸ਼ੈਲੀ ਤੇ ਮਿਲਾਵਟੀ ਖਾਧ-ਖ਼ੁਰਾਕ ਦੇ ਕਾਰਨ ਸਾਡੇ ਬੱਚੇ ਕਿਤੇ ਬੈਂਗਣ ਵੀ ਢਾਂਗੀਆਂ ਨਾਲ ਨਾ ਤੋੜਦੇ ਫਿਰਨ।

ਜੱਗ ਜ਼ਾਹਿਰ ਹੈ ਕਿ ਮੌਜੂਦਾ ਸਮੇਂ ਦੀ ਤਹਿਜ਼ੀਬ ਅਨੁਸਾਰ ਸਾਡੀ ਨਿਰੋਲ ਕੁਦਰਤੀ ਖ਼ੁਰਾਕ ਦੀ ਬਜਾਏ ਹੁਣ ਜੀਭ ਦੇ ਸੁਆਦ ਲਈ ਚਟਪਟੇ, ਅਟਪਟੇ ਤੇ ਫ਼ਾਸਟ ਫੂਡ ਜਿਹੇ ਵਿਅੰਜਣਾਂ ਦਾ ਬੋਲਬਾਲਾ ਹੋ ਰਿਹਾ ਹੈ। ਇਸ ਦੇ ਮਾੜੇ ਨਤੀਜੇ ਵਜੋਂ ਅਸੀਂ ਵਧੀ ਐਸਡਿਟੀ, ਬਲੱਡ ਪ੍ਰੈਸ਼ਰ, ਹਾਈਪਰਟੈਂਸ਼ਨ ਤੇ ਸ਼ੂਗਰ ਜਿਹੀਆਂ ਆਪਣੀਆਂ ਮਰਜ਼ਾਂ ਲੈ ਕੇ ਡਾਕਟਰਾਂ ਕੋਲ ਭੱਜੇ ਜਾਂਦੇ ਹਾਂ। ਅੱਗੇ ਡਾਕਟਰ ਐਸਡਿਟੀ, ਬਲੱਡ ਪ੍ਰੈਸ਼ਰ ਤੇ ਹਾਈਪਰਟੈਂਸ਼ਨ ਵਰਗੀਆਂ ਅਲਾਮਤਾਂ ਨੂੰ ਘਟਾਉਣ ਲਈ ਦਵਾਈਆਂ ਦਾ ਫੱਕਾ ਮਾਰਨ ਤੇ ਟੀਕੇ ਲੁਆਉਣ ਲਈ ਕਹਿ ਦਿੰਦਾ ਹੈ। ਫਿਰ ਅਸੀਂ ਜਾਣਦੇ ਹੀ ਹਾਂ ਕਿ ਸ਼ੈਤਾਨ ਦੇ ਸਾਥੀ ਬਣੇ ਬਹੁਤੇ ਡਾਕਟਰ ਤਾਂ ਪਾਣੀ ਦੇ ਟੀਕੇ ਤੇ ਨਕਲੀ ਦੁਆਈਆਂ ਬਣਾਉਣ-ਵੇਚਣ ਵਾਲਿਆਂ ਦੇ ਭਾਈਵਾਲ ਬਣ ਕੇ 'ਨਰਕਾਂ ਦੇ ਦਰਬਾਨ' ਬਣੇ ਬੈਠੇ ਹਨ ਅਤੇ ਆਪਣੇ ਹੀ ਭੈਣ-ਭਰਾਵਾਂ ਦੇ ਪ੍ਰਾਣਾਂ ਦਾ ਸੌਦਾ ਕਰ ਰਹੇ ਹਨ।

ਫਿਰ ਹੁਣ ਇਹ ਵੀ ਸੋਚਣ-ਸਮਝਣ ਵਾਲੀ ਗੱਲ ਹੈ ਕਿ ਸਾਡੇ ਜੀਵਨ ਵਿਚ ਸਾਡੇ ਪੁਰਖਿਆਂ ਦੀ ਜ਼ਿੰਦਗੀ ਵਾਲਾ ਸਬਰ, ਸੰਤੋਖ ਤੇ ਸਿਦਕ ਖਤਮ ਹੋ ਚੁਕਾ ਹੈ। ਹੁਣ ਸਾਡੀ ਪੈਸੇ ਦੀ ਲਾਲਸਾ ਇੰਨੀ ਵਧ ਗਈ ਹੈ ਕਿ ਹਜ਼ਾਰਾਂ-ਕਰੋੜਾਂ ਦੀ ਮੁਨਾਫ਼ੇਖੋਰੀ ਤੇ ਜਮ੍ਹਾਖੋਰੀ ਤੋਂ ਬਾਅਦ ਵੀ ਸਾਡਾ ਢਿੱਡ ਨਹੀਂ ਭਰ ਰਿਹਾ। ਸਾਨੂੰ ਸਵੇਰੇ-ਸ਼ਾਮ ਬੱਸ ਹੋਰ ਮਾਇਆ ਦੀ ਰੱਟ ਲੱਗੀ ਹੋਈ ਹੈ। ਇਸ ਵਾਸਤੇ ਭਾਵੇਂ ਕੋਈ ਮਰੇ ਤੇ ਭਾਵੇਂ ਕੋਈ ਜੀਵੇ; ਪਰ ਸਾਨੂੰ ਮਿਲਾਵਟਖੋਰੀ ਦੀ ਆਦਤ ਇੰਨੀ ਪੈ ਗਈ ਹੈ ਕਿ ਅਸੀਂ ਖ਼ੁਰਾਕ ਦੇ ਨਾਂ 'ਤੇ ਖਾਦਾਂ, ਘੋੜੇ-ਖੋਤਿਆਂ ਦੀ ਲਿੱਦ ਤੇ ਖੇਹ-ਸੁਆਹ ਹੀ ਆਪਣੇ ਲੋਕਾਂ ਨੂੰ ਖੁਆ ਰਹੇ ਹਾਂ ਅਤੇ ਇਸ ਤਰ੍ਹਾਂ ਅਸੀਂ ਆਪਣੇ ਹੀ ਭੈਣ-ਭਰਾਵਾਂ ਦੀ ਸਿਹਤ ਤੇ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਆ ਰਹੇ ਹਾਂ। ਫਿਰ ਹੈਰਾਨੀ ਦੀ ਗੱਲ ਇਹ ਹੈ ਕਿ ਸਾਨੂੰ ਗੁਰਬਾਣੀ ਵੀ ਸਮਝਾ ਚੁਕੀ ਹੈ ਕਿ ਇਹ ਮਾਇਆ-ਮੋਹਣੀ ਪਾਪਾਂ ਬਾਝੋਂ ਇਕਠੀ ਨਹੀਂ ਹੁੰਦੀ ਤੇ ਮਰਨ ਸਮੇਂ ਨਾਲ ਨਹੀਂ ਜਾਂਦੀ, ਪਰ ਫਿਰ ਵੀ



*Original with;*
Kulbir Singh Sidhu(I.A.S)
*Digitized by;*
Panjab Digital Library

ਅਸੀਂ ਸਾਰੀ ਉਮਰ ਮਾਇਆ ਦੇ ਲਾਲਚ ਵਿਚ ਆਪਣੇ ਹੀ ਸਮਾਜ ਦੇ ਲੋਕਾਂ ਦੇ ਗਲ ਵੱਢਣ ਤੋਂ ਗੁਰੇਜ਼ ਨਹੀਂ ਕਰਦੇ।

ਫਿਰ ਸਿਤਮ ਇਹ ਹੈ ਕਿ ਸਾਡੀਆਂ ਇਨ੍ਹਾਂ ਆਪ ਹੀ ਸਹੇੜੀਆਂ ਸਹੇੜਾਂ ਦਾ ਜਵਾਬ ਸਾਡੇ ਕਿਸੇ ਕੋਲ ਵੀ ਨਹੀਂ। ਬਸ ਅਸੀਂ ਪਹਿਲਾਂ ਆਪ ਹੀ ਕੁਦਰਤ ਤੇ ਕੁਦਰਤੀ ਸੋਮਿਆਂ ਨਾਲ ਬੇਹੱਦ ਛੇੜਖਾਨੀ ਕਰਦੇ ਹਾਂ, ਜਿਸ ਕਰਕੇ ਅਸੀਂ ਕੁਦਰਤੀ ਆਫਤਾਂ ਨੂੰ ਸੱਦਾ ਦਿੰਦੇ ਰਹਿੰਦੇ ਹਾਂ। ਇਉਂ ਹੀ ਇਸ ਤੋਂ ਇਲਾਵਾ ਅਸੀਂ ਹਰੇਕ ਤਰ੍ਹਾਂ ਦੇ ਪ੍ਰਦੂਸ਼ਣਾਂ ਨਾਲ ਆਪਣਾ ਵਾਤਾਵਰਣ ਆਪ ਹੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਲਿਆ ਹੈ ਕਿ ਹੁਣ ਤਾਂ ਸਾਹ ਲੈਣਾ ਵੀ ਦੁੱਭਰ ਹੋ ਗਿਆ ਹੈ।

ਬਹਿਰਹਾਲ, ਸਾਡੀ ਇਹ ਸਾਰੀ ਸੂਰਤੇ-ਹਾਲ 'ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਬਣੀ ਹੋਈ ਹੈ। ਅਸੀਂ ਖ਼ੁਦ ਗੰਦਗੀ ਤੇ ਪ੍ਰਦੂਸ਼ਣ ਫੈਲਾਉਣ ਵਿਚ ਇਕ ਤੋਂ ਵੱਧ ਇਕ ਹੋਣ ਦੇ ਕਾਰਨ ਇਕ-ਦੂਜੇ ਲਈ 'ਬਗਲ ਮੇਂ ਛੁਰੀ, ਮੂੰਹ ਮੇਂ ਰਾਮ-ਰਾਮ' ਅਨੁਸਾਰ ਘਾਤਿਕ ਬਣੇ ਹੋਏ ਹਾਂ। ਫਿਰ ਸਨਅਤਕਾਰ ਆਪਣੇ ਪ੍ਰਦੂਸ਼ਣੀ ਕਾਰਿਆਂ ਕਰਕੇ ਅਤੇ ਮਿਲਾਵਟਖੋਰ ਆਪਣੀਆਂ ਕਾਲੀਆਂ ਕਰਤੂਤਾਂ ਦੇ ਕਾਰਨ ਆਪਣੇ ਹੀ ਲੋਕਾਂ ਵਾਸਤੇ ਮੌਤ ਦੇ ਦਰਵਾਜ਼ੇ ਖੋਲ੍ਹ ਰਹੇ ਹਨ। ਇਉਂ ਸਾਡੇ ਸਮਾਜ ਦੇ ਆਪਣੇ ਹੀ ਭੈਣ-ਭਾਈ ਜੋ ਨਸ਼ਿਆਂ ਦੀ ਤਸਕਰੀ ਤੇ ਖਾਧ-ਖੁਰਾਕਾਂ ਵਿਚ ਮਿਲਾਵਟਖੋਰੀ ਕਰ ਰਹੇ ਹਨ, ਉਹ ਅਜ ਯਮਰਾਜ ਦੇ ਵੱਡੇ ਜਮ-ਦੂਤ ਬਣ ਕੇ ਸਾਡੇ ਸਭ ਲਈ ਮੌਤ ਸਹੇੜ ਰਹੇ ਹਨ ਅਤੇ ਸਾਡੀਆਂ 'ਰੂਹਾਂ ਦੇ ਵਪਾਰੀ' ਬਣੇ ਹੋਏ ਹਨ।

ਮੁੱਕਦੀ ਗੱਲ! ਕੌਮੀ ਪੱਧਰ 'ਤੇ ਹੁਣ ਸਾਡੀ ਜ਼ਿੰਦਗੀ ਵਿਚ ਇੰਨਾਂ ਪ੍ਰਦੂਸ਼ਣ, ਇੰਨਾਂ ਭ੍ਰਿਸ਼ਟਾਚਾਰ ਤੇ ਇੰਨੀ ਮਿਲਾਵਟਖੋਰੀ ਹੋ ਗਈ ਹੈ ਕਿ ਸਚਮੁੱਚ ਹੀ ਹਰ ਕੋਈ ਦਿਲ-ਜਾਨ ਤੋਂ ਹੀ ਇਹ ਕਹਿ ਰਿਹਾ ਹੈ ਕਿ :-

'ਕੀ ਬਣੂੰ ਦੁਨੀਆਂ ਦਾ; ਸੱਚੇ ਪਾਤਿਸ਼ਾਹ ਵਾਹਿਗੁਰੂ ਜਾਣੇ'



*Original with;*
Kulbir Singh Sidhu(I.A.S)
*Digitized by;*
Panjab Digital Library

# ਤਾਣ ਛਤਰੀ ਵੇ ਜਿਹੜੀ ਲੰਦਨੋਂ ਮੰਗਾਈ ਆ

ਸਾਡੇ ਵਿਦੇਸ਼ਾਂ ਵਿਚ ਰਹਿੰਦੇ ਪ੍ਰਵਾਸੀ ਵੀਰਾਂ ਦੀਆਂ ਪੰਜਾਬ ਵਿਚਲੀਆਂ ਸਮੱਸਿਆਵਾਂ ਉਨ੍ਹਾਂ ਦੀ 'ਦੁਖਦੀ ਰਗ' ਬਣ ਚੁੱਕੀਆਂ ਹਨ। ਆਪਣਿਆਂ ਹੀ ਵੀਰਾਂ-ਭੈਣਾਂ ਦੀ ਇਧਰ ਸਾਡੇ ਹੱਥੋਂ ਹੋ ਰਹੀ ਬੇਕਦਰੀ ਦੀ ਸਾਰੀ ਵਿੱਥਿਆ ਤੇ ਵਿਆਖਿਆ 'ਤਾਣ ਛਤਰੀ, ਵੇ ਜਿਹੜੀ ਲੰਦਨੋਂ ਮੰਗਾਈ ਆ' ਅਤੇ 'ਮੱਛਰਦਾਨੀ ਲੈ ਦੇ ਵੇ, ਮੱਛਰ ਨੇ ਖਾ ਲੀ ਤੋੜ ਕੇ' ਜਿਹੀਆਂ ਸਾਡੀਆਂ ਦੋ ਲੋਕ ਬੋਲੀਆਂ ਤੋਂ ਹੀ ਸਮਝ ਆ ਜਾਂਦੀ ਹੈ। ਹੁਣ ਜਦੋਂ ਪ੍ਰਵਾਸੀ ਵੀਰਾਂ ਨੂੰ ਭਰਮਾਉਣ ਵਾਸਤੇ ਸਾਉਣ ਦੀ ਝੜੀ ਵਾਂਗ ਕਾਨਫਰੰਸਾਂ ਹੋ ਰਹੀਆਂ ਹਨ ਤਾਂ ਸਾਡੇ ਪ੍ਰਵਾਸੀਆਂ ਦੇ ਉਧਰ ਵਿਦੇਸ਼ਾਂ ਵਿਚ ਬੈਠੇ ਪਰਿਵਾਰ ਆਪਣੇ ਕਮਾਊ-ਪੁੱਤਾਂ ਨੂੰ ਭਾਰਤ ਆਉਣ ਤੋਂ ਪਹਿਲਾਂ 'ਤਾਣ ਛਤਰੀ ਵੇ ਜਿਹੜੀ ਲੰਦਨੋਂ ਮੰਗਾਈ ਆ' ਜਿਹੇ ਸਲਾਹ-ਮਸ਼ਵਰੇ ਦੇ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਧਰ ਭੇਜਦੇ ਹਨ।

ਫਿਰ ਕਾਨਫਰੰਸਾਂ ਤੋਂ ਬਾਅਦ ਬਰਸਾਤੀ ਮੌਸਮ ਵਾਂਗ ਪੈਦਾ ਹੋਏ ਅਣਸੁਖਾਵੇਂ ਜਿਹੇ ਹਾਲਾਤਾਂ ਵਿਚ ਜਦੋਂ ਪ੍ਰਵਾਸੀ ਵੇਖਦੇ ਹਨ ਕਿ ਉਨ੍ਹਾਂ ਦੇ ਪਿੜ-ਪੱਲੇ ਤਾਂ ਕੁਝ ਵੀ ਨਹੀਂ ਪਿਆ, ਸਗੋਂ ਸਰਕਾਰਾਂ ਤੇ ਸ਼ਰੀਕ ਤਾਂ ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਚੂੰਡਣ-ਚੂਸਣ ਲਈ ਤਿਆਰ ਹਨ। ਇਸ ਸੂਰਤ ਵਿਚ ਉਨ੍ਹਾਂ ਦੀਆਂ ਸ਼ਰੀਕੇ-ਹਯਾਤ ਫਿਰ ਉਨ੍ਹਾਂ ਨੂੰ 'ਮੱਛਰਦਾਨੀ ਲੈ ਦੇ ਵੇ, ਮੱਛਰ ਨੇ ਖਾ ਲੀ ਤੋੜ ਕੇ' ਜਿਹੇ ਮਿਹਣਿਆਂ ਨਾਲ ਵੰਗਾਰਦੀਆਂ ਹਨ। ਜ਼ਾਹਿਰ ਹੈ ਕਿ ਪਹਿਲਾਂ ਤਾਂ ਸਾਡੇ ਪ੍ਰਵਾਸੀ ਭੈਣ-ਭਰਾ ਆਪਣੀਆਂ ਸਰਕਾਰਾਂ ਦੀਆਂ ਲੇਲੇ-ਪੋਪੇ ਕਾਨਫ਼ਰੰਸਾਂ ਤੋਂ ਤੰਗ ਆਏ ਹੁੰਦੇ ਹਨ ਅਤੇ ਫਿਰ ਆਪਣੇ ਹੀ ਪਰਿਵਾਰਕ ਸੱਜਣਾਂ ਦੇ ਇਨ੍ਹਾਂ ਨਿਹੋਰਿਆਂ ਤੋਂ ਉਹ ਹੋਰ ਵੀ ਦੁਖੀ ਹੋ ਕੇ ਬਸ 'ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ' ਅਨੁਸਾਰ ਆਖਿਰ ਨੂੰ ਵਾਪਸ ਮੁੜ ਜਾਂਦੇ ਹਨ। ਬਸ ਇਉਂ ਸਾਡੇ ਪ੍ਰਵਾਸੀ ਯਾਰ-ਬੇਲੀਆਂ ਦੇ ਪੱਲੇ ਆਪਣੀਆਂ ਘਰਵਾਲੀਆਂ ਨੂੰ 'ਰਾਮ ਨਾਲ ਪੈ ਜਾ ਨੀ; ਚਾਦਰ ਦਾ ਪੱਲ੍ਹਾ ਮੋੜ ਕੇ' ਕਹਿਣ ਤੋਂ ਵਧ ਹੋਰ ਕੁਝ ਵੀ ਨਹੀਂ ਹੁੰਦਾ।

ਪ੍ਰਵਾਸੀ ਭਾਰਤੀ ਸਾਡੇ ਉਹ ਪਿਆਰੇ ਹਮਸਾਏ ਭੈਣ-ਭਰਾ ਹਨ, ਜੋ ਸਾਡੇ ਨਾਲ ਹੀ ਸਾਡੇ ਸੋਹਣੇ ਪੰਜਾਬ ਦੀ ਸਰਜ਼ਮੀਨ ਤੇ ਜੰਮੇ-ਪਲੇ ਤੇ ਖੇਡੇ-ਮੱਲੇ, ਪਰ ਉਨ੍ਹਾਂ ਨੂੰ ਜਦੋਂ ਇਥੇ ਰੋਟੀ-ਰੋਜ਼ੀ ਦੀ ਲੋੜ ਪਈ ਤਾਂ ਕਿਤੇ ਨਾ ਕਿਤੇ ਉਨ੍ਹਾਂ ਨੂੰ ਜਾਪਿਆ ਕਿ ਉਨ੍ਹਾਂ ਦੀ ਪੁੱਛ-ਪ੍ਰਤੀਤ ਸਹੀ ਤੌਰ 'ਤੇ ਨਹੀਂ ਹੋਈ। ਇਉਂ ਫਿਰ ਉਨ੍ਹਾਂ ਪ੍ਰਤੀ ਸਾਡੀ ਉਦਾਸੀਨਤਾ ਤੇ ਬੇਰੁਖੀ ਵੇਖ ਕੇ ਨੋਬੇਲ ਪੁਰਸਕਾਰ ਵਿਜੇਤਾ ਸਾਡੇ



*Original with;*
Kulbir Singh Sidhu(I.A.S)
*Digitized by;*
Panjab Digital Library

ਹਰਗੋਬਿੰਦ ਖੁਰਾਨਾ ਵਰਗੇ ਹੋਰ ਕਿੰਨੇ ਹੀ ਬੇਅੰਤ ਕਾਬਿਲ ਪੰਜਾਬੀਆਂ ਵਾਂਗੂੰ ਇਥੋਂ ਪਲਾਇਨ ਕਰ ਗਏ। ਇਸ ਤਰ੍ਹਾਂ ਸਾਡੇ ਦੇਸ਼ ਦੇ ਨੌਜਵਾਨਾਂ ਵਲੋਂ ਵਿਦੇਸ਼ਾਂ ਲਈ ਵਹੀਰਾਂ ਘੱਤਣ ਨਾਲ ਪਤਾ ਨਹੀਂ ਕਿੰਨਾ ਕੁ ਬਰੇਨ-ਡਰੇਨ ਭਾਵ ਕਾਬਲੀਅਤ ਤੇ ਬੇਸ਼ਕੀਮਤੀ ਮਿਹਨਤਕਸ਼ ਸਰਮਾਇਆ ਬਾਹਰਲੀਆਂ ਧਰਤੀਆਂ 'ਤੇ ਜਾ ਰਿਹਾ ਹੈ।

ਇਸ ਤੋਂ ਇਲਾਵਾ ਭੂਗੋਲਿਕ ਤੌਰ 'ਤੇ ਅਨੇਕਾਂ ਹੀ ਪਰਿਵਾਰ ਆਪਸ ਵਿਚ ਦੂਰ ਹੋ ਰਹੇ ਹਨ ਤੇ ਸਮਾਜਿਕ ਸਾਂਝਾਂ ਦਾ ਘਾਣ ਹੋ ਰਿਹਾ ਹੈ। ਅਫ਼ਸੋਸ ਹੈ ਕਿ ਇਹ ਗੱਲ ਤਾਂ ਸਾਡੇ ਲੇਖੇ ਵਿਚ ਹੀ ਨਹੀਂ ਕਿ ਇਉਂ ਸਭਿਆਚਾਰਕ ਤੌਰ 'ਤੇ ਕਿੰਨੀਆਂ ਹੀ ਨੈਤਿਕ ਤੇ ਸਮਾਜਿਕ ਭਾਵਨਾਵਾਂ ਖਤਮ ਹੋ ਰਹੀਆਂ ਹਨ। ਫਿਰ ਆਪਸੀ ਪ੍ਰੇਮ-ਭਾਵ ਤੇ ਸਾਂਝਾਂ ਦੇ ਇਹ ਵੱਡੇ ਮਸਲੇ ਸਾਡੀਆਂ ਸਰਕਾਰਾਂ ਦੇ ਚਿੱਤ-ਚੇਤਨਾ ਦਾ ਹਿੱਸਾ ਵੀ ਨਹੀਂ ਹਨ। ਸਗੋਂ ਜੇ ਕਿਤੇ ਸਰਕਾਰਾਂ ਪ੍ਰਵਾਸੀ ਪੰਜਾਬੀ ਵੀਰਾਂ-ਭੈਣਾਂ ਦੀ ਕੋਈ ਬਾਤ ਪੁਛਦੇ ਨਜ਼ਰ ਆਉਂਦੇ ਹਨ ਤਾਂ ਉਸ ਪਿੱਛੇ ਸਾਡੀ ਸਿਆਸੀ ਤੇ ਤਿਜਾਰਤੀ ਮਾਨਸਿਕਤਾ ਲੁਕਣ-ਮੀਟੀ ਖੇਡਦੀ ਦਿਸਦੀ ਹੈ।

ਇਸ ਸਾਰੀ ਸੂਰਤੇ-ਹਾਲ ਵਿਚ ਅਸੀਂ ਤਕਰੀਬਨ ਸਾਰੇ ਹੀ ਛਲਾਵਿਆਂ ਦੇ ਸਹਾਰੇ ਜਿਉਂਦੇ ਹਾਂ ਤੇ ਆਪੋ-ਆਪਣੇ 'ਸੁਪਨ ਸੰਸਾਰ ਦੇ ਸੁਪਨ-ਬੁਲਬਲਿਆਂ' ਵਿਚ ਰਹਿੰਦੇ ਹਾਂ। ਬੇਸ਼ੱਕ ਧਰਾਤਲੀ ਪੱਧਰ 'ਤੇ ਪਹਿਲੀ ਨਜ਼ਰੇ ਤਾਂ ਇਹ ਜਾਪਦਾ ਹੈ ਕਿ ਪ੍ਰਵਾਸੀ ਵੀਰ ਪੈਸੇ-ਟਕੇ ਤੇ ਪੌਂਡ-ਡਾਲਰ ਕਮਾਉਣ ਦੇ ਲਾਲਚ ਵਿਚ ਕਦੇ ਪ੍ਰਦੇਸ਼ਾਂ ਵਿਚ ਗਏ ਸਨ ਅਤੇ ਇਹ ਹੁਣ ਕਰਨੀ-ਭਰਨੀ ਦੇ ਅਨੁਸਾਰ ਆਪੂੰ-ਸਹੇੜੀ ਜਲਾਵਤਨੀ ਭੋਗ ਰਹੇ ਹਨ। ਬਹਿਰਹਾਲ, ਜਦੋਂ ਕਦੇ ਇਨ੍ਹਾਂ ਦੇ ਮਨ ਵਿਚ ਕਿਤੇ ਨਾ ਕਿਤੇ ਆਪਣੇ ਵਤਨ ਦੀ ਮਿੱਟੀ ਦਾ ਮੋਹ ਜਾਗਦਾ ਹੈ ਤਾਂ ਇਹ ਵਾਪਸ ਆ ਕੇ ਕੋਈ ਨਾ ਕੋਈ ਸਨਅਤੀ ਜਾਂ ਤਿਜਾਰਤੀ ਜੁਗਾੜ ਕਰਨਾ ਚਾਹੁੰਦੇ ਹਨ। ਕੁੱਝ ਕੁ ਪ੍ਰਵਾਸੀ ਵੀਰ ਤਾਂ ਆਪਣੀ ਮਿੱਟੀ ਦੀ ਮਹਿਕ ਦੇ ਪੱਟੇ ਸਿਰਫ ਮੋਹ ਵਸ ਆਪਣੇ ਪਿੰਡਾਂ ਦੀ ਨੁਹਾਰ ਵੀ ਬਦਲਣੀ ਚਾਹੁੰਦੇ ਹਨ। ਇਹ ਸਾਥੋਂ ਪਿਆਰ ਤੋਂ ਸਿਵਾਏ ਕੁਝ ਵੀ ਨਹੀਂ ਮੰਗਦੇ। ਇਸ ਵਾਸਤੇ ਸਾਨੂੰ ਵੀ ਸਲਾਮ ਬਾਝੋਂ ਕਾਜ਼ੀ ਨੂੰ ਨਰਾਜ਼ ਨਹੀਂ ਕਰਨਾ ਚਾਹੀਦਾ।

ਪਰ ਗੌਰਤਲਬ ਹੈ ਕਿ ਸਾਡਾ ਲਹੂ ਹੁਣ ਇੰਨਾਂ ਸਫ਼ੇਦ ਹੋ ਗਿਆ ਹੈ ਕਿ ਅਸੀਂ ਆਪਣੇ ਪ੍ਰਵਾਸੀ ਭਰਾਵਾਂ ਪ੍ਰਤੀ ਬੜੇ ਹੀ ਬੇਮੁਰਵਤ ਤੇ ਬੇਲਿਹਾਜ਼ ਹੋ ਗਏ ਹਾਂ। ਇਸ ਵਾਸਤੇ ਇਨ੍ਹਾਂ ਦੀ ਗੈਰਹਾਜ਼ਰੀ ਵਿਚ ਇਨ੍ਹਾਂ ਦਾ ਹੀ ਸ਼ਰੀਕਾ-ਕਬੀਲਾ ਇਥੇ ਪੰਜਾਬ ਵਿਚ ਇਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਤੇ ਕਾਬਿਜ਼ ਹੋ ਰਿਹਾ ਹੈ। ਇਹ ਸ਼ਰੀਕਾ-ਪੀੜਤ ਪ੍ਰਵਾਸੀ ਕਾਫ਼ੀ ਵੱਡੀ ਗਿਣਤੀ ਵਿਚ ਹਨ, ਜੋ ਕਿ ਆਪਣੇ ਹੀ ਖਣਵਾਦੇ ਦੇ ਸ਼ਰੀਕੇ ਤੇ ਭੈਣ-ਭਰਾਵਾਂ ਵਲੋਂ ਸ਼ੋਸ਼ਣ ਤੇ ਲੁੱਟ-ਖਸੁੱਟ ਦਾ ਸ਼ਿਕਾਰ ਹੋ ਰਹੇ ਹਨ। ਫਿਰ ਇਹ ਕੋਈ ਛੋਟਾ ਮਸਲਾ ਨਹੀਂ ਹੈ, ਸਗੋਂ ਅੱਜ ਇਹ ਇਕ ਵੱਡੀ ਸਮਾਜਿਕ ਤੇ ਆਰਥਿਕ ਸਮਸਿਆ ਬਣ ਚੁਕਾ ਹੈ।

ਸਾਡੇ ਇਸ ਕੋਝੇ ਵਰਤਾਰੇ ਪਿੱਛੇ ਭੇਦ ਵਾਲੀ ਗੱਲ ਸਿਰਫ਼ ਇੰਨੀ ਹੀ ਹੈ ਕਿ ਸ਼ੁਰੂ



*Original with;*
Kulbir Singh Sidhu(I.A.S)
*Digitized by;*
Panjab Digital Library

ਵਿਚ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਆਪਸੀ ਪ੍ਰੇਮ-ਭਾਵ ਤੇ ਦੇਸ਼-ਪਿਆਰ ਦਾ ਸਬਕ ਨਹੀਂ ਪੜ੍ਹਾਇਆ। ਫਿਰ ਅਸੀਂ ਸਮੇਂ ਸਿਰ ਉਨ੍ਹਾਂ ਨੂੰ ਰੁਜ਼ਗਾਰ ਦੇ ਲੋੜੀਂਦੇ ਸਾਧਨ-ਵਸੀਲੇ ਤੇ ਮੌਕੇ ਮੁਹੱਈਆ ਨਹੀਂ ਕਰਵਾ ਸਕੇ ਅਤੇ ਹੁਣ ਜਦੋਂ ਉਹ ਸੱਤ-ਸਮੁੰਦਰੋਂ ਪਾਰ ਔਖੇ-ਸੌਖੇ ਕਮਾਊ-ਪੁੱਤ ਬਣ ਗਏ ਹਨ ਤਾਂ ਲਾਲਚ-ਵੱਸ ਅਸੀਂ ਉਨ੍ਹਾਂ ਦੇ ਕੱਪੜੇ ਲਾਹੁਣ ਤੱਕ ਜਾਂਦੇ ਹਾਂ। ਬੱਸ ਇਉਂ ਇਹ ਸਾਡੇ ਆਪਣੇ ਹੀ ਵੀਰ-ਭੈਣਾਂ ਸਾਡੇ ਪਿਆਰ ਤੇ ਧਿਆਨ ਖੁਣੋਂ ਬੇਗਾਨੇ ਹੋ ਕੇ ਹਜ਼ਾਰਾਂ ਕੋਹ ਦੂਰ ਜਾ ਬੈਠੇ ਹਨ। ਹੁਣ ਤਾਂ ਇਹ ਗੱਲ ਇਥੇ ਹੀ ਨਹੀਂ ਮੁੱਕਦੀ, ਸਗੋਂ ਸਾਡੇ ਇਹ ਆਪਣੇ ਹੀ ਸਾਕ-ਸਨੇਹੀ ਤੇ ਖ਼ਾਸ ਕਰਕੇ ਉਨ੍ਹਾਂ ਦੇ ਬੱਚੇ ਹੁਣ ਮਾਨਸਿਕ ਪੱਧਰ 'ਤੇ ਸਾਥੋਂ ਲੱਖਾਂ ਯੋਜਨ ਦੂਰ ਹੁੰਦੇ ਜਾ ਰਹੇ ਹਨ।

ਖੈਰ! ਸਾਡੇ ਪ੍ਰਵਾਸੀਆਂ ਦੇ ਚਲ ਰਹੇ ਇਸ ਪ੍ਰਸੰਗ ਵਿਚ ਇਹ ਗੱਲ ਦੁਨੀਆਂ ਵੀ ਮੰਨਦੀ ਹੈ ਕਿ ਪੰਜਾਬੀ ਜਿਥੇ ਵੀ ਜਾਂਦੇ ਹਨ ਆਪਣੀ ਧਾਕ ਜਮਾ ਲੈਂਦੇ ਹਨ। ਇਸ ਵਾਸਤੇ ਪੰਜਾਬੀਆਂ ਨੇ ਸਾਰੇ ਯੌਰਪ, ਅਮਰੀਕਾ ਤੇ ਖਾਸ ਕਰਕੇ ਕੈਨੇਡਾ ਤੇ ਇੰਗਲੈਂਡ ਵਿਚ ਆਪਣੀ ਮਿਹਨਤ ਤੇ ਲਗਨ ਦਾ ਸਿੱਕਾ ਚਲਾਇਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਲੋਕਾਂ ਨੇ ਬਾਹਰ ਜਾ ਕੇ ਅੰਨ੍ਹੀ ਕਮਾਈ ਕੀਤੀ ਹੈ ਤੇ ਕੌਮੀ ਪੱਧਰ 'ਤੇ ਨਾਮ ਵੀ ਕਮਾਇਆ ਹੈ। ਪਰ ਇਸ ਸਭ-ਕਾਸੇ ਦੇ ਬਾਵਜੂਦ ਵੀ ਸਾਡੇ ਇਨ੍ਹਾਂ ਪ੍ਰਵਾਸੀਆਂ ਵਿਚ ਲਹੂ ਤੇ ਮਾਸ ਦੇ ਅਟੁੱਟ ਰਿਸ਼ਤਿਆਂ ਦੇ ਸਦਕਾ ਜਦੋਂ ਆਪਣੀ ਧਰਤੀ ਦਾ ਮੋਹ ਜਾਗ ਪੈਂਦਾ ਹੈ ਤਾਂ ਇਹ ਲੋਕ ਆਪਣੀ ਮਿੱਟੀ ਦੇ ਮੋਹ ਦੇ ਮਾਰੇ ਬੜੀਆਂ ਆਸਾਂ-ਉਮੀਦਾਂ ਲੈ ਕੇ ਪੰਜਾਬ ਵੱਲ ਨੂੰ ਤੁਰ ਪੈਂਦੇ ਹਨ।

ਇਸ ਪ੍ਰਸੰਗ ਵਿਚ ਸਾਡੇ ਇਹ ਪ੍ਰਵਾਸੀ ਪੰਜਾਬੀ ਆਪਣੀਆਂ ਕੋਠੀਆਂ ਤੇ ਜਾਇਦਾਦਾਂ ਤਾਂ ਇਥੇ ਬਣਾਉਂਦੇ ਹੀ ਹਨ, ਪਰ ਇਸ ਦੇ ਨਾਲ ਹੀ ਇਹ ਪੰਜਾਬੀ ਸਮਾਜ ਨੂੰ ਹੋਰ ਵੀ ਬਹੁਤ ਕੁੱਝ ਦੇਣਾ ਚਾਹੁੰਦੇ ਹਨ। ਇਸ ਵਾਸਤੇ ਇਹ ਮੌਕੇ ਦੀਆਂ ਸਰਕਾਰਾਂ ਨਾਲ ਗਾਹੇ-ਬਗਾਹੇ ਰਾਬਤਾ ਕਾਇਮ ਕਰਦੇ ਹਨ ਕਿ ਪੰਜਾਬ ਵਿਚ ਕੋਈ ਸਨੱਅਤ ਜਾਂ ਕੋਈ ਹੋਰ ਪੂੰਜੀ ਨਿਵੇਸ਼ ਰਾਹੀਂ ਆਪਣੀ ਜਨਮ ਭੂਮੀ ਨਾਲ ਜੁੜ ਸਕਣ। ਪਰ ਇਥੇ ਸਾਡਾ ਨਜ਼ਰੀਆ ਸਰਕਾਰਾਂ ਤੋਂ ਲੈ ਕੇ ਨਿੱਜੀ ਪੱਧਰ ਤੱਕ ਕੁੱਝ ਅਜਿਹਾ ਹੈ ਕਿ ਅਸੀਂ 'ਚੋਰਾਂ ਨੂੰ ਮੋਰ' ਪੈਣ ਦੇ ਅਖਾਣ ਵਾਂਗੂੰ ਇਨ੍ਹਾਂ ਨੂੰ ਮੁੰਨਣਾ-ਮੁੱਛਣਾ ਚਾਹੁੰਦੇ ਹਾਂ, ਜਿਸ ਨੂੰ ਦੇਖਕੇ ਇਹ ਵੀ ਚਾਹੇ-ਅਣਚਾਹੇ ਸਾਥੋਂ ਕੰਨੀ ਕਤਰਾਉਂਦੇ ਹਨ। ਇਸ ਤਰ੍ਹਾਂ ਕੁੱਲ ਮਿਲਾਕੇ 'ਮਿਲੋ ਨਾ ਤੁਮ ਤੋ ਹਮ ਘਬਰਾਏਂ, ਮਿਲੋ ਤੋ ਆਂਖ ਚੁਰਾਏਂ; ਹਮੇਂ ਕਯਾ ਹੋ ਗਯਾ ਹੈ' ਵਰਗੀ ਸਥਿਤੀ ਬਣੀ ਹੋਈ ਹੈ। ਉਧਰ ਪਿੰਡਾਂ ਤੇ ਸ਼ਹਿਰਾਂ ਵਿਚ ਸਾਡੇ ਪ੍ਰਵਾਸੀ ਵੀਰ ਨਹੁੰ-ਮਾਸ ਦੇ ਨਾ ਟੁੱਟਣ ਵਾਲੇ ਰਿਸ਼ਤਿਆਂ ਦੇ ਅਹਿਸਾਸਾਂ ਹੇਠ ਜਿਹੜੀਆਂ ਕੋਠੀਆਂ ਬਣਾਉਂਦੇ ਹਨ, ਉਨ੍ਹਾਂ ਨੂੰ ਇਨ੍ਹਾਂ ਦੇ ਹੀ ਭਾਈਵੰਦ ਤੇ ਸ਼ਰੀਕ ਹੜੱਪ ਲੈਂਦੇ ਹਨ।

ਫਿਰ ਜਦੋਂ ਇਹ ਪ੍ਰਵਾਸੀ ਵੀਰ ਸਰਕਾਰੇ-ਦਰਬਾਰੇ ਕੋਈ ਗੁਜ਼ਾਰਿਸ਼ ਜਾਂ ਅਪੀਲ ਕਰਦੇ ਹਨ ਤਾਂ ਵੀ ਇਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਇਹ ਤਾਂ ਕਿਉਂਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਕਿਤੇ ਸਾਲ ਛਿਮਾਹੀ ਕੁੱਝ ਦਿਨਾਂ ਲਈ ਹੀ ਪੰਜਾਬ ਵਿਚ ਆਉਂਦੇ ਹਨ, ਪਰ ਦੂਜੇ ਪਾਸੇ ਇਨ੍ਹਾਂ ਦੇ ਇਥੇ ਰਹਿੰਦੇ ਭਰਾ ਤੇ ਸ਼ਰੀਕ ਇਨ੍ਹਾਂ ਨੂੰ ਸਰਕਾਰੇ-ਦਰਬਾਰੇ ਆਪਣੇ ਜਬ੍ਹੇ ਤੇ ਅਸਰ-ਰਸੂਖ ਦਾ ਜਲੌਅ ਦਿਖਾਉਂਦੇ ਹਨ। ਬਾਹਰਲੇ ਮੁਲਕਾਂ ਵਿਚ ਰਹਿੰਦੇ-ਰਹਿੰਦੇ ਸਾਡੇ ਇਹ ਵੀਰ ਚਾਂਦੀ ਦੀ ਜੁੱਤੀ ਮਾਰਨ, ਮੁੱਠੀ ਗਰਮ ਕਰਨ ਜਾਂ ਸੇਵਾ-ਪਾਣੀ ਕਰਨ ਜਿਹੀਆਂ ਯਥਾਰਥ ਭਰਪੂਰ ਸਿਆਣਪਾਂ ਨੂੰ ਕੁਦਰਤੀ ਤੌਰ 'ਤੇ ਚੰਗੇ ਪ੍ਰਸ਼ਾਸਨਾਂ ਵਿਚ ਰਹਿ ਕੇ ਭੁਲ ਗਏ ਹਨ।

ਦੂਜੇ ਪਾਸੇ ਇਨ੍ਹਾਂ ਦੇ ਭੈਣ-ਭਾਈ ਸਿਆਸੀ ਤੇ ਸਰਕਾਰੀ ਬੰਦਿਆਂ ਨਾਲ ਦੋਸਤੀ ਤੇ ਮਾਇਆ ਭੇਂਟ ਦਾ ਜਲਵਾ ਦਿਖਾ ਕੇ ਇਨ੍ਹਾਂ 'ਤੇ ਇੰਨਾਂ ਮਾਨਸਿਕ ਦਬਾਅ ਬਣਾ ਦਿੰਦੇ ਹਨ ਕਿ ਇਹ ਵਾਪਸੀ ਟਿਕਟ ਕਟਾ ਕੇ ਪ੍ਰਦੇਸਾਂ ਨੂੰ ਵਾਪਸ ਮੁੜ ਜਾਂਦੇ ਹਨ। ਇਹ ਐਬਸੈਂਟੀ ਲੈਂਡ-ਲੌਰਡ ਸਾਥੋਂ ਕੁੱਝ ਇਨਸਾਫ ਮਿਲਣ ਦੀਆਂ ਬੜੀਆਂ ਆਸਾਂ-ਉਮੀਦਾਂ ਲੈ ਕੇ ਆਉਂਦੇ ਹਨ, ਪਰ ਸਾਥੋਂ ਕੁੱਝ ਨਾ ਮਿਲਣ ਦੇ ਬਾਵਜੂਦ ਵੀ ਬੜੇ ਅਰਾਮ ਨਾਲ ਆਪਣੇ ਕੱਪੜੇ ਲੁਹਾ ਕੇ ਫਿਰ ਆਉਣ ਦੀ ਉਮੀਦ ਵਿਚ ਵਾਪਸ ਚਲੇ ਜਾਂਦੇ ਹਨ।

ਫਿਰ ਸਿਤਮ ਤਾਂ ਇਹ ਹੈ ਕਿ ਅੱਜ ਤੋਂ 25-30 ਸਾਲ ਪਹਿਲਾਂ ਇਨ੍ਹਾਂ ਤੋਂ ਸਾਨੂੰ ਸਕੌਚ ਦੀ ਬੋਤਲ ਦੀ ਵੱਡੀ ਤਲਬ ਹੁੰਦੀ ਸੀ ਜਾਂ ਕਿਤੇ ਇੰਪੋਰਟਿਡ ਓਵਰਕੋਟ ਤੇ ਹੋਰ ਕੱਪੜੇ-ਲੱਤੇ ਦੀ ਗਰਜ਼ ਹੁੰਦੀ ਸੀ। ਪਰ ਹੁਣ ਤਾਂ ਇਹ ਗਰਜ਼ਾਂ ਗਲੋਬਲ ਮਾਰਕੀਟ ਦੇ ਅਸਰ ਤਹਿਤ ਇਥੇ ਵੀ ਪੂਰੀਆਂ ਹੋਣ ਲਗ ਪਈਆਂ ਹਨ। ਇਸ ਵਾਸਤੇ ਹੀ ਅਸੀਂ ਵੀ ਆਪਣੇ 'ਪਿਆਰ ਦੇ ਰੇਟ' ਇੰਨੇ ਵਧਾ ਲਏ ਹਨ ਕਿ ਹੁਣ ਅਸੀਂ ਡਾਲਰਾਂ ਤੇ ਪਾਊਂਡਾਂ ਦੀਆਂ ਦੱਥੀਆਂ ਤੋਂ ਘੱਟ ਇਨ੍ਹਾਂ ਤੋਂ ਕੁੱਝ ਮੰਗਦੇ ਹੀ ਨਹੀਂ। ਹੁਣ ਤਾਂ ਸਗੋਂ ਨੌਕਰਸ਼ਾਹੀ ਨੇ 'ਬੜੇ ਮੀਆਂ ਸੋ ਬੜੇ ਮੀਆਂ, ਛੋਟੇ ਮੀਆਂ ਸੁਭਾਨ ਅੱਲ੍ਹਾ' ਜਿਹੇ ਅਖਾਣ ਦਾ ਪ੍ਰਤੱਖ ਪ੍ਰਮਾਣ ਦਿੰਦੇ ਹੋਏ ਪ੍ਰਵਾਸੀਆਂ ਤੋਂ ਵਿਦੇਸ਼ ਯਾਤਰਾ ਦੀਆਂ ਉਮੀਦਾਂ ਵੀ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇਸ ਪ੍ਰਥਾਇ ਹੁਣ ਅਫ਼ਸਰਸ਼ਾਹੀ ਨੇ ਇਕ ਨਵਾਂ ਹੀ ਰਵੀਰਾ ਫੜ੍ਹ ਲਿਆ ਹੈ, ਜਿਸ ਅਨੁਸਾਰ ਬਹੁਤੇ ਅਫ਼ਸਰਾਂ ਨੇ ਤਾਂ ਵਿਦੇਸ਼ਾਂ ਵਿਚ ਪ੍ਰਵਾਸੀ ਵੀਰਾਂ ਕੋਲ ਆਪਣੇ ਸੋਟੀ-ਧਰਾ ਜਿਹਾ ਜੁਗਾੜ ਪੱਕਾ ਕਰ ਲਿਆ ਹੈ। ਜਦੋਂ ਅਸੀਂ ਇਨ੍ਹਾਂ ਕੋਲ ਉਧਰ ਜਾਂਦੇ ਹਾਂ ਤਾਂ ਇਹ ਵਿਚਾਰੇ ਸਾਡੇ ਸੈਰ-ਸਪਾਟੇ ਤੇ ਮਾੜੀ-ਮੋਟੀ ਖਰੀਦਾਰੀ ਦਾ ਭ੍ਰਿਸ਼ਟਾਚਾਰੀ ਬੋਝ ਵੀ ਸ਼ਿਸ਼ਟਾਚਾਰ ਸਮਝ ਕੇ ਢੋਂਦੇ ਹਨ। ਫਿਰ ਇਹ ਸਾਨੂੰ ਜੋ ਆਪਣਾ ਬਹੁਤ ਹੀ ਕੀਮਤੀ ਵਕਤ ਸਮਰਪਿਤ ਕਰਦੇ ਹਨ ਉਸ ਦੀ ਤਾਂ ਅਸੀਂ ਕਦੇ ਗਿਣਤੀ ਹੀ ਨਹੀਂ ਕਰਦੇ। ਖੈਰ ਮੁੱਕਦੀ ਗੱਲ! ਜਦੋਂ ਇਹ ਲੋਕ ਇਧਰ ਪੰਜਾਬ ਵਿਚ ਆਉਂਦੇ ਹਨ ਤਾਂ ਇਨ੍ਹਾਂ ਵਲੋਂ ਵਿਦੇਸ਼ਾਂ ਵਿਚ ਸਾਡੀ ਪ੍ਰਾਹੁਣਚਾਰੀ ਤੇ ਆਪਸੀ ਲਿਹਾਜ਼ ਦੇ ਉਲਟ ਅਸੀਂ ਬਸ ਇਨ੍ਹਾਂ ਨੂੰ ਇਕ-ਅਧੇ ਡੰਗ ਦੀ ਰੋਟੀ ਵਰਜ ਕੇ ਹੀ ਸਾਰ ਦਿੰਦੇ ਹਾਂ। ਫਿਰ ਜਦੋਂ ਇਹ ਸਾਨੂੰ ਆਪਣੇ ਇਧਰ ਦੇ ਸ਼ਰੀਕਾਂ ਦੇ ਮਾੜੇ ਰਵਈਏ ਦੇ ਕਾਰਣ ਪੈਦਾ ਹੋਈਆਂ ਦੁਖ-ਤਕਲੀਫਾਂ ਸਬੰਧੀ ਆਪਣਾ ਦਿਲ ਤੇ ਮਨ ਖੋਲ੍ਹ ਕੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਨੂੰ ਅਤੇ ਖਾਸ ਕਰਕੇ ਪੰਜਾਬ ਸਰਕਾਰ ਨੂੰ ਦਿਖਾਉਂਦੇ ਹਨ ਤਾਂ ਇਨ੍ਹਾਂ ਦੇ ਪਿਆਰ ਤੇ ਖਲੂਸ ਦੇ ਇਵਜ਼ ਵਿਚ ਅਸੀਂ ਸਿਰਫ਼ ਇਨ੍ਹਾਂ ਦੇ ਪੱਲੇ ਬੇਕਿਰਕੀ ਤੇ ਬੇਕਦਰੀ ਹੀ ਪਾਉਂਦੇ ਹਾਂ।

ਇਸ ਸਾਰੀ ਅਣਹੋਣੀ ਜਿਹੀ ਸਮਾਜਿਕ ਖੇਡ ਦੀ ਤਰਜਮਾਨੀ ਹਸਰਤ ਜੈਪੁਰੀ ਦੇ ਫਿਲਮ ਉਜਾਲਾ ਲਈ ਲਿਖੇ ਗੀਤ ਰਾਹੀਂ ਹੁੰਦੀ ਹੈ: "ਹਮ ਘਰ-ਘਰ ਜਾਤੇਂ ਹੈਂ ਯੇ ਦਿਲ ਦਿਖਲਾਤੇ ਹੈਂ; ਪਰ ਯੇ ਦੁਨੀਆਂ ਵਾਲੇ ਹਮ ਕੋ ਠੁਕਰਾਤੇ ਹੈਂ; ਅਬ ਕਹਾਂ ਜਾਏਂ ਹਮ ਕਿਸੀ ਕੋ ਕਿਸੀ ਪਰ ਭਰੋਸਾ ਨਹੀਂ"। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਪ੍ਰਵਾਸੀ ਭਰਾ ਸਾਡੇ ਵਲੋਂ ਇਮੋਸ਼ਨਲ ਭਾਵ ਜਜ਼ਬਾਤੀ ਅੱਤਿਆਚਾਰ ਦਾ ਸ਼ਿਕਾਰ ਹੋ ਰਹੇ ਹਨ। ਇਹ ਆਪ ਤਾਂ ਸਾਥੋਂ ਦੂਰ ਹੋਏ ਹੀ ਹਨ, ਹੁਣ ਇਨ੍ਹਾਂ ਦੇ ਬੱਚੇ ਸਿਰਫ ਜਿਸਮਾਨੀ ਤੌਰ 'ਤੇ ਹੀ ਨਹੀਂ, ਸਗੋਂ ਮਾਨਸਿਕ ਤੌਰ 'ਤੇ ਵੀ ਪੰਜਾਬ ਵਿਚ ਰਹਿੰਦੇ ਆਪਣੇ ਪਰਿਵਾਰਾਂ ਤੋਂ ਦੂਰ ਹੋ ਚੁਕੇ ਹਨ। ਬੇਸ਼ੱਕ ਉਹ ਵਰ੍ਹੇ-ਛਿਮਾਹੀ ਪੰਜਾਬ ਵਿਚ ਆਉਂਦੇ ਹਨ, ਪਰ ਦਾਦੀਆਂ-ਨਾਨੀਆਂ ਨਾਲ ਉਹ ਪਰਿਵਾਰਿਕ ਦੁਭਾਸ਼ੀਆਂ ਦੀ ਮਦਦ ਨਾਲ ਹੀ ਲਾਡ-ਚਾਅ ਕਰਦੇ ਹਨ।

ਬੇਸ਼ੱਕ ਪ੍ਰਵਾਸੀ ਪੰਜਾਬ ਸਰਕਾਰ ਨੂੰ ਆਪਣੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਦਾ ਮੰਗ ਪੱਤਰ ਦੇਣ ਵੇਲੇ ਇਸ ਵੱਡੀ ਸਮਾਜਿਕ ਸਮੱਸਿਆ ਦਾ ਜ਼ਿਕਰ ਨਹੀਂ ਕਰਦੇ, ਪਰ ਉਹ ਸਾਰੇ ਹੀ ਆਪਣੇ ਬੱਚਿਆਂ ਦੀ ਬਦਲ ਚੁਕੀ ਤਹਿਜ਼ੀਬ ਤੇ ਸਭਿਆਚਾਰ ਬਾਰੇ ਫ਼ਿਕਰਮੰਦ ਹਨ। ਪ੍ਰਵਾਸੀ ਭਾਰਤੀਆਂ ਦੇ ਬੱਚਿਆਂ ਦੀ ਇਹ ਸਮੱਸਿਆ ਘਰ-ਘਰ ਦੀ ਦੁਖਦੀ ਰਗ ਬਣ ਚੁਕੀ ਹੈ। ਇਨ੍ਹਾਂ ਨੂੰ ਪਤਾ ਹੈ ਕਿ ਉਧਰ ਰਹਿੰਦੇ ਬੱਚੇ ਵਾਪਸ ਪੰਜਾਬ ਨਹੀਂ ਆਉਣਗੇ ਅਤੇ ਸਮਾਂ ਪੈ ਕੇ ਉਹ ਸਭਿਆਚਾਰਕ ਪੱਖੋਂ ਪੰਜਾਬੀ ਮਾਂ-ਪਿਓ ਦੀ ਪੰਜਾਬੀ ਔਲਾਦ ਵੀ ਨਹੀਂ ਲੱਗਣਗੇ। ਬਹਿਰਹਾਲ, ਇਨ੍ਹਾਂ ਦਾ ਆਪਣੇ ਬੱਚਿਆਂ ਪ੍ਰਤੀ ਇਹ ਦੁੱਖ ਭਰਿਆ ਰੋਣਾ ਸੁਣ ਕੇ ਸਰਕਾਰਾਂ ਵੀ ਇਹ ਕਹਿ ਕੇ ਬੁੱਤਾ ਸਾਰ ਦਿੰਦੀਆਂ ਹਨ ਕਿ ਬਾਗ ਵਿਚੋਂ ਇਕ ਵਾਰ ਪੁੱਟਿਆ ਬੂਟਾ ਜਦੋਂ ਨਵੇਂ ਬਾਗਾਂ ਵਿਚ ਲਗਦਾ ਹੈ ਤਾਂ ਫਿਰ ਉਹ ਦੁਬਾਰਾ ਪੁਰਾਣੀ ਮਿੱਟੀ ਵਿਚ ਜੜ੍ਹਾਂ ਘੱਟ ਹੀ ਫੜਦਾ ਹੈ। ਇਉਂ ਅਸੀਂ ਸਾਰੇ ਆਪਣੀ ਇਕ ਵੱਡੀ ਨੈਤਿਕ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੇ ਹਾਂ।

ਖੈਰ! ਹੁਣ ਐੱਨ.ਆਰ.ਆਈ. ਵੀਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਜੋ ਇਨ੍ਹਾਂ ਦੀ ਸਮਸਿਆਵਾਂ ਸੁਣਨ ਲਈ ਬੋਰਡ ਤੇ ਕਮਿਸ਼ਨ ਦੇ ਜੋ ਔਹੜ-ਪੌਹੜ ਕੀਤੇ ਜਾ ਰਹੇ ਹਨ, ਇਹ ਤਕਰੀਬਨ ਅੱਖਾਂ ਪੂੰਝਣ ਜਾਂ ਗੋਂਗਲੂਆਂ ਤੋਂ ਮਿੱਟੀ ਝਾੜਨ ਮਾਤਰ ਹੀ ਹਨ। ਇਸ ਪ੍ਰਥਾਇ ਮੋਟੇ ਤੌਰ ਤੇ ਇਹ ਗੱਲ ਸਮਝਣ ਵਾਲੀ ਹੈ ਕਿ ਕੱਟਿਆਂ ਵਾਲੇ ਘਰੋਂ ਕਦੇ ਲੱਸੀ ਨਹੀਂ ਮਿਲਦੀ। ਸਗੋਂ ਭੇਦ ਵਾਲੀ ਗੱਲ ਤਾਂ ਇਹ ਹੈ ਕਿ ਤੁਸੀਂ ਸਾਥੋਂ ਮਦਦ ਮੰਗਦੇ ਹੋ ਤੇ ਅਸੀਂ ਤੁਹਾਨੂੰ ਕਾਮਧੇਨੂੰ ਗਊ ਸਮਝ ਕੇ ਤੁਹਾਥੋਂ ਬੇਅੰਤ ਮਦਦ ਦੀ ਆਸ ਰੱਖਦੇ ਹਾਂ। ਇਸ ਪ੍ਰਥਾਇ ਨੌਕਰਸ਼ਾਹੀ ਤਾਂ ਇਕ ਪਾਸੇ ਰਹੀ, ਸਗੋਂ ਹੁਣ ਤਾਂ ਸਰਕਾਰਾਂ ਵੀ ਤੁਹਾਡੇ ਨੋਟ ਬੈਂਕ ਤੇ ਵੋਟ ਬੈਂਕਾਂ ਦੀ ਤਾਕਤ ਨੂੰ ਮੰਨਣ ਲੱਗ ਪਈਆਂ ਹਨ। ਇਸ ਲਈ ਅਸੀਂ ਹੁਣ ਆਪਣੇ ਬਾਹਰ ਰਹਿੰਦੇ ਐੱਨ.ਆਰ.ਆਈ.



*Original with;*
Kulbir Singh Sidhu(I.A.S)
*Digitized by;*
Panjab Digital Library

ਭਰਾਵਾਂ ਤੋਂ ਨੋਟ ਬੈਂਕ ਤੇ ਵੋਟ ਬੈਂਕ ਦੋਨਾਂ ਦੀ ਹੀ ਬੇਹੱਦ ਤਵਕੋਂ ਰਖਦੇ ਹਾਂ।

ਇਸ ਵਾਸਤੇ ਤੁਸੀਂ ਖਾਸ ਕਰਕੇ ਇਲੈਕਸ਼ਨਾਂ ਦੇ ਸਮੇਂ 'ਤੁਹਾਡੀ ਮਿਲੇ ਜਾਂ ਨਾ ਮਿਲੇ, ਪਰ ਸਾਡਾ ਬਣਦਾ ਇਕ ਥਣ ਚੋਅ ਦਿਉ' ਦੇ ਅਖਾਣ ਅਨੁਸਾਰ ਆਪਣੀਆਂ ਦੁਖ ਤਕਲੀਫਾਂ ਭੁਲ ਕੇ ਸਿਆਸੀ ਤੌਰ 'ਤੇ ਸਾਡੀ ਪੈਸੇ-ਧੇਲੇ ਤੇ ਵੋਟਾਂ ਰਾਹੀਂ ਮਦਦ ਕਰੋ। ਤੁਹਾਡਾ ਇਹ ਇਕ ਹੰਭਲਾ ਹੀ ਸਾਡੇ ਲਈ ਪੰਜ ਸਾਲ ਵਾਸਤੇ ਦੁੱਧ-ਲੱਸੀ ਦਾ ਜੁਗਾੜ ਕਰ ਸਕਦਾ ਹੈ। ਇਸ ਵਾਸਤੇ ਹਾਲ ਦੀ ਘੜੀ ਤਾਂ ਐਤਕੀਂ ਚੋਣਾਂ ਵਿਚ ਤਾਂ ਸਾਨੂੰ 'ਮਾਇਆ-ਮਾਈ' ਦੀ ਪਿਛਲੀਆਂ ਚੋਣਾਂ ਨਾਲੋਂ ਵੀ ਕਿਤੇ ਵੱਧ ਲੋੜ ਹੈ। ਇਸ ਵਾਸਤੇ ਤੁਸੀਂ ਵੀ ਸਾਡੀਆਂ ਬੇਅੰਤ ਲੋੜਾਂ ਨੂੰ ਮੁੱਖ ਰੱਖਦੇ ਹੋਏ ਦਰਸ਼ਨੀ-ਥੈਲੀ ਭੇਂਟ ਕਰਨੀ ਨਾ ਭੁੱਲਿਓ।

ਖ਼ੈਰ! ਇਸ ਸਭ ਕਾਸੇ ਦੇ ਬਾਵਜੂਦ ਵੀ ਹੁਣ ਦੇ ਹਾਲਾਤਾਂ ਅਨੁਸਾਰ ਜੇ ਤੁਸੀਂ ਸੋਚੋ ਕਿ ਮਾਇਆ ਦੇ ਝਲਕਾਰੇ ਬਿਨਾਂ ਸਰਕਾਰ ਦੇ ਦਰਬਾਰਾਂ ਤੇ ਦਫਤਰਾਂ ਵਿਚ ਤੁਹਾਡਾ ਕੋਈ ਕੰਮ ਕਿਸੇ ਸਵੈਚਾਲਿਤ ਤਰੀਕੇ ਨਾਲ ਆਪਣੇ-ਆਪ ਹੋ ਜਾਵੇਗਾ ਤਾਂ ਇਹ ਤੁਹਾਡੀ ਅਜੇ ਵੱਡੀ ਖਾਮਖਿਆਲੀ ਹੀ ਹੈ। ਬਸ ਦੋਸਤੋ ਮੰਨ ਕੇ ਚਲੋ ਕਿ ਸਾਡੇ ਸਮਾਜ ਵਿਚੋਂ ਪਿਆਰ, ਮੁਹੱਬਤ ਤੇ ਉਲਫਤ ਨਾਂ ਦੀਆਂ ਚੀਜ਼ਾਂ ਮਨਫ਼ੀ ਹੋ ਰਹੀਆਂ ਹਨ, ਸਗੋਂ ਸਾਡੀਆਂ 'ਚੰਮ-ਭੁੱਖਾਂ' ਤੇ ਤ੍ਰਿਸ਼ਨਾਵਾਂ ਵਧਦੀਆਂ ਹੀ ਜਾ ਰਹੀਆਂ ਹਨ। **ਸਾਈਂ ਬੁੱਲ੍ਹੇ ਸ਼ਾਹ** ਦਾ ਅੱਜ ਤੋਂ ਕੋਈ ਢਾਈ ਸੌ ਸਾਲ ਪਹਿਲਾਂ ਦਾ ਸੁਖਨ ਅੱਜ ਫਿਰ ਸਾਮਰਤੱਖ ਰੂਪ ਵਿਚ ਸੱਚ ਹੋ ਰਿਹਾ ਹੈ ਕਿ 'ਉਲਟੇ ਹੋਰ ਜ਼ਮਾਨੇ ਆਏ ਆਪਣਿਆਂ ਵਿਚ : ਉਲਫਤ ਨਾਹੀਂ, ਕਿਆ ਚਾਚੇ ਕਿਆ ਤਾਏ: ਪਿਉ ਪੁੱਤਰਾਂ ਇਤਫ਼ਾਕ ਨਾ ਕਾਈ, ਧੀਆਂ ਨਾਲ ਨਾ ਮਾਏ : ਅਗਲੇ ਹੋ ਕੰਗਾਲੇ ਬੈਠੇ, ਪਿਛਲਿਆਂ ਫ਼ਰਸ਼ ਵਿਛਾਏ'।

ਫਿਰ ਬੇਨਤੀ ਹੈ ਕਿ ਤੁਸੀਂ ਹਾਲ ਦੀ ਘੜੀ ਇਥੇ ਆ ਕੇ ਸਾਡੇ ਵੱਲੋਂ ਕੱਪੜੇ ਲਾਹੁਣ-ਲੁਹਾਉਣ ਦੇ ਪੁਰਾਣੇ ਫਾਰਮੂਲਿਆਂ ਅਨੁਸਾਰ ਹੀ ਆਪਣਾ ਝੱਟ ਲੰਘਾਉ। ਬੇਸ਼ੱਕ ਕਿਸੇ ਦੈਵੀ ਸਬੱਬ ਨਾਲ ਕਿਤੇ ਇਹ ਵੀ ਹੋ ਸਕਦਾ ਹੈ ਕਿ ਚੋਣਾਂ ਦੇ ਦਿਨਾਂ ਵਿਚ ਤੁਹਾਡਾ ਕੋਈ ਤੀਰ-ਤੁੱਕਾ ਲੱਗ ਹੀ ਜਾਏ। ਨਹੀਂ ਤਾਂ ਵੀਰੋ! ਹਾਲੇ ਦਿੱਲੀ ਵਾਂਗੂੰ ਚੰਡੀਗੜ੍ਹ ਵੀ ਖਾਸਾ ਦੂਰ ਹੈ। ਪਰ ਹਾਂ ਸੱਚ, ਇਸ ਸਾਰੇ ਸਿਆਸੀ ਰਾਮ-ਰੌਲੇ ਵਿਚ ਅਫ਼ਸਰਾਂ ਨੂੰ ਭੁੱਲਣ ਦੀ ਗਲਤੀ ਨਾ ਕਰਿਉ, ਸਗੋਂ ਤੁਹਾਡੇ ਕੋਲ ਵਹੀਰਾਂ ਘੱਤ ਕੇ ਗਏ ਸਿਆਸੀ ਤੇ ਅਫ਼ਸਰੀ ਟੋਲਿਆਂ ਦਾ ਪਹਿਲਾਂ ਵਾਂਗੂੰ ਹੀ ਸੋਟੀ-ਧਰਾਅ ਕਰਦੇ ਰਹਿਉ। ਇਸ ਦੇ ਨਾਲ ਹੀ ਸਗੋਂ ਇਸ ਰੌਲੇ-ਗੌਲੇ ਵਿਚ ਸਾਡੇ ਵਧ ਚੁੱਕੇ ਭਾਅ ਤੇ ਰੇਟਾਂ ਦਾ ਵੀ ਖਿਆਲ ਰੱਖਿਓ ਕਿਉਂਕਿ ਸਾਡੀ ਮਾਇਆ ਨਗਰੀ ਦੇ ਬਜ਼ਾਰ ਵਿਚ ਤੁਹਾਡੀਆਂ ਮਜਬੂਰੀਆਂ ਨੂੰ ਵੇਖ ਕੇ ਸਾਡੀਆਂ ਖਾਹਿਸ਼ਾਂ ਦੀ ਭੁੱਖ ਦੂਣੀ-ਚੌਣੀ ਹੋ ਚੁੱਕੀ ਹੈ। ਇਸ ਪ੍ਰਸੰਗ ਵਿਚ ਅੱਜ **ਦੀਪਕ ਜੈਤੋਈ** ਦਾ ਕੂਕਣਾਂ ਬਿਲਕੁਲ ਸੱਚਾ ਸਾਬਿਤ ਹੋ ਰਿਹਾ ਹੈ ਕਿ :-

ਦਿਲ ਦੀ ਪਿਆਰ ਗਾਗਰ ਜੈਤੋਈ, ਹੁਣ ਊਣੀ ਹੋ ਗਈ
ਤੜਫਦਾ ਮਜਬੂਰੀਆਂ ਨੂੰ ਵੇਖ ਕੇ ਖਾਹਿਸ਼ਾਂ ਦੀ ਭੁੱਖ ਦੂਣੀ ਹੋ ਗਈ



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਪ੍ਰਸੰਗ ਵਿਚ ਇਕ ਵਾਰ ਮੋਗਾ ਦੇ ਇਕ ਐੱਸ.ਡੀ.ਐੱਮ ਸਾਹਿਬ ਨੇ ਆਪਣੇ ਕੋਲ ਆਏ ਪ੍ਰਵਾਸੀ ਭਰਾ ਦੀ ਵਧੀਆ ਇੰਪੋਰਟਿਡ ਕਮੀਜ਼ ਵੇਖ ਕੇ ਕਿਹਾ ਕਿ ਲੋਕ ਪੱਗ-ਵੱਟ ਭਰਾ ਤਾਂ ਬਣਦੇ ਆਏ ਹਨ, ਪਰ ਆਪਾਂ ਸ਼ਰਟ-ਵੱਟ ਭਰਾ ਬਣਨ ਦੀ ਕੋਈ ਨਵੀਂ ਪਿਰਤ ਕਿਉਂ ਨਾ ਪਾਈਏ। ਬਹਿਰਹਾਲ, ਉਹ ਭਰਾ 'ਮਰਦਾ ਕੀ ਨਾ ਕਰਦਾ' ਦੀ ਮਜਬੂਰੀ ਦਾ ਮਾਰਿਆ ਆਖਿਰ ਨੂੰ ਐੱਸ.ਡੀ.ਐੱਮ. ਸਾਹਿਬ ਨੂੰ ਕਮੀਜ਼ ਪੁੰਨ ਕਰਕੇ ਹੀ ਬਾਹਰ ਨਿਕਲਿਆ।

ਖ਼ੈਰ! ਤਕਰੀਬਨ 20-25 ਸਾਲ ਪਹਿਲਾਂ ਤਾਂ ਕੋਟ-ਟਾਈ ਜਾਂ ਕਮੀਜ਼ ਉਤਾਰਨ ਨਾਲ ਹੀ ਵਿਦੇਸ਼ਾਂ ਤੋਂ ਆਏ ਭਰਾਵਾਂ ਦੀ ਬੰਦ ਖੁਲਾਸੀ ਹੋ ਜਾਂਦੀ ਸੀ। ਹੁਣ ਤਾਂ ਤਨ ਦੇ ਉਪਰਲੇ ਕਪੜੇ ਭਾਵ ਝੁਗਾ-ਜਾਮਾ ਹੀ ਨਹੀਂ, ਸਗੋਂ ਉਤਰਨ-ਪ੍ਰਥਾ ਵਜੋਂ ਅੰਡਰ ਗਾਰਮੈਂਟਸ ਵੀ ਲਾਹੁਣ-ਪਾਉਣ ਦੀ ਨੌਬਤ ਆ ਚੁਕੀ ਹੈ। ਵੈਸੇ ਹੁਣ ਪ੍ਰਸ਼ਾਸਕੀ ਖੇਤਰਾਂ ਵਿਚ ਵਰਤ ਰਹੇ ਅਜਿਹੇ ਭਾਣਿਆਂ ਅਨੁਸਾਰ ਇਹ ਤਾਂ ਕੁਝ ਵੀ ਨਹੀਂ ਹੈ। ਹੁਣ ਤਾਂ ਸਗੋਂ ਆਪਣੀ ਜਾਨ-ਖੁਲਾਸੀ ਲਈ ਸਾਡੀ ਵਿਦੇਸ਼ ਯਾਤਰਾ ਵਾਸਤੇ ਵਾਪਸੀ ਟਿਕਟਾਂ ਅਤੇ ਉਥੇ ਸੈਰ-ਸਪਾਟੇ ਤੋਂ ਇਲਾਵਾ ਸਾਡੀ ਖਰੀਦਾਰੀ ਦੇ ਮਾਇਕ ਬੋਝੇ ਵੀ ਢੋਣੇ ਪੈਂਦੇ ਹਨ।

ਖ਼ੈਰ! ਇਹ ਤਾਂ ਰੱਬ ਲਗਦੀ ਗੱਲ ਹੈ ਕਿ ਇਸ ਮਾੜੇ ਪ੍ਰਚਲਣ ਦੇ ਸਬੰਧ ਵਿਚ ਇਧਰ ਰਹਿੰਦੇ ਆਪਣੇ ਵੀਰਾਂ ਨੂੰ ਵੀ ਕੋਈ ਮਾੜੀ-ਮੋਟੀ ਸੰਗ ਮੰਨਣ ਦੀ ਲੋੜ ਹੈ ਕਿਉਂਕਿ ਕਹਿੰਦੇ ਹਨ ਕਿ ਜੇ ਚਾਟੀ ਦਾ ਮੂੰਹ ਖੁਲ੍ਹਾ ਹੋਵੇ ਤਾਂ ਲੱਕਣ ਵਾਲੇ ਨੂੰ ਹੀ ਸ਼ਰਮ ਆ ਜਾਣੀ ਚਾਹੀਦੀ ਹੈ। ਫਿਰ ਇਸ ਸਬੰਧ ਵਿਚ ਇਹ ਵੀ ਸਮਝਣ ਦੀ ਲੋੜ ਹੈ ਕਿ ਰਿਸ਼ਤੇ-ਨਾਤੇ ਤੇ ਦੋਸਤੀਆਂ ਦੀ ਅਹਿਮੀਅਤ ਲਾਲਚੀ ਗਰਜ਼ਾਂ ਤੋਂ ਕਿਤੇ ਉਪਰ ਹੁੰਦੀ ਹੈ। ਦੁਨੀਆਂ ਦੇ ਪਿੜ ਵਿਚ ਸਾਡੀ ਜ਼ਿੰਦਗੀ ਇਕ ਇਤਫ਼ਾਕ ਹੈ ਅਤੇ ਫਿਰ ਇਸ ਦੁਨੀਆਂ ਦੇ ਮੇਲੇ ਵਿਚ ਦੋਸਤੀ ਹੋਰ ਵੀ ਵੱਡਾ ਸਬੱਬੀ ਜਿਹਾ ਇਤਫ਼ਾਕੀਆ ਮੌਕਾ ਹੈ।

ਸਾਡੇ ਵਡੇਰੇ ਕਿਹਾ ਕਰਦੇ ਸਨ ਜੋ ਕਿ ਅਜ ਵੀ ਸੱਚ ਹੈ ਕਿ ਪਿਆਰ, ਦੋਸਤ ਤੇ ਭਰਾ ਹੱਟੀਆਂ 'ਤੇ ਨਹੀਂ ਮਿਲਦੇ। ਇਸ ਵਾਸਤੇ ਦੋਸਤੀ ਦਾ ਤਕਾਜ਼ਾ ਹੈ ਕਿ ਮਿੱਤਰਤਾ ਨੂੰ ਅਹਿਸਾਸਾਂ ਦੇ ਪੱਧਰ 'ਤੇ ਹੀ ਨਿਭਾਇਆ ਜਾਏ, ਨਾ ਕਿ ਮਿੱਤਰ ਬਣਕੇ ਹਰਦਮ ਇਕ-ਦੂਜੇ ਦੀ ਛਿਲ ਲਾਹੁਣ ਦਾ ਵਿਚਾਰ ਮਨ ਵਿਚ ਰੱਖਿਆ ਜਾਵੇ। ਸਗੋਂ ਅਜਿਹੀਆਂ ਲਿਲਕ ਭਰਪੂਰ ਲਾਲਚੀ ਚਾਹਤਾਂ ਦੀ ਪੂਰਤੀ ਵਾਸਤੇ ਕੀਤੀ ਗਈ ਜੁਗਾੜਬੰਦੀ ਨਾਲ ਹਮੇਸ਼ਾਂ ਹੀ ਦੋਸਤੀ ਵਿਚ ਫਿੱਕ ਤੇ ਦੂਰੀ ਪੈਦਾ ਹੁੰਦੀ ਹੈ। ਇਸ ਪ੍ਰਥਾਇ ਸਾਨੂੰ **ਸਾਹਿਰ ਲੁਧਿਆਣਵੀ** ਦੇ ਫਿਲਮ 'ਆਦਮੀ ਔਰ ਇਨਸਾਨ' ਦੇ ਗੀਤ ਤੋਂ ਨਸੀਹਤ ਲੈਣੀ ਚਾਹੀਦੀ ਹੈ।

ਜ਼ਿੰਦਗੀ ਇਤਫ਼ਾਕ ਹੈ, ਦੋਸਤੀ ਇਤਫ਼ਾਕ ਹੈ,
ਚਾਹਤੇਂ ਬੜ੍ਹ ਕੇ ਪਸ਼ੇਮਾਨ ਭੀ ਹੋ ਜਾਤੀਂ ਹੈਂ।

ਸੋ ਹੁਣ ਜਦੋਂ ਵੀ ਚੋਣਾਂ ਦਾ ਬਿਗੁਲ ਵਜਦਾ ਹੈ ਤਾਂ ਮੌਕੇ ਦੀਆਂ ਸਰਕਾਰਾਂ ਤੇ ਸਿਆਸੀ ਪਾਰਟੀਆਂ ਪ੍ਰਵਾਸੀਆਂ ਨੂੰ ਚੋਗਾ ਪਾਉਣਾ ਸ਼ੁਰੂ ਕਰ ਦਿੰਦੀਆਂ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਉਧਰ ਲੋਹਾ ਤਪਿਆ ਵੇਖ ਕੇ ਪ੍ਰਵਾਸੀ ਵੀਰਾਂ ਦੇ ਜਥੇ ਵੀ ਵਹੀਰਾਂ ਦਾ ਰੂਪ ਧਾਰ ਕੇ ਆਪਣੀਆਂ ਮੰਗਾਂ ਦੀ ਵਧਾਣੀ ਸੱਟ ਮਾਰਨ ਵਾਸਤੇ ਪੰਜਾਬ ਵਿਚ ਆਉਣਾ ਸ਼ੁਰੂ ਕਰ ਦਿੰਦੇ ਹਨ। ਇਸ ਵਾਸਤੇ ਪ੍ਰਵਾਸੀਆਂ ਦੇ ਮੁੱਦੇ-ਮਸਲਿਆਂ ਦੇ ਸਬੰਧੀ ਸੈਮੀਨਾਰਾਂ ਤੇ ਮੁਲਾਕਾਤਾਂ ਦੀਆਂ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ। ਇਉਂ ਫਿਰ ਜਿੱਧਰ ਵੀ ਵੇਖੋ ਉਧਰ ਹੀ ਪ੍ਰਵਾਸੀ ਪੰਛੀਆਂ ਵਾਂਗੂੰ ਸਾਡੇ ਪ੍ਰਵਾਸੀ ਵੀਰਾਂ ਦੀਆਂ ਡਾਰਾਂ ਦੀਆਂ ਡਾਰਾਂ ਦੇਖਣ ਨੂੰ ਮਿਲਦੀਆਂ ਹਨ।

ਸੋ ਹੁਣ ਸਿਆਸੀ ਪਾਰਟੀਆਂ ਖਾਸ ਕਰਕੇ ਚੋਣਾਂ ਦੌਰਾਨ ਪ੍ਰਵਾਸੀ ਵੀਰਾਂ ਦੇ ਮਸਲਿਆਂ ਨੂੰ ਨਜਿਠਣ ਲਈ ਚੌਕੰਨੀਆਂ ਹੋਈਆਂ ਫਿਰਦੀਆਂ ਹਨ। ਫਿਰ ਪ੍ਰਵਾਸੀ ਵੀਰ ਵੀ ਸਿਆਸੀ ਬੰਦਿਆਂ ਦੀ ਸੇਵਾ ਵਿਚ ਆਪਣੀ ਗਰਜ਼ਮੰਦੀ ਦੇ ਕਾਰਨ ਮਾਇਆ ਦੀਆਂ ਵੱਡੀਆਂ-ਵੱਡੀਆਂ ਥੈਲੀਆਂ ਭੇਟ ਕਰਨ ਵਾਸਤੇ ਕਤਾਰਾਂ ਬੰਨ੍ਹੀ ਖੜ੍ਹੇ ਹੁੰਦੇ ਹਨ। ਬੇਸ਼ੱਕ ਅਮੀਰਤਰੀਨ ਤੇ ਬੇਤਹਾਸ਼ਾ ਪੈਸੇ ਵਾਲੇ ਲੋਕ ਆਪਣੀ ਮਤਲਬਪ੍ਰਸਤੀ ਲਈ ਮਾਇਆ ਦੇ ਵੱਡੇ-ਵੱਡੇ ਬੋਰੇ ਵੀ ਸਿਆਸੀ ਦਰਬਾਰਾਂ ਦੀ ਨਜ਼ਰ ਕਰ ਰਹੇ ਹੁੰਦੇ ਹਨ। ਬਹਿਰਹਾਲ, ਦੋਨੋਂ ਪਾਸਿਉਂ 'ਗੁਰੂ ਚੇਲਾ ਲਾਲਚੀ ਤੇ ਦੋਵੇਂ ਖੇਡਣ ਦਾਅ' ਵਾਲੀ ਖੇਡ ਬਣੀ ਹੁੰਦੀ ਹੈ। ਇਸ ਸਬੰਧ ਵਿਚ ਖ਼ਾਸ ਕਰਕੇ ਹੁਣ ਤਕਰੀਬਨ ਸਾਰੀਆਂ ਹੀ ਚੋਣਾਂ ਸਮੇਂ ਇਕ-ਦੂਜੀ ਧਿਰ ਨੂੰ ਕੀਲ੍ਹਣ ਤੇ ਮੰਤਰ ਮੁਗਧ ਕਰਨ ਦੀ ਖੇਡ ਕਿਸੇ ਨਾ ਕਿਸੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਰਹਿੰਦੀ ਹੈ।

ਇਸ ਸੰਦਰਭ ਵਿਚ ਫਿਰ ਸਿਰੇ ਦੀ ਖਰ੍ਹੀ ਗੱਲ ਤਾਂ ਇਹ ਹੈ ਕਿ ਅਸੀਂ ਤਾਂ ਕਿਉਂਕਿ ਆਪਣੇ ਆਪ ਨੂੰ ਹੀ ਸੱਚੇ ਨਹੀਂ ਹਾਂ ਅਤੇ ਹੋਰ ਤਾਂ ਹੋਰ ਅਸੀਂ ਤਾਂ ਆਪਣੇ ਗੁਰੂ ਨੂੰ ਵੀ ਸੱਚੇ ਨਹੀਂ ਹਾਂ। ਇਸ ਲਈ ਫਿਰ ਤੁਸੀਂ ਆਪ ਹੀ ਸੋਚੋ ਕਿ ਅਸੀਂ ਤੁਹਾਡੇ ਲਈ ਕਿਵੇਂ ਸੱਚ-ਪੁੱਤਰ ਬਣ ਸਕਦੇ ਹਾਂ। ਇਸ ਵਾਸਤੇ ਤੁਸੀਂ ਬੇਮਤਲਬ ਹੀ ਬੇਗੁਰਿਆਂ ਤੋਂ ਗੁਰੂ ਨਾ ਭਾਲੋ। ਬਸ ਮੁੱਕਦੀ ਗੱਲ ਕਿ ਤੁਸੀਂ ਸਾਥੋਂ ਕੁੱਝ ਨਾ ਭਾਲੋ ਤੇ ਨਾ ਹੀ ਸਾਥੋਂ ਕੋਈ ਬਹੁਤਾ ਮੰਗਣ-ਪਿੰਨਣ ਕਰੋ। ਇਸ ਵਾਸਤੇ ਜ਼ਮੀਨੀ ਪੱਧਰ ਦੀ ਸੱਚਾਈ ਤਾਂ ਇਹ ਹੈ ਕਿ ਤੁਸੀਂ ਸਾਥੋਂ ਕੋਈ ਬਹੁਤੀਆਂ ਵੱਡੀਆਂ ਆਸਾਂ-ਉਮੀਦਾਂ ਹੀ ਨਾ ਰੱਖੋ।

ਖ਼ੈਰ! ਇਸ ਪ੍ਰਸੰਗ ਵਿਚ ਹੁਣ ਇਕ ਤਾਂ ਨਿੱਕੀ ਜਿਹੀ ਤਸੱਲੀ ਵਾਲੀ ਗੱਲ ਇਹ ਹੋ ਗਈ ਹੈ ਕਿ ਬਾਹਰ ਗਏ ਸਾਡੇ ਬਹੁਤੇ ਪੰਜਾਬੀ ਵੀਰ ਵੀ ਹੁਣ ਤੱਕ ਸਾਡੀ ਦੋਗਲੀ-ਦੁਵੱਲੀ ਨੀਅਤ ਤੇ ਖ਼ਾਸ ਕਰਕੇ ਸਿਆਸੀ ਬਦਨੀਤੀ ਨੂੰ ਬਾਖ਼ੂਬੀ ਸਮਝਣ ਲਗ ਪਏ ਹਨ। ਪਰ ਇਸ ਦੇ ਬਾਵਜੂਦ ਵੀ ਪ੍ਰਵਾਸੀ ਵੀਰਾਂ ਨੂੰ ਹੋਰ ਵੀ ਡਰ-ਡੁੱਕਰ ਰਹਿਤ ਹੋ ਕੇ ਚੌਕਸ ਹੋਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੀ ਕਰੜੀ ਮਿਹਨਤ ਤੇ ਖ਼ੂਨ-ਪਸੀਨੇ ਦੀ ਕਮਾਈ ਕਿਤੇ ਸਾਡੇ ਢੋਲ-ਢਿੱਡਾਂ ਦੇ ਖਲ੍ਹੀਂ-ਖੂੰਜੀਂ ਹੀ ਨਾ ਵੜ ਜਾਵੇ। ਇਸ ਪ੍ਰਥਾਇ ਉਨ੍ਹਾਂ ਨੂੰ ਸਾਡੇ ਇਕ ਪੁਰਾਣੇ ਲੋਕ ਗੀਤ ਪਿਛੇ ਛੁਪੀ ਹੋਈ ਲੋਕ ਸਿਆਣਪ 'ਨਹੀਓਂ ਲੱਭਣੇ ਲਾਲ ਗੁਆਚੇ ਮਿੱਟੀ ਨਾ ਫਰੋਲ ਜੋਗੀਆ' ਅਨੁਸਾਰ ਜਾਗਰੂਕ ਹੋਣ ਦੀ ਲੋੜ ਹੈ। ਇਸ ਵਾਸਤੇ ਪ੍ਰਵਾਸੀ ਸੱਜਣੋਂ ਹੁਣ ਤੁਸੀਂ ਬੱਸ ਅਵਾਜ਼ੇ-ਏ-ਖਲਕ ਸੁਣੋ ਅਤੇ ਤੁਸੀਂ ਆਪਣੀ ਜ਼ਮੀਰ ਦੇ ਮੁਤਾਬਿਕ ਪੰਜਾਬ ਦੇ ਹਿੱਤ ਵਿਚ ਖ਼ੁਦ ਫੈਸਲੇ ਕਰੋ।

ਪਰ ਹਾਂ, ਜੇ ਤੁਸੀਂ ਤੁਹਾਡੀਆਂ ਆਪਣੀਆਂ ਧਰਾਤਲੀ ਮਜਬੂਰੀਆਂ ਕਰਕੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੇ ਨਾਲ ਇਕ ਤਰਫ਼ਾ ਪਿਆਰ ਤੇ ਰਸਮੇ-ਵਫ਼ਾ ਨਿਭਾਉਣੀ ਹੈ ਤਾਂ ਬੱਸ ਸਾਨੂੰ ਆਪਣੀ ਕਰੜੀ ਮਿਹਨਤ ਦੀ ਕਮਾਈ ਦਾ ਦਸਵੰਧ ਆਉਂਦੇ-ਜਾਂਦੇ ਦੇਈ ਚੱਲਿਉ। ਬਸ ਇਉਂ ਸਾਡੀ 'ਲੇਪੋ ਜੀ' ਵਾਲੀ ਤੇ ਤੁਹਾਡੀ 'ਦੇਪੋ ਜੀ' ਵਾਲੀ ਲਿਹਾਜ਼ ਵੀ ਨਿਭਦੀ ਰਹੇਗੀ ਅਤੇ ਸਾਡਾ ਤੁਹਾਡਾ ਸਭ ਦਾ 'ਰਾਂਝਾ' ਵੀ ਰਾਜ਼ੀ ਰਹੇਗਾ। ਬਹਿਰਹਾਲ, ਸਾਡੇ ਆਪਣੇ ਹੀ ਲਾਣਿਆਂ ਦੇ ਇਉਂ ਜਿਹੇ ਦੇ ਬਣ ਚੁੱਕੇ ਤਾਣਿਆਂ-ਬਾਣਿਆਂ ਵਿਚ ਬੱਸ ਰੱਬ ਹੀ ਸਾਡੀਆਂ ਨੀਅਤਾਂ ਤੇ ਨੀਤੀਆਂ ਦਾ ਨਿਗਾਹਬਾਨ ਥੀਵੇ।

ਖ਼ੈਰ! ਹਾਸੇ-ਹਾਸੇ ਵਿਚ ਰਮਜ਼ਾਂ ਤੇ ਤਨਜ਼ਾਂ ਦੀ ਗੱਲ ਹੁਣ ਇਕ ਪਾਸੇ ਰਹੀ, ਸਗੋਂ ਹੁਣ ਇਸ ਪੱਖੋਂ ਗੰਭੀਰਤਾ ਨਾਲ ਸੋਚਣ ਤੇ ਸਮਝਣ ਦੀ ਲੋੜ ਹੈ। ਸਾਡੀ ਸਰਕਾਰ ਤੇ ਪ੍ਰਵਾਸੀ ਵੀਰਾਂ ਨੂੰ ਦੁਵੱਲਿਉਂ ਹੀ ਹੋਰ ਵੀ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ ਕਿ ਅੱਜ ਪੰਜਾਬੀਆਂ ਦੀ ਰੂਹ ਵਿਚ ਪਿਆਰ ਦੀਆਂ ਤੰਦਾਂ ਮੁੜ ਤੋਂ ਮਜ਼ਬੂਤ ਕਰਨ ਦੀ ਬੇਹੱਦ ਜ਼ਰੂਰਤ ਹੈ। ਨਿਰਸੰਦੇਹ ਸਾਡੇ ਪੰਜਾਬੀ ਸਮਾਜ ਵਿਚ ਆਪਸੀ ਸਾਂਝਾਂ ਦੇ ਪ੍ਰਸੰਗ ਵਿਚ ਇਕ ਸਾਹਿਤਕ ਸਾਂਝ ਦੀ ਵੀ ਕਣੀ ਹੁੰਦੀ ਸੀ। ਪੰਜਾਬੀ ਜੀਵਨ ਵਿਚ ਸ਼ੁਰੂ ਤੋਂ ਹੀ ਕਿੱਸੇ-ਕਹਾਣੀਆਂ ਤੇ ਸਾਹਿਤਕ ਮੱਸ ਹੁੰਦਾ ਸੀ। ਪਰ ਹੁਣ ਇਹ ਤੰਦਾਂ ਟੁੱਟ ਰਹੀਆਂ ਹਨ ਤੇ ਇਕ ਵਾਰ ਫਿਰ ਸਾਨੂੰ ਨਾਨਕ ਸਿੰਘ, ਭਾਈ ਵੀਰ ਸਿੰਘ, ਬਲਰਾਜ ਸਾਹਨੀ, ਮਹਿੰਦਰ ਸਿੰਘ ਰੰਧਾਵਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੰਤੋਖ ਸਿੰਘ ਧੀਰ ਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਸਭਿਆਚਾਰ ਦੇ ਅਲੰਬਰਦਾਰਾਂ ਦੀ ਤੋਟ ਰੜਕ ਰਹੀ ਹੈ।

ਅਜ ਸਾਡੇ ਸਮੁੱਚੇ ਸਮਾਜ ਨੂੰ ਦੇਸ਼ਾਂ-ਵਿਦੇਸ਼ਾਂ ਤਕ ਸਾਹਿਤ ਪਿਤਾਮਾ ਜਸਵੰਤ ਸਿੰਘ ਕੰਵਲ ਤੇ ਪ੍ਰੋ: ਗੁਰਦਿਆਲ ਸਿੰਘ ਜਿਹੇ ਨੇਕਬਖ਼ਤ ਸਾਹਿਤਕਾਰਾਂ ਨਾਲ ਜੁੜਨ ਦੀ ਲੋੜ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬੀ ਸਭਿਆਚਾਰ ਤੇ ਖੇਡਾਂ ਦੇ ਪਿੜ ਵਿਚ ਜਸਦੇਵ ਸਿੰਘ ਜੱਸੋਵਾਲ, ਪ੍ਰਿੰਸੀਪਲ ਸਰਵਣ ਸਿੰਘ, ਕਿਲ੍ਹਾ ਰਾਏਪੁਰ ਦੇ ਗਰੇਵਾਲ ਅਤੇ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਜਿਹੇ ਸਭਿਆਚਾਰ ਪ੍ਰੇਮੀਆਂ ਨੇ ਪੰਜਾਬੀਆਂ ਨੂੰ ਫਿਰ ਤੋਂ ਸਭਿਆਚਾਰ ਦੇ ਇਕ ਸਾਂਝੇ ਮੰਚ 'ਤੇ ਇਕੱਠੇ ਕਰਨ ਦੀ ਸ਼ਲਾਘਾਯੋਗ ਕੋਸ਼ਿਸ਼ ਕੀਤੀ ਹੈ। ਜ਼ਿਕਰਯੋਗ ਹੈ ਕਿ ਜੱਸੋਵਾਲ ਨੇ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਨੰਗੇ-ਧੜ ਪੰਜਾਬੀ ਗਾਇਕੀ ਨੂੰ ਲਗਦੀ ਵਾਹ ਠੁੰਮਣਾ ਦਿੱਤਾ ਹੈ।

ਇਉਂ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਪਿਛਲੇ ਪੰਜਾਹ ਸਾਲ ਤੋਂ ਖੇਡ ਤੇ ਖਿਡਾਰੀਆਂ ਦੀ ਜੋ ਪੁੱਛ ਪ੍ਰਤੀਤ ਆਪਣੀਆਂ ਕਿਤਾਬਾਂ ਦੁਆਰਾ ਕੀਤੀ ਹੈ ਉਹ ਕਾਬਿਲੇ-ਤਾਰੀਫ਼ ਹੈ। ਬੇਸ਼ੱਕ ਖੇਡਾਂ ਤੇ ਖਿਡਾਰੀਆਂ ਦੇ ਵਿਸ਼ੇ 'ਤੇ ਹੋਰ ਵੀ ਕਈ ਲੇਖਕ ਹਨ, ਪਰ ਸਰਵਣ ਸਿੰਘ ਦਾ ਲਿਖਣ ਦਾ ਅੰਦਾਜ਼ ਤੇ ਉਸ ਦਾ ਪ੍ਰਭਾਵ ਨਿਰਾਲਾ ਹੀ ਹੈ। ਬਾਈ ਸਰਵਣ ਸਿੰਘ ਖੇਡਾਂ ਤੇ ਖਿਡਾਰੀਆਂ ਦਾ ਇੰਨਾ ਵਧੀਆ ਤੇ ਪੁਰਜੋਸ਼ ਚਿਤੇਰਾ ਹੈ ਕਿ ਉਹ ਤੁਹਾਨੂੰ ਖਿਡਾਰੀਆਂ ਦੇ ਰੂ-ਬ-ਰੂ ਕਰਕੇ ਸੱਚਮੁੱਚ ਹੀ ਉਨ੍ਹਾਂ ਨਾਲ ਖੇਡਣ ਲਾ ਦਿੰਦਾ ਹੈ। ਦੁਨੀਆਂ ਜਾਣਦੀ ਹੈ ਕਿ ਸਰਵਣ ਸਿੰਘ ਨੇ ਪੰਜਾਬ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਲੈ ਕੇ ਵਿਦੇਸ਼ਾਂ ਤਕ ਪੰਜਾਬੀ ਖਿਡਾਰੀਆਂ ਨੂੰ ਖਾਸ ਕਰਕੇ ਕਬੱਡੀ ਦੇ ਮੈਦਾਨਾਂ ਵਿਚ ਜੋੜਿਆ ਹੈ।

ਮੈਂ ਸਮਝਦਾ ਹਾਂ ਕਿ ਅੱਜ ਸਾਡੀ ਧਰਤੀ ਮਾਂ ਨੂੰ 'ਸਵਰਨ ਪੁੱਤਰਾਂ' ਭਾਵ ਸੋਨੇ ਦੇ ਮੈਡਲ ਜਿੱਤਣ ਵਾਲੇ ਸਪੂਤਾਂ ਦੀ ਲੋੜ ਤਾਂ ਹੈ ਹੀ; ਪਰ ਇਸ ਦੇ ਨਾਲ ਹੀ ਪੰਜਾਬ ਨੂੰ 'ਸਰਵਣ ਪੁੱਤਰਾਂ' ਦੀ ਲੋੜ ਇਸ ਤੋਂ ਵੀ ਵੱਧ ਹੈ। ਜ਼ਾਹਿਰ ਹੈ ਕਿ ਇਹ ਸਾਡੇ ਪੰਜਾਬੀ ਸਭਿਆਚਾਰ ਦੇ ਸੇਵਾਦਾਰ 'ਸਰਵਣ ਪੁੱਤਰ' ਜ਼ਰੂਰ ਹੀ ਇਕ ਦਿਨ ਪੰਜਾਬੀਅਤ ਦੇ 'ਸਵਰਨ' ਪੁੱਤਰ ਸਾਬਿਤ ਹੋਣਗੇ। ਇਸ ਪ੍ਰਸੰਗ ਵਿਚ ਜ਼ਾਹਿਰ ਹੈ ਕਿ ਸਾਨੂੰ ਹਰਦਮ ਪੰਜਾਬੀਅਤ ਦਾ ਸਵੈਮਾਣ ਹੋਣਾ ਚਾਹੀਦਾ ਹੈ ਤੇ ਇਸ ਵਾਸਤੇ ਸਾਨੂੰ ਪੰਜਾਬੀ ਹੋਣ ਦੇ ਸੰਕਲਪ ਨੂੰ ਵਿਸਥਾਰ ਦੇਣਾ ਚਾਹੀਦਾ ਹੈ। ਬੇਸ਼ੱਕ ਸਾਨੂੰ ਸਿਆਸੀ ਮਹੰਤ ਤਾਂ ਬਹੁਤ ਮਿਲੇ ਹਨ, ਪਰ ਪੰਜਾਬੀਅਤ ਦੇ ਉਹ ਸਰਪ੍ਰਸਤ ਨਹੀਂ ਮਿਲੇ ਕਿ ਜਿਹੜੇ ਪੰਜਾਬ ਦੀਆਂ ਸਭਿਆਚਾਰਕ ਸਾਂਝਾਂ ਦੀਆਂ ਤੰਦਾਂ ਦੇਸ਼-ਦੇਸ਼ਾਂਤਰਾਂ ਤੱਕ ਜੋੜ ਸਕਣ। ਇਸ ਵਾਸਤੇ ਅੱਜ ਪੰਜਾਬ ਨੂੰ ਖ਼ਾਸ ਕਰਕੇ ਸਭਿਆਚਾਰਕ, ਰਾਜਸੀ ਤੇ ਪ੍ਰਸ਼ਾਸਨਿਕ ਖੇਤਰਾਂ ਵਿਚ ਅਜਿਹੇ ਪੰਜਾਬ-ਸਨੇਹੀ ਸਪੂਤਾਂ ਦੀ ਲੋੜ ਹੈ ਕਿ ਜਿਹੜੇ ਫ਼ਿਰਕਿਆਂ ਵਿਚਲੇ ਜ਼ਹਿਰੀ ਘਮਸਾਣ ਦੇ ਬਾਵਜੂਦ ਵੀ ਆਪਣੀ ਤਾਲੀਮ ਤੇ ਵਿਰਾਟ ਅਨੁਭਵਾਂ ਦੇ ਆਧਾਰ 'ਤੇ ਪੰਜਾਬੀਅਤ ਦੇ ਸਵੈਮਾਣ ਨੂੰ ਪੁਨਰ-ਜਾਗ੍ਰਿਤ ਕਰਨ।

ਇਸ ਪ੍ਰਥਾਇ ਇਕ ਅਹਿਮ ਫ਼ਰਜ਼ ਪ੍ਰਵਾਸੀ ਵੀਰਾਂ 'ਤੇ ਵੀ ਆਇਦ ਹੁੰਦਾ ਹੈ ਕਿ ਭਾਵੇਂ ਉਹ ਕਿਤੇ ਵੀ ਬੈਠੇ ਹੋਣ, ਬਸ ਆਪਣਾ ਮੂਲ ਪਛਾਨਣ ਤੇ ਆਪਣੇ ਸੋਹਣੇ ਪੰਜਾਬ ਦੀ ਧਰਤੀ ਦੀ ਖ਼ੁਸ਼ਹਾਲੀ ਦੀ ਬਾਤ ਪਾਉਣ। ਬੇਸ਼ੱਕ ਸਾਡੇ ਪ੍ਰਵਾਸੀ ਕਿਤੇ ਕਿਸੇ ਸਮੇਂ ਮਨੁੱਖੀ ਹੋਣੀ ਦੀ ਖੇਡ ਦੇ ਤਹਿਤ 'ਤਕਦੀਰ ਤੇ ਤਦਬੀਰ' ਦੇ ਧੱਕੇ-ਧਕਾਏ ਦੂਰ-ਦਰਾਜ਼ ਦੇਸ਼ਾਂ ਵਿਚ ਚਲੇ ਗਏ ਹਨ; ਪਰ ਉਹ ਕਿਸੇ ਵੀ ਹਾਲਤ ਵਿਚ ਆਪਣੀ ਧਰਤੀ ਦਾ ਮੋਹ ਨਾ ਛੱਡਣ। ਪੰਜਾਬ ਨੂੰ ਮੌਜੂਦਾ ਹਾਲਾਤਾਂ ਵਿਚ ਸਚਮੁੱਚ ਹੀ ਅਜਿਹੇ ਪ੍ਰਵਾਸੀ ਸਪੂਤਾਂ ਦੀ ਲੋੜ ਹੈ ਕਿ ਜਿਹੜੇ ਭਾਵੇਂ ਆਪਣੀ ਮਿਹਨਤ, ਕਾਬਲੀਅਤ ਤੇ ਵਿਸ਼ਾਲ ਤਜ਼ਰਬੇ ਕਰਕੇ ਵਿਦੇਸ਼ੀ ਧਰਤੀਆਂ 'ਤੇ ਹੋਰ ਵੀ ਵਧਣ-ਫੁਲਣ, ਪਰ ਉਹ ਸਦਾ ਲਈ ਸੱਤ-ਬਿਗਾਨਿਆਂ ਤੇ ਪਰਾਇਆਂ ਦੇ ਹੀ ਨਾ ਬਣ ਕੇ ਰਹਿ ਜਾਣ।

ਇਸ ਵਾਸਤੇ ਪ੍ਰਵਾਸੀ ਵੀਰਾਂ-ਭੈਣਾਂ ਨੂੰ ਹੁਣ ਸਿਦਕ-ਦਿਲੀ ਨਾਲ ਪੰਜਾਬ ਵੱਲ ਤੱਕਣ ਦੀ ਲੋੜ ਦੇ ਨਾਲ-ਨਾਲ ਆਪਣੇ ਪੁਖਤਾ ਕਦਮਾਂ ਸਹਿਤ ਆਪਣੀਆਂ ਤਦਬੀਰਾਂ ਦੀਆਂ ਮੁਹਾਰਾਂ ਨੂੰ ਤਨੋਂ-ਮਨੋਂ ਇੱਧਰ ਮੋੜਨ ਦੀ ਵੀ ਜ਼ਰੂਰਤ ਹੈ। ਹੁਣ ਸਮੁੱਚੀ ਪੰਜਾਬੀ ਰਹਿਤਲ ਦਾ ਇਹ ਗਹਿਰ-ਗੰਭੀਰ ਮਸਲਾ ਬਹੁਤ ਹੀ ਚਿੰਤਾ ਤੇ ਚੇਤਨਾ ਭਰਪੂਰ ਵਿਸ਼ਾ ਬਣ ਚੁੱਕਾ ਹੈ, ਸਾਨੂੰ ਇਸ ਸਬੰਧੀ ਤੁਰੰਤ ਹੀ ਜਾਗਰੂਕ ਤੇ ਕਿਰਿਆਸ਼ੀਲ ਹੋਣ ਦੀ ਲੋੜ ਹੈ।

ਮੇਰੀ ਜਾਚੇ ਸਾਡੇ ਘਰੋਂ-ਬੇਘਰ ਹੋਏ ਪ੍ਰਵਾਸੀਆਂ ਦੀ ਇਹ ਸਮੱਸਿਆ ਉਪਰੋਂ-ਉਪਰੀ ਤਾਂ ਬੜੀ ਸਧਾਰਨ ਲਗ ਸਕਦੀ ਹੈ, ਪਰ ਧੁਰ ਅੰਦਰੋਂ ਇਹ ਸਾਡੀ ਚੇਤਨਾ ਨੂੰ ਵਲੂੰਧਰ ਰਹੀ ਹੈ। ਇਹ ਸਭਿਆਚਾਰਕ ਤੇ ਸਮਾਜਿਕ ਸਮੱਸਿਆ ਸਿਰਫ਼ ਇਕੱਲੇ ਪ੍ਰਵਾਸੀ ਭਰਾਵਾਂ ਜਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਇਧਰ ਵਸਦੇ ਪੰਜਾਬੀਆਂ ਦੀ ਹੀ ਨਹੀਂ ਹੈ, ਸਗੋਂ ਇਹ ਅੜਾਉਣੀ ਪੰਜਾਬ ਸਰਕਾਰ ਲਈ ਵੀ ਇਕ ਵੱਡੀ ਚੁਣੌਤੀ ਹੈ। ਇਹ ਮਸਲਾ ਕਿਉਂਕਿ ਸਿੱਧੇ ਤੌਰ 'ਤੇ ਸਾਡੀ ਸੰਸਕ੍ਰਿਤੀ ਤੇ ਸਭਿਆਚਾਰ ਨਾਲ ਵੀ ਜੁੜਿਆ ਹੋਇਆ ਹੈ। ਇਸ ਵਾਸਤੇ ਇਸ ਮਸਲੇ ਨੂੰ ਨਜਿੱਠਣ ਲਈ ਸਾਡੀਆਂ ਸਰਪ੍ਰਸਤ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਨੂੰ ਵੀ ਤੁਰੰਤ ਸੰਭਲਣ ਦੀ ਲੋੜ ਹੈ।

ਇਸ ਪ੍ਰਥਾਇ ਸਾਡੇ ਸਮੁੱਚੇ ਸਮਾਜ ਤੇ ਖ਼ਾਸ ਕਰਕੇ ਸਾਡੀਆਂ ਸਰਕਾਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਬੇਸ਼ੱਕ ਆਰਥਿਕ ਤੇ ਹੋਰ ਸਮਾਜਿਕ ਮੰਗਾਂ ਦੇ ਹੱਲ ਤਾਂ ਹੋ ਜਾਣਗੇ, ਪਰ ਜੇ ਸਭਿਆਚਾਰਕ ਪੱਖੋਂ ਪੰਜਾਬੀਅਤ ਹੀ ਦੂਰ-ਦਰਾਜ਼ ਵਿਦੇਸ਼ਾਂ ਵਿਚ ਖਿਲਰ-ਬਿਖਰ ਕੇ ਗੁਆਚ ਗਈ ਤਾਂ ਸਾਡੇ ਆਰਥਿਕ ਲਾਭਾਂ ਲਈ ਕੀਤੇ ਯਤਨ-ਪ੍ਰਯਤਨ ਵੀ ਬੇਕਾਰ ਹੋ ਜਾਣਗੇ। ਇਸ ਸਾਰੇ ਸੰਦਰਭ ਵਿਚ ਅੱਜ ਸਮੇਂ ਦੀ ਇਕ ਵੱਡੀ ਮੰਗ ਇਹ ਵੀ ਹੈ ਕਿ ਪੰਜਾਬ ਨੂੰ ਸੱਚੇ-ਸੁੱਚੇ ਤੇ ਖ਼ਰ੍ਹੇ ਅਲੰਬਰਦਾਰਾਂ ਤੇ ਸਾਡੇ ਸਭਿਆਚਾਰ ਦੇ ਪ੍ਰੇਮੀਆਂ ਦੀ ਲੋੜ ਹੈ, ਜੋ ਕਿ ਪੰਜਾਬੀ ਹੋਣ ਦੇ ਸੰਕਲਪ ਨੂੰ ਵਿਸਥਾਰ ਦੇ ਕੇ ਆਪਣੇ ਲੋਕਾਂ ਵਿਚ ਪੰਜਾਬੀਅਤ ਦਾ ਸਵੈਮਾਣ ਪੈਦਾ ਕਰ ਸਕਣ।

ਅਜ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਨੂੰ ਕਿਸੇ ਨੂੰ ਵੀ ਆਪਣੇ ਪੰਜਾਬੀ ਹੋਣ ਦਾ ਪਹਿਲਾਂ ਵਾਲਾ ਮਾਣ-ਸਵੈਮਾਣ ਨਹੀਂ ਰਹਿ ਗਿਆ। ਇਉਂ ਹੀ ਪ੍ਰਵਾਸੀ ਵੀਰਾਂ ਨੂੰ ਆਪਣੀ ਸੰਵੇਦਨਾ ਦੇ ਕਲਾਵੇ ਜਾਂ ਬੁੱਕਲ ਵਿਚ ਲੈਣ ਦਾ ਹਾਲੇ ਤਕ ਵੀ ਸਾਡੇ ਵਿਚ ਅਹਿਸਾਸ ਹੀ ਪੈਦਾ ਨਹੀਂ ਹੋਇਆ। ਇਸ ਵਾਸਤੇ ਹੁਣ ਇਸ ਗੱਲ ਦੀ ਬੜੀ ਲੋੜ ਹੈ ਕਿ ਸਾਡੀ ਪੰਜਾਬੀ ਮਾਂ-ਬੋਲੀ ਤੇ ਪੰਜਾਬੀ ਸਭਿਆਚਾਰ ਦੇ ਇਨ੍ਹਾਂ ਪ੍ਰਵਾਸੀ ਸਪੂਤਾਂ ਨੂੰ ਅਸੀਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਸੰਦਰਭ ਵਿਚ ਕੋਈ ਨਵੇਂ ਮਾਇਨੇਖ਼ੇਜ਼ ਤੇ ਮਾਅਰਕਾਖ਼ੇਜ਼ ਅਰਥ ਦੇਈਏ। ਪਰ ਅਫ਼ਸੋਸ ਹੈ ਕਿ ਹਾਲ ਦੀ ਘੜੀ ਤਾਂ ਸਾਡੀਆਂ ਸਰਕਾਰਾਂ ਕੋਲ ਉਨ੍ਹਾਂ ਦੇ ਮਸਲਿਆਂ ਨੂੰ ਮਨੁੱਖੀ ਦਰਦ ਤੇ ਸੰਵੇਦਨਾ ਨਾਲ ਨਜਿੱਠਣ ਲਈ ਦ੍ਰਿੜ ਇੱਛਾ ਸ਼ਕਤੀ ਤੇ ਦਿਲੀ-ਤਮੰਨਾ 'ਤੇ ਅਧਾਰਿਤ ਕੋਈ ਠੋਸ ਤੇ ਨਿੱਗਰ ਨੀਤੀ ਹੀ ਨਹੀਂ ਹੈ। ਜਦੋਂ ਕਿ ਅਜਿਹੀ ਨੀਤੀ ਦੀ ਅਜ ਅਜ਼ਹੱਦ ਜ਼ਰੂਰਤ ਹੈ।

ਮੁੱਕਦੀ ਗੱਲ! ਅਜ ਇਸ ਸੰਦਰਭ ਵਿਚ ਸਾਨੂੰ ਸਭ ਨੂੰ ਹੀ ਸੋਚਣ ਦੀ ਲੋੜ ਹੈ ਤੇ ਕਿ ਅਸੀਂ ਆਪਣੇ ਦੇਸ਼ ਦੇ ਇਸ ਵਡਮੁੱਲੇ ਸਰਮਾਏ ਨੂੰ ਸਾਂਭ-ਸੰਭਾਲ ਲਈਏ, ਜਿਹੜਾ ਕਿ ਬਾਹਰਲੇ ਮੁਲਕਾਂ ਵਿਚ ਸਾਡੇ ਪ੍ਰਵਾਸੀ ਵੀਰਾਂ ਤੇ ਖ਼ਾਸ ਕਰਕੇ ਸਾਡੇ ਪੰਜਾਬੀ ਨੌਜਵਾਨਾਂ ਦੇ ਰੂਪ ਵਿਚ ਖਿੰਡਿਆ ਪਿਆ ਹੈ। ਇਸ ਲਈ ਸਾਡੀਆਂ ਸਰਕਾਰਾਂ ਤੇ ਸੰਸਥਾਵਾਂ ਨੂੰ ਤੁਰੰਤ ਹੀ ਸਮੇਂ-ਬੱਧ ਤਰੀਕੇ ਨਾਲ ਯਤਨਸ਼ੀਲ ਹੋਣ ਦੀ ਬੇਇੰਤਹਾ ਜ਼ਰੂਰਤ ਹੈ। ਖ਼ਾਸ ਕਰਕੇ ਪੰਜਾਬੀ ਸਭਿਆਚਾਰ ਦੀ ਅਲੰਬਰਦਾਰ ਸਾਡੀ ਪੰਜਾਬ ਸਰਕਾਰ ਨੂੰ ਹੁਣ ਪੰਜਾਬ ਦੇ ਪ੍ਰਵਾਸੀ ਵੀਰਾਂ ਸਬੰਧੀ ਕੋਈ ਠੋਸ ਨੀਤੀ ਬਣਾਉਣ ਤੇ ਉਸ ਨੂੰ ਸਹੀ ਪਰਿਪੇਖ ਵਿਚ ਲਿਆ ਕੇ ਤਨੋਂ-ਮਨੋਂ ਲਾਗੂ ਕਰਨ ਦੀ ਬੇਹੱਦ ਲੋੜ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਵਤਨ ਕੀ ਆਬਰੂ ਖ਼ਤਰੇ ਮੇਂ ਹੈ ਤਿਆਰ ਹੋ ਜਾਉ

ਕੋਈ ਵੀ ਸਮਾਜ ਇਕ ਖਿੱਤੇ ਵਿਚ ਰਹਿੰਦੇ ਮਰਦ-ਔਰਤਾਂ ਦੇ ਕਈ ਵਰਗਾਂ ਦਾ ਸਮੂਹ ਹੁੰਦਾ ਹੈ, ਜੋ ਕਿ ਵੱਖ-ਵੱਖ ਕਿੱਤਿਆਂ ਦੇ ਧਾਰਨੀ ਹੁੰਦੇ ਹਨ। ਸਮਾਜ ਦੇ ਇਸ ਜਨਸਮੂਹ ਵਿਚ ਕਿਰਸਾਣ, ਸੈਨਿਕ, ਸਨਅਤਕਾਰ, ਸਿਆਸਤਦਾਨ, ਵਪਾਰੀ, ਬੁੱਧੀਜੀਵੀ, ਨੌਜਵਾਨ ਤੇ ਹੋਰ ਕਿੰਨੇ ਹੀ ਕਿੱਤਾ ਮੁਖੀ ਵਰਗ ਨੁਮਾਇਆ ਹੁੰਦੇ ਹਨ। ਇਹ ਸਾਰੇ ਵਰਗ ਇਕ ਸਮਾਜ ਵਿਚ ਰੋਟੀ-ਰੋਜ਼ੀ ਤੇ ਗੁਜ਼ਰ-ਬਸਰ ਵਾਸਤੇ ਮਿਹਨਤ ਮੁਸ਼ੱਕਤ ਕਰਦੇ ਹਨ। ਫਿਰ ਕੁਦਰਤ ਵਿਚ ਘਾਟੇ-ਵਾਧੇ ਦੇ ਨਿਯਮ ਅਨੁਸਾਰ ਜਦੋਂ ਸਮਾਜ ਵਿਚ ਉਚ-ਨੀਚ ਤੇ ਛੋਟੇ-ਵੱਡੇ ਦੇ ਸਵਾਲ ਪੈਦਾ ਹੁੰਦੇ ਹਨ ਤਾਂ ਸਮਾਜ ਵਿਚ ਅਕਸਰ ਹੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਉਥਲ-ਪੁਥਲ ਹੁੰਦੀ ਹੈ। ਜ਼ਾਹਿਰ ਹੈ ਕਿ ਇਸ ਨਾ-ਬਰਾਬਰੀ ਤੇ ਸ਼ੋਸ਼ਣ ਦੇ ਕਾਰਨ ਕਿਸੇ ਵੀ ਸਮਾਜ ਵਿਚ ਮਿਲਣ ਵਾਲੀਆਂ ਸੁੱਖ-ਸਹੂਲਤਾਂ ਦਾ ਪਲੜਾ ਬਸ ਉਲਾਰ ਜਿਹਾ ਹੋ ਕੇ ਆਖ਼ਿਰ ਨੂੰ ਕੁਝ ਖਾਸ ਵਰਗਾਂ ਵੱਲ ਝੁਕ ਜਾਂਦਾ ਹੈ।

ਇਸ ਤਰ੍ਹਾਂ ਦੇ ਅਸਾਵੇਂਪਣ ਨਾਲ ਸਾਡੇ ਸਮਾਜਿਕ ਤੇ ਆਰਥਿਕ ਢਾਂਚੇ ਵਿਚ ਉਪਰੋ-ਥੱਲੀ ਆ ਜਾਂਦੀ ਹੈ। ਇਸ ਪ੍ਰਸੰਗ ਵਿਚ ਅਜ ਇਥੇ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕਰਨੀ ਬਣਦੀ ਹੈ ਜਿਹੜੇ ਕਿ 'ਜੁਆਨੀ ਪਹਿਰੇ' ਦੇ ਸਮੇਂ ਆਪਣੇ ਸੇਵਾ ਕਾਲ ਵਿਚ ਸਮਾਜ ਨੂੰ ਬਹੁਤ ਕੁਝ ਦਿੰਦੇ ਹਨ, ਪਰ ਬਾਅਦ ਵਿਚ ਖ਼ਾਸ ਤੌਰ 'ਤੇ ਸੇਵਾਮੁਕਤੀ ਉਪਰੰਤ ਆਪਣੇ ਹੀ ਕਥਿਤ ਸਿਆਸੀ ਰਹਿਨੁਮਾਵਾਂ, ਪ੍ਰਸ਼ਾਸਨ ਦੇ ਅਖੌਤੀ ਪ੍ਰਸ਼ਾਸਕੀ ਸੇਵਾਦਾਰਾਂ ਤੇ ਫਿਰ ਆਪਣੇ ਹੀ ਬੇਲਿਹਾਜ਼ ਅੰਗ-ਸਾਕਾਂ ਦੇ ਬੇਮੁਰਵੱਤ ਵਤੀਰੇ ਤੇ ਬੇਕਦਰੀ ਦਾ ਸ਼ਿਕਾਰ ਬਣ ਜਾਂਦੇ ਹਨ। ਇਸ ਸ਼੍ਰੇਣੀ ਵਿਚ ਨੁਮਾਇਆਂ ਤੌਰ 'ਤੇ ਫੌਜੀ, ਪ੍ਰਵਾਸੀ ਭਾਰਤੀ ਤੇ ਪੈਨਸ਼ਨਰ ਆਉਂਦੇ ਹਨ।

ਸਮਾਜ ਦੇ ਇਹ ਤਿੰਨੋਂ ਵਰਗ ਆਮ ਲੋਕਾਂ ਨਾਲੋਂ ਹੱਟ ਕੇ ਆਪਣੀ ਜਵਾਨੀ ਦੀ ਉਮਰ ਵਿਚ ਕੁਝ ਨਾ ਕੁਝ ਮਹੱਤਵਪੂਰਨ ਯੋਗਦਾਨ ਆਪਣੇ ਸਮਾਜ ਲਈ ਦਿੰਦੇ ਹਨ। ਪਰ ਉਮਰ ਵਿਹਾਅ ਕੇ ਇਨ੍ਹਾਂ ਦੀ ਹਾਲਤ ਉਸ ਖ਼ਰਗੋਸ਼ ਨਾਲ ਜਾ ਮਿਲਦੀ ਹੈ, ਜਿਸ ਨੂੰ ਕਿ ਉਸਦੇ ਭੋਲੇਪਣ ਦੇ ਕਾਰਨ ਜੱਟ ਛਿੱਤਰ ਨਾਲ ਹੀ ਕੁੱਟ ਲੈਂਦਾ ਹੈ। ਉਸ ਤਰ੍ਹਾਂ ਹੀ ਸਾਡਾ ਆਪਣਾ ਹੀ ਸਮਾਜ ਇਨ੍ਹਾਂ ਵਰਗਾਂ ਦੇ ਵਿਅਕਤੀਆਂ ਪ੍ਰਤੀ ਅਹਿਸਾਨਮੰਦੀ ਦੀ ਭਾਵਨਾ ਨੂੰ ਭੁੱਲ ਕੇ ਇਨ੍ਹਾਂ ਦੀ ਲਗਦੀ ਵਾਹ ਦੁਰਗੱਤ ਕਰਦਾ ਰਹਿੰਦਾ ਹੈ। ਅਜੋਕੇ ਸਮੇਂ ਵਿਚ ਇਹ ਭਲੇਮਾਣਸ ਤੇ ਕਲਿਆਣਕਾਰੀ ਲੋਕ ਜੁੱਤੀ



*Original with;*
Kulbir Singh Sidhu(I.A.S)
*Digitized by;*
Panjab Digital Library

ਨਾਲ ਕੁੱਟੀ ਭੋਲੀ ਘੁੱਗੀ ਵਾਂਗੂ ਸਾਡੇ ਵਲੋਂ ਕੀਤੇ ਸਮਾਜਿਕ ਸ਼ੋਸ਼ਣ ਦਾ ਸੌਖਾ ਸ਼ਿਕਾਰ ਬਣ ਰਹੇ ਹਨ।

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਸਾਡੇ ਫੌਜੀ-ਜਵਾਨ ਆਪਣਾ ਜੀਵਨ ਦੇਸ਼ ਤੇ ਕੌਮ ਦੀ ਰੱਖਿਆ ਨੂੰ ਸਮਰਪਿਤ ਕਰ ਦਿੰਦੇ ਹਨ। ਇਥੋਂ ਤੱਕ ਕਿ ਬਹੁਤੇ ਜਾਂਬਾਜ਼ ਫੌਜੀ ਤਾਂ ਆਪਣੀ ਜਾਨ ਵੀ ਨਿਛਾਵਰ ਕਰਕੇ ਆਪਣਾ ਸੁਨਹਿਰਾ ਵਰਤਮਾਨ ਸਾਡੇ ਸੋਹਣੇ ਵਰਤਮਾਨ ਤੇ ਭਵਿੱਖ ਵਾਸਤੇ ਵਾਰ ਦਿੰਦੇ ਹਨ। ਪਰ ਸਿਤਮ ਦੀ ਗੱਲ ਇਹ ਹੈ ਕਿ ਫੌਜੀ ਨੌਕਰੀ ਦੇ ਦੌਰਾਨ ਤੇ ਫਿਰ ਨੌਕਰੀ ਤੋਂ ਬਾਅਦ ਆਪਣੇ ਹੀ ਸ਼ਰੀਕੇ ਕਬੀਲੇ ਦੇ ਹੱਥੋਂ ਬੇਕਦਰੀ ਤੇ ਬੇਇੱਜ਼ਤੀ ਦੀ ਮਾਰ ਝੱਲਦੇ ਹਨ। ਜਦੋਂ ਕਿ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਹਰ ਫੌਜੀ ਨੇ ਦੇਸ਼ ਤੇ ਕੌਮ ਦੀ ਇੱਜ਼ਤ-ਓ-ਇਕਬਾਲ ਲਈ ਸਿਰ-ਧੜ ਦੀ ਬਾਜ਼ੀ ਲਾਈ ਹੁੰਦੀ ਹੈ। ਫਿਰ ਫੌਜੀ ਸਾਡੇ ਲਈ ਹੀ ਲੜੇ-ਮਰੇ ਹੁੰਦੇ ਹਨ ਤੇ ਰਿਟਾਇਰਮੈਂਟ ਤੋਂ ਬਾਅਦ ਵੀ ਉਹ ਸਾਥੋਂ ਤੇ ਸਾਡੇ ਸਮਾਜ ਤੋਂ ਜੇ ਕੁਝ ਮੰਗਦੇ ਹਨ ਤਾਂ ਉਹ ਸਿਰਫ ਇੱਜ਼ਤ-ਓ-ਇਕਬਾਲ ਹੀ ਹੈ, ਪਰ ਸਿਤਮ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਇੰਨਾ ਵੀ ਮਾਣ ਨਹੀਂ ਦਿੰਦੇ।

ਸਾਡੇ ਮੁਲਕ ਵਿਚ ਫੌਜੀਆਂ ਦੀ ਇਕ ਵੱਡੀ ਤਰਾਸਦੀ ਇਹ ਹੈ ਕਿ ਤ ਕਰੀਬਨ-ਤਕਰੀਬਨ ਅਨੁਸ਼ਾਸਨਹੀਣ ਕੌਮ ਵਿਚੋਂ ਥੋੜ੍ਹੇ ਸਮੇਂ ਲਈ 'ਲੋੜ ਕਾਢ ਦੀ ਮਾਂ ਹੈ' ਦੀ ਸਿਆਣਪ ਦੇ ਤਹਿਤ ਇਨ੍ਹਾਂ ਨੂੰ ਅਨੁਸ਼ਾਸਨ ਸਿਖਾ-ਪੜ੍ਹਾ ਦਿੱਤਾ ਜਾਂਦਾ ਹੈ। ਫਿਰ ਆਰਮੀ ਸਰਵਿਸ ਤੋਂ ਬਾਅਦ ਸਮਾਜਿਕ ਤੌਰ 'ਤੇ ਇਨ੍ਹਾਂ ਦਾ ਵਾਹ-ਵਾਸਤਾ ਦੁਬਾਰਾ ਤੋਂ ਅਨੁਸ਼ਾਸਨਹੀਣ ਸਮਾਜ ਤੇ ਖ਼ਾਸ ਕਰਕੇ 'ਕਥਿਤ ਲੋਕ ਸੇਵਾ' ਦੇ ਦਫਤਰਾਂ ਨਾਲ ਪੁਆ ਦਿੱਤਾ ਜਾਂਦਾ ਹੈ। ਫਿਰ ਦਫਤਰਾਂ ਵਿਚ ਉਥੇ ਦੇਸ਼ ਦੀਆਂ ਸਰਹੱਦਾਂ ਦੇ ਇਹ ਪਹਿਰੇਦਾਰ ਔਂਟਲੀ ਗਾਂ ਵਾਂਗੂੰ ਗੁਆਚੇ ਜਿਹੇ ਤੁਰੇ ਫਿਰਦੇ ਹਨ। ਇਸ ਤਰ੍ਹਾਂ ਹੀ ਜਦੋਂ ਦਿਆਨਤਦਾਰ ਤੇ ਅਨੁਸ਼ਾਸਨ-ਪਸੰਦ ਬੰਦੇ ਕਿਤੇ ਅਨੁਸ਼ਾਸਨਹੀਣ ਲੋਕਾਂ ਤੋਂ ਜਦੋਂ ਇਮਾਨਦਾਰੀ ਤੇ ਡਿਸਪਲਿਨ ਭਾਲਦੇ ਹਨ ਤਾਂ ਇਨ੍ਹਾਂ ਦੀ ਸਥਿਤੀ ਸ਼ਾਇਰ ਗਾਲਿਬ ਦੇ ਸ਼ਬਦਾਂ ਅਨੁਸਾਰ "ਹਮ ਕੋ ਉਨ ਸੇ ਵਫ਼ਾ ਕੀ ਉਮੀਦ, ਜੋ ਨਹੀਂ ਜਾਨਤੇ ਵਫ਼ਾ ਕਿਆ ਹੈ" ਵਾਲੀ ਬਣੀ ਦਿਸਦੀ ਹੈ।

ਮੁੱਕਦੀ ਗੱਲ! ਮੈਂ ਸਾਰੀ ਉਮਰ ਸਿਵਲ ਸਰਵਿਸਿਜ਼ ਦਾ ਹੱਫਾ ਰਹਿਣ ਦੇ ਬਾਵਜੂਦ ਵੀ ਦਿਲੋਂ-ਮਨੋਂ ਮੰਨਣ ਲਈ ਤਿਆਰ ਹਾਂ ਕਿ ਡਿਸਪਲਿਨ ਦੇ ਪੱਖੋਂ ਆਰਮੀ ਵਾਲੇ ਡਿਸਪਲਨਡ ਹੁੰਦੇ ਹਨ ਅਤੇ ਸਿਵਲ ਸਰਵਿਸਿਜ਼ ਵਾਲੇ ਤਕਰੀਬਨ-ਤਕਰੀਬਨ ਅਨ-ਡਿਸਪਲਨਡ ਤਬਕਾ ਹੁੰਦੇ ਹਨ। ਫਿਰ ਇਸ ਹਾਲਤ ਵਿਚ ਇਨ੍ਹਾਂ ਦੋ ਮੁਤਜ਼ਾਤ ਤਬਕਿਆਂ ਦਾ ਜੋੜ ਬੱਝ ਹੀ ਨਹੀਂ ਸਕਦਾ। ਬੇਸ਼ੱਕ ਸਰਕਾਰਾਂ ਨੇ ਐਕਸ-ਆਰਮੀਮੈਂਨ ਵੈਲਫੇਅਰ ਵਾਸਤੇ ਵੱਖਰੇ ਵਿਭਾਗ ਤੇ ਜ਼ਿਲ੍ਹਾ ਸੈਨਿਕ ਬੋਰਡ ਬਣਾ ਰੱਖੇ ਹਨ, ਪਰ ਉਥੇ ਉਨ੍ਹਾਂ ਬੋਰਡਾਂ ਦੇ ਚੇਅਰਮੈਨ ਸਿਵਲ ਸਰਵਿਸ ਵਾਲੇ ਹੁੰਦੇ ਹਨ। ਇਸ ਵਾਸਤੇ ਜਿਵੇਂ ਸ਼ਾਹ ਮੁਹੰਮਦ ਨੇ ਕਿਹਾ ਹੈ ਕਿ : 'ਗੱਲ ਤਾਂ ਸੋਈ ਹੋਣੀ ਜਿਹੜੀ ਕਰੂਗਾ ਖਾਲਸਾ ਪੰਥ ਮੀਆਂ।' ਬੱਸ ਇਸ ਅਨੁਸਾਰ ਇਨ੍ਹਾਂ



Original with;
Kulbir Singh Sidhu(I.A.S)
Digitized by;
Panjab Digital Library

ਬੋਰਡਾਂ ਵਿਚ ਫੌਜੀਆਂ ਪ੍ਰਤੀ ਸੰਵੇਦਨਾ, ਹਮਦਰਦੀ ਤੇ ਤਾਲਮੇਲ ਦੀ ਘਾਟ ਕਾਰਨ ਇਨ੍ਹਾਂ ਦੇ ਮਸਲੇ ਸਰਕਾਰ ਵੱਲੋਂ 'ਗੋਗਲੂਆਂ ਤੋਂ ਮਿੱਟੀ ਝਾੜਨ' ਦੀ ਫਰਜ਼ੀ ਜਿਹੀ ਕਾਰਵਾਈ ਦੇ ਫਰਜ਼ੀਵਾੜਿਆਂ ਤੋਂ ਉਤਾਂਹ ਨਹੀਂ ਉਠਦੇ।

ਸਾਬਕਾ ਫੌਜੀਆਂ ਵਾਸਤੇ ਰਾਜ ਪੱਧਰ 'ਤੇ ਸੈਨਿਕ ਭਲਾਈ ਬੋਰਡ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਸੈਨਿਕ ਭਲਾਈ ਦਫਤਰ ਵੀ ਹਨ, ਪਰ ਕੁੱਲ ਮਿਲਾ ਕੇ ਇਹ ਸਾਬਕਾ ਫੌਜੀਆਂ ਨੂੰ ਦਰਪੇਸ਼ ਮਸਲਿਆਂ ਤੋਂ ਲੋੜੀਂਦੀ ਰਾਹਤ ਦਿਵਾਉਣ ਵਿਚ ਅਸਮਰਥ ਰਹੇ ਹਨ। ਕਈ ਸਾਲ ਹੋਏ ਮੋਗਾ ਤੇ ਲੁਧਿਆਣਾ ਵਿਖੇ ਸੈਨਿਕ ਦਿਵਸ ਮਨਾਉਣ ਵੇਲੇ ਜੋ ਘਟੀਆ ਕਿਸਮ ਦੀ ਕਾਰਵਾਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਿਖਾਈ ਗਈ, ਉਹ ਨਿੰਦਣਯੋਗ ਹੈ। ਲੁਧਿਆਣਾ ਸਮਾਗਮ 'ਤੇ ਇਕ ਬਜ਼ੁਰਗ ਸਨਮਾਨ ਸਮਾਰੋਹ ਸਮੇਂ ਕੁਰਲਾ ਉਠਿਆ ਕਿ ਮੈਥੋਂ ਆਪਣੇ ਮਹਾਂਵੀਰ ਚੱਕਰ ਵਿਜੇਤਾ ਪੁੱਤਰ ਦੀ ਬਹਾਦਰੀ ਦੇ ਇਵਜ਼ ਵਿਚ ਦਿੱਤੀ ਸ਼ਾਲ ਤੇ ਸਨਮਾਨ ਪੱਤਰ ਵਾਪਸ ਲੈ ਲਓ, ਪਰ ਮੇਰੇ ਪੋਤੇ ਦੇ ਨਾਂਅ ਇੰਤਕਾਲ ਕਰਵਾ ਦਿਓ।

ਇਹ 2004 ਦੀ ਗੱਲ ਹੈ, ਸਟੇਜ 'ਤੇ ਮੰਤਰੀ ਜੀ ਵੀ ਸ਼ੁਸ਼ੋਭਿਤ ਸਨ ਤੇ ਮੈਂ ਵੀ ਸੈਨਿਕ ਭਲਾਈ ਮਹਿਕਮੇ ਵਲੋਂ ਹਾਜ਼ਰ ਸੀ। ਮੈਂ ਉਥੋਂ ਦੇ ਡੀ.ਸੀ. ਨੂੰ ਇਸ ਸਬੰਧੀ ਪੁੱਛਿਆ ਕਿ ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ ਸਾਬਕਾ ਸੈਨਿਕਾਂ ਦੀਆਂ ਮੁਸ਼ਕਿਲਾਂ ਕਿਉਂ ਨਹੀਂ ਹੱਲ ਕਰ ਰਿਹਾ। ਡਿਪਟੀ ਕਮਿਸ਼ਨਰ ਦਾ 'ਅੰਗਰੇਜ਼ੀ ਵਿਚ' ਬੜਾ ਗੁਸਤਾਖ ਜਿਹਾ ਜਵਾਬ ਸੀ ਕਿ 'ਆਈ ਨੋ ਮਾਈ ਜੌਬ'। ਖ਼ੈਰ! ਮੈਂ ਵੀ ਉਸ ਨੂੰ ਮੋੜਵੀਂ ਭਾਜੀ ਪਾਉਂਦੇ ਹੋਏ ਮਨਿਸਟਰ ਸਾਹਿਬ ਦੇ ਸਾਹਮਣੇ ਹੀ 'ਪੰਜਾਬੀ ਵਿਚ' ਸਮਝਾ ਦਿੱਤਾ ਕਿ ਜੇ ਤੈਨੂੰ ਆਪਣਾ ਕੰਮ ਆਉਂਦਾ ਹੁੰਦਾ ਤਾਂ ਮਹਾਂਵੀਰ ਚੱਕਰ ਵਿਜੇਤਾ ਫੌਜੀ ਦਾ ਪਿਤਾ ਸਰਕਾਰ ਦੇ ਮੂੰਹ 'ਤੇ ਕਰਾਰੀ ਚਪੇੜ ਨਾ ਮਾਰਦਾ; ਪਰ ਅਫ਼ਸੋਸ ਹੈ ਕਿ ਮਨਿਸਟਰ ਸਾਹਿਬ ਮੂੰਹ ਵਿਚ ਘੁੰਗਣੀਆਂ ਪਾ ਕੇ ਇਉਂ ਚੁੱਪ ਰਹੇ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

ਹੁਣ ਦੀ ਗੱਲ ਹੀ ਲੈ ਲਓ ਕਿ ਸਾਰੇ ਦੇਸ਼ ਵਿਚ ਇਕ ਰੈਂਕ ਇਕ ਪੈਨਸ਼ਨ ਦਾ ਵਾਵੇਲਾ ਹੱਦੋਂ ਵੱਧ ਮਚਿਆ ਹੋਇਆ ਹੈ। ਗੱਲ ਨੂੰ ਜ਼ਿਆਦਾ ਲੰਬੀ ਨਾ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਜੇ ਫੌਜੀਆਂ ਦੀ ਇਹ ਮੰਗ ਮੰਨ ਲਈ ਜਾਵੇ ਤਾਂ ਦੇਸ਼ ਦੇ ਖ਼ਜ਼ਾਨੇ 'ਤੇ ਜੋ ਭਾਰ ਪੈ ਸਕਦਾ ਹੈ ਉਹ ਸਾਡੇ ਕਿਸ ਇਕ ਵੀ ਟੂ ਜੀ ਸਪੈਕਟ੍ਰਮ ਵਰਗੇ ਘਪਲੇ ਤੇ ਗੜਬੜ ਘੋਟਾਲੇ ਦਾ ਅੰਸ਼ ਮਾਤਰ ਹੀ ਹੋਵੇਗਾ। ਦੂਜੇ ਪਾਸੇ ਇਸ ਸੰਦਰਭ ਵਿਚ ਇਹ ਗੌਰਤਲਬ ਹੈ ਕਿ ਸੰਸਾਰ ਭਰ ਵਿਚ ਇਕੋ-ਇਕ ਭਾਰਤੀ ਫੌਜ ਹੀ ਹੈ, ਜੋ ਕਿ 21153 ਫੁੱਟ ਦੇ ਕਰੀਬ ਸਿਆਚਿਨ ਗਲੇਸ਼ੀਅਰ ਵਰਗੀਆਂ ਉਚਾਈਆਂ ਉਪਰ ਦੇਸ਼ ਦੀ ਰਾਖੀ ਕਰ ਰਹੀ ਹੈ। ਪਰ ਜਦੋਂ ਫੌਜੀਆਂ ਨੂੰ ਉਨ੍ਹਾਂ ਦਾ ਬਣਦਾ ਇੱਜ਼ਤ-ਓ-ਇਕਬਾਲ ਜਾਂ ਸਮਾਜ ਵਿਚ ਉਨ੍ਹਾਂ ਨੂੰ ਵਧੀਆ ਸਲੂਕ-ਸਲੀਕੇ ਮਿਲਵਰਤਣ ਦਿਖਾਉਣ ਦਾ ਸਵਾਲ ਆਉਂਦਾ ਹੈ ਤਾਂ ਉਸ ਵੇਲੇ ਅਸੀਂ ਆਪਣੀ ਮਾੜੀ ਫਿਤਰਤ ਦੀ ਡੂੰਘੀ ਤੋਂ ਡੂੰਘੀ ਰਸਾਤਲ ਤੱਕ ਪਹੁੰਚ ਜਾਂਦੇ ਹਾਂ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਪ੍ਰਸੰਗ ਵਿਚ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਪਿਛਲੇ ਕਿੰਨੇ ਹੀ ਸਮੇਂ ਤੋਂ ਸੈਨਾ ਤੇ ਸੇਵਾ ਮੁਕਤ ਫੌਜੀ ਲਟਾ-ਪੀਂਘ ਹੋ ਰਹੇ ਹਨ ਕਿ ਉਨ੍ਹਾਂ ਨੂੰ 'ਵਨ ਰੈਂਕ ਵਨ ਪੈਨਸ਼ਨ' ਦਿੱਤਾ ਜਾਵੇ। ਪਰ ਸਰਕਾਰ ਇਸ ਮਸਲੇ ਤੇ 'ਕਦੇ ਆਏਂ, ਕਦੇ ਬਾਏਂ' ਜਿਹੀ ਲੀਤੋ-ਲੀਲ੍ਹ ਦੀ ਖੇਡ ਖੇਡਦੀ ਟਾਹਣੇ ਟਪਦੀ ਫਿਰਦੀ ਹੈ। ਇਸ ਸਾਰੇ ਵਾਦ-ਵਿਵਾਦ ਵਿਚ ਸਾਡੀ ਬਿਨਾਂ ਮਤਲਬ ਦੀ ਹਉਮੈ ਦੇ ਸਿੰਗ ਫਸੇ ਦਿਸਦੇ ਹਨ।

ਸਮੁੱਚੇ ਤੌਰ 'ਤੇ ਸਾਬਕਾ ਸੈਨਿਕ ਤੇ ਉਨ੍ਹਾਂ ਦੀਆਂ ਜਥੇਬੰਦੀਆਂ ਯਤਨਸ਼ੀਲ ਹਨ ਕਿ ਇਸ ਮਸਲੇ ਦਾ ਕੋਈ ਹੱਲ ਛੇਤੀ ਲੱਭ ਪਵੇ। ਬ੍ਰਿਗੇਡੀਅਰ ਹਰਵੰਤ ਸਿੰਘ, ਲੈਫਟੀਨੈਂਟ ਕਰਨਲ, ਅਵਤਾਰ ਸਿੰਘ ਭਿੰਡਰ ਤੇ ਮੇਜਰ ਸੰਤੋਖ ਸਿੰਘ ਢਿੱਲੋਂ ਵਰਗੇ ਪਤਾ ਨਹੀਂ ਕਿੰਨੇ ਹੀ ਵਧੀਆ ਫੌਜੀ ਆਪਣੀ ਸਮੁੱਚੀ ਐਕਸ-ਆਰਮੀਮੈੱਨ ਬ੍ਰਦਰਹੁਡ ਸਮੇਤ ਫੌਜੀਆਂ ਦੇ ਲਈ ਅਤਿ ਅਹਿਮ ਪਰ ਸਰਕਾਰ ਵਾਸਤੇ ਬੜੇ ਨਿਗੂਣੇ ਜਿਹੇ ਚਿਰ ਦੇਰ ਤੋਂ ਲਮਕਦੇ-ਲਟਕਦੇ ਮਸਲੇ ਵਿਚ ਉਲਝੇ-ਉਲਝਾਏ ਫਿਰਦੇ ਹਨ। ਸਾਬਕਾ ਫੌਜੀਆਂ ਦੇ ਸੰਗਠਨ ਦੀ ਇਸ ਛੋਟੀ ਜਿਹੀ ਇਕਾਈ ਦੀ ਮਿਸਾਲ ਤੋਂ ਇਹ ਸੱਚਾਈ ਨਜ਼ਰ ਆਉਂਦੀ ਹੈ ਕਿ ਸਾਡੀ ਫੌਜ ਬੇਮਤਲਬ ਹੀ ਮਾਨਸਿਕ ਜਿਹੇ ਦਬਾਅ ਹੇਠ ਆਈ ਖੜ੍ਹੀ ਹੈ, ਪਰ ਅਫ਼ਸੋਸ ਦੀ ਗੱਲ ਹੈ ਕਿ ਹਾਲੇ ਵੀ ਕੋਈ ਚੰਗਾ ਸਿੱਟਾ ਨਿਕਲਦਾ ਨਜ਼ਰ ਨਹੀਂ ਆ ਰਿਹਾ।

ਫਿਰ ਇਸ ਸੂਰਤ ਵਿਚ ਇਹ ਸਮਝਣ-ਵਿਚਾਰਨ ਦੀ ਲੋੜ ਹੈ ਕਿ ਜੇ ਦੇਸ਼ ਦੇ ਰਖਵਾਲਿਆਂ ਨੂੰ ਕੋਈ ਸਰਹੱਦਾਂ 'ਤੇ ਜਾਂ ਘਰੇਲੂ-ਘਰੋਗੀ ਜਾਂ ਗੈਰ-ਜ਼ਰੂਰੀ ਕਿਸੇ ਕਿਸਮ ਦੀ ਵੀ ਕੋਈ ਚਿੰਤਾ ਬਣਦੀ ਹੈ ਤਾਂ ਇਹ ਦੇਸ਼ ਵਾਸਤੇ ਘਾਤਕ ਹੋ ਕੇ ਚਿਤਾ ਦੇ ਸਮਾਨ ਵੀ ਬਣ ਸਕਦੀ ਹੈ। ਇਸ ਪ੍ਰਥਾਇ ਭਾਰਤ ਦੀ ਸਰਹੱਦ 'ਤੇ ਲੜਾਈ ਸਮੇਂ 'ਵਤਨ ਕੀ ਆਬਰੂ ਖਤਰੇ ਮੇਂ ਹੈ ਤਿਆਰ ਹੋ ਜਾਓ' ਵਰਗਾ ਤਰਾਨਾ ਜਦੋਂ ਪਿੰਡ-ਪਿੰਡ ਤੇ ਸ਼ਹਿਰਾਂ ਵਿਚ ਵੱਜਦਾ ਹੈ ਤਾਂ ਫੌਜੀਆਂ ਦੀ ਲੋੜ ਤੇ ਅਹਿਮੀਅਤ ਦਾ ਕੌਮ ਨੂੰ ਭਲੀ-ਭਾਂਤ ਅਹਿਸਾਸ ਹੋ ਰਿਹਾ ਹੁੰਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਸਭਿਆਚਾਰ ਦੇ ਬਦਰੰਗੀ ਬਜ਼ਾਰ ਦੀ ਹਾਲਤ ਤਾਂ ਹੁਣ ਇਹ ਹੋ ਗਈ ਹੈ ਕਿ ਕਦੇ ਅਸੀਂ ਲੜਾਈ ਸਮੇਂ "ਵਤਨ ਕੀ ਆਬਰੂ ਖਤਰੇ ਮੇਂ ਹੈ" ਵਾਲਾ ਗਾਣਾ ਸੁਣਦੇ ਰਹੇ ਹਾਂ, ਉਹ ਗਾਣਾ ਹੁਣ ਜੇ ਕਿਤੇ ਪਿੰਡ ਵਿਚ ਸ਼ਰਾਬ, ਅਫੀਮ ਜਾਂ ਭੁੱਕੀ-ਪੋਸਤ ਫੜਣ ਲਈ ਪੁਲਿਸ ਦਾ ਰੇਡ ਹੋ ਜਾਵੇ ਤਾਂ ਨਗਰਾਂ ਦੇ ਵਿਚ ਸਪੀਕਰਾਂ 'ਤੇ ਅਮਲੀਆਂ ਨੂੰ ਸੁਚੇਤ ਕਰਨ ਵਾਸਤੇ ਲਾ ਦਿੱਤਾ ਜਾਂਦਾ ਹੈ।

ਦੁੱਖ ਦੀ ਗੱਲ ਹੈ ਕਿ ਅਸੀਂ ਆਪਣੇ ਫੌਜੀਆਂ ਲਈ ਬਹੁਤ ਹੀ ਬੇ-ਮੁਰੱਵਤ ਤੇ ਬੇ-ਲਿਹਾਜ਼ ਸਾਬਿਤ ਹੋ ਰਹੇ ਹਾਂ। ਜਗ-ਜ਼ਾਹਿਰ ਹੈ ਕਿ ਜਦੋਂ ਫੌਜੀ ਜਵਾਨ ਹਿਮਾਲਿਆ ਤੋਂ ਲੈ ਕੇ ਰੇਗਿਸਤਾਨ ਤੱਕ ਸਰਹੱਦਾਂ ਦੀ ਰਾਖੀ ਰਾਤਾਂ ਝਾਗ ਕੇ ਤੇ ਜਾਨ ਹੂਲ ਕੇ ਕਰਦੇ ਹਨ, ਉਦੋਂ ਦੇਸ਼ ਵਾਸੀ ਉਨ੍ਹਾਂ ਦੀ ਵਫ਼ਾਦਾਰੀ ਤੇ ਕੁਰਬਾਨੀ ਦੀ ਬਦੌਲਤ ਅਕਸਰ ਸਰਹਾਣੇ ਬਾਂਹ ਰੱਖ ਕੇ ਸੁੱਖ ਦੀ ਨੀਂਦ ਸੁੱਤੇ ਹੁੰਦੇ ਹਨ। ਇਸ ਦੇ ਉਲਟ ਦੂਜੇ



Original with;
Kulbir Singh Sidhu(I.A.S)
Digitized by;
Panjab Digital Library

ਪਾਸੇ ਜਦੋਂ ਕਾਰਗਿਲ ਦੇ ਸ਼ਹੀਦ ਕੱਫਣਾਂ ਤੇ ਤਾਬੂਤਾਂ ਦੇ ਵੀ ਮੁੱਲ ਵੱਟੇ ਜਾਂਦੇ ਹਨ ਤਾਂ ਸਾਰੀ ਕੌਮ ਤੇ ਸਾਰੇ ਦੇਸ਼ ਦਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਪਰ ਅਫ਼ਸੋਸ ਕਿ ਸਾਨੂੰ ਤੇ ਖਾਸ ਕਰਕੇ ਸਾਡੇ ਆਗੂਆਂ ਨੂੰ ਰੱਤੀ ਭਰ ਸ਼ਰਮ ਨਹੀਂ ਆਉਂਦੀ। ਖੈਰ! ਜਦੋਂ ਲੜਾਈ ਦਾ ਖਤਰਾ ਟਲ ਜਾਂਦਾ ਹੈ ਤਾਂ ਫਿਰ ਫੌਜੀਆਂ ਦੀ ਜਨਮ ਕੁੰਡਲੀ ਦੀ ਸਮਾਜਿਕ ਮਹਾਂਦਸ਼ਾ ਤੇ ਅੰਤਰਦਸ਼ਾ ਬਿਲਕੁਲ ਹੀ ਬਦਲ ਜਾਂਦੀ ਹੈ। ਇਥੇ ਇਹ ਗੱਲ ਬਹੁਤ ਹੀ ਗੰਭੀਰਤਾ ਨਾਲ ਵਿਚਾਰਨ ਵਾਲੀ ਹੈ ਕਿ ਬੇਸ਼ੱਕ ਅਸੀਂ ਕਹਿੰਦੇ ਹਾਂ ਕਿ ਦੇਸ਼ ਲਈ ਮਰਨਾ 'ਸੌ ਜਨਮਾਂ ਦੇ ਸਮਾਨ ਹੈ'। ਪਰ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਫੌਜੀਆਂ ਨੂੰ ਕੋਈ ਵੀ ਚਿੰਤਾ ਤੇ ਮਾਨਸਿਕ ਦਬਾਅ ਸਾਡੇ ਦੇਸ਼ ਤੇ ਸਾਡੀ ਰੱਖਿਆ ਲਈ ਘਾਤਿਕ ਸਿੱਧ ਹੋ ਸਕਦਾ ਹੈ।

ਜੰਗ ਤੋਂ ਬਾਅਦ ਫੌਜੀਆਂ ਪ੍ਰਤੀ ਸਾਡੀ ਬੇਰੁਖ਼ੀ ਦੀ ਇਕ ਬਹੁਤ ਹੀ ਢੁਕਵੀਂ ਮਿਸਾਲ ਸੰਨ 1962 ਵਿਚ ਚੀਨ ਦੀ ਲੜਾਈ ਤੋਂ ਮਗਰੋਂ ਦੀ ਹੈ। ਪਾਰਲੀਮੈਂਟ ਵਿਚ ਤੱਤਕਾਲੀਨ ਪ੍ਰਧਾਨ ਮੰਤਰੀ ਨਹਿਰੂ ਜੀ ਨੇ ਚੀਨ ਵੱਲੋਂ ਅਕਸਾਈ-ਚਿਨ 'ਤੇ ਕਬਜ਼ੇ ਸਬੰਧੀ ਬਿਆਨ ਦਿੰਦੇ ਹੋਏ ਕਿਹਾ ਸੀ ਕਿ ਇਸ ਇਲਾਕੇ ਵਿਚ ਘਾਹ ਦਾ ਇਕ ਵੀ ਤਿਣਕਾ ਪੈਦਾ ਨਹੀਂ ਹੁੰਦਾ; ਇਸ ਲਈ ਸਾਨੂੰ ਚੀਨ ਨਾਲ ਸਰਹੱਦਾਂ 'ਤੇ ਲੜ-ਮਰਨ ਦੀ ਲੋੜ ਨਹੀਂ ਹੈ। ਇਸ 'ਤੇ ਮੈਂਬਰ ਪਾਰਲੀਮੈਂਟ **ਮਹਾਂਵੀਰ ਤਿਆਗੀ** ਨੇ ਆਪਣੀ ਟੋਪੀ ਲਾ ਕੇ ਕਿਹਾ ਸੀ ਕਿ ਮੇਰੇ ਸਿਰ 'ਤੇ ਵੀ ਇਕ ਵੀ ਵਾਲ ਨਹੀਂ ਹੈ; ਕੀ ਇਸ ਵਾਸਤੇ ਮੈਂ ਆਪਣਾ ਸਿਰ ਕਲਮ ਕਰਵਾ ਦੇਵਾਂ।

ਇਸ ਪ੍ਰਸੰਗ ਦੀ ਲਗਾਤਾਰਤਾ ਵਿਚ ਹੀ ਸੋਚਣ ਵਾਲੀ ਗੱਲ ਹੈ ਕਿ ਠੀਕ ਹੈ ਕਿ ਜਦੋਂ ਫੌਜੀ ਸਰਹੱਦ 'ਤੇ ਹੁੰਦੇ ਹਨ ਤਾਂ ਸਾਰਾ ਦੇਸ਼ ਉਨ੍ਹਾਂ ਦੇ ਗੁਣਗਾਨ ਕਰਦਾ ਹੈ। ਜੰਗ ਦੇ ਸ਼ਹੀਦਾਂ ਨੂੰ ਰਾਸ਼ਟਰੀ ਸਨਮਾਨ ਵੀ ਮਿਲਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਵੀ ਉਨ੍ਹਾਂ ਦੀ ਬਹਾਦਰੀ ਤੇ ਕੁਰਬਾਨੀ ਦੇ ਸੋਹਲੇ ਗਾਉਣ ਲਈ ਸਰਕਾਰ-ਦਰਬਾਰ ਸਭ ਹਾਜ਼ਰ ਹੁੰਦੇ ਹਨ। ਉਨ੍ਹਾਂ ਦੇ ਵਿਚਾਰੇ ਸਾਕ-ਸਬੰਧੀਆਂ ਨੂੰ ਵੀ ਬੇਹੱਦ ਹੈਰਾਨੀ ਹੋ ਰਹੀ ਹੁੰਦੀ ਹੈ ਕਿ ਉਨ੍ਹਾਂ ਦੇ ਘਰ ਵੱਡੇ-ਵੱਡੇ ਸਾਹਿਬਾਂ ਦੇ ਚਰਨ ਪੈ ਰਹੇ ਹੁੰਦੇ ਹਨ। ਨਿਰਸੰਦੇਹ ਉਦੋਂ ਹਰ ਬੁਲਾਰਾ ਅੰਮ੍ਰਿਤਸਰੀਏ **ਕਾਮਰੇਡ ਟੀਕਾ ਰਾਮ** ਸੁਖਨ ਦੇ ਮਸ਼ਹੂਰ ਸੁਖਨ 'ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ' ਦਾ ਇਕੋ ਹੀ ਰਾਗ ਅਲਾਪ ਰਿਹਾ ਹੁੰਦਾ ਹੈ। ਪਰ ਕੁਝ ਦਿਨ ਬਾਅਦ ਤੇ ਖ਼ਾਸ ਕਰਕੇ ਸ਼ਾਂਤੀ ਦੇ ਸਮੇਂ ਉਨ੍ਹਾਂ ਹੀ ਫੌਜੀ-ਸ਼ਹੀਦਾਂ ਦੇ ਪਰਿਵਾਰ ਬਸ ਬੇਲੋੜੇ ਤੇ ਅਣਗੌਲੇ ਜਿਹੇ ਹੋ ਜਾਂਦੇ ਹਨ।

ਗੌਰਤਲਬ ਹੈ ਕਿ ਇਹ ਉਹੀ ਲੋਕ ਹੁੰਦੇ ਹਨ ਕਿ ਜਿਨ੍ਹਾਂ ਦੇ ਘਰ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਸ਼ਾਨ ਵਿਚ ਸਾਡਾ ਕੌਮੀ ਤਰਾਨਾ ਵਜਿਆ ਹੁੰਦਾ ਹੈ। ਮੁੱਕਦੀ ਗੱਲ, ਲੜਾਈ ਦੇ ਸਮੇਂ ਤਾਂ 'ਵਤਨ ਕੀ ਆਬਰੂ ਖਤਰੇ ਮੇਂ ਹੈ' ਅਤੇ 'ਜ਼ਰਾ ਯਾਦ ਕਰੋ ਕੁਰਬਾਨੀ' ਵਰਗੇ ਸੋਹਲੇ ਗਾਏ ਜਾਂਦੇ ਹਨ; ਪਰ ਜਦੋਂ ਲੜਾਈ ਖਤਮ ਹੋ ਜਾਂਦੀ ਹੈ ਤਾਂ 'ਤੂੰ ਕੌਣ ਮੈਂ ਕੌਣ' ਵਾਲੀ ਹਾਲਤ ਬਣ ਜਾਂਦੀ ਹੈ। ਇਹ ਗੱਲ ਤਾਂ ਰਹੀ ਉਨ੍ਹਾਂ ਫੌਜੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਦੀ ਕਿ ਜੋ ਰੱਬ ਦੀ ਰਜ਼ਾ ਵਿਚ ਰਹਿੰਦੇ ਹੋਏ ਆਪਣੇ ਹਜ਼ਾਰਾਂ-ਲੱਖਾਂ ਭਰਾਵਾਂ ਵਿਚੋਂ ਸਿਰਮੌਰ ਬਣ ਕੇ ਉਸ ਦੀ ਅਪ੍ਰੰਪਾਰ ਬਖਸ਼ਿਸ਼ ਵਜੋਂ 'ਅਮਰ ਸ਼ਹੀਦਾਂ' ਦੀ ਕਤਾਰ ਵਿਚ ਜਾ ਸ਼ਾਮਲ ਹੁੰਦੇ ਹਨ।

ਇਸ ਤੋਂ ਅੱਗੇ ਸਾਡੇ ਸਮਾਜ ਵਿਚ ਫੌਜੀ ਸੇਵਾ ਤੋਂ ਨਿਵਰਿਤ ਹੋ ਕੇ ਆਏ ਸਾਬਕਾ ਫੌਜੀਆਂ ਦੀ ਗੱਲ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਆਪਣੇ ਦੇਸ਼ ਤੇ ਕੌਮ ਦੀ ਨਿਰ-ਸੁਆਰਥ ਸੇਵਾ ਵਿਚ ਅਰਪਿਤ ਕੀਤਾ ਹੁੰਦਾ ਹੈ। ਪਰ ਜਦੋਂ ਉਹ ਆਪਣੇ ਹੀ ਸਮਾਜ ਵਿਚ ਵਾਪਸ ਆਉਂਦੇ ਹਨ ਤਾਂ ਸਾਡਾ ਸਮਾਜਿਕ ਤੇ ਖਾਸ ਤੌਰ 'ਤੇ ਸਾਡਾ ਦਫਤਰੀ ਸਭਿਆਚਾਰ ਦੇਖ ਕੇ ਉਹ ਭੁਚੱਕਾ ਜਿਹਾ ਖਾ ਜਾਂਦੇ ਹਨ। ਉਨ੍ਹਾਂ ਨੂੰ ਸਾਡੇ ਸਮਾਜ ਦੀ ਬੇਰੁਖ਼ੀ ਤੇ ਸਾਡੇ ਕੰਮਕਾਜੀ ਅਦਾਰਿਆਂ ਵਿਚ ਹੋਈ ਬੇਕਦਰੀ ਪ੍ਰੇਸ਼ਾਨ ਕਰ ਦਿੰਦੀ ਹੈ। ਉਹ ਭੁਮੱਤਰੇ ਜਿਹੇ ਅਕਸਰ ਇਹ ਸਵਾਲ ਪੁੱਛਦੇ ਹਨ ਕਿ ਕੀ ਉਹ ਠੀਕ ਹਨ ਜਾਂ ਉਨ੍ਹਾਂ ਨਾਲ ਬਦਸਲੂਕੀ ਤੱਕ ਦਾ ਵਿਹਾਰ ਕਰਨ ਵਾਲੇ ਉਨ੍ਹਾਂ ਦੇ ਭਾਈ-ਵੀਰ ਠੀਕ ਹਨ ਕਿ ਉਨ੍ਹਾਂ ਦਾ ਕੋਈ ਕੰਮ ਸਿਫਾਰਿਸ਼ਬਾਜ਼ੀ ਜਾਂ ਕਿਸੇ ਰੇਟ-ਵੇਟ ਤੋਂ ਬਿਨਾਂ ਹੁੰਦਾ ਹੀ ਨਹੀਂ ਹੈ।

ਫੌਜ ਵਿਚ ਜਦੋਂ ਕਿ ਉਨ੍ਹਾਂ ਨੇ ਅਜਿਹਾ ਵਰਤਾਰਾ ਭੁੱਲ ਕੇ ਵੀ ਨਹੀਂ ਵੇਖਿਆ ਹੁੰਦਾ। ਪਰ ਧੰਨ ਹੈ, ਉਨ੍ਹਾਂ ਦੀ ਫੌਜੀ ਟ੍ਰੇਨਿੰਗ ਕਿ ਜਦੋਂ ਉਨ੍ਹਾਂ ਨੂੰ ਆਪਣੇ ਠੀਕ ਕੰਮ ਲਈ ਵੀ ਖੱਜਲ-ਖੁਆਰ ਹੋਣਾ ਪੈਂਦਾ ਹੈ ਜਾਂ ਅਖੀਰ ਉਨ੍ਹਾਂ ਦਾ ਕੰਮ ਵੀ ਜਦੋਂ ਨਹੀਂ ਹੁੰਦਾ ਤਾਂ ਫਿਰ ਵੀ ਉਹ ਸਬੰਧਤ ਅਫਸਰ ਨੂੰ 'ਠੀਕ ਹੈ ਸੱਰ' ਕਹਿ ਕੇ ਧੰਨਵਾਦ ਕਰਨ ਅਤੇ ਸਲੂਟ ਮਾਰਨ ਤੋਂ ਨਹੀਂ ਖੁੰਝਦੇ। ਇਸ ਸੂਰਤ ਵਿਚ ਦੁੱਖ ਦੀ ਗੱਲ ਇਹ ਹੈ ਕਿ ਸਾਡਾ ਦਫ਼ਤਰੀ ਭਾਈਚਾਰਾ ਬੜਾ ਢੀਠ ਜਿਹਾ ਬਣ ਕੇ ਉਹ ਉਨ੍ਹਾਂ ਦੇ ਫੌਜੀ ਦਸਤੂਰ ਤੇ ਇਕ ਤਰਫਾ ਰਸਮੋ-ਵਫ਼ਾ ਦਾ ਅਨੰਦ ਮਾਣ ਰਿਹਾ ਹੁੰਦਾ ਹੈ।

ਖੈਰ! ਇਸ ਪ੍ਰਸੰਗ ਵਿਚ ਮੇਰੀ ਭਾਰਤੀ ਫੌਜ ਪ੍ਰਤੀ ਜਨਮਜਾਤ ਸ਼ਰਧਾ ਨੂੰ ਜੇ 'ਆਪਣੇ ਮੂੰਹ ਮੀਆਂ ਮਿੱਠੂ' ਵਾਲੀ ਗੱਲ ਨਾ ਸਮਝ ਲਿਆ ਜਾਵੇ ਤਾਂ ਮੈਂ ਪਾਠਕਾਂ ਨਾਲ ਆਪਣੀ ਇਹ ਦਿਲਚਸਪ ਗੱਲ ਸਾਂਝੀ ਕਰਾਂਗਾ ਕਿ ਸ਼ੁਰੂ ਤੋਂ ਹੀ ਮੈਨੂੰ ਫੌਜੀ ਰਹਿਣੀ-ਬਹਿਣੀ, ਪੁਸ਼ਾਕ ਤੇ ਅਨੁਸ਼ਾਸਨ ਨੇ ਧੁਰ-ਅੰਦਰੋਂ ਪ੍ਰਭਾਵਿਤ ਕੀਤਾ ਹੈ। ਬੇਸ਼ੱਕ ਮੈਂ ਇਕ ਮੌਕਾ ਮਿਲਣ ਦੇ ਬਾਵਜੂਦ ਵੀ ਆਰਮੀ ਵਿਚ ਭਰਤੀ ਨਹੀਂ ਹੋ ਸਕਿਆ, ਪਰ ਕਾਲਜ ਸਮੇਂ ਪ੍ਰਾਪਤ ਕੀਤੀ ਐੱਨ.ਸੀ.ਸੀ. ਦੀ ਟ੍ਰੇਨਿੰਗ ਸਦਕਾ ਆਪਣੀ ਚਾਲ-ਢਾਲ ਅਤੇ ਆਪਣੇ ਕੰਮ ਕਰਨ ਦੇ ਫੌਜੀ ਜਿਹੇ ਅੰਦਾਜ਼ ਕਰਕੇ ਮੈਂ ਸਾਰੀ ਸਰਵਿਸ ਦੌਰਾਨ 'ਫੌਜੀ ਅਫ਼ਸਰ' ਹੀ ਸਮਝਿਆ ਜਾਂਦਾ ਰਿਹਾ ਹਾਂ।

ਮੈਂ ਆਪਣੇ ਆਪ ਨੂੰ ਕਦੇ ਫਿਜ਼ੀਕਲ ਪਲੇਨ ਤੋਂ ਉਤੇ ਉੱਠ ਕੇ ਮੈਟਾ-ਫਿਜ਼ੀਕਲ ਪਲੇਨ 'ਤੇ ਆਪਣੇ ਆਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਮੈਨੂੰ ਲੱਗਿਆ ਹੈ ਕਿ ਮੈਂ ਕਿਸੇ ਜਨਮ ਵਿਚ 'ਪੱਕਾ ਫੌਜੀ' ਰਿਹਾ ਹੋਵਾਂਗਾ। ਬੱਸ ਰੱਬ ਦੀ ਰਜ਼ਾ ਨਾਲ ਫੌਜੀਆਂ ਦੀ ਕਾਰਜਸ਼ੈਲੀ ਤਾਂ ਮਾੜੀ-ਮੋਟੀ ਇਸ ਜਨਮ ਵਿਚ ਵੀ ਮੇਰੇ ਨਾਲ ਆ ਗਈ; ਪਰ ਮੈਨੂੰ ਫੌਜ ਦੀ ਵਰਦੀ ਪਾਉਣ ਦਾ ਹੁਕਮ ਨਹੀਂ ਹੋਇਆ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਪ੍ਰਸੰਗ ਵਿਚ ਮੈਨੂੰ ਜ਼ਿਲ੍ਹਾ ਰੂਪਨਗਰ ਵਿਚ ਖ਼ਾਸ ਕਰਕੇ ਖਾਲਸਾ ਸਿਰਜਣਾ ਸਮੇਂ ਡਿਊਟੀ ਨਿਭਾਉਂਦੇ ਸਮੇਂ ਅਕਸਰ ਇਕ ਅਹਿਸਾਸ ਟੁੰਬਦਾ ਰਹਿੰਦਾ ਸੀ ਕਿ ਦਸਮੇਸ਼ ਪਿਤਾ ਨੇ ਜਦੋਂ ਅਨੰਦਪੁਰ ਸਾਹਿਬ ਨੂੰ ਛੱਡਿਆ ਹੋਵੇਗਾ ਤਾਂ ਹਮਾਤੜ ਵੀ ਕਿਤੇ ਉਨ੍ਹਾਂ ਦੀ ਲਾਡਲੀ ਫੌਜ ਵਿਚ ਟੱਟੂ ਸਵਾਰ ਹੋਣਗੇ। ਫਿਰ ਮੇਰੇ ਵਰਗੇ ਪਰਿਵਾਰ ਵਿਛੋੜੇ ਵੇਲੇ ਸਰਸਾ ਨਦੀ ਦੇ ਹੜ ਨੂੰ ਦੇਖ ਕੇ ਪਿਛਾਂਹ ਨੂੰ ਭੱਜ-ਭਜਾ ਗਏ ਹੋਣਗੇ, ਪਰ ਬਖਸ਼ਿੰਦ ਗੁਰੂ ਦੀ ਮਿਹਰਬਾਨੀ ਸਦਕਾ ਅੱਜ ਵੀ ਰਿਸਾਲਦਾਰ ਭਾਵ ਪ੍ਰਸ਼ਾਸਨਿਕ ਸਰਦਾਰ ਬਣੇ ਫਿਰਦੇ ਹਨ। ਇਹ ਗੱਲ ਮੈਂ ਬੜੀ ਵਾਰ ਆਪਣੇ ਸਹਿਯੋਗੀ ਐੱਸ.ਐੱਸ.ਪੀ. ਰਣਬੀਰ ਸਿੰਘ ਖੱਟੜਾ ਨਾਲ ਸਾਂਝੀ ਕਰਦਾ ਸੀ ਤੇ ਉਹ ਸੱਚਮੁੱਚ ਹੀ ਅਨੰਦ-ਵਿਭੋਰ ਹੋ ਕੇ ਮੇਰੇ ਨਾਲ ਸਹਿਮਤ ਹੋ ਜਾਂਦੇ ਸਨ।

ਇਸ ਤਰ੍ਹਾਂ ਹੀ ਇਸ ਸਬੰਧ ਵਿਚ ਮੇਰੀ ਇਕ ਹੱਡਬੀਤੀ ਵੀ ਹੈ ਕਿ 1995 ਵਿਚ ਜਦੋਂ ਮੈਂ ਕਮਿਸ਼ਨਰ ਅੰਮ੍ਰਿਤਸਰ ਕਾਰਪੋਰੇਸ਼ਨ ਸੀ ਤਾਂ ਮੈਂ ਜਨਰਲ ਅਵਸਥੀ ਦੇ ਨਾਲ ਮਿਲ ਕੇ ਗੋਬਿੰਦਗੜ੍ਹ ਕਿਲ੍ਹੇ ਦੇ ਸਾਹਮਣੇ ਇਕ ਬਹੁਤ ਚੌਕ ਬਣਾਇਆ ਸੀ, ਜਿਸ ਵਿਚ 'ਵਾਰ ਟਰਾਫੀ' ਵਜੋਂ ਪਾਕਿਸਤਾਨ ਦਾ ਜੰਗੀ-ਟੈਂਕ ਸਥਾਪਿਤ ਕੀਤਾ ਗਿਆ ਸੀ। ਇਸ ਫੰਕਸ਼ਨ 'ਤੇ ਸਾਬਕਾ ਆਰਮੀ ਚੀਫ਼ ਜਨਰਲ ਛਿੱਬੜ ਤੱਤਕਾਲੀਨ ਗਵਰਨਰ ਤਸ਼ਰੀਫ਼ ਲਿਆਏ ਸਨ। ਫੰਕਸ਼ਨ ਦੇ ਆਲ੍ਹਾ ਇੰਤਜ਼ਾਮਾਂ ਨੂੰ ਵੇਖਦੇ ਹੋਏ ਇਨ੍ਹਾਂ ਦੋਨਾਂ ਜਰਨੈਲਾਂ ਨੇ ਮੈਨੂੰ ਆਪਣੀ ਬਿਲਕੁਲ ਨਿੱਜੀ ਮਿਲਣੀ ਵਿਚ ਸ਼ਰੀਕ ਹੋਣ ਦਾ ਮਾਣ ਦਿੱਤਾ।

ਬਹਿਰਹਾਲ, ਫੌਜੀ ਦਸਤੂਰ ਅਨੁਸਾਰ ਜਾਮ-ਏ-ਹਿਯਾਤ ਦਾ ਦੌਰ ਸ਼ੁਰੂ ਹੋਇਆ। ਪਹਿਲੇ ਹਾੜੇ ਤੋਂ ਬਾਅਦ ਜਨਰਲ ਅਵਸਥੀ ਨੇ ਮੈਨੂੰ ਪੁੱਛਿਆ ਕਿ ਮੈਂ ਸਿਵਲ ਸਰਵਿਸ ਵਿਚ ਆਉਣ ਤੋਂ ਪਹਿਲਾਂ ਫੌਜ ਦੀ ਕਿਸ ਰੈਜਮੈਂਟ ਤੇ ਯੂਨਿਟ ਵਿਚ ਸੀ। ਮੈਂ ਇਸ ਸੁਆਲ 'ਤੇ ਆਪਣੀ ਕਿਰਕੀ ਜਿਹੀ ਹੁੰਦੀ ਮਹਿਸੂਸ ਕਰਕੇ ਕਿਹਾ ਕਿ ਜਨਾਬ; ਫੌਜ ਵਾਲੇ ਕਹਿੰਦੇ ਹਨ ਕਿ ਇਕ ਡਰਿੰਕ ਤਾਂ ਦੁਸ਼ਮਣ ਨਾਲ ਪੀਤੀ ਜਾਂਦੀ ਹੈ। ਸੋ, ਜ਼ਾਹਿਰ ਹੈ ਕਿ ਦੂਜੇ ਦੌਰ ਦੇ 'ਸੁਨਹਿਰੇ ਪੈੱਗ-ਪਿਆਲੇ' ਵੀ ਆਣ ਹਾਜ਼ਰ ਹੋਏ। ਕਿੱਸਾ-ਕੋਤਾਹ ਦੂਜੇ ਪੈੱਗ ਦੀ ਵੀ 'ਚੁੱਕੋ- ਬਈ-ਚੁੱਕੋ' ਹੋ ਗਈ। ਇਸ ਉਪਰੰਤ ਮੈਂ ਅਦਬ ਨਾਲ ਉਠਿਆ ਅਤੇ ਪੂਰੀ ਫੌਜੀ ਤਰਜ਼ ਅਨੁਸਾਰ ਦੋਨਾਂ ਜਰਨੈਲਾਂ ਨੂੰ ਅੱਡੀਆਂ ਖੜਕਾ ਕੇ ਸਲੂਟ ਕੀਤਾ, ਪਰ ਮੈਨੂੰ ਗਵਰਨਰ ਸਾਹਿਬ ਨੇ ਹੁਕਮ ਮਾਤਰ ਕਿਹਾ ਕਿ ਸਿੱਧੂ ਤੁਸੀਂ ਸਾਡੇ ਸੁਆਲ ਦਾ ਜਵਾਬ ਤਾਂ ਦਿੱਤਾ ਹੀ ਨਹੀਂ।

ਖ਼ੈਰ! ਮੈਂ ਅਰਜ਼ ਕੀਤੀ ਕਿ ਜਨਾਬ ਮੈਂ ਤਾਂ ਸਿਰਫ਼ ਐੱਨ.ਸੀ.ਸੀ. ਦਾ 'ਸੀ-ਸਰਟੀਫਿਕੇਟ' ਹੀ ਪਾਸ ਹਾਂ। ਬੱਸ ਫਿਰ ਕੀ ਸੀ; ਦੋਨੋਂ ਜਰਨੈਲ ਆਪਸ ਵਿਚ ਹੱਸਣੋਂ ਹੀ ਨਾ ਹਟਣ ਅਤੇ ਉਧਰ ਮੈਂ ਹੈਰਾਨ ਹੋਇਆ ਖੜ੍ਹਾ ਸੀ। ਇਸ ਉਪਰੰਤ ਮੈਨੂੰ ਦੋਨੋਂ ਜਰਨੈਲਾਂ ਨੇ ਕਿਹਾ ਕਿ ਸਿੱਧੂ ਸਾਹਿਬ ਤੁਸੀਂ ਬੈਠੋ ਤੇ ਭਾਵੇਂ ਦੋ ਪੈੱਗ ਹੋਰ ਵੀ ਲਉ, ਪਰ ਰੱਬ ਦੇ ਵਾਸਤੇ ਬਾਹਰ ਜਾ ਕੇ ਨਾ ਦੱਸਿਉ ਕਿ ਦੋ



*Original with;*
Kulbir Singh Sidhu(I.A.S)
*Digitized by;*
Panjab Digital Library

ਜਰਨੈਲਾਂ ਨੂੰ ਭੇਦ ਹੀ ਨਹੀਂ ਆਇਆ ਕਿ ਤੁਸੀਂ ਫੌਜੀ ਅਫ਼ਸਰ ਹੋ। ਵੈਸੇ ਮੇਰੇ ਲਈ ਇਹ ਵੱਡੇ ਮਾਣ ਦੀ ਗੱਲ ਸੀ ਕਿ ਮੈਨੂੰ ਹਮੇਸ਼ਾਂ ਵਾਂਗ ਫੌਜ ਦੇ ਸਿਰੇ ਦੇ ਜਰਨੈਲ ਵੀ 'ਫੌਜੀ' ਹੀ ਸਮਝ ਰਹੇ ਸਨ।

ਮੁੱਕਦੀ ਗੱਲ! ਆਪਣੇ ਆਪ ਨੂੰ ਫੌਜੀ ਤਾਂ ਹੀ ਕਹਾਇਆ ਜਾ ਸਕਦਾ ਹੈ; ਬਸ਼ਰਤੇ ਤੁਹਾਡੇ ਵਿਚ ਫੌਜ ਵਾਲੀ ਵਚਨਬੱਧਤਾ, ਅਨੁਸ਼ਾਸਨ ਤੇ ਪ੍ਰਤੀਬੱਧਤਾ ਹੋਵੇ। ਵਾਹਿਗੁਰੂ ਦੀ ਕ੍ਰਿਪਾ ਨਾਲ ਜੇ ਲੋਕ ਮੈਨੂੰ ਸਰਵਿਸ ਤੋਂ ਪਹਿਲਾਂ ਤੇ ਸਰਵਿਸ ਵਿਚ ਅਤੇ ਹੁਣ ਵੀ ਫੌਜੀ ਮੰਨਦੇ ਹਨ ਤਾਂ ਇਸ ਵਿਚ ਮੇਰੀ ਬੰਦਗੀ ਇੰਨੀ ਹੀ ਹੈ ਕਿ ਮੈਂ ਆਪਣੀ ਡਿਊਟੀ ਪ੍ਰਤੀ ਫੌਜੀਆਂ ਵਾਂਗ ਭਗਤੀ ਭਾਵਨਾ ਨਾਲ ਸਮਰਪਿਤ ਰਿਹਾ ਹਾਂ।

ਖੈਰ! ਮੈਨੂੰ ਇਕ ਵੱਡੀ ਤਸੱਲੀ ਇਹ ਹੈ ਕਿ ਸਾਰੀ ਸਰਵਿਸ ਦੌਰਾਨ ਖ਼ਾਸ ਕਰਕੇ ਖਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ ਵੇਲੇ ਬਤੌਰ ਡੀ.ਸੀ. ਰੋਪੜ ਤੇ ਫਿਰ ਲਗਾਤਾਰਤਾ ਵਿਚ ਡੀ.ਸੀ. ਫਿਰੋਜ਼ਪੁਰ ਤੇ ਗੁਰਦਾਸਪੁਰ ਵਿਖੇ ਮੈਂ ਕਾਰਗਿਲ ਦੀ ਲੜਾਈ ਦੇ ਸਮੇਂ ਸੰਨ 1999 ਤੋਂ 2000 ਤੱਕ ਤਿੰਨ ਬਾਰਡਰ ਜ਼ਿਲ੍ਹਿਆਂ ਦਾ ਡੀ.ਸੀ. ਰਹਿਣ ਸਦਕਾ ਆਰਮੀ ਦੇ ਇੰਨਾ ਨੇੜੇ ਹੋ ਗਿਆ ਕਿ ਹੁਣ ਤੱਕ ਵੀ ਮੇਰੇ ਦੋਸਤੀ ਜਾਂ ਵਧੀਆ ਜਾਣ-ਪਛਾਣ ਦੇ ਸਰਕਲ ਵਿਚ ਪੰਜ ਕੁ ਜਨਰਲ ਹਿੰਦਰਵੀ ਸਿੰਘ ਮਾਨ, ਜਨਰਲ ਨੰਦਰਯੋਗ, ਜਨਰਲ ਮਹਾਂਵੀਰ, ਜਨਰਲ ਤਰਲੋਚਨ ਸਿੰਘ, ਜਨਰਲ ਉਦੈਭਾਨ ਸਿੰਘ ਸਿੱਧੂ ਤੇ ਬ੍ਰਿਗੇਡੀਅਰ ਹਰਵੰਤ ਸਿੰਘ ਤੇ ਬ੍ਰਿਗੇਡੀਅਰ ਕਾਹਲੋਂ, ਬ੍ਰਿਗੇਡੀਅਰ ਸੰਧੂ, ਬ੍ਰਿਗੇਡੀਅਰ ਚਾਂਦਪੁਰੀ, ਬ੍ਰਿਗੇਡੀਅਰ ਜੀ.ਜੇ ਸਿੰਘ ਅਤੇ ਕਿੰਨੇ ਹੀ ਨਾਮੀਂ ਕਰਨਲਾਂ ਤੋਂ ਇਲਾਵਾ ਹਰ ਰੈਂਕ ਦੇ ਫੌਜੀ ਅਫ਼ਸਰਾਂ ਤੇ ਸੈਨਿਕਾਂ ਦੇ ਨਾਮ ਸ਼ੁਮਾਰ ਹਨ। ਮੇਰੇ ਲਈ ਹੋਰ ਵੀ ਸਕੂਨ ਦੀ ਗੱਲ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਦੇ ਅਨੇਕਾਂ ਐੱਕਸ-ਸਰਵਿਸਮੈੱਨ ਅੱਜ ਵੀ ਜਦੋਂ ਕਿਤੇ ਮਿਲਦੇ ਹਨ ਤਾਂ ਮੈਨੂੰ ਲੋੜੋਂ ਵੱਧ ਮਾਣ-ਸਤਿਕਾਰ ਦਿੰਦੇ ਹਨ।

ਮੈਂ ਸਮਝਦਾ ਹਾਂ ਕਿ ਬਤੌਰ ਡੀ.ਸੀ. ਤੇ ਕਮਿਸ਼ਨਰ ਆਰਮੀ ਦੇ ਜਿੰਨੇ ਫੰਕਸ਼ਨਾਂ ਵਿਚ ਮੈਨੂੰ ਸ਼ਿਰਕਤ ਕਰਨ ਦਾ ਮੌਕਾ ਮਿਲਿਆ ਉਹ ਯਕੀਨਨ ਹੀ ਫੌਜੀਆ ਨਾਲ ਤਾਲਮੇਲ ਦੇ ਪੱਖੋਂ ਸਾਡੇ 'ਪ੍ਰਸ਼ਾਸਨ ਤੇ ਕੱਦ-ਬੁੱਤ ਪੱਖੋਂ ਦੇਵ-ਕੱਦ ਪਿਤਾਮਾ' 1965 ਦੇ ਤੱਤਕਾਲੀਨ ਡੀ.ਸੀ. ਫਿਰੋਜ਼ਪੁਰ ਕੁਲਦੀਪ ਸਿੰਘ ਵਿਰਕ ਅਤੇ 1971 ਦੇ ਡੀ.ਸੀ. ਸਵਰਨ ਸਿੰਘ ਬੋਪਾਰਾਏ ਨਾਲੋਂ ਵੱਧ ਹੋਣਗੇ। ਇਹ ਮੇਰੇ ਲਈ ਮਾਣ ਦੀ ਗੱਲ ਹੈ ਕਿ ਬਤੌਰ ਡੀ.ਸੀ. ਫਿਰੋਜ਼ਪੁਰ ਹਰੀਕੇ ਪੱਤਣ ਦੇ ਪੁੱਲ 'ਤੇ ਦਰਿਆ ਸਤਲੁਜ ਵਿਚੋਂ ਹਾਈਸਿੰਥ ਭਾਵ ਕਲਾਲ ਬੂਟੀ ਕੱਢਣ ਲਈ ਆਰਮੀ-ਸਿਵਲ ਜੁਆਇੰਟ ਸਦਭਾਵਨਾ ਉਪਰੇਸ਼ਨ ਵਾਸਤੇ ਮੈਨੂੰ ਆਰਮੀ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਇਸ ਤਰ੍ਹਾਂ ਹੀ ਡੀ.ਸੀ. ਫਿਰੋਜ਼ਪੁਰ ਤੇ ਉਪਰੰਤ ਚਾਰ ਸਾਲ ਬਾਅਦ ਕਮਿਸ਼ਨਰ ਫਿਰੋਜ਼ਪੁਰ ਵਜੋਂ ਰੁਖਸਤ ਹੋਣ 'ਤੇ 'ਗੋਲਡਨ ਐਰੋ' ਡਵੀਜ਼ਨ ਵੱਲੋਂ ਮੈਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ।



*Original with;*
Kulbir Singh Sidhu(I.A.S)
*Digitized by;*
Panjab Digital Library

ਖੈਰ! ਫੌਜੀ ਨੌਕਰੀ ਤੇ ਫੌਜੀਆਂ ਸਬੰਧੀ ਜ਼ਿਕਰਯੋਗ ਹੈ ਕਿ ਮੁਢਲਿਆਂ ਸਮਿਆਂ ਤੋਂ ਹੀ ਕੋਈ ਆਦਮੀ ਜਦੋਂ ਫੌਜ ਵਿਚ ਭਰਤੀ ਹੁੰਦਾ ਹੈ ਤਾਂ ਪਰਿਵਾਰਿਕ ਮਾਣ-ਮਰਿਆਦਾ ਤੇ ਸਖਸ਼ੀਅਤੀ ਸ਼ਾਨ ਦੇ ਆਦਰਸ਼ ਉਸ ਦੇ ਸਾਹਮਣੇ ਹੁੰਦੇ ਹਨ। ਅੱਜ ਵੀ ਫੌਜੀ ਸਾਰੀ ਉਮਰ ਉਸ ਮਾਣ-ਮਰਤਬੇ ਤੇ ਸ਼ਾਨ ਨੂੰ ਸਿਰਧੜ ਦੀ ਬਾਜ਼ੀ ਲਾ ਕੇ ਨਿਭਾਅ ਰਹੇ ਹਨ। ਇਸ ਦੇ ਉਲਟ ਬੇਸ਼ੱਕ ਸਾਡੇ ਸਮਾਜ ਦੇ ਵਿਚ ਫੌਜੀਆਂ ਦੀ ਉਨੀ ਕਦਰ ਨਹੀਂ ਰਹੀ, ਜਿੰਨੀ ਕਿ ਕੁਝ ਕੁ ਸਮਾਂ ਪਹਿਲਾਂ ਹੁੰਦੀ ਸੀ। ਹੋਰ ਤਾਂ ਹੋਰ ਅੱਜ ਕੱਲ੍ਹ ਦੀਆਂ ਕੁੜੀਆਂ ਵੀ ਆਮ ਤੌਰ 'ਤੇ ਸਾਡੇ ਇਕ ਲੋਕ ਗੀਤ 'ਫੌਜੀ ਨੂੰ ਨਾ ਦੇਈਂ ਬਾਬਲਾ ਉਹ ਸਣੇ ਬੂਟ ਲੱਤ ਮਾਰੇ' ਅਨੁਸਾਰ ਫੌਜੀਆਂ ਨਾਲ ਵਿਆਹ ਕਰਾਉਣ ਨੂੰ ਕੋਈ ਬਹੁਤੀ ਤਰਜੀਹ ਨਹੀਂ ਦਿੰਦੀਆਂ। ਪਰ ਫਿਰ ਪਤਾ ਨਹੀਂ ਕਿ ਪ੍ਰਮਾਤਮਾ ਨੂੰ ਕੀ ਮਨਜ਼ੂਰ ਹੈ ਕਿ ਅੱਜ ਦਾ ਸਮਾਜ ਉਸ ਤੋਂ ਰੰਮ ਦੀ ਬੋਤਲ ਤੋਂ ਲੈ ਕੇ ਉਸ ਦੀ ਕੁਰਬਾਨੀ ਤੱਕ ਬੱਸ ਕੁਝ ਨਾ ਕੁਝ ਮੰਗਦਾ ਹੀ ਰਹਿੰਦਾ ਹੈ।

ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਫੌਜੀ ਦਾ ਸ਼ਰੀਕਾ ਵੀ ਸਾਡੇ ਵਿਚੋਂ ਹੀ ਹੁੰਦਾ ਹੈ। ਇਸ ਕਰਕੇ ਅਸੀਂ ਉਸ ਦੇ ਭਰਾ-ਭਾਈ ਦਿਲੋਂ ਨਹੀਂ ਚਾਹੁੰਦੇ ਕਿ ਉਹ ਆਪਣੀ ਜ਼ਮੀਨ-ਜਾਇਦਾਦ ਦਾ ਸਾਡੇ ਬਰਾਬਰ ਦਾ ਹੱਕਦਾਰ ਬਣੇ। ਕਈ ਮਾੜੇ ਬੰਦੇ ਤਾਂ ਦਿਲੋ-ਦਿਲੀ ਇਹ ਚਾਹੁੰਦੇ ਹਨ ਕਿ ਫੌਜੀ ਦੀ ਕਿਤੇ ਸਰਹੱਦ 'ਤੇ ਹੀ ਅਲਖ ਮੁੱਕ ਜਾਵੇ, ਪਰ ਅੱਗੇ ਉਨ੍ਹਾਂ ਦੀ ਕਰਮ-ਕਿਸਮਤ ਹੈ, ਜਿਵੇਂ ਕਿ ਸ਼ਾਇਰ '**ਮਸਤ ਕਲਕੱਤਵੀ**' ਦਾ ਕਹਿਣਾ ਹੈ ਕਿ :-

ਮੁਦੱਈ ਲਾਖ ਬੁਰਾ ਚਾਹੇ ਤੋ ਕਿਆ ਹੋਤਾ ਹੈ
ਵਹੀ ਹੋਤਾ ਹੈ ਜੋ ਮਨਜ਼ੂਰੇ-ਖੁਦਾ ਹੋਤਾ ਹੈ

ਖ਼ੈਰ! ਇਸ ਅਨੁਸਾਰ ਇਹ ਤਾਂ ਠੀਕ ਹੈ ਸ਼ਰੀਕੇ ਦੇ ਕਾਵਾਂ ਤੇ ਗਿਰਝਾਂ ਰੂਪੀ ਬੰਦਿਆਂ ਦੇ ਕਹਿਣ ਅਨੁਸਾਰ ਤਾਂ ਫੌਜੀ ਨਹੀਂ ਮਰਦੇ। ਹਾਂ ਇੰਨਾ ਜ਼ਰੂਰ ਹੈ ਕਿ ਇਹ ਮਾੜਾ ਸ਼ਰੀਕਾ ਫੌਜੀਆਂ ਦਾ ਜਿਊਣਾ ਦੁਭਰ ਕਰ ਦਿੰਦੇ ਹਨ। ਜਦੋਂ ਫੌਜੀ ਆਪਣੀ ਡਿਊਟੀ 'ਤੇ ਹੁੰਦਾ ਹੈ ਤਾਂ ਉਸ ਨੂੰ ਬਹੁਤ ਹੀ ਥੋੜੇ ਸਮੇਂ ਲਈ ਘਰ ਆਉਣ ਦੀ ਛੁੱਟੀ ਮਿਲਦੀ ਹੈ। ਮੰਦੇ ਭਾਗੀਂ ਜੇ ਕਿਤੇ ਉਸ ਦਾ ਆਪਣੇ ਕਬੀਲੇ-ਸ਼ਰੀਕੇ ਨਾਲ ਜੇ ਕੋਈ ਖਾਲ ਜਾਂ ਵੱਟ ਦਾ ਰੌਲਾ ਪੈ ਜਾਵੇ ਜਾਂ ਦਰੁਸਤੀ-ਗਿਰਦਾਵਰੀ ਤੇ ਤਕਸੀਮ ਦਾ ਕੇਸ ਥਾਣੇ-ਕਚਹਿਰੀ ਚੱਲ ਪਵੇ ਤਾਂ ਸਮਝੋ ਕਿ ਫੌਜੀ ਬਾਈ ਸਿਹੁੰ ਦੇ ਮਾੜੇ ਦਿਨ ਸ਼ੁਰੂ ਹੋ ਗਏ ਹਨ।

ਫੌਜੀ ਥਾਣੇ-ਕਚਹਿਰੀ ਜਾਂਦਾ ਹੈ ਤਾਂ ਅਫਸੋਸ ਦੀ ਗੱਲ ਹੈ ਕਿ ਉਸ ਦੇ ਨਾਲ ਪਿੰਡ ਦਾ ਮੋਹਤਬਰ ਬੰਦਾ ਤਾਂ ਕੀ ਸਗੋਂ ਕਹਿੰਦੇ ਹਨ ਕਿ ਪਿੰਡ ਦਾ ਕੁੱਤਾ ਵੀ ਨਹੀਂ ਤੁਰਦਾ। ਕਿਉਂਕਿ ਦੂਜੇ ਪਾਸੇ ਜੋ ਭਰਾ ਜਾਂ ਸ਼ਰੀਕ ਪਿੰਡ ਰਹਿੰਦੇ ਹਨ, ਉਨ੍ਹਾਂ ਦਾ ਪੱਖ ਪੂਰਨ ਲਈ ਸਾਰਾ ਪਿੰਡ ਜੁੜ ਜਾਂਦਾ ਹੈ। ਪਿੰਡ ਵਸਦੇ ਭਰਾਵਾਂ ਦੀਆਂ ਤਾਂ ਸਿਫਾਰਿਸ਼ਾਂ ਵੀ ਥਾਣੇ-ਕਚਹਿਰੀਆਂ ਵਿਚ ਲੱਗ ਜਾਂਦੀਆਂ ਹਨ ਕਿਉਂਕਿ ਉਹ ਅਫ਼ਸਰਾਂ ਤੇ ਕਰਮਚਾਰੀਆਂ ਨਾਲ ਸੇਵਾ-ਪਾਣੀ ਦੇ ਨਾਮ 'ਤੇ ਆਪਣੀ ਪੁੱਛ-ਪ੍ਰਤੀਤ ਬਣਾ ਲੈਂਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਪਰ ਫੌਜੀ ਸਾਡੇ ਇਨ੍ਹਾਂ ਸਾਰੇ ਨਵੇਂ ਤੌਰ-ਤਰੀਕਿਆਂ ਤੇ ਲੂੰਬੜ ਚਾਲਾਂ ਤੋਂ ਅਣਭਿੱਜ ਹੁੰਦੇ ਹਨ। ਇਸ ਵਾਸਤੇ ਉਨ੍ਹਾਂ ਦੇ ਵਿਰੋਧੀ ਵਕੀਲ ਵੱਲੋਂ ਬੱਸ ਗਲਾ ਖਰਾਬ ਹੋਣ ਦੀ ਇਕ ਫਰਿਆਦ ਹੀ ਕਿਸੇ ਕੇਸ ਵਿਚ ਮਹੀਨੇ ਕੁ ਦੀ ਤਾਰੀਖ ਪੁਆਉਣ ਲਈ ਕਾਫੀ ਹੁੰਦੀ ਹੈ। ਇਸ ਤਰ੍ਹਾਂ ਬੱਸ ਫੌਜੀ ਦੀ ਛੁੱਟੀ ਦੀ ਮਿਆਦ ਮੁੱਕ ਜਾਂਦੀ ਹੈ ਤੇ ਫੌਜੀ ਵੀਰ "ਲੌਟ ਕੇ ਬੁੱਧੂ ਘਰ ਕੋ ਆਏ" ਵਰਗੀ ਸਥਿਤੀ ਵਿਚ ਡਿਊਟੀ 'ਤੇ ਵਾਪਸ ਕੂਚ ਕਰ ਜਾਂਦੇ ਹਨ। ਅਸੀਂ ਫੌਜੀਆਂ ਪ੍ਰਤੀ ਆਪਣੇ ਵਰਤ-ਵਰਤੀਰੇ ਵਿਚ ਗਿਰਗਿਟ ਵਾਂਗੂੰ ਰੰਗ-ਬਦਰੰਗ ਹੁੰਦੇ ਰਹਿੰਦੇ ਹਾਂ।

ਵੈਸੇ ਅਜਿਹੀ ਗੱਤ-ਦੁਰਗੱਤ ਹੀ ਤਕਰੀਬਨ ਹੋਰ ਸਾਰੇ ਕਰਮਚਾਰੀ ਵਰਗਾਂ ਦੀ ਵੀ ਹੁੰਦੀ ਹੈ। ਫ਼ਰਕ ਸਿਰਫ਼ ਇੰਨਾ ਹੀ ਹੁੰਦਾ ਹੈ ਕਿ ਫੌਜੀ ਆਪਣੇ ਸੂਬੇ ਤੋਂ ਬਹੁਤ ਦੂਰ ਡਿਊਟੀ 'ਤੇ ਤਾਇਨਾਤ ਹੁੰਦੇ ਹਨ, ਪਰ ਜ਼ਿਆਦਾਤਰ ਸਿਵਲ ਅਧਿਕਾਰੀ ਤੇ ਕਰਮਚਾਰੀ ਅਕਸਰ ਪੰਜਾਬ ਵਿਚ ਹੀ ਨੌਕਰੀ ਕਰਦੇ ਹਨ; ਇਉਂ ਉਨ੍ਹਾਂ ਦਾ ਲੋਕਲ ਪੱਧਰ 'ਤੇ ਅਸਰ-ਰਸੂਖ ਫੌਜੀਆਂ ਨਾਲੋਂ ਜ਼ਿਆਦਾ ਹੁੰਦਾ ਹੈ ਤੇ ਇਨ੍ਹਾਂ ਦੀ ਛੋਤ-ਝਾੜ ਤੇ ਬਾਬ ਘੱਟ ਹੁੰਦੀ ਹੈ। ਪਰ ਰੱਬ ਨਾ ਕਰੇ ਜੇ ਕਿਤੇ ਜ਼ਮੀਨ-ਜਾਇਦਾਦ ਦਾ ਕੋਈ ਲੜਾਈ-ਝਗੜਾ ਪੈ ਜਾਵੇ ਤਾਂ ਤਕਰੀਬਨ ਸਾਰੇ ਕਰਮਚਾਰੀ ਹੀ ਕੁਝ ਕੁ ਮਾਇਕ ਪੱਖੋਂ ਤੇ ਕੁਝ ਕੁ ਮਾਰ-ਖੋਰੇ ਨਾ ਹੋਣ ਕਰਕੇ ਆਪਣੇ ਪਿੰਡਾਂ ਵਿਚ ਕਾਇਮ-ਮੁਕਾਮ ਭਰਾਵਾਂ ਤੋਂ ਮਾਰ ਹੀ ਖਾਂਦੇ ਹਨ।

ਸ਼ਪੱਸ਼ਟ ਹੈ ਕਿ ਆਮ ਤੌਰ 'ਤੇ ਅਧਿਕਾਰੀ ਅਮਨ-ਅਮਾਨ ਦੇ ਮਾਹੌਲ ਵਿਚ ਰਹਿੰਦੇ-ਰਹਿੰਦੇ ਖੁਦ ਅਮਨ-ਪਸੰਦ ਹੋ ਜਾਂਦੇ ਹਨ, ਪਰ ਉਧਰ ਦੂਜੇ ਪਾਸੇ ਉਨ੍ਹਾਂ ਦੇ ਪੇਂਡੂ ਭਰਾਵਾਂ ਨੂੰ ਥਾਣੇ-ਹਵਾਲਾਤ ਦੇ ਅੰਦਰ ਜਾਂ ਬਾਹਰ ਰਹਿਣ ਦਾ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ। ਦਰਅਸਲ, ਨੌਕਰੀ ਕਰਨ ਵਾਲੇ ਤਾਂ ਕਲਮ ਦੀ ਮਾਰ ਨਾਲ ਹੀ ਮਰ ਜਾਂਦੇ ਹਨ ਅਤੇ ਦੂਜੇ ਪਾਸੇ ਪਿੰਡਾਂ ਵਾਲੇ ਤਾਂ ਡਾਂਗ ਮਾਰਿਆ ਵੀ ਨਹੀਂ ਮਰਦੇ। ਇਹ ਹੀ ਕਾਰਨ ਹੈ ਕਿ ਜਿਹੜੇ ਕਰਮਚਾਰੀ ਜ਼ਮੀਨਾਂ ਦੇ ਮਾਲਕ ਹਨ, ਉਨ੍ਹਾਂ ਦੇ ਸ਼ਰੀਕ ਉਨ੍ਹਾਂ ਦੇ ਖਿਲਾਫ ਅਰਜੀ-ਪਰਚੇ ਪਾਈ ਹੀ ਰੱਖਦੇ ਹਨ।

ਬਹਿਰਹਾਲ ਰਿਟਾਇਰਮੈਂਟ ਤੋਂ ਬਾਅਦ ਫੌਜੀ ਤੇ ਖਾਸ ਤੌਰ 'ਤੇ ਫੌਜੀ ਅਫਸਰ ਵੀ ਇਕ ਗੱਲ ਨਹੀਂ ਭੁੱਲਦੇ ਕਿ ਹੁਣ ਉਹ ਆਪਣੇ ਫੌਜ ਵਾਲੇ ਮਾਹੌਲ ਵਿਚ ਨਹੀਂ ਹਨ। ਅਕਸਰ ਉਹ ਭੁੱਲ ਜਾਂਦੇ ਹਨ ਕਿ ਹੁਣ ਉਹ ਦਿਨ ਨਹੀਂ ਰਹੇ ਜਦੋਂ ਕਿ ਜਵਾਨੀ ਵਿਚ 'ਖਲੀਲ ਖਾਂ ਫ਼ਾਖਤਾ ਭਾਵ ਕਬੂਤਰ ਉਡਾਇਆ ਕਰਦੇ ਸਨ।' ਇਸ ਲਈ ਉਨ੍ਹਾਂ ਨੂੰ ਵੀ ਸਮਾਜ ਦੇ ਦੂਜੇ ਵਰਗਾਂ ਨਾਲ ਭੈਣ-ਭਾਈਆਂ ਵਾਂਗੂੰ ਹੀ ਰਹਿਣ ਦੀ ਲੋੜ ਹੈ।

ਮੈਨੂੰ ਖਿਆਲ ਆਇਆ ਕਿ ਇਹ ਹੀ ਫੌਜੀ ਜਦੋਂ ਮੋਰਚਿਆਂ 'ਤੇ ਹੁੰਦੇ ਹਨ ਤਾਂ ਇਨ੍ਹਾਂ ਨੂੰ ਸਮਾਜ ਅੱਬਾ-ਅੱਬਾ ਕਹਿੰਦਾ ਫਿਰਦਾ ਹੈ। ਭਲਾ ਹੋਵੇ ਸਾਡੀਆਂ ਸੁਆਣੀਆਂ ਦਾ ਕਿ ਉਹ ਜੰਗ ਵੇਲੇ ਫੌਜੀ ਵੀਰਾਂ ਨੂੰ ਚੂੜੀਆਂ ਤੇ ਕਾਂਟੇ ਵੀ ਅਰਪਣ ਕਰ ਦਿੰਦੀਆਂ ਹਨ। ਸ਼ਹੀਦ ਸੈਨਿਕਾਂ ਦੇ ਨਾਂਅ 'ਤੇ ਸਕੂਲਾਂ ਤੇ ਸੜਕਾਂ ਦੇ ਨਾਮ ਰੱਖੋ



*Original with;*
Kulbir Singh Sidhu(I.A.S)
*Digitized by;*
Panjab Digital Library

ਜਾਂਦੇ ਹਨ। ਜ਼ਿਲ੍ਹਿਆਂ ਦੇ ਉੱਚ ਅਧਿਕਾਰੀ ਉਨ੍ਹਾਂ ਦੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਿੰਦੇ ਹਨ, ਪਰ ਬਾਅਦ ਵਿਚ ਜ਼ਿਲ੍ਹਾ ਪ੍ਰਸ਼ਾਸਨ ਕਦੀ ਸ਼ਹੀਦ ਫੌਜੀ ਵੀਰਾਂ ਦੇ ਬੱਚਿਆਂ ਦੀ ਬਾਤ ਤੱਕ ਨਹੀਂ ਪੁੱਛਦਾ ਤੇ ਸਿਤਮ ਇਹ ਹੈ ਕਿ ਬਹੁਤੇ ਥਾਈਂ ਤਾਂ ਆਪਣੇ ਸ਼ਹੀਦਾਂ ਨੂੰ ਉਨ੍ਹਾਂ ਨਗਰਾਂ ਦੇ ਲੋਕ ਵੀ ਨਹੀਂ ਸਿਆਣਦੇ।

ਅਸੀਂ ਭੁੱਲ ਗਏ ਹਾਂ ਕਿ ਇਹ ਸਾਡੇ ਸ਼ਹੀਦ ਜਾਂ ਸਵੰਤਰਤਾ ਸੰਗਰਾਮੀ ਹੀ ਹਨ, ਜਿਨ੍ਹਾਂ ਸਦਕਾ ਸਾਡੀ ਹੋਂਦ ਅਤੇ ਸਾਡੇ ਹੁਣ ਦੇ ਸਮਾਜਿਕ ਮਾਣ-ਮਰਾਤਬੇ ਹਨ। ਅਸੀਂ ਅਹਿਸਾਨ ਫਰਾਮੋਸ਼ ਜਿਹੇ ਬਣ ਕੇ ਇਹ ਭੁੱਲ ਜਾਂਦੇ ਹਾਂ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਸੁੱਖ ਦੀ ਨੀਂਦ ਸੌਂਦੇ ਹਾਂ। ਪਰ ਉਨ੍ਹਾਂ ਪ੍ਰਤੀ ਜੋ ਸਾਡੇ ਕਿਰਦਾਰ ਤੇ ਸਾਡੇ ਅਮਲ ਦਾ ਫਰਕ ਹੈ; ਉਸ ਤੋਂ ਸਾਡੀ ਕਥਨੀ ਤੇ ਕਰਨੀ ਦੇ ਫਾਸਲੇ ਦਾ ਪਤਾ ਲੱਗਦਾ ਹੈ; ਇਹ ਫਾਸਲਾ ਇੰਨਾਂ ਹੈ ਜਿੰਨਾਂ ਕਿ ਮਹਾਨ ਦਾਰਸ਼ਨਿਕ ਸੁਕਰਾਤ ਅਤੇ ਸਾਡੇ ਦਰਮਿਆਨ ਵਿਦਵਤਾ ਤੇ ਸਮੇਂ ਦੀ ਦੂਰੀ ਹੈ। ਸਾਡੇ ਸੈਨਿਕਾਂ ਦੀ ਬੇਕਦਰੀ ਦਾ ਮਸਲਾ ਅਤਿ ਗੰਭੀਰ ਹੈ, ਜਿਸ ਨੂੰ ਕਿ ਬਹੁਤ ਹੀ ਸੰਜੀਦਗੀ ਨਾਲ ਵਿਚਾਰਦੇ ਹੋਏ ਸਮੇਂ ਦੀਆਂ ਸਰਕਾਰਾਂ, ਸਮਾਜਾਂ ਤੇ ਸਮੁੱਚੇ ਅਵਾਮ ਵਲੋਂ ਫੌਜੀਆਂ ਦੇ ਇੱਜ਼ਤ-ਓ-ਇਕਬਾਲ ਦੀ ਬਹਾਲੀ ਵਾਸਤੇ ਕੋਈ ਠੋਸ ਤੇ ਨਿੱਗਰ ਨੀਤੀ 'ਤੇ ਅਮਲ ਕਰਨ ਦੀ ਲੋੜ ਹੈ।

ਇਸ ਵਾਸਤੇ ਇਹ ਨੇਕ ਕਰਮ ਕਰਨ ਹਿੱਤ ਸਾਨੂੰ ਚਿੜੀਆਂ ਦੇ ਖੇਤ ਚੁਗ ਜਾਣ ਤੋਂ ਪਹਿਲਾਂ ਆਪਣੇ ਸੈਨਿਕਾਂ ਦੀ ਖ਼ੁਸ਼ਹਾਲ ਵਿਰਾਸਤ ਨੂੰ ਸੰਭਾਲਣ ਦੀ ਲੋੜ ਹੈ। ਫਿਰ ਖ਼ਾਸ ਕਰਕੇ ਜਦੋਂ ਹੁਣ ਦੇਸ਼ ਦੀਆਂ ਸਰਹੱਦਾਂ 'ਤੇ ਕਾਲ੍ਹੀ-ਬੋਲ੍ਹੀ ਹਨੇਰੀ ਝੁੱਲੀ ਹੈ ਤਾਂ ਸਾਨੂੰ ਫੌਰੀ ਤੌਰ 'ਤੇ ਫੌਜੀਆਂ ਵਿਚ ਪੈਦਾ ਹੋ ਰਹੀ ਪ੍ਰੇਸ਼ਾਨੀ ਦਾ ਬੇਮਤਲਬ ਜਿਹਾ ਝੁਲਿਆ ਝੱਖੜ-ਝੋਲ੍ਹਾ ਠੱਲ੍ਹਣ ਦੀ ਲੋੜ ਹੈ। ਇਸ ਸਬੰਧ ਵਿਚ ਹੁਣ ਬਹੁਤ ਦੇਰ ਹੋਣ ਤੋਂ ਪਹਿਲਾਂ ਹੀ ਸਾਨੂੰ ਫੌਜ ਵਿਚ ਉਭਰ ਰਹੀ ਬੇਚੈਨੀ ਦਾ ਹੱਲ ਕਰਨ ਦੀ ਬੜੀ ਲੋੜ ਹੈ। ਇਸ ਵਾਸਤੇ ਅਜ ਸਾਨੂੰ ਆਪਣੀ ਇਕ ਪੁਰਾਣੀ ਲੋਕ ਬੋਲੀ 'ਬਾਬੇ ਦੀ ਤੂੜੀ ਖਿਲਰ ਗਈ, ਕਰਦੇ ਬੱਚਾ ਇਕੱਠੀ' ਅਨੁਸਾਰ ਕੋਈ ਹੋਸ਼ ਦੀ ਦਵਾ-ਦਾਰੂ ਕਰਨ ਲਈ ਕਿਸੇ ਭਲੇ ਬੰਦੇ ਤੋਂ ਕੋਈ ਸਬਕ-ਸਿੱਖਿਆ ਲੈਣ ਦੀ ਲੋੜ ਹੈ।

ਇਸ ਬਹੁਤ ਹੀ ਸੰਜੀਦਾ ਤੇ ਅਹਿਮ ਪੱਖ ਨੂੰ ਇਸ ਲਈ ਵੀ ਸਮਝਣ ਦੀ ਲੋੜ ਹੈ ਕਿ ਕੌਮੀ ਪੱਧਰ 'ਤੇ ਕਿਤੇ ਇਹ ਭਾਣਾ ਹੀ ਨਾ ਵਾਪਰ ਜਾਵੇ ਕਿ ਸਾਡੀ ਫੌਜ ਹੁਣ ਸੰਸਾਰ ਦੀਆਂ ਸ਼੍ਰੋਮਣੀ ਫੌਜਾਂ ਵਿਚੋਂ ਸਿਰਕੱਢ ਕਹਾਉਂਦੀ-ਕਹਾਉਂਦੀ; ਹੁਣ ਕਿਤੇ ਅਜਿਹੇ ਮਾੜੇ ਮੁਕਾਮ ਨੂੰ ਹੀ ਨਾ ਜਾ ਪਹੁੰਚੇ। ਜਿਸ ਵਾਸਤੇ ਸਾਨੂੰ ਕੱਲ੍ਹ ਨੂੰ ਦੁਨੀਆਂ ਦੀਆਂ ਛਿਥੀਆਂ-ਚੋਭਾਂ ਸੁਣਨੀਆਂ ਪੈਣ। ਇਸ ਲਈ ਸਾਨੂੰ ਫੌਰੀ ਤੌਰ 'ਤੇ ਨਿਯਮਬੱਧ ਤੇ ਸਮਾਂਬੱਧ ਤਰੀਕੇ ਨਾਲ ਹੁਣ ਹੀ ਕਰਮਸ਼ੀਲ ਹੋਣ ਦੀ ਲੋੜ ਹੈ। ਨਹੀਂ ਤਾਂ; ਕਿਤੇ ਇਹ ਨਾ ਹੋ ਜਾਵੇ ਕਿ ਸਾਡੇ ਵਲੋਂ ਇਸ ਬੇਲੋੜੀ ਦੇਰੀ ਦੇ ਕਾਰਨ ਵਤਨ ਦੀ ਆਬਰੂ ਸਚਮੁੱਚ ਹੀ ਖ਼ਤਰੇ ਵਿਚ ਪੈ ਜਾਵੇ।



Original with;
Kulbir Singh Sidhu(I.A.S)
Digitized by;
Panjab Digital Library

# ਕਿਥੇ ਸਭਰਾਉਂ ਦੀ ਜੰਗ ਤੇ ਕਿਥੇ ਵੈਲਨਟਾਈਨ ਡੇਅ

ਸਭਰਾਉਂ ਦੀ ਲੜਾਈ ਤੇ 'ਵੈਲਨਟਾਈਨ ਡੇਅ' ਜਿਹਾ ਸਿਰਲੇਖ ਦੇਖ ਕੇ ਤਾਂ ਕੋਈ ਵੀ ਕਹੇਗਾ ਕਿ ਇਹ ਗੱਲ ਤਾਂ 'ਕਿੱਥੇ ਬੁਢੜੀ ਦਾ ਮਰਨਾ ਤੇ ਕਿੱਥੇ ਹਲ੍ਹ ਓਕੜੂ' ਵਾਲੀ ਬਣੀ ਖੜ੍ਹੀ ਹੈ ਕਿਉਂਕਿ ਇਹ ਘਟਨਾਵਾਂ ਕਿਸੇ ਤਰ੍ਹਾਂ ਵੀ ਆਪਸ ਵਿਚ ਮੇਲ ਨਹੀਂ ਖਾਂਦੀਆਂ। ਪਰ ਜਦੋਂ ਅਸੀਂ ਪੰਜਾਬ ਦੇ ਇਤਿਹਾਸ ਵਿਚ 10 ਫਰਵਰੀ 1846 ਨੂੰ ਹੋਈ ਸਭਰਾਉਂ ਦੀ ਜੰਗ ਅਤੇ ਸ੍ਰ. ਸ਼ਾਮ ਸਿੰਘ ਅਟਾਰੀਵਾਲੇ ਜਿਹੇ ਸਾਡੇ ਕੌਮੀ ਸ਼ਹੀਦਾਂ ਤੇ ਸਪੂਤਾਂ ਨੂੰ ਅਣਗੌਲਿਆ ਕਰਦੇ ਹਾਂ ਤੇ ਦੂਜੇ ਪਾਸੇ 14 ਫਰਵਰੀ ਨੂੰ 'ਵੈਲਨਟਾਈਨ ਡੇਅ' ਦੇ ਜਸ਼ਨ ਮਨਾਉਂਦੇ ਹਾਂ ਤਾਂ ਇਹ ਕਹਾਵਤ ਸਾਡੇ ਸਮੁੱਚੇ ਸਮਾਜ ਦੀ ਫ਼ਿਤਰਤੀ ਅਕ੍ਰਿਤਘਣਤਾ, ਅਣਗਹਿਲੀ ਤੇ ਲਾਪ੍ਰਵਾਹੀ 'ਤੇ ਪੂਰਨ ਤੌਰ 'ਤੇ ਢੁਕਦੀ ਹੈ।

ਇਹ ਹੀ ਨਹੀਂ, ਸਗੋਂ ਹੋਰ ਵੀ ਦੁਖ ਦੀ ਗੱਲ ਹੈ ਕਿ ਐਂਗਲੋ-ਸਿਖ ਜੰਗ ਦੀ ਇਸ ਇਤਿਹਾਸਕ ਲੜਾਈ ਤੋਂ ਸਿਰਫ਼ ਡੇਢ-ਦੋ ਮਹੀਨੇ ਪਹਿਲਾਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਲਾਸਾਨੀ ਸਰਬੰਸਦਾਨ ਦੀ ਦੁਖਦਾਈ ਦਾਸਤਾਨ ਨੂੰ ਵਿਸਾਰ ਕੇ 25 ਦਸੰਬਰ ਨੂੰ 'ਕ੍ਰਿਸਮਿਸ' ਦੀਆਂ ਖ਼ੁਸ਼ੀਆਂ ਮਨਾਉਣ ਵਿਚ ਮਗਨ ਹੁੰਦੇ ਹਾਂ। ਜਦੋਂ ਕਿ ਉਨ੍ਹਾਂ ਦਿਨਾਂ ਵਿਚ ਹੀ ਅਸੀਂ ਸੰਨ 1845 ਦੀ ਪਹਿਲੀ ਐਂਗਲੋ-ਸਿੱਖ ਜੰਗ ਸਮੇਂ 18 ਦਸੰਬਰ ਨੂੰ ਮੁੱਦਕੀ ਤੇ ਫਿਰ 22 ਦਸੰਬਰ ਨੂੰ ਫੇਰੂ ਸ਼ਹਿਰ ਦੀਆਂ ਲੜਾਈਆਂ ਨੂੰ ਬਿਲਕੁਲ ਹੀ ਭੁੱਲੇ ਬੈਠੇ ਹੁੰਦੇ ਹਾਂ।

ਬੇਸ਼ੱਕ ਇਨ੍ਹਾਂ ਸੱਤ ਕੁ ਦਿਨਾਂ ਵਿਚ ਹੀ ਅਸੀਂ 20 ਦਸੰਬਰ ਤੋਂ 27 ਦਸੰਬਰ ਤੱਕ ਦਸਮੇਸ਼ ਪਿਤਾ ਵੱਲੋਂ ਅਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਪਰਿਵਾਰ ਵਿਛੋੜਾ ਤੋਂ ਚਮਕੌਰ ਸਾਹਿਬ ਤੱਕ ਦੀਆਂ ਲੜਾਈਆਂ ਵਿਚ ਵੱਡੇ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਤੇ ਸੂਰਬੀਰ-ਯੋਧਿਆਂ ਅਤੇ ਫਿਰ ਫਤਿਹਗੜ੍ਹ ਸਾਹਿਬ ਦੇ 'ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ' ਵਿਚ ਛੋਟੇ ਸਾਹਿਬਜ਼ਾਦਿਆਂ ਤੇ ਦਾਦੀ-ਮਾਤਾ ਗੁਜਰੀ ਜੀ ਦੀਆਂ ਅਮਰ ਸ਼ਹੀਦੀਆਂ ਨੂੰ ਮਨਾਉਂਦੇ ਤਾਂ ਹਾਂ, ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਕੁਲ ਮਿਲਾ ਕੇ ਸਾਡੇ ਰਾਗ-ਰੰਗ ਕੁਝ ਹੋਰ ਹੀ ਹੁੰਦੇ ਹਨ।

ਮੁੱਕਦੀ ਗੱਲ! ਹੁਣ ਇਉਂ ਆਪਣੇ ਗੁਰੂਆਂ, ਪੀਰਾਂ, ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਨੂੰ ਭੁੱਲਣਾ-ਭੁਲਾਉਣਾ ਸਾਡੀ ਫ਼ਿਤਰਤ ਹੀ ਬਣ ਗਈ ਹੈ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਨਵੀਂ ਤਹਿਜ਼ੀਬ ਦੀਆਂ ਨਵੀਆਂ ਫਿਜ਼ਾਵਾਂ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਅਸਰ ਤਹਿਤ ਇਸ ਤਰ੍ਹਾਂ ਪੰਜਾਬ ਦੇ ਕੁਰਬਾਨੀਆਂ ਭਰੇ ਇਤਿਹਾਸ ਤੇ ਸ਼ਾਨਾਮੱਤੇ ਸਭਿਆਚਾਰ ਨੂੰ ਅੱਖ-ਪ੍ਰੋਖੋਂ ਕਰਨਾ ਸਪੱਸ਼ਟ ਤੌਰ 'ਤੇ ਸਾਡੀ ਇਖ਼ਲਾਕੀ ਕਮਜ਼ੋਰੀ ਤੇ ਕੌਮੀ ਕੁਤਾਹੀ ਦਾ ਪ੍ਰਗਟਾਵਾ ਹੀ ਹੈ।

ਜ਼ਾਹਿਰ ਹੈ ਕਿ ਅਸੀਂ ਆਪਣੀਆਂ ਵਧੀਆ ਪ੍ਰੰਪਰਾਵਾਂ, ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਨੂੰ ਭੁੱਲਣ ਦੇ ਆਦੀ ਹੀ ਹੋ ਚੁੱਕੇ ਹਾਂ। ਫਿਰ ਦੁੱਖ ਦੀ ਗੱਲ ਇਹ ਹੈ ਕਿ ਸਾਡੀ ਸਮੁੱਚੀ ਕੌਮ ਇਸ ਸਾਰੇ ਘਾਤਿਕ ਵਰਤਾਰੇ ਦੀ ਮੂਕ ਦਰਸ਼ਕ ਬਣੀ ਬੈਠੀ ਹੈ। ਇਉਂ ਹੀ ਸਾਡੀਆਂ ਸਰਪ੍ਰਸਤ ਸਰਕਾਰਾਂ ਤੇ ਸਾਡੇ ਵਿਰਸੇ-ਵਿਰਾਸਤ ਦੇ ਅਲੰਬਰਦਾਰ ਇਸ ਸਭ ਕਾਸੇ ਦਾ ਦੋਸ਼ ਪੱਛਮੀ ਸਭਿਅਤਾ ਦੇ ਸਿਰ ਮੜ੍ਹ ਕੇ ਆਪਣੀ ਜ਼ਿੰਮੇਵਾਰੀ ਤੋਂ ਖਹਿੜਾ ਛੁਡਾ ਰਹੇ ਹਨ।

ਹੁਣ ਸਮਾਜ ਦੀਆਂ ਕੌਮੀ ਤੇ ਨੈਤਿਕ ਕਦਰਾਂ-ਕੀਮਤਾਂ ਦੀ ਗੱਲ ਨਾ ਤਾਂ ਅਸੀਂ ਆਪਣੇ ਘਰਾਂ ਵਿਚ ਆਪਣੇ ਬੱਚਿਆਂ ਨਾਲ ਕਰਦੇ ਹਾਂ ਤੇ ਨਾ ਹੀ ਸਕੂਲਾਂ ਤੇ ਕਾਲਜਾਂ ਵਿਚ ਕਿਸੇ ਵਚਨਬੱਧਤਾ ਨਾਲ ਸਰਕਾਰ ਤੇ ਸਿੱਖਿਆ ਸ਼ਾਸ਼ਤਰੀਆਂ ਵਲੋਂ ਵਿਦਿਆਰਥੀਆਂ ਨੂੰ ਗੁਰੂਆਂ, ਪੀਰਾਂ, ਮੁਰੀਦਾਂ ਤੇ ਕੌਮੀ ਸ਼ਹੀਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸਗੋਂ ਅੰਗਰੇਜ਼ਾਂ ਦੇ ਸਮੇਂ ਸੰਨ 1947 ਤੋਂ ਪਹਿਲਾਂ ਜੋ ਵੀ ਇਤਿਹਾਸ ਤੇ ਸਾਹਿਤ ਬਾਰੇ ਸਾਡੇ ਸਿਲੇਬਸਾਂ ਦੁਆਰਾ ਸਾਨੂੰ ਪੜ੍ਹਾਇਆ ਜਾਂਦਾ ਸੀ, ਬੱਸ ਉਸ ਤਰਜ਼ 'ਤੇ ਹੀ ਹੁਣ ਤੱਕ ਸਾਡੇ ਪਾਠਕ੍ਰਮ ਬਣ ਰਹੇ ਹਨ।

ਜੇ ਅਜ਼ਾਦੀ ਤੋਂ ਬਾਅਦ ਪਿਛਲੇ 65 ਸਾਲ ਵਿਚ ਸਾਡੇ ਵਿਦਿਅਕ ਢਾਂਚੇ ਦਾ ਲੇਖਾ-ਜੋਖਾ ਇਕ ਸਤਰ ਵਿਚ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਵਿਚ ਨੈਤਿਕ ਸਿੱਖਿਆ ਤੇ ਪੰਜਾਬੀ ਭਾਸ਼ਾ ਪੂਰਨ ਤੌਰ 'ਤੇ ਮਨਫੀ ਹੋ ਚੁਕੀ ਹੈ ਅਤੇ ਅੰਗਰੇਜ਼ੀ ਭਾਸ਼ਾ ਤੇ ਪੱਛਮੀ ਤਹਿਜ਼ੀਬ ਸਾਡੇ ਸਿਰ ਚੜ੍ਹ ਕੇ ਬੋਲ ਰਹੀ ਹੈ।

ਕਹਿੰਦੇ ਹਨ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਇਸ ਵਾਸਤੇ ਇਸ ਸੰਦਰਭ ਵਿਚ ਜੇ ਅਸੀਂ ਆਪ ਹੀ ਵੇਖੀਏ ਕਿ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਕੌਮ ਲਈ ਕੀਤੇ ਸਰਬੰਸਦਾਨ ਦੇ ਯੱਗ ਵਿਚ ਆਪਣੇ ਲ਼ੱਖਤੇ-ਜਿਗਰ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਤੇ ਸੈਂਕੜੇ ਪਿਆਰੇ ਸਿੰਘਾਂ ਦੀਆਂ ਅਹੂਤੀਆਂ ਦਸੰਬਰ 1705 ਦੇ ਅਖੀਰਲੇ ਹਫ਼ਤੇ ਵਿਚ ਪਾਈਆਂ ਗਈਆਂ ਸਨ। ਪਰ ਸਦ-ਅਫ਼ਸੋਸ ਕਿ ਇਨ੍ਹਾਂ ਦਿਨਾਂ ਵਿਚ ਅਸੀਂ ਆਪਣੀ ਕੌਮ ਦੇ ਇਨ੍ਹਾਂ ਮਸੀਹਿਆਂ ਤੇ ਕੌਮੀ ਸਪੂਤਾਂ ਦੀ ਇੰਨੀ ਵੱਡੀ ਲਾਸਾਨੀ ਸ਼ਹਾਦਤ 'ਤੇ ਕੋਈ ਡੂੰਘੇ ਦੁੱਖ-ਅਫਸੋਸ ਦਾ ਇਜ਼ਹਾਰ ਕਰਨ ਦੀ ਥਾਂ ਬਿਪਰਨ ਦੀ ਰੀਤ ਨਿਭਾਉਂਦੇ ਹੋਏ ਕ੍ਰਿਸਮਿਸ ਦੀਆਂ ਖੁਸ਼ੀਆਂ ਮਨਾਉਂਦੇ ਹਾਂ। ਫਿਰ ਸਿਤਮ ਤਾਂ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਅਸੀਂ ਸ਼ਰਾਬ ਦੇ ਠੇਕਿਆਂ 'ਤੇ ਖੜ੍ਹੇ 'ਗਲਾਸੀਆਂ' ਨੂੰ 'ਖੜਤਾਲਾਂ' ਵਾਂਗੂੰ ਖੜਕਾਉਂਦੇ ਫਿਰਦੇ ਹਾਂ।

ਇਸ ਤਰ੍ਹਾਂ ਹੀ ਪੰਜਾਬ ਦੇ ਇਤਿਹਾਸ ਵਿਚ 5 ਫਰਵਰੀ 1762 ਨੂੰ ਵੱਡਾ



*Original with;*
Kulbir Singh Sidhu(I.A.S)
*Digitized by;*
Panjab Digital Library

ਘੱਲੂਘਾਰਾ ਹੋਇਆ, ਜਿਸ ਵਿਚ ਸਿੱਖ ਮਿਸਲਾਂ ਦੇ ਸਾਰੇ ਜਥੇਦਾਰਾਂ, ਸਰਦਾਰਾਂ ਤੇ ਉਨ੍ਹਾਂ ਦੇ ਸੂਰਬੀਰ ਯੋਧਿਆਂ ਨੇ ਅਹਿਮਦ ਸ਼ਾਹ ਅਬਦਾਲੀ ਵਲੋਂ ਪੰਜਾਬੀਆਂ ਦੀ ਨਸਲਕੁਸ਼ੀ ਲਈ ਕੀਤੇ ਘਾਣ ਵਿਰੁੱਧ ਖੰਡਾ ਖੜਕਾਇਆ। ਇਸ ਲੜਾਈ ਵਿਚ ਤਕਰੀਬਨ 25 ਹਜ਼ਾਰ ਬੱਚਿਆਂ, ਬੁੱਢਿਆਂ ਤੇ ਔਰਤਾਂ ਸਮੇਤ ਸੂਰਬੀਰ ਸਿੰਘਾਂ ਦਾ ਕਤਲੇਆਮ ਹੋਇਆ। ਇਸ ਤੋਂ ਪਹਿਲਾਂ 15 ਮਈ 1746 ਨੂੰ ਵੀ ਛੋਟੇ ਘੱਲੂਘਾਰੇ ਦੇ ਰੂਪ ਵਿਚ ਪੰਜਾਬੀ ਕੌਮ ਨੂੰ ਮੌਤ ਤੇ ਸੰਘਾਰ ਦਾ ਸੰਤਾਪ ਭੋਗਣਾ ਪਿਆ ਸੀ, ਇਹ ਸਭ ਕੁਝ ਹੁਣ ਅਸੀਂ ਮਨੋਂ ਹੀ ਵਿਸਾਰ ਦਿੱਤਾ ਹੈ।

ਗੌਰਤਲਬ ਹੈ ਕਿ ਅਸੀਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦੇ ਸੂਰਬੀਰ ਸ਼ਹੀਦਾਂ ਨੂੰ ਵੀ ਹੁਣ ਭੁਲਾ ਹੀ ਦਿੱਤਾ ਹੈ। ਇਸ ਪ੍ਰਸੰਗ ਵਿਚ 10 ਫਰਵਰੀ 1846 ਦਾ ਉਹ ਨਿਰਣਾਇਕ ਦਿਹਾੜਾ ਹੈ ਕਿ ਜਿਸ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ 'ਸਿੱਖ ਰਾਜ' ਦੀ ਖੁਦਮੁਖਤਿਆਰੀ ਤੇ ਖੁਸ਼ਹਾਲੀ ਮਾਣਦੇ ਅਤੇ ਹੱਸਦੇ-ਵਸਦੇ ਪੰਜਾਬੀਆਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲ੍ਹਾ ਗਲ ਵਿਚ ਪਾਉਣ ਲਈ ਮਜਬੂਰ ਹੋਣਾ ਪਿਆ ਸੀ। ਇਸ ਦਿਨ ਅੰਗਰੇਜ਼ਾਂ ਤੇ ਸਿੱਖਾਂ ਦੇ ਦਰਮਿਆਨ 18 ਦਸੰਬਰ 1845 ਤੋਂ ਸ਼ੁਰੂ ਹੋਈਆਂ ਮੁੱਦਕੀ, ਫੇਰੂ ਸ਼ਹਿਰ, ਬੱਦੋਵਾਲ ਤੇ ਅਲੀਵਾਲ ਦੀਆਂ ਲੜਾਈਆਂ ਤੋਂ ਪਿੱਛੋਂ 10 ਫਰਵਰੀ 1846 ਨੂੰ ਸਭਰਾਉਂ ਦੀ ਜੰਗ ਵਿਚ ਪੰਜਾਬ ਦੀ ਕਿਸਮਤ ਦਾ ਫੈਸਲਾ ਹੋਇਆ ਸੀ। ਇਸ ਦਿਨ ਸਿੱਖ ਰਾਜ ਦੇ ਅਖੀਰਲੇ ਵਫ਼ਾਦਾਰ ਜਰਨੈਲ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਤੇ ਉਨ੍ਹਾਂ ਦੇ 15-20 ਹਜ਼ਾਰ ਦੇ ਕਰੀਬ ਮਰਜੀਵੜੇ ਪੰਜਾਬੀ ਯੋਧਿਆਂ ਨੇ ਪੰਜਾਬ ਦੀ ਅਜ਼ਾਦੀ ਲਈ ਆਪਣੇ ਪ੍ਰਾਣ ਨਿਛਾਵਰ ਕੀਤੇ ਸਨ।

ਇਥੇ ਜ਼ਿਕਰਯੋਗ ਹੈ ਕਿ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਨੇ ਇਸ ਜੰਗ ਵਿਚ ਜਾਣ ਤੋਂ ਪਹਿਲਾਂ ਸਹੁੰ ਖਾਧੀ ਸੀ ਕਿ ਜਾਂ ਤਾਂ ਉਹ ਇਹ ਜੰਗ ਜਿੱਤ ਕੇ ਆਉਣਗੇ ਤੇ ਜਾਂ ਲੜਦੇ ਹੋਏ ਸ਼ਹੀਦ ਹੋ ਜਾਣਗੇ। ਉਸ ਮਹਾਨ ਸਿੱਖ ਜਰਨੈਲ ਨੇ ਆਪਣੇ ਸਾਥੀ ਯੋਧਿਆਂ ਸਮੇਤ ਇਸ ਸਹੁੰ ਨੂੰ ਕੇਸੀਂ-ਸਵਾਸੀਂ ਅੰਤ ਤੱਕ ਨਿਭਾਉਂਦੇ ਹੋਏ ਦੇਸ਼-ਪ੍ਰੇਮ ਦੀ ਬੇਮਿਸਾਲ ਰਵਾਇਤ ਕਾਇਮ ਕੀਤੀ।

ਇਸ ਮੰਦਭਾਗੇ ਮੰਜ਼ਰ ਦਾ ਇਤਿਹਾਸ ਗਵਾਹ ਹੈ ਕਿ ਸ੍ਰ. ਸ਼ਾਮ ਸਿੰਘ ਵਰਗੇ ਬੇਮਿਸਾਲ ਯੋਧੇ ਤੇ ਮਰਜੀਵੜੇ ਸਿੰਘਾਂ ਤੇ ਪੰਜਾਬੀਆਂ ਦੀਆਂ ਕੁਰਬਾਨੀਆਂ ਰਾਇਗਾਨ ਗਈਆਂ ਕਿਉਂਕਿ ਇਨ੍ਹਾਂ ਲੜਾਈਆਂ ਵਿਚ ਆਪਸੀ ਈਰਖਾ, ਕੌਮ ਘਾਤਕ ਆਪਸੀ ਖਹਿਬਾਜ਼ੀ ਤੇ ਫੁੱਟ ਅਤੇ ਉਸ ਤੋਂ ਵੀ ਵੱਧ ਆਪਣਿਆਂ ਵਲੋਂ ਹੀ ਅਕ੍ਰਿਤਘਣਤਾ ਤੇ ਗੱਦਾਰੀ ਦੇ ਕਾਰਨ ਪੰਜਾਬ ਨੂੰ ਅਜਿਹੇ ਅਣਹੋਏ ਦੌਰ ਵਿਚੋਂ ਗੁਜ਼ਰਨਾ ਪਿਆ ਕਿ ਜਿਸ ਬਾਰੇ ਸ਼ਾਇਰ **ਮੁਜ਼ੱਫਰ ਰਜ਼ਮੀ** ਨੇ ਕਿਹਾ ਹੈ ਕਿ:-

ਯੇ ਜਬਰ ਭੀ ਦੇਖਾ ਹੈ, ਤਾਰੀਖ਼ ਕੀ ਨਜ਼ਰੋਂ ਨੇ,
ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ

ਫਿਰ ਇਤਿਹਾਸ ਇਕ ਹੋਰ ਵੀ ਹੈਰਾਨੀਜਨਕ ਤੱਥ ਦੀ ਸ਼ਾਹਦੀ ਭਰਦਾ ਹੈ ਕਿ ਗਵਰਨਰ ਜਨਰਲ ਹਾਰਡਿੰਗ ਤੇ ਕਮਾਂਡਰ ਇਨ ਚੀਫ ਲੌਰਡ ਹਿਊ ਗੱਫ ਤੇ ਹੋਰ



*Original with;*
Kulbir Singh Sidhu(I.A.S)
*Digitized by;*
Panjab Digital Library

ਬਹੁਤ ਸਾਰੇ ਅੰਗਰੇਜ਼ ਫੌਜ ਦੇ ਸੀਨੀਅਰ ਅਫਸਰ ਐਂਗਲੋਂ-ਸਿੱਖ ਲੜਾਈਆਂ ਵਿਚ ਪੰਜਾਬੀ ਯੋਧਿਆਂ ਦੀ ਬਹਾਦਰੀ ਦੇਖ ਕੇ ਅਸ਼-ਅਸ਼ ਕਰ ਉਠੇ। ਹਿਊ ਗਫ ਨੇ ਸਭਰਾਉਂ ਦੀ ਜੰਗ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੂੰ ਆਪਣੀ ਰਿਪੋਰਟ ਵਿਚ ਲਿਖਿਆ ਸੀ ਕਿ 'ਜੇ ਰਾਸ਼ਟਰ ਪਿਆਰ ਪ੍ਰਤੀ ਨਿਸ਼ਠਾ ਤੇ ਫੌਜ ਪ੍ਰਤੀ ਸਾਡੀ ਵਫ਼ਾਦਾਰੀ ਤੇ ਫਰਜ਼ ਸਾਨੂੰ ਮਜਬੂਰ ਨਾ ਕਰਦਾ ਹੁੰਦਾ ਤਾਂ ਅਸੀਂ ਸਿੱਖ ਫੌਜਾਂ ਦੀ ਬਹਾਦਰੀ ਅਤੇ ਜਿਸ ਤਰ੍ਹਾਂ ਜਾਂਬਾਜ਼ ਬਹਾਦਰ ਯੋਧਿਆਂ ਦਾ ਘਾਣ ਹੋਇਆ ਹੈ, ਉਹ ਦੇਖ ਕੇ ਜ਼ਰੂਰ ਜ਼ਾਰ-ਜ਼ਾਰ ਰੋਂਦੇ'। ਫਿਰ ਇਹ ਜ਼ਿਕਰਯੋਗ ਹੈ ਕਿ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੌਬਰਟ ਪੀਲ ਨੇ ਬਹਾਦਰ ਸਿੱਖ ਸੈਨਿਕਾਂ ਦੇ ਸਨਮਾਨ ਵਿਚ ਇਹ ਰਿਪੋਰਟ ਇੰਗਲੈਂਡ ਦੀ ਪਾਰਲੀਮੈਂਟ ਵਿਚ ਪੜ੍ਹੀ।

ਪਰ ਅਸੀਂ ਇਸ ਸੰਦਰਭ ਵਿਚ ਆਪਣੇ-ਆਪ ਨੂੰ ਬੱਸ ਦੁਰ-ਫਿਟੇ ਮੂੰਹ ਹੀ ਕਹੀਏ ਕਿ ਅਸੀਂ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਵਰਗੇ ਆਪਣੇ ਕੁਰਬਾਨੀ ਦੇ ਪੁੰਜਾਂ ਨੂੰ ਭੁਲਾ ਹੀ ਦਿੱਤਾ ਹੈ। ਅੱਜ ਮੁੱਦਕੀ, ਫੇਰੂ ਸ਼ਹਿਰ, ਸਭਰਾਉਂ ਦੀਆਂ ਲੜਾਈਆਂ ਦੇ ਮੈਦਾਨ ਇਕ ਪਾਸੇ ਆਪਣੀ ਸਾਂਭ-ਸੰਭਾਲ ਦੇ ਪੱਖੋਂ ਹੋਈ ਦੁਰਦਸ਼ਾ ਨੂੰ ਦੇਖਦੇ ਹੋਏ ਦੁਹੱਥੜ ਮਾਰ ਰਹੇ ਹਨ। ਦੂਜੇ ਪਾਸੇ ਇਹ ਯਾਦਗਾਰੀ ਸਮਾਰਕ ਸਾਡੀ 'ਚੱਲ ਹੋਊ' ਜਿਹੀ ਮਾੜੀ ਮਾਨਸਿਕਤਾ 'ਤੇ ਤਾਂ ਰੋਣ-ਹਾਕੇ ਹੁੰਦੇ ਹੀ ਹਨ, ਸਗੋਂ ਇਹ ਉਥੇ ਆਪਣੇ ਨੇੜਲੇ ਲੋਕਾਂ ਵੱਲੋਂ ਆਪਣੇ ਵਿਹੜੇ ਵਿਚ ਪਰਾਲੀ ਸੁੱਟਣ ਤੇ ਮੱਝਾਂ ਬੰਨ੍ਹਣ ਜਿਹੀਆਂ ਸਾਡੀਆਂ ਮਾੜੀਆਂ ਕਰਤੂਤਾਂ ਨੂੰ ਵੇਖ ਕੇ ਰੋਂਦੇ ਪਿਟਦੇ ਹਨ। ਫਿਰ ਇਸ ਦੇ ਬਿਲਕੁਟ ਉਲਟ ਇਨ੍ਹਾਂ ਐਂਗਲੋ-ਸਿੱਖ ਜੰਗ ਦੇ ਮੈਦਾਨਾਂ ਵਿਚ ਹੁਣ ਵੀ ਜਦੋਂ ਕਿਤੇ ਅੰਗਰੇਜ਼ ਲੋਕ ਆਪਣੇ ਵਡੇਰਿਆਂ ਨੂੰ ਸ਼ਰਧਾਂਜਲੀ ਦੇਣ ਆਉਂਦੇ ਹਨ ਤਾਂ ਸਾਡੇ ਆਪਣੇ ਸ਼ਹੀਦ ਪੁਰਖਿਆਂ ਦੀਆਂ ਰੂਹਾਂ ਜ਼ਰੂਰ ਹੀ ਕੁਰਲਾ ਉਠਦੀਆਂ ਹੋਣਗੀਆਂ।

ਸਪਸ਼ਟ ਹੈ ਕਿ ਅਸੀਂ ਆਪਣੇ ਪੁਰਖਿਆਂ ਦੇ ਬੜੇ ਨਾਲਾਇਕ ਵਾਰਿਸ ਹਾਂ ਕਿ ਅਸੀਂ ਪੰਜਾਬ ਵਿਚ ਇਨ੍ਹਾਂ ਇਤਿਹਾਸਕ ਯਾਦਗਾਰਾਂ ਤੋਂ ਕੁੱਝ ਕੋਹਾਂ ਦੀ ਵਿੱਥ 'ਤੇ ਰਹਿੰਦੇ ਹੋਣ ਦੇ ਬਾਵਜੂਦ ਵੀ ਆਪਣੇ ਮਹਾਨ ਕੌਮੀ ਸ਼ਹੀਦਾਂ ਦੇ ਕਾਰਨਾਮਿਆਂ ਨੂੰ ਯਾਦ ਤਾਂ ਕੀ ਕਰਨਾ ਸੀ, ਸਗੋਂ ਅਸੀਂ ਤਾਂ ਆਪਣੇ ਉਨ੍ਹਾਂ ਕੌਮੀ ਸਪੂਤਾਂ ਨੂੰ ਹੀ ਭੁਲਾ ਹੀ ਦਿੱਤਾ ਹੈ।

ਅਫਸੋਸ ਦੀ ਗੱਲ ਇਹ ਹੈ ਕਿ ਸਾਡੇ ਆਪਣੇ ਲੋਕਾਂ ਵਿਚੋਂ ਹੀ ਬਣੇ ਪੰਜਾਬ ਦੇ ਆਗੂਆਂ ਨੂੰ ਜਾਂ ਤਾਂ ਪੰਜਾਬ ਦੇ ਇਤਿਹਾਸ ਦੀ ਵਾਕਫ਼ੀਅਤ ਨਹੀਂ ਹੈ ਅਤੇ ਜਾਂ ਇਨ੍ਹਾਂ ਕੌਮੀ ਕਾਰਜਾਂ ਵਾਸਤੇ ਕੋਈ ਸਮਾਂ ਹੀ ਨਹੀਂ ਹੈ। ਇਸ ਦੇ ਉਲਟ ਪਰ ਸੱਚਾਈ ਤਾਂ ਇਹ ਹੈ ਕਿ ਸਾਡੇ ਕੋਲ 5 ਫਰਵਰੀ ਨੂੰ ਵੱਡਾ ਘੱਲੂਘਾਰਾ ਦਿਵਸ ਤੇ ਹੁਣ 10 ਫਰਵਰੀ ਨੂੰ ਸਭਰਾਉਂ ਦੀ ਲੜਾਈ ਦੇ ਯਾਦਗਾਰ ਮਨਾਉਣ ਲਈ ਖੁੱਲ੍ਹਾ ਮੌਸਮ ਤੇ ਖੁੱਲ੍ਹਾ ਵਕਤ ਹੋਣ ਦੇ ਬਾਵਜੂਦ ਵੀ ਸਾਡੇ ਇਹ ਸੱਜਣ ਪੁਰਸ਼ ਹੁਣ ਕਿਤੇ ਵੀ ਸਭਰਾਉਂ ਜਿਹੇ ਇਤਿਹਾਸਿਕ ਸਥਾਨਾਂ 'ਤੇ ਧਾਰਮਿਕ ਕਾਨਫਰੰਸਾਂ ਵਿਚ ਸ਼ਾਮਲ ਨਹੀਂ ਹੋ ਰਹੇ।



*Original with;*
Kulbir Singh Sidhu(I.A.S)
*Digitized by;*
Panjab Digital Library

ਹੁਣ ਜਦੋਂ 10 ਫਰਵਰੀ ਨੂੰ ਪੰਜਾਬ ਦੇ ਭੁੱਲੇ-ਵਿਸਰੇ ਇਤਿਹਾਸ ਦਾ ਸ਼ਹੀਦੀ ਦਿਹਾੜਾ ਆਉਂਦਾ ਹੈ ਤਾਂ ਇਹ ਹਰ ਸਾਲ ਦੀ ਤਰ੍ਹਾਂ ਅਣਗੌਲਿਆ ਜਿਹਾ ਹੋ ਕੇ ਲੰਘ ਜਾਂਦਾ ਹੈ। ਇਸ ਤਰ੍ਹਾਂ ਸਮੇਂ ਦਾ ਚੱਕਰ ਚੱਲਦਾ-ਚੱਲਦਾ ਸਾਡੇ ਆਪਣੇ ਕੌਮੀ ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਪ੍ਰਤੀ ਸਾਡੀ ਅਕ੍ਰਿਤਘਣਤਾ ਨੂੰ ਨਸ਼ਰ ਕਰਕੇ ਸਾਡੇ ਕੌਮੀ ਕਿਰਦਾਰ ਨੂੰ ਨੰਗਾ ਕਰ ਜਾਂਦਾ ਹੈ।

ਫਿਰ ਇਸ ਤੋਂ ਵੀ ਮਾੜੀ ਗੱਲ ਇਹ ਹੋਈ ਹੈ ਕਿ ਅਸੀਂ ਆਪਣੇ ਇਤਿਹਾਸ ਤੋਂ ਮਿਲੇ ਲਾਜਵਾਬ ਸਬਕਾਂ ਨੂੰ ਵੀ ਭੁਲਾ ਦਿੱਤਾ ਹੈ ਕਿ ਦੇਸ਼ ਭਗਤੀ, ਕੌਮੀ ਇਤਫ਼ਾਕ ਤੇ ਕੁਰਬਾਨੀ ਜਿਹੀਆਂ ਭਾਵਨਾਵਾਂ ਦੀ ਕੌਮ ਵਾਸਤੇ ਕੀ ਅਹਿਮੀਅਤ ਹੁੰਦੀ ਹੈ। ਫਿਰ ਸਿਤਮ ਇਹ ਵੀ ਹੋਇਆ ਕਿ ਦੂਜੇ ਪਾਸੇ ਅਸੀਂ ਬਿਲਕੁਲ ਬੇਖਬਰ ਜਿਹੇ ਹੀ ਹੋ ਗਏ ਹਾਂ ਕਿ ਅਕ੍ਰਿਤਘਣਤਾ, ਗੱਦਾਰੀ ਤੇ ਆਪਸੀ ਫੁੱਟ ਦੇ ਕਾਰਨ ਅਕਸਰ ਹੀ ਕੌਮ ਨੂ ਕਿੰਨੀ ਵੱਡੀਂ ਕੀਮਤ ਚੁਕਾਉਣੀ ਪੈਂਦੀ ਹੈ। ਬੱਸ ਅਸੀਂ ਇਸ ਸਭ ਕਾਸੇ ਤੋਂ ਅਣਜਾਣ ਦੇ ਘੇਸਲਵਟ ਜਿਹੇ ਹੋ ਕੇ 'ਸ਼ਕਲ ਮੋਮਨਾ ਕਰਤੂਤ ਕਾਫਿਰਾਂ' ਦੀ ਮਿਸਾਲ ਬਣੇ ਹੋਏ ਹਨ, ਸਗੋਂ ਜੇ 'ਜਾਨ ਕੀ ਅਮਾਨ ਪਾਉਂ' ਅਰਥਾਤ ਜਾਨ ਬਖਸ਼ੀ ਦੇ ਵਾਅਦੇ ਤੋ. ਬਾਅਦ ਕੁੱਝ ਕਹਿਣਾ-ਸੁਣਨਾ ਹੋਵੇ ਤਾਂ ਸਾਡੇ ਸਮਾਜ ਦੇ ਆਗੂਆਂ ਦੀ ਹਾਲਤ ਤਾਂ ਇਸ ਸੰਦਰਭ ਵਿਚ 'ਬਗਲ ਮੇਂ ਛੁਰੀ, ਮੂੰਹ ਮੇਂ ਰਾਮ-ਰਾਮ' ਨਾਲੋਂ ਵੀ ਬਦਤਰ ਬਣੀ ਹੋਈ ਹੈ।

ਇਸ ਚੱਲ ਰਹੇ ਸੰਦਰਭ ਵਿਚ ਹੀ ਗੌਰਤਲਬ ਹੈ ਕਿ ਸੰਨ 1918 ਦੀ ਨੋਟੀਫਿਕੇਸ਼ਨ ਮੁਤਾਬਿਕ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਮੁੱਦਕੀ, ਫੇਰੂ ਸ਼ਹਿਰ ਤੇ ਸਭਰਾਉਂ ਦੇ ਮੈਦਾਨ ਨੈਸ਼ਨਲ ਮਾਨੂਮੈਂਟਸ ਦਾ ਦਰਜਾ ਰੱਖਦੇ ਸਨ। ਪਰ ਅਫਸੋਸ ਕਿ ਸੰਨ 1963 ਦੀ ਨੋਟੀਫਿਕੇਸ਼ਨ ਅਨੁਸਾਰ ਕਿਹਾ ਗਿਆ ਕਿ ਹੁਣ ਇਹ ਸਮਾਰਕ ਕੌਮੀ ਅਹਿਮੀਅਤ ਦੀਆਂ ਯਾਦਗਾਰਾਂ ਨਾ ਹੋਣ ਕਰਕੇ ਕੌਮੀ ਸਮਾਰਕ ਨਹੀਂ ਹਨ। ਇਸ ਵਾਸਤੇ ਅੱਜ ਸਾਡੀਆਂ ਇਨ੍ਹਾਂ ਇਤਿਹਾਸਿਕ ਵਿਰਾਸਤਾਂ ਦੀ ਪੁੱਛ-ਗਿੱਛ ਦੇਸ਼ ਤੇ ਵਿਦੇਸ਼ ਵਿਚ ਤਾਂ ਕੀ ਹੋਣੀ ਸੀ, ਸਗੋਂ ਪੰਜਾਬ ਵਿਚ ਵੀ ਇਨ੍ਹਾਂ ਦੀ ਕੋਈ ਕਦਰ-ਕੀਮਤ ਨਹੀਂ ਰਹੀ।

ਇਸ ਸਬੰਧ ਵਿਚ ਸੰਨ 2006 ਵਿਚ ਮੈਂ ਬਤੌਰ ਕਮਿਸ਼ਨਰ ਫਿਰੋਜ਼ਪੁਰ ਡਿਵੀਜ਼ਨ ਤੱਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧਿਆਨ ਇਸ ਕੌਮੀ ਮੁੱਦੇ ਵੱਲ ਦਿਵਾਇਆ ਸੀ। ਉਨ੍ਹਾਂ ਨੇ ਤੁਰੰਤ ਹੀ ਮੈਨੂੰ ਪੰਜਾਬ ਸਰਕਾਰ ਵੱਲੋਂ ਇਹ ਮਸਲਾ ਭਾਰਤ ਸਰਕਾਰ ਦੇ ਉੱਚ ਅਧਿਕਾਰੀਆਂ ਦੇ ਨੋਟਿਸ ਵਿਚ ਲਿਆਉਣ ਅਤੇ ਲੋੜੀਂਦੀ ਸੋਧ ਕਰਵਾਉਣ ਲਈ ਨਾਮਜ਼ਦ ਕਰ ਦਿੱਤਾ ਸੀ। ਦੇਵਨੇਤ ਫਿਰ ਇਹ ਕਾਰਜ ਤਕਰੀਬਨ-ਤਕਰੀਬਨ ਕੁਝ ਮਹੀਨਿਆਂ ਵਿਚ ਹੀ ਸਿਰੇ ਚੜ੍ਹ ਗਿਆ ਸੀ, ਪਰ ਇਕ ਵਾਰ ਫਿਰ ਸਮਾਂ ਸਾਡੇ ਨਾਲ ਬੇਵਫਾਈ ਕਰ ਗਿਆ। ਇਸ ਅਨੁਸਾਰ 31 ਅਗਸਤ 2006 ਨੂੰ ਮੈਂ ਸਰਕਾਰੀ ਸੇਵਾ ਤੋਂ ਨਵਿਰਤ ਹੋ ਗਿਆ ਅਤੇ ਥੋੜੀ ਦੇਰ ਬਾਅਦ ਫਰਵਰੀ 2007 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਰੁਖ਼ਸਤ ਹੋ ਗਈ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਉਪਰੰਤ ਬੱਸ ਸਾਰੀ ਕਹਾਣੀ ਸਾਕਿਬ ਲਖਨਵੀ ਦੇ ਸੁਖਨ "ਬੜੇ ਸ਼ੌਕ ਸੇ ਸੁਨ ਰਹਾ ਥਾ ਜ਼ਮਾਨਾ, ਹਮੀਂ ਸੋ ਗਏ ਦਾਸਤਾਂ ਕਹਿਤੇ-ਕਹਿਤੇ" ਦੇ ਮੁਤਾਬਿਕ ਖਤਮ ਹੋ ਗਈ। ਇਉਂ ਇਹ ਅਹਿਮ ਕੌਮੀ ਮੁੱਦਾ-ਮਸਲਾ 'ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ' ਦੇ ਅਖਾਣ ਅਨੁਸਾਰ ਅੱਖ-ਪਰੋਖੇ ਹੋ ਗਿਆ ਕਿਉਂਕਿ ਸਾਨੂੰ ਸਭ ਨੂੰ ਪਤਾ ਹੀ ਹੈ ਕਿ ਰਾਜ ਸੱਤਾ ਵਿਚ ਆਉਣ ਵਾਲੀ ਸਰਕਾਰ ਪਹਿਲਾਂ ਵਾਲੇ ਸਰਦਾਰਾਂ ਤੇ 'ਖਲੀਲ ਖਾਨਾਂ' ਦੀ ਗੱਲ ਤੇ ਕੰਮ ਵੱਲ ਕਿੰਨਾ ਕੁ ਧਿਆਨ ਦਿੰਦੀਆਂ ਹਨ।

ਖੈਰ! ਇਸ ਪ੍ਰਸੰਗ ਵਿਚ ਆਪਾ ਚੀਣਦੇ ਹੋਏ ਸਾਨੂੰ ਆਪਣੇ ਆਪ ਤੋਂ ਲੈ ਕੇ ਆਪਣੀਆਂ ਸਰਕਾਰਾਂ, ਧਾਰਮਿਕ ਤੇ ਸਿੱਖਿਆ ਸੰਸਥਾਵਾਂ ਨੂੰ ਹੁਣ ਇਹ ਪੁੱਛਣ ਦੀ ਲੋੜ ਹੈ ਕਿ ਅਸੀਂ ਕਹਿਣ ਨੂੰ ਤਾਂ ਕਹਿੰਦੇ ਰਹਿੰਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਨੂੰ ਵਿਸਾਰ ਦਿੰਦੀਆਂ ਹਨ, ਉਹ ਆਪ ਵੀ ਸਫ਼ਾ-ਹਸਤੀ ਤੋਂ ਮਿਟ ਜਾਂਦੀਆਂ ਹਨ।

ਪਰ ਫਿਰ ਅਸੀਂ ਕੌਮੀ ਤੇ ਸਮਾਜਿਕ ਪੱਧਰ 'ਤੇ ਕਹਿ ਕੀ ਰਹੇ ਹਾਂ ਅਤੇ ਕਰ ਕੀ ਰਹੇ ਹਾਂ? ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਜਾਂ ਮਾਘੀ ਮੇਲੇ 'ਤੇ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦੀ ਦਿਹਾੜੇ ਹੋਣ, ਬੱਸ ਇਨ੍ਹਾਂ ਸ਼ਹੀਦੀ ਜੋੜ-ਮੇਲਿਆਂ ਨੂੰ ਅਸੀਂ ਸਿਆਸੀ ਜੋੜ-ਮੇਲੇ ਹੀ ਬਣਾ ਲਿਆ ਹੈ। ਜਦੋਂ ਕਿ ਅਸੀਂ ਇਹ ਵੀ ਜਾਣਦੇ ਹਾਂ ਕਿ ਸਾਡੇ ਤੋਂ 50 ਕੁ ਸਾਲ ਪਹਿਲਾਂ ਬੀਤ ਚੁਕੀਆਂ ਪੀੜ੍ਹੀਆਂ ਦੇ ਸਾਡੇ ਵਡੇਰੇ ਇਨ੍ਹਾਂ ਦਿਹਾੜਿਆਂ 'ਤੇ ਰੋਟੀ-ਪਾਣੀ ਬਣਾਉਣ ਵਾਸਤੇ ਚੁੱਲ੍ਹੇ ਅੱਗ ਨਹੀਂ ਪਾਉਂਦੇ ਸਨ ਅਤੇ ਉਹ ਸ਼ੋਕ ਦੇ ਦੁੱਖ ਵਿਚ ਮੰਜਿਆਂ 'ਤੇ ਨਹੀਂ ਸਗੋਂ ਭੁੰਜੇ ਹੀ ਸੌਂਦੇ ਸਨ।

ਪਰ ਇਸ ਦੇ ਉਲਟ ਅੱਜ ਅਸੀਂ ਆਪਣੇ ਸਿਆਸੀ ਪੰਡਾਲਾਂ ਵਿਚ ਸ਼ਹੀਦਾਂ ਦੀ ਗੱਲ ਘੱਟ ਕਰਦੇ ਹਾਂ ਤੇ ਆਪਣੀਆਂ ਸਿਆਸੀ ਬੜ੍ਹਕਾਂ ਲੋੜ ਨਾਲੋਂ ਵੱਧ ਮਾਰਦੇ ਹਾਂ। ਅਸੀਂ ਆਪਣੀ ਕੌਮ ਤੇ ਸਮਾਜ ਨੂੰ ਆਪਣੇ ਜੀਵਨਾਂ ਤੋਂ ਕੀ ਉਦਾਹਰਣ ਦੇ ਰਹੇ ਹਾਂ ਤੇ ਆਪਣੇ ਨੌਜਵਾਨਾਂ ਨੂੰ ਕੀ ਸਿੱਖਿਆ ਦੇ ਰਹੇ ਹਾਂ। ਸਾਡੀ ਇਹ ਭੱਦਰਕਾਰੀ 14 ਫਰਵਰੀ ਨੂੰ ਵੈਲਨਟਾਈਨ ਡੇਅ 'ਤੇ ਹਰ ਸਾਲ ਵਾਂਗੂੰ ਉਜਾਗਰ ਹੋਵੇਗੀ। ਸਾਨੂੰ ਕਿਸੇ ਨੂੰ ਵੀ ਸ਼ਾਮ ਸਿੰਘ ਅਟਾਰੀਵਾਲਾ ਤੇ ਹੁਣ ਤੱਕ ਹੋਰ ਹਜ਼ਾਰਾਂ ਮਰਜੀਵੜੇ ਪੰਜਾਬੀਆਂ ਤੇ ਗੁਰੂ ਦੇ ਸਿੱਖਾਂ ਦੀ ਕੁਰਬਾਨੀ ਦਾ ਚਿੱਤ-ਚੇਤਾ ਵੀ ਨਹੀਂ ਹੋਵੇਗਾ; ਜਦੋਂ ਕਿ ਸਾਡੀ ਕੌਮ ਦਾ ਭਵਿੱਖ ਕਹਾਉਂਦੇ ਸਾਡੇ ਧੀ-ਪੁੱਤ ਨੌਜਵਾਨ ਕੁੜੀਆਂ ਤੇ ਮੁੰਡੇ ਵੈਲਨਟਾਈਨ ਡੇਅ ਦੇ ਨਾਮ 'ਤੇ ਆਪਣੀ ਦੋਸਤੀ ਦਾ ਦਮ ਭਰਦੇ ਹੋਏ ਦਾਰੂ-ਪਿਆਲੇ ਦੇ ਜਾਮ ਟਣਕਾਉਂਦੇ ਦਿਸਣਗੇ।

ਸਾਡੇ ਭਵਿੱਖ ਦੇ ਵਾਰਿਸ ਇਹ ਨੌਜਵਾਨ ਸਮਾਜ ਦੇ ਆਗੂਆਂ ਤੇ ਆਪਣੇ ਮਾਪਿਆਂ ਦੇ ਜਿਉਂਦੇ ਹੋਣ ਦੇ ਬਾਵਜੂਦ ਵੀ ਲਾਵਾਰਿਸ ਤੇ ਯਤੀਮ ਹੋ ਗਏ ਜਾਪਦੇ ਹਨ। ਅੱਜ ਇਨ੍ਹਾਂ ਨੂੰ ਮਸ਼ਹੂਰ ਸ਼ਾਇਰ ਅਦਮ ਦੀ "ਸਿਰਫ਼ ਇਕ ਕਦਮ ਉਠਾ ਥਾ ਗ਼ਲਤ ਰਾਹੇ-ਸ਼ੌਕ ਮੇਂ, ਮੰਜ਼ਿਲ ਤਮਾਮ ਉਮਰ ਮੁਝੇ ਢੂੰਡਤੀ ਰਹੀ" ਜਿਹੀ ਨਸੀਹਤ ਕਰਨ



*Original with;*
Kulbir Singh Sidhu(I.A.S)
*Digitized by;*
Panjab Digital Library

ਵਾਲਾ ਕੋਈ ਵੀ ਸਮਾਜ ਦਾ ਆਗੂ ਜਾਂ ਦਿਸ਼ਾ-ਨਿਰਦੇਸ਼ਕ ਜਿਉਂਦਾ-ਜਾਗਦਾ ਨਹੀਂ ਲਗਦਾ।

ਇਹ ਸਭ ਕੁਝ ਸਾਡੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਹੈ ਜਾਂ ਫਿਰ ਇਹ ਪੱਛਮੀ ਤਹਿਜ਼ੀਬ ਦੀ ਸਾਡੇ ਉਪਰ ਚੜ੍ਹ ਚੁਕੀ ਰੰਗਤ ਹੈ; ਇਸ ਦਾ ਨਿਰਣਾ ਕਰਨਾ ਕੋਈ ਔਖੀ ਗੱਲ ਨਹੀਂ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਪੱਛਮ ਵਾਲੇ ਤਾਂ ਹੁਣ ਅੱਬਾ-ਅੱਬਾ ਕਰਦੇ ਸਾਡੀ ਪੂਰਬੀ ਸਭਿਅਤਾ-ਸੰਸਕ੍ਰਿਤੀ ਵੱਲ ਨੂੰ ਆ ਰਹੇ ਹਨ। ਫਿਰ ਅਸੀਂ 'ਪਹਿਲਾਂ ਤਾਂ ਕਮਲੀ, ਫਿਰ ਪੈ ਗਈ ਸਿਵਿਆਂ ਦੇ ਰਾਹ' ਦੀ ਕਹਾਵਤ ਅਨੁਸਾਰ ਕਿਧਰ ਸੁੰਨੀਆਂ ਖੱਡਾਂ ਵੱਲ ਨੂੰ ਤੁਰੇ ਹੋਏ ਹਾਂ। ਮੰਨਿਆ ਜਾਂਦਾ ਹੈ ਕਿ ਕੋਈ ਗੁਣ ਜਾਂ ਕੋਈ ਵਧੀਆ ਗੱਲ ਆਪਣੇ ਦੁਸ਼ਮਣ ਤੋਂ ਵੀ ਸਿੱਖਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ। ਇਸ ਪ੍ਰਸੰਗ ਵਿਚ ਅਸੀਂ ਅੰਗਰੇਜ਼ਾਂ ਤੋਂ 'ਵੈਲਨਟਾਈਨ ਡੇਅ' ਵਾਲੀ ਸ਼ਰੇਆਮ 'ਅੰਨ੍ਹੇ ਦੇ ਜੱਫੇ' ਵਰਗੇ ਕਲਾਵੇ-ਜਫੀਆਂ ਤੇ ਚੁੰਮਾਂ-ਚੱਟੀ ਦੀ ਮਾੜੀ ਗੱਲ ਤਾਂ ਸਿੱਖਣ ਵਿਚ ਮਿੰਟ ਵੀ ਨਹੀਂ ਮਾਰਿਆ, ਪਰ ਉਨ੍ਹਾਂ ਤੋਂ ਅਸੀਂ ਰਾਸ਼ਟਰੀ ਪ੍ਰੇਮ ਤੇ ਕੌਮੀ ਆਚਰਣ ਦੀਆਂ ਨਾਯਾਬ ਸਿਫਤਾਂ-ਸਲਾਹੁਤਾਂ ਕਦੇ ਵੀ ਗ੍ਰਹਿਣ ਨਹੀਂ ਕੀਤੀਆਂ।

ਬੱਸ ਇਹ ਹੀ ਸਾਡੀ ਕੌਮ ਦੀ ਤ੍ਰਾਸਦੀ ਹੈ ਕਿ ਸਾਡੇ ਵਾਸਤੇ 'ਘਰ ਦਾ ਜੋਗੀ ਬੱਸ ਜੋਗੜਾ ਹੈ ਅਤੇ ਬਾਹਰ ਦੇ ਬਿਗਾਨੇ ਜੋਗੀ ਨੂੰ ਅਸੀਂ ਸਿੱਧ-ਪੁਰਖ ਮੰਨਦੇ ਹਾਂ'। ਇਸ ਦਾ ਕਾਰਨ ਸਪਸ਼ਟ ਹੈ ਕਿ ਅਜ਼ਾਦੀ ਤੋਂ ਬਾਅਦ ਹੁਣ ਤੱਕ ਵੀ ਸਾਡੀ 'ਗੁਲਾਮ ਮਾਨਸਿਕਤਾ' ਬਣੀ ਹੋਈ ਹੈ, ਜਿਸ ਕਾਰਨ ਕੌਮੀ ਪੱਧਰ 'ਤੇ ਸਾਡੇ ਵਿਚ ਦੇਸ਼-ਪ੍ਰੇਮ, ਕੌਮੀ ਆਚਰਣ, ਅਣਖ ਤੇ ਸਵੈਮਾਣ ਦਾ ਜਜ਼ਬਾ ਪੂਰਨ ਤੌਰ 'ਤੇ ਹਾਲੇ ਤੱਕ ਨਸ਼ਰ ਹੀ ਨਹੀਂ ਹੋਇਆ। ਇਸ ਵਾਸਤੇ ਹੀ ਅਜ਼ਾਦ ਹੋ ਜਾਣ ਦੇ ਬਾਵਜੂਦ ਵੀ ਅਸੀਂ ਅਜ਼ਾਦੀ ਦੇ ਸਹੀ ਮਾਇਅਨਿਆਂ ਨੂੰ ਸਮਝ ਨਹੀਂ ਸਕੇ ਅਤੇ ਜਨਮਜਾਤ ਤੋਂ ਅਜ਼ਾਦ ਕੌਮਾਂ ਵਾਂਗੂੰ ਅਜ਼ਾਦੀ ਦਾ ਸਹੀ ਅਨੰਦ ਨਹੀਂ ਮਾਣ ਸਕੇ। ਜਦੋਂ ਕਿ ਸਾਡੇ ਸਮਾਜ ਦੇ ਹਰ ਸ਼ੋਭੇ ਦੇ ਆਗੂਆਂ ਨੂੰ ਆਪਣੇ ਇਸ ਫਰਜ਼ ਅਵਲ ਨੂੰ ਪੱਬਾਂ ਭਾਰ ਹੋ ਕੇ ਸਮਝਣ ਦੀ ਲੋੜ ਹੈ ਕਿ ਉਹ ਕੌਮ ਨੂੰ ਤੇ ਖਾਸ ਕਰਕੇ ਨੌਜਵਾਨ ਪੀੜ੍ਹੀਆਂ ਨੂੰ ਸਹੀ ਦਿਸ਼ਾ ਤੇ ਦਸ਼ਾ ਦੇਣ ਲਈ 'ਕੱਲ੍ਹ ਨਹੀਂ, ਆਜ ਨਹੀਂ, ਜੋ ਕਰੇ ਸੋ ਅਬ' ਦੀ ਲੋਕ ਸਿਆਣਪ ਅਨੁਸਾਰ ਤੁਰੰਤ ਹੀ ਵਚਨਬੱਧ ਤੇ ਤਤਪਰ ਹੋਣ।

ਪਰ ਸ਼ਰਮ ਨਾਲ ਡੁੱਬ ਮਰਨ ਦੀ ਗੱਲ ਇਹ ਹੈ ਕਿ ਸਾਡੇ ਘਰਾਂ ਤੋਂ ਸਕੂਲਾਂ-ਕਾਲਜਾਂ ਤੇ ਅੱਗੇ ਸਮਾਜ ਦੇ ਧਾਰਮਿਕ ਤੇ ਰਾਜਨੀਤਿਕ ਆਗੂਆਂ ਤੱਕ ਬਸ ਕੋਈ ਵਿਰਲੇ-ਟਾਂਵੇ ਨੂੰ ਛੱਡ ਕੇ ਆਪਣੇ ਇਤਿਹਾਸ ਦੀ ਜਾਣਕਾਰੀ ਨਾ ਤਾਂ ਸਾਨੂੰ ਆਪਣੇ ਆਪ ਨੂੰ ਹੀ ਹੈ ਅਤੇ ਨਾ ਹੀ ਸਾਡੀਆਂ ਸਰਕਾਰਾਂ ਹੀ ਇਹ ਬੇਸ਼ਕੀਮਤੀ ਤੇ ਵਿਰਾਸਤੀ ਜਾਣਕਾਰੀ ਆਉਣ ਵਾਲੀਆਂ ਪੀੜ੍ਹੀਆਂ ਤੇ ਖਾਸ ਕਰਕੇ ਸਾਡੇ ਭਵਿੱਖ ਦੇ ਵਾਰਿਸ ਨੌਜਵਾਨਾਂ ਤੱਕ ਪਹੁੰਚਾਉਣ ਦਾ ਕੋਈ ਹੀਲਾ-ਵਸੀਲਾ ਕਰ ਰਹੀਆਂ ਹਨ। ਹੋਰ ਵੀ ਮਾੜੀ ਗੱਲ ਇਹ ਹੈ ਕਿ ਸਾਡੀ ਸਰਕਾਰ ਜਾਂ ਐੱਸ.ਜੀ.ਪੀ.ਸੀ ਦੀ ਪੰਜਾਬ ਦੀ ਕੌਮੀ ਵਿਰਾਸਤ ਤੇ ਸ਼ਾਨਾਮੱਤੇ ਸਭਿਆਚਾਰ ਨੂੰ ਸੰਭਾਲਣ, ਸੰਵਾਰਨ



Original with;
Kulbir Singh Sidhu(I.A.S)
Digitized by;
Panjab Digital Library

ਤੇ ਪ੍ਰਚਾਰਣ-ਪ੍ਰਸਾਰਣ ਸਬੰਧੀ ਹੁਣ ਤੱਕ ਕੋਈ ਵਚਨਬੱਧ ਤੇ ਨਿਯਮਬੱਧ ਪਾਲਿਸੀ ਹੀ ਨਹੀਂ ਹੈ।

ਬੇਸ਼ੱਕ ਯਾਦਗਾਰੀ ਇਮਾਰਤਾਂ ਤੇ ਗੇਟ ਬਣ ਰਹੇ ਹਨ, ਪਰ ਸਾਨੂੰ ਇੰਨੀ ਵੀ ਸਮਝ ਨਹੀਂ ਹੈ ਕਿ ਇੱਟਾਂ-ਪੱਥਰ ਤੇ ਕੰਧਾਂ ਕਦੇ ਬੋਲਦੀਆਂ ਨਹੀਂ ਹਨ। ਬੇਸ਼ੱਕ ਇਹ ਇਮਾਰਤਾਂ ਅੰਨ੍ਹੀ ਸ਼ਰਧਾ ਤਾਂ ਪੈਦਾ ਕਰ ਸਕਦੀਆਂ ਹਨ, ਪਰ ਇਹ ਕੌਮ ਵਿਚ ਆਸਥਾ, ਅਣਖ ਤੇ ਸਵੈਮਾਣ ਭਰੀ ਜਾਗਰੂਕਤਾ ਨਹੀਂ ਪੈਦਾ ਕਰ ਸਕਣਗੀਆਂ। ਇਸ ਪ੍ਰਥਾਇ ਹੁਣ ਸਾਨੂੰ ਵਾਹੋ-ਦਾਹੀ ਧੂੜ ਵਿਚ ਟੱਟੂ ਭਜਾਈ ਜਾਣ ਤੇ ਵੋਟ ਬੈਂਕ ਦੀ ਨੰਬਰੀ ਖੇਡ ਤੋਂ ਉਪਰ ਉਠਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਆਪਣੇ ਕੌਮੀ ਮੁੱਦਿਆਂ ਨੂੰ ਸਹੀ ਰੂਪ ਵਿਚ ਸਮਝਣ-ਵਿਚਾਰਨ ਉਪਰੰਤ ਆਪਣੇ ਸ਼ਹੀਦੀ ਤੇ ਕੌਮੀ ਸਮਾਰਕਾਂ ਦੀ ਉਸਾਰੀ ਦੇ ਨਾਲ-ਨਾਲ ਪੰਜਾਬ ਦੇ ਇਤਿਹਾਸ ਤੇ ਸਾਹਿਤ ਨੂੰ ਵੀ ਪਹਿਲ ਦੇ ਅਧਾਰ 'ਤੇ ਮੁੜ ਤੋਂ ਤਰਤੀਬ ਦੇਣ ਦੀ ਲੋੜ ਹੈ ਤਾਂ ਕਿ ਸਾਡੀਆਂ ਕੌਮੀ ਯਾਦਗਾਰਾਂ ਪੰਜਾਬ ਦੀ ਗੌਰਵਮਈ ਗਾਥਾ ਆਪਣੀ ਜ਼ੁਬਾਨੀ ਆਪ ਹੀ ਸੁਣਾਉਣ ਅਤੇ ਕੌਮ ਵਿਚ ਜਾਗ੍ਰਿਤੀ ਪੈਦਾ ਕਰ ਸਕਣ।

ਇਸ ਵਾਸਤੇ ਅਜ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਖੇਤਰ ਵਿਚ ਸਾਡੇ ਸਾਰੇ ਆਗੂਆਂ ਨੂੰ ਪਹਿਲਾਂ ਆਪਣੇ-ਆਪ ਨੂੰ ਪੰਜਾਬ ਦੇ ਕੁਰਬਾਨੀਆਂ ਭਰੇ ਇਤਿਹਾਸ ਤੇ ਸ਼ਾਨਦਾਰ ਸਭਿਆਚਾਰ ਤੋਂ ਜਾਣੂੰ ਹੋਣ ਦੀ ਲੋੜ ਹੈ। ਫਿਰ ਇਸ ਤੋਂ ਵੀ ਕਿਤੇ ਵੱਧ ਆਪਣੇ ਨੌਜਵਾਨਾਂ ਨੂੰ ਵਧੀਆ ਆਚਰਣ ਤੇ ਮਜ਼ਬੂਤ ਸਖਸ਼ੀਅਤੀ ਬੁਨਿਆਦ ਦੇਣ ਦੀ ਵੀ ਬੇਇੰਤਹਾ ਜ਼ਰੂਰਤ ਹੈ ਕਿਉਂਕਿ ਜੇ ਸਾਡੇ ਭਵਿੱਖ ਦੇ ਸੂਤਰਧਾਰਾਂ ਦੀ ਨੀਂਹ ਹੀ ਕਮਜ਼ੋਰ ਰਹਿ ਗਈ ਤਾਂ ਦੇਸ਼ ਤੇ ਕੌਮ ਦੀ ਆਲੀਸ਼ਾਨ ਰਾਸ਼ਟਰੀ ਇਮਾਰਤ ਦਾ ਕੀ ਬਣੂੰ; ਬਸ ਇਹ ਅੱਲਾ-ਵਾਹਿਗੁਰੂ ਹੀ ਜਾਣੇ।

ਪਰ ਇਸ ਸਾਰੇ ਸੰਦਰਭ ਵਿਚ ਲੱਖ ਟਕੇ ਵਰਗੀ ਇਕ ਗੱਲ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਹੈ ਕਿ ਸਾਡੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਜਾਣਨ ਲਈ ਅਜ ਦੁਨੀਆਂ ਬੜੀ ਬੇਤਾਬ ਹੈ। ਹੁਣ ਸੰਸਾਰ ਭਰ ਦੇ ਲੋਕ ਪੰਜਾਬੀਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਭਰਪੂਰ ਇਤਿਹਾਸ ਅਤੇ ਸਾਡੇ ਸ਼ਾਨਦਾਰ ਸਭਿਆਚਾਰ ਦੀ ਜਾਣਕਾਰੀ ਹਾਸਲ ਕਰਨ ਦੇ ਤਲਬਗਾਰ ਹਨ। ਜਦੋਂ ਕਿ ਸੱਚਾਈ ਇਹ ਵੀ ਹੈ ਕਿ ਹੁਣ ਦੁਨੀਆਂ ਖਾਸ ਕਰਕੇ ਸਾਡੇ ਗੁਰੂ ਸਾਹਿਬਾਨ ਦੇ ਫ਼ਲਸਫ਼ੇ, ਗੁਰਬਾਣੀ ਦੇ ਚਾਨਣ, ਸਿੱਖ ਧਰਮ ਦੇ ਇਤਿਹਾਸ ਤੇ ਸਾਡੇ ਕੁਰਬਾਨੀ ਦੇ ਪੁੰਜਾਂ ਤੇ ਸੰਘਰਸ਼ੀ ਯੋਧਿਆਂ ਦੇ ਕਾਰਨਾਮਿਆਂ ਤੋਂ ਜਾਣੂੰ ਹੋਣ ਦੀ ਬੜੀ ਇਛੁੱਕ ਹੈ।

ਜ਼ਿਕਰਯੋਗ ਹੈ ਕਿ ਦੂਜੇ ਸੰਸਾਰ ਯੁੱਧ ਦੇ ਸਮੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿਨਸਟਨ ਚਰਚਿਲ ਜਿਹੇ ਜੰਗ ਦੇ ਵੱਡੇ ਸੂਤਰਧਾਰਾਂ ਨੇ ਵੀ ਇਹ ਮੰਨਿਆ ਹੈ ਕਿ ਜੇ 85 ਹਜ਼ਾਰ ਭਾਰਤੀਆਂ, ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੇ ਇੰਗਲੈਂਡ ਦੇ ਸਾਮਰਾਜ ਦੀਆਂ ਸਰਹੱਦਾਂ 'ਤੇ ਜਾਨਾਂ ਨਾ ਵਾਰੀਆਂ ਹੁੰਦੀਆਂ ਤਾਂ ਉਦੋਂ ਅੰਗਰੇਜ਼ ਸਲਤਨਤ ਦਾ ਸੂਰਜ ਕਿਤੇ ਪਹਿਲਾਂ ਹੀ ਡੁੱਬ ਚੁੱਕਾ ਹੋਣਾ ਸੀ। ਇਸ ਸੰਦਰਭ ਵਿਚ ਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਗੌਰਤਲਬ ਹੈ ਕਿ ਹੁਣ ਇੰਗਲੈਂਡ, ਕਨੇਡਾ ਤੇ ਅਮਰੀਕਾ ਦੇ ਮੁਖੀ ਤੇ ਸਰਕਾਰਾਂ ਅਜ ਪੰਜਾਬੀਆਂ ਦੇ ਸਿਦਕ, ਸਿਰੜ, ਮਿਹਨਤ ਤੇ ਖਾਸ ਕਰਕੇ ਉਨ੍ਹਾਂ ਦੀ ਬਹਾਦਰੀ ਦੀਆਂ ਕਾਇਲ ਹਨ। ਇਸ ਪ੍ਰਸੰਗ ਵਿਚ ਬਸ ਇਹ ਸਾਡੀ ਹੀ ਕੌਮੀ ਤੇ ਇਖਲਾਕੀ ਕਮਜ਼ੋਰੀ ਹੈ ਕਿ ਅਸੀਂ ਆਪਣੇ ਪੁਰਖਿਆਂ ਦੇ ਜੀਵਨ ਦੀਆਂ ਸਿਫ਼ਤਾਂ ਨੂੰ ਪਹਿਲਾਂ ਆਪਣੇ ਜੀਵਨ ਵਿਚ ਨਹੀਂ ਢਾਲ ਸਕੇ ਅਤੇ ਫਿਰ ਉਨ੍ਹਾਂ ਦੇ ਮਹਾਨ ਫ਼ਲਸਫ਼ੇ ਨੂੰ ਦੁਨੀਆਂ ਵਿਚ ਪ੍ਰਚਾਰ ਤੇ ਪ੍ਰਸਾਰ ਦੇ ਮਾਧਿਅਮ ਦੁਆਰਾ ਨਸ਼ਰ ਨਹੀਂ ਕਰ ਸਕੇ। ਇਸ ਪ੍ਰਸੰਗ ਵਿਚ ਫਿਰ ਸਿਤਮ ਤਾਂ ਇਹ ਹੈ ਕਿ ਅਸੀਂ ਆਪਣੇ ਪੁਰਖਿਆਂ ਦੇ ਇਤਿਹਾਸ ਤੇ ਸਾਹਿਤ ਤੋਂ ਬਿਲਕੁਲ ਹੀ ਅਣਜਾਣ ਤੇ ਬੇਖ਼ਬਰ ਜਿਹੇ ਹੋਏ ਬੈਠੇ ਹਾਂ।

ਫਿਰ ਅਸੀਂ ਇਸ ਯਥਾਰਥ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਸਾਡੀ ਸਮੁੱਚੀ ਸ਼ਖ਼ਸੀਅਤ ਵਿਚ ਕਿਤੇ ਨਾ ਕਿਤੇ ਗਿਆਨ ਦੇ ਪੱਖੋਂ ਅਗਿਆਨਤਾ, ਬੇਸਮਝੀ ਤੇ ਬੇਖਬਰੀ; ਕਰਮ ਕਰਨ ਦੇ ਪੱਖੋਂ ਅਣਗਹਿਲੀ ਤੇ ਸੁਸਤੀ ਤੇ ਸੁਭਾਅ ਦੇ ਪੱਖੋਂ ਲਾਪ੍ਰਵਾਹੀ ਤੇ ਹੂੜਮੱਤ ਵਰਗੀਆਂ ਕਮੀਆਂ ਹਨ। ਇਸ ਤਰ੍ਹਾਂ ਹੀ ਸਾਡੇ ਵਿਚ ਕਦੇ-ਕਦੇ ਮਾਨਸਿਕ ਪੱਖੋਂ ਅਕ੍ਰਿਤਘਣਤਾ, ਫ਼ਿਤਰਤ ਦੇ ਪੱਖੋਂ ਅਹਿਸਾਨ-ਫ਼ਰਾਮੋਸ਼ੀ ਤੇ ਖ਼ਸਲਤ ਦੇ ਪੱਖੋਂ ਝੂਠ ਤੇ ਦਿਖਾਵਾ ਜਿਹੀਆਂ ਕਮਜ਼ੋਰੀਆਂ ਆ ਸ਼ਾਮਲ ਹੋਈਆਂ ਹਨ ਕਿ ਜਿਨ੍ਹਾਂ ਦੇ ਕਾਰਨ ਅਸੀਂ ਦੁਨੀਆਂ ਦੀਆਂ ਕੌਮਾਂ ਵਿਚ ਆਪਣਾ ਬਣਦਾ ਹਕ-ਬਜਾਨਿਬ ਸ਼ਿਰੋਮਣੀ ਸਥਾਨ ਵੀ ਹਾਸਿਲ ਨਹੀਂ ਕਰ ਸਕੇ।

ਸੋ! ਆਓ ਅਸੀਂ ਤੇ ਤੁਸੀਂ ਸਭ ਰਲ-ਮਿਲ ਕੇ ਅਰਦਾਸ ਕਰੀਏ ਕਿ ਅਸੀਂ ਸਾਰੇ ਪਹਿਲਾਂ ਤਾਂ ਆਪਣੀ ਸਭਿਅਤਾ, ਸੰਸਕ੍ਰਿਤੀ, ਸਭਿਆਚਾਰ, ਇਤਿਹਾਸ ਤੇ ਸਾਹਿਤ ਤੋਂ ਖ਼ੁਦ ਆਪ ਜਾਣੂੰ ਹੋਈਏ। ਫਿਰ ਇਸ ਤਰ੍ਹਾਂ ਹੀ ਅਸੀਂ ਆਪਣੀਆਂ ਪ੍ਰੰਪਰਿਕ ਮਰਿਆਦਾਵਾਂ, ਸ਼ਾਨਦਾਰ ਰਵਾਇਤਾਂ ਤੇ ਸਮਾਜਿਕ ਕਦਰਾਂ-ਕੀਮਤਾਂ ਦੇ ਧਾਰਨੀ ਬਣੀਏ। ਇਸ ਤੋਂ ਇਲਾਵਾ ਫਿਰ ਸਭ ਤੋਂ ਵੱਧ ਜ਼ਰੂਰਤ ਇਸ ਗੱਲ ਦੀ ਹੈ ਕਿ ਸਾਡੇ ਧਾਰਮਿਕ ਆਗੂ, ਸਰਕਾਰਾਂ ਤੇ ਸਰਕਾਰੀ-ਦਰਬਾਰੀ ਸਾਰੇ ਹੀ ਕੁਝ ਸੋਝੀ-ਸੁਮੱਤ ਦੇ ਘਰ ਆਉਣ ਅਤੇ ਇਕ ਕੌਮੀ ਫ਼ਰਜ਼ ਵਜੋਂ ਆਪਣੀ ਨਿਘਰਦੀ ਜਾ ਰਹੀ ਕੌਮ ਅਤੇ ਖੁਰਦੇ ਜਾ ਰਹੇ ਸਭਿਆਚਾਰ ਨੂੰ ਕੋਈ ਠੁੰਮਣਾ-ਸਹਾਰਾ ਦੇਣ ਦਾ ਕੋਈ ਤਰੱਦਦ ਭਰਪੂਰ ਯਤਨ-ਉਪਰਾਲਾ ਕਰਨ।

ਸ਼ਾਲਾ! ਸਾਡੇ ਇਸ ਕੌਮੀ ਉੱਦਮ ਵਿਚ ਰੱਬ ਸਾਡਾ ਨਿਗਾਹਬਾਨ ਤੇ ਸਹਾਈ ਹੋਵੇ। ਆਮੀਨ!



*Original with;*
Kulbir Singh Sidhu(I.A.S)
*Digitized by;*
Panjab Digital Library

# ਜਿਹੜੇ ਰੋਗੋਂ ਬੱਕਰੀ ਮੋਈ, ਉਹੀ ਰੋਗ ਪਠੋਰੇ ਨੂੰ

ਅੱਜ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਜ਼ਾਹਿਰਾ ਤੌਰ 'ਤੇ ਹਰ ਕੋਈ ਚਿੰਤਾਤੁਰ ਨਜ਼ਰ ਆ ਰਿਹਾ ਹੈ। ਖਾਸ ਤੌਰ 'ਤੇ ਅਜੋਕੀ ਪੀੜ੍ਹੀ ਦਾ ਹਰ ਬੰਦਾ ਆਪਣੀ ਚੱਲ ਰਹੀ ਨੌਜਵਾਨ ਪੀੜ੍ਹੀ ਬਾਰੇ ਬੇਹੱਦ ਪ੍ਰੇਸ਼ਾਨ ਹੈ ਕਿ ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਦੇ ਪੱਖੋਂ ਸਾਡੇ ਬੱਚੇ ਕਿਧਰ ਨੂੰ ਜਾ ਰਹੇ ਹਨ? ਇਹ ਚਿੰਤਾ ਤਾਂ ਅੰਦਰੋਂ-ਅੰਦਰੀਂ ਹੁਣ ਸਭ ਨੂੰ ਘੁਣ ਵਾਂਗੂ ਖਾ ਰਹੀ ਹੈ। ਇਸ ਤਰ੍ਹਾਂ ਹੀ ਸਾਡੇ ਕੌਮੀ ਆਚਰਣ ਵਿਚ ਨੈਤਿਕ ਨਿਘਾਰ ਦਾ ਭ੍ਰਿਸ਼ਟਾਚਾਰੀ ਸੇਕ ਹੁਣ ਸਾਡੇ ਘਰਾਂ ਤੋਂ ਸ਼ੁਰੂ ਹੋ ਕੇ ਸਮਾਜ ਤੇ ਦੇਸ਼ ਦੇ ਕੋਨੇ-ਕੋਨੇ ਤਕ ਪਹੁੰਚ ਚੁੱਕਾ ਹੈ। ਬੇਸ਼ੱਕ ਸਾਨੂੰ ਸਭ ਨੂੰ ਇਹ ਚਿੰਤਾ ਤਾਂ ਵੱਢ-ਵੱਢ ਕੇ ਖਾ ਰਹੀ ਹੈ, ਪਰ ਹਾਲੇ ਵੀ ਅਸੀਂ ਇਸ ਕੌਮੀ ਪੱਧਰ ਦੇ ਦਾਵਾਨਲੀ ਨਿਘਾਰ ਵਾਸਤੇ ਆਪਣੇ ਆਪ ਨੂੰ ਜਾਂ ਆਪਣੀ ਪੀੜ੍ਹੀ ਨੂੰ ਜ਼ਿੰਮੇਵਾਰ ਨਹੀਂ ਮੰਨ ਰਹੇ। ਸਗੋਂ ਆਚਰਣ ਤੇ ਅਨੁਸ਼ਾਸਨ ਦੇ ਪੱਖੋਂ ਸਾਡੇ ਵਿਚ ਆਈ ਗਿਰਾਵਟ ਵਾਸਤੇ ਅਸੀਂ ਆਪਣਾ ਕਸੂਰ ਮੰਨਣ ਦੀ ਥਾਂ ਆਪਣੀਆਂ ਅਣਗਹਿਲੀਆਂ ਤੇ ਕੁਤਾਹੀਆਂ ਦਾ ਸਾਰੇ ਦਾ ਸਾਰਾ ਠੁੰਣਾ ਨੌਜਵਾਨਾਂ ਦੇ ਸਿਰ ਭੰਨ ਰਹੇ ਹਾਂ।

ਇਸ ਦੇ ਉਲਟ ਸਾਡੀਆਂ ਅਜੋਕੀਆਂ ਨੌਜਵਾਨ ਪੀੜ੍ਹੀਆਂ ਵੀ ਜੁਆਬੀ ਹਮਲੇ ਵਜੋਂ ਸਾਨੂੰ ਆਪਣਾ ਦੋ ਟੁੱਕ ਫੈਸਲਾ ਇਹ ਸੁਣਾਉਂਦੀਆਂ ਹਨ ਕਿ ਸਮਾਜ ਵਿਚ ਸਪਸ਼ਟ ਤੌਰ 'ਤੇ ਸਾਡੀਆਂ ਮੌਜੂਦਾ ਪਰੌੜ ਪੀੜ੍ਹੀਆਂ ਨੇ ਹੀ ਮਾੜੇ ਹਾਲਾਤ ਤੇ ਮੁਸ਼ਕਿਲਾਂ ਪੈਦਾ ਕੀਤੀਆਂ ਹਨ, ਜਿਸ ਕਰਕੇ ਦੇਸ਼ ਤੇ ਕੌਮ ਅੰਦਰ ਨਿਘਾਰ ਆਇਆ ਹੈ। ਇਸ ਲਈ ਜ਼ਾਹਿਰ ਹੈ ਕਿ ਸਾਡੇ ਨਿਆਣੇ ਤੇ ਨੌਜਵਾਨ ਸਾਫ਼ ਹੀ ਕਹਿੰਦੇ ਹਨ ਕਿ ਜਦੋਂ ਕੋਕੋ ਹੀ ਮਾੜੀ ਹੋਵੇ ਤਾਂ ਬੱਚੇ ਕਿਥੋਂ ਚੰਗੇ ਹੋਣੇ ਹਨ?

ਖ਼ੈਰ! ਸਾਨੂੰ ਮੰਨਣਾ ਪਵੇਗਾ ਕਿ ਹੁਣ ਸਾਡੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਦੇ ਪੱਖੋਂ ਸਾਡਾ ਆਵਾ ਹੀ ਊਤ ਗਿਆ ਹੈ। ਇਸ ਲਈ ਸਾਡੀ ਬਰਸਰੇ-ਇਕਦਾਰ ਭਾਵ ਮੌਜੂਦਾ ਪੀੜ੍ਹੀ ਤੇ ਸਾਡੀ ਨੌਜਵਾਨ ਪੀੜ੍ਹੀ ਦੀ ਹੁਣ ਇਲੋ-ਕੋਕੋ ਸਾਂਝੀ ਹੀ ਹੈ। ਅਸਲ ਵਿਚ ਤਾਂ ਹੁਣ ਗੱਲ 'ਜਿਹੜੇ ਰੋਗੋਂ ਬੱਕਰੀ ਮੋਈ, ਉਹੀ ਰੋਗ ਪਠੋਰੇ ਨੂੰ' ਵਾਲੀ ਬਣੀ ਹੋਈ ਹੈ। ਇਸ ਦਾ ਭਾਵ ਇਹ ਹੈ ਕਿ ਜਿਹੜੇ ਰੋਗ ਨਾਲ ਪਹਿਲਾਂ ਬੱਕਰੀ ਮਰੀ ਸੀ, ਉਹ ਹੀ ਰੋਗ ਹੁਣ ਪਠੋਰੇ ਨੂੰ ਹੈ। ਦਰਅਸਲ, ਪਹਿਲਾਂ ਸਾਡੀਆਂ ਮੌਜੂਦਾ ਪੀੜ੍ਹੀਆਂ ਨੂੰ ਆਪਣੇ ਸਭਿਆਚਾਰ ਦੀ ਵਿਰਾਸਤ ਦੇ ਸਵੈਮਾਣ ਨੂੰ ਭੁੱਲਣ ਅਤੇ ਇਸ ਦੀ ਸਾਂਭ-ਸੰਭਾਲ ਦੇ ਮਸਲੇ ਨੂੰ ਅੱਖ ਪਰੋਖੋਂ ਕਰਨ ਦਾ ਜੋ ਰੋਗ



*Original with;*
Kulbir Singh Sidhu(I.A.S)
*Digitized by;*
Panjab Digital Library

ਲੱਗਾ ਹੈ; ਉਹ ਹੁਣ ਅੱਗੇ ਚਲ ਕੇ ਸਾਡੀਆਂ ਨਵੀਆਂ ਪੀੜ੍ਹੀਆਂ ਨੂੰ ਸਭਿਆਚਾਰਕ ਅੰਧਰਾਤਾ ਬਣ ਕੇ ਟਕਰਿਆ ਹੈ।

ਜ਼ਾਹਿਰ ਹੈ ਕਿ ਕਿਸੇ ਵੀ ਖਿੱਤੇ ਵਿਚ ਚਿਰੋਕਣੀ ਚੱਲੀ ਆਉਂਦੀ ਜੀਵਨ ਸ਼ੈਲੀ ਤੇ ਕਦਰਾਂ-ਕੀਮਤਾਂ ਉਥੋਂ ਦੇ ਸਮਾਜ ਦਾ ਸਭਿਆਚਾਰ ਬਣਦੀਆਂ ਹਨ। ਇਸ ਦੇ ਨਾਲ ਹੀ ਸਭਿਆਚਾਰ ਵਿਚ ਉਸ ਸਮਾਜ ਦੇ ਲੋਕਾਂ ਦੇ ਵਿਸ਼ਵਾਸ, ਵਲਵਲੇ, ਵਹਿਮ-ਭਰਮ, ਮਨੁੱਖੀ ਭਾਵਨਾਵਾਂ, ਖੁਸ਼ੀਆਂ-ਗਮੀਆਂ, ਰਸਮੋ-ਰਿਵਾਜ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਆਦਿ ਸਾਰਾ ਚੰਗਾ-ਮਾੜਾ ਸ਼ਾਮਿਲ ਹੁੰਦਾ ਹੈ। ਇਸ ਤਰ੍ਹਾਂ ਕਿਸੇ ਕੌਮ ਦੇ ਸਭਿਆਚਾਰ ਵਿਚ ਇਕੋ ਸਮੇਂ ਹੀ ਬਹੁਤ ਕੁਝ ਚੰਗਾ ਵੀ ਹੁੰਦਾ ਹੈ ਤੇ ਮਾੜਾ ਵੀ ਹੁੰਦਾ ਹੈ। ਪਰ ਉਹ ਕੌਮਾਂ ਤੇ ਸਮਾਜ ਜਿਹੜੇ ਆਪਣੇ ਹਰ ਇਕ ਦੌਰ ਦੇ ਚੰਗੇ ਵਰਤਾਰਿਆਂ ਨੂੰ ਆਪਣਾ ਸਰਮਾਇਆ ਬਣਾ ਲੈਂਦੇ ਹਨ ਤੇ ਮਾੜੀਆਂ ਘਟਨਾਵਾਂ ਤੋਂ ਸਬਕ ਲੈਂਦੇ ਹਨ; ਬਸ ਉਹ ਹੀ ਮਨੁੱਖੀ ਸਭਿਅਤਾ ਦੇ ਸਿਰਮੌਰ ਤੇ ਸ਼੍ਰੋਮਣੀ ਹੋ ਜਾਂਦੇ ਹਨ ।

ਇਸ ਤਰ੍ਹਾਂ ਹੀ ਮਨੁੱਖੀ ਫ਼ਿਤਰਤ ਵੀ ਚੰਗੀਆਂ ਬਿਰਤੀਆਂ ਤੇ ਮਾੜੀਆਂ ਪ੍ਰਵਿਰਤੀਆਂ ਦਾ ਬੜਾ ਗੁੰਝਲਦਾਰ ਤੇ ਜਟਿਲ ਮਿਲਗੋਭਾ ਹੁੰਦਾ ਹੈ। ਇਉਂ ਬੇਸ਼ੱਕ ਸਾਡੀ ਕੌਮ ਵਿਚ ਵੀ ਹਉਮੈ, ਹੰਕਾਰ, ਲਬ-ਲੋਭ, ਕਾਮ-ਕ੍ਰੋਧ ਜਿਹੇ ਵਿਕਾਰ ਤੇ ਕਈ ਮਾੜੀਆਂ ਪ੍ਰਵਿਰਤੀਆਂ ਹਨ। ਸਗੋਂ ਇਹ ਵੀ ਨਹੀਂ ਹੈ ਕਿ ਪੰਜਾਬੀ ਲੋਕ ਸਿਰਫ਼ ਸਚਖੰਡ ਜਾਂ ਸਵਰਗਾਂ ਦੇ ਜਾਏ ਹਨ, ਬਲਕਿ ਇਨ੍ਹਾਂ ਵਿਚ ਵੀ ਦੁਨੀਆਂ ਦੇ ਹੋਰਨਾਂ ਲੋਕਾਂ ਵਾਂਗੂੰ ਸ਼ਖਸੀਅਤੀ ਤੌਰ 'ਤੇ ਕਈ ਔਣੇ-ਬੌਣੇ ਜਿਹੇ ਨੁਕਸ ਤੇ ਖ਼ਾਮੀਆਂ ਹਨ। ਪਰ ਕੁਲ ਮਿਲਾ ਕੇ ਨਿਰਸੰਦੇਹ ਇਸ ਪੱਖੋਂ ਪੰਜਾਬੀ ਲੋਕਾਂ ਦੇ ਜੀਵਨ ਵਿਚ ਔਗੁਣਾਂ ਨਾਲੋਂ ਨੈਤਿਕ ਕਦਰਾਂ-ਕੀਮਤਾਂ ਤੇ ਸਦਾਚਾਰ ਦਾ ਵਰਤਾਰਾ ਬਹੁਤਾ ਹੈ। ਜਿਸ ਕਰਕੇ ਇਸ ਸਭ ਕਾਸੇ ਦੇ ਬਾਵਜੂਦ ਪੰਜਾਬੀ ਕੌਮ ਮਾਨਵਤਾ ਦੀਆਂ ਸਿਰਕੱਢ ਕੌਮਾਂ ਵਿਚੋਂ ਇਕ ਹੈ।

ਫਿਰ ਇਹ ਵੀ ਹੈ ਕਿ ਸਾਡਾ ਪੰਜਾਬੀ ਸਭਿਆਚਾਰ ਪੁਰਾਤਨਤਾ ਦਾ ਖ਼ਜ਼ਾਨਾ ਹੈ। ਇਸ ਵਿਚ ਸਿੰਧ ਘਾਟੀ ਦੀ ਸਭਿਅਤਾ ਦੇ ਸਮੇਂ ਦੇ ਹੜੱਪਾ ਮੋਹੰਜੋਦਾੜੋ ਦੇ ਲੋਕਾਂ ਤੋਂ ਲੈ ਕੇ ਹੁਣ ਤੱਕ ਦੀਆਂ ਪੰਜਾਬੀ ਪੀੜ੍ਹੀਆਂ ਦੀਆਂ ਸਿਫ਼ਤਾਂ, ਸਖ਼ਾਵਤਾਂ ਤੇ ਸਿਆਣਪਾਂ ਦੇ ਭਰਪੂਰ ਭੰਡਾਰੇ ਸ਼ਾਮਲ ਹਨ। ਫਿਰ ਸਾਡੇ ਸਭਿਆਚਾਰ ਵਿਚ ਸਾਡੀਆਂ ਪਹਿਲੀਆਂ ਪੀੜ੍ਹੀਆਂ ਦੀ ਜੀਵਨਸ਼ੈਲੀ ਤੇ ਜੀਵਨਜਾਚ ਅਨੁਸਾਰ ਧਰਮ, ਆਸਥਾ, ਪ੍ਰੇਮ-ਪਿਆਰ ਤੇ ਆਪਸੀ ਭਾਈਚਾਰਿਕ ਸਾਂਝਾਂ ਦੀਆਂ ਚੰਗੀਆਂ ਰਵਾਇਤਾਂ ਤੇ ਸ਼ਾਨਦਾਰ ਪ੍ਰੰਪਰਾਵਾਂ ਦੀ ਮਹਿਕ ਮੌਜੂਦ ਹੈ।

ਸਾਡੇ ਸਭਿਆਚਾਰਕ ਜੀਵਨ ਵਿਚ ਖ਼ਾਸ ਕਰਕੇ ਗੁਰੂ ਸਾਹਿਬਾਨ, ਸੰਤਾਂ, ਭਗਤਾਂ, ਸ਼ਹੀਦਾਂ, ਮੁਰੀਦਾਂ ਅਤੇ ਕੌਮ ਦੇ ਸ਼ੰਘਰਸ਼ੀ ਯੋਧਿਆਂ ਤੇ ਜਰਵਾਣਿਆਂ ਦੀ ਝਲਕ ਸੁਭਾਇਮਾਨ ਹੈ। ਇਸ ਲਈ ਹੀ ਪ੍ਰੋ: ਪੂਰਨ ਸਿੰਘ ਦੇ ਸ਼ੁਭ-ਸੁਖਨ "ਪੰਜਾਬ ਜਿਉਂਦਾ ਗੁਰੂ ਦੇ ਨਾਂ 'ਤੇ" ਨੂੰ ਪੰਜਾਬੀ ਸਭਿਆਚਾਰ ਦਾ ਅਟਲਾਧਾ ਸੱਚ ਹੋਣ ਦੀ



Original with;
Kulbir Singh Sidhu(I.A.S)
Digitized by;
Panjab Digital Library

ਮਾਨਤਾ ਮਿਲੀ ਹੈ। ਫਿਰ ਇਸ ਵਾਸਤੇ ਹੀ ਪੰਜਾਬੀ ਸਭਿਆਚਾਰ ਦੀ ਗਿਣਤੀ ਸੰਸਾਰ ਦੇ ਸਿਰਮੌਰ ਸਭਿਆਚਾਰਾਂ ਵਿਚ ਹੁੰਦੀ ਹੈ ਅਤੇ ਪੰਜਾਬੀ ਕੌਮ ਦਾ ਸ਼ੁਮਾਰ ਦੁਨੀਆਂ ਦੀਆਂ ਸ਼੍ਰੋਮਣੀ ਕੌਮਾਂ ਵਿਚ ਹੁੰਦਾ ਹੈ।

ਇਸ ਸੰਦਰਭ ਵਿਚ ਸਿੰਧ ਘਾਟੀ ਦੀ ਸਭਿਅਤਾ ਦੇ ਮੁਢਲੇ ਦੌਰਾਂ ਤੋਂ ਹੁਣ ਤੱਕ ਪੰਜਾਬ ਦੇ ਭੂਗੋਲਿਕ ਤੇ ਇਤਿਹਾਸਿਕ ਪਰਿਪੇਖ ਵਿਚ ਪੰਜਾਬੀਆਂ ਦੇ ਸੰਘਰਸ਼, ਸੂਰਮਗਤੀ ਤੇ ਉਦਮ ਹਮੇਸ਼ਾਂ ਹੀ ਕਾਬਿਲੇ-ਮਿਸਾਲ ਰਹੇ ਹਨ। ਪਰ ਇਹ ਵੀ ਕੁਦਰਤ ਦੀ ਵਿਡੰਬਣਾ ਹੈ ਕਿ ਕਿਤੇ ਨਾ ਕਿਤੇ ਸਾਡੇ ਵਿਚ ਚੌਧਰ, ਮੌਕਾਪ੍ਰਸਤੀ ਤੇ ਸੁਆਰਥ ਦੀ ਭਾਵਨਾ ਪ੍ਰਬਲ ਹੋਣ ਕਰਕੇ ਸਿਰਫ਼ ਪੰਜਾਬ ਹੀ ਨਹੀਂ; ਸਗੋਂ ਹਿੰਦੋਸਤਾਨ ਵੀ ਗੈਰ-ਮੁਲਕੀ ਹੁਕਮਰਾਨਾਂ ਦਾ ਗੁਲਾਮ ਰਿਹਾ ਹੈ। ਇਸ ਤਰ੍ਹਾਂ ਸਾਡੇ ਇਤਿਹਾਸ ਦਾ ਮੰਦਭਾਗਾ ਸਾਰੰਸ਼ ਕੁਝ ਇਉਂ ਜਿਹੇ ਬਣਦਾ ਹੈ ਕਿ ਭਾਰਤ ਮਾਂ ਦੇ ਅਨੇਕਾਂ ਸਪੂਤ ਸਮੇਂ-ਸਮੇਂ ਦੇਸ਼ ਦੀ ਰੱਖਿਆ ਲਈ ਆਪਣੇ ਅੰਤ ਸਮੇਂ ਤੱਕ ਬੜੀ ਵੀਰਤਾ ਨਾਲ ਲੜੇ, ਪਰ ਇਹ ਵੀ ਦੁਰਭਾਗਪੂਰਨ ਕੌੜਾ ਸੱਚ ਹੈ ਕਿ ਕੁਝ ਕੁ ਗੀਦੀ-ਗੱਦਾਰਾਂ ਦੀਆਂ ਮਾੜੀਆਂ ਕਰਤੂਤਾਂ ਕਰਕੇ ਅੰਤ ਨੂੰ ਫੌਜਾਂ ਜਿੱਤ ਕੇ ਵੀ ਹਾਰਦੀਆਂ ਰਹੀਆਂ ਹਨ।

ਖ਼ੈਰ! ਕੌਮਾਂ ਦੀ ਹੋਣੀ ਦੇ ਪ੍ਰਸੰਗ ਵਿਚ ਇਥੇ ਇਹ ਜ਼ਿਕਰਯੋਗ ਹੈ ਕਿ ਕੌਮੀ ਭਾਵਨਾ ਤੇ ਕੌਮੀਅਤ ਦੇ ਸੰਦਰਭ ਵਿਚ ਵਰਤਮਾਨ ਸਮੇਂ ਦੀ ਕਿਸੇ ਵੀ ਪੀੜ੍ਹੀ ਦਾ ਸਭ ਤੋਂ ਵੱਡਾ ਫਰਜ਼ ਇਹ ਹੁੰਦਾ ਹੈ ਕਿ ਉਹ ਆਪਣੇ ਬੀਤੇ ਸਮੇਂ ਦੇ ਭੈੜੇ ਕਰਮਾਂ ਤੋਂ ਸਬਕ ਸਿਖੇ ਅਤੇ ਭਲੇ-ਵਰਤਾਰਿਆਂ ਦੀ ਰਵਾਇਤ ਨੂੰ ਬਰਕਰਾਰ ਰੱਖੇ। ਸਗੋਂ ਇਸ ਤੋਂ ਵੀ ਅੱਗੇ ਮੌਜੂਦਾ ਸਰਵੇ-ਸਰਵਾ ਪੀੜ੍ਹੀਆਂ ਆਪਣੇ ਪੁਰਖਿਆਂ ਦੀਆਂ ਨੈਤਿਕ ਤੇ ਸਭਿਆਚਾਰਕ ਨੇਕ ਕਦਰਾਂ-ਕੀਮਤਾਂ ਨੂੰ ਉਨ੍ਹਾਂ ਦੀ ਅਮਾਨਤ ਸਮਝ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰਨ।

ਇਸ ਪ੍ਰਥਾਇ ਕਿਸੇ ਵੀ ਸਮਾਜ ਵਿਚ ਉਥੋਂ ਦੀ ਸੰਸਕ੍ਰਿਤੀ ਤੇ ਸਭਿਆਚਾਰ ਦੀਆਂ ਨੇਕ ਕਦਰਾਂ-ਕੀਮਤਾਂ ਨੂੰ ਨਿਰੰਤਰ ਅੱਗੇ ਤੋਰੀ ਰੱਖਣਾ ਚੱਲ ਰਹੀ ਪੀੜ੍ਹੀ ਦਾ ਮੁੱਖ ਫਰਜ਼ ਹੁੰਦਾ ਹੈ। ਇਸ ਲਈ ਵਰਤਮਾਨ ਪੀੜ੍ਹੀ ਦਾ ਕੰਮ ਇਹ ਹੁੰਦਾ ਹੈ ਕਿ ਉਹ ਬੀਤੇ ਸਮੇਂ ਦੀਆਂ ਚੰਗੀਆਂ ਪ੍ਰੰਪਰਾਵਾਂ ਤੇ ਰਿਵਾਇਤਾਂ ਨੂੰ ਆਪਣੇ ਵਰਤਮਾਨ ਸਹਿਤ ਸੰਭਾਲ ਕੇ ਅੱਗੇ ਇਸ ਦੀ ਸੌਂਪਣਾ ਭਵਿੱਖ ਦੀਆਂ ਪੀੜ੍ਹੀਆਂ ਨੂੰ ਕਰ ਜਾਣ। ਇਸ ਸਬੰਧ ਵਿਚ ਸਾਡੀਆਂ ਅਜੋਕੀਆਂ ਪੀੜ੍ਹੀਆਂ ਵੱਲੋਂ ਆਪਣੇ ਇਸ ਅਹਿਮ ਸਮਾਜਿਕ ਫਰਜ਼ ਪ੍ਰਤੀ ਕੁਤਾਹੀ ਤੇ ਅਣਗਹਿਲੀ ਹੋ ਰਹੀ ਹੈ। ਇਸ ਪੱਖੋਂ ਅਫ਼ਸੋਸ ਦੀ ਗੱਲ ਹੈ ਕਿ ਸਾਡੀਆਂ ਵਰਤਮਾਨ ਪੀੜ੍ਹੀਆਂ ਆਪਣੇ ਵਡੇਰੇ ਤੇ ਵਡਿਕਿਆਂ ਦੀਆਂ ਚੰਗੀਆਂ ਸਭਿਆਚਾਰਕ ਰਵਾਇਤਾਂ ਨੂੰ ਅੱਗੇ ਤੋਰਨ ਵਿਚ ਅਸਫ਼ਲ ਤੇ ਅਯੋਗ ਸਾਬਿਤ ਹੋਈਆਂ ਹਨ।

ਬੇਸ਼ੱਕ ਇਸ ਦੀ ਕੁਝ ਕੁ ਸੰਵੇਦਨਾਸ਼ੀਲ ਬੰਦਿਆਂ ਨੂੰ ਕਿਤੇ ਚਿੰਤਾ ਵੀ ਵੱਢ-ਵੱਢ ਖਾਂਦੀ ਹੈ, ਪਰ ਜ਼ਿਆਦਾਤਰ ਅਸੀਂ ਆਪਣੇ ਇਸ ਅਹਿਮ ਫਰਜ਼ ਜਾਗਰੂਕ ਤੇ ਸਤਰਕ ਨਹੀਂ ਹਾਂ। ਫਿਰ ਕਦੇ ਇਹ ਵੀ ਖਿਆਲ ਆਉਂਦਾ ਹੈ ਕਿ



Original with;
Kulbir Singh Sidhu(I.A.S)
Digitized by;
Panjab Digital Library

ਅਸੀਂ ਆਪਣੇ ਅਮੀਰ ਸਭਿਆਚਾਰ ਦੀ ਜਾਣਕਾਰੀ ਅੱਗੇ ਪ੍ਰਚਾਰਣ ਤੇ ਪ੍ਰਸਾਰਣ ਵਿਚ ਬੜੇ ਢਿੱਲੇ-ਮੱਠੇ ਹਾਂ। ਇਸ ਸਬੰਧ ਵਿਚ ਅਸੀਂ ਆਪਣੀ ਨੌਜਵਾਨ ਪੀੜ੍ਹੀ ਦਾ ਸਹੀ ਮਾਰਗ ਦਰਸ਼ਨ ਕਰਦੇ ਹੋਏ ਆਪਣੇ ਬੱਚਿਆਂ ਨੂੰ ਚੰਗੀ ਜੀਵਨ ਜਾਚ ਤੇ ਜੀਵਨ ਸੇਧ ਨਹੀਂ ਦੇ ਰਹੇ। ਸਗੋਂ ਅਸੀਂ ਤਕਰੀਬਨ ਸਾਰੇ ਹੀ ਪੰਜਾਬੀ ਸਭਿਆਚਾਰ ਦੇ ਉੱਚ ਮੰਡਲਾਂ ਦੀਆਂ ਉਡਾਰੀਆਂ ਤੋਂ ਉਤਰ ਕੇ ਥੱਲੇ ਰਸਾਤਲ ਵੱਲ ਨੂੰ ਜਾ ਰਹੇ ਹਾਂ।

**ਮੁਹੰਮਦ ਇਕਬਾਲ** ਦੇ ਅਨੁਸਾਰ ਇਹ ਇਉਂ ਹੈ ਕਿ ਜਿਵੇਂ ਬਾਜ਼ ਕਿਤੇ ਕਾਵਾਂ ਦੀਆਂ ਮਾੜੀਆਂ ਕਰਤੂਤਾਂ 'ਤੇ ਉਤਰ ਆਏ ਹੋਣ। ਇਸ ਪ੍ਰਸੰਗ ਵਿਚ ਉਸ ਦਾ ਕਹਿਣਾ ਹੈ ਕਿ :-

ਹੂਈ ਨਾ ਜ਼ਾਦ ਮੇਂ ਪੈਦਾ ਬੁਲੰਦ ਪ੍ਰਵਾਜ਼ੀ
ਖ਼ਰਾਬ ਕਰ ਗਈ ਸ਼ਾਹੀਂ ਬਚੋਂ ਕੋ ਸੋਹਬਤੇ-ਜ਼ਾਦ

ਇਸ ਦਾ ਭਾਵ ਇਹ ਹੈ ਕਿ ਜਦੋਂ ਬਾਜ਼ ਕਾਵਾਂ ਦੀ ਸੋਹਬਤ ਕਰਨ ਲੱਗ ਪੈਣ ਤਾਂ ਉਹ ਵੀ ਕਾਵਾਂ-ਕੋਕੋ ਹੀ ਬਣ ਜਾਂਦੇ ਹਨ। ਇਹ ਗੱਲ ਸਾਡੀ ਹੁਣ ਦੀ ਪੀੜ੍ਹੀ ਵਿਚ ਪੂਰਨ ਰੂਪ ਵਿਚ ਪ੍ਰਤੀਬਿੰਬਤ ਹੋ ਰਹੀ ਹੈ ਕਿ ਸਭਿਅਤਾ ਤੇ ਸਭਿਆਚਾਰ ਦੇ ਪੱਖੋਂ ਸਾਡੇ ਨੀਤੀ-ਵਿਚਾਰਾਂ, ਸਾਡੀਆਂ ਕਰਤੂਤਾਂ ਤੇ ਅੱਗੇ ਸਾਡੀ ਬੋਲ-ਬਾਣੀ ਤੱਕ ਕਾਵਾਂ-ਰੌਲੀ ਤੋਂ ਵੱਧ ਹੋਰ ਕੁਝ ਵੀ ਨਹੀਂ ਦਿਸਦਾ।

ਇਸ ਤੋਂ ਵੀ ਅੱਗੇ ਸਿਤਮ ਦੀ ਗੱਲ ਇਹ ਹੈ ਕਿ ਸਾਡੀ ਹਾਲਤ 'ਆਪ ਨਾ ਵੱਸਾਂ ਸਹੁਰਿਆਂ, ਲੋਕੀਂ ਮੱਤਾਂ ਦੇਹ' ਅਨੁਸਾਰ ਇਹ ਬਣੀ ਹੋਈ ਕਿ ਅਸੀਂ ਆਪਣੇ ਜੀਵਨ ਦੇ ਅਮਲਾਂ ਤੇ ਗਿਆਨ ਦੇ ਪੱਖੋਂ ਆਪਣੀ ਜਾਣਕਾਰੀ ਅੱਗੇ ਆਪਣੇ ਬੱਚਿਆਂ ਭਾਵ ਅਗਲੀ ਪੀੜ੍ਹੀ ਨੂੰ ਦੇਣ ਜੋਗੇ ਹੀ ਨਹੀਂ ਰਹੇ ਹਾਂ। ਇਸ ਲਈ ਹੀ ਤਾਂ **ਮੁਹੰਮਦ ਇਕਬਾਲ** ਨੇ ਇਕ ਸ਼ਿਕਵਾ ਕੀਤਾ ਸੀ ਕਿ -

ਸ਼ਿਕਾਇਤ ਹੈ ਮੁਝੇ ਯਾ ਰੱਬ, ਖੁਦਾਵੰਦਾਨਿ ਮਕਤਬ ਸੇ,
ਸਬਕ ਸ਼ਾਹੀਂ ਬੱਚੋਂ ਕੋ, ਦੇ ਰਹੇ ਹੈਂ ਖਾਕਬਾਜ਼ੀ ਕਾ।

ਇਸ ਪੱਖੋਂ ਹੋਰ ਵੀ ਗੰਭੀਰ ਮਸਲਾ ਇਹ ਹੈ ਕਿ ਜਦੋਂ ਸਾਡੀ ਪੀੜ੍ਹੀ ਨੂੰ ਆਪ ਹੀ ਸਾਡੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਬਾਰੇ ਕੋਈ ਜ਼ਿਆਦਾ ਵਾਕਫ਼ੀਅਤ ਨਹੀਂ ਤਾਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕਰ ਵੀ ਕਿਵੇਂ ਸਕਦੇ ਹਾਂ? ਸਾਨੂੰ ਆਪ ਨੂੰ ਹੀ ਆਪਣੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਬਾਰੇ ਪਤਾ ਨਹੀਂ ਹੈ ਤਾਂ ਫਿਰ ਅਸੀਂ ਆਪਣੇ ਬੱਚਿਆਂ ਤੇ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਇਸ ਸਬੰਧੀ ਕਹੀਏ ਵੀ ਤਾਂ ਕੀ ਕਹੀਏ? ਅਸੀਂ ਕਹਿੰਦੇ ਹਾਂ ਕਿ ਸਾਡੇ ਬੱਚਿਆਂ ਨੂੰ ਸਾਡੇ 10 ਗੁਰੂ ਸਾਹਿਬਾਨ ਦੇ ਨਾਮ ਨਹੀਂ ਆਉਂਦੇ, ਪਰ ਸਾਨੂੰ ਖੁਦ ਵੀ ਤਾਂ 5 ਪਿਆਰਿਆਂ ਦੇ ਨਾਮ ਨਹੀਂ ਪਤਾ ਤੇ ਨਾ ਹੀ ਸਾਨੂੰ ਉਨ੍ਹਾਂ ਬਾਰੇ ਕੋਈ ਬਹੁਤੀ ਜਾਣਕਾਰੀ ਹੈ। ਇਹ ਹੀ ਨਹੀਂ, ਸਗੋਂ ਜੇ ਹੋਰ ਵੀ ਸੱਚੀ ਗੱਲ ਕਰਨੀ ਹੋਵੇ ਤਾਂ ਸਾਨੂੰ ਆਪ ਨੂੰ ਹੀ ਆਪਣੇ ਮਹਾਨ ਪੁਰਖਿਆਂ ਦੇ ਜੀਵਨ ਤੇ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਦੀ ਲੋੜੀਂਦੀ ਜਾਣਕਾਰੀ ਵੀ ਨਹੀਂ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਅਸੀਂ ਪਿਛਲੇ 64 ਸਾਲ ਤੋਂ ਅਜ਼ਾਦ ਹਾਂ ਅਤੇ ਆਪਣੀ ਤੇ ਆਪਣੇ ਦੇਸ਼ ਦੀ ਹੋਣੀ ਦੇ ਖ਼ੁਦਮੁਖਤਿਆਰ ਸਿਰਜਕ ਹਾਂ, ਪਰ ਅਸੀਂ ਸਮਾਜ ਦੇ ਉਸਰਈਏ ਹੋਣ ਦੇ ਨਾਤੇ ਆਪਣੀਆਂ ਨੌਜਵਾਨ ਪੀੜ੍ਹੀਆਂ ਦੇ ਦੇਣਦਾਰ ਤੇ ਗੁਨਾਹਗਾਰ ਹਾਂ। ਉਹ ਇਸ ਲਈ ਕਿ ਸਾਨੂੰ ਆਪਣੇ ਪੁਰਖਿਆਂ ਤੋਂ ਜੋ ਅਮਾਨਤ ਰੂਪੀ ਨੇਕ ਸਭਿਆਚਾਰਕ ਵਿਰਾਸਤ ਮਿਲੀ ਸੀ, ਉਸ ਨੂੰ ਅਸੀਂ ਪਹਿਲਾਂ ਆਪਣੇ ਘਰਾਂ ਤੇ ਫਿਰ ਆਪਣੇ ਸਕੂਲਾਂ ਤੇ ਕਾਲਜਾਂ ਰਾਹੀਂ ਆਪਣੇ ਬੱਚਿਆਂ ਤੱਕ ਨਹੀਂ ਪਹੁੰਚਾ ਸਕੇ। ਸੋ ਇਸ ਦੇ ਨਤੀਜੇ ਵਜੋਂ ਅਸੀਂ ਸਾਰੇ ਖ਼ੁਦ ਆਪ ਅਤੇ ਉਸ ਤੋਂ ਅੱਗੇ ਸਾਡੇ ਵਿਦਿਆਰਥੀ ਤੇ ਨੌਜਵਾਨ ਪੰਜਾਬ ਦੇ ਕੁਰਬਾਨੀਆਂ ਭਰੇ ਇਤਿਹਾਸ ਤੇ ਸ਼ਾਨਾਮੱਤੇ ਸਾਹਿਤ ਤੋਂ ਤਕਰੀਬਨ ਅਣਜਾਣ ਹੀ ਹਨ।

ਮੁੱਕਦੀ ਗੱਲ ਇਹ ਹੈ ਕਿ ਅਸੀਂ ਆਪਣੇ ਵਿਦਿਆਰਥੀ ਜੀਵਨ ਵਿਚ ਆਪਣੇ ਇਤਿਹਾਸ ਤੇ ਸਾਹਿਤ ਸਬੰਧੀ ਉਹ ਹੀ ਪੜ੍ਹਿਆ ਹੈ, ਜੋ ਕਿ ਸਾਨੂੰ ਪਹਿਲਾਂ ਗੈਰ-ਮੁਲਕੀ ਮੁਗਲਾਂ ਤੇ ਫਿਰ ਅੰਗਰੇਜ਼ ਹੁਕਮਰਾਨਾਂ ਨੇ ਪੜ੍ਹਾਇਆ ਸੀ। ਪਰ ਹੁਣ ਸਾਨੂੰ ਕੌਮੀ ਫਰਜ਼ ਵਾਂਗੂੰ ਇਹ ਸਮਝਣ ਦੀ ਲੋੜ ਹੈ ਕਿ ਅਜ਼ਾਦ ਭਾਰਤ ਵਿਚ ਵੀ ਸਾਡੇ ਬੱਚੇ ਤੇ ਵਿਦਿਆਰਥੀ ਹੁਣ ਤੱਕ ਬਾਹਰਲੇ ਹੁਕਮਰਾਨਾਂ ਦਾ ਇਤਿਹਾਸ ਤੇ ਸਾਹਿਤ ਪੜ੍ਹ ਰਹੇ ਹਨ। ਇਸ ਪੱਖੋਂ ਜੇ ਅਸੀਂ ਪੰਜਵੀਂ ਜਮਾਤ ਤੋਂ ਲੈ ਕੇ ਸੋਲ੍ਹਵੀਂ ਜਮਾਤ ਤੱਕ ਆਪਣੇ ਸਿਲੇਬਸਾਂ 'ਤੇ ਨਜ਼ਰ ਮਾਰੀਏ ਤਾਂ ਸਾਫ਼ ਦਿਸਦਾ ਹੈ ਕਿ ਸਾਡੇ ਸਲਤਨਤੀ ਹਾਕਮਾਂ ਦੀ ਮਨਸ਼ਾ-ਮੁਬਾਰਿਕ ਮੁਤਾਬਿਕ ਅਸੀਂ ਹੁਣ ਵੀ ਉਨ੍ਹਾਂ ਦੇ ਇਤਿਹਾਸ ਤੇ ਸਾਹਿਤ ਦੀਆਂ ਸਖਸ਼ੀਅਤਾਂ ਨੂੰ ਆਪਣੇ ਪੁਰਖਿਆਂ ਤੇ ਵਡੇਰਿਆਂ ਤੋਂ ਕਿਤੇ ਵੱਧ ਤਰਜੀਹ ਤੇ ਮਾਨਤਾ ਦੇ ਰਹੇ ਹਾਂ। ਇਸ ਸੰਦਰਭ ਵਿਚ ਖ਼ਾਸ ਕਰਕੇ ਮਧਕਾਲ ਤੋਂ ਹੀ ਸਾਡੇ ਸਮਾਜ ਦੀ 'ਘਰ ਦਾ ਜੋਗੀ ਜੋਗ ਨਾ ਤੇ ਬਾਹਰ ਦਾ ਜੋਗੀ ਸਿੱਧ' ਵਾਲੀ ਗੁਲਾਮ ਮਾਨਸਿਕਤਾ ਬਣੀ ਹੋਈ ਹੈ।

ਅਸੀਂ ਆਪਣੀ ਰੂੜੀਵਾਦੀ ਸੋਚ ਦੇ ਕਾਰਨ ਹੁਣ ਲੋਕਤੰਤਰੀ ਪ੍ਰਣਾਲੀ ਦਾ ਹਿੱਸਾ ਹੋਣ ਦੇ ਬਾਵਜੂਦ ਵੀ ਆਪਣੇ ਘਰ-ਪਰਿਵਾਰ ਤੋਂ ਲੈ ਕੇ ਆਪਣੇ ਸਮਾਜ-ਸੰਸਾਰ ਤੱਕ ਆਪਣੀ ਸਲਤਨਤੀ ਤੇ ਜਗੀਰਦਾਰੀ ਸੋਚ ਦੀ ਚੌਧਰ ਪੁਗਾਉਣੋਂ ਨਹੀਂ ਹਟਦੇ। ਬਸ ਇਸ ਵਾਸਤੇ ਹੀ ਸਾਡੀਆਂ ਅਜੋਕੀਆਂ ਪੀੜ੍ਹੀਆਂ ਕਦੇ ਆਪਣੇ ਬੱਚਿਆਂ ਤੇ ਨੌਜਵਾਨਾਂ ਦੀ ਪਾਲਣਾ ਤੇ ਸਿਖਲਾਈ ਦੇ ਸਬੰਧ ਵਿਚ ਆਪਣੀਆਂ ਗਲਤੀਆਂ ਨੂੰ ਮੰਨਦੀਆਂ ਹੀ ਨਹੀਂ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਹੋਰ ਤਾਂ ਹੋਰ ਸਾਡਾ ਆਦਮ ਸਮਾਜ ਆਪਣੀਆਂ ਹਮਸਫ਼ਰ ਔਰਤਾਂ ਨੂੰ ਵੀ ਕਿਸੇ ਗਿਣਤੀ ਵਿਚ ਨਹੀਂ ਰੱਖਦਾ; ਸਗੋਂ ਜਿਥੇ ਕਿਤੇ ਵੀ ਉਸ ਦਾ ਦਾਅ ਫਬਦਾ ਹੈ, ਉਹ ਔਰਤਜ਼ਾਤ ਦੀ ਬੇਇੱਜ਼ਤੀ ਤੇ ਬੇਕਦਰੀ ਕਰਨ ਤੋਂ ਬਾਜ਼ ਨਹੀਂ ਆਉਂਦਾ।

ਇਸ ਪ੍ਰਥਾਇ ਕਹਿਣ-ਕਹਾਉਣ ਨੂੰ ਤਾਂ ਔਰਤਜ਼ਾਤ ਜੋ ਕਿ ਸਾਡੀ ਜਣਨੀ ਮਾਤਾ ਹੈ ਅਤੇ ਅਸੀਂ ਉਸ ਨੂੰ 'ਜਗਤ ਜਣਨੀ', 'ਨਾਰੀ ਸ਼ਕਤੀ' ਤੇ ਹੋਰ ਕਿੰਨੇ ਹੀ ਵੱਡਪਣੀ ਬਿੰਬ ਉਸ ਨਾਲ ਜੋੜ ਦਿੰਦੇ ਹਾਂ; ਪਰ ਇਸ ਸਭ ਕਾਸੇ ਦੇ ਬਾਵਜੂਦ ਸਾਡੇ



Original with;
Kulbir Singh Sidhu(I.A.S)
Digitized by;
Panjab Digital Library

ਸਮਾਜ ਵਿਚ ਔਰਤ ਦੀ ਭਰੂਣ ਅਵਸਥਾ ਤੋਂ ਲੈ ਕੇ ਮਰਨ ਤੱਕ ਭਰੂਣ ਹੱਤਿਆ, ਅਣਖ ਲਈ ਹੱਤਿਆ, ਦਹੇਜ ਵਾਸਤੇ ਹੱਤਿਆ ਤੇ ਆਤਮ-ਹੱਤਿਆ ਦੇ ਰੂਪ ਵਿਚ ਜੋ ਦੁਰਦਸ਼ਾ ਹੋ ਰਹੀ ਹੈ; ਉਹ ਰੱਬ ਹੀ ਦੇਖਦਾ ਹੈ। ਇਸ ਸਾਰੇ ਪ੍ਰਸੰਗ ਵਿਚ ਸੰਖੇਪ ਤੌਰ 'ਤੇ ਹੁਣ ਆਪਣਾ ਲਿਖਿਆ ਆਪ ਹੀ ਪੜ੍ਹਨ ਤੇ ਵਿਚਾਰਨ ਦੀ ਲੋੜ ਹੈ। ਇਸ ਲਈ ਬੱਸ ਸਮਝੋ ਕਿ ਕੋਈ ਵੇਲਾ ਹੀ ਲੰਘ ਰਿਹਾ ਨਹੀਂ ਤਾਂ ਸਾਡੀ ਨਾਰੀ ਸ਼ਕਤੀ ਵੀ ਹੁਣ ਸਾਨੂੰ ਕੋਈ ਗੈਬੀ ਜਲਵਾ ਦਿਖਾਉਣ ਨੂੰ ਤਿਆਰ-ਬਰ-ਤਿਆਰ ਬੈਠੀ ਹੈ।

ਜ਼ਾਹਿਰ ਹੈ ਕਿ ਅਸੀਂ ਖ਼ੁਦ ਆਪ ਔਰਤਜ਼ਾਤ ਦਾ ਬਣਦਾ ਆਦਰ-ਮਾਣ ਨਹੀਂ ਕੀਤਾ। ਇਸ ਤੋਂ ਅੱਗੇ ਫਿਰ ਅਸੀਂ ਆਪਣੇ ਬੱਚਿਆਂ ਨੂੰ ਆਪਣੀਆਂ ਮਾਈਆਂ-ਬੀਬੀਆਂ ਦਾ ਸਤਿਕਾਰ ਕਰਨ ਦੀ ਜਾਚ ਹੀ ਸਿਖਾਉਣੀ ਭੁੱਲ ਗਏ ਹਾਂ। ਇਸ ਦੇ ਮਾੜੇ ਸਿੱਟੇ ਸਾਡੇ ਸਾਹਮਣੇ ਮੂੰਹ-ਅੱਡੀਂ ਖੜ੍ਹੇ ਹਨ। ਸਪਸ਼ਟ ਹੈ ਕਿ ਸਾਡੀ ਆਪਣੀ ਜੁਆਨੀ ਦੇ ਸਮਿਆਂ ਵਿਚ ਕੋਈ ਤਿੰਨ-ਚਾਰ ਦਹਾਕੇ ਪਹਿਲਾਂ ਔਰਤਾਂ ਨਾਲ ਜੇ ਕਿਤੇ ਲੁਕੇ-ਛਿਪੇ ਕੋਈ ਰਾਤ-ਬ-ਰਾਤੇ ਕਦੇ ਖ਼ੌਫਨਾਕ ਘਟਨਾ ਹੁੰਦੀ ਵੀ ਸੀ ਤਾਂ ਹੁਣ ਉਸ ਦੇ ਮੁਕਾਬਲੇ ਵਿਚ ਸਾਡੇ ਬਾਲਗ ਬੱਚੇ ਦਿਨ-ਦੀਵੀਂ ਅੱਲ੍ਹੜ ਕੁੜੀਆਂ ਨਾਲ ਅੱਤਿਆਚਾਰਾਂ ਦੀ ਝੜੀ ਲਾ ਰਹੇ ਹਨ।

ਖ਼ੈਰ! ਭਾਵੇਂ ਇਹ ਦੁੱਖ ਦੀ ਗੱਲ ਹੈ, ਪਰ ਮੰਨਣਾ ਪਵੇਗਾ ਕਿ ਜਿਵੇਂ ਕਹਿੰਦੇ ਹਨ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ; ਉਵੇਂ ਹੀ ਹੁਣ ਸਾਡੀਆਂ ਭੋਲੀਆਂ ਸਦੀਦੀਆਂ ਕੁੜੀਆਂ ਦੀ ਜ਼ੁਬਾਨ ਉਤੇ 'ਸ਼ੀਲਾ ਕੀ ਜਵਾਨੀ', 'ਬਬਲੀ ਬਦਮਾਸ਼ ਹੈ' ਤੇ 'ਮੁੰਨੀ ਬਦਨਾਮ ਹੋਈ' ਜਿਹੇ ਤਰਾਨੇ ਹਨ। ਬਹਿਰਹਾਲ, ਇਸ ਸੂਰਤ ਵਿਚ ਛੜੇ-ਛਟੇ. ਮੁੰਡਿਆਂ ਨੇ ਤਾਂ ਬੁਲਬਲੀਆਂ ਬੁਲਾਉਣੀਆਂ ਹੀ ਹਨ; ਸੋ ਕਸੂਰ ਆਪਣਾ ਹੀ ਹੈ ਮਿੱਤਰੋ ਕਿ ਅਸੀਂ ਖ਼ੁਦ ਵੇਲੇ ਸਿਰ ਆਪ ਸੰਭਲੇ ਨਹੀਂ ਅਤੇ ਅੱਗੇ ਇਸ ਪੱਖੋਂ ਆਪਣੇ ਜਿਣਸੀ ਖਣਵਾਦੇ ਨੂੰ ਅਸੀਂ ਸੰਭਾਲਿਆ ਹੀ ਨਹੀਂ ਹੈ।

ਇਸ ਤਰ੍ਹਾਂ ਅਸੀਂ ਸਮਾਜ ਦੇ ਨੈਤਿਕ, ਸਮਾਜਿਕ ਤੇ ਸਾਹਿਤਕ ਪਹਿਲੂਆਂ ਵਿਚ ਆ ਰਹੀ ਗਿਰਾਵਟ ਨੂੰ ਕਦੇ ਰੋਕਣ-ਠੱਲ੍ਹਣ ਦੀ ਸਬੀਲ ਹੀ ਨਹੀਂ ਬਣਾਈ। ਹੁਣ ਜੇ ਆਪਣੇ ਸਾਹਿਤ ਤੇ ਇਤਿਹਾਸ ਨੂੰ ਸੰਭਾਲਣ ਦੀ ਗੱਲ ਕਰੀਏ ਤਾਂ ਇਸ ਸਬੰਧੀ ਸਾਡੀ ਅਣਗਹਿਲੀ ਪਹਿਲੀ ਨਜ਼ਰੇ ਹੀ ਪ੍ਰਤੱਖ ਹੋ ਜਾਂਦੀ ਹੈ। ਸਗੋਂ ਇਸ ਸੰਦਰਭ ਵਿਚ ਅਸੀਂ ਆਪਣੀ ਮਾਂ ਬੋਲੀ ਪੰਜਾਬੀ, ਆਪਣੇ ਸਾਹਿਤ ਤੇ ਸਭਿਆਚਾਰ ਨੂੰ ਅਣਗੌਲਿਆ ਕੀਤਾ ਹੈ। ਇਸ ਵਾਸਤੇ ਹੀ ਸਾਨੂੰ ਹੁਣ ਸੰਜੀਦਗੀ ਨਾਲ ਸੋਚਣ ਤੇ ਵਿਚਾਰਨ ਦੀ ਲੋੜ ਹੈ ਕਿ ਜੇ ਸਾਡੀ ਮਾਂ ਬੋਲੀ ਪੰਜਾਬੀ, ਸਾਡਾ ਸਾਹਿਤ ਤੇ ਪੰਜਾਬੀ ਸਭਿਆਚਾਰ ਹੀ ਨਾ ਰਿਹਾ ਤਾਂ ਕੀ ਪੰਜਾਬ ਤੇ ਪੰਜਾਬੀਅਤ ਕਾਇਮ-ਦਾਇਮ ਰਹਿ ਵੀ ਸਕਣਗੇ। ਇਸ ਪ੍ਰਥਾਇ ਸਾਡਾ ਗਵਾਂਢੀ ਰੂਸੀ ਲਿਖਾਰੀ ਹਮਜ਼ਾਤੋਵ ਵੀ ਸਾਨੂੰ 'ਦਾਗਿਸਤਾਨ' ਦੇ ਹਵਾਲੇ ਨਾਲ ਇਹ ਸਮਝਾ ਚੁੱਕਾ ਹੈ ਕਿ ਉਸ ਦੇ ਮੁਲਕ ਵਿਚ ਸਭ ਤੋਂ ਗੰਦੀ ਗਾਲ ਇਹ ਹੈ ਕਿ ਸ਼ਰੀਕ ਨੂੰ ਆਪਣੀ ਮਾਂ ਭਾਸ਼ਾ ਭੁੱਲ ਜਾਵੇ। ਪਰ ਸਮਝ ਨਹੀਂ ਆਉਂਦੀ ਕਿ ਅਸੀਂ ਕਿਉਂ ਜਾਣ-ਬੁੱਝ ਕੇ ਇਸ ਪੱਖੋਂ ਘੇਗਲਕੰਨੀ



Original with;
Kulbir Singh Sidhu(I.A.S)
Digitized by;
Panjab Digital Library

ਵੱਟੀ ਹੋਈ ਹੈ? ਇਸ ਪ੍ਰਸੰਗ ਵਿਚ ਸਪੱਸ਼ਟ ਹੈ ਕਿ ਹੁਣ ਸਾਨੂੰ ਆਪਣੀ ਮੌਜੂਦਾ ਸੋਚ ਵਿਚਾਰ ਨੂੰ ਦਰੁਸਤ ਕਰਨ ਦੀ ਬੇਹੱਦ ਲੋੜ ਹੈ।

ਇਸ ਦੇ ਉਲਟ ਅੱਜ ਸਾਡੇ ਸਮਾਜ ਦੇ ਦਿਸ਼ਾ-ਨਿਰਦੇਸ਼ਕ ਮਾਪਿਆਂ ਤੋਂ ਲੈ ਕੇ ਅਧਿਆਪਕਾਂ ਤੱਕ ਤੇ ਅੱਗੇ ਰਾਜਸੀ, ਧਾਰਮਿਕ ਤੇ ਸਮਾਜਿਕ ਆਗੂਆਂ ਤੱਕ ਭਾਵ ਅਸੀਂ ਤਕਰੀਬਨ ਸਾਰੇ ਹੀ ਆਪਣੇ ਇਸ ਮਹੱਤਵਪੂਰਨ ਫਰਜ਼ ਨੂੰ ਨਿਭਾਉਣ ਵਿਚ ਪੂਰਨ ਤੌਰ 'ਤੇ ਨਾਕਾਮ ਰਹੇ ਹਾਂ। ਸਗੋਂ ਇਸ ਸਬੰਧ ਵਿਚ ਸਾਡੀ ਸਮੁੱਚੀ ਕਾਰਗੁਜ਼ਾਰੀ ਸਾਨੂੰ ਸਭ ਨੂੰ ਸਮਾਜਿਕ ਹਾਸ਼ੀਏ 'ਤੇ ਲਿਆ ਖੜ੍ਹਾ ਕਰਦੀ ਹੈ। ਇਸ ਵਾਸਤੇ ਹੀ ਕਿਸੇ ਸ਼ਾਇਰ ਨੇ ਸਾਡੀ ਇਸ ਸਥਿਤੀ ਦੀ ਬੜੇ ਢੁਕਵੇਂ ਸ਼ਬਦਾਂ ਵਿਚ ਵਿਆਖਿਆ ਕਰਦੇ ਹੋਏ ਕਿਹਾ ਹੈ ਕਿ :-

ਕਾਫਿਲੇ ਗੁਜ਼ਰੇਂ ਵਹਾਂ ਸੇ ਕਿਉਂ ਕਰ ਸਲਾਮਤ ਵਾਈਜ਼
ਹੋ ਜਹਾਂ ਰਾਹਜ਼ਨ ਔਰ ਰਹਿਨੁਮਾ ਏਕ ਹੀ ਸ਼ਖਸ

ਦਰਅਸਲ, ਸਾਡੇ ਸਮਾਜ ਦੇ ਦਿਸ਼ਾ ਨਿਰਦੇਸ਼ਕ ਹੁਣ ਆਪ ਹੀ ਰਾਜਸੀ ਸ਼ਕਤੀ ਤੇ ਮਾਇਆ ਦੇ ਪੁਜਾਰੀ ਬਣ ਚੁਕੇ ਹਨ। ਉਨ੍ਹਾਂ ਨੂੰ ਤਾਂ ਆਪਣੀ ਚੌਧਰ ਦੀ ਤਾਕਤ ਤੇ ਮਾਇਆ ਦੇ ਪਸਾਰ ਦੀ ਹੀ ਚਿੰਤਾ ਹੈ। ਇਸ ਲਈ ਉਨ੍ਹਾਂ ਵਾਸਤੇ ਸਮਾਜ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਜਾਂ ਉਨ੍ਹਾਂ ਦਾ ਭਵਿੱਖ ਕੋਈ ਬਹੁਤੇ ਮਾਇਅਨੇ ਨਹੀਂ ਰੱਖਦਾ।

ਸਗੋਂ ਗੌਰਤਲਬ ਹੈ ਕਿ ਸਾਡੇ ਅਮੀਰ ਵਰਗ ਤੇ ਖ਼ਾਸ ਕਰਕੇ ਆਗੂਆਂ ਨੂੰ ਰਾਵਣ ਵਾਂਗੂੰ ਸਵਰਗ ਨੂੰ ਸੋਨੇ ਦੀ ਪੌੜੀ ਲਾਉਣ ਤੇ ਸੋਨੇ ਵਿਚ ਖ਼ੁਸ਼ਬੂ ਪਾਉਣ ਜਿਹੀ ਇਕ ਅਵੱਲੀ ਜਿਹੀ ਚਿੰਤਾ ਲੱਗੀ ਹੋਈ ਹੈ। ਬਿਲਕੁਲ ਉਸ ਤਰ੍ਹਾਂ ਹੀ ਸਾਡੇ ਕੌਮ ਦੇ ਰਹਿਬਰ ਆਪਣੀ ਕਰੋੜਾਂ-ਅਰਬਾਂ ਦੀ ਜਾਇਦਾਦ ਦੇ ਬਾਵਜੂਦ ਵੀ ਇਕੋ-ਇਕ ਫ਼ਿਕਰ ਵਿਚ ਗਰੱਸੇ ਜਾਪਦੇ ਹਨ ਕਿ ਜਦੋਂ ਉਹ ਇਸ ਦੁਨੀਆਂ ਤੋਂ ਕੂਚ ਕਰਨ ਤਾਂ ਉਹ ਕਿਵੇਂ ਨਾ ਕਿਵੇਂ ਆਪਣੀ ਮਾਇਆ ਦੇ ਭਰਪੂਰ ਖਜ਼ਾਨੇ ਵੀ ਨਾਲ ਲੈ ਜਾ ਸਕਣ।

ਸ਼ਾਇਰ **ਦਿਵਾਕਰ ਰਾਹੀ** ਸਾਡੀ ਇਸ ਨਵੀਂ ਤਹਿਜ਼ੀਬ ਦੀ ਮਾਰ ਹੇਠ ਆਈ ਸਾਡੀ ਅਜੋਕੀ ਪੀੜ੍ਹੀ ਦੇ ਮਾਨਸਿਕ ਹਨ੍ਹੇਰੇ ਨੂੰ ਬਹੁਤ ਹੀ ਢੁਕਵੇਂ ਅੰਦਾਜ਼ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ :-

ਇਸ ਦੌਰਿ ਤਰੱਕੀ ਕੇ, ਅੰਦਾਜ਼ ਨਿਰਾਲੇ ਹੈਂ,
ਜ਼ਹਿਨੋਂ ਮੇਂ ਅੰਧੇਰੇ ਹੈਂ, ਸੜਕੋਂ ਪੇ ਉਜਾਲੇ ਹੈਂ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਆਪਣੀਆਂ ਅਜੋਕੀਆਂ ਪੀੜ੍ਹੀਆਂ ਦੇ ਮੋਹਰੀਆਂ ਦੀ ਇਸ ਕੁਤਾਹੀ ਤੇ ਅਣਗਹਿਲੀ ਦੇ ਸਬੰਧ ਵਿਚ ਕੁਝ ਕੁ ਸੰਵੇਦਨਸ਼ੀਲ ਬੰਦਿਆਂ ਨੂੰ ਬੌੜ ਮਾਰਨ ਜਿਹੀ ਚਿੰਤਾ ਲੱਗੀ ਹੋਈ ਹੈ। ਬਹਿਰਹਾਲ! ਅਜਿਹੀ ਵਿਚਾਰਧਾਰਾ ਦਾ ਬੌੜ ਕੌਮੀ ਪੱਧਰ 'ਤੇ ਇਕ ਲੋਕ ਲਹਿਰ ਦੇ ਰੂਪ ਵਿਚ ਸਾਡੇ ਸਮਾਜ ਨੂੰ ਲੱਗਣਾ ਵੀ ਚਾਹੀਦਾ ਹੈ। ਸ਼ਾਇਦ ਤਾਂ ਹੀ ਸਾਡੀਆਂ ਚਿਰਾਂ ਤੋਂ ਸਥਾਪਿਤ ਤੇ ਠੀਕ ਸਿੱਧ ਹੋਈਆਂ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਸਾਡੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਪੀੜ੍ਹੀਆਂ ਦੇ ਜੀਵਨ ਵਿਚ ਬਹਾਲੀ ਹੋ ਸਕੇਗੀ। ਫਿਰ ਇਉਂ ਉਮੀਦ ਹੈ ਕਿ ਇਸ ਤਰ੍ਹਾਂ ਸਭਿਆਚਾਰਕ ਤੇ ਸਮਾਜਿਕ ਇਨਕਲਾਬ ਦੇ ਨਾਲ ਸਾਡੇ ਅੰਦਰ ਪੰਜਾਬ ਤੇ ਪੰਜਾਬੀਅਤ ਦਾ ਸਵੈਮਾਣ ਫਿਰ ਤੋਂ ਪੁਨਰ ਸੁਰਜੀਤ ਹੋ ਸਕੇਗਾ।

ਮੁੱਕਦੀ ਗੱਲ ਇਹ ਹੈ ਕਿ ਸਾਡੀ ਮੌਜੂਦਾ ਪੀੜ੍ਹੀ ਖੁਰ ਰਹੀਆਂ ਤੇ ਖਤਮ ਹੋ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਪ੍ਰਤੀ ਆਪਣੀਆਂ ਅਗਲੀਆਂ ਨੌਜਵਾਨ ਪੀੜ੍ਹੀਆਂ ਨੂੰ ਜ਼ਿੰਮੇਵਾਰ ਤੇ ਕਸੂਰਵਾਰ ਠਹਿਰਾਉਂਦੀ ਹੈ। ਇਸ ਤੋਂ ਸਪਸ਼ਟ ਹੈ ਕਿ ਅਸੀਂ ਆਪਣੀ ਪੀੜ੍ਹੀ ਥੱਲੇ ਆਪ ਸੋਟਾ ਨਹੀਂ ਫੇਰਦੇ। ਅਸੀਂ ਖੁਦ ਕਈ ਦਹਾਕਿਆਂ ਤੋਂ ਰਸਾਤਲ ਵੱਲ ਤੁਰੇ ਹੋਏ ਹਾਂ। ਅਸੀਂ ਆਪਣੇ ਅਮੀਰ ਸਭਿਆਚਾਰਕ ਪਿਛੋਕੜ ਤੇ ਆਪਣੇ ਗੁਰੂਆਂ-ਪੀਰਾਂ ਤੇ ਸ਼ਹੀਦਾਂ-ਮੁਰੀਦਾਂ ਦੀਆਂ ਤਪ-ਤਿਆਗ ਤੇ ਦੇਸ਼ ਤੇ ਕੌਮ ਪ੍ਰਤੀ ਕੁਰਬਾਨੀਆਂ ਨੂੰ ਖੁਦ ਭੁੱਲ ਚੁੱਕੇ ਹਾਂ। ਅਸੀਂ ਇਸ ਹਾਲਤ ਵਿਚ ਆਪਣੇ ਨੌਜਵਾਨ ਬੱਚਿਆਂ ਨੂੰ ਨਾ ਤਾਂ ਕਦੇ ਕੁੱਝ ਚੰਗਾ ਸਭਿਆਚਾਰਕ ਸਬਕ ਦਿੱਤਾ ਹੈ ਤੇ ਨਾ ਹੀ ਉਨ੍ਹਾਂ ਨੂੰ ਕੋਈ ਚੰਗੀ ਸੰਗਤ-ਸੋਹਬਤ ਦਿੱਤੀ ਹੈ। ਇਸ ਵਾਸਤੇ ਅਸੀਂ ਉਨ੍ਹਾਂ ਦੀ ਕੋਈ ਅਗਵਾਈ ਕਰਨ ਜੋਗੇ ਹੀ ਨਹੀਂ ਹਾਂ ਤੇ ਫਿਰ ਉਨ੍ਹਾਂ ਦਾ ਕੋਈ ਚੰਗਾ ਮਾਰਗ-ਦਰਸ਼ਨ ਕਰਨ ਦੀ ਗੱਲ ਤਾਂ ਦੂਰ ਦੀ ਹੈ।

**ਮੁਹੰਮਦ ਇਕਬਾਲ** ਦਾ 'ਬਾਲੇ ਜਬਰੀਲ' ਵਿਚ ਲਿਖਿਆ ਇਹ ਸ਼ਿਅਰ ਸਾਡੀ ਸਾਡੀ ਆਪਣੀ ਤੇ ਸਾਡੇ ਨਿਆਣਿਆਂ ਦੀ ਖਸਤਾ ਹਾਲਤ ਅਤੇ ਮਾਨਸਿਕ ਮੰਦਹਾਲੀ ਦੀ ਸਹੀ ਤਰਜਮਾਨੀ ਕਰਦਾ ਹੈ ਕਿ :

ਜੋ ਫ਼ਰੇਬ ਖ਼ੂਰਦਾ ਸ਼ਾਹੀਂ ਕਿ ਪਲਾ ਹੋ ਕਰਗਸੋਂ ਮੇਂ
ਉਸੇ ਕਿਆ ਖ਼ਬਰ ਕਿ ਕਿਆ ਹੈ ਰਾਹੋ-ਰਸਮੇ ਸ਼ਾਹਬਾਜ਼ੀ।

ਇਸ ਦਾ ਸਪਸ਼ਟ ਭਾਵ ਇਹ ਹੈ ਕਿ ਜਿਹੜਾ ਬਾਜ਼ ਦਾ ਬੱਚਾ ਗਿਰਝਾਂ ਦੀ ਸੋਹਬਤ ਵਿਚ ਪਲਿਆ ਹੋਵੇ, ਉਸ ਨੂੰ ਬਾਜ਼ਾਂ ਤੇ ਉਕਾਬਾਂ ਦੇ ਰਸਮਾਂ-ਰਿਵਾਜਾਂ ਦੀ ਕੀ ਸੋਝੀ ਹੋ ਸਕਦੀ ਹੈ।

ਇਸ ਪ੍ਰਸੰਗ ਵਿਚ ਇਹ ਕੁਦਰਤ ਦਾ ਕਰਿਸ਼ਮਾ ਹੀ ਹੈ ਕਿ ਜੀਵ-ਜੰਤੂਆਂ, ਪੰਛੀ-ਪੰਖੇਰੂਆਂ ਤੇ ਬਨਸਪਤੀ ਸੰਸਾਰ ਵਿਚ ਵੀ ਮਾੜੀ ਸੋਹਬਤ ਦਾ ਅਸਰ ਹੁੰਦਾ ਹੈ। ਸਗੋਂ ਇਹ ਜੀਵ-ਜੰਤੂ, ਪੰਛੀ ਤੇ ਪੌਦੇ ਵੀ ਆਪੋ-ਆਪਣੇ ਤਬਕਿਆਂ ਤੇ ਆਪੋ-ਆਪਣੀਆਂ ਕਿਸਮਾਂ ਦੇ ਆਪਣੇ-ਆਪਣੇ ਘਰ-ਸੰਸਾਰ ਅਨੁਸਾਰ ਰਹਿਣਾ ਪਸੰਦ ਕਰਦੇ ਹਨ। ਇਸ ਅਨੁਸਾਰ ਜਾਨਵਰ ਆਪੋ-ਆਪਣੇ ਝੁੰਡਾਂ ਵਿਚ ਰਹਿੰਦੇ ਹਨ ਤੇ ਪੰਛੀ ਆਪੋ-ਆਪਣੀਆਂ ਡਾਰਾਂ ਬਣਾ ਕੇ ਉੱਡਦੇ ਹਨ। ਇਸ ਵਾਸਤੇ ਕਿਸੇ ਨੇ ਕਦੇ ਇਹ ਨਹੀਂ ਵੇਖਿਆ ਹੋਣਾ ਕਿ ਤੋਤੇ ਕਿਤੇ ਕਾਵਾਂ ਨਾਲ ਉਡਦੇ ਫਿਰਦੇ ਹੋਣ। ਇਸ ਪ੍ਰਥਾਇ ਹੀ ਫ਼ਾਰਸੀ ਦੀ ਇਕ ਕਹਾਵਤ ਹੈ ਕਿ :

ਹਮ ਜਿਨਸ ਕੁੰਨਦ ਹਮ ਜਿਨਸ ਪਰਵਾਜ਼
ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼

ਇਸ ਦਾ ਮਤਲਬ ਇਹ ਹੀ ਹੈ ਕਿ ਕਬੂਤਰ ਸਿਰਫ਼ ਕਬੂਤਰਾਂ ਨਾਲ ਤੇ ਬਾਜ਼



*Original with;*
Kulbir Singh Sidhu(I.A.S)
*Digitized by;*
Panjab Digital Library

ਹਮੇਸ਼ਾਂ ਬਾਜ਼ਾਂ ਨਾਲ ਉਡਦੇ ਹਨ। ਇਥੋਂ ਤਕ ਕਿ ਜੰਗਲੀ ਜਾਨਵਰ ਸ਼ੇਰ, ਚੀਤੇ ਤੇ ਹਾਥੀ ਆਦਿ ਆਪੋ-ਆਪਣੇ ਝੁੰਡਾਂ ਵਿਚ ਰਹਿੰਦੇ ਹਨ ਅਤੇ ਇਉਂ ਹੀ ਸਮੁੰਦਰ ਦੇ ਜੀਵ ਤੇ ਖ਼ਾਸ ਕਰਕੇ ਮੱਛੀਆਂ ਆਪਣੀ ਕਿਸਮ ਦੇ ਟੋਲਿਆਂ ਵਿਚ ਪਾਣੀ ਦੇ ਆਪਣੇ ਵਖੋ-ਵੱਖ ਰੌਂਆਂ ਵਿਚ ਤੈਰਦੀਆਂ ਹਨ।

ਫਿਰ ਬਨਸਪਤੀ ਜਗਤ ਦੀ ਇਕ ਅਲੋਕਾਰੀ ਹੈ ਕਿ ਫੁੱਲਾਂ ਦਾ ਰਾਜਾ ਗੁਲਾਬ ਆਪਣੀਆਂ ਅਲੱਗ-ਥਲੱਗ ਕਿਆਰੀਆਂ ਵਿਚ ਹੀ ਜ਼ਿਆਦਾ ਵੱਧਦਾ-ਫੁੱਲਦਾ ਹੈ। ਹੋਰ ਗੱਲਾਂ ਤਾਂ ਛੱਡੋ; ਖੇਤੀ ਸੰਸਾਰ ਵਿਚ ਇਕ ਪੱਕੀ ਧਾਰਣਾ ਹੈ ਕਿ ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ। ਇਉਂ ਇਥੇ ਇਸ ਪ੍ਰਸੰਗ ਵਿਚ ਬਸ ਸਮਝਣ ਵਾਲੀ ਗੱਲ ਇਹ ਹੀ ਹੈ ਕਿ ਡੱਡਾਂ, ਮੱਛੀਆਂ ਤੇ ਸ਼ੇਰੇ-ਬਘੇਰੇ ਜਿਹੇ ਕੁਦਰਤ ਦੇ ਜੀਵ-ਜੰਤੂਆਂ, ਜਨੌਰਾਂ ਅਤੇ ਬਨਸਪਤੀ ਜਗਤ ਦੇ ਪੇੜ-ਪੌਦਿਆਂ ਨੂੰ ਤਾਂ ਆਪਣੇ ਆਲੇ-ਦੁਆਲੇ ਦਾ ਅਹਿਸਾਸ ਹੁੰਦਾ ਹੈ, ਪਰ ਸਾਨੂੰ ਸਰਵੋਤਮ ਜੂਨੀ ਵਾਲੇ ਬੰਦਿਆਂ ਨੂੰ ਸੰਗਤ-ਸੋਹਬਤ ਦੀ ਕੋਈ ਬਹੁਤੀ ਪਰਖ ਨਹੀਂ ਹੈ। ਇਸ ਕਰਕੇ ਹੀ ਆਮ ਤੌਰ 'ਤੇ ਲੋਕਾਂ ਨੂੰ ਚੰਗੀ ਸੰਗਤ ਤਾਂ ਘੱਟ ਸੁਹਾਉਂਦੀ ਹੈ ਤੇ ਸਾਨੂੰ ਸਗੋਂ ਭੈੜੇ ਬੰਦਿਆਂ ਦੀਆਂ ਜੁੰਡਲੀਆਂ-ਮੰਡਲੀਆਂ ਹੀ ਜ਼ਿਆਦਾ ਰਾਸ ਆਉਂਦੀਆਂ ਹਨ।

ਇਸ ਵਾਸਤੇ ਅਜ ਸਮਾਜ ਵਿਚ ਫੈਲੇ ਮਾਫੀਏ ਤੇ ਮਾੜੀਆਂ-ਭੈੜੀਆਂ ਜੁੰਡਲੀਆਂ ਤੋਂ ਆਪਣੀਆਂ ਨੌਜੁਆਨ ਪੀੜ੍ਹੀਆਂ ਨੂੰ ਬਚਾਉਣਾ ਬਹੁਤ ਹੀ ਜ਼ਰੂਰੀ ਹੋ ਗਿਆ ਹੈ। ਇਸ ਵਾਸਤੇ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਆਚਰਣ ਤੇ ਅਨੁਸ਼ਾਸਨ ਦੀ ਸਿੱਖਿਆ ਤੇ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਸੋਹਬਤ ਦਾ ਵੀ ਖ਼ਾਸ ਖਿਆਲ ਰੱਖਣ ਦੀ ਵੀ ਅੱਜ ਅਤਿਅੰਤ ਲੋੜ ਹੈ। ਆਪਣੇ ਨੌਜੁਆਨਾਂ ਨੂੰ ਹੁਣ 'ਫ਼ੱਤੋ ਦੇ ਭੈੜੇ-ਭੈੜੇ ਯਾਰ' ਜਿਹੀ ਬਦਨਾਮ ਸੂਰਤੇ-ਹਾਲ ਤੋਂ ਆਪਣੇ ਨੌਜੁਆਨਾਂ ਨੂੰ ਬਚਾਉਣ ਦੀ ਹੋਰ ਵੀ ਵੱਡੀ ਲੋੜ ਹੈ। ਫਿਰ ਇੰਨਾਂ ਹੀ ਕਾਫੀ ਨਹੀਂ, ਸਗੋਂ ਉਨ੍ਹਾਂ ਨੂੰ ਗੁਰਮਤਿ ਅਨੁਸਾਰ 'ਸੇਈ ਪਿਆਰੇ ਮੇਲ ਜਿੰਨ੍ਹਾਂ ਮਿਲਿਆ ਨਾਮ ਚਿੱਤ ਆਵੇ' ਦੀ ਸੰਥਾ ਅਨੁਸਾਰ ਸੋਹਣੀ ਸੰਗਤ ਨਾਲ ਵਾਬਸਤਾ ਕਰਨ ਦੀ ਸਾਡੀ ਹੋਰ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਇਸ ਸੂਰਤ ਵਿਚ ਅੱਜ ਸਾਡੀ ਅਜੋਕੀ ਪੀੜ੍ਹੀ ਦੇਸ਼ ਤੇ ਕੌਮ ਪ੍ਰਤੀ ਪਰਸੁਆਰਥ ਤੇ ਪਰਤਿਆਗ ਜਿਹੇ ਸਮਾਜਿਕ ਗੁਣਾਂ ਨੂੰ ਭੁਲਾ ਕੇ 'ਮੈਂ-ਮੈਂ' ਦੀ ਹਉਮੈਂ ਤੇ ਫੰਨੇਖਾਈ ਦੇ ਮੁਤਾਬਿਕ ਹੀ ਜੀਉਂ ਰਹੀ ਹੈ। ਅਸੀਂ ਆਪਣੀ ਸੁਆਰਥੀ ਤੇ ਲਾਲਚੀ ਸੋਚ ਤੇ ਗੁਲਾਮ ਮਾਨਸਿਕਤਾ ਦੇ ਕਾਰਨ ਸਮਾਜਵਾਦ ਦੇ ਆਦਰਸ਼ ਸੰਕਲਪਾਂ ਨੂੰ ਛੱਡ ਕੇ ਨਿਜਵਾਦ ਦੀ ਰਸਾਤਲ ਨੂੰ ਪਹੁੰਚ ਗਏ ਹਾਂ। ਸਾਨੂੰ ਹੁਣ ਸਭ ਨੂੰ ਸਮਾਜ ਸੇਵਾ ਦੀ ਥਾਂ ਹਕੂਮਤ ਤੇ ਹੁਕਮਰਾਨੀ ਚਾਹੀਦੀ ਹੈ ਅਤੇ ਇਸ ਦੇ ਨਾਲ ਹੀ ਲਗਦੇ ਹੱਥ ਐਸ਼ੋ-ਇਸ਼ਰਤ ਤੇ ਅਯਾਸ਼ੀ ਵਾਸਤੇ ਸਾਨੂੰ ਟਨਾਂ-ਮੂੰਹੀਂ ਰੁਪਈਆ-ਪੈਸਾ ਵੀ ਚਾਹੀਦਾ ਹੈ।

ਬੱਸ! ਹੁਣ ਤਾਂ ਸਾਨੂੰ ਨਾਮ ਖੁਮਾਰੀ ਦੀ ਥਾਂ ਤਾਕਤ ਤੇ ਪੈਸੇ ਦੇ ਗਰੂਰ ਦਾ ਨਸ਼ਾ



*Original with;*
Kulbir Singh Sidhu(I.A.S)
*Digitized by;*
Panjab Digital Library

ਚਾਹੀਦਾ ਹੈ। ਇਹ ਹੀ ਕਾਰਨ ਹੈ ਕਿ ਅੱਜ ਸਾਡੀਆਂ ਸਮਾਜਿਕ, ਨੈਤਿਕ ਤੇ ਆਚਰਣਿਕ ਕਦਰਾਂ-ਕੀਮਤਾਂ ਦਾ ਬੜਾ ਘਾਣ ਹੋ ਰਿਹਾ ਹੈ। ਇਸ ਸੂਰਤ ਵਿਚ ਬੜੀ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ ਕਿ ਅੱਜ ਸਾਡੇ ਵਿਚ ਅਜਿਹੇ ਆਦਰਸ਼ ਕੌਮੀ ਆਚਰਣ ਦਾ ਵਿਕਾਸ ਤੇ ਵਿਗਾਸ ਕਿਵੇਂ ਹੋਵੇ ਕਿ ਜਿਸ ਦੇ ਬਲਬੂਤੇ ਸਾਡਾ ਦੇਸ਼ ਤੇ ਸਮਾਜ ਦਾ ਸ਼ੁਮਾਰ ਦੁਨੀਆਂ ਦੇ ਸ਼੍ਰੋਮਣੀ ਦੇਸ਼ਾਂ ਵਿਚ ਹੋ ਸਕੇ।

ਖ਼ੈਰ! ਹੁਣ ਤਾਂ ਸਾਡੀ ਜੀਵਨ ਸ਼ੈਲੀ ਦੀ ਨੁਹਾਰ ਤਾਂ ਬਦਲਣੀ ਹੀ ਸੀ, ਸਗੋਂ ਅਸੀਂ ਤਾਂ ਕੁਦਰਤ ਦੇ ਨਜ਼ਾਰਿਆਂ ਤੇ ਰੰਗਾਂ ਨੂੰ ਵੀ ਬਦਲ ਦਿੱਤਾ ਹੈ। ਜੇ ਅਸੀਂ ਹੁਣ ਦੇ ਸਮੇਂ ਵਿਚ ਇਕ ਆਦਮੀ ਦੇ ਸਵੇਰ ਤੋਂ ਸ਼ਾਮ ਤੱਕ ਦੇ ਨਿੱਤ-ਨੇਮ ਜਿਹੇ ਰੋਜ਼ਾਨਾ ਕਾਰ ਵਿਹਾਰ 'ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਡੀ ਆਪਣੀ ਜੀਵਨ ਸ਼ੈਲੀ ਵਿਚ ਆਪਣੇ ਬੱਚਿਆਂ ਨੂੰ ਚੰਗੀ ਜੀਵਨ ਸੇਧ ਦੇਣ ਵਾਲੀ ਕੋਈ ਗੱਲ ਹੀ ਨਹੀਂ ਦਿਸਦੀ। ਮਨੁੱਖੀ ਸੁਭਾਅ ਦਾ ਅਜ਼ਮਾਇਆ ਹੋਇਆ ਤੱਥ ਇਹ ਹੈ ਕਿ ਬੰਦਾ ਤੇ ਖਾਸ ਤੌਰ 'ਤੇ ਬੱਚਾ ਰੀਸ ਤੇ ਨਕਲ ਕਰਕੇ ਹੀ ਜ਼ਿਆਦਾ ਸਿੱਖਦਾ ਹੈ। ਬੱਚੇ ਦੇ ਬੋਲਣ ਤੋਂ ਲੈ ਕੇ ਉਸ ਦੇ ਚੰਗੇ-ਮਾੜੇ ਸੁਭਾਅ ਦੇ ਪਰਪੱਕ ਹੋਣ ਵਿਚ ਗਿਆਨ ਦੀ ਜਾਣਕਾਰੀ ਨਾਲੋਂ ਵੀ ਵੱਧ ਉਸ ਦੇ ਸਾਹਮਣੇ ਆਪਣੇ ਘਰ ਤੇ ਸਮਾਜ ਦਾ ਕਾਰ-ਵਿਹਾਰ ਹੁੰਦਾ ਹੈ।

ਸੋ ਪਹਿਲਾਂ ਘਰ ਤੋਂ, ਫਿਰ ਸਕੂਲ ਅਤੇ ਫਿਰ ਸਮਾਜ ਵਿਚ ਵਿਚਰਦੇ ਹੋਏ ਜੋ ਬੱਚਾ ਦੇਖਦਾ ਹੈ, ਉਸ ਦੀ ਰੀਸ ਕਰਦਾ ਹੈ। ਇਹ ਵੀ ਇਕ ਮਨੋਵਿਗਿਆਨਿਕ ਤੱਥ ਹੈ ਕਿ ਬੰਦਾ ਜਨਮ ਜਾਤ ਤੋਂ ਹੀ ਸੁੱਖਾਂ ਦੀ ਖਾਹਿਸ਼ ਰੱਖਦਾ ਹੈ ਤੇ ਕਸ਼ਟਾਂ ਤੋਂ ਭੱਜਦਾ ਹੈ। ਇਸ ਕਾਰਨ ਹੀ ਬੰਦਾ ਤਪ-ਤਿਆਗ ਤੇ ਮਿਹਨਤ ਨਾਲੋਂ ਕਿਤੇ ਵੱਧ ਸੁੱਖ-ਅਰਾਮ ਤੇ ਐਸ਼-ਪ੍ਰਸਤੀ ਦੀ ਜ਼ਿੰਦਗੀ ਵੱਲ ਨੂੰ ਉਲਾਰ ਹੁੰਦਾ ਹੈ।

ਸੋ ਇਹ ਪ੍ਰਮਾਣਿਤ ਤੱਥ ਹੈ ਕਿ ਆਦਮੀ ਰੀਸੋ-ਰੀਸ ਜ਼ਿਆਦਾ ਸਿੱਖਦਾ ਹੈ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਨੇਕ ਇਨਸਾਨਾਂ ਦੇ ਨੇਕ ਕਰਮਾਂ ਦੀ ਰੀਸ ਕਰ ਰਹੇ ਹਾਂ ਕਿ ਜਾਂ ਅਸੀਂ ਘਟੀਆ ਬੰਦਿਆਂ ਦੀਆਂ ਘਟੀਆ ਕਰਤੂਤਾਂ ਦੀ ਨਕਲ ਕਰ ਰਹੇ ਹਾਂ? ਇਸ ਪ੍ਰਥਾਇ ਜੇ ਇਕ ਸਧਾਰਨ ਆਦਮੀ ਦੇ ਰੋਜ਼-ਮਰ੍ਹਾ ਚੱਲਣ ਨੂੰ ਹੀ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਸੀਂ ਕਹਿੰਦੇ ਕੁੱਝ ਹਾਂ ਤੇ ਕਰਦੇ ਕੁੱਝ ਹੋਰ ਹਾਂ। ਸਾਡੀ ਕਹਿਣੀ ਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ; ਜਿਸ ਕਰਕੇ ਅਸੀਂ ਸੁਭਾਵਿਕ ਹੀ ਦੰਭੀ ਤੇ ਫਰੇਬੀ ਜਿਹੇ ਬਣੇ ਹੋਏ ਹਾਂ।

ਇਸ ਵਾਸਤੇ 'ਵੇਖੋ-ਵੇਖੀ ਨਾਨਕਾ ਵਹਿ ਤੁਰਿਆ ਸੰਸਾਰ' ਦੀ ਲੋਕ ਸਿਆਣਪ ਅਤੇ ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗ ਫੜਦਾ ਹੈ ਵਰਗੇ ਅਖਾਣ ਸਾਡੀ ਮੌਜੂਦਾ ਸਮਾਜਿਕ ਹਾਲਤ ਦੀ ਸਵੈ-ਸਪਸ਼ਟ ਤਰਜਮਾਨੀ ਕਰਦੇ ਹਨ। ਨਤੀਜੇ ਵਜੋਂ ਸਾਡੇ ਜੀਵਨ ਤੋਂ ਸਬਕ ਸਿੱਖਣ ਵਾਲੀਆਂ ਸਾਡੀਆਂ ਨੌਜਵਾਨ ਪੀੜ੍ਹੀਆਂ ਦਾ ਜੋ ਹਾਲ ਹੁਣ ਹੋ ਰਿਹਾ ਹੈ, ਉਹ ਸਭ ਕੁੱਝ ਚੰਗਾ-ਮਾੜਾ ਸਾਡੇ ਸਾਹਮਣੇ ਹੀ ਹੈ।

ਮਿਸਾਲ ਵਜੋਂ ਸਾਡੇ ਹੁਣ ਦੇ ਸਮੇਂ ਦੇ ਤਕਰੀਬਨ ਕਿਸੇ ਵੀ ਬੰਦੇ ਦੇ ਸਵੇਰ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਸ਼ਾਮ ਤੱਕ ਦੇ ਕਾਰ-ਵਿਹਾਰ 'ਤੇ ਜੇ ਨਜ਼ਰ ਮਾਰੀ ਜਾਵੇ ਤਾਂ ਉਸ ਵਿਚ ਸਾਡੀ ਨਵੀਂ ਪੀੜ੍ਹੀ ਨੂੰ ਕੋਈ ਨਰੋਈ ਜੀਵਨ ਸੇਧ ਦੇਣ ਜਿਹੀ ਸਿਫ਼ਤ ਹੀ ਨਹੀਂ ਦਿਸਦੀ। ਮਿਸਾਲ ਵਜੋਂ ਵੇਦ ਗ੍ਰੰਥਾਂ ਵਿਚ ਅੰਮ੍ਰਿਤ ਵੇਲਾ ਇਕ ਦਿਨ ਦੇ 24 ਘੰਟਿਆਂ ਵਿਚੋਂ ਸਭ ਤੋਂ ਉੱਤਮ ਗਿਣਿਆ ਗਿਆ ਹੈ। ਇਸ ਸਮੇਂ ਦੇ ਨਜ਼ਾਰੇ ਦਾ ਮਨੁੱਖੀ ਆਤਮਾ ਨਾਲ ਸਿੱਧਾ ਸਬੰਧ ਜੋੜਿਆ ਜਾਂਦਾ ਹੈ, ਪਰ ਹੁਣ ਸਾਡੇ ਵਾਸਤੇ ਗੁਰਮਤਿ ਦੇ ਇਸ ਅੰਮ੍ਰਿਤ ਵੇਲੇ ਵਾਲੀ ਸਵੇਰ ਹੀ ਨਹੀਂ ਚੜ੍ਹਦੀ। ਹੁਣ ਸਾਨੂੰ ਅੰਮ੍ਰਿਤ ਵੇਲੇ ਦੇ ਅਰਥ ਹੀ ਪਤਾ ਨਹੀਂ ਹਨ। ਕਿਉਂਕਿ ਹੁਣ ਤਾਂ ਪਹਿਲੇ ਪਹਿਰ ਦੇ ਵੱਡੇ ਤੜਕੇ ਉੱਠਣ ਵਾਲਾ ਕਿਰਸਾਣ ਵਰਗ ਵੀ 6-7 ਵਜੇ ਉੱਠਦਾ ਹੈ। ਫਿਰ ਅਸੀਂ ਨੌਕਰੀ ਪੇਸ਼ਾ ਤੇ ਦੁਕਾਨਦਾਰ ਸ਼ਹਿਰੀ ਲੋਕ ਤਾਂ ਹੁਣ ਆਪਣੇ ਦਿਨ ਦੀ ਸ਼ੁਰੂਆਤ ਨੌਂ ਵਜੇ ਤੋਂ ਪਹਿਲਾਂ ਕਰ ਹੀ ਨਹੀਂ ਸਕਦੇ।

ਇਸ ਲਈ ਸੱਚ ਮੰਨਿਓ ਕਿ ਪਿੰਡਾਂ ਵਾਲੇ ਤਾਂ ਹੁਣ ਵੀ ਕਿਤੇ ਸੂਰਜ ਚੜ੍ਹਦਾ ਦੇਖ ਲੈਂਦੇ ਹੋਣਗੇ, ਪਰ ਸ਼ਹਿਰਾਂ ਵਾਲੇ ਹਮਾਤੜਾਂ ਨੂੰ ਤਾਂ ਕਿਤਾਬਾਂ ਵਿਚੋਂ ਹੀ ਪਤਾ ਲੱਗਦਾ ਹੈ ਕਿ ਸੂਰਜ ਕਿਤੇ ਪੂਰਬ ਦਿਸ਼ਾ ਤੋਂ ਚੜ੍ਹਦਾ ਹੈ। ਸਗੋਂ ਹੁਣ ਤਾਂ ਸ਼ਹਿਰੀ ਲੋਕਾਂ ਨੂੰ ਆਪਣੇ ਆਸੇ-ਪਾਸੇ ਕੰਕਰੀਟ-ਪੱਥਰ ਦੀਆਂ ਜੰਗਲਨੁਮਾ ਉੱਚੀਆਂ ਇਮਾਰਤਾਂ ਤੋਂ ਇਲਾਵਾ ਜਿਥੇ ਕੋਈ ਧਰਤੀ ਹੀ ਨਹੀਂ ਦਿਸਦੀ; ਉਥੇ ਤਾਂ ਉਨ੍ਹਾਂ ਵਾਸਤੇ ਹੁਣ ਸੂਰਜ ਤੇ ਚੰਦ ਵੀ 'ਕੋਠਿਆਂ' ਤੋਂ ਹੀ ਚੜ੍ਹਦੇ ਤੇ 'ਕੋਠਿਆਂ' ਦੇ ਪਿੱਛੇ ਹੀ ਛਿਪਦੇ ਹਨ।

ਇਸ ਸੂਰਤ ਵਿਚ ਅੰਮ੍ਰਿਤ ਵੇਲੇ ਦਾ 'ਨਾਮ ਸਿਮਰਣ' ਕਰਨਾ ਤਾਂ ਕੁੱਝ ਕੁ ਰੱਬ ਦੇ ਬਖਸ਼ੇ ਬੰਦਿਆਂ ਦਾ ਹੀ ਕਰਮ ਰਹਿ ਗਿਆ ਹੈ। ਇਸ ਤਰ੍ਹਾਂ ਹੀ ਵਿਦਿਆਰਥੀ ਜੀਵਨ ਦੇ ਲਈ ਸਭ ਤੋਂ ਉੱਤਮ ਸਮਾਂ ਸਵੇਰ ਦਾ ਮੰਨਿਆ ਗਿਆ ਹੈ। ਜਦੋਂ ਹੁਣ ਅਸੀਂ ਆਪ ਹੀ 7-8 ਵਜੇ ਤੱਕ ਰਜ਼ਾਈ ਦੀ ਗ੍ਰਿਫ਼ਤ ਵਿਚ ਨੀਂਦ ਮਾਣ ਰਹੇ ਹੁੰਦੇ ਹਾਂ ਅਤੇ ਤਾਂ ਬੱਚਿਆਂ ਨੂੰ ਅਸੀਂ ਸਵੇਰੇ 4 ਜਾਂ 5 ਵਜੇ ਉੱਠ ਕੇ ਪੜ੍ਹਣ ਲਈ ਕਿਵੇਂ ਕਹਿ ਸਕਦੇ ਹਾਂ? ਖ਼ੈਰ! ਜੇ ਅਸੀਂ ਕਹਿੰਦੇ ਵੀ ਹਾਂ ਤਾਂ ਇਹ ਸਾਡੇ ਸਾਹਮਣੇ ਹੈ ਕਿ ਸਾਡੇ ਨਿਆਣੇ ਸਾਡੀ ਗੱਲ ਦੀ ਕਿੰਨੀ ਕੁ ਪ੍ਰਵਾਹ ਕਰਦੇ ਹਨ? ਹਾਂ, ਇਹ ਜ਼ਰੂਰ ਦੇਖਣ ਵਿਚ ਆਉਂਦਾ ਹੈ ਕਿ ਸਾਡੀ ਰੀਸੋ-ਰੀਸੀ ਉਹ ਵੀ ਰਾਤ ਨੂੰ 2-3 ਵਜੇ ਤੱਕ ਜਾਗਦੇ ਹਨ। ਚੰਗੀ ਕਿਸਮਤ ਕੁੱਝ ਕੁ ਚੰਗੇ ਵਿਦਿਆਰਥੀ ਬੇਸ਼ੱਕ ਪੜ੍ਹਦੇ ਵੀ ਹਨ, ਪਰ ਬਹੁਤੇ ਤਾਂ ਟੀ.ਵੀ. ਤੇ ਡਿਸਕੋ-ਕਲੱਬਾਂ ਦੇ ਹੀ ਪੱਟੇ ਫਿਰਦੇ ਹਨ।

ਇਸ ਪ੍ਰਸੰਗ ਵਿਚ ਹੀ ਹੁਣ ਸਵੇਰੇ ਸੈਰ, ਹਲਕੀ ਵਰਜਿਸ਼ ਤੇ ਤੇਲ ਮਾਲਿਸ਼ ਤੋਂ ਬਾਅਦ ਨਹਾਉਣ ਦੀ ਗੱਲ ਤਾਂ ਹੁਣ ਪਛੜੇ ਲੋਕਾਂ ਦੀ ਤਹਿਜ਼ੀਬ ਹੀ ਬਣ ਕੇ ਰਹਿ ਗਈ ਹੈ। ਬੇਸ਼ੱਕ ਇਹ ਗੱਲ ਵੱਖਰੀ ਹੈ ਕਿ ਜਦੋਂ ਕੋਈ ਯੋਗਾ ਸਵਾਮੀ ਰਾਮਦੇਵ ਵਰਗਾ ਕਹਿੰਦਾ ਹੈ ਤਾਂ ਸਾਰਾ ਟੱਬਰ-ਟੀਰ ਹੀ ਦਰੀਆਂ-ਚਟਾਈਆਂ ਚੁਕ ਕੇ ਯੋਗਾ ਦੀਆਂ ਕਲਾਸਾਂ ਲਾਉਣ ਲਈ ਤੁਰਿਆ ਫਿਰਦਾ ਹੈ। ਪਹਿਲਾਂ ਪੇਂਡੂ ਸਮਾਜ ਵਿਚ ਹਰ ਬੰਦਾ ਉਠਣ ਸਾਰ ਮੀਲ-ਦੋ ਮੀਲ ਜੰਗਲ-ਪਾਣੀ ਜਾਣ ਦੇ ਬਹਾਨੇ ਹੀ ਸੈਰ ਕਰ ਆਉਂਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਸੀ। ਹੁਣ ਅਸੀਂ ਆਪਣੇ ਮੰਜਿਆਂ ਦੇ ਨਾਲ ਲੱਗਦੇ ਹੀ ਬਾਥਰੂਮ ਬਣਾ ਲਏ ਹਨ। ਇਸ ਨਾਲ ਸੁੱਖ ਸੁਵਿਧਾ ਇੰਨੀ ਵੱਧ ਗਈ ਹੈ ਕਿ ਸੈਰ ਜਾਣ ਦੀ ਲੋੜ ਹੀ ਨਹੀਂ ਪੈਂਦੀ। ਉੱਧਰ ਇਸ ਦੇ ਨਾਲ ਹੀ ਚੜ੍ਹਦੇ ਸੂਰਜ ਦੀ ਲਾਲੀ ਤੋਂ ਜੋ ਵਿਟਾਮਿਨ ਡੀ ਦੀ ਪ੍ਰਾਪਤੀ ਹੋਣੀ ਹੁੰਦੀ ਹੈ, ਉਹ ਹੁਣ ਡਾਕਟਰ ਵਿਟਾਮਿਨ ਡੀ ਦੀਆਂ ਗੋਲੀਆਂ ਖੁਆ ਕੇ ਪੂਰੀ ਕਰ ਦਿੰਦੇ ਹਨ।

ਅਸੀਂ ਵਿਟਾਮਿਨ ਦੁੱਧ-ਦਹੀਂ, ਮੱਖਣ-ਲੱਸੀ ਤੇ ਦਾਲਾਂ-ਸਬਜ਼ੀਆਂ ਵਿਚੋਂ ਨਹੀਂ, ਸਗੋਂ ਇਨ੍ਹਾਂ ਪੌਸ਼ਟਿਕ ਅਹਾਰਾਂ ਵਿਚੋਂ ਕਸੀਦ ਕੀਤੀਆਂ ਵਿਟਾਮਿਨ ਦੀਆਂ ਗੋਲੀਆਂ ਵਿਚੋਂ ਲੱਭਦੇ ਹਾਂ। ਮੂਲੀ ਗਾਜਰ, ਸ਼ਲਗਮ, ਹਦਵਾਣਾ ਤੇ ਖਰਬੂਜਾ ਅਸੀਂ ਡੰਗਰਾਂ ਦੀ ਖੁਰਾਕ ਸਮਝਦੇ ਹਾਂ। ਗੰਨਾ ਸਾਨੂੰ ਚੂਪਣਾ ਨਹੀਂ ਆਉਂਦਾ, ਅੰਬ ਅਸੀਂ ਚਮਚਿਆਂ ਨਾਲ ਖਾਂਦੇ ਹਾਂ। ਫਿਰ ਸਿਹਤ ਕਿੱਥੋਂ ਬਣੇ? ਸਮਝ ਲੈਣਾ ਚਾਹੀਦਾ ਹੈ ਕਿ ਵਿਟਾਮਿਨਾਂ 'ਚੋਂ ਤਾਕਤ ਲੱਭਣੀ ; ਬੱਸ ਝੋਟਿਆਂ ਵਾਲੇ ਘਰੋਂ ਲੱਸੀ ਭਾਲਣ ਵਾਲੀ ਗੱਲ ਹੈ। ਭਲਿਆਂ ਵੇਲਿਆਂ ਵਿਚ ਆਦਮੀ ਨੂੰ ਸਵੇਰੇ ਉੱਠਣ ਅਤੇ ਸੈਰ ਕਰਨ ਸਮੇਂ ਜੋ ਸ਼ੁੱਧ ਹਵਾ ਤੇ ਆਕਸੀਜ਼ਨ ਮਿਲਦੀ ਸੀ, ਉਸ ਨਾਲ ਬੰਦਾ ਸਾਰਾ ਦਿਨ ਪ੍ਰਸੰਨ ਚਿੱਤ ਰਹਿੰਦਾ ਸੀ। ਆਮ ਤੌਰ 'ਤੇ ਪੇਂਡੂ ਬੰਦੇ ਪੈਦਲ ਵਾਟ ਦੇ ਸ਼ਾਹਸਵਾਰ ਹੁੰਦੇ ਸਨ ਅਤੇ ਉਹ ਕੋਈ ਗੱਡੀ ਜਾਂ ਬੱਸ ਉਡੀਕੇ ਬਿਨਾਂ ਰਿਸ਼ਤੇਦਾਰੀ ਜਾਂ ਮੰਡੀ-ਸ਼ਹਿਰ ਜਾਣ ਲਈ ਪੰਜ-ਚਾਰ ਕੋਹ ਵਾਟ ਤੈਅ ਕਰ ਲੈਂਦੇ ਸਨ।

ਬਹਿਰਹਾਲ, ਹੁਣ ਤਾਂ ਡਾਕਟਰ ਹੀ ਸਾਨੂੰ ਸਵੇਰ ਦੀ ਸੈਰ ਕਿਸੇ ਦਵਾਈ-ਦਾਰੂ ਵਾਂਗੂੰ ਦੱਸਦੇ ਹਨ। ਫਿਰ ਅਸੀਂ ਵੀ ਹੁਣ ਸਾਰੇ ਬੱਸ ਡਾਕਟਰਾਂ ਅਤੇ ਆਸਥਾ ਵਰਗੀਆਂ ਟੀ.ਵੀ.ਚੈਨਲਾਂ ਦੇ ਭੱਜੇ-ਭਜਾਏ ਹੀ ਨੇੜੇ ਦੇ ਡੰਗ-ਸਾਰੂ ਜਿਹੇ ਪਾਰਕਾਂ ਵਿਚ ਸੈਰ ਦੇ ਬਹਾਨੇ ਪੁੱਠੀਆਂ-ਸਿੱਧੀਆਂ ਲੱਤਾਂ-ਬਾਹਾਂ ਮਾਰਦੇ ਅਤੇ ਹਾਸੋਹੀਣੀਆਂ ਜਿਹੀਆਂ ਹਰਕਤਾਂ ਕਰਦੇ ਦਿਸਦੇ ਹਾਂ। ਹੋਰ ਤਾਂ ਹੋਰ ਸਾਰਾ ਦਿਨ ਤਾਂ ਸਾਡੇ ਮੱਥੇ ਤੋਂ ਨਿਰਾਸ਼ਾ ਤੇ ਗੁੱਸੇ ਦੀਆਂ ਤਿਊੜੀਆਂ ਹੀ ਨਹੀਂ ਲਹਿੰਦੀਆਂ, ਪਰ ਜਦੋਂ ਅਸੀਂ ਪਾਰਕਾਂ ਵਿਚ ਬਾਹਾਂ ਚੁੱਕ ਕੇ ਹਾ-ਹਾ-ਹਾ ਕਰਦੇ ਝੂਠਾ ਜਿਹਾ ਹਾਸਾ ਹੱਸਣ ਦੇ ਬਹਾਨੇ ਆਪਣੇ ਫੇਫੜੇ ਸੁਡੌਲ ਕਰਦੇ ਹਾਂ ਤਾਂ ਸਾਡੇ ਨਜ਼ਾਰੇ ਵੇਖਣ ਵਾਲੇ ਹੀ ਹੁੰਦੇ ਹਨ। ਹਾ-ਹਾ-ਹਾਅ ਕਰਨ ਵਾਲੇ ਨੂੰ ਤਾਂ ਪਤਾ ਨਹੀਂ ਕਿ ਇਸ ਦਾ ਕੋਈ ਫਾਇਦਾ ਹੁੰਦਾ ਹੈ ਜਾਂ ਨਹੀਂ, ਪਰ ਉਸ ਦੀਆਂ ਹਰਕਤਾਂ ਨੂੰ ਵੇਖ ਕੇ ਵੇਖਣ ਵਾਲਿਆਂ ਨੂੰ ਜੋ ਸੁਭਾਵਿਕ ਹੀ ਹਾਸਾ ਆਉਂਦਾ ਹੈ, ਉਸ ਦਾ ਫਾਇਦਾ ਕੁਦਰਤੀ ਤੌਰ 'ਤੇ ਹੱਸਣ ਵਾਲੇ ਨੂੰ ਜ਼ਰੂਰ ਹੁੰਦਾ ਹੈ।

ਇਸ ਤਰ੍ਹਾਂ ਹੀ ਅਜੋਕੇ ਸਮਿਆਂ ਸਾਡੀ ਰੋਜ਼-ਮਰ੍ਹਾ ਦੀ ਜ਼ਿੰਦਗੀ ਵਿਚ ਸਵੇਰ ਤੋਂ ਸ਼ਾਮ ਤੱਕ ਕਈ ਹੋਰ ਕੋਝੇ ਪ੍ਰਚੱਲਣ ਦ੍ਰਿਸ਼ਟਮਾਨ ਹੋ ਰਹੇ ਹਨ। ਸਭ ਤੋਂ ਪਹਿਲਾਂ ਅਸੀਂ ਆਪਣੀ ਗੱਲਬਾਤ ਤੇ ਗੁਫਤਗੂ ਦੀ ਗੱਲ ਹੀ ਕਰ ਲਈਏ ਤਾਂ ਸਾਡੇ ਉੱਚ ਵਰਗ ਵਿਚ ਬੜੇ ਥੋੜ੍ਹੇ ਲੋਕ ਆਪਣੇ ਘਰਾਂ ਵਿਚ ਪੰਜਾਬੀ ਬੋਲਦੇ ਹਨ। ਫਿਰ ਮਾਂ ਬੋਲੀ ਪੰਜਾਬੀ ਦੀ ਸ਼ੁੱਧ ਤੇ ਠੇਠ ਵਰਤੋਂ ਦੀ ਤਾਂ ਹੁਣ ਕਿਸੇ ਨੂੰ ਸੋਝੀ ਹੀ ਨਹੀਂ। ਬੇਸ਼ੱਕ ਕਹਿਣ-ਸੁਣਨ ਨੂੰ ਤਾਂ ਹਰ ਕੋਈ ਕਹਿ ਰਿਹਾ ਹੈ ਕਿ ਜੇ ਪੰਜਾਬੀ ਹੀ ਨਾ ਰਹੀ ਤਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਪੰਜਾਬ ਤੇ ਇਥੋਂ ਦੇ ਸਭਿਆਚਾਰ ਦਾ ਵੀ ਕੋਈ ਵਜੂਦ ਹੀ ਨਹੀਂ ਰਹਿਣਾ, ਪਰ ਇਸ ਦੇ ਬਾਵਜੂਦ ਵੀ ਕੋਈ ਇਕ ਵੀ ਖਾਂਦਾ-ਪੀਂਦਾ ਤੇ ਸਹਿੰਦਾ ਘਰ ਅਜਿਹਾ ਨਹੀਂ ਹੋਣਾ ਕਿ ਜਿਸ ਦੇ ਬੱਚੇ ਇੰਗਲਿਸ਼ ਮੀਡੀਅਮ ਦੇ ਸਕੂਲਾਂ ਵਿਚ ਨਾ ਪੜ੍ਹਦੇ ਹੋਣ। ਸਗੋਂ ਸਾਡੇ ਘਰਾਂ ਵਿਚ ਤਾਂ ਰਾਜਨੀਤਿਕਾਂ, ਅਫਸਰਾਂ, ਬਾਬੂ-ਕਲਰਕਾਂ ਤੇ ਕਾਰੋਬਾਰੀ ਬੰਦਿਆਂ ਦੇ ਪਰਿਵਾਰ ਆਪਣੇ ਬੱਚਿਆਂ ਨੂੰ ਆਪਣੀ ਸਮਾਜਿਕ ਪੁਜ਼ੀਸ਼ਨ ਤੇ ਰੋਅਬ-ਦਾਬ ਦੇ ਦਿਖਾਵੇ ਵਜੋਂ ਬੱਸ ਅੰਗਰੇਜ਼ੀ ਜਾਂ ਹਿੰਦੀ ਬੋਲਣਾ ਸਿਖਾਉਂਦੇ ਹਨ।

ਇਨ੍ਹਾਂ ਹਾਲਤਾਂ ਵਿਚ ਇਕ ਹੋਰ ਅਵੱਲਾ ਜਿਹਾ ਨਜ਼ਾਰਾ ਸਾਮਰਤੱਖ ਹੁੰਦਾ ਹੈ ਕਿ ਜਦੋਂ ਪਿੰਡਾਂ ਤੋਂ ਸਾਡੇ ਮਾਂ-ਬਾਪ, ਬਜ਼ੁਰਗ ਤੇ ਹੋਰ ਰਿਸ਼ਤੇਦਾਰ ਸਾਨੂੰ ਮਿਲਣ ਆਉਂਦੇ ਹਨ। ਉਦੋਂ ਸਾਡੀ ਸੁਸਾਇਟੀ ਦੀਆਂ ਪੱਟੀਆਂ ਸਾਡੀਆਂ ਨਖਰੈਲੋ-ਸੁਆਣੀਆਂ ਆਪਣੇ ਬੱਚਿਆਂ ਨੂੰ ਬਜ਼ੁਰਗਾਂ ਨਾਲ ਪੰਜਾਬੀ ਵਿਚ ਗੱਲ ਕਰਨ ਦੀ ਤਾਕੀਦ ਕਰਦੀਆਂ ਹੋਈਆਂ ਕਹਿੰਦੀਆਂ ਹਨ, "ਬੇਟਾ ਮੈਨੇ ਕਿਤਨੀ ਬਾਰ ਕਹਾ ਹੈ ਕਿ ਪੰਜਾਬੀ ਬੋਲਾ ਕਰੋ।" ਸਾਡਾ ਆਪਣੀ ਮਾਂ ਬੋਲੀ ਪ੍ਰਤੀ ਇਹ ਵਤੀਰਾ ਸਵੈ-ਸਪਸ਼ਟ ਹੈ ਕਿ 'ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ' ਭਾਵ ਜਿਹੋ ਜਿਹੇ ਅਸੀਂ ਆਪ ਹਾਂ, ਉਹੋ ਜਿਹੇ ਹੀ ਸਾਡੇ ਬੱਚੇ ਹਨ।

ਅਸੀਂ ਜਦੋਂ ਆਪ ਖ਼ੁਦ ਪੰਜਾਬੀ ਹੁੰਦੇ ਹੋਏ ਵੀ ਘਰਾਂ ਵਿਚ ਹਿੰਦੀ ਤੇ ਅੰਗਰੇਜ਼ੀ ਬੋਲਦੇ ਹਾਂ ਤਾਂ ਸਾਡੇ ਬੱਚਿਆਂ ਨੂੰ ਸਾਡੀ ਇਹ ਨਸੀਹਤ ਕਿੰਨੀ ਕੁ ਪੋਂਹਦੀ ਹੋਵੇਗੀ? ਇਹ ਹੀ ਨਹੀਂ ਅੱਜ ਕੱਲ੍ਹ ਅਸੀਂ ਸਾਰੇ ਮਾਂ-ਬਾਪ ਆਪਣੇ ਬੱਚਿਆਂ ਨੂੰ ਦਾਦੂ-ਨਾਨੂ ਤੇ ਦਾਦੀ ਤੇ ਨਾਨੀ ਨੂੰ ਗਰੈਨੀ ਕਹਿਣਾ ਸਿਖਾਉਂਦੇ ਹਾਂ। ਭਾਵੇਂ ਇਹ ਸੰਬੋਧਨ ਬਜ਼ੁਰਗਾਂ ਨੂੰ ਬਹੁਤ ਅਖਰਦਾ ਹੈ, ਪਰ ਮੇਰੀ ਸਮਝ ਵਿਚ ਪਿਓ ਨੂੰ 'ਡੈਡੂ' ਜਾਂ 'ਡੈਡਾ' ਤੇ ਮਾਂ ਨੂੰ 'ਮੌਮ-ਮੰਮੀ' ਭਾਵ ਮਿਸਰ ਦੇ ਪਿਰਾਮਿਡਾਂ ਵਾਲੀ ਮੰਮੀ ਕਹਿਣ ਨਾਲੋਂ ਤਾਂ ਕਿਤੇ ਚੰਗਾ ਹੈ। ਵਾਹ-ਬਈ-ਵਾਹ, ਵੇਖਣ ਵਾਲੀ ਗੱਲ ਇਹ ਹੈ ਕਿ ਬੱਚਿਆਂ ਨੂੰ ਮਾਂ ਬੋਲੀ ਦੀ ਗੁੜ੍ਹਤੀ ਦੇਣ ਵਾਲੇ ਮਾਂ-ਪਿਓ ਆਪ ਪੰਜਾਬੀ ਦੇ ਕਿੰਨੇ ਵੱਡੇ ਉਪਾਸ਼ਕ ਹਨ?

ਇਸ ਸਾਰੀ ਤਹਿਜ਼ੀਬੀ ਸਥਿਤੀ ਬਾਰੇ ਕਿਸੇ ਬਜ਼ੁਰਗ ਸ਼ਾਇਰ ਨੇ ਵੀ ਕਿੰਨਾਂ ਸੋਹਣਾ ਕਿਹਾ ਹੈ ਕਿ-

ਅਜਬ ਰਿਸ਼ਤਾ ਨਿਭਾਤੇ ਹੈਂ ਮੇਰੇ ਬੱਚੇ ਕਭੀ
ਜਾਤਾ ਹੂੰ ਮਿਲਨੇ ਤੋ ਮੁਲਾਕਾਤੀ ਸਮਝਤੇ ਹੈ।

ਇਹ ਮੰਨਣ ਵਾਲੀ ਗੱਲ ਹੈ ਕਿ ਅੰਗਰੇਜ਼ੀ ਅੱਜ-ਕੱਲ੍ਹ ਇੰਟਰਨੈਸ਼ਨਲ ਪੱਧਰ ਦੀ ਭਾਸ਼ਾ ਬਣ ਚੁੱਕੀ ਹੈ। ਇਸ ਲਈ ਬਾਹਰਲੀ ਦੁਨੀਆਂ ਨਾਲ ਤੁਰਨ ਤੇ ਮੜਿਕਣ ਲਈ ਅੰਗਰੇਜ਼ੀ ਦੇ ਗਿਆਨ ਦੀ ਬਹੁਤ ਅਹਿਮੀਅਤ ਹੈ। ਇਸ ਲਈ ਕਿਸੇ ਝਿਜਕ ਤੇ ਸੰਕੋਚ ਤੋਂ ਬਿਨਾਂ ਮੇਰਾ ਨਿੱਜੀ ਵਿਚਾਰ ਇਹ ਹੈ ਕਿ ਸਾਨੂੰ ਅੰਗਰੇਜ਼ੀ ਇੰਨੀ ਵਧੀਆ ਆਉਣੀ ਚਾਹੀਦੀ ਹੈ ਕਿ ਅਸੀਂ ਇਸ ਪੱਖੋਂ ਅੰਗਰੇਜ਼ਾਂ ਨੂੰ ਵੀ ਮਾਤ ਪਾ ਦੇਈਏ। ਸਾਡੇ ਵੱਲੋਂ ਬੋਲੀ ਅੰਗਰੇਜ਼ੀ ਭਾਸ਼ਾ ਦਾ ਉਚਾਰਣ ਠੀਕ ਹੋਵੇ ਅਤੇ ਖਾਸ ਤੌਰ 'ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੀ ਲਿਖਤ ਵਿਚ ਵਰਤੇ ਗਏ ਕੌਮੇ ਤੇ ਫੁਲਸਟਾਪ ਦਾ ਵੀ ਮਤਲਬ ਨਿਕਲਦਾ ਹੋਵੇ, ਨਾ ਕਿ ਅਸੀਂ ਘਟੀਆ ਜਿਹੇ ਨਕਲਚੀ ਹੀ ਜਾਪੀਏ। ਇਸ ਲਈ ਨਿਰਣਾਇਕ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਨੂੰ ਵਿਦੇਸ਼ੀ ਭਾਸ਼ਾਵਾਂ ਤੇ ਵਿਦੇਸ਼ੀ ਲੋਕਾਂ ਬਾਰੇ ਗਿਆਨ ਹੋਣਾ ਚਾਹੀਦਾ ਹੈ। ਪਰ ਇਸ ਤੋਂ ਵੀ ਕਿਤੇ ਵੱਧ ਜ਼ਰੂਰੀ ਇਹ ਹੈ ਕਿ ਸਾਨੂੰ ਆਪਣੀ ਮਾਂ ਬੋਲੀ ਤੇ ਆਪਣੇ ਵਿਰਸੇ ਦਾ ਸਵੈਮਾਣ ਹੋਣਾ ਚਾਹੀਦਾ ਹੈ।

ਮੁੱਕਦੀ ਗੱਲ ਤਾਂ ਇਹ ਹੈ ਕਿ 'ਗਿਆਨ' ਤਾਂ ਦੁਨੀਆਂ ਭਰ ਦਾ ਰੱਖੋ, ਪਰ ਸਵੈਮਾਣ ਆਪਣਾ ਰੱਖੋ। ਆਪਣੇ ਵਿਰਸੇ 'ਤੇ ਮਾਣ ਕਰਨ ਦੇ ਇਸ ਸੰਦਰਭ ਵਿਚ ਮੇਰੀ ਜਾਣਕਾਰੀ ਵਿਚ ਆਏ ਕੁਝ ਕੁ ਨੇਕ ਮਾਂ-ਬਾਪ ਤੇ ਉਨ੍ਹਾਂ ਦੇ ਲਾਇਕ ਬੱਚਿਆਂ ਦੀ ਚਲਦੇ-ਚਲਦੇ ਗੱਲ ਕਰ ਚੱਲੀਏ। ਇਹ ਕੁੱਝ ਕੁ ਸੱਜਣ ਉੱਚੇ ਦੁਨਿਆਵੀ ਰੁਤਬਿਆਂ ਨੂੰ ਪਹੁੰਚੇ; ਪਰ ਉਨ੍ਹਾਂ ਦੀ ਤਰੱਕੀ ਪਿੱਛੇ ਉਨ੍ਹਾਂ ਦੇ ਮਾਂ-ਬਾਪ ਦੇ ਚੰਗੇ ਸੰਸਕਾਰਾਂ ਦੀ ਪ੍ਰਤੱਖ ਝਲਕ ਨਜ਼ਰ ਆਉਂਦੀ ਹੈ। ਸੰਨ 1966 ਤੋਂ ਪਹਿਲੇ ਸਾਂਝੇ ਪੰਜਾਬ ਦੇ ਸਭ ਤੋਂ ਵੱਡੇ ਰੁਤਬੇ ਦੇ ਅਫ਼ਸਰ ਆਈ.ਜੀ. ਪੁਲਿਸ ਅਸ਼ਵਨੀ ਕੁਮਾਰ ਬਾਰੇ ਪ੍ਰਸਿੱਧ ਹੈ ਕਿ ਜਦੋਂ ਉਹ ਦਫ਼ਤਰ ਜਾਂਦੇ ਸਨ ਤਾਂ ਉਨ੍ਹਾਂ ਦੀ ਮਾਂ ਉਨ੍ਹਾਂ ਦੇ ਮੱਥੇ 'ਤੇ ਤਿਲਕ ਲਾ ਦਿੰਦੀ ਸੀ। ਬੇਸ਼ੱਕ ਪੁਲਿਸ ਵਰਦੀ ਨਾਲ ਤਿਲਕ ਲਾਉਣਾ ਪ੍ਰਸੰਗਿਕ ਨਹੀਂ ਸੀ। ਪਰ ਕੁਮਾਰ ਸਾਹਿਬ ਨੇ ਆਪਣੀ ਇਹ ਪ੍ਰਸ਼ਾਸਨਿਕ ਮਜਬੂਰੀ ਕਦੇ ਵੀ ਆਪਣੀ ਮਾਂ ਨੂੰ ਜ਼ਾਹਿਰ ਨਹੀਂ ਹੋਣ ਦਿੱਤੀ ਸੀ। ਉਸ ਤੋਂ ਬਾਅਦ ਇਕ ਮਿਸਾਲ ਮੇਰੇ ਧਿਆਨ ਵਿਚ 1977 ਤੱਕ ਦੇ ਪੁਲਿਸ ਦੇ ਸਭ ਤੋਂ ਵੱਡੇ ਰੁਤਬੇ 'ਤੇ ਬਿਰਾਜਮਾਨ ਆਈ.ਜੀ. ਭਗਵਾਨ ਸਿੰਘ ਦਾਨੇਵਾਲੀਆ ਦੀ ਹੈ, ਜੋ ਕਿ ਪਿਤਾ-ਪੁਰਖੀ ਦੀ ਨੇਕ ਰਵਾਇਤ ਨਿਭਾਉਂਦੇ ਹੋਏ; ਸਾਰੀ ਉਮਰ ਆਪਣੇ ਪਿਤਾ ਸ੍ਰ: ਜਸਵੰਤ ਸਿੰਘ ਤੋਂ ਇਉਂ ਡਰਦੇ ਰਹੇ ਜਿਵੇਂ ਕਾਂ ਗੁਲੇਲੇ ਤੋਂ ਡਰਦਾ ਹੈ।

ਇਸ ਤਰ੍ਹਾਂ ਦੇ ਹੀ ਇਕ ਆਗਿਆਕਾਰੀ ਜਰਨੈਲ ਪੁੱਤਰ ਦੀ ਮਿਸਾਲ ਸੰਨ 2000 ਵਿਚ ਬਤੌਰ ਡੀ.ਸੀ. ਫਿਰੋਜ਼ਪੁਰ ਮੈਂ ਅੱਖੀਂ ਵੇਖੀ। ਉਦੋਂ ਡਿਵ: ਕਮਾਂਡਰ ਮੇਜਰ ਜਨਰਲ ਨੰਦਰਜੋਗ ਫਿਰੋਜ਼ਪੁਰ ਵਿਖੇ ਤਾਇਨਾਤ ਸਨ। ਉਨ੍ਹਾਂ ਨੇ ਆਪਣੀ ਜੱਦੀ ਰਿਹਾਇਸ਼ ਫਿਰੋਜ਼ਪੁਰ ਵਿਖੇ ਆਪਣੀ ਮਾਂ ਦੇ ਨਾਮ ਉਤੇ ਇਕ ਪਾਰਕ ਬਣਵਾਇਆ ਸੀ। ਪਰ ਅੰਤ ਕਾਲ ਵਿਚ ਲੋਕਾਂ ਨੇ ਪਿਆਰ ਤੇ ਸਤਿਕਾਰ ਦੀ ਆਪਣੀ ਆਦਤ ਅਨੁਸਾਰ ਪਾਰਕ ਨੂੰ ਕੂੜਾ-ਕਰਕਟ ਸੁੱਟਣ ਲਈ ਡੰਪਿੰਗ ਗਰਾਊਂਡ ਬਣਾ ਰੱਖਿਆ ਸੀ। ਮੈਨੂੰ ਯਾਦ ਹੈ ਕਿ ਜਦੋਂ ਉਹ ਇਥੇ ਮੇਜਰ ਜਨਰਲ ਬਣ ਕੇ ਆਏ ਤਾਂ ਉਨ੍ਹਾਂ ਨੇ ਮੈਨੂੰ ਨਾਲ ਲੈ ਕੇ ਜਿਸ ਸ਼ਰਧਾ ਤੇ ਦਰਦ ਨਾਲ ਉਸ ਪਾਰਕ ਦੀ ਸਫਾਈ ਕਰਵਾਈ, ਉਹ ਉਨ੍ਹਾਂ ਦੀ ਆਪਣੇ ਮਾਤਾ-ਪਿਤਾ ਪ੍ਰਤੀ ਪਿਆਰ ਤੇ ਸਤਿਕਾਰ ਦੀ ਮੂੰਹੋਂ ਬੋਲਦੀ ਤਸਵੀਰ ਸੀ।

ਇਹ ਠੀਕ ਹੈ ਕਿ ਅਜਿਹੀਆਂ ਚੰਗੀਆਂ ਉਦਾਹਰਣਾਂ ਤਾਂ ਪਤਾ ਨਹੀਂ ਹੋਰ ਵੀ ਕਿੰਨੀਆਂ ਹੀ ਹੋਣਗੀਆਂ, ਪਰ ਇਨ੍ਹਾਂ ਦੀ ਕਦੇ ਸ਼ਰ੍ਹੇਆਮ ਚਰਚਾ ਨਹੀਂ ਹੁੰਦੀ। ਸਗੋਂ ਆਪਣੀ ਫਿਤਰਤ ਅਨੁਸਾਰ ਅਸੀਂ ਸਮਾਜ ਵਿਚ ਹਰ ਥਾਂ ਸੋਹਜ ਦੀ ਬਜਾਏ ਕੋਹਝ



*Original with;*
Kulbir Singh Sidhu(I.A.S)
*Digitized by;*
Panjab Digital Library

ਹੀ ਦੇਖਦੇ ਹਾਂ। ਕਿੰਨਾ ਚੰਗਾ ਹੋਵੇ ਕਿ ਅਸੀਂ ਬੇਮਤਲਬ ਦੀ ਨੁਕਤਾ ਚੀਨੀ ਤੇ ਆਲੋਚਨਾ ਕਰਨ ਦੀ ਥਾਂ ਆਪਣੇ ਆਸੇ-ਪਾਸੇ ਕੋਈ ਸੋਹਜ-ਸੁਆਦ ਵੀ ਦੇਖੀਏ। ਇਸ ਸੰਦਰਭ ਵਿਚ ਅਜਿਹੀਆਂ ਮਿਸਾਲਾਂ ਦੀ ਸਮਾਜ ਤੇ ਸਾਡੇ ਘਰਾਂ ਵਿਚ ਅਕਸਰ ਚਰਚਾ ਹੋਣੀ ਚਾਹੀਦੀ ਹੈ ਤਾਂ ਕਿ ਮੌਜੂਦਾ ਪੀੜ੍ਹੀਆਂ ਨੂੰ ਚੰਗੀਆਂ ਪ੍ਰੰਪਰਾਵਾਂ ਦਾ ਅਹਿਸਾਸ ਰਹੇ।

ਇਸ ਤਰ੍ਹਾਂ ਹੀ ਓਲੰਪਿਕ ਖੇਡਾਂ ਵਿਚ ਤਿੰਨ ਵਾਰ ਸੋਨੇ ਦਾ ਮੈਡਲ ਜਿੱਤਣ ਵਾਲੇ ਭਾਰਤੀ ਹਾਕੀ ਦੇ ਸੰਸਾਰ ਪ੍ਰਸਿੱਧ ਕਪਤਾਨ ਸ੍ਰ: ਬਲਬੀਰ ਸਿੰਘ ਦੀ ਹੈ, ਜੋ ਕਿ ਇੰਨੀ ਪ੍ਰਸਿੱਧੀ ਪ੍ਰਾਪਤ ਕਰਕੇ ਵੀ ਆਪਣੇ ਮਾਂ-ਬਾਪ ਲਈ ਸਕੂਲ ਵਿਚ ਖੇਡਦੇ ਅੱਲ੍ਹੜ-ਬਾਲ ਬਲਬੀਰ ਸਿੰਘ ਹੀ ਰਿਹਾ। ਅੱਜ ਵੀ ਸ੍ਰ: ਬਲਬੀਰ ਸਿੰਘ ਦੀ ਜੀਵਨੀ ਗੋਲਡਨ ਹੈਟ-ਟ੍ਰਿਕ ਪੜ੍ਹ ਕੇ ਦੇਖੋ ਤਾਂ ਉਨ੍ਹਾਂ ਦੇ ਮਾਂ-ਬਾਪ ਦਾ ਵਜੂਦ ਉਨ੍ਹਾਂ ਦੇ ਆਪਣੇ ਵਜੂਦ ਤੋਂ ਕਿਤੇ ਵੱਡਾ ਦਿੱਸਦਾ ਹੈ। ਇਉਂ ਹੀ ਉਹ ਸ਼੍ਰੀਮਾਨ ਈਸ਼ਵਰ ਸਿੰਘ ਮੇਰੇ ਦਾਦਾ ਜੀ ਤੇ ਸ੍ਰ: ਅਜਮੇਰ ਸਿੰਘ ਮੇਰੇ ਪਿਤਾ ਜੀ ਦਾ ਉਨ੍ਹਾਂ ਨੂੰ ਘੜਨ-ਸੰਵਾਰਨ ਲਈ ਪਾਏ ਯੋਗਦਾਨ ਸਦਕਾ ਹਮੇਸ਼ਾਂ ਸਨਮਾਨ ਕਰਦੇ ਰਹੇ ਹਨ। ਸੰਨ 1952 ਵਿਚ ਹੈਲਸਿੰਕੀ ਓਲੰਪਿਕ ਜਿੱਤਣ ਤੋਂ ਬਾਅਦ ਵਿਕਟਰੀ ਸਟੈਂਡ 'ਤੇ ਖੜ੍ਹੇ ਹੋਣ ਸਮੇਂ ਵੀ ਉਹ ਆਪਣੇ ਸਕੂਲ ਤੇ ਇਨ੍ਹਾਂ ਅਧਿਆਪਕਾਂ ਦਾ ਜ਼ਿਕਰ ਕਰਨਾ ਉਹ ਨਹੀਂ ਭੁੱਲੇ ਸਨ। ਸ੍ਰ: ਬਲਬੀਰ ਸਿੰਘ ਆਪਣੇ ਮਾਂ-ਬਾਪ ਦਾ ਹੀ ਨਹੀਂ; ਸਗੋਂ ਆਪਣੇ ਅਧਿਆਪਕਾਂ ਦਾ ਤੇ ਸ੍ਰ: ਹਰਬੇਲ ਸਿੰਘ ਜਿਹੇ ਆਪਣੇ ਕੋਚਾਂ ਦਾ ਅੱਜ ਵੀ ਸਤਿਕਾਰ ਕਰਦੇ ਹਨ।

ਫਿਰ ਇਸ ਪ੍ਰਸੰਗ ਵਿਚ ਹੀ ਇਹ ਮੇਰੇ ਪਿਤਾ ਸ੍ਰ: ਅਜਮੇਰ ਸਿੰਘ ਜੀ ਹੀ ਸਨ ਕਿ ਜਿਨ੍ਹਾਂ ਨੇ ਮੈਨੂੰ 1974 ਵਿਚ ਸਿਵਲ ਸਰਵਿਸਿਜ਼ ਇਮਤਿਹਾਨ ਪਾਸ ਕਰਨ ਸਮੇਂ ਕਿਹਾ ਸੀ ਕਿ ਅਧਿਆਪਕ ਸਮਾਜ ਦਾ ਉਸਰੱਈਆ ਹੁੰਦਾ ਹੈ। ਇਸ ਲਈ ਚੰਗਾ ਹੋਵੇ ਕਿ ਤੂੰ ਮੈਜਿਸਟ੍ਰੇਟ ਬਣਨ ਦੀ ਥਾਂ 'ਤੇ ਨੈਸ਼ਨਲ ਕਾਲਜ ਸਿਰਸੇ ਦਾ ਪ੍ਰੋਫੈਸਰ ਹੀ ਰਹੇਂ। ਇਹ ਗੱਲ ਵੱਖਰੀ ਹੈ ਕਿ ਮੈਨੂੰ ਉਦੋਂ ਉਨ੍ਹਾਂ ਦੀ ਇਸ ਗੱਲ ਦੀ ਇੰਨੀ ਸਮਝ ਨਹੀਂ ਆਈ ਸੀ; ਜਿੰਨੀ ਕਿ ਸਮਾਜ ਸੇਵਾ ਦੇ ਸੰਦਰਭ ਵਿਚ ਹੁਣ ਉੱਚੇ ਅਹੁਦਿਆਂ 'ਤੇ 35 ਸਾਲ ਕੰਮ ਕਰਨ ਤੋਂ ਬਾਅਦ ਆਈ ਹੈ।

ਇਸ ਤਰ੍ਹਾਂ ਸਮਾਜ ਵਿਚ ਇਕ ਅਧਿਆਪਕ ਦੇ ਰੋਲ ਦੀ ਵੀ ਮੈਨੂੰ ਬੜੀ ਦੇਰ ਬਾਅਦ ਸੋਝੀ ਆਈ ਸੀ, ਪਰ ਹਾਲੇ ਵੀ ਸ਼ੁੱਕਰ ਹੈ ਕਿ ਉਨ੍ਹਾਂ ਦੀ ਨੇਕ ਨਸੀਹਤ ਦੀ ਜਿੰਨੀ ਕੁ ਮੈਨੂੰ ਸਮਝ ਆਈ; ਬੱਸ ਉਸ ਦੇ ਸਦਕਾ ਹੀ ਪੰਜਾਬ ਤੇ ਖ਼ਾਸ ਤੌਰ 'ਤੇ ਉਨ੍ਹਾਂ ਜ਼ਿਲ੍ਹਿਆਂ ਵਿਚ ਜਿਥੇ ਮੈਂ ਸੇਵਾ ਨਿਭਾਈ ਹੈ; ਜੇ ਕਿਤੇ ਲੋਕਾਂ ਵਿਚ ਵਿਚਰਦਾ ਹਾਂ ਤਾਂ ਆਮ ਤੌਰ 'ਤੇ ਲੋਕ ਮੈਨੂੰ ਹੁਣ ਵੀ ਬਾਈ ਜੀ ਤੇ ਜਾਂ 'ਡੀ.ਸੀ. ਬਾਈ ਜੀ' ਹੀ ਕਹਿੰਦੇ ਹਨ। ਜ਼ਾਹਿਰ ਹੈ ਕਿ ਇਹ ਸਾਰਾ ਚੰਗਾ ਵਰਤਾਰਾ ਮੇਰੇ ਮਾਤਾ-ਪਿਤਾ ਤੋਂ ਮੈਨੂੰ ਮਿਲੇ ਸੰਸਕਾਰਾਂ ਤੇ ਚੰਗੇ ਅਧਿਆਪਕਾਂ ਦੀ ਸੰਥਾ ਦੀ ਬਦੌਲਤ ਹੀ ਹੋਇਆ ਹੈ।

ਫਿਰ ਹੁਣ ਸੰਸਕਾਰਾਂ ਦੀ ਹੀ ਗੱਲ ਕਰ ਲਈਏ ਤਾਂ 'ਇਕ ਘਰ-ਪਰਿਵਾਰ'



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੇ ਮੁਢਲੇ ਸੰਸਕਾਰਾਂ ਤੇ ਸਾਡੀ ਮਾਂ ਬੋਲੀ ਦੀ ਨਰਸਰੀ ਹੁੰਦਾ ਹੈ। ਸਾਨੂੰ ਸਾਡੇ ਘਰ ਤੋਂ ਹੀ ਸ਼ਿਸ਼ਟਾਚਾਰ, ਕਾਰ-ਵਿਹਾਰ, ਖਾਣ-ਪੀਣ ਤੇ ਪਹਿਨਣ ਦੀ ਮੁਢਲੀ ਸਿੱਖਿਆ ਮਿਲਦੀ ਹੈ। ਇਹ ਇਕ ਸੱਚਾਈ ਹੈ ਕਿ ਪੰਜਾਬੀ ਸੰਸਕ੍ਰਿਤੀ ਵਿਚ 'ਸਾਦਾ ਜੀਵਨ ਤੇ ਉੱਚੀ ਸੋਚ' ਦੀ ਬੜੀ ਵੱਡੀ ਅਹਿਮਤੀਅਤ ਰਹੀ ਹੈ। ਪੰਜਾਬੀ ਸਭਿਆਚਾਰ ਦੇ ਆਦਰਸ਼ ਮੂਲ ਅਧਾਰ ਹੀ ਪੰਜਾਬੀ ਜੀਵਨ ਦੀ ਇਕ ਮਜ਼ਬੂਤ ਅਧਾਰਸ਼ਿਲਾ ਰਹੇ ਹਨ।

ਫਿਰ ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਪੰਜਾਬੀ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਨੂੰ ਇਕ ਨਵਾਂ ਹੀ ਰੂਪ ਦੇ ਕੇ ਪੁਨਰ ਸੁਰਜੀਤ ਕੀਤਾ ਸੀ। ਪੰਜਾਬੀ ਜੀਵਨਸ਼ੈਲੀ ਵਿਚ ਬਾਬੇ ਨਾਨਕ ਦੇ ਉਪਦੇਸ਼ 'ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ' ਦੀ ਇਕ ਬਹੁਤ ਵਧੀਆ ਰਵਾਇਤ ਰਹੀ ਹੈ। ਇਸ ਸੰਦਰਭ ਵਿਚ ਪਰ ਹੁਣ ਅਫਸੋਸ ਹੈ ਕਿ ਅੱਜ ਸਾਦਾ ਜੀਵਨ ਤੇ ਉੱਚੀ ਸੋਚ ਦੀ ਕੋਈ ਬਾਹਲੀ ਅਹਿਮੀਅਤ ਨਹੀਂ ਰਹੀ। ਹੁਣ ਸਾਦ-ਮੁਰਾਦੀ, ਸਬਰ-ਸਬੂਰੀ ਤੇ ਸਿਦਕੀ ਰਹਿਤ-ਬਹਿਤ ਵਾਲੀ ਜੀਵਨਸ਼ੈਲੀ ਦੀ ਥਾਂ ਗੈਰ-ਜ਼ਰੂਰੀ ਵਿਖਾਵੇ ਦੀ ਅਮੀਰੀ ਦੀ ਫੰਨੇ ਖਾਈ ਤੇ ਫੈਲ-ਸੂਫੀਆਂ ਨੇ ਲੈ ਲਈ ਹੈ। ਉੱਚੀ ਸੋਚ ਤੇ ਨੇਕ ਸਬੀਲ-ਦਲੀਲ ਦੀ ਜਗ੍ਹਾ ਹੁਣ ਠਿੱਬੀ ਮਾਰ ਤੇ ਟੰਗ ਅੜਾਊ ਸੋਚ ਨੇ ਲੈ ਲਈ ਹੈ।

ਇਹ ਵੀ ਕੁਦਰਤ ਦੀ ਖੇਡ ਹੀ ਹੈ ਕਿ ਜਦੋਂ ਵੀ ਸਾਡੇ 'ਤੇ ਕੋਈ ਨਿੱਜੀ, ਸਮਾਜਿਕ ਜਾਂ ਕੌਮੀ ਆਫਤ ਆਈ ਹੈ ਤਾਂ ਅਸੀਂ ਸੋਝੀ ਦੇ ਘਰ ਆਏ ਹਾਂ। ਫਿਰ ਅਸੀਂ ਸੰਘਰਸ਼ਾਂ ਤੇ ਕੁਰਬਾਨੀਆਂ ਦਾ ਇਤਿਹਾਸ ਵੀ ਰਚਿਆ ਹੈ। ਨਿੱਜੀ ਪੱਧਰ 'ਤੇ ਹੁਣ ਵੀ ਅਸੀਂ ਲੱਤ ਖਿੱਚਣ ਦੇ ਬੜੇ ਮਾਹਿਰ ਕੁਹਾਉਂਦੇ ਹਾਂ। ਜੇ ਕੋਈ ਭਰਾ ਹਿੰਮਤ ਕਰਕੇ ਸਫਲਤਾ ਦੀ ਪੌੜੀ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ ਤਾਂ ਅਸੀਂ ਉਸ ਦੀ ਟੰਗ ਖਿੱਚ ਕੇ ਥੱਲੇ ਡੇਗ ਲੈਂਦੇ ਹਾਂ। ਬੇਸ਼ੱਕ ਬਾਅਦ ਵਿਚ ਆਪਣੇ ਡਿੱਗੇ ਭਰਾ ਦੀ ਮਦਦ ਦੇ ਵਿਖਾਵੇ ਵਜੋਂ ਆਪਣੀ ਘਰ ਵਾਲੀ ਨੂੰ ਵਾਜਾਂ ਮਾਰਦੇ ਹਾਂ ਕਿ ਭਾਗਵਾਨੇ, ਲਿਆਈਂ ਦੁੱਧ-ਘਿਓ ਆਪਣਾ ਬਾਈ ਡਿੱਗ ਪਿਆ ਹੈ।

ਇਸ ਤਰ੍ਹਾਂ ਹੀ ਜੇ ਕੋਈ ਸਾਡਾ ਭਰਾ ਕਿਸੇ ਮੁਸ਼ਕਿਲ ਵਿਚ ਫਸ ਜਾਵੇ ਤਾਂ ਜਿੰਨੀ ਦੇਰ ਉਹ ਨਿਢਾਲ ਨਹੀਂ ਹੋ ਜਾਂਦਾ, ਉਨੀ ਦੇਰ ਅਸੀਂ ਉਸ ਦੀ ਖ਼ਬਰਸਾਰ ਨਹੀਂ ਲੈਂਦੇ। ਇਕ ਪੇਂਡੂ ਮਿਸਾਲ ਵਜੋਂ ਕਿਹਾ ਜਾਂਦਾ ਹੈ ਕਿ ਜੇ ਕੋਈ ਭਾਈ ਕਿਸੇ ਗਰਜ਼ ਦਾ ਮਾਰਿਆ ਜੰਡ 'ਤੇ ਚੜ੍ਹ ਜਾਵੇ ਤਾਂ ਉਸ ਨੂੰ ਜੰਡ 'ਤੇ ਢੱਕ-ਮਕੌੜੇ ਭਾਵ ਵੱਡੇ ਕੀੜੇ ਘੇਰ ਲੈਂਦੇ ਹਨ। ਪਰ ਉਸ ਦਾ ਕੋਈ ਭਾਈ ਉਸ ਨੂੰ ਜੰਡ ਤੋਂ ਨਹੀਂ ਲਾਹੁੰਦਾ; ਸਗੋਂ ਪ੍ਰੇਮ ਭਰੇ ਵਿਅੰਗ ਨਾਲ ਪੁੱਛਦਾ ਹੈ ਕਿ ਬਾਈ ਸਿੰਹਾਂ ਜੰਡ ਦੇ ਉਤੇ ਤੈਨੂੰ ਹਵਾ ਤਾਂ ਬਹੁਤ ਲਗਦੀ ਹੋਊ? ਸੋ ਭਾਈ ਐਸ਼ ਕਰ ਤੇ ਬੁੱਲੇ ਵੱਢ।

ਇਸ ਸਾਰੇ ਪ੍ਰਚਲਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਸਾਡਾ ਮੁਲਕ ਦੁਨੀਆਂ ਦੇ ਸਾਰੇ ਮੁਲਕਾਂ ਨਾਲੋਂ ਵੱਧ ਸਮਾਂ ਗੁਲਾਮ ਰਿਹਾ ਹੈ। ਇਸ ਲਈ ਸਾਡੀ ਗੁਰੂਆਂ-ਸੰਤਾਂ ਦੀ ਸਿੱਖਿਆ ਦੇ ਬਾਵਜੂਦ ਵੀ ਨੇਕ ਤੇ ਅਜ਼ਾਦ ਸੋਚ ਨਹੀਂ ਬਣ



*Original with;*
Kulbir Singh Sidhu(I.A.S)
*Digitized by;*
Panjab Digital Library

ਸਕੀ। ਸਗੋਂ ਅਸੀਂ ਗੁਲਾਮ ਜ਼ਹਿਨੀਅਤ ਦੇ ਹੀ ਮਾਲਿਕ ਹਾਂ। ਸਾਡੀ ਫਿਤਰਤ ਵਿਚ ਸਮਿਆਂ ਤੋਂ ਬਸ ਚਾਪਲੂਸੀ, ਸਵਾਰਥ ਤੇ ਲੋਭ-ਲਾਲਚ ਜਿਹੀਆਂ ਮਾੜੀਆਂ ਮਲਾਮਤਾਂ ਸ਼ਾਮਿਲ ਰਹੀਆਂ ਹਨ। ਖ਼ੈਰ! ਪ੍ਰਮਾਤਮਾ ਕਰੇ ਹੁਣ ਹੀ ਕੋਈ ਮੋੜਾ ਪੈ ਜਾਵੇ ਕਿਉਂਕਿ ਹੁਣ ਤਾਂ ਅਸੀਂ 21ਵੀਂ ਸਦੀ ਦੇ ਹਾਣੀ ਬਣ ਚੁੱਕੇ ਹਾਂ। ਇਸ ਲਈ ਸਾਨੂੰ ਹੁਣ ਹੀ ਆਪਣੀਆਂ ਮਾੜੀਆਂ ਸਮਾਜਿਕ ਕਮਜ਼ੋਰੀਆਂ ਤੇ ਰਾਜਨੀਤਿਕ ਫਿਤਰਤਾਂ ਤੋਂ ਤੌਬਾ ਕਰ ਲੈਣੀ ਚਾਹੀਦੀ ਹੈ।

ਹੁਣ ਫਿਰ ਸਾਡੀ ਸੋਚ ਤੇ ਸਾਡੇ ਵਤੀਰੇ ਪਿੱਛੇ ਸਾਡੇ ਖਾਣ-ਪੀਣ ਦੀ ਗੱਲ ਆਉਂਦੀ ਹੈ। ਮੰਨਿਆ ਗਿਆ ਹੈ ਕਿ ਸਾਡਾ ਖਾਣਾ-ਪੀਣਾ ਜਿੰਨਾ ਕੁਦਰਤੀ ਤੇ ਸਾਦਾ ਹੋਵੇਗਾ, ਉਨੀ ਹੀ ਸਾਡੀ ਬਲ-ਬੁੱਧੀ ਸਾਤਵਿਕ ਹੋਵੇਗੀ। ਇਸ ਵਿਚ ਖਾਣਾ ਬਣਾਉਣ ਵਾਲੀਆਂ ਸਵਾਣੀਆਂ ਦੇ ਯੋਗਦਾਨ ਦੀ ਵੀ ਗੱਲ ਆਉਂਦੀ ਹੈ। ਅੱਜ ਸਾਇੰਸ ਵੀ ਮੰਨਦੀ ਹੈ ਕਿ ਖਾਣਾ ਬਣਾਉਣ ਵਾਲੇ ਦੀ ਬਿਰਤੀ ਜਿੰਨੀ ਸ਼ੁੱਧ ਤੇ ਬਿਬੇਕੀ ਹੋਵੇਗੀ, ਉਨ੍ਹਾ ਹੀ ਉਸ ਪਰਿਵਾਰ ਦੇ ਜੀਆਂ 'ਤੇ ਉਸ ਦੇ ਬਣਾਏ ਖਾਣੇ ਦਾ ਅਸਰ ਹੋਵੇਗਾ। ਪਰ ਅੱਜ ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਘਰਾਂ ਵਿਚ ਖਾਣਾ ਬਣਾਉਣ ਵਾਲੀਆਂ ਸੁਆਣੀਆਂ ਦਾ ਧਿਆਨ ਟੀ.ਵੀ ਦੇਖਣ ਵਿਚ ਵੱਧ ਹੁੰਦਾ ਹੈ ਕਿ ਖਾਣਾ ਬਣਾਉਣ ਵਿਚ ਜ਼ਿਆਦਾ ਹੁੰਦਾ ਹੈ? ਫਿਰ ਹੋਟਲਾਂ ਵਿਚ ਖਾਣਾ ਬਣਾਉਣ ਤੇ ਪਰੀਹਿਆਂ ਦਾ ਤਾਂ ਕਹਿਣਾ ਹੀ ਕੀ ਹੈ। ਜ਼ਾਹਿਰ ਹੈ ਕਿ ਉਹ ਤਾਂ ਖੁਦ ਦਾਰੂ ਪੀ ਕੇ ਟੱਲੀ ਹੋਏ ਹੁੰਦੇ ਹਨ ਤੇ ਚੰਗੇ-ਮਾੜੇ ਦੀ ਨਿੰਦ-ਵਿਚਾਰ ਤੋਂ ਰਹਿਤ ਹੋ ਕੇ ਪਰੋਸੇ-ਪਰੋਸ ਰਹੇ ਹੁੰਦੇ ਹਨ।

ਇਸ ਤਰ੍ਹਾਂ ਹੀ ਸਮਾਜ ਵਿਚ ਸਾਡੀ ਨਿਰੋਲ ਕੁਦਰਤੀ ਖੁਰਾਕ ਦੀ ਬਜਾਏ ਹੁਣ ਜੀਭ ਦੇ ਸੁਆਦ ਲਈ ਚਟਪਟੇ ਤੇ ਅਟਪਟੇ ਵਿਅੰਜਣਾਂ ਦਾ ਬੋਲਬਾਲਾ ਹੋ ਰਿਹਾ ਹੈ। ਇਸ ਲਈ ਅਸੀਂ ਸਾਰਾ ਦਿਨ ਚਾਹ ਪੀ ਕੇ ਤੇ ਚਟਪੰਟੇ ਪੀਜ਼ਾ-ਬਰਗਰ ਖਾ ਕੇ ਫਿਰ ਡਾਕਟਰ ਕੋਲ ਅਸੀਂ ਐਸਡਿਟੀ ਦੀ ਤਕਲੀਫ਼ ਦੱਸਣ ਜਾਂਦੇ ਹਾਂ। ਸਾਡੇ ਅੱਜ ਦੇ ਸਾਰੇ ਰਹਿਣ-ਸਹਿਣ, ਖਾਣ-ਪੀਣ ਤੇ ਪਹਿਨਣ ਦਾ ਕੁੱਲ ਮਿਲਾ ਕੇ ਬਿਨਾਂ ਬਹਿਸ ਕੀਤੇ ਕੋਈ ਨਤੀਜਾ ਦੇਖਣਾ ਹੋਵੇ ਤਾਂ ਉਹ ਇਹ ਹੈ ਕਿ ਤਕਰੀਬਨ ਹਰ ਬੰਦਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਦੇ ਮਰਜ਼ ਦਾ ਸ਼ਿਕਾਰ ਹੈ। ਸਾਥੋਂ ਇਕ ਪੀੜ੍ਹੀ ਪਹਿਲਾਂ ਵਾਲੀ ਪੀੜ੍ਹੀ ਦਾ ਤਾਂ ਬਲੱਡ ਪ੍ਰੈਸ਼ਰ ਤੱਕ ਹੀ ਖਹਿੜਾ ਛੁਟ ਗਿਆ ਸੀ। ਪਰ ਹੁਣ ਵਾਲੀ ਸਾਡੀ ਤੇ ਸਾਡੇ ਬੱਚਿਆਂ ਦੀ ਅਗਲੀ ਪੀੜ੍ਹੀ ਨੂੰ ਬਲੱਡ ਪ੍ਰੈਸ਼ਰ ਤੋਂ ਵੀ ਅੱਗੇ ਹਾਈਪਰਟੈਂਸ਼ਨ ਦਾ ਰੋਗ ਹੈ। ਬੱਸ ਅੱਜ ਸਮਾਜ ਦੀ ਅਖੌਤੀ ਸਿਹਤਮੰਦੀ ਦੇ ਨਾਮ 'ਤੇ ਬਲੱਡ ਪ੍ਰੈਸ਼ਰ ਤੇ ਹਾਈਪਰਟੈਨਸ਼ਨ ਹੀ ਸਾਡੀ ਕੌਮ ਤੇ ਸਮਾਜ ਦਾ ਸਾਂਝਾ ਵਿਰਾਸਤੀ ਸਰਮਾਇਆ ਹੈ।

ਅੱਗੇ ਡਾਕਟਰ ਐਸਡਿਟੀ, ਬਲੱਡ ਪ੍ਰੈਸ਼ਰ ਤੇ ਹਾਈਪਰਟੈਂਸ਼ਨ ਵਰਗੀਆਂ ਅਲਾਮਤਾਂ ਨੂੰ ਘਟਾਉਣ ਲਈ ਦਵਾਈਆਂ ਦਾ ਫੱਕਾ ਮਾਰਨ ਲਈ ਕਹਿ ਦਿੰਦਾ ਹੈ। ਅਸੀਂ ਹੱਟਦੇ ਫੇਰ ਵੀ ਨਹੀਂ। ਬੱਸ ਰਾਤ ਨੂੰ ਫਿਰ ਦਾਰੂ ਤੇ ਦਾਰੂ ਨਾਲ ਸਨੈਕਸ ਦੇ ਨਾਂਅ 'ਤੇ ਪਤਾ ਨਹੀਂ ਕੀ ਅੱਲਮ-ਗੱਲਮ ਛੱਕ-ਛਕਾ ਲੈਂਦੇ ਹਾਂ। ਖਾਣ ਨੂੰ ਤਾਂ ਹਰੇ ਸੱਲਾਦ ਵਰਗੀ



*Original with;*
Kulbir Singh Sidhu(I.A.S)
*Digitized by;*
Panjab Digital Library

ਹੋਰ ਕੋਈ ਵਧੀਆ ਚੀਜ਼ ਨਹੀਂ ਹੈ। ਪਰ ਅੱਜ-ਕੱਲ੍ਹ ਅਮੀਰ ਤਹਿਜ਼ੀਬ ਅਨੁਸਾਰ ਸੱਲਾਦ ਤੇ ਸਾਗ-ਸਬਜ਼ੀਆਂ ਨੂੰ ਤਾਂ ਪਸ਼ੂਆਂ ਦਾ ਚਾਰਾ-ਪੱਠਾ ਹੀ ਸਮਝਿਆ ਜਾਂਦਾ ਹੈ। ਦਾਰੂ ਦੀ ਐਸਡਿਟੀ ਘਟਾਉਣ ਲਈ ਉੱਤਮ ਖੁਰਾਕ ਦਹੀਂ-ਲੱਸੀ ਦੀ ਥਾਂ 'ਤੇ ਕੋਈ ਹੋਰ ਐਲੋਪੈਥੀ ਦੀ ਦਵਾਈ ਕਰਕੇ ਅਸੀਂ ਸਮਝਦੇ ਹਾਂ ਕਿ ਸਾਡੇ ਵਰਗਾ ਤਾਂ ਕੋਈ ਹੋਰ ਵੈਦ ਧਰਤੀ 'ਤੇ ਜੰਮਿਆ ਹੀ ਨਹੀਂ ਹੈ। ਕਿੱਸਾ ਮੁਕਤਸਰ; ਐਸੀਡਿਟੀ ਘਟਾਉਂਦੇ-ਘਟਾਉਂਦੇ ਅੰਦਰ ਦੀ ਜਲਣ ਦੂਣੀ-ਚੌਣੀ ਹੋ ਜਾਂਦੀ ਹੈ।

ਸਾਡੇ ਆਮ ਸੁਭਾਅ ਬਾਰੇ 'ਔਰੋਂ ਕੋ ਨਸੀਅਤ ਖੁਦ ਮੀਆਂ ਫਸੀਅਤ' ਮਸ਼ਹੂਰ ਹੈ। ਇਸ ਅਨੁਸਾਰ ਅਸੀਂ ਸਾਰੀ ਉਮਰ ਮਣਾਂ-ਮੂੰਹੀ ਦਾਰੂ ਡਕਾਰ ਕੇ ਨਿਆਣਿਆਂ ਨੂੰ ਰੋਕਦੇ-ਟੋਕਦੇ ਹਾਂ ਕਿ 'ਬਈ ਦਾਰੂ ਨਾ ਪੀਓ ਇਹ ਚੰਗੀ ਨਹੀਂ ਹੁੰਦੀ'। ਪਰ ਅੱਜ-ਕੱਲ੍ਹ ਦੇ ਨਿਆਣੇ ਵੀ ਤਾਂ ਸਿਆਣੇ ਹਨ। ਉਹ ਜਾਣਦੇ ਹਨ ਕਿ ਬਾਪੂ ਵਾਗੂੰ ਆਪ ਹੀ ਲੰਡੂ ਜਿਹਾ ਪੈੱਗ ਲਾਉਣ ਨਾਲ ਹੀ ਪਤਾ ਲੱਗੂ ਕਿ ਸਾਡਾ ਬਾਪੂ ਸਾਰੀ ਉਮਰ ਸ਼ਰਾਬ ਪੀਣ ਦਾ ਕੀ ਸੁਆਦ ਤੇ ਨਜ਼ਾਰਾ ਲੈਂਦਾ ਰਿਹਾ ਹੈ।

ਖ਼ੈਰ! ਫਿਰ **ਗਾਲਿਬ** ਸੱਚਾ ਹੋ ਜਾਂਦਾ ਹੈ ਕਿ 'ਛੂਟਤੀ ਨਹੀਂ ਹੈ ਕਾਫਿਰ ਮੂੰਹ ਸੇ ਏਕ ਬਾਰ ਲਗੀ ਹੁਈ।' ਸਾਡੇ ਬੱਚੇ ਲੰਡੂ ਜਿਹੇ ਪੈੱਗ ਤੋਂ ਸ਼ੁਰੂ ਕਰਕੇ ਪਊਏ-ਅੱਧੀਏ ਦਾ ਇਕੋ ਹਾੜਾ; ਚੱਕ ਲੈ ਬਈ ਚੱਕ ਲੈ ਕਹਿ ਕੇ ਇਕੋ ਵਾਰੀ ਡੀਕ ਜਾਂਦੇ ਹਨ। ਇਸ ਤਰ੍ਹਾਂ ਸਾਰੇ ਪਾਸੇ ਚੱਕ ਲਓ, ਬਈ ਚੱਕ ਲਓ ਹੁੰਦੀ ਸੁਣੀ ਜਾਂਦੀ ਹੈ। ਫਿਰ ਇਉਂ ਦਾਰੂ ਤੋਂ ਹੋਰ ਵੰਨ-ਸਵੰਨੇ ਨਸ਼ਿਆਂ ਦੇ ਫੱਟੇ ਚੱਕਦੇ-ਚੱਕਦੇ ਸ਼ਤੀਰਾਂ-ਕੜ੍ਹੀਆਂ ਵਰਗੇ ਜਵਾਨ ਇਕ ਦਿਨ ਚੌਹ ਬੰਦਿਆਂ ਦੇ ਕਾਨ੍ਹੀ ਆਪ ਫੱਟੇ 'ਤੇ ਚੜ੍ਹੇ ਮੜ੍ਹੀ-ਮਸਾਣਾਂ ਨੂੰ ਤੁਰੇ ਜਾਂਦੇ ਹਨ। ਵਾਹ ਬਈ ਵਾਹ! ਨਵ ਯੁੱਗ ਦੀ ਨਵੀਂ ਤਹਿਜ਼ੀਬ ਤੇ ਨਵੀਂ ਤਬਦੀਲੀ ਦੇ ਨਵ-ਰੰਗਾਂ ਦੀ ਬਾਗੋ-ਬਹਾਰ ਦੇ ਖ਼ੂਬ ਕਯਾ ਖ਼ੂਬ ਨਜ਼ਾਰੇ ਹਨ। ਫੇਰ ਬੁੜੇ ਦੁਹੱਥੜ ਮਾਰਦੇ ਪਿੱਟਦੇ ਹਨ ਕਿ ਪੁੱਤ ਜਾਣ ਦੀ ਵਾਰੀ ਤਾਂ ਸਾਡੀ ਸੀ, ਤੂੰ ਕਾਹਤੋਂ ਛੋਟੀ ਉਮਰੇ ਹੀ ਕਾਹਲੀ ਕਰ ਗਿਆ?

ਪੱਛਮੀ ਸਭਿਅਤਾ ਦਾ ਪੰਜਾਬੀ ਸਭਿਆਚਾਰ 'ਤੇ ਇੰਨਾ ਗਲਬਾ ਪੈ ਚੁੱਕਾ ਹੈ ਕਿ ਹੁਣ ਪੰਜਾਬੀ ਗੀਤ-ਸੰਗੀਤ ਵੀ ਅੰਗਰੇਜ਼ੀ ਸੰਗੀਤ ਹੀ ਬਣ ਕੇ ਰਹਿ ਗਿਆ ਹੈ। ਹੁਣ ਇਹ ਸਥਿਤੀ 'ਨਯਾ ਦੌਰ' ਫਿਲਮ ਦੇ ਇਕ ਗਾਣੇ ਵਰਗੀ ਬਣ ਗਈ ਹੈ; ਜਿਸ ਦੇ ਬੋਲ ਸਨ 'ਮੈਂ ਬੰਬਈ ਕਾ ਬਾਬੂ, ਨਾਮ ਮੇਰਾ ਮਸਤਾਨਾ ਇੰਗਲਿਸ਼ ਧੁੰਨ ਮੇਂ ਗਾਊਂ ਮੈਂ ਹਿੰਦੋਸਤਾਨੀ ਗਾਨਾ।' ਸੋ ਬਿਲਕੁਲ ਇਸ ਤਰ੍ਹਾਂ ਨਵੇਂ ਦੌਰ ਵਿਚ ਸਾਡੇ ਪੰਜਾਬੀ ਸਭਿਆਚਾਰ ਦਾ ਪੁਰਾਣਾ ਗੀਤ-ਸੰਗੀਤ ਪੱਛਮੀ ਕਲਚਰ ਦੀ ਗ੍ਰਿਫ਼ਤ ਵਿਚ ਆ ਚੁੱਕਾ ਹੈ। ਸਾਡੇ ਗੀਤਕਾਰ ਤੇ ਗਾਇਕ ਵੀ ਪੱਛਮ ਦੇ ਨਵੇਂ ਪੌਪ ਸਭਿਆਚਾਰ ਤੋਂ ਬੇਅੰਤ ਪ੍ਰਭਾਵਿਤ ਹਨ ਅਤੇ ਇਹ ਸਭ ਕੁਝ ਅੱਜ ਟੀ.ਵੀ. ਚੈਨਲਾਂ 'ਤੇ ਸਾਮਰਤੱਖ ਹਾਵੀ ਹੈ।

ਸਕੂਲਾਂ ਤੇ ਕਾਲਜਾਂ ਦੀ ਪੜ੍ਹਾਈ ਦੇ ਸਮੇਂ ਡਿਸਕੋ ਦੇ ਨਾਂਅ 'ਤੇ ਨੱਚਣ-ਗਾਉਣ ਤੇ ਰਾਗ-ਰੰਗ ਮਨਾਉਣ ਦੇ ਢੰਗ-ਵੰਗ ਸਾਡੀ ਕੋ-ਐਜੂਕੇਸ਼ਨਲ ਪ੍ਰਣਾਲੀ ਦੀ ਪੌੜੀ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਬਸ ਮਾੜੇ ਡੰਡੇ ਹੀ ਹਨ। ਹੁਣ ਇਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਜ਼ਮਾਨਾ ਗਤੀਸ਼ੀਲ ਹੈ ਤੇ ਸਾਡਾ ਸਮਾਜ ਪ੍ਰਗਤੀਸ਼ੀਲ ਹੈ, ਇਸ ਲਈ ਸਕੂਲਾਂ-ਕਾਲਜਾਂ ਤੋਂ ਹੀ ਨੌਜਵਾਨ ਮੁੰਡਿਆਂ ਤੇ ਖਾਸ ਕਰਕੇ ਕੁੜੀਆਂ ਨੂੰ ਅਜ਼ਾਦੀ ਤੇ ਬਰਾਬਰੀ ਮਿਲਣੀ ਚਾਹੀਦੀ ਹੈ।

ਬਹਿਰਹਾਲ! ਹੁਣ ਨਵੀਂ ਤਹਿਜ਼ੀਬ ਅਤੇ ਸਮਾਜਿਕ ਖੁਲ੍ਹ ਦੇ ਨਾਂ 'ਤੇ ਡਿਸਕੋ ਵਿਚ ਨੱਚਣਾ-ਟੱਪਣਾ, ਨਸ਼ੇ-ਪੱਤੇ ਕਰਨਾ ਤੇ ਜੰਕ ਫ਼ੂਡ ਦੇ ਚਾਟ-ਪੱਤੇ ਚੱਟਣ ਦੀ ਬਾਣ ਬਹੁਤ ਹੀ ਵਧ ਰਹੀ ਹੈ। ਸਗੋਂ ਲਿਵਿੰਗ ਰਿਲੇਸ਼ਨਸ਼ਿਪ ਨਾਮ ਦੀ ਬਿਮਾਰੀ ਭਾਵ ਵਿਆਹ ਤੋਂ ਪਹਿਲਾਂ ਸ਼ਾਦੀ ਵਰਗੀ ਮੌਜ-ਮਸਤੀ ਕਰ ਲੈਣੀ ਸਮਾਜਿਕ ਪ੍ਰਗਤੀ ਦੀ ਨਿਸ਼ਾਨੀ ਸਮਝੀ ਜਾ ਰਹੀ ਹੈ। ਖੈਰ! ਪ੍ਰੇਸ਼ਾਨੀ ਉਦੋਂ ਹੁੰਦੀ ਹੈ ਕਿ ਜਦੋਂ ਇਕ ਦਿਨ ਗਰਭਪਾਤ ਦੀ ਲੋੜ ਪੈ ਜਾਂਦੀ ਹੈ। ਫੇਰ ਸੋਚਣ ਦੀ ਗੱਲ ਹੈ ਕਿ ਉਸ ਸਮੇਂ ਅਸੀਂ ਆਪਣੇ ਨੌਜਵਾਨਾਂ ਦੀ ਇਸ ਬੱਜਰ ਨੈਤਿਕ ਗਲਤੀ ਨੂੰ ਕਿਉਂ ਨਹੀਂ ਨਿਆਣਪੁਣੇ ਦੀ ਭੁੱਲ ਕਹਿ ਕੇ ਦਰਗੁਜ਼ਰ ਕਰ ਦਿੰਦੇ। ਉਦੋਂ ਫਿਰ ਅਸੀਂ ਆਪਣੇ ਧੀ-ਪੁੱਤਾਂ ਨੂੰ ਕਿਉਂ ਨਹੀਂ ਕਹਿੰਦੇ ਕਿ ਸ਼ਾਬਾਸ਼ ਸ਼ੇਰੋ! ਇਹ ਜ਼ਿੰਦਗੀ ਤੁਹਾਡੀ ਹੈ, ਤੁਸੀਂ ਬਸ ਕਿੱਲੀ ਦੱਬੀ ਚੱਲੋ ਫਿਰ ਦੇਖੀ ਜਾਊ ਜੋ ਦੁਨੀਆਂ ਨਾਲ ਹੋਊ। ਪਰ ਇਸ ਪ੍ਰਸੰਗ ਵਿਚ ਇਥੇ ਸਿਰਫ਼ ਇਹ ਹੀ ਸਮਝਣ ਦੀ ਲੋੜ ਹੈ ਕਿ ਜਦੋਂ ਵੀ ਸਮਾਜ ਵਿਚ ਇਸ ਤਰ੍ਹਾਂ ਦਾ ਕੋਈ ਵੱਡਾ ਅਸੰਤੁਲਨ ਪੈਦਾ ਹੁੰਦਾ ਹੈ ਤਾਂ ਸਾਡਾ ਸਮਾਜਿਕ ਜੀਵਨ ਭਰੇ ਗੱਡੇ ਵਾਂਗੂੰ ਉਲਾਰ ਹੋ ਕੇ ਖਿੰਡ-ਪੁੰਡ ਜਾਂਦਾ ਹੈ। ਨਿਰਸੰਦੇਹ ਹੁਣ ਸਾਡੀ ਵੀ ਬਿਲਕੁਲ ਇਹ ਹੀ ਸਥਿਤੀ ਬਣੀ ਹੋਈ ਹੈ।

ਬੇਸ਼ੱਕ ਇਹ ਮਨ ਲੱਗਦੀ ਗੱਲ ਹੈ ਕਿ ਅਸੀਂ ਜ਼ਮਾਨੇ ਦੇ ਨਾਲ ਬਦਲੀਏ, ਪਰ ਹਰ ਗੱਲ ਦੀ ਇਕ ਮਰਿਆਦਾ ਤੇ ਇਕ ਸੀਮਾ ਹੁੰਦੀ ਹੈ। ਇਸ ਵਾਸਤੇ ਭਾਈ; ਨਵੀਂ ਤਹਿਜ਼ੀਬ ਤੇ ਨਵੀਂ ਤਬਦੀਲੀ ਤਾਂ ਸਿਰ ਮੱਥੇ ਕਬੂਲ ਹੈ, ਪਰ ਇਸ ਸੰਦਰਭ ਵਿਚ ਮਨੁੱਖੀ ਸੋਚ ਤੇ ਸਮਝ ਨੇ ਮੁੱਢ ਕਦੀਮ ਤੋਂ ਹੁਣ ਤਕ ਇਹ ਹੀ ਸਿੱਟਾ ਕੱਢਿਆ ਹੈ ਕਿ ਅਤਿ ਨਾ ਭਲਾ ਮੇਘਲਾ, ਅਤਿ ਨਾ ਭਲੀ ਧੁੱਪ, ਭਾਵ ਸਿਆਣਿਆਂ ਨੇ ਇਹ ਵੀ ਕਿਹਾ ਹੈ ਕਿ ਅਤਿ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਇਸ ਲਈ ਕਿਸੇ ਕਿਸਮ ਦਾ ਵੀ ਅੱਤਵਾਦ ਕਦੇ ਵੀ ਤੇ ਕਿਸੇ ਵੀ ਹਾਲਤ ਵਿਚ ਠੀਕ ਨਹੀਂ ਹੈ। ਸੋ! ਮਹਾਤਮਾ ਬੁੱਧ ਨੇ ਸਦੀਆਂ ਪਹਿਲਾਂ 'ਅਸ਼ਟਾਂਗ ਮਾਰਗ' ਦਾ ਉਪਦੇਸ਼ ਦਿੱਤਾ ਸੀ ਕਿ ਜੀਵਨ ਵਿਚ ਮੱਧ ਮਾਰਗ ਵਜੋਂ ਸਹਿਜਤਾ ਤੇ ਸਰਲਤਾ ਹੀ ਮਨੁੱਖਤਾ ਲਈ ਲਾਹੇਵੰਦ ਹੁੰਦੀ ਹੈ। ਇਸ ਪ੍ਰਥਾਇ ਨਾਨਕ ਗੁਰਬਾਣੀ ਦਾ ਉਪਦੇਸ਼ "ਅੰਜਨ ਮਾਹਿ ਨਿਰੰਜਨਿ ਰਹੀਐ" ਦੇ ਧਾਰਨੀ ਬਣਨ ਵਿਚ ਹੀ ਮਨੁੱਖੀ ਸਮਾਜ ਦਾ ਕਲਿਆਣ ਹੈ। ਬਾਕੀ ਸਭ ਕੁੱਝ ਗੈਰ ਜ਼ਰੂਰੀ ਵਾਧੂ ਬਹਿਸ ਤਾਂ ਜਬਾੜਿਆਂ ਦੇ ਵਾਧੂ ਭੇੜ ਤੋਂ ਵੱਧ ਕੁੱਝ ਵੀ ਨਹੀਂ ਹੈ।

ਬਹਿਰਹਾਲ, ਕਹਿੰਦੇ ਹਨ ਕਿ ਬੱਸ ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਸੋ ਅਸੀਂ ਫਿਰ ਕੁਦਰਤ ਦੇ ਕੁਦਰਤੀ ਢੰਗ ਤਰੀਕਿਆਂ ਨੂੰ ਮੁੜ ਅਪਣਾਵਾਂਗੇ ਤਾਂ ਸਹੀ; ਪਰ ਜਦੋਂ ਸਾਨੂੰ ਪੱਛਮ ਵਾਲੇ ਦੱਸਣਗੇ। ਕੀ ਸਾਡੇ ਲਈ ਇਹ ਸ਼ਰਮਨਾਕ ਗੱਲ ਨਹੀਂ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਪੱਛਮ ਵਾਲੇ ਤਾਂ ਹੁਣ ਆਪ ਸਾਡੀ ਪੂਰਬੀ ਸਭਿਅਤਾ ਦੀ ਜੀਵਨ ਸ਼ੈਲੀ 'ਚੋਂ ਅਮਨ, ਚੈਨ ਤੇ ਸਕੂਨ ਲੱਭਦੇ ਫਿਰਦੇ ਹਨ। ਪਰ ਅਸੀਂ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਤੋਂ ਅਣਜਾਣ ਤੇ ਬੇਖ਼ਬਰ ਆਪ ਵੀ ਅਣਿਆਈ ਸਭਿਆਚਾਰਕ ਮੌਤ ਮਰ ਰਹੇ ਹਾਂ ਅਤੇ ਫਿਰ ਅੱਗੇ ਆਪਣੇ ਬੱਚਿਆਂ ਨੂੰ ਵੀ ਭ੍ਰਿਸ਼ਟਾਚਾਰੀ ਤੇ ਅਸਭਿਅਕ ਮਾਹੌਲ ਵਿਚ ਬਲਦੀ ਦੇ ਬੁੱਥੇ ਦੇ ਰਹੇ ਹਾਂ।

ਮੁੱਕਦੀ ਗੱਲ! ਅਸੀਂ ਹੁਣ ਇਹ ਸਮਝ ਲਈਏ ਕਿ ਸਭਿਆਚਾਰ ਦੇ ਨਾਂ 'ਤੇ ਅੱਜ ਜੋ ਕੁਝ ਵੀ ਮਾੜਾ-ਚੰਗਾ ਹੋ ਰਿਹਾ ਹੈ, ਉਹ ਸਾਰੀ ਸੂਰਤੇ-ਹਾਲ 'ਜਿਹੜੇ ਰੋਗੋਂ ਬੱਕਰੀ ਮੋਈ ਉਹੀ ਰੋਗ ਪਠੋਰੇ ਨੂੰ' ਅਨੁਸਾਰ ਬਸ ਸਾਡੀ ਪਰੌੜ੍ਹ-ਪੀੜ੍ਹੀ ਦੇ ਕਾਰਨ ਹੀ ਬਣੀ ਹੋਈ ਹੈ।

ਕਾਦਰ ਦੀ ਕੁਦਰਤ ਦੇ ਕੁਦਰਤੀ ਨੇਮਾਂ ਅਨੁਸਾਰ ਸਮਾਜ ਵਿਚ ਸਮੇਂ ਦੇ ਨਾਲ-ਨਾਲ ਬਹੁਤ ਕੁਝ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਹੀ ਨੈਤਿਕ ਤੇ ਸਮਾਜਿਕ ਤਬਦੀਲੀਆਂ ਦੇ ਸਿੱਟੇ ਵਜੋਂ ਕਿਸੇ ਵੀ ਸਮਾਜ ਦਾ ਸਭਿਆਚਾਰ ਵੀ ਬਦਲਦਾ ਰਹਿੰਦਾ ਹੈ, ਪਰ ਜੋ ਨਹੀਂ ਬਦਲਣਾ ਚਾਹੀਦਾ, ਉਹ ਕਿਸੇ ਵੀ ਸਮਾਜ ਦੇ ਮੂਲ ਅਧਾਰ ਵਜੋਂ ਉਸ ਦੀਆਂ ਨੇਕ ਕਦਰਾਂ-ਕੀਮਤਾਂ ਹਨ। ਇਉਂ ਹੀ ਸਾਡੇ ਜੀਵਨ ਦਾ ਨੈਤਿਕ ਤੇ ਸਦਾਚਾਰਕ ਮੂਲ ਅਧਾਰ ਵੀ ਕਾਇਮ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਮਨੁੱਖੀ ਜੀਵਨ ਦੇ ਆਦਰਸ਼ ਤੇ ਮੂਲ ਸਿਧਾਂਤ ਵੀ ਨਹੀਂ ਬਦਲਣੇ ਚਾਹੀਦੇ।

ਫਿਰ ਖਾਸ ਕਰਕੇ ਸਾਡੀ ਪ੍ਰਾਚੀਨ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ ਦੀਆਂ ਆਦਰਸ਼ ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਤਾਂ ਕਦਾਚਿਤ ਵੀ ਨਹੀਂ ਬਦਲਣੀਆਂ ਚਾਹੀਦੀਆਂ। ਸਗੋਂ ਸਮਾਜ ਦੀ ਜੀਵਨਸ਼ੈਲੀ ਦੇ ਮੂਲ ਆਧਾਰ ਵਜੋਂ ਸਦਾਚਾਰ ਤੇ ਨੈਤਿਕਤਾ ਦਾ ਅੰਸ਼ ਤਾਂ ਲੋਕਾਂ ਦੀ ਸੋਚਣੀ ਤੇ ਕਾਰਵਿਹਾਰ ਵਿਚ ਹਮੇਸ਼ਾਂ ਹੀ ਦ੍ਰਿਸ਼ਟਮਾਨ ਹੋਣਾ ਚਾਹੀਦਾ ਹੈ।

ਖ਼ੈਰ! ਰੱਬ ਲੱਗਦੀ ਗੱਲ ਤਾਂ ਇਹ ਹੈ ਕਿ ਸਾਡੀ ਸਭਿਅਤਾ ਦੀਆਂ ਵਧੀਆ ਪ੍ਰੰਪਰਾਵਾਂ, ਸਾਡੇ ਪੁਰਖਿਆਂ ਦੇ ਮਹਾਨ ਫ਼ਲਸਫ਼ੇ, ਸਮਾਜ ਦੀਆਂ ਆਦਰਸ਼ ਰਵਾਇਤਾਂ ਤੇ ਸਦਾਚਾਰਕ ਕਦਰਾਂ-ਕੀਮਤਾਂ ਹਰ ਹਾਲਤ ਕਾਇਮ-ਦਾਇਮ ਰਹਿਣੀਆਂ ਚਾਹੀਦੀਆਂ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

# ਮਾਂ ਦੀਏ ਰਾਮ ਰੱਖੀਏ, ਨੀਅਤ ਨਾ ਮਾੜੀ ਰੱਖੀਏ

ਪੰਜਾਬੀ ਦਾ ਪ੍ਰਸਿੱਧ ਲੋਕ ਅਖਾਣ ਨੀਅਤਾਂ ਨੂੰ ਫਲੀਆਂ ਹੈ, ਇਸ ਦਾ ਭਾਵ ਇਹ ਹੈ ਕਿ ਨੀਅਤਾਂ ਨੂੰ ਮੁਰਾਦਾਂ ਮਿਲਦੀਆਂ ਹਨ। ਇਉਂ ਕਹਿ ਲਉ ਕਿ ਰੱਬ ਬੰਦਿਆਂ ਦੀਆਂ ਨੇਕ ਭਾਵਨਾਵਾਂ ਅਨੁਸਾਰ ਉਨ੍ਹਾਂ ਦੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਮੰਨਣ ਯੋਗ ਹੈ ਕਿ ਨੀਅਤਾਂ ਨੂੰ ਮੁਰਾਦਾਂ ਵਾਲੀ ਲੋਕ ਸਿਆਣਪ ਐਵੇਂ ਹੀ ਨਹੀਂ ਬਣੀ, ਸਗੋਂ ਇਹ ਸਾਡੇ ਪੁਰਖਿਆਂ ਦੇ ਸਦੀਆਂ ਤੋਂ ਚਲੇ ਆ ਰਹੇ ਸੰਸਕਾਰਾਂ 'ਤੇ ਅਧਾਰਿਤ ਸਭਿਆਚਾਰ ਦੀ ਉਪਜ ਹੈ। ਅਧਿਆਤਮ ਸੰਸਾਰ ਦੀ ਇਹ ਖਰੀ-ਪੱਕੀ ਤੇ ਅਜ਼ਮਾਈ ਹੋਈ ਸੱਚਾਈ ਹੈ ਕਿ ਰੱਬ ਵੀ ਸੰਤੁਸ਼ਟ ਅਤੇ ਸ਼ੁਕਰਗੁਜ਼ਾਰ ਬੰਦਿਆਂ 'ਤੇ ਹੀ ਪ੍ਰਸੰਨ ਹੁੰਦਾ ਹੈ। ਇਸ ਦੇ ਉਲਟ ਲੋਕਾਚਾਰੀ ਦਾ ਮੰਨਣਾਂ ਹੈ ਕਿ ਮਾੜੀ ਨੀਅਤ ਵਾਲੇ ਨਿਕਰਮਣ ਬੰਦਿਆਂ ਨੂੰ ਰੱਬ ਤਾਂ ਦੂਰ ਰਿਹਾ, ਸਗੋਂ ਇਨ੍ਹਾਂ ਨੂੰ ਇਸ ਜਗ ਵਿਚ ਚੰਗੇ ਸੱਜਣ-ਸਾਥੀ ਵੀ ਨਸੀਬ ਨਹੀਂ ਹੁੰਦੇ। ਹੋਰ ਤਾਂ ਹੋਰ ਅਜਿਹੇ ਮਾੜੇ ਬੰਦਿਆਂ ਨੂੰ ਤਾਂ ਰੋਹੀ ਦੇ ਰੁੱਖ ਤੇ ਗਿੱਦੜ-ਕੁੱਤੇ ਵੀ ਨਹੀਂ ਸਿਆਣਦੇ।

ਗੁਰਬਾਣੀ ਵਿਚ ਇਸ ਸੰਸਕਾਰਿਕ ਸੱਚਾਈ ਦੀ ਪ੍ਰੋੜ੍ਹਤਾ ਇਉਂ ਕੀਤੀ ਗਈ ਹੈ ਕਿ "ਮਿਲਦਿਆ ਢਿਲ ਨਾ ਹੋਵਈ ਜੇ ਨੀਅਤਿ ਰਾਸਿ ਕਰੇ"।। ਇਥੇ ਨੀਅਤ ਸ਼ਬਦ ਦਾ ਮਤਲਬ ਸਾਫ਼ ਮਨ, ਸਾਫ਼ ਫ਼ੁਰਨਾ ਤੇ ਨੇਕ ਸੰਕਲਪ ਹੈ। ਸਪਸ਼ਟ ਹੈ ਕਿ ਭੁੱਖੀ ਨੀਅਤ ਵਾਲਾ ਆਦਮੀ ਅਤ੍ਰਿਪਤ ਤੇ ਅਕ੍ਰਿਤਘਣ ਹੁੰਦਾ ਹੈ। ਇਸ ਦੇ ਵਿਪਰੀਤ ਰੱਜੀ ਨੀਅਤ ਵਾਲਾ ਬੰਦਾ ਤ੍ਰਿਪਤ ਤੇ ਕ੍ਰਿਤਗਤਾ ਭਾਵ ਵਾਲਾ ਹੁੰਦਾ ਹੈ। ਕਹਿੰਦੇ ਹਨ ਕਿ ਭੁੱਖੇ ਦਾ ਤਾਂ ਰੋਟੀਆਂ ਨਾਲ ਰੱਜ ਹੋ ਜਾਂਦਾ ਹੈ, ਪਰ ਅਮੀਰ ਬੰਦਿਆਂ ਦੀ ਪੈਸੇ ਜੋੜਨ ਦੀ 'ਤਮ੍ਹਾਂ' ਨਹੀਂ ਭਰਦੀ ਭਾਵ ਉਸ ਦੀ ਧਨ ਪਦਾਰਥ ਇਕੱਠਾ ਕਰਨ ਦੀ ਲਾਲਸੀ ਤੇ ਲਾਲਚੀ ਨੀਅਤ ਸਦਾ ਹੀ ਅਤ੍ਰਿਪਤ ਰਹਿੰਦੀ ਹੈ। ਇਸ ਪ੍ਰਥਾਇ ਇਕ ਜਗਤ ਪ੍ਰਸਿੱਧ ਕਹਾਵਤ ਹੈ ਕਿ ਊਠ ਤਾਂ ਸੂਈ ਦੇ ਨੱਕੇ ਵਿਚੋਂ ਦੀ ਲੰਘ ਸਕਦਾ ਹੈ; ਪਰ ਲੋਭੀ ਦੇ ਕੰਜੂਸ ਬੰਦਾ ਲੋਭ-ਲਾਲਚ ਨਹੀਂ ਛੱਡ ਸਕਦਾ। ਸੋ ਇਉਂ ਕਿਸੇ ਵੀ ਬੰਦੇ ਦੀ 'ਨੀਅਤ' ਉਸ ਦੀ ਮਾਨਸਿਕਤਾ ਤੇ ਸ਼ਖਸੀਅਤ ਦਾ ਮਾਪ ਦੰਡ ਹੁੰਦੀ ਹੈ।

ਇਸ ਸੰਦਰਭ ਵਿਚ ਬਾਬਾ ਵਾਰਿਸ ਸ਼ਾਹ ਆਪਣੇ ਕਿੱਸੇ ਹੀਰ ਵਿਚ ਜੋਗੀ ਹੋਏ ਰਾਂਝੇ ਤੇ ਹੀਰ ਦੀ ਨਨਾਣ ਸਹਿਤੀ ਦੇ ਆਪਸੀ ਸੰਵਾਦ ਦੌਰਾਨ ਰਾਂਝੇ ਦੇ ਮੂੰਹੋਂ ਸਹਿਤੀ ਨੂੰ ਭਲੇ ਕਾਰਜ ਵਿਚ ਸਹਾਈ ਹੋਣ ਵਾਸਤੇ ਅਸ਼ੀਰਵਾਦ ਦਿਵਾਉਂਦਾ ਹੈ ਕਿ 'ਸਹਿਤੀਏ ਮੁਰਾਦ ਪਾਏਂਗੀ'। ਇਸ ਪ੍ਰਥਾਇ ਵਾਰਿਸ ਸ਼ਾਹ ਦਾ ਸੁਖ਼ਨ ਹੈ: "ਜਿਹੜਾ



Original with;
Kulbir Singh Sidhu(I.A.S)
Digitized by;
Panjab Digital Library

ਰੱਬ ਦੇ ਨਾਂ ਤੇ ਭਲਾ ਕਰਸੀ, ਅੱਗੇ ਮਿਲਣਗੀਆਂ ਉਸ ਭਲਿਆਈਆਂ ਨੀ। ਅੱਗੇ ਤਿਨ੍ਹਾਂ ਦਾ ਹਾਲ ਜ਼ਬੂੰਨ ਹੋਸੀ, ਵਾਰਿਸ ਸ਼ਾਹ ਜੋ ਕਰਨ ਬੁਰਿਆਈਆਂ ਨੀ।

ਖ਼ੈਰ! ਜਗ ਜਾਣਦਾ ਹੈ ਕਿ ਕਿਸੇ ਵੀ ਵਿਅਕਤੀ ਦੇ ਕਿਰਦਾਰ ਤੇ ਕਾਰ-ਵਿਹਾਰ ਨੂੰ ਨਿਰਧਾਰਤ ਕਰਨ ਵਿਚ ਉਸ ਦੀ ਨੀਅਤ ਦਾ ਬੜਾ ਵੱਡਾ ਰੋਲ ਹੁੰਦਾ ਹੈ। ਬੰਦੇ ਦੀ ਨੀਅਤ ਉਸ ਦੀ ਮਾਨਸਿਕਤਾ, ਉਸ ਦੇ ਚਾਲ-ਚਲਣ ਤੇ ਉਸ ਦੀ ਜੀਵਨ ਨੀਤੀ ਨੂੰ ਬੜੀ ਵਡੀ ਹੱਦ ਤਕ ਨਿਸ਼ਚਿਤ ਕਰਦੀ ਹੈ।

ਇਸ ਪ੍ਰਸੰਗ ਵਿਚ ਕਿਸੇ ਸਮੇਂ ਸਾਡੇ ਸਮਾਜ ਵਿਚ ਉਚੀਆਂ-ਸੁਚੀਆਂ ਸਮਾਜਿਕ ਕਦਰਾਂ-ਕੀਮਤਾਂ ਦੀ ਪ੍ਰਧਾਨਗੀ ਹੁੰਦੀ ਸੀ। ਉਦੋਂ ਇਕ ਕਹਾਵਤ ਪ੍ਰਸਿੱਧ ਹੁੰਦੀ ਸੀ ਕਿ ਡਿਊਢੀਆਂ ਤੇ ਦਰਵਾਜ਼ਿਆਂ ਤੋਂ ਹੀ ਹਵੇਲੀਆਂ ਦੇ ਰੰਗ-ਭਾਗ ਦਿਸ ਜਾਂਦੇ ਹਨ। ਇਸ ਦਾ ਭਾਵ ਇਹ ਸੀ ਕਿ ਕਿਸੇ ਹਵੇਲੀ ਦੀ ਜਿੰਨੀ ਬੁਲੰਦ ਡਿਊਢੀ ਹੋਵੇਗੀ, ਉਸ ਮਕਾਨ ਦੇ ਵਿਚ ਰਹਿਣ ਵਾਲੇ ਜੀਆਂ ਦੇ ਉਤਨੇ ਹੀ ਚੰਗੇ ਭਾਗ ਹੋਣਗੇ। ਇਸ ਤਰ੍ਹਾਂ ਹੀ ਕਿਹਾ ਜਾਂਦਾ ਸੀ ਕਿ ਪਿੰਡ ਦੇ ਗਹੀਰਿਆਂ ਤੋਂ ਹੀ ਨਗਰ ਦੇ ਭਾਗ ਦਿਸ ਪੈਂਦੇ ਹਨ। ਕਹਿਣ ਨੂੰ ਤਾਂ ਗਹੀਰੇ ਗੋਹੇ ਦੀਆਂ ਪਾਥੀਆਂ ਦੇ ਲਿੱਪੇ-ਪੋਚੇ ਤ੍ਰੈ ਸ਼ੰਕੂ ਜਿਹੇ ਢੇਰ ਹੀ ਹੁੰਦੇ ਹਨ। ਪਰ ਕਿਸੇ ਤਰਤੀਬ ਤੇ ਸੁਹਜ ਨਾਲ ਚਿਣੇ ਗਹੀਰਿਆਂ ਤੋਂ ਪਿੰਡ ਦੀਆਂ ਸੁਆਣੀਆਂ ਦਾ ਮਿਜਾਜ਼ ਤੇ ਰਕਾਣਪੁਣਾ ਪ੍ਰਖਿਆ ਜਾਂਦਾ ਹੈ। ਫੇਰ ਇਸ ਤੋਂ ਅੱਗੇ ਜਿੰਨੇ ਵਧ ਗਹੀਰੇ ਹੋਣਗੇ, ਉਥੇ ਉਨਾ ਹੀ ਜ਼ਿਆਦਾ ਮਾਲ ਡੰਗਰ ਹੋਵੇਗਾ। ਜਿਸ ਦਾ ਸਿੱਧਾ ਮਤਲਬ ਉਸ ਪਿੰਡ ਦੀ ਖੁਸ਼ਹਾਲੀ ਨਾਲ ਜੁੜਿਆ ਹੁੰਦਾ ਹੈ।

ਪਸ਼ੂ ਧਨ ਦੇ ਸਦਕਾ ਕਿਸੇ ਨਗਰ ਵਿਚ ਦੁੱਧ-ਘਿਉ ਤੇ ਲੱਸੀ-ਦਹੀਂ ਦੀ ਖੁਲ੍ਹੀ ਵਰਤੋਂ ਉਥੋਂ ਦੇ ਲੋਕਾਂ ਦੀ ਚੰਗੀ ਸਿਹਤ ਤੇ ਆਰਥਿਕ ਖੁਸ਼ਹਾਲੀ ਦੀ 'ਜਾਮਨ' ਭਾਵ ਗਰੰਟੀ ਹੁੰਦੀ ਹੈ। ਕਿਉਂਕਿ ਇਹ ਹੋ ਹੀ ਨਹੀਂ ਸਕਦਾ ਕਿ ਕਿਸੇ ਵੀ ਨਗਰ ਦੇ ਪਸ਼ੂ ਧਨ ਦੀ ਬਦੌਲਤ ਉਥੋਂ ਦੇ ਬਾਸ਼ਿੰਦੇ ਹੁੰਦੜਹੇਲ, ਸਿਰੜੀ ਤੇ ਮਿਹਨਤੀ ਨਾ ਹੋਣ। ਸਗੋਂ ਮਿਹਨਤੀ ਤੇ ਲੋਕ ਰੱਜੇ-ਪੁੱਜੇ ਵਸਨੀਕਾਂ ਦੀ ਤਾਂ ਵਧੀਆ ਜੀਵਨ ਸ਼ੈਲੀ ਵੀ ਖਾਣ-ਪਾਣ ਤੇ ਰਹਿਣ-ਸਹਿਣ 'ਤੇ ਹੀ ਆਧਾਰਿਤ ਹੁੰਦੀ ਹੈ। ਜ਼ਾਹਿਰ ਹੈ ਕਿ ਵਧੀਆ ਖੁਰਾਕ ਸਦਕਾ ਲੋਕਾਂ ਵਿਚ ਜਿਸਮਾਨੀ ਜਾਨ-ਜੁਰਕਾ ਹੋਵੇਗਾ, ਜੋ ਕਿ ਖਾਸ ਤੌਰ 'ਤੇ ਖੇਤੀਬਾੜੀ ਅਤੇ ਜੀਵਨ ਵਿਚ ਮਿਹਨਤ-ਮੁਸ਼ਕਤ ਕਰਨ ਵਾਸਤੇ ਬੜਾ ਜ਼ਰੂਰੀ ਹੈ। ਪੇਂਡੂ ਲੋਕਾਂ ਦੇ ਸਿਰੜੀ ਤੇ ਮਿਹਨਤੀ ਜੀਵਨ ਦੇ ਨਤੀਜੇ ਵਜੋਂ ਸਮਾਜ ਨੂੰ ਸਿਰਫ਼ ਰੋਟੀ-ਰੋਜ਼ੀ ਹੀ ਨਹੀਂ ਮਿਲਦੀ, ਸਗੋਂ ਪੇਂਡੂ ਜੀਵਨ ਆਰਥਿਕ ਲਹਿਰਾਂ-ਬਹਿਰਾਂ ਦੇ ਤਾਲ ਪੂਰਨ ਵਿਚ ਵੀ ਸਹਾਈ ਹੁੰਦਾ ਰਿਹਾ ਹੈ"।

ਬੇਸ਼ਕ ਵਰਤਮਾਨ ਸਮੇਂ ਵਿਚ ਪੇਂਡੂ ਲੋਕਾਂ ਨੂੰ ਵੀ ਅਰਾਮ ਪ੍ਰਸਤੀ ਦੀ ਰੰਗਣਾ ਚੜ੍ਹ ਗਈ ਹੈ ਤੇ ਮਿਹਨਤ ਦੀ ਘਾਟ ਕਰਕੇ ਪੇਂਡੂ ਸਮਾਜ ਆਰਥਿਕ ਮੰਦਹਾਲੀ ਵਿਚ ਫਸ ਗਿਆ ਹੈ; ਜਿਸ ਕਾਰਨ ਮਾਇਕ ਤੰਗੀ-ਤੁਰਸ਼ੀ ਕਰਕੇ ਪੇਂਡੂ ਸਮਾਜ ਪੇਂਡੂ ਜੀਵਨ ਦੀਆਂ ਨਰੋਈਆਂ ਤੇ ਵਿਲੱਖਣ ਰਹੁ-ਰੀਤਾਂ ਨੂੰ ਛੱਡਦਾ ਜਾ ਰਿਹਾ ਹੈ। ਜਦੋਂ



Original with;
Kulbir Singh Sidhu(I.A.S)
Digitized by;
Panjab Digital Library

ਕਿ ਇਸ ਤੋਂ ਪਹਿਲਾਂ ਕਿਸਾਨ ਸਮਾਜ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ "ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ" ਦਾ ਧਾਰਨੀ ਤੇ ਅਲੰਬਰਦਾਰ ਰਿਹਾ ਹੈ।

ਪੰਜਾਬੀ ਸਭਿਆਚਾਰ ਵਿਚ 'ਕੁੱਤੇ ਝਾਕ' ਸਭ ਤੋਂ ਮਾੜੀ ਲਾਲਚੀ ਤੇ ਲਾਲਸਾ ਭਰਪੂਰ ਪ੍ਰਵਿਰਤੀ ਦੀ ਲਖਾਇਕ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਕੁੱਤਾ ਬਹੁਤ ਹੀ ਵਧੀਆ ਤੇ ਵਫ਼ਾਦਾਰ ਜਾਨਵਰ ਹੋਣ ਦੇ ਬਾਵਜੂਦ ਵੀ ਆਪਣੀ ਮਾੜੀ ਨੀਅਤ ਦੇ ਕਾਰਣ ਉਸ ਦੇ ਸਾਹਮਣੇ ਰੋਟੀ ਖਾਣ ਵਾਲੇ ਬੰਦੇ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦਾ ਰਹਿੰਦਾ ਹੈ ਕਿ ਸ਼ਾਇਦ ਖਾਣ ਵਾਲੇ ਦੇ ਮਨ ਮਿਹਰ ਪੈ ਜਾਵੇ ਅਤੇ ਉਸ ਨੂੰ ਖੰਨੀ ਦਾ ਭੋਰਾ ਪੈ ਜਾਵੇ। ਸੋ ਰੋਟੀ ਦੀ ਬੁਰਕੀ ਉਸ ਨੂੰ ਫਾਹੇ ਟੰਗੀ ਰੱਖਦੀ ਹੈ। ਸੋ ! ਗਲ ਚਲ ਰਹੀ ਸੀ ਪਿੰਡ ਦੇ ਗਹੀਰਿਆਂ ਅਤੇ ਖੁਸ਼ਹਾਲੀ ਦੀ ਕਿ ਜਿਸ ਪਿੰਡ ਵਿਚ ਰੂੜੀਆਂ-ਗਹੀਰਿਆਂ ਵਿਚ ਕੁੱਤੇ ਸੁੱਤੇ ਪਏ ਦਿਸਣ ਬੱਸ ਸਮਝ ਲਵੋ ਕਿ ਉਹ ਪਿੰਡ ਰੱਜਿਆਂ-ਪੁੱਜਿਆਂ ਦਾ ਹੈ ਕਿਉਂਕਿ ਉਥੋਂ ਦੇ ਕੁੱਤੇ ਵੀ ਖਾਂਦੇ-ਪੀਂਦੇ ਘਰਾਂ ਦੇ ਹੋਣ ਸਦਕਾ ਕੁੱਤੇ-ਝਾਕਣੀ ਛੱਡ ਕੇ ਰੱਜੀ ਨੀਅਤ ਵਾਲੇ ਬਣ ਜਾਂਦੇ ਹਨ।

ਇਹ ਹੀ ਕਾਰਨ ਹੁੰਦਾ ਹੈ ਕਿ ਉਹ ਸਾਰੇ ਪਿੰਡ ਦੇ ਬਾਹਰ ਨਿੱਘੀ ਧੁੱਪ ਮਾਣਦੇ ਹੋਏ ਰੂੜੀਆਂ ਵਿਚ ਘੂਕ ਸੁੱਤੇ ਪਏ ਮਿਲਦੇ ਹਨ। ਪਰ ਰਾਤ ਨੂੰ ਵਫ਼ਾਦਾਰੀ ਨਿਭਾਉਂਦੇ ਹੋਏ ਸਾਰੀ-ਸਾਰੀ ਰਾਤ ਪਿੰਡ ਦੀ ਪਹਿਰੇਦਾਰੀ ਕਰਦੇ ਹਨ। ਬੁਲ੍ਹੇ ਸ਼ਾਹ ਦੇ ਕਲਾਮ ਅਨੁਸਾਰ ਉਹ ਸਾਰੀ ਰਾਤ ਜਾਗ ਕੇ ਆਪਣੇ ਰੱਬ ਨੂੰ ਮਨਾਉਂਦੇ ਹਨ। ਤਾਂਹੀਉਂ ਤਾਂ ਬਾਬਾ ਬੁਲ੍ਹੇ ਸ਼ਾਹ ਕਹਿੰਦਾ ਹੈ, ਰਾਤੀਂ ਜਾਗੇਂ ਕਰੇਂ ਇਬਾਦਤ, ਰਾਤੀਂ ਜਾਗਣ ਕੁੱਤੇ; ਤੈਂ ਥੀਂ ਉਤੇ, ਭੌਂਕਣੋ ਬੰਦ ਮੂਲ ਨਾ ਹੁੰਦੇ ਜਾ ਰੂੜੀ 'ਤੇ ਸੁੱਤੇ; ਤੈਂ ਕੀ ਉਤੇ। ਆਪਣੇ ਖਸਮ ਦਾ ਦਰ ਨਾ ਛਡਦੇ ਭਾਵੇਂ ਪੈਂਦੇ ਜੁੱਤੇ, ਤੈਂ ਥੀ ਉਤੇ। ਉਠ ਓ ਬੁਲ੍ਹਿਆ ਯਾਰ ਮਨਾ ਲੈ ਨਹੀਂ ਤਾਂ ਬਾਜ਼ੀ ਲੈ ਗਏ ਕੁੱਤੇ। ਤੈਂ ਥੀ ਉਤੇ। ਬਾਬਾ ਬੁਲ੍ਹੇ ਸ਼ਾਹ ਇਹ ਗੱਲ ਇਥੇ ਆ ਕੇ ਸਿਰੇ ਲਾ ਦਿੰਦਾ ਹੈ ਜਦੋਂ ਉਹ ਕਹਿੰਦਾ ਹੈ;

"ਜੇ ਰੱਬ ਮਿਲਦਾ ਨਾਤ੍ਹਿਆਂ ਧੋਤਿਆਂ ਤਾਂ ਮਿਲਦਾ ਡਡੂਆਂ ਮਛੀਆਂ
ਜੇ ਰੱਬ ਮਿਲਦਾ ਜੰਗਲ ਬੇਲੇ ਤਾਂ ਮਿਲਦਾ ਗਾਈਆਂ ਵਛੀਆਂ
ਜੇ ਰੱਬ ਮਿਲਦਾ ਮੰਦਰ ਮਸੀਤੀਂ ਤਾਂ ਮਿਲਦਾ ਚਾਮ ਚੜਿਕੀਆਂ
ਓ ਬੁਲ੍ਹੇ ਸ਼ਾਹ ਰੱਬ ਓਨ੍ਹਾਂ ਨੂੰ ਮਿਲਦਾ ਤੇ ਨੀਤਾਂ ਜਿਨ੍ਹਾਂ ਦੀਆਂ ਸੱਚੀਆਂ"

ਖੈਰ ! ਇਹ ਅਧਿਆਤਮਵਾਦ ਦੀਆਂ ਅਟਲਾਧੀਆਂ ਰਮਜ਼ਾਂ ਹਨ, ਸਗੋਂ ਅਸੀਂ ਜੇਕਰ ਦੁਨੀਆਂਦਾਰੀ ਦੀ ਗੱਲ ਵੀ ਕਰੀਏ ਤਾਂ ਨੀਅਤਾਂ ਨੂੰ ਹੀ ਮੁਰਾਦਾਂ ਮਿਲਦੀਆਂ ਹਨ। ਪੰਜਾਬੀ ਸਭਿਆਚਾਰ ਦੇ ਇਕ ਲੋਕ-ਸੂਤਰ ਮੁਤਾਬਿਕ ਨੀਅਤਾਂ ਨੂੰ ਫਲੀਆਂ ਲਗਦੀਆਂ ਹਨ। ਵੇਦ-ਵੇਦਾਂਤਾਂ ਅਨੁਸਾਰ ਰੱਬੀ ਬਖਸ਼ਿਸ਼ ਦਾ ਸਿੱਧਾ ਸਬੰਧ ਜਨਮ-ਜਨਮਾਂਤਰਾਂ ਦੇ ਸੰਸਕਾਰਾਂ ਤੇ ਨੇਕ ਨੀਅਤ ਨਾਲ ਹੁੰਦਾ ਹੈ। ਬਦਨੀਅਤ ਬੰਦਿਆਂ ਦੀ ਭੁੱਖੀ ਤੇ ਅਤ੍ਰਿਪਤ ਨੀਅਤ ਦਾ ਅਧਾਰ ਅਕਸਰ ਹੀ ਲੋਭ-ਲਾਲਸਾ, ਲਾਲਚ ਤੇ ਕਪਟ ਹੁੰਦਾ ਹੈ। ਭੈੜੇ ਬੰਦਿਆਂ ਦੀ ਮਾੜੀ ਨੀਅਤ ਦਾ ਮੁਕਾਬਲਾ



Original with;
Kulbir Singh Sidhu(I.A.S)
Digitized by;
Panjab Digital Library

ਗਿਰਝਾਂ ਤੇ ਕਾਵਾਂ ਨਾਲ ਕੀਤਾ ਜਾਂਦਾ ਹੈ ਕਿ ਮਾੜੀ ਨੀਅਤ ਵਾਲੇ ਮਾੜੇ ਬੰਦਿਆਂ ਦੀ ਨੀਅਤ ਕਦੇ ਵੀ ਨਹੀਂ ਭਰਦੀ।

ਇਸ ਪ੍ਰਥਾਇ ਲੌਕਿਕ ਸਾਹਿਤ ਦੀ ਇਕ ਪ੍ਰਚਲਿਤ ਅਖੌਤ ਹੈ ਕਿ 'ਕਾਵਾਂ ਦੇ ਆਖੇ ਢੱਗੇ ਨਹੀਂ ਮਰਦੇ' ਭਾਵ ਕਾਂ-ਘੋਗੜ ਆਪਣੀ ਮਾੜੀ ਲਾਲਸਾ-ਵੱਸ ਜਿੰਨਾ ਮਰਜ਼ੀ ਜ਼ੋਰ ਲਾ ਲੈਣ ਕਿ ਜੱਟ ਦੇ ਹਲ ਵਾਹੁੰਦੇ ਬਲਦ ਜ਼ੋਰ ਲਾ-ਲਾ ਕੇ ਮਰ ਜਾਣਗੇ ਤੇ ਉਹ ਦਾਅਵਤ ਛਕਣਗੇ ਪਰ ਅੱਜ ਤਕ ਇਉਂ ਕਾਵਾਂ ਦੇ ਆਖੇ ਕਿਸੇ ਨੇ ਬਲਦ ਮਰਦੇ ਨਹੀਂ ਵੇਖੇ। ਬਹਿਰਹਾਲ ਇਸ ਲਕੋਕਤੀ ਦੁਆਰਾ ਲੋਭੀ-ਲਾਲਚੀ ਬੰਦਿਆਂ ਦੀ ਲਾਲਸਾ ਤੇ ਲਾਲ੍ਹਾਂ ਸੁਟਣ ਦੀ ਪ੍ਰਵਿਰਤੀ ਦਾ ਬੜਾ ਸਪੱਸ਼ਟ ਚਿਤਰਣ ਹੁੰਦਾ ਹੈ। ਜੱਗ ਜ਼ਾਹਿਰ ਹੈ ਕਿ ਆਖਿਰ ਨੂੰ ਮਾੜੇ ਬੰਦਿਆਂ ਦੇ ਮਾੜੇ-ਮਨਸ਼ੇ ਕਦੇ ਵੀ ਸਿਰੇ ਨਹੀਂ ਚੜ੍ਹਦੇ। ਇਸ ਸਬੰਧ ਵਿਚ **ਸ੍ਰੀ ਗੁਰੂ ਤੇਗ ਬਹਾਦਰ ਜੀ** ਦਾ ਤਾਂ ਬੜਾ ਸਪੱਸ਼ਟ ਫ਼ੁਰਮਾਨ ਹੈ :-

"ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥"

ਇਉਂ ਹੀ ਸ੍ਰੀ ਗੁਰੂ ਨਾਨਕ ਦੇਵ ਦੇ ਫ਼ੁਰਮਾਨ "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ" ਅਨੁਸਾਰ ਜਦੋਂ ਬੰਦਾ ਮਰਦਾ ਹੈ ਤਾਂ ਉਸ ਦੀ ਸ਼ੋਹਰਤ ਤੇ ਕਰਮ ਉਸ ਦੇ ਭਾਗ ਬਣਕੇ ਲੋਕ-ਪ੍ਰਲੋਕ ਵਿਚ ਸਹਾਈ ਹੁੰਦੇ ਹਨ। ਇਉਂ ਨੇਕ ਚਲਣ ਬੰਦਿਆਂ ਦੇ ਅਕਾਲ ਚਲਾਣੇ 'ਤੇ ਸੰਗੀ ਸਾਥੀ ਤੇ ਲੋਕ ਡੀਣੀ ਬਾਣ ਰੋਂਦੇ ਹਨ। ਅਜਿਹੇ ਬੰਦਿਆਂ ਨੂੰ ਰਿਸ਼ਤੇਦਾਰ ਤੇ ਸੰਗੀ ਸਾਥੀ ਤਾਂ ਰੋਂਦੇ ਹੀ ਹਨ, ਸਗੋਂ ਕਹਿੰਦੇ ਹਨ ਇਨ੍ਹਾਂ ਦੇ ਬਬਾਣ ਨੂੰ ਤਾਂ ਵੇਖ ਕੇ ਰੋਹੀ ਦੇ ਰੁੱਖ ਤੇ ਜੀਅ-ਜੰਤ ਵੀ ਰੋਂਦੇ ਹਨ। ਕੁਝ ਸਮਾਂ ਪਹਿਲਾਂ ਦੇ ਸਭਿਆਚਾਰ ਮੁਤਾਬਿਕ ਤਾਂ ਉਸ ਦਿਨ ਲੋਕ ਆਪਣੇ ਘਰਾਂ ਦੇ ਚੁਲ੍ਹਿਆਂ ਵਿਚ ਅੱਗ ਨਹੀਂ ਪਾਉਂਦੇ ਸਨ ਭਾਵ ਉਸ ਦਿਨ ਨਗਰ ਵਿਚ ਸੋਗ ਵਜੋਂ ਰੋਟੀ ਵੀ ਨਹੀਂ ਸੀ ਪੱਕਦੀ।

ਇਸ ਦੇ ਉਲਟ ਮਾੜੀ ਨੀਅਤ ਤੇ ਭੁੱਖੜ ਬਿਰਤੀ ਵਾਲੇ ਬੰਦਿਆਂ ਦੇ ਮਰਨ ਸਮੇਂ ਸਾਡੀ ਰੀਤ-ਰਿਵਾਜ ਅਨੁਸਾਰ ਜਦੋਂ ਉਸ ਦੇ ਮੂੰਹ ਨੂੰ ਘਿਉ ਲਾਇਆ ਜਾਂਦਾ ਹੈ ਤਾਂ ਖਣਵਾਦੇ ਵਿਚੋਂ ਕੋਈ ਸ਼ਰੀਕ ਸੁਣਾ ਦਿੰਦਾ ਹੈ ਕਿ ਹਾਂ ਭਾਈ ਤੁਸੀਂ ਆਪਣਾ ਰਾਂਝਾ ਰਾਜ਼ੀ ਕਰ ਕੇ ਵੇਖ ਲਉ; ਸ਼ਾਇਦ ਇਸ ਘੀਚਰ ਭਾਵ ਲੋਟੂ-ਖਸੋਟੂ ਨੂੰ ਹੁਣ ਹੀ ਕੋਈ ਰੱਜ ਆ ਜਾਵੇ? ਇਉਂ ਹੀ ਜਦੋਂ ਕਿਸੇ ਕੰਜੂਸ ਬੰਦੇ ਦੇ ਹੱਥ 'ਤੇ ਚਾਂਦੀ ਦਾ ਰੁਪਈਆ ਧਰਿਆ ਜਾਂਦਾ ਹੈ ਤਾਂ ਕਿਤੋਂ ਧੀਮੀ ਜਿਹੀ ਬਿੜਕ ਕੰਨੀ ਪੈਂਦੀ ਹੈ ਕਿ ਲੈ ਸਾਰੀ ਉਮਰ ਤਾਂ ਸੂਮ ਨੇ ਕੱਛ ਨਹੀਂ ਪਾਈ, ਹੁਣ ਬੁਢੜੇ ਦਾ ਸਾਰਾ ਟੱਬਰ-ਟੀਰ ਭੁੱਖ-ਨੰਗ ਢਕਣ ਲਗਾ ਹੋਇਆ ਹੈ।

ਸੋ ਕਿਸੇ ਵੀ ਇਨਸਾਨ ਦੇ ਸਦਾਚਾਰੀ ਆਚਰਣ ਤੇ ਨੇਕ ਅਮਲਾਂ ਅਤੇ ਦੂਜੇ ਬੰਨੇ ਕੁਰਹਿਤੀ ਤੇ ਕੁਸੰਗੀ ਬੰਦਿਆਂ ਦੀਆਂ ਕਰਤੂਤਾਂ ਵਿਚ ਜ਼ਮੀਨ ਤੇ ਅਸਮਾਨ ਦੇ ਦਰਮਿਆਨੀ ਫਾਸਲੇ ਜਿੰਨਾ ਫਰਕ ਹੁੰਦਾ ਹੈ। ਸਾਡੇ ਕਿਰਦਾਰ ਦੀ ਰਸਾਤਲ ਚਿੱਟ



*Original with;*
Kulbir Singh Sidhu(I.A.S)
*Digitized by;*
Panjab Digital Library

ਦਿਨ ਤੇ ਕਾਲੀ ਰਾਤ ਦੇ ਅੰਤਰ ਵਾਂਗੂੰ ਸਪਸ਼ਟ ਹੈ। ਫਿਰ ਇਉਂ ਵੀ ਲਗਦਾ ਹੈ ਕਿ ਸਾਡੀਆਂ ਰੀਝਾਂ ਤੇ ਸਾਡੀ ਔਕਾਤ ਵਿਚਲਾ ਫਾਸਲਾ ਕੋਹਾਂ ਲੰਮਾ ਹੈ। ਇਹ ਸਾਰਾ ਵਰਤਾਰਾ ਮਹਾਨ ਦਾਰਸ਼ਨਿਕ ਸੁਕਰਾਤ ਦੀ ਦਾਨਿਸ਼ਮੰਦੀ ਤੇ ਸਾਡੀ ਸੀਮਿਤ ਅਕਲਮੰਦੀ ਦੇ ਵੱਡੇ ਫ਼ਰਕ ਵਾਂਗੂੰ ਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਪੰਜਾਬੀ ਲੋਕ ਜਿਥੇ ਆਪਣੀਆਂ ਨੇਕ ਖ਼ਸਲਤਾਂ, ਨੇਕ ਕਾਰਨਾਮਿਆਂ ਤੇ ਆਪਣੇ ਜਰਵਾਣੇਪਣ ਕਰਕੇ ਦੁਨੀਆਂ ਵਿਚ ਜਾਣੇ ਜਾਂਦੇ ਹਨ, ਉਥੇ ਹੀ ਕੁਦਰਤ ਨੇ ਇਨ੍ਹਾਂ ਵਿਚ ਕੁਝ ਮਾੜੀਆਂ ਫ਼ਿਤਰਤਾਂ ਦਾ ਵੀ ਅੰਸ਼ ਮਿਲਾ ਰੱਖਿਆ ਹੈ। ਆਮ ਤੌਰ 'ਤੇ ਇਨ੍ਹਾਂ ਦੇ ਇਖ਼ਲਾਕ ਵਿਚ ਸਿਫ਼ਤਾਂ ਦੀ ਭਰਮਾਰ ਹੈ, ਪਰ ਫਿਰ ਵੀ ਅਮੂਮਨ ਕਿਤੇ ਨਾ ਕਿਤੇ ਪੰਜਾਬੀ ਲੋਕਾਂ ਵਿਚ ਗਿਆਨ ਦੇ ਪੱਖੋਂ ਅਗਿਆਨਤਾ, ਅਕਲ ਦੇ ਪੱਖੋਂ ਬੇਸਮਝੀ ਤੇ ਬੇਖਬਰੀ, ਸੋਚ ਦੇ ਪੱਖੋਂ ਅਕ੍ਰਿਤਘਣਤਾ, ਫ਼ਿਤਰਤ ਦੇ ਪੱਖੋਂ ਅਹਿਸਾਨ ਫ਼ਰਾਮੋਸ਼ੀ, ਮਾਨਸਿਕਤਾ ਦੇ ਪੱਖੋਂ ਲੋਭ-ਲਾਲਚ ਤੇ ਖ਼ਸਲਤ ਦੇ ਪੱਖੋਂ ਚੋਰੀ-ਚਕਾਰੀ ਜਿਹੀਆਂ ਮੁਲਾਮਤਾਂ ਵੀ ਜਲਵਾਗਰ ਹੋ ਜਾਂਦੀਆਂ ਹਨ। ਸੰਸਾਰ ਨੇ ਨਿਰਸੰਦੇਹ ਪੰਜਾਬੀ ਲੋਕਾਂ ਦੀ ਸਮੁੱਚੀ ਸ਼ਖਸੀਅਤ ਦਾ ਸਿੱਕਾ ਮੰਨਿਆ ਹੈ, ਪਰ ਫਿਰ ਵੀ ਕੌਮ ਵਿਚ ਕਣਕ ਵਿਚ ਕਾਣਗਿਆਰੀ ਵਾਂਗੂ ਮਾੜੀ ਬਿਰਤੀ ਦੇ ਲੋਕ ਵੀ ਕਿਤੇ ਸ਼ਾਮਲ ਹੋ ਜਾਂਦੇ ਹਨ। ਅਜਿਹੇ ਮਾੜੇ ਬੰਦਿਆਂ ਦੇ ਜੀਵਨ ਵਿਚ ਸ਼ੋਹਦਾਪਣ, ਬੋਲ-ਚਾਲ ਵਿਚ ਅੱਖੜਪਣ, ਹਾਵ-ਭਾਵ ਵਿਚ ਸ਼ੁਦਾਈਪਣਾ ਵੇਖਣ ਨੂੰ ਮਿਲਦਾ ਹੈ। ਕੁਲ ਮਿਲਾ ਕੇ ਪੰਜਾਬੀ ਜੀਵਨ ਦੇ ਤਕਰੀਬਨ ਹਰ ਖੇਤਰ ਵਿਚ ਦਿਖਾਵੇ ਵਜੋਂ ਸ਼ੂਅ-ਫ਼ੈਂਅ ਦੀ ਭਾਵਨਾ ਬੜੀ ਪ੍ਰਬਲ ਹੈ। ਫਿਰ ਸਰੀਰਕ ਪੱਖੋਂ ਅਜਿਹੇ ਲੋਕ ਭਾਵੇਂ ਅਸਲੀਅਤ ਵਿਚ 'ਕਾਗਜ਼ੀ ਪਹਿਲਵਾਨ' ਹੀ ਹੋਣ, ਪਰ ਇਹ ਵਿਖਾਵੇ ਮਾਤਰ ਮੁੱਛਾਂ 'ਤੇ ਹੱਥ ਧਰ ਕੇ ਇਉਂ ਚੌੜੇ ਹੋਏ ਫਿਰਦੇ ਹਨ ਕਿ ਜਿਵੇਂ ਇਨ੍ਹਾਂ ਦੇ ਪੱਟ ਖਹਿੰਦੇ ਹੋਣ।

ਦੁਨੀਆਂ ਦੇ ਦਾਰਸ਼ਨਿਕਾਂ ਤੇ ਵਿਦਵਾਨਾਂ ਦਾ ਕਥਨ ਹੈ ਕਿ ਲਾਲਚ ਦੀਆਂ ਮਾੜੀਆਂ ਮਨੋਬਿਰਤੀਆਂ ਕਾਰਨ ਹੋਰ ਸਾਰੇ ਦੁੱਖਾਂ ਨਾਲੋਂ ਕਿਤੇ ਵੱਧ ਸੰਸਾਰ ਦੇ ਲੋਕ ਈਰਖਾ ਤੇ ਲਾਲਚ ਦੀਆਂ ਮਾੜੀਆਂ ਮਨੋਬਿਰਤੀਆਂ ਕਰਕੇ ਦੁਖੀ ਹਨ। ਮਨੋਵਿਗਿਆਨੀਆਂ ਦਾ ਪੱਕਾ ਵਿਸ਼ਲੇਸ਼ਣ ਹੈ ਕਿ ਦੁਨੀਆਂ ਦੇ ਲੋਕ ਇੰਨਾ ਆਪਣੀਆਂ ਲੋੜਾਂ-ਥੁੜਾਂ ਬਾਰੇ ਚਿੰਤਤਾ ਨਹੀਂ ਹਨ ਜਿੰਨਾ ਕੁ ਉਹ ਆਪਣੇ ਗਿਰਦ ਅਤੇ ਦੂਰ ਤੱਕ ਦੂਜੇ ਲੋਕਾਂ ਦੀਆਂ ਸੁਖ-ਸਹੂਲਤਾਂ ਤੇ ਪ੍ਰਾਪਤੀਆਂ ਤੋਂ ਸਬੰਧੀ ਈਰਖਾ ਕਾਰਨ ਪ੍ਰੇਸ਼ਾਨ ਹੁੰਦੇ ਹਨ। ਸੋ ਇਸ ਬਹੁਤ ਹੀ ਵੱਡੀ ਈਰਖਾਲੂ ਜਮਾਤ ਨੂੰ ਆਪਣੀ ਗਿਣਤੀ ਵਿਚ ਸ਼ਾਮਲ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ "ਨਾਨਕ ਦੁਖੀਆ ਸਭੁ ਸੰਸਾਰ"॥ ਇਸ ਦੇ ਨਾਲ ਹੀ ਗੁਰਬਾਣੀ ਨੇ ਇਜੇਹੇ ਦੁਖੀ ਲੋਕਾਂ ਨੂੰ ਸੱਬਰ-ਸੰਤੋਖ ਦਾ ਉਪਦੇਸ਼ ਇਉਂ ਦਿਤਾ ਹੈ "ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ"॥

ਕਿਸੇ ਬੰਦੇ ਵੱਲੋ ਚੋਰੀ-ਚਕਾਰੀ ਤੇ ਅਮਾਨਤ ਵਿਚ ਖਿਆਨਤ ਕਰਨ ਦੀ ਕੋਝੀ



*Original with;*
Kulbir Singh Sidhu(I.A.S)
*Digitized by;*
Panjab Digital Library

ਪ੍ਰਵਿਰਤੀ ਸਬੰਧੀ ਮੁਢ ਕਦੀਮ ਤੋਂ ਇਕ ਕਹਾਵਤ ਪ੍ਰਚਲਤ ਹੈ ਕਿ ਜੇ ਕੁੱਤਾ ਕਪਾਹ ਦੇ ਖੇਤ ਵਿਚੋਂ ਦੀ ਲੰਘ ਵੀ ਜਾਊ ਤਾਂ ਉਹ ਕੀ ਖੇਸ ਬਣਾ ਲਊਗਾ। ਅਜਿਹੇ ਲੋਕਾਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਉਹ ਤਾਂ ਆਪਣੇ ਫਿਕਰਾਂ-ਫਾਕਿਆਂ ਦਾ ਮਾਰਿਆ ਫਿਰਦਾ ਹੈ, ਉਸ ਭੁੱਖੜ ਤਬੀਅਤ ਬੰਦੇ ਨਾਲ ਤਾਂ ਸ਼ਹਿਰ ਦੀ ਕੁੱਤੀ ਵੀ ਕੋਈ ਆਸ-ਉਮੀਦ ਲੈ ਕੇ ਨਹੀਂ ਤੁਰਦੀ। ਦੂਜੇ ਪਾਸੇ ਇਸ ਦੇ ਵਿਪਰੀਤ ਸਖੀ ਤੇ ਤ੍ਰਿਪਤ ਬੰਦੇ ਸਬੰਧੀ ਲੋਕਾਂ ਦੇ ਮੂੰਹ 'ਤੇ ਸੈਂਕੜੇ ਸਿਫਤਾਂ-ਸਖਾਵਤਾਂ ਹੁੰਦੀਆਂ ਹਨ ਕਿ ਬੱਈ! ਫਲਾਣੇ ਬੰਦੇ ਦੀਆਂ ਕਿਆ ਬਾਤਾਂ ਹਨ; ਉਹ ਸੱਜਣ ਤਾਂ ਸੱਖੀ-ਸਰਵਰ ਤੇ ਦਾਨਵੀਰ ਰਾਜਾ ਕਰਨ ਦੇ ਸਮਾਨ ਹੈ।

ਇਸ ਪ੍ਰਥਾਇ ਸਮਾਜ ਦੇ ਅਜਿਹੇ ਨੇਕ ਸੱਜਣਾਂ ਪ੍ਰਤੀ ਮੇਰਾ ਨਿੱਜੀ ਅਕੀਦਾ ਹੈ ਕਿ ਇਨ੍ਹਾਂ ਲੋਕਾਂ ਨਾਲ ਭਾਵੇਂ ਤੁਹਾਡਾ ਕੋਈ ਖ਼ੂਨ ਦਾ ਰਿਸ਼ਤਾ ਜਾਂ ਫਿਰ ਕਿਸੇ ਹੋਰ ਨੇੜਤਾ ਤੇ ਸਾਂਝ ਦਾ ਸਬੰਧ ਨਾ ਵੀ ਹੋਵੇ ਤਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਇਹ ਇਨਸਾਨੀ ਰਿਸ਼ਤੇ 'ਰੂਹਾਂ ਦੇ ਰਿਸ਼ਤਿਆਂ' ਦੀ ਵਲਗਣ ਵਿਚ ਆਉਂਦੇ ਹਨ।

ਇਸ ਤਰ੍ਹਾਂ ਹੀ ਅਸੀਂ ਜਦੋਂ ਵੇਦ-ਵੇਦਾਂਤਾਂ ਦੀ ਨਜ਼ਰ ਤੋਂ ਦੇਖਦੇ ਹਾਂ ਤਾਂ ਦੁਨੀਆਂ ਵਿਚ ਮਿਲਣਾ-ਵਰਤਣਾ ਤੇ ਲੜਨਾ-ਝਗੜਨਾ ਅਕਾਰਣ ਨਹੀਂ ਹੁੰਦਾ, ਸਗੋਂ ਇਹ ਸਭ ਕੁੱਝ ਕਿਸੇ ਨਿਯਮਿਤ ਦੈਵੀ ਸੰਵਿਧਾਨ ਅਨੁਸਾਰ ਬੰਦੇ ਦੇ ਸੰਚਿਤ ਕਰਮਾਂ ਦੇ ਭੁਗਤਾਨ ਦੇ ਸਿਧਾਂਤ ਮੁਤਾਬਿਕ ਹੁੰਦਾ ਹੈ। ਇਉਂ ਅਧਿਆਤਮਿਕ ਤੌਰ 'ਤੇ ਕਿਸੇ ਵੀ ਰਿਸ਼ਤੇ ਤੇ ਆਪਸੀ ਸਬੰਧ ਦੀ ਸੋਝੀ ਤੇ ਸਾਰ ਸਦੋਂ ਹੀ ਆਮ ਬੰਦੇ ਦੀ ਸੋਚ-ਸਮਝ ਤੋਂ ਬਾਹਰ ਹੁੰਦਾ ਹੈ। ਬੇਸ਼ੱਕ ਦੁਨੀਆਵੀ ਪੱਧਰ 'ਤੇ ਕਿੰਨੇ ਹੀ ਲੋਕਾਂ ਨਾਲ ਸਾਡੇ ਆਪਸੀ ਸਬੰਧ ਸਾਡੇ ਸਮਾਜਿਕ ਕਲੇਵਿਆਂ ਤੇ ਕਲੇਵਰਾਂ ਦੀ ਪਕੜ ਤੋਂ ਬਾਹਰ ਹੁੰਦੇ ਹਨ, ਪਰ ਇਥੇ ਇਕੋ ਹੀ ਗੱਲ ਸਮਝਣ ਵਾਲੀ ਹੈ ਕਿ ਅਸੀਂ ਇਸ ਜੀਵਨ ਵਿਚ ਮਿਲੇ ਸੱਜਣ-ਸਨੇਹੀਆਂ ਨੂੰ ਰਿਸ਼ਤਿਆਂ ਦੇ ਬੰਨਣ ਵਿਚ ਬੰਨ ਕੇ ਕੋਈ ਵਾਧੂ ਪਛਾਣ ਦੇਣ ਜਾਂ ਰੂਹਾਂ ਦਾ ਪਿਛੋਕੜ ਲੱਭਣ ਦੀ ਥਾਂ ਬਸ ਆਪਸੀ ਪਿਆਰ ਤੇ ਸਾਂਝ ਦੇ ਅਹਿਸਾਸਾਂ ਨੂੰ ਧੁਰ-ਆਤਮਾ ਤੋਂ ਮਾਣੀਏ।

ਇਸ ਪ੍ਰਥਾਇ ਕਿੰਨਾ ਹੀ ਚੰਗਾ ਹੋਵੇ ਕਿ ਅਸੀਂ ਸਾਡੇ ਜਨਮਾਂ-ਜਨਮਾਂਤਰਾਂ ਦੇ ਇਨ੍ਹਾਂ ਪੁਰਾਣੇ ਰੂਹਾਨੀ ਰਿਸ਼ਤਿਆਂ ਨੂੰ ਕੋਈ ਨਾਮ ਦੇਣ ਦੀ ਬਜਾਏ ਸ਼ਾਇਰ ਗੁਲਜ਼ਾਰ ਦੇ ਸੁਖਨ 'ਹਮਨੇ ਦੇਖੀ ਹੈ ਇਨ ਆਖੋਂ ਕੀ ਮਹਿਕਤੀ ਖੁਸ਼ਬੂ, ਪਿਆਰ ਕੋ ਪਿਆਰ ਹੀ ਰਹਿਨੇ ਦੋ, ਇਸੇ ਕੋਈ ਨਾਮ ਨਾ ਦੋ' ਦੇ ਇਲਾਹੀ ਅਹਿਸਾਸ ਨੂੰ ਮਹਿਸੂਸ ਕਰ ਸਕੀਏ। ਮਹਾਨ ਸ਼ਾਇਰ ਜਨਾਬ ਜ਼ੌਕ ਤਾਂ ਅਜਿਹੇ ਅਗਲੇ-ਪਿਛਲੇ ਜਨਮ ਦੇ ਸੱਜਣਾਂ-ਸਨੇਹੀਆਂ ਦੇ ਮੇਲ-ਮਿਲਾਪ ਨੂੰ ਤਾਂ ਈਸਾ ਮਸੀਹ ਤੇ ਖਿਜ਼ਰ ਨੂੰ ਮਿਲਣ ਦੇ ਬਰਾਬਰ ਹੀ ਸਮਝਦਾ ਹੈ। **ਉਸਤਾਦ ਜ਼ੌਕ ਦੇਹਲਵੀ** ਦਾ ਕਹਿਣਾ ਹੈ ਕਿ :-

'ਐ ਜ਼ੌਕ ਕਿਸੀ ਹਮਦਮੇ-ਦੈਰੀਨਾ ਕਾ ਮਿਲਨਾ,
ਬੇਹਤਰ ਹੈ ਮੁਲਾਕਾਤ-ਮਸੀਹ-ਓ-ਖਿਜ਼ਰ ਸੇ।'

ਇਸ ਪ੍ਰਥਾਇ ਮੇਰਾ ਵੀ ਇਕ ਨਿੱਜੀ ਜਿਹਾ ਖਿਆਲ ਹੈ ਕਿ ਜੀਵਨ ਵਿਚ



*Original with;*
Kulbir Singh Sidhu(I.A.S)
*Digitized by;*
Panjab Digital Library

ਜ਼ਰੂਰੀ ਨਹੀਂ ਹੈ ਕਿ ਤੁਹਾਡੇ ਜ਼ਿਆਦਾ ਰਿਸ਼ਤੇ ਹੋਣ, ਸਗੋਂ ਮਹੱਤਵ ਇਸ ਗੱਲ ਦਾ ਹੈ ਕਿ ਸਾਡੇ ਜਿਹੜੇ ਰਿਸ਼ਤੇ ਹਨ, ਉਨ੍ਹਾਂ ਵਿਚ ਜੀਵਨ ਦੀ ਚਿਣਗ ਤੇ ਆਪਸੀ ਪਿਆਰ ਜ਼ਰੂਰ ਹੋਵੇ। ਮੇਰਾ ਮੰਨਣਾ ਹੈ ਕਿ ਰਿਸ਼ਤਿਆਂ ਦੀ ਗਿਣਤੀ-ਮਿਣਤੀ ਦੇ ਮਹੱਤਵ ਨਾਲੋਂ ਪਿਆਰ, ਖਲੂਸ ਤੇ ਸਾਂਝ ਵਾਲੇ ਹਮਦਮੇ-ਦੈਰੀਨਾ ਭਾਵ ਚਿਰਾਂ ਤੋਂ ਖਿਆਲਾਂ ਦੇ ਸਾਂਝੀਦਾਰ ਤੇ ਰਾਜ਼ਦਾਰ ਦੋਸਤਾਂ ਦੀ ਕਿਤੇ ਵੱਧ ਅਹਿਮੀਅਤ ਹੁੰਦੀ ਹੈ। ਇਸ ਸੋਝੀ ਭਰੀ ਸੰਵੇਦਨਾ ਦੀ ਅਣਹੋਂਦ ਵਿਚ ਅੱਜ ਦਾ ਆਦਮੀ ਆਪਸੀ ਸਾਂਝ ਤੇ ਪਿਆਰ ਖੁਣੋਂ ਇਕ ਵੱਡੇ ਇਕੱਠ ਵਿਚ ਵੀ ਆਪਣੇ-ਆਪ ਨੂੰ ਇਕੱਲਾ ਸਮਝਦਾ ਹੈ। ਇਸ ਦੇ ਉਲਟ ਦੂਜੇ ਪਾਸੇ ਕੋਈ ਸੰਵੇਦਨਾਸ਼ੀਲ ਮਨੁੱਖ ਆਪਣੇ ਹਮਖਿਆਲ, ਹਮਨਿਵਾਲਾ ਤੇ ਹਮਪਿਆਲਾ ਦੋ-ਚਾਰ ਦੋਸਤਾਂ ਵਿਚ ਬੈਠਾ ਵੀ ਇਉਂ ਮਹਿਸੂਸ ਕਰਦਾ ਹੈ ਕਿ ਜਿਵੇਂ ਉਹ ਆਪਣੇ ਵੱਡੇ ਪਰਿਵਾਰ ਵਿਚ ਬੈਠਾ ਹੋਵੇ।

ਜ਼ਿਕਰਯੋਗ ਹੈ ਕਿ ਇਹ ਅਹਿਸਾਸ ਮੇਰੀ ਆਪ-ਬੀਤੀ ਹੀ ਹਨ ਅਤੇ ਇਹ ਮੇਰੀ ਆਪਣੀ ਹੱਡਬੀਤੀ ਬਣ ਕੇ ਮੇਰੇ ਹੱਡਾਂ ਨਾਲ ਨਿਭ ਰਹੇ ਹਨ। ਮੇਰੀ ਸੋਚ ਮੁਤਾਬਿਕ ਅੱਜ ਵੀ ਇਸ ਜਨਮ ਦੇ ਰਿਸ਼ਤਿਆਂ ਪ੍ਰਤੀ ਮੇਰੇ ਇਹ ਅਹਿਸਾਸ ਮੇਰੀ ਪਿਛਲੀ ਤੇ ਸੰਭਾਵੀ ਅਗਲੀ ਦੁਨੀਆਂ ਦੇ ਰਿਸ਼ਤਿਆਂ ਦੀ ਬੁਨਿਆਦ ਹਨ। ਮੈਂ ਆਪਣੇ ਇਨ੍ਹਾਂ ਸਾਰੇ ਅਨੁਭਵਾਂ ਅਨੁਸਾਰ ਇਹ ਸਮਝਦਾ ਤੇ ਮੰਨਦਾ ਹਾਂ ਕਿ "ਜੀਵਨ ਵਿਚ ਜ਼ਿਆਦਾ ਰਿਸ਼ਤਿਆਂ ਦਾ ਹੋਣਾ ਜ਼ਰੂਰੀ ਨਹੀਂ ਹੈ; ਪਰ ਜੋ ਰਿਸ਼ਤੇ ਹਨ, ਉਹ ਨਿਰਜਿੰਦ ਨਾ ਹੋਣ; ਸਗੋਂ ਸਾਡੇ ਸਬੰਧਾਂ ਵਿਚ ਜੀਵਨ ਦਾ ਨਿੱਘ ਤੇ ਪਿਆਰ ਜ਼ਰੂਰ ਹੋਣਾ ਚਾਹੀਦਾ ਹੈ"।

ਖ਼ੈਰ! ਦੁਨੀਆਂ ਵਿਚ ਬੇਗ਼ਰਜ਼ ਪਿਆਰ ਤੇ ਬੇਲੌਸ ਖ਼ੁਦਦਾਰੀ ਦੇ ਚਲ ਰਹੇ ਇਸ ਪ੍ਰਸੰਗ ਵਿਚ ਸਾਡੇ ਸਮਾਜ ਦੇ ਕਿੰਨੇ ਹੀ ਚਿੰਤਕਾਂ ਤੇ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਜੀਵਨ ਵਿਚ ਕੋਈ ਲੋੜ, ਥੁੜ ਜਾਂ ਗਰਜ਼ ਅਜਿਹੀ ਨਹੀਂ ਹੁੰਦੀ ਕਿ ਜਿਸ ਵਾਸਤੇ ਆਪਣੇ ਸਵੈਮਾਣ ਤੇ ਖ਼ੁਦਦਾਰੀ ਨੂੰ ਤਿਆਗਣਾ ਪਵੇ ਅਤੇ ਆਪਣੀ ਆਤਮਾ ਦੀ ਅਵਾਜ਼ ਨੂੰ ਦਬਾ ਕੇ ਕਿਤੇ ਕੋਈ ਜ਼ਮੀਰਕੁਸ਼ੀ ਕੀਤੀ ਜਾਵੇ। ਇਸ ਦੇ ਉਲਟ ਸਗੋਂ ਅਕਸਰ ਹੀ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਆਦਮੀ ਆਪਣੀ ਖ਼ੁਦਦਾਰੀ ਤੇ ਇਜ਼ਤ-ਆਬਰੂ ਨੂੰ ਤਿਲਾਂਜਲੀ ਦਿੰਦਾ ਹੈ ਤਾਂ ਉਸ ਪਿਛੇ ਗਰਜ਼ਮੰਦੀ ਤੇ ਮੁਥਾਜੀ ਨਾਲੋਂ ਕਿਤੇ ਜ਼ਿਆਦਾ ਉਸ ਦੀ ਆਪਣੀ ਇਖਲਾਕੀ ਕਮਜ਼ੋਰੀ ਤੇ ਕਿਸੇ ਲੋਭ-ਲਾਲਚ ਦੀ ਲਾਲਸਾ ਹੁੰਦੀ ਹੈ। ਬਸ ਕਿੱਸਾ-ਮੁਖ਼ਤਸਰ ਆਦਮੀ ਜਦੋਂ ਵੀ ਆਪਣੀ ਅਸੂਲਪ੍ਰਸਤੀ ਨੂੰ ਦਾਅ 'ਤੇ ਲਾਉਂਦਾ ਹੈ ਤਾਂ ਉਸ ਪਿਛੇ ਉਸ ਦੀ ਆਪਣੀ ਮਾਨਸਿਕਤਾ ਮਹਾਂਭਾਰਤ ਦੇ ਜੂਏ ਵਾਂਗੂੰ ਆਪਣੇ ਸੁਆਰਥ ਦੀ ਬਿਸਾਤ ਵਿਛਾਈ ਬੈਠੀ ਹੁੰਦੀ ਹੈ।

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਫ਼ਿਲਮੀ ਕਲਾਕਾਰ ਤੇ ਪੰਜਾਬੀ ਸਾਹਿਤਕਾਰ ਬਲਰਾਜ ਸਾਹਨੀ ਵਰਗੇ ਬਿਬੇਕ ਬੁੱਧੀ ਬੰਦੇ ਨੇ ਸਾਰੀ ਉਮਰ 'ਜੋ ਹੈ ਤੇ ਜੋ ਹੋਣਾ ਚਾਹੀਦਾ ਹੈ' ਦੇ ਦਰਮਿਆਨੀ ਫਾਸਲੇ ਨੂੰ ਘੱਟ ਕਰਨ ਦੀ ਬੇਸ਼ਕ ਮਾਨਸਿਕ



*Original with;*
Kulbir Singh Sidhu(I.A.S)
*Digitized by;*
Panjab Digital Library

ਕਸ਼ਮਕਸ਼ ਤੇ ਬੇਚੈਨੀ ਦੇ ਸੰਤਾਪ ਨੂੰ ਹੰਢਾਇਆ, ਪਰ ਉਸ ਨੇ ਕਦੀ ਵੀ ਆਪਣੀ ਜ਼ਮੀਰਪਸੰਦੀ ਤੇ ਖ਼ੁਦਦਾਰੀ ਨਹੀਂ ਛੱਡੀ ਕਿਉਂਕਿ ਉਸ ਦਾ ਮੰਨਣਾ ਸੀ ਕਿ ਜੀਵਨ ਵਿਚ ਕੋਈ ਵੀ ਚੀਜ਼ ਇੰਨੀ ਜ਼ਰੂਰੀ ਨਹੀਂ ਹੁੰਦੀ ਕਿ ਜਿਸ ਵਾਸਤੇ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਰਕੁਸ਼ੀ ਕੀਤੀ ਜਾਵੇ।

ਬੇਸ਼ੱਕ ਇਸ ਸਬੰਧੀ ਮੇਰੇ ਵਲੋਂ ਕੁਝ ਵੀ ਕਹਿਣਾ 'ਛੋਟਾ ਮੂੰਹ ਤੇ ਵੱਡੀ ਗੱਲ' ਸਮਝੀ ਜਾ ਸਕਦੀ ਹੈ, ਪਰ ਮੈਂ ਵੀ ਆਪਣੀ ਤੁਛ ਬੁੱਧੀ ਅਨੁਸਾਰ ਸਾਡੀ ਸਮਾਜਿਕ ਸੋਚ ਦੇ ਪਾੜਿਆਂ ਨੂੰ ਹਮਵਾਰ ਕਰਨ ਦੀ ਹਰਦਮ ਕਾਫ਼ੀ ਕੋਸ਼ਿਸ਼ ਵਿਚ ਰਿਹਾ ਹਾਂ। ਬੇਸ਼ੱਕ ਮੇਰੀ ਇਹ ਕਸ਼ਮਕਸ਼ ਮ੍ਰਿਗ ਤ੍ਰਿਸ਼ਨਾ ਵਾਂਗੂੰ ਹੀ ਹੋਵੇ ਤੇ ਜਾਂ ਫਿਰ ਗਲਿਹਰੀ ਦੇ ਰਾਮਸੇਤੂ ਬੰਨਣ ਵਾਲੀ ਗੱਲ ਹੀ ਹੋਵੇ। ਪਰ ਇਹ ਸੱਚ ਹੈ ਕਿ ਮੈਂ ਅੱਜ ਵੀ ਸਾਡੇ ਆਪਣੇ ਹੀ ਸਮਾਜ ਵਿਚ ਇਨ੍ਹਾਂ ਮਾਨਸਿਕ ਤੇ ਸਮਾਜਿਕ ਪਾੜਿਆਂ ਨਾਲ ਵਾਬਸਤਾ ਗਰੀਬ ਲੋਕਾਂ, ਅਬਲਾ ਔਰਤਾਂ ਤੇ ਮਾਸੂਮ ਬੱਚਿਆਂ ਦੀ ਹਾਲਤ ਵੇਖ ਕੇ ਪ੍ਰੇਸ਼ਾਨ ਹੋ ਜਾਂਦਾ ਹਾਂ। ਇਸ ਲਈ ਹੁਣ ਵੀ ਸਮਾਜ ਦੇ ਪਛੜੇ ਵਰਗਾਂ ਪ੍ਰਤੀ ਮੇਰਾ ਇਹ ਸੋਚੋ-ਫ਼ਿਕਰ ਤੇ ਕੋਸ਼ਿਸ਼ ਇਕ ਸਾਹਿਤਕ ਜਦੋ-ਜਹਿਦ ਦੇ ਰੂਪ ਵਿਚ ਅੱਜ ਵੀ ਮੇਰੀ ਮਾਨਸਿਕਤਾ 'ਤੇ ਤਾਰੀ ਹੈ।

ਇਸ ਸਬੰਧੀ ਪ੍ਰੋ: ਕਰਮ ਸਿੰਘ ਵੀ ਬਹੁਤ ਕੁਝ ਲਿਖ ਅਤੇ ਕਹਿ ਗਏ ਹਨ। ਉਨ੍ਹਾਂ ਨੇ ਉਪਰੋਕਤ ਸਾਰੀ ਜੀਵਨ ਲੀਲਾ ਨੂੰ ਕੁਝ ਕੁ ਸ਼ਬਦਾਂ ਵਿਚ ਹੀ ਸੰਕੋਚ ਕੇ ਸਾਨੂੰ ਜੀਵਨ-ਜਾਚ ਸਬੰਧੀ ਇਕ ਨਿਰਣਾਇਕ ਮਾਰਗ ਦਰਸ਼ਨ ਦਿੱਤਾ ਹੈ। ਉਹ ਆਪਣੀ ਸੁਕ੍ਰਿਤ 'ਸੋਹਣੀ' ਵਿਚ ਬਿਆਨ ਕਰਦੇ ਹਨ : ਜੱਸ ਜਿਉਣਾ ਅਪ ਜੱਸ ਮਰਨਾ ਜੱਗ ਤੇ ਗਲਾਂ ਦੋ ਰਾਵਣ ਕੀ ਜੱਗ ਚੋਂ ਲੈ ਗਿਆ ਕਰਣ ਗਿਆ ਕੀ ਖੋ।।

ਖੈਰ! ਹਾਲੇ ਵੀ ਸ਼ੁਕਰ ਹੈ ਕਿ ਵਾਹਿਗੁਰੂ ਦੀ ਕ੍ਰਿਪਾ ਸਦਕਾ ਨੇਕ ਮਾਂ-ਬਾਪ ਤੇ ਚੰਗੇ ਖ਼ਾਨਦਾਨੀ ਘਰ-ਘਰਾਣੇ ਆਪਣੇ ਬੱਚਿਆਂ ਨੂੰ ਸਦਾ ਹੀ ਵਧੀਆ ਧਾਰਮਿਕ ਤੇ ਸਮਾਜਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਉਹ ਮਾਪੇ ਆਪਣੇ ਬੱਚਿਆਂ ਪ੍ਰਤੀ ਹੋਰ ਵੀ ਵਧੀਆ ਫ਼ਰਜ਼ ਸਰਅੰਜਾਮ ਦਿੰਦੇ ਹਨ ਕਿ ਜਿਹੜੇ ਆਪਣੇ ਜੀਵਨ ਦੇ ਗਾਡੀ ਰਾਹ ਵਿਚ ਉਨ੍ਹਾਂ ਲਈ ਖ਼ੁਦ ਇਕ ਵਧੀਆ ਜੀਵਨਸ਼ੈਲੀ ਦੀ ਮਿਸਾਲ ਬਣਦੇ ਹਨ। ਖਾਸ ਕਰਕੇ ਇਸ ਪ੍ਰਥਾਇ ਲੜਕੀਆਂ ਨੇ ਨਵੇਂ ਪਰਿਵਾਰਾਂ ਵਿਚ ਜਾ ਕੇ ਇਕ ਨਵਾਂ ਘਰ-ਸੰਸਾਰ ਬਣਾਉਣਾ ਤੇ ਸੰਵਾਰਨਾ ਹੁੰਦਾ ਹੈ; ਇਸ ਵਾਸਤੇ ਸੁੱਘੜ-ਸਿਆਣੀਆਂ ਮਾਵਾਂ ਆਪਣੇ ਲਾਲਾਂ-ਬਾਲਕਿਆਂ ਤੇ ਧੀਆਂ-ਧਿਆਣੀਆਂ ਨੂੰ ਲੋਰੀਆਂ ਤੋਂ ਲੈ ਕੇ ਸੁਹਾਗ ਗੀਤਾਂ ਤਕ ਇਹ ਸਮਝਾਉਂਦੀਆਂ ਰਹਿੰਦੀਆਂ ਹਨ ਕਿ:-

"ਮਾਂ ਦੀਏ ਰਾਮ ਰੱਖੀਏ, ਨੀਅਤ ਨਾ ਕਦੇ ਕੰਗਾਲਾਂ ਵਾਲੀ ਰੱਖੀਏ"।



*Original with;*
Kulbir Singh Sidhu(I.A.S)
*Digitized by;*
Panjab Digital Library

# ਰੰਗੋਂ ਬਦਰੰਗ ਹੋ ਰਹੀਆਂ ਪ੍ਰਸ਼ਾਸਨਿਕ ਸੇਵਾਵਾਂ

ਭਾਰਤ ਵਿਚ ਪ੍ਰਸ਼ਾਸਨਿਕ ਲੋਕ ਸੇਵਾ ਅੰਗਰੇਜ਼ ਸਾਮਰਾਜ ਦੇ ਸਮੇਂ ਤੋਂ ਹੋਂਦ ਵਿਚ ਆਈ ਹੈ। ਅੰਗਰੇਜ਼ਾਂ ਨੇ ਇਨ੍ਹਾਂ ਸਿਵਲ ਸਰਵਿਸਿਜ਼ ਦੀ ਬਦਲੌਂਤ ਹੀ ਸੱਤ ਸਮੁੰਦਰੋਂ ਪਾਰ ਦੁਨੀਆਂ 'ਤੇ ਰਾਜ ਕੀਤਾ ਸੀ ਤੇ ਜਾਂਦੇ ਹੋਏ ਉਹ ਸਾਨੂੰ ਇਹ ਪ੍ਰਸ਼ਾਸਨਿਕ ਵਿਰਾਸਤ ਦੇ ਗਏ। ਪਹਿਲਾਂ ਆਈ.ਸੀ.ਐੱਸ. ਤੇ ਆਈ.ਪੀ. ਭਾਵ ਇੰਡੀਅਨ ਸਿਵਲ ਸਰਵਿਸਿਜ਼ ਤੇ ਇੰਪੀਰੀਅਲ ਪੁਲੀਸ ਦੇ ਨਾਮ ਨਾਲ ਜਾਣੀਆਂ ਜਾਂਦੀਆਂ, ਇਨ੍ਹਾਂ ਪ੍ਰਸ਼ਾਸਨਿਕ ਸੇਵਾਵਾਂ ਨੇ ਨਿਰਸੰਦੇਹ ਹੁਣ ਆਈ.ਏ.ਐੱਸ. ਤੇ ਆਈ.ਪੀ.ਐੱਸ. ਦੇ ਰੂਪ ਵਿਚ ਆਪਣਾ ਸਿੱਕਾ ਜਮਾਇਆ ਹੋਇਆ ਹੈ।

ਇਹ ਪ੍ਰਮੁੱਖ ਸੇਵਾਵਾਂ ਰਾਜਨੀਤਿਕ ਆਗੂਆਂ ਦੀ ਖੜਗ-ਭੁਜਾ ਤੇ ਡਾਂਗ-ਭੁਜਾ ਬਣ ਕੇ ਲਾਅ ਐਂਡ ਆਰਡਰ ਦੇ ਨਾਮ 'ਤੇ ਅਕਸਰ ਡੰਡਾ-ਖੰਡਾ ਖੜਕਾਉਂਦੀ ਰਹਿੰਦੀਆਂ ਹਨ। ਇਸ ਤਰ੍ਹਾਂ ਇਹ ਦੇਸ਼ ਦੀਆਂ ਪ੍ਰੀਮੀਅਰ ਸਰਵਿਸਿਜ਼ ਲੋੜ ਪੈਣ 'ਤੇ ਔਖੇ ਤੋਂ ਔਖੇ ਮਸਲੇ-ਮਰਹਲਿਆਂ ਵਿਚੋਂ ਕਾਮਯਾਬੀ ਹਾਸਿਲ ਕਰਨ ਦੀ ਬੇਅੰਤ ਸਮਰਥਾ ਰੱਖਦੀਆਂ ਹਨ। ਬੇਸ਼ੱਕ ਇਹ ਲੋਕ ਸੇਵਾਵਾਂ ਹੁਣ ਤੱਕ ਵੀ ਔਖੇ-ਸੌਖੇ ਨਿਭ ਰਹੀਆਂ ਹਨ। ਪਰ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਸ਼ੁਰੂ ਤੋਂ ਹੀ ਇਹ ਪ੍ਰਸ਼ਾਸਨਿਕ ਵਿਵਸਥਾ ਤੇ ਅਫ਼ਸਰਸ਼ਾਹੀ ਪਬਲਿਕ ਸਰਵਿਸ ਤੇ ਪਬਲਿਕ ਸਰਵੈਂਟ ਭਾਵ ਲੋਕ ਸੇਵਾ ਤੇ ਲੋਕ ਸੇਵਕ ਕਹਾਉਣ ਦੇ ਬਾਵਜੂਦ ਵੀ ਰਾਜਭਾਗ ਦੀ ਚਮਕ-ਚੌਧਰ ਤੇ ਧਨ ਲਾਭ ਵਿਚ ਬਰਾਬਰ ਦੀ ਹਿੱਸੇਦਾਰੀ ਰਹੀ ਹੈ। ਇਸ ਸੰਦਰਭ ਵਿਚ ਅੰਗਰੇਜ਼ਾਂ ਸਮੇਂ ਸਭ ਤੋਂ ਸਰਵਉੱਚ ਅਹੁਦੇ ਦਾ ਮਾਲਕ ਕੋਈ ਰੱਬ ਦਾ ਬਖਸ਼ਿਆ ਵਾਇਸਰਾਏ ਹੀ ਹੋਵੇਗਾ, ਜੋ ਹਿੰਦੋਸਤਾਨ ਤੋਂ ਬੇਦਾਗ ਵਾਪਸ ਗਿਆ ਹੋਵੇਗਾ।

ਇਸ ਤਰ੍ਹਾਂ ਹੁਣ ਵੀ ਭ੍ਰਿਸ਼ਟਾਚਾਰ ਤੇ ਖਾਸ ਤੌਰ ਤੇ ਰਿਸ਼ਵਤਖੋਰੀ ਦੇ ਮਾਮਲੇ ਵਿਚ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਾਲਾਤਾਂ ਅਨੁਸਾਰ ਜਦੋਂ ਕਿ ਦਫ਼ਤਰ ਵੀ ਦੁਕਾਨ ਹੀ ਬਣ ਗਏ ਹਨ ਤਾਂ ਲੋਕ ਪ੍ਰਸ਼ਾਸਨ ਤੇ ਸਿਆਸਤ ਵੀ ਇਕ ਸੱਨਅਤ ਹੀ ਬਣ ਗਈ ਹੈ। ਇਹ ਸਿਆਸਤ ਤੇ ਪ੍ਰਸ਼ਾਸਨ ਦੀ ਭਾਈਵਾਲੀ ਤੇ ਸਾਂਝੇਦਾਰੀ ਦਾ 'ਲੋਕ ਸੇਵਾ ਦਾ ਉਦਯੋਗ' ਅਜਿਹਾ ਹੈ ਕਿ ਜਿਸ ਵਿਚ 'ਹਿੰਗ ਲੱਗੇ ਨਾ ਫਟਕੜੀ' ਅਨੁਸਾਰ ਨਿਵੇਸ਼ ਮਾਤਰ ਤਾਂ ਕੋਈ ਰਕਮ ਨਹੀਂ ਲਗਦੀ, ਪਰ ਲਾਭ ਤੇ ਬੋਨਸ ਸਾਰੀ ਲੋਕ ਸੇਵਾ ਦੇ ਦੌਰਾਨ ਚਲਦਾ ਰਹਿੰਦਾ ਹੈ। ਇਕ ਗੱਲ ਹੋਰ ਵੀ ਹੈ ਕਿ ਅਸਲ ਵਿਚ ਹੁਣ ਸਿਆਸੀ ਆਗੂ ਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਸਹੀ ਰੂਪ ਵਿਚ ਆਪੋ-ਆਪਣੀ ਤਾਕਤ ਤੇ ਔਕਾਤ ਸਮਝਣ ਲਗ ਪਏ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਜਦੋਂ ਤੋਂ ਸਿਆਸਤਦਾਨਾਂ ਨੂੰ ਪਤਾ ਲਗ ਗਿਆ ਹੈ ਕਿ ਰਾਜ ਦਾ ਵੱਡੇ ਤੋਂ ਵੱਡਾ ਅਧਿਕਾਰੀ ਵੀ ਕਿਸੇ ਵੀ ਵਿਧਾਇਕ ਤੋਂ ਥੱਲੇ ਹੁੰਦਾ ਹੈ ਤਾਂ ਉਦੋਂ ਤੋਂ ਇਨ੍ਹਾਂ ਦੀ ਹੋਰ ਵੀ ਚੜ੍ਹ ਮੱਚ ਗਈ ਹੈ। ਪਰ ਇਸ ਦੇ ਨਾਲ ਇਹ ਲੋਕ ਆਪਣੀ ਕਮਜ਼ੋਰੀ ਵੀ ਸਮਝਦੇ ਹਨ ਕਿ 'ਤਾਕਤ ਦੀ ਕਲਮ' ਤਾਂ ਅਫ਼ਸਰ ਦੇ ਹੱਥ ਹੀ ਹੁੰਦੀ ਹੈ। ਇਸ ਲਈ ਨੇਤਾ ਲੋਕ ਹੁਣ ਅਫ਼ਸਰਾਂ ਨੂੰ 'ਮਿਲਵਰਤਣ ਲਹਿਰ' ਦੇ ਗੁਣ ਸਮਝਾਉਣ ਲੱਗ ਪਏ ਹਨ। ਜੇ ਅਫ਼ਸਰ ਮਿਲ ਕੇ ਚੱਲੇ ਤਾਂ ਠੀਕ ਹੈ, ਨਹੀਂ ਤਾਂ ਫੰਨੇ ਖਾਂ ਅਫ਼ਸਰਾਂ ਨੂੰ ਸਿਆਸੀ ਲੋਕ ਰਗੜੇ ਦੇਣ ਲੱਗ ਪੈਂਦੇ ਹਨ। ਦੂਜੇ ਪਾਸੇ ਅਫ਼ਸਰ ਵੀ ਸਮਝਣ ਲੱਗ ਪਏ ਹਨ ਕਿ ਰਾਜਸੀ ਲੋਕਾਂ ਦੀ ਸਰਪ੍ਰਸਤੀ ਤੋਂ ਬਿਨਾਂ ਉਨ੍ਹਾਂ ਦੀ ਗਤੀ ਨਹੀਂ ਹੈ। ਇਸ ਕਰਕੇ ਹੀ ਹੁਣ ਆਪਣੇ ਗੌਡਫਾਦਰ ਭਾਵ ਸਿਆਸੀ ਧਰਮ-ਪਿਤਾ ਦਾ ਮੂੰਹ ਵੇਖ ਕੇ ਆਈ.ਪੀ.ਸੀ. ਦੀ ਧਾਰਾ 307 ਨੂੰ 107 ਤੇ 107 ਨੂੰ 307 ਵਿਚ ਤਬਦੀਲ ਕਰਨ ਵਾਲੇ ਅਫ਼ਸਰਾਂ ਦੀ ਹੁਣ ਕਮੀ ਨਹੀਂ ਰਹੀ।

ਜ਼ਾਹਿਰ ਹੈ ਕਿ ਸਿਆਸੀ ਸਰਪ੍ਰਸਤੀ ਤੇ ਸਿਆਸੀ ਦਬਾਅ ਹੇਠ ਭਲੇ-ਚੰਗੇ ਜਨਾਬ ਵੀ ਬੇ-ਸਿਰ-ਪੈਰ ਦੀਆਂ ਬੇ-ਥੱਵੀਆਂ ਮਾਰਨ ਦੇ ਮਾਹਿਰ ਹੋ ਜਾਂਦੇ ਹਨ। ਬਸ ਅਜਿਹੇ ਜਨਾਬਾਂ ਦੀ ਵਿਸ਼ੇਸ਼ਤਾ 'ਜੀ ਹਜ਼ੂਰੀ, ਰਿਸ਼ਵਤਖੋਰੀ ਤੇ ਸੀਨਾਜ਼ੋਰੀ ਔਰ ਕੈਸੀ ਸਰਦਾਰੀ ਜਿਹੀ ਟਿੱਪਣੀ ਦੁਆਰਾ ਭਲੀ-ਭਾਂਤ ਬਿਆਨ ਹੋ ਜਾਂਦੀ ਹੈ।

ਖੈਰ! ਅਫ਼ਸਰਾਂ ਦੀ ਧੱਕੇਸ਼ਾਹੀ ਤੇ ਰਿਸ਼ਵਤਖੋਰੀ ਨੂੰ ਨਕੇਲ-ਲਗਾਮ ਪਾਉਣ ਹਿੱਤ ਅੰਗਰੇਜ਼ ਸਰਕਾਰ ਨੇ ਚੋਰ ਨੂੰ ਫੜਣ ਲਈ ਚੋਰ ਨਿਯੁਕਤ ਕਰਨ ਦੀ ਨੀਤੀ ਅਨੁਸਾਰ ਪ੍ਰਸ਼ਾਸਨ ਵਿਚ ਬਾਬੂ-ਸਿਪਾਹੀ ਤੋਂ ਸ਼ੁਰੂ ਹੋ ਕੇ ਡੀ.ਸੀ. ਤੇ ਪੁਲਿਸ ਕਪਤਾਨ ਅਤੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਤੱਕ ਤਿੰਨ-ਚਾਰ ਪੜਾਵੀ ਬੰਦੋਬਸਤ ਕੀਤਾ ਹੋਇਆ ਸੀ। ਪਰ ਹੁਣ ਇਹ ਸਾਰੇ ਪੜਾਵੀ ਅਧਿਕਾਰੀ ਰਿਸ਼ਵਤਖੋਰੀ ਤੇ ਹੋਰ ਖੋਹਾ-ਖਿੰਝੀ ਦੀ ਗਰਜ਼ ਪੂਰੀ ਕਰਨ ਲਈ ਆਪਸੀ ਮਿਲੀਭੁਗਤ ਨਾਲ ਘਿਉ-ਖਿਚੜੀ ਹੋ ਗਏ ਹਨ। ਵਿਭਾਗਾਂ ਵਿਚ ਚੋਰ-ਕੁੱਤੀ ਮਿਲਣ ਦਾ ਮੁਹਾਵਰਾ ਜਦੋਂ ਤੋਂ ਪ੍ਰਤੱਖ ਰੂਪ ਵਿਚ ਜਲਵਾਗਰ ਹੋਣ ਲੱਗਾ ਹੈ, ਉਦੋਂ ਤੋਂ ਹੀ ਸਰਕਾਰਾਂ ਨੂੰ ਸਖਤ ਤੇ ਚਾਕੋ-ਚੌਬੰਦ ਚੌਕਸੀ ਵਿਭਾਗ ਦੀ ਲੋੜ ਪਈ ਹੈ।

ਇਹ ਗੱਲ ਵੱਖਰੀ ਹੈ ਕਿ ਸਮੇਂ ਦੇ ਨਾਲ-ਨਾਲ ਚੌਕਸੀ ਵਿਭਾਗ ਵੀ ਇਮਾਨਦਾਰੀ ਦਾ ਸਬਕ ਪੜ੍ਹਾਉਂਦੇ-ਪੜ੍ਹਾਉਂਦੇ ਆਪ ਹੀ ਭ੍ਰਿਸ਼ਟਾਚਾਰ ਦੇ ਮੂੰਹੇਂ ਆ ਗਿਆ ਹੈ। ਸਰਕਾਰ ਲਈ ਹੁਣ ਇਹ ਸਾਰੀ ਸਥਿਤੀ ਕੁਝ ਇਉਂ ਜਿਹੇ ਬਣ ਗਈ ਹੈ ਕਿ ਜਿਵੇਂ ਬਿੱਲੇ ਦੁੱਧ ਦੀ ਰਾਖੀ ਤੇ ਗਿੱਦੜ ਖਰਬੂਜ਼ਿਆਂ ਦੀ ਰਾਖੀ ਬੈਠੇ ਹੋਣ। ਕਿਤੇ-ਕਿਤੇ ਚੌਕਸੀ ਵਿਭਾਗ ਦਾ ਰੂਪ ਸ਼ਿਕਰਿਆਂ ਵਰਗਾ ਵੀ ਬਣ ਗਿਆ ਹੈ। ਕਿਸੇ ਸਮੇਂ ਸ਼ਾਹੀ ਲੋਕ ਬਾਜ ਨਾਲ ਸ਼ਿਕਾਰ ਕਰਿਆ ਕਰਦੇ ਸਨ। ਉਸ ਤਰ੍ਹਾਂ ਹੀ ਅੱਜ-ਕੱਲ੍ਹ ਸਰਕਾਰਾਂ ਦਾ ਇਕ ਮਾੜਾ ਚਲਨ ਇਹ ਹੋ ਗਿਆ ਹੈ ਕਿ ਆਪਣੀਆਂ ਸਿਆਸੀ ਕਿੜ੍ਹਾਂ ਕੱਢਣ ਲਈ ਇਹ ਵਿਜੀਲੈਂਸ ਵਿਭਾਗ ਨੂੰ ਸ਼ਿਕਾਰੀ-ਸ਼ਿਕਰੇ ਬਣਾ ਕੇ ਨੌਕਰਸ਼ਾਹੀ ਦੇ ਵੱਟ ਕੱਢਣ ਲੱਗ ਪਈਆਂ ਹਨ।।



*Original with;*
Kulbir Singh Sidhu(I.A.S)
*Digitized by;*
Panjab Digital Library

ਬੇਸ਼ੱਕ ਹੁਣ ਵੀ ਇਕ ਤੋਂ ਵੱਧ ਇਕ ਕਾਬਿਲ ਅਫ਼ਸਰ ਸਾਡੀ ਇਸ ਪ੍ਰਸ਼ਾਸਨਿਕ ਵਿਵਸਥਾ ਦੀ ਸ਼ਾਨ ਹੈ। ਜਿਨ੍ਹਾਂ ਲਈ ਸਦਾਚਾਰ ਤੇ ਲੋਕ ਸੇਵਾ ਦਾ ਸੰਕਲਪ ਨਿੱਜੀ ਦੀਨ-ਇਮਾਨ ਵਾਂਗ ਹੈ। ਪਰ ਇਹ ਲੋਕ ਵੀ ਹੁਣ ਦਿਆਨਤਦਾਰੀ ਨਾਲ ਆਪਣੀ ਨਿਰਭੈ-ਬੇਬਾਕ ਦਲੀਲ ਦੇਣ ਤੋਂ ਝਿਜਕਦੇ ਹਨ। ਇਹ ਲੋਕ-ਸੇਵਾ ਦੀ ਮਰਿਆਦਾ ਤੇ ਜ਼ਾਬਤੇ ਅਨੁਸਾਰ ਆਪਣੇ ਆਪ ਨੂੰ ਅਕਸਰ ਲਗਾਮ ਤੇ ਛਿੱਕਲੇ ਪਾ ਕੇ ਰੱਖਦੇ ਹਨ। ਜ਼ਿਲ੍ਹਾ ਪੱਧਰ ਤੇ ਸੈਕਟਰੀਏਟ ਪੱਧਰ ਦੀਆਂ ਮੀਟਿੰਗਾਂ ਵਿਚ ਅਕਸਰ ਦੇਖਿਆ ਗਿਆ ਹੈ ਕਿ ਬੜੇ-ਬੜੇ ਸਾਲਾਂ ਦੇ ਤਜਰਬਾਕਾਰ ਅਫ਼ਸਰ ਵੀ ਆਪਣੀ ਰਾਏ ਖੁੱਲ੍ਹ ਕੇ ਨਹੀਂ ਦਿੰਦੇ। ਜੇ ਉਹ ਪ੍ਰਧਾਨਗੀ ਅਫ਼ਸਰ ਵੱਲੋਂ ਬੁਲਾਏ 'ਤੇ ਬੋਲਦੇ ਵੀ ਹਨ ਤਾਂ ਉਹ ਵਿਚਾਰ ਅਧੀਨ ਮੁੱਦੇ-ਮਸਲੇ ਤੋਂ ਪਹਿਲਾਂ 'ਵੱਡੇ ਸਾਹਿਬ' ਦਾ ਰੁਖ਼ ਦੇਖਦੇ ਹਨ ਤੇ ਫਿਰ ਆਪਣੀ ਉਹ ਰਾਏ ਦਿੰਦੇ ਹਨ ਕਿ ਜਿਹੜੀ 'ਜਨਾਬ' ਨੂੰ ਸੋਂਹਦੀ-ਪੋਂਹਦੀ ਹੋਵੇ।

ਹੁਣ ਮੁੱਖ ਤੌਰ 'ਤੇ ਸਾਰੀ ਅਫ਼ਸਰਸ਼ਾਹੀ 'ਜਿਹੋ ਜਿਹਾ ਤੇਰਾ ਦਾਣਾ-ਪਾਣੀ ਤਿਹਾ ਮੇਰਾ ਕੰਮ ਜਾਣੇ' ਦੀ ਲੋਕ ਸਿਆਣਪ ਅਨੁਸਾਰ ਚਲਦੀ ਹੈ। ਫਿਰ ਇਸ ਦਾ ਅਗਲਾ ਅਸੂਲ 'ਜਿਹਦੀ ਖਾਈਏ ਬਾਜਰੀ, ਉਸ ਦੀ ਭਰੀਏ ਹਾਜ਼ਰੀ' ਦੇ ਲੋਕ ਅਖਾਣ ਅਨੁਸਾਰ ਹੁੰਦਾ ਹੈ। ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਇਕ ਆਮ ਅਫ਼ਸਰ ਕਾਬਲੀਅਤ ਤੇ ਤਜਰਬੇ ਦੇ ਆਧਾਰ 'ਤੇ ਆਮ ਲੋਕਾਂ ਨਾਲੋਂ ਕਾਫੀ ਸਿਆਣਾ ਹੁੰਦਾ ਹੈ। ਇਸ ਲਈ ਇਨ੍ਹਾਂ ਨੂੰ ਕਿਸੇ ਵੀ ਮਸਲੇ ਜਾਂ ਉਸ ਮਸਲੇ ਬਾਰੇ ਰਾਜੇ ਤੇ ਪ੍ਰਜਾ ਦੇ ਪ੍ਰਤੀਕਰਮ ਦਾ ਰੁਖ਼ ਸਮਝਣ ਤੇ ਜਾਣਨ ਵਿਚ ਕੋਈ ਔਕੜ ਨਹੀਂ ਆਉਂਦੀ। ਇਸ ਲਈ 'ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ ਜਿਹੜੀ ਕਰੂਗਾ ਖਾਲਸਾ ਪੰਥ ਮੀਆਂ' ਅਨੁਸਾਰ ਅਖੀਰ ਵਿਚ ਤਾਂ ਅਫ਼ਸਰਸ਼ਾਹੀ ਦੀ ਹੀ ਪੁੱਗਦੀ ਹੈ।

ਫਿਰ ਕਿਸੇ ਮਸਲੇ ਸਬੰਧੀ ਆਪਣੇ ਸੀਨੀਅਰ ਅਧਿਕਾਰੀਆਂ ਦਾ ਰੁਖ਼ ਤੇ ਮਿਜਾਜ਼ ਤਾੜਨ ਵਿਚ ਮੁਲਾਜ਼ਮ-ਨੌਕਰਸ਼ਾਹੀ ਨੂੰ ਕੋਈ ਸਮਾਂ ਨਹੀਂ ਲਗਦਾ। ਇਸ ਲਈ ਅਫ਼ਸਰਸ਼ਾਹੀ ਦੀ ਤੁਲਨਾ ਪੁਰਾਣੇ ਸਮੇਂ ਇਮਾਰਤਾਂ 'ਤੇ ਲੱਗੇ 'ਹਵਾ-ਕੁੱਕੜ' ਭਾਵ ਦਿਸ਼ਾ ਸੂਚਕ ਯੰਤਰ ਦੇ ਨਾਲ ਵੀ ਕੀਤੀ ਜਾਂਦੀ ਹੈ। ਬੱਸ ਤਕਰੀਬਨ ਸਾਰੀ ਅਫ਼ਸਰਸ਼ਾਹੀ ਸਮੇਂ ਦੀ ਹਵਾ ਅਨੁਸਾਰ ਹਵਾ-ਕੁੱਕੜ ਵਾਂਗੂੰ ਆਪਣਾ ਪੂੰਝਾ ਘੁਮਾ ਕੇ ਆਪਣਾ ਮੂੰਹ ਉੱਚ ਅਧਿਕਾਰੀ ਦੀ ਕੁਰਸੀ ਵੱਲ ਨੂੰ ਹੀ ਰੱਖਦੀ ਹੈ।

ਜਿੱਥੋਂ ਤੱਕ ਦੇਸ਼ ਦੇ ਵਿਧਾਨ-ਕਾਨੂੰਨ ਨੂੰ ਲਾਗੂ ਕਰਨ ਲਈ ਦੇਸ਼ ਦੀ ਅਫ਼ਸਰਸ਼ਾਹੀ ਦੀ ਐਡਮਿਨਸਟ੍ਰੇਟਿਵ ਵਿੱਲ ਤੇ ਸਕਿੱਲ ਭਾਵ ਪ੍ਰਸ਼ਾਸਨਿਕ ਸਮਰਥਾ ਤੇ ਕੁਸ਼ਲਤਾ ਦਾ ਸਵਾਲ ਹੈ, ਇਹ ਹਮੇਸ਼ਾਂ ਹੀ ਆਪਣੀ ਸਮਰਥਾ ਵਾਸਤੇ ਆਪਣੇ ਪੋਲੀਟੀਕਲ ਮਾਸਟਰਜ਼ ਦੀ ਖਾਹਿਸ਼ ਤੇ ਮਨਸ਼ਾ-ਮੁਬਾਰਿਕ ਭਾਵ 'ਜੋ ਹੁਕਮ ਸਰਕਾਰ' ਦੇ ਇਸ਼ਾਰੇ 'ਤੇ ਨਿਰਭਰ ਰਹੀ ਹੈ। ਪਰ ਜਿਥੋਂ ਤੱਕ ਅਫ਼ਸਰਾਂ ਦੀ ਪ੍ਰਸ਼ਾਸਨਿਕ ਕੁਸ਼ਲਤਾ ਦਾ ਸਬੰਧ ਹੈ, ਇਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਸਾਡੀ ਇਹ ਪ੍ਰਸ਼ਾਸਨਿਕ ਵਿਵਸਥਾ ਪ੍ਰਣਾਲੀ ਸਰਕਾਰ ਦੀ 'ਪੱਲਾ ਮਾਰ ਕੇ ਬੁਝਾ ਗਈ ਦੀਵਾ ਤੇ ਅੱਖ ਨਾਲ ਗੱਲ ਕਰ ਗਈ' ਵਰਗੀਆਂ ਸਾਰੀਆਂ 'ਊਆਂ-ਬਾਈ' ਰਮਜ਼ਾਂ ਨੂੰ ਬਾਖ਼ੂਬੀ ਸਮਝਦੀ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਚਲੋ, ਸਾਡੇ ਸਮਾਜ ਵਿਚ ਭ੍ਰਿਸ਼ਟਾਚਾਰ ਨੂੰ ਬਹੁਤ ਵੱਡੀ ਹੱਦ ਤੱਕ ਮਜਬੂਰੀ, ਗਰਜ਼ਮੰਦੀ ਤੇ ਖੁਸ਼ਾਮਦ-ਪਸੰਦੀ ਨੇ ਜਨਮ ਦਿੱਤਾ ਹੈ। ਸਮੁੱਚੇ ਤੌਰ 'ਤੇ ਦੇਸ਼ ਭਗਤੀ ਨਾਲੋਂ ਹੁਣ ਜੇਬ ਭਗਤੀ ਹੁਣ ਵੱਡੀ ਸ਼ੈਅ ਹੈ। ਪਹਿਲਾਂ ਅਧਿਆਤਮਕ ਪੱਖ ਤੋਂ ਲੋਕ ਸੇਵਾ ਇਕ ਮਿੱਠਾ ਮੇਵਾ ਹੁੰਦੀ ਸੀ। ਸਾਡੀ ਇਕ ਧਾਰਨਾ ਸੀ ਕਿ 'ਸੇਵਾ ਨੂੰ ਲਗਦਾ ਮੇਵਾ ਕਰਕੇ ਕੋਈ ਵੇਖ ਲਉ'। ਪਰ ਹੁਣ ਅਸੀਂ ਪ੍ਰਸ਼ਾਸਨਿਕ ਖੇਤਰ ਵਿਚ ਲੋਕ ਸੇਵਾ ਦੇ ਨਾਂਅ 'ਤੇ ਵੱਡੇ-ਵੱਡੇ ਜੇਬ ਸੇਵਾ ਦੇ ਮੈਦਾਨ ਮਾਰੇ ਹਨ। ਸੇਵਾ ਦੇ ਪ੍ਰਸ਼ਾਦ ਨੂੰ ਹੁਣ ਅਫ਼ਸਰਸ਼ਾਹੀ ਕੁਣਕਾ ਮਾਤਰ ਨਜ਼ਰਾਨੇ, ਇਵਜ਼ਾਨੇ ਤੇ ਹਰਜਾਨੇ ਦੇ ਰੂਪ ਵਿਚ ਪ੍ਰਾਪਤ ਕਰਨ ਲਈ ਮਾਰੋ-ਮਾਰ ਕਰ ਰਹੀ ਹੈ।

ਇਹ ਹੀ ਕਾਰਨ ਹੈ ਕਿ ਕਿਸੇ ਵੀ ਉੱਚ ਅਧਿਕਾਰੀ ਦੇ ਦਫ਼ਤਰ ਜਾਂ ਘਰ ਦੇ ਸਾਹਮਣੇ ਨਵੇਂ ਸਾਲ ਦੇ ਦਿਨ 'ਹੈਪੀ ਨਿਊ ਯੀਅਰ' ਤੇ ਦਿਵਾਲੀ 'ਤੇ 'ਹੈਪੀ ਦਿਵਾਲੀ' ਕਹਿਣ ਵਾਲਿਆਂ ਦਾ ਨਜ਼ਾਰਾ 'ਕਮਿਊਨਿਟੀ ਬਾਥ' ਅੱਗੇ ਲੱਗੀ ਲਾਈਨ ਵਰਗਾ ਹੁੰਦਾ ਹੈ। ਸਮੁੱਚੇ ਤੌਰ 'ਤੇ ਹੁਣ ਜਦੋਂ ਕਿ ਸਮਾਜ ਦਾ ਚਲਣ ਹੀ ਭ੍ਰਿਸ਼ਟਾਚਾਰੀ ਹੋ ਗਿਆ ਹੈ ਤਾਂ ਇਕ ਬੰਦੇ ਦਾ ਹੱਥ, ਦੂਜੇ ਬੰਦੇ ਦੇ ਖੀਸੇ ਵਿਚ ਹੈ। ਵੇਦ-ਵੇਦਾਂਤਾਂ ਦੇ ਸਮੇਂ ਲੋਕ ਕਿਹਾ ਕਰਦੇ ਸਨ ਕਿ 'ਅਪਨਾ ਹਾਥ ਜਗਨ ਨਾਥ' ਭਾਵ ਭਗਵਾਨ ਨੇ ਸਾਡੇ ਹੱਥ ਮਾਇਆ-ਦੌਲਤ ਦੇ ਪੱਖੋਂ ਬਰਕਤ ਪਾਈ ਹੋਈ ਹੈ। ਬਿਲਕੁਲ ਇਸ ਤਰ੍ਹਾਂ ਦੇ ਪਰਿਚਲਣ ਨਾਲ ਹੀ ਇਕ ਦਫ਼ਤਰ ਵਿਚ ਇਕ ਬਾਬੂ ਤੋਂ ਦੂਜਾ ਬਾਬੂ ਅਤੇ ਫਿਰ ਇਕ ਦਫ਼ਤਰ ਤੋਂ ਦੂਜਾ ਦਫਤਰ ਗਰਜ਼ ਦੇ ਮਾਰੇ ਪ੍ਰਾਰਥੀਆਂ ਨੂੰ ਆਪਣੀ ਮਰਜ਼ ਦਾ ਹੱਲ ਲੱਭਣ ਲਈ ਗਧੀ ਗੇੜ ਪਾਈ ਰੱਖਦਾ ਹੈ। ਬੱਸ ਗੱਲ ਖਤਮ ਹੈ ਕਿ ਭ੍ਰਿਸ਼ਟਾਚਾਰ ਹੁਣ ਸਿਸ਼ਟਾਚਾਰ ਬਣ ਕੇ ਰਹਿ ਗਿਆ ਹੈ।

ਜਦੋਂ ਕੋਈ ਪ੍ਰਾਰਥੀ ਆਪਣਾ ਬੇਨਤੀ ਪੱਤਰ ਸਬੰਧਤ ਉੱਚ ਅਧਿਕਾਰੀ ਨੂੰ ਦਿੰਦਾ ਹੈ ਤਾਂ ਤਕਰੀਬਨ ਹਰ ਅਧਿਕਾਰੀ ਉਸ ਪੱਤਰ ਨੂੰ ਐੱਨ/ਏ ਭਾਵ ਨਸੈੱਸਰੀ ਐਕਸ਼ਨ ਲਿਖ ਕੇ ਹੇਠਲੇ ਅਧਿਕਾਰੀਆਂ ਨੂੰ ਮਾਰਕ ਕਰ ਦਿੰਦਾ ਹੈ। ਪ੍ਰਾਰਥੀ ਦੇ ਚਿਹਰੇ 'ਤੇ ਉਦੋਂ ਇਕ ਜਲੌਅ ਜਿਹਾ ਝਲਕਦਾ ਹੈ ਕਿਉਂਕਿ ਉਸ ਦੀ ਹੁਣ ਸੁਣਵਾਈ ਹੋ ਗਈ ਹੈ। ਇਸ ਲਈ ਉਸ ਨੂੰ ਹੁਣ ਇਨਸਾਫ ਜ਼ਰੂਰ ਮਿਲੇਗਾ। ਪਰ ਅਖੀਰ ਵਿਚ ਇਹ ਸਾਰਾ ਵਰਤਾਰਾ ਇਉਂ ਬਣ ਜਾਂਦਾ ਹੈ ਕਿ ਜਿਵੇਂ ਸਰਕਾਰੀ ਡਿਸਪੈਂਸਰੀ ਦਾ ਕੋਈ ਡਾਕਟਰ ਅਕਸਰ ਦਵਾਈਆਂ ਨਾ ਹੋਣ ਕਰਕੇ ਮਰੀਜ਼ ਨੂੰ ਢੇਰ ਸਾਰੀਆਂ ਦਵਾਈਆਂ ਦੀ ਪਰਚੀ ਦੇ ਕੇ ਕੈਮਿਸਟ ਕੋਲ ਤੋਰ ਦਿੰਦਾ ਹੈ।

ਦਫ਼ਤਰੀ ਚਿੱਠੀ-ਪੱਤਰੀ ਦੇ ਸਬੰਧ ਵਿਚ ਸਦਾਅਤ ਹਸਨ ਮੰਟੋ ਦੀ ਕਹਾਣੀ 'ਜਾਮਨ ਕਾ ਪੇੜ' ਦਾ ਸਾਰੰਸ਼ ਕੁੱਝ ਇਸ ਤਰ੍ਹਾਂ ਹੈ ਕਿ ਕੋਈ ਬੰਦਾ ਡੀ.ਸੀ. ਦਫ਼ਤਰ ਵਿਚ ਜਾਮਣ ਦੇ ਦਰਖਤ ਥੱਲੇ ਆ ਗਿਆ। ਬਾਬੂ ਤੋਂ ਅਫ਼ਸਰ ਅਤੇ ਅੱਗੇ ਡੀ.ਸੀ. ਦੇ ਦਰਮਿਆਨ ਕੋਈ ਮਜ਼ਦੂਰ ਲਾ ਕੇ ਉਸ ਨੂੰ ਕੱਢਣ ਦੀ ਬਜਾਏ ਲਿਖਾ-ਪੜ੍ਹੀ ਸ਼ੁਰੂ ਹੋ ਗਈ ਕਿਉਂਕਿ ਇਹ ਦਰਖਤ ਕਿਸੇ ਨੇਤਾ ਵਲੋਂ ਲਾਇਆ ਹੋਇਆ ਸੀ। ਦਫ਼ਤਰ ਦਾ



*Original with;*
Kulbir Singh Sidhu(I.A.S)
*Digitized by;*
Panjab Digital Library

ਸੁਪਰਡੈਂਟ ਨਿੱਤ ਉਸ ਬੰਦੇ ਨੂੰ ਫਾਈਲ ਦੀ ਤਾਜ਼ਾ ਸਥਿਤੀ ਬਾਰੇ ਦੱਸਦਾ ਸੀ। ਇਕ ਦਿਨ ਉਹ ਦੁਖੀਆ ਬੰਦਾ ਕਹਿਣ ਲੱਗਾ:-

ਹਮਨੇ ਮਾਨਾ ਕਿ ਤਗ਼ਾਫ਼ੁਲ ਨ ਕਰੋਗੇ ਲੇਕਿਨ
ਖ਼ਾਕ ਹੋ ਜਾਏਂਗੇ ਹਮ ਤੁਮ ਕੋ ਖ਼ਬਰ ਹੋਨੇ ਤੱਕ।

ਸੋ! ਆਮ ਤੌਰ 'ਤੇ ਇਹ ਹੁੰਦਾ ਹੈ ਕਿ ਜਦੋਂ ਤੱਕ ਕੋਈ ਕੇਸ ਅਦਾਲਤਾਂ ਜਾਂ ਦਫ਼ਤਰਾਂ ਵਿਚ ਸਿਰੇ ਲਗਦਾ ਹੈ ਤਾਂ ਉਦੋਂ ਤੱਕ ਜਾਂ ਤਾਂ ਬੰਦੇ ਦੀ ਸਮੱਸਿਆ ਖਤਮ ਹੋ ਜਾਂਦੀ ਹੈ ਤੇ ਜਾਂ ਫਿਰ ਬੰਦਾ ਹੀ ਚੜ੍ਹਾਈ ਕਰ ਜਾਂਦਾ ਹੈ।

ਖੈਰ! ਅਕਸਰ ਹੀ ਫੈਸਲਿਆਂ ਨੂੰ ਪ੍ਰਵਾਨ ਚੜ੍ਹਾਉਣ ਲਈ ਕਈ ਭ੍ਰਿਸ਼ਟਾਚਾਰੀ ਕਰਣਪਲਾਹ ਕਰਨੇ ਪੈਂਦੇ ਹਨ। ਅੱਜ-ਕੱਲ੍ਹ ਇਸ ਸੰਦਰਭ ਵਿਚ ਕੋਰਟ-ਕਚਹਿਰੀਆਂ ਤੇ ਦਫ਼ਤਰਾਂ ਵਿਚ ਸਿਫਾਰਿਸ਼ੀ ਪਰਚੀ ਵੀ ਬੇਅੰਤ ਕਾਰਗਰ ਸਾਬਿਤ ਹੋ ਰਹੀ ਹੈ। ਅਜੋਕੇ ਸਮੇਂ ਵਿਚ ਕਿਸੇ ਅਫ਼ਸਰ ਦੀ ਕਚਹਿਰੀ ਦਾ ਨਜ਼ਾਰਾ ਕੁੱਝ ਇਉਂ ਜਿਹੇ ਹੁੰਦਾ ਹੈ ਕਿ ਜਿਵੇਂ ਵਿਦਿਆਰਥੀ ਇਮਤਿਹਾਨ ਵੇਲੇ ਚੋਰੀ ਛੁਪੇ ਨਕਲ ਮਾਰਨ ਲਈ ਡੱਬ ਵਿਚ ਟੰਗੀ ਪਰਚੀ ਕੱਢਦਾ ਹੈ। ਫੇਰ ਉਹ ਉਸ ਨੂੰ ਤਿਰਛੀ ਜਿਹੀ ਨਜ਼ਰ ਨਾਲ ਡੈਸਕ ਥੱਲੇ ਕਰਕੇ ਪੜ੍ਹਦਾ ਹੈ। ਬੱਸ ਬਿਲਕੁਲ ਇਸ ਤਰ੍ਹਾਂ ਜਿਹੇ ਦੀ ਹੀ ਹਾਲਤ ਦਫ਼ਤਰ-ਕਚਹਿਰੀ ਵਿਚ ਬੈਠੇ ਅਫ਼ਸਰ ਦੀ ਹੁੰਦੀ ਹੈ। ਜਦੋਂ ਉਹ ਸਾਹਮਣੇ ਖੜ੍ਹੀਆਂ ਧਿਰਾਂ ਤੋਂ ਨਜ਼ਰਾਂ ਜਿਹੀਆਂ ਬਚਾ ਕੇ ਸਿਫਾਰਿਸ਼ੀ ਪਰਚੀ ਪੜ੍ਹਦਾ ਹੈ ਕਿ ਕਿਸ ਸਿਆਸੀ ਮਹਾਂਬਲੀ ਦੀ ਸਿਫਾਰਿਸ਼ ਕਿਸ ਧਿਰ ਵਾਸਤੇ ਆਈ ਹੈ? ਪਰ ਦੇਖਣ ਵਾਲੇ ਵੀ ਕਮਾਲ ਦੀ ਨਜ਼ਰ ਰੱਖਦੇ ਹਨ, ਉਹ ਇਹ ਵੀ ਸਮਝ ਜਾਂਦੇ ਹਨ ਕਿ ਇਕੱਲੀ ਸਿਫਾਰਿਸ਼ ਹੀ ਨਹੀਂ, ਸਗੋਂ 'ਮਾਇਆ ਦੇਵੀ' ਨੇ ਆਪਣਾ ਜਲਵਾ ਦਿਖਾਇਆ ਹੋਣਾ ਹੈ।

ਬਹਿਰਹਾਲ, ਅਜਿਹੀ ਕਾਂਣਗਿਆਰੀ ਕੁੱਝ ਸਮਾਂ ਪਹਿਲਾਂ ਬੜੀ ਘੱਟ ਹੁੰਦੀ ਸੀ। ਸਗੋਂ ਆਮ ਅਫ਼ਸਰ ਤਨਦੇਹੀ ਨਾਲ ਸੇਵਾ ਨਿਭਾਉਂਦੇ ਸਨ। ਹੁਣ ਵੀ ਰੱਬ ਦਾ ਹੈਅ-ਭੈਅ ਮੰਨਣ ਵਾਲੇ ਬਹੁਤ ਸਾਰੇ ਅਫ਼ਸਰ ਹਨ, ਜਿਹੜੇ ਕਿ ਸਰਵਿਸ ਦੇ ਦੌਰਾਨ ਆਪਣੇ ਘਰ-ਘਾਟ ਤੇ ਆਪਣੇ ਬਾਲ-ਬੱਚੇ ਵਲ ਧਿਆਨ ਹੀ ਨਹੀਂ ਦਿੰਦੇ। ਸਗੋਂ ਸਰਕਾਰੀ ਸੇਵਾ ਨੂੰ ਬੰਦਗੀ ਮਾਤਰ ਸਮਝਦੇ ਹੋਏ ਆਪਣਾ ਸਾਰਾ ਸਮਾਂ ਸਰਕਾਰੀ ਕੰਮਾਂ ਅਤੇ ਫਾਈਲਾਂ ਉਪਰ-ਥੱਲੇ ਧੱਕਣ ਤੇ ਖਿੱਚਣ 'ਤੇ ਹੀ ਨਿਛਾਵਰ ਕਰ ਦਿੰਦੇ ਹਨ।

ਹੁਣ ਤਕਰੀਬਨ ਹਰ ਅਫ਼ਸਰ ਸੰਧਾਰੇ ਦੇ ਰੂਪ ਵਿਚ ਆਪਣੀ ਸਰਕਾਰੀ ਨੌਕਰੀ ਵਿਚੋਂ ਬਲੱਡ ਪ੍ਰੈੱਸ਼ਰ ਤੇ ਸ਼ੱਕਰ ਰੋਗ ਲੈ ਕੇ ਹੀ ਨਿਕਲਦਾ ਹੈ। ਇਮਾਨਦਾਰ ਬੰਦਿਆਂ ਨੂੰ ਬਲੱਡ ਪ੍ਰੈੱਸ਼ਰ ਇਸ ਲਈ ਹੁੰਦਾ ਹੈ ਕਿ ਉਹ ਹਮੇਸ਼ਾਂ ਉਪਰੋਂ-ਥੱਲਿਉਂ ਕਿਸੇ ਨਾ ਕਿਸੇ ਦਬਾਅ ਵਿਚ ਰਹਿੰਦੇ ਹਨ ਅਤੇ ਗਲਤ ਕੰਮ ਕਰਨ ਜੋਗਾ ਉਨ੍ਹਾਂ ਕੋਲ ਦਿਲ-ਜਿਗਰਾ ਨਹੀਂ ਹੁੰਦਾ। ਇਸ ਲਈ ਉਹ ਹਮੇਸ਼ਾਂ ਹੀ ਇਸ ਡਰ ਤੇ ਸਹਿਮ ਵਿਚ ਜਿਉਂਦੇ ਹਨ ਕਿ ਕਿਤੇ ਉਨ੍ਹਾਂ ਨੂੰ ਕੋਈ ਗਲਤ ਕੰਮ ਵਿਚ ਨਾ ਫਸਾ ਲਵੇ। ਦੂਜੇ ਪਾਸੇ ਆਪ ਛਕੋ ਤੇ ਹੋਰਾਂ ਨੂੰ ਛਕਾਉ ਦੀ ਸਾਂਝੀਵਾਲਤਾ ਦੇ ਅਲੰਬਰਦਾਰਾਂ ਨੂੰ ਹਮੇਸ਼ਾਂ ਚੌਕਸੀ ਵਿਭਾਗ ਜਾਂ ਕਿਸੇ ਹੋਰ ਧੀਂਗ-ਧਗੜੇ ਦਾ ਡਰ ਹੁੰਦਾ ਹੈ ਕਿ ਕਿਤੇ ਚੋਰਾਂ ਨਾ ਮੋਰ ਹੀ ਨਾ ਪੈ



Original with;
Kulbir Singh Sidhu(I.A.S)
Digitized by;
Panjab Digital Library

ਜਾਣ। ਸੋ ਅਜਿਹੇ ਡਰ ਦੇ ਮਾਹੌਲ ਵਿਚ ਬਲੱਡ ਪ੍ਰੈੱਸ਼ਰ ਵਿਚਾਰਾ ਕੀ ਕਰੇ?

ਮੁਲਾਜ਼ਮਾਂ ਦੀ ਸਵੇਰ ਤੋਂ ਸ਼ਾਮ ਤੱਕ ਬੈਠਕ ਤੇ ਫਿਰ ਉਤੋਂ ਲੂਣ ਤੇ ਲੱਕੜੀਆਂ ਦੇ ਫਿਕਰ-ਫਾਕੇ ਉਨ੍ਹਾਂ ਨੂੰ ਸ਼ੱਕਰ ਰੋਗ ਇਉਂ ਦਿੰਦੇ ਹਨ ਜਿਵੇਂ ਸਹੁਰੇ ਆਏ ਵਿਆਂਦੜ ਸੱਸ ਖੰਡ-ਬੂਰਾ ਪਾਉਂਦੀ ਹੈ। ਅਫ਼ਸਰਾਂ ਨੂੰ ਵਾਹਿਗੁਰੂ ਦੀ ਕ੍ਰਿਪਾ ਨਾਲ ਦਿਨ ਵਿਚ ਤਿੰਨ ਕੁ ਵਾਰ ਤਾਂ ਘਰੋਂ ਅੰਨ-ਪਾਣੀ ਮਿਲ ਜਾਂਦਾ ਹੈ। ਫਿਰ ਉਨ੍ਹਾਂ ਨੂੰ ਔਸਤਨ ਦੋ ਕੁ ਵਾਰ ਦੁਪਹਿਰੇ-ਸ਼ਾਮ ਕੋਈ ਨਾ ਕੋਈ ਪਾਰਟੀ ਜਾਂ ਵੱਡੇ ਖਾਣੇ ਦੇ ਬਹਾਨੇ ਲੰਗਰ ਮਿਲ ਜਾਂਦਾ ਹੈ। ਫਿਰ ਇਨ੍ਹਾਂ ਹਾਲਾਤਾਂ ਵਿਚ ਸ਼ੱਕਰ ਰੋਗ ਵਿਚਾਰਾ ਅਫ਼ਸਰਾਂ ਤੋਂ ਬਿਨਾਂ ਹੋਰ ਕਿੱਧਰ ਜਾਵੇ?

ਤਕਰੀਬਨ-ਤਕਰੀਬਨ ਹਰ ਇਕ ਅਫ਼ਸਰ ਆਪਣੇ ਸੇਵਾ ਕਾਲ ਵਿਚ ਦੋ ਪੱਧਰਾਂ 'ਤੇ ਕੰਮ ਕਰਦਾ ਹੈ। ਉਸ ਦਾ ਪਹਿਲਾ ਪੱਧਰ 'ਕਟਿੰਗ ਐੱਜ' ਭਾਵ ਕਾਰਜਕਾਰੀ ਅਫ਼ਸਰ ਤੇ ਦੂਜਾ ਪੱਧਰ 'ਪੌਲਿਸੀ ਪਲਾਨਿੰਗ' ਭਾਵ ਨੀਤੀ-ਨਿਰਧਾਰਨ ਪੱਧਰ 'ਤੇ ਉੱਚ ਅਧਿਕਾਰੀ ਵਜੋਂ ਹੁੰਦਾ ਹੈ। ਪਹਿਲੇ ਪੱਧਰ 'ਤੇ ਚਿੜੀਆਂ ਦਾ ਦੁੱਧ ਲਿਆਉਣ ਤੋਂ ਲੈ ਕੇ ਝੋਟੇ ਚੋਣ ਤੱਕ ਤੇ ਫਿਰ ਡੰਡੇ-ਖੰਡੇ ਖੜਕਾਉਣ ਤੋਂ ਲੈ ਕੇ ਸਰਕਾਰਾਂ ਦੇ ਝੰਡੇ-ਡੰਡੇ ਲਾਉਣ ਤੱਕ ਦੇ ਸਾਰੇ ਕੰਮ ਇਨ੍ਹਾਂ ਦੀ ਬਦੌਲਤ ਹੀ ਚਲਦੇ ਹਨ।

ਇਸ ਪੱਧਰ 'ਤੇ ਅਫ਼ਸਰਸ਼ਾਹੀ ਦੀ ਤਸ਼ਬੀਹ ਸਾਬਣ ਦੀ ਟਿੱਕੀ ਨਾਲ ਦਿੱਤੀ ਜਾ ਸਕਦੀ ਹੈ। ਜਿਸ ਤਰ੍ਹਾਂ ਸਾਬਣ ਦੀ ਟਿੱਕੀ ਮੈਲ੍ਹ ਧੋਂਦੀ-ਲਾਹੁੰਦੀ ਅਖੀਰ ਆਪ ਹੀ ਘਸ ਜਾਂਦੀ ਹੈ, ਬਿਲਕੁਲ ਉਸ ਤਰ੍ਹਾਂ ਹੀ ਅਫ਼ਸਰਸ਼ਾਹੀ ਵੀ ਆਪਣੇ ਆਪ ਨੂੰ ਹੀ ਘਸਾਉਂਦੀ ਰਹਿੰਦੀ ਹੈ। ਫਿਰ ਜਿਸ ਤਰ੍ਹਾਂ ਜਦੋਂ ਸਾਬਣ ਦੀ ਟਿੱਕੀ ਘਸ ਕੇ ਇੰਨੀ ਛੋਟੀ ਹੋ ਜਾਂਦੀ ਹੈ ਕਿ ਹੱਥ ਵਿਚ ਨਹੀਂ ਆਉਂਦੀ ਤਾਂ ਬੰਦਾ ਨਵੀਂ ਸਾਬਣ ਲੈ ਆਉਂਦਾ ਹੈ। ਇਸ ਤਰ੍ਹਾਂ ਹੀ ਜ਼ਿਲ੍ਹਿਆਂ ਵਿਚ ਕਾਰਜਕਾਰੀ ਅਫ਼ਸਰਾਂ ਦੀਆਂ ਬਦਲੀਆਂ ਤਕਰੀਬਨ ਇਸ ਸਿਧਾਂਤ 'ਤੇ ਹੁੰਦੀਆਂ ਹਨ।

ਉੱਚ ਅਧਿਕਾਰੀ ਪੱਧਰ 'ਤੇ ਅਫ਼ਸਰਸ਼ਾਹੀ ਦੀ ਉਦਾਹਰਣ 'ਫੇਅਰ ਐਂਡ ਲਵਲੀ' ਕਰੀਮ ਦੀ ਟਿਊਬ ਨਾਲ ਦਿੱਤੀ ਜਾ ਸਕਦੀ ਹੈ। ਇਸ ਪੱਧਰ 'ਤੇ ਅਫ਼ਸਰਸ਼ਾਹੀ ਦਾ ਕੰਮ ਸਰਕਾਰ ਦੀਆਂ ਨੀਤੀਆਂ ਘੜਨਾ ਤੇ ਫਿਰ ਫੀਲਡ ਵਿਚ ਉਨ੍ਹਾਂ ਨੂੰ ਲਾਗੂ ਕਰਾਉਣਾ ਹੁੰਦਾ ਹੈ। ਇਹ ਵੱਡੇ-ਵੱਡੇ ਉੱਚ ਅਧਿਕਾਰੀ ਸਰਕਾਰਾਂ ਨੂੰ ਚਮਕ-ਦਮਕ ਦੇਣ ਵਿਚ ਇਉਂ ਸਹਾਈ ਹੁੰਦੇ ਹਨ ਕਿ ਜਿਵੇਂ ਕੋਈ ਕਰੀਮ ਮੂੰਹ ਨੂੰ ਨਵੀਂ ਚਮਕ ਤੇ ਰੰਗਤ ਦਿੰਦੀ ਹੈ। ਪਰ ਅਖੀਰ ਵਿਚ ਕਰੀਮ ਦੀ ਟਿਊਬ ਵਾਂਗੂੰ ਇਹ ਉੱਚ ਅਧਿਕਾਰੀ ਵੀ ਵਰਤੀਦੇ-ਵਰਤੀਂਦੇ ਰਿਟਾਇਰਮੈਂਟ ਦੇ ਨੇੜੇ-ਤੇੜੇ ਪਹੁੰਚਦੇ ਸਰੀਰਕ ਤੇ ਮਾਨਸਿਕ ਪੱਖੋਂ ਪਿਚਕ ਜਾਂਦੇ ਹਨ।

ਖ਼ੈਰ! ਫਿਰ ਸੇਵਾ ਕਾਲ ਪੂਰਾ ਹੋਣ 'ਤੇ ਸਰਕਾਰ ਇਨ੍ਹਾਂ ਨੂੰ ਵੀ 'ਸਭੁ ਕੋ ਆਈ ਵਾਰੀਐ' ਦੇ ਅਨੁਸਾਰ ਆਪਣੀ ਵਾਰੀ ਦੇ ਹਿਸਾਬ ਨਾਲ ਅਲਵਿਦਾ ਕਹਿ ਦਿੰਦੀ ਹੈ। ਕੁਝ ਕੁ ਭਾਗਾਂ ਵਾਲੇ ਅਜਿਹੇ ਵੀ ਉੱਚ ਅਧਿਕਾਰੀ ਹੁੰਦੇ ਹਨ, ਜਿਹੜੇ ਪਿਚਕਣ-ਪਿਚਕਾਉਣ ਦੇ ਬਾਵਜੂਦ ਵੀ ਸਰਵਿਸ ਵਿਚ ਆਪਣੇ ਸਵਾਸਾਂ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਪੂੰਜੀ ਵਧਾ ਲੈਂਦੇ ਹਨ। ਅਜਿਹੇ ਦਮ-ਖਮ ਕਾਇਮ ਅਫ਼ਸਰਾਂ ਨੂੰ ਕੁਝ ਸਮਾਂ ਹੋਰ ਵਰਤਣ ਦਾ ਸਰਕਾਰਾਂ ਪ੍ਰਯੋਜਨ ਬਣਾ ਲੈਂਦੀਆਂ ਹਨ। ਇਕ ਬੜੀ ਵਿਅੰਗਾਤਮਿਕ ਜਿਹੀ ਧਾਰਨਾ ਹੈ ਕਿ ਜਿਵੇਂ-ਜਿਵੇਂ ਕਿਸੇ ਅਫ਼ਸਰ ਦੀ ਨੌਕਰੀ ਦੇ ਸਾਲ ਵਧਦੇ ਜਾਂਦੇ ਹਨ, ਉਸ ਅਨੁਸਾਰ ਹੀ ਉਸ ਦੀ ਰੀੜ੍ਹ ਦੀ ਹੱਡੀ ਦੇ ਮਣਕੇ ਸਾਲ ਦਰ ਸਾਲ ਘਟਦੇ ਜਾਂਦੇ ਹਨ। ਆਮ ਤੌਰ 'ਤੇ ਕਿਸੇ ਅਫ਼ਸਰ ਦੀ ਸਰਵਿਸ ਦੇ 33 ਸਾਲ ਹੁੰਦੇ ਹਨ ਤੇ ਸਾਡੀ ਰੀੜ੍ਹ ਦੀ ਹੱਡੀ ਦੇ ਮਣਕੇ ਵੀ 33 ਹੀ ਹੁੰਦੇ ਹਨ। ਇਸ ਲਈ ਹੀ ਕਹਿੰਦੇ ਹਨ ਕਿ ਰਿਟਾਇਰਮੈਂਟ 'ਤੇ ਜਾਂਦਾ-ਜਾਂਦਾ ਅਫ਼ਸਰ ਰੀੜ੍ਹ ਦੀ ਹੱਡੀ ਰਹਿਤ ਹੋ ਜਾਂਦਾ ਹੈ।

ਇਹ ਹੀ ਨਹੀਂ ਕਿ ਅਫ਼ਸਰਾਂ ਵਿਚ ਨੌਕਰੀ-ਚਾਕਰੀ ਦੇ ਕਾਰਨ ਸਿਰਫ਼ ਕਮਜ਼ੋਰੀਆਂ ਹੀ ਹਨ; ਸਗੋਂ ਇਨ੍ਹਾਂ ਵਿਚ ਰਾਤੋ-ਰਾਤ ਅਰਬੀ-ਫਾਰਸੀ ਨਾ ਆਉਣ ਦੇ ਬਾਵਜੂਦ ਵੀ ਕੁਰਾਨ ਲਿਖਣ ਵਰਗੀ ਅਕਲ ਤੇ ਕੁਵਤ ਹੁੰਦੀ ਹੈ। ਜੇ ਲੋੜ ਪਵੇ ਤਾਂ ਇਹ ਚਿੜੀਆਂ ਦਾ ਦੁੱਧ ਵੀ ਲਿਆ ਦਿੰਦੇ ਹਨ। ਫਿਰ ਪ੍ਰਮਾਤਮਾ ਨੇ ਇਨ੍ਹਾਂ ਨੂੰ ਆਪਣੀ ਜੂਨ ਪੂਰੀ ਕਰਨ ਤੇ ਔਖੇ ਤੋਂ ਔਖੇ ਸਮੇਂ ਵਿਚ ਨਿਭ ਜਾਣ ਦੀ ਸਮਰਥਾ ਵੀ ਦਿੱਤੀ ਹੁੰਦੀ ਹੈ। ਇਹ ਸਰਵ ਪ੍ਰਵਾਨਿਤ ਹੈ ਕਿ ਕਈ-ਕਈ ਅਫ਼ਸਰ ਤਾਂ ਇੰਨੇ ਸਮਰਥ ਤੇ ਕਾਬਿਲ ਹੁੰਦੇ ਹਨ ਕਿ ਅਸਾਈਨਮੈਂਟ ਬੇਸਿਸ ਭਾਵ ਨਿਸ਼ਚਿਤ ਤੌਰ 'ਤੇ ਦਿੱਤੇ ਗਏ ਕੰਮ ਨੂੰ ਉਹ ਇਉਂ ਨਿਭਾ ਦਿੰਦੇ ਹਨ ਕਿ ਜਿਵੇਂ ਤੇਨਜ਼ਿੰਗ ਨੇ ਐਵਰੈਸਟ ਦੀ ਚੋਟੀ ਨੂੰ ਸਰ ਕੀਤਾ ਹੋਵੇ।

ਮੁੱਕਦੀ ਗੱਲ ਇਹ ਹੈ ਕਿ ਜਦੋਂ ਤੋਂ ਇਹ ਨੌਕਰਸ਼ਾਹੀ ਹੋਂਦ ਵਿਚ ਆਈ ਹੈ ਅਤੇ ਖਾਸ ਤੌਰ 'ਤੇ 19ਵੀਂ ਸਦੀ ਦੇ ਅਖੀਰ ਵਿਚ ਬ੍ਰਿਟਿਸ਼ ਰਾਜ ਦੇ ਸਮੇਂ ਤੋਂ ਇਹ ਅਫ਼ਸਰਸ਼ਾਹੀ ਆਪਣੇ ਮੌਜੂਦਾ ਰੂਪ ਵਿਚ ਕਾਇਮ ਹੋਈ ਹੈ; ਬੱਸ ਉਦੋਂ ਤੋਂ ਹੀ ਬਾਦਸ਼ਾਹਤਾਂ, ਸਲਤਨਤਾਂ ਤੇ ਸਰਕਾਰਾਂ ਦਾ ਦਾਰੋਮਦਾਰ ਇਸ ਕਾਬਿਲ ਅਫ਼ਸਰਸ਼ਾਹੀ 'ਤੇ ਹੀ ਰਿਹਾ ਹੈ। ਗੌਰਤਲਬ ਹੈ ਕਿ ਅਕਬਰ ਵੇਲੇ ਖ਼ਾਸ-ਉਲ-ਖ਼ਾਸ ਦਰਬਾਰੀਆਂ ਦਾ ਸ਼ੁਮਾਰ 'ਨੌਂ ਰਤਨਾਂ' ਵਿਚ ਹੁੰਦਾ ਸੀ। ਫਿਰ ਸੁਲਤਾਨਾਂ ਦੇ ਦਰਬਾਰੇ-ਸ਼ਾਹੀ ਵਿਚ ਅਹਿਲਕਾਰਾਂ ਦਾ ਖ਼ਾਸ ਸਥਾਨ ਹੁੰਦਾ ਸੀ। ਅੰਗਰੇਜ਼ਾਂ ਦੇ ਸਾਮਰਾਜ ਵਿਚ ਅਫ਼ਸਰ ਫਿਰ ਲੋਕਾਂ ਦੇ 'ਮਾਈ-ਬਾਪ' ਹੀ ਹੁੰਦੇ ਸੀ। ਫਿਰ ਅਜ਼ਾਦੀ ਤੋਂ ਕੁਝ ਸਮਾਂ ਬਾਅਦ ਤੱਕ ਵੀ ਅਫ਼ਸਰਸ਼ਾਹੀ ਦਾ ਰੋਅਬ-ਦਾਅਬ ਤੇ ਜਲਵਾ-ਜਲੌਅ ਕਾਇਮ-ਦਾਇਮ ਰਿਹਾ।

ਪਰ ਅਫ਼ਸੋਸ ਹੈ ਕਿ ਹੁਣ ਤਕਰੀਬਨ ਇਹ ਸਾਰਾ ਟੋਲਾ 'ਸੈਲੂਨ ਤੇ ਬਿਊਟੀ ਪਾਰਲਰਾਂ' ਵਾਂਗੂੰ ਆਪਣੀਆਂ ਕੱਟਣ-ਕੁਤਰਨ ਦੀਆਂ ਕਾਰਵਾਈਆਂ ਕਰਕੇ ਹਜਾਮਾਂ ਵਾਂਗ ਬਣ ਰਿਹਾ ਹੈ। ਇਸ ਸਿਲਸਿਲੇ ਵਿਚ ਪ੍ਰਸ਼ਾਸਨਿਕ ਸੇਵਾਵਾਂ ਨੂੰ ਆਪਾ ਚੀਨਣ ਵਜੋਂ ਕੁਦਰਤ ਦਾ ਨਿਯਮ ਸਮਝਣ ਦੀ ਲੋੜ ਹੈ ਕਿ 'ਸਮੇਂ ਤੋਂ ਪਹਿਲਾਂ ਅਤੇ ਕਿਸਮਤ ਤੋਂ ਵੱਧ ਕਿਸੇ ਨੂੰ ਕਦੇ ਵੀ ਕੁਝ ਨਹੀਂ ਮਿਲਦਾ' ਤਾਂ ਫਿਰ ਆਪਾਂ ਕਿਉਂ ਲੋਭੀ-ਲਾਲਚੀ ਬਣੇ ਹੋਏ ਹਾਂ। ਇਸ ਪ੍ਰਥਾਇ ਇਹ ਵੀ ਸੋਚਣ ਦੀ ਲੋੜ ਹੈ ਕਿ ਅਸੀਂ ਕਿਉਂ ਜ਼ਮੀਰ-ਫਰੋਸ਼ ਬਣ ਕੇ ਪ੍ਰਸ਼ਾਸਨਿਕ ਸੇਵਾਵਾਂ ਦੀ ਮਰਿਆਦਾ ਦਾ ਉਲੰਘਣ ਕਰ ਰਹੇ ਹਾਂ।



*Original with;*
Kulbir Singh Sidhu(I.A.S)
*Digitized by;*
Panjab Digital Library

ਬੇਸ਼ੱਕ ਹੁਣ ਅਜੋਕੇ ਸਮੇਂ ਵਿਚ ਚਲਦੇ-ਚਲਦੇ ਅਫ਼ਸਰਸ਼ਾਹੀ ਆਪਣੇ ਸ਼ਾਹੀ ਰੰਗਾਂ ਤੋਂ ਬਦਰੰਗ ਹੁੰਦੀ-ਹੁੰਦੀ, ਹੁਣ ਬਦਰੂਪ ਹੀ ਹੋ ਗਈ ਹੈ। ਬਹਿਰਹਾਲ, ਇਸ ਪ੍ਰਸੰਗ ਵਿਚ ਕਈ ਵਾਰ ਕੌਮੀ ਪੱਧਰ 'ਤੇ ਇਹ ਵਿਚਾਰ ਵੀ ਹੋਈ ਹੈ ਕਿ ਇਹ ਲੋਕ ਸੇਵਾਵਾਂ ਹੁਣ ਕੋਈ ਜ਼ਿਆਦਾ ਉਪਯੋਗੀ ਨਹੀਂ ਰਹਿ ਗਈਆਂ, ਇਸ ਵਾਸਤੇ ਇਨ੍ਹਾਂ ਨੂੰ ਰੁਖ਼ਸਤ ਕੀਤਾ ਜਾਵੇ। ਪਰ ਇਸ ਦੇ ਬਾਵਜੂਦ ਵੀ ਜੇ ਦੇਖਿਆ ਜਾਵੇ ਤਾਂ ਸਾਡੀਆਂ ਸਿਵਲ ਸਰਵਿਸਿਜ਼ ਹਾਲੇ ਵੀ ਕੁੱਲ ਮਿਲਾ ਕੇ ਹਰ ਮਸਾਲੇ ਪਿਪਲਾਮੂਲ ਵਾਂਗੂੰ ਗੁਣਕਾਰੀ ਤੇ ਕਾਰਗਰ ਸਾਬਿਤ ਹੋਈਆਂ ਹਨ। ਸਗੋਂ ਇਹ ਬਹੁਤ ਸਾਰੀਆਂ ਪ੍ਰਸ਼ਾਸਨਿਕ ਸੇਵਾਵਾਂ ਦੇ ਚੰਗੇ ਅਫ਼ਸਰਾਂ ਦੇ ਦਿਲ-ਦਿਮਾਗ ਤੇ ਵਧੀਆ ਕਾਰਗੁਜ਼ਾਰੀ ਦੇ ਸਮਤੋਲ ਦਾ ਹੀ ਸਿੱਟਾ ਹੈ ਕਿ ਸਾਡੀ ਅਫ਼ਸਰਸ਼ਾਹੀ ਡੇਢ-ਦੋ ਸੌ ਸਾਲ ਬੀਤ ਜਾਣ ਦੇ ਬਾਅਦ ਵੀ ਹੁਣ ਤੱਕ ਕਾਇਮ ਹੈ।

ਬੇਸ਼ੱਕ ਹੁਣ ਦੇਖਣ ਨੂੰ ਤਾਂ ਇਹ ਲੋਕ ਸੇਵਾਵਾਂ ਡਿੱਕ-ਡੋਲ੍ਹੇ ਖਾਂਦੀਆਂ ਤੇ ਡਿਗੂੰ-ਡਿਗੂੰ ਕਰਦੀਆਂ ਜਾਪਦੀਆਂ ਹਨ, ਪਰ ਹਾਲੇ ਵੀ ਇਹ ਅਡਿੱਗ ਤੇ ਅਡੋਲ ਹਨ ਕਿਉਂਕਿ ਅਜ਼ਾਦੀ ਤੋਂ 66 ਸਾਲ ਬਾਅਦ ਵੀ ਅਜ ਤਕ ਸਾਨੂੰ ਇਨ੍ਹਾਂ ਪ੍ਰਸ਼ਾਸਨਿਕ ਸੰਸਥਾਵਾਂ ਦਾ ਕੋਈ ਸਹੀ ਬਦਲ ਲੱਭਿਆ ਹੀ ਨਹੀਂ ਹੈ। ਸਪਸ਼ਟ ਹੈ ਕਿ ਜੇ ਸਾਡੀਆਂ ਲੋਕ ਸੇਵਾਵਾਂ ਸਮੇਂ ਦੇ ਨਾਲ ਨਾ ਨਿਭੀਆਂ ਹੁੰਦੀਆਂ ਤਾਂ ਖੁਦ ਅੰਗਰੇਜ਼ ਸਰਕਾਰ ਤੇ ਫਿਰ ਅਜ਼ਾਦ ਭਾਰਤ ਦੀਆਂ ਇਕ ਤੋਂ ਬਾਅਦ ਇਕ ਆਉਣ ਵਾਲੀਆਂ ਸਰਕਾਰਾਂ ਨੇ ਕਿੰਨਾ ਚਿਰ ਪਹਿਲਾਂ ਹੀ ਇਨ੍ਹਾਂ ਦਾ ਭੋਗ ਪਾ ਦੇਣਾ ਸੀ। ਇਉਂ ਸਰਕਾਰਾਂ ਨੇ ਫਿਰ ਨਾਲ ਦੀ ਨਾਲ ਹੀ 'ਮੱਝ ਨਾਲ ਜੂੰਆਂ ਮਰਨ' ਦੇ ਅਖਾਣ ਮੁਜਬ ਸਮੁੱਚੀ ਅਫ਼ਸਰਸ਼ਾਹੀ ਨੂੰ ਸ਼ਹੀਦੀ ਇਸ਼ਨਾਨ ਕਰਵਾ ਦੇਣੇ ਸਨ। ਇਸ ਤਰ੍ਹਾਂ ਹੀ ਉਨ੍ਹਾਂ ਨੇ ਅਫ਼ਸਰਾਂ ਦਾ ਭਾਂਡਾ-ਟੀਂਡਾ, ਜੁੱਲੀ-ਬਿਸਤਰਾ ਤੇ ਨਿੱਕ-ਸੁੱਕ ਕਿੰਨੀ ਦੇਰ ਪਹਿਲਾਂ ਹੀ ਕਿਸੇ ਮੰਦਿਰ-ਗੁਰਦੁਆਰੇ ਵਿਚ ਪੁੰਨ ਕਰਕੇ ਇਨ੍ਹਾਂ ਨੂੰ ਅਲਵਿਦਾਈ ਫਤਹਿ ਬੁਲਾ ਦੇਣੀ ਸੀ।

ਮੁੱਕਦੀ ਗੱਲ! ਪ੍ਰਸ਼ਾਸਨਿਕ ਸੇਵਾਵਾਂ ਵਿਚ ਹੁਣ ਸਿਆਸੀ ਦਖ਼ਲਅੰਦਾਜ਼ੀ ਤੋਂ ਇਲਾਵਾ ਆਪਣੀਆਂ ਹੀ ਖਾਮੀਆਂ ਇੰਨੀਆਂ ਵਧ ਗਈਆਂ ਹਨ ਕਿ ਪ੍ਰਸ਼ਾਸਨਿਕ ਸੇਵਾਵਾਂ ਦਾ ਮੁਕੰਮਲ ਤੌਰ 'ਤੇ ਸਿਆਸੀਕਰਣ ਹੋ ਚੁੱਕਾ ਹੈ। ਇਸ ਲਈ ਵਕਤ ਰਹਿੰਦੇ-ਰਹਿੰਦੇ ਲੋਕ ਸੇਵਾ ਦੀਆਂ ਅਲੰਬਰਦਾਰ ਪ੍ਰਸ਼ਾਸਨਿਕ ਸੇਵਾਵਾਂ ਤੇ ਸਮੁੱਚੀ ਅਫ਼ਸਰਸ਼ਾਹੀ ਨੂੰ ਸਮੇਂ ਦੀ ਮੰਗ ਅਨੁਸਾਰ ਆਪਣੇ ਵਿਚ ਤੇ ਆਪਣੇ ਤੌਰ-ਤਰੀਕਿਆਂ ਵਿਚ ਲੋੜੀਂਦੀਆਂ ਤਬਦੀਲੀਆਂ ਕਰਨ ਦੀ ਲੋੜ ਹੈ।

ਸ਼ਾਲਾ! ਅਜੋਕੀ ਅਫ਼ਸਰਸ਼ਾਹੀ ਆਪਣੇ ਕੌਮੀ ਫ਼ਰਜ਼ ਪਛਾਣਦੇ ਹੋਏ, ਆਪਣੀ ਸਹੀ ਔਕਾਤ ਅਨੁਸਾਰ ਲੋਕ ਸੇਵਾ ਤੇ ਸਮਾਜ ਭਲਾਈ ਦੀਆਂ ਵਧੀਆ ਪ੍ਰੰਪਰਾਵਾਂ ਤੇ ਰਵਾਇਤਾਂ ਨੂੰ ਫਿਰ ਤੋਂ ਕਾਇਮ-ਮੁਕਾਮ ਕਰਕੇ ਆਪਣੀ ਸ਼ਾਨੋ-ਸ਼ੌਕਤ ਤੇ ਸ਼ੋਹਰਤ ਨੂੰ ਕਾਇਮ-ਦਾਇਮ ਰੱਖ ਸਕੇ। ਆਮੀਨ!



*Original with;*
Kulbir Singh Sidhu(I.A.S)
*Digitized by;*
Panjab Digital Library

# ਸਾਡੇ ਵਡੇਰੇ ਸੁਲਤਾਨ ਹੁੰਦੇ ਸਨ

ਪਹਿਲੇ ਸਮਿਆਂ ਦੀ ਗੱਲ ਹੈ ਕਿ ਜਦੋਂ ਬਾਦਸ਼ਾਹੀਆਂ ਤੇ ਸਲਤਨਤਾਂ ਦਾ ਬੋਲਬਾਲਾ ਹੁੰਦਾ ਸੀ ਤਾਂ ਉਦੋਂ ਬਾਦਸ਼ਾਹ ਤੇ ਸੁਲਤਾਨ ਹੀ ਲੋਕਾਂ ਦੇ ਮਾਈ-ਬਾਪ ਤੇ ਰੱਬ ਹੁੰਦੇ ਸਨ। ਢੇਰ ਚਿਰ ਬਾਅਦ ਹੁਣ ਜਦੋਂ ਕਿ ਦੁਨੀਆਂ ਵਿਚ ਲੋਕਤੰਤਰੀ ਪ੍ਰਣਾਲੀ ਪ੍ਰਫੁਲੱਤ ਹੋ ਚੁੱਕੀ ਹੈ ਤੇ ਪੁਰਾਣੇ ਨਿਜ਼ਾਮ ਬਦਲ ਚੁੱਕੇ ਹਨ ਤਾਂ ਵੀ ਅਕਸਰ ਹੀ ਪੁਰਾਣੇ ਰਾਜ ਘਰਾਣਿਆਂ ਦੇ ਨਾਲ ਦੂਰੋਂ-ਨੇੜਿਓਂ ਜੁੜਦੇ ਸੱਜਣ 'ਪਿਦਰਮ ਸੁਲਤਾਨ ਬੂਦ ਭਾਵ ਸਾਡੇ ਵਡੇਰੇ ਸੁਲਤਾਨ ਹੁੰਦੇ ਸਨ' ਵਰਗੇ ਸ਼ੇਰਦਿਲ ਦਮਗਜੇ ਮਾਰਦੇ ਰਹਿੰਦੇ ਹਨ।

ਇਸ ਪ੍ਰਸੰਗ ਵਿਚ ਲੋਕ ਕਹਿੰਦੇ ਹਨ ਕਿ ਗਿੱਦੜ ਵੀ ਆਪਣੀ ਡਰੂ ਨਸਲ ਹੋਣ ਦੇ ਬਾਵਜੂਦ ਵੀ ਆਪਣੀ ਫ਼ਿਤਰਤ ਅਨੁਸਾਰ ਰਾਤ-ਬ-ਰਾਤੇ ਸ਼ੇਰ ਬਣਨ ਦੀ ਤਾਂਘ ਵਿਚ ਹੁਆਂਕਦੇ ਹੋਏ 'ਪਿਦਰਮ ਸੁਲਤਾਨ ਬੂਦ' ਜਿਹੇ ਰਾਗ ਹੀ ਅਲਾਪਦੇ ਰਹਿੰਦੇ ਹਨ। ਫਿਰ ਬਾਕੀ ਦੇ ਗਿੱਦੜ ਆਪਣੇ ਮੁਖੀਏ ਦੇ ਮਗਰ 'ਤੁਰਾ ਚੇ-ਤੁਰਾ ਚੇ ਭਾਵ ਠੀਕ ਹੈ-ਠੀਕ ਹੈ' ਦੀ ਰਾਗਣੀ ਦੁਹਰਾਉਂਦੇ ਹਨ। ਇਉਂ ਹੀ ਰਾਜੇ-ਮਹਾਰਾਜਿਆਂ ਦੇ ਰਾਜ-ਭਾਗ ਤੋਂ ਖਾਸੀ ਦੇਰ ਬਾਅਦ ਤਕ ਹਾਲੇ ਵੀ ਉਨ੍ਹਾਂ ਦੇ ਸਾਡੇ ਵਰਗੇ ਚਹੇਤੇ ਸਫੈਦਪੋਸ਼ ਬੰਦੇ ਆਮ ਲੋਕਾਂ ਨੂੰ ਭਰਮਾਉਣ ਤੇ ਦਬਾਉਣ ਵਾਸਤੇ 'ਪਿਦਰਮ ਸੁਲਤਾਨ ਬੂਦ' ਜਿਹੀ ਫ਼ਾਰਸੀ ਮੁਹਾਰਨੀ ਦੀ ਗਰਦਾਨ ਪੜ੍ਹਦੇ ਰਹਿੰਦੇ ਹਨ।

ਇਸ ਪ੍ਰਥਾਇ ਸਰਕਾਰ-ਦਰਬਾਰ ਦੇ ਨੇੜੇ ਕਹਾਉਂਦੇ ਨਕਲੀ ਜਿਹੇ ਲੋਕ ਅਕਸਰ ਹੀ ਫੋਕੀਆਂ ਟਾਹਰਾਂ ਮਾਰਦੇ ਰਹਿੰਦੇ ਹਨ। ਖ਼ਾਸ ਕਰਕੇ ਇਹ ਜਾਅਲੀ ਜਿਹਾ ਚਲਣ ਉਦੋਂ ਪ੍ਰਤੱਖ ਹੁੰਦਾ ਹੈ ਕਿ ਜਦੋਂ ਕਿਸੇ ਬੰਦੇ ਕੋਲ ਆਪਣੇ ਜੀਵਨ ਵਿਚ ਮਾਰੀਆਂ ਮੱਲ੍ਹਾਂ ਵਜੋਂ ਆਪਣਾ ਕੋਈ ਚੰਗਾ ਟਰੈਕ-ਰਿਕਾਰਡ ਨਹੀਂ ਹੁੰਦਾ। ਇਸ ਸੂਰਤ ਵਿਚ ਉਹ ਬੰਦਾ ਸਿਰਫ਼ ਆਪਣੇ ਵਡਿਕਿਆਂ ਦੀ ਆਭਾ ਵਿਚ ਜਿਉਂਦਾ ਹੈ ਅਤੇ ਆਪਣੀ ਝੂਠੀ ਸ਼ਾਨੋ-ਸ਼ੌਕਤ ਦਾ ਬਿਆਨ-ਵਖਿਆਨ ਬਘੇਰਦਾ ਰਹਿੰਦਾ ਹੈ। ਇਨ੍ਹਾਂ ਰਾਜਾਸ਼ਾਹੀ ਕਾਕਿਆਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਮੰਨਿਆ ਤੁਹਾਡੇ ਬਜ਼ੁਰਗ ਤਾਂ ਸੁਲਤਾਨ ਹੁੰਦੇ ਸੀ; ਪਰ ਸਾਨੂੰ ਇਹ ਸਮਝਾਉ ਕਿ ਤੁਸੀਂ ਆਪ ਕਿਹੜਾ ਕੰਮ ਸੁਲਤਾਨਾਂ ਵਾਲਾ ਕੀਤਾ ਹੈ।

ਇਸ ਪ੍ਰਸੰਗ ਵਿਚ ਅੱਜ ਸਾਡੀ ਸਭ ਦੀ ਸੋਚ ਵੀ ਤਕਰੀਬਨ-ਤਕਰੀਬਨ ਇਸ ਤਰ੍ਹਾਂ ਦੀ ਹੀ ਹੋ ਗਈ ਹੈ ਕਿ ਅਸੀਂ ਭਾਵੇਂ ਕੁਝ ਵੀ ਨਾ ਹੋਈਏ, ਪਰ ਸਾਡੇ ਵਡੇਰੇ



*Original with;*
Kulbir Singh Sidhu(I.A.S)
*Digitized by;*
Panjab Digital Library

ਸੁਲਤਾਨ ਹੁੰਦੇ ਸਨ। ਇਸ ਲਈ ਸਾਡਾ ਆਪਣੇ ਸਮਾਜ 'ਤੇ ਰਾਜ ਕਰਨ ਦਾ ਜਨਮ ਸਿੱਧ ਅਧਿਕਾਰ ਹੈ। ਇਸ ਵਾਸਤੇ ਸਾਡਾ ਸਮਾਜ ਸੇਵਾ ਦੇ ਨਾਮ 'ਤੇ ਰਾਜ-ਭਾਗ ਮਾਨਣ ਦਾ ਹੱਕ ਵੀ ਬਣਦਾ ਹੈ। ਬੇਸ਼ੱਕ ਅਜੋਕੇ ਸਮੇਂ ਵਿਚ ਸਮਾਜ ਸੇਵਾ ਦਾ ਰੰਗ-ਰੂਪ ਅਤੇ ਰਹੁ-ਰੀਤ ਹੀ ਬਦਲ ਗਏ ਹਨ। ਇਸ ਲਈ ਸੁਲਤਾਨੀ ਜ਼ਹਿਨੀਅਤ ਦੇ ਲੋਕਾਂ ਦਾ ਕਹਿਣਾ ਹੈ ਕਿ ਹੁਣ ਦੇ ਸਮੇਂ ਵਿਚ ਸਮਾਜ ਸੇਵਾ ਕਰਨ ਵਿਚ ਬਹੁਤ ਔਕੜਾਂ ਆਉਂਦੀਆਂ ਹਨ। ਇਹ ਸਮਾਜ ਸੇਵਾ ਭਾਵੇਂ ਪ੍ਰਸ਼ਾਸ਼ਨਿਕ ਖੇਤਰ ਵਿਚ ਹੋਵੇ ਤੇ ਭਾਵੇਂ ਰਾਜਨੀਤਿਕ ਖੇਤਰ ਵਿਚ ਹੋਵੇ। ਹੁਣ ਲੋਕ ਸੇਵਾ ਪ੍ਰਾਪਤ ਕਰਨ ਲਈ ਬੜੀ ਜੱਦੋ-ਜਹਿਦ ਵੀ ਕਰਨੀ ਪੈਂਦੀ ਹੈ। ਇਹ ਬੜੇ ਹੀ ਵੱਡੇ ਤੇ ਔਖੇ ਇਮਤਿਹਾਨਾਂ ਵਿਚੋਂ ਲੰਘ ਕੇ ਮਿਲਦੀ ਹੈ।

ਇਸ ਸਿਲਸਿਲੇ ਵਿਚ ਸਗੋਂ ਰੱਬ ਲੱਗਦੀ ਗੱਲ ਤਾਂ ਇਹ ਹੈ ਕਿ ਇਸ ਜੀਵਨ ਵਿਚ ਬੰਦੇ ਵੱਲੋਂ ਕੀਤੀ ਭੱਦਰਕਾਰੀ ਤੇ ਕਾਰਸਤਾਨੀ ਦਾ ਬੇਸ਼ੱਕ ਸਿੱਧਾ ਸਬੰਧ ਉਸ ਦੇ ਵਰਤਮਾਨ ਜੀਵਨ ਨਾਲ ਤਾਂ ਹੁੰਦਾ ਹੀ ਹੈ, ਪਰ ਨਾਲ ਹੀ ਇਸ ਜਨਮ ਦਾ ਸਬੰਧ ਪਿਛਲੇ ਜਨਮਾਂ ਨਾਲ ਵੀ ਹੁੰਦਾ ਹੈ। ਵੇਦ-ਗ੍ਰੰਥ ਤੇ ਅਧਿਆਤਮ ਦੇ ਆਲਮ-ਫ਼ਾਜ਼ਿਲ ਭਾਵ ਵਿਦਵਾਨ ਦੱਸਦੇ ਹਨ ਕਿ ਜਿਵੇਂ ਰੂਹ ਪਿਛਲੇ ਜਨਮਾਂ ਤੋਂ ਆਉਂਦੀ ਹੈ; ਉਸ ਤਰ੍ਹਾਂ ਹੀ ਬੰਦੇ ਦੇ ਜਨਮ, ਕਰਮ ਤੇ ਨਿਸ਼ਚਿਆਂ ਦਾ ਸਬੰਧ ਵੀ ਪਿਛਲੇ ਸੰਸਕਾਰਾਂ ਨਾਲ ਜੁੜਿਆ ਹੁੰਦਾ ਹੈ। ਇਸ ਵਾਸਤੇ ਇਹ ਵੀ ਜ਼ਾਹਿਰਾ ਸੱਚਾਈ ਹੈ ਕਿ ਬੰਦੇ ਨੂੰ ਰੱਬ ਦੀ ਕਾਇਨਾਤੀ ਸਿਰਜਣਾ ਵਿਚ ਇਹ ਸਭ ਤੋਂ ਉੱਤਮ ਮਨੁੱਖਾ ਜੂਨ ਬੜੀ ਔਖੀ ਮਿਲਦੀ ਹੈ।

ਫਿਰ ਇਸ ਸਿਲਸਿਲੇ ਵਿਚ ਇਹ ਵੀ ਇਕ ਅਜੀਬ ਵਿਡੰਬਣਾ ਹੈ ਕਿ ਬੰਦਾ ਸਾਰੀ ਉਮਰ ਆਪਣੀ ਅਕਲ ਦੇ ਘੋੜੇ ਭਜਾਉਂਦਾ ਰਹਿੰਦਾ ਹੈ, ਪਰ ਆਪਣੇ ਜਨਮਾਂ-ਕਰਮਾਂ ਦੀ ਸੋਝੀ ਕਿਸੇ ਵਿਰਲੇ ਨੂੰ ਆਉਂਦੀ ਹੈ। ਇਸ ਤਰ੍ਹਾਂ ਅਧਿਆਤਮ ਗਿਆਨ ਤੋਂ ਵਿਹੂਣਾ ਆਮ ਮਨੁੱਖ ਅਜਿਹੀ ਦਿਮਾਗੀ ਉਧੇੜ-ਬੁਣਨ ਦੇ ਕਿੰਨੇ ਹੀ ਭੰਬਲਭੂਸਿਆਂ ਵਿਚ ਪਿਆ ਰਹਿੰਦਾ ਹੈ, ਸਗੋਂ ਆਦਮੀ ਸਮਝਦਾ ਹੈ ਕਿ ਮੈਂ ਸਭ ਕੁਝ ਹਾਂ ਅਤੇ ਉਸ ਤੋਂ ਉਪਰ ਕੋਈ ਸ਼ੈਅ ਹੈ ਹੀ ਨਹੀਂ। ਜੇ ਕੋਈ ਰੱਬੀ-ਹੱਸਤੀ ਜਾਂ ਖੁਦ ਰੱਬ ਹੈ ਵੀ ਤਾਂ ਉਹ ਬੰਦੇ ਨੂੰ ਘੜ ਗਿਆ ਅਤੇ ਘੜ੍ਹਨ ਉਪਰੰਤ ਝਾੜ ਵਿਚ ਵੜ੍ਹ ਗਿਆ। ਇਸ ਦਲੀਲ ਦਾ ਬਲਬੂਤੇ ਕੋਈ ਵੀ ਬੰਦਾ ਨਾ ਤਾਂ ਆਪਣੇ ਨਾਲੋਂ ਦੂਜੇ ਬੰਦੇ ਨੂੰ ਸੋਹਣਾ ਮੰਨਦਾ ਹੈ ਅਤੇ ਨਾ ਹੀ ਕੋਈ ਬੰਦਾ ਹੋਰ ਕਿਸੇ ਨੂੰ ਆਪਣੇ ਤੋਂ ਵੱਧ ਸਿਆਣਾ ਤਸਲੀਮ ਕਰਨ ਲਈ ਤਿਆਰ ਹੈ।

ਇਸ ਲਈ ਹਰ ਆਦਮੀ ਸਮਝਦਾ ਹੈ ਕਿ ਹੁਣ ਸਿਰਫ਼ ਮੈਂ ਹੀ ਮੈਂ ਹਾਂ ਅਤੇ ਇਹ ਜੋ ਕੁਝ ਦ੍ਰਿਸ਼ਟੀਗੋਚਰ ਹੈ, ਉਸ ਦਾ ਕਰਤਾ-ਧਰਤਾ ਵੀ ਮੈਂ ਹੀ ਹਾਂ। ਜਦੋਂ ਕਿ ਸੂਝਵਾਨ ਸਮਝਦੇ ਹਨ ਤੇ ਬ੍ਰਹਮਗਿਆਨ ਸਪਸ਼ਟ ਕਰਦੇ ਹਨ ਕਿ ਕਿਸੇ ਵੀ ਆਦਮੀ ਦਾ ਸਮਾਜ ਵਿਚ ਵਿਚਰਨਾ ਅਤੇ ਸਮਾਜ ਸੇਵੀ ਬਣਨਾ; ਇਲਾਹੀ ਹੁਕਮ ਤੋਂ ਬਾਹਰ ਹੋ ਹੀ ਨਹੀਂ ਸਕਦਾ ਅਤੇ ਇਹ ਗੈਬੀ ਸ਼ਕਤੀਆਂ ਦੀ ਨਦਰ ਕਰਨ ਤੇ ਪਹਿਰੇ ਵਿਚ ਹੁੰਦਾ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਪਰ ਬੰਦਾ ਇਸ ਇਲਾਹੀ ਹੁਕਮ ਸਬੰਧੀ ਆਪਣੀ ਟਟਿੱਹਰੀ ਵਰਗੀ ਸੋਚ ਮੁਤਾਬਿਕ ਇਹ ਸਮਝਦਾ ਹੈ ਕਿ ਅਸਮਾਨ ਨੂੰ ਉਸ ਨੇ ਹੀ ਥੰਮ੍ਹਿਆਂ ਹੋਇਆ ਹੈ। ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਟਟਿੱਹਰੀ ਰਾਤ ਨੂੰ ਲੱਤਾਂ ਉਤਾਂਹ ਕਰਕੇ ਸੌਂਦੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਅਸਮਾਨ ਨੂੰ ਉਸ ਨੇ ਚੁੱਕਿਆ ਹੋਇਆ ਹੈ। ਮਨੁੱਖ ਵੀ ਅਕਸਰ ਆਪਣੀ ਇਸ ਟਟਿਓਹਲੀ ਮਾਨਸਿਕਤਾ ਅਤੇ ਹਉਮੈਂ ਦਾ ਪ੍ਰਗਟਾਵਾ ਆਪਣੀ ਅਖੌਤੀ ਜਿਹੀ ਅਮੀਰੀ ਤੇ ਚੌਧਰ ਦੀ ਧੌਂਸ ਤੇ ਫੰਨੇਖਾਈਂ ਨਾਲ ਕਰਦਾ ਹੈ। ਇਉਂ ਬੰਦਾ ਲਗਦੀ ਵਾਹ ਆਪਣੇ-ਆਪ ਨੂੰ 'ਸੁਲਤਾਨ' ਸਾਬਤ ਕਰਨ ਦਾ ਜਨਮਜਾਤ ਝੱਸ ਪੂਰਾ ਕਰਦਾ ਰਹਿੰਦਾ ਹੈ।

ਮੁੱਕਦੀ ਗੱਲ, ਇਉਂ ਮਨੁੱਖ ਆਪਣੇ ਉਤੇ ਆਇਦ ਹੋਏ ਮਾਨਵਤਾ ਦੇ ਇਲਾਹੀ ਫਰਜ਼ਾਂ ਨੂੰ ਭੁੱਲ-ਭੁੱਲਾ ਕੇ ਦੁਨੀਆਂ ਦੀ ਤਿਜਾਰਤੀ ਤੇ ਵਪਾਰਕ ਮੰਡੀ ਵਿਚ ਤੁਰਿਆ ਫਿਰਦਾ ਹੈ। ਜਦੋਂ ਕਿ ਸੱਚਾਈ ਤਾਂ ਇਹ ਹੈ ਕਿ ਆਮ ਤੌਰ 'ਤੇ ਵੱਡੇ ਰੁਤਬਿਆਂ ਤੇ ਮੋਹਤਬਰ ਲੋਕਾਂ ਨੂੰ ਬੇਸ਼ੱਕ ਸਮਾਜਿਕ ਸੁਰੱਖਿਆ ਤੇ ਸ਼ੋਹਰਤ ਤਾਂ ਮਿਲ ਜਾਂਦੀ ਹੈ, ਪਰ ਇਨ੍ਹਾਂ ਲੋਕਾਂ ਵਿਚ ਅਕਸਰ ਹੀ ਬੌਧਿਕ ਖੜੋਤ ਆ ਜਾਂਦੀ ਹੈ।

ਇਸ ਪ੍ਰਸੰਗ ਵਿਚ ਅੱਜ ਧਨ-ਦੌਲਤ ਨੇ ਮਨੁੱਖੀ ਰਿਸ਼ਤਿਆਂ ਨੂੰ ਨਪੀੜ ਕੇ ਰੱਖ ਦਿੱਤਾ ਹੈ ਤੇ ਕਿਸੇ ਨੂੰ ਵੀ ਆਪਣੇ ਉਪਰ ਮਾਣ ਨਹੀਂ ਰਹਿ ਗਿਆ, ਸਗੋਂ ਹਰ ਕੋਈ ਵਰਤਮਾਨ ਦੀਆਂ ਗਰਜ਼ਾਂ ਨਾਲ ਜੁੜ ਗਿਆ ਹੈ। ਸਾਡੀਆਂ ਅਜੋਕੀਆਂ ਪੀੜ੍ਹੀਆਂ ਨੂੰ ਪੂੰਜੀ-ਤੰਤਰ ਤੇ ਪੈਸਾ-ਕੀਮਤਾਂ ਹੁਣ ਸਾਡੀਆਂ ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ 'ਤੇ ਹਾਵੀ ਹੋ ਚੁੱਕੀਆਂ ਹਨ। ਹੁਣ ਕਿਹਾ ਜਾਂਦਾ ਹੈ ਕਿ ਹਰ ਬੰਦੇ ਦੀ ਇਕ ਕੀਮਤ ਹੈ ਤੇ ਹਰ ਕੰਮ ਦਾ ਇਕ ਰੇਟ ਹੈ, ਇਸ ਲਈ ਹੁਣ ਸਾਡਾ ਸਮਾਜ ਇਕ ਬਜ਼ਾਰ ਬਣ ਗਿਆ ਹੈ, ਜਿਥੇ ਆਦਮੀ ਬੜੇ ਥੋੜ੍ਹੇ ਮੁੱਲ 'ਤੇ ਖਰੀਦਿਆ ਜਾ ਸਕਦਾ ਹੈ।

ਦਰਅਸਲ ਸਮੇਂ ਦੇ ਨਾਲ ਜ਼ਿੰਦਗੀ ਦੇ ਪਹਿਲੂ ਤੇ ਨਜ਼ਰੀਏ ਬਦਲਦੇ ਜਾਂਦੇ ਹਨ। ਸਗੋਂ ਹਕੀਕਤ ਤਾਂ ਇਹ ਹੈ ਕਿ ਸਰੀਰਕ ਤੌਰ 'ਤੇ ਅਸੀਂ ਉਤਾਂਹ ਤੇ ਖੱਬੇ-ਸੱਜੇ ਨੂੰ ਵਧਦੇ-ਫੈਲਦੇ ਹਾਂ। ਇਉਂ ਹੀ ਸਾਡਾ ਬੌਧਿਕ ਤੌਰ 'ਤੇ ਵੀ ਫੁਟਾਰਾ-ਵਧਾਰਾ ਵੀ ਹੁੰਦਾ ਰਹਿੰਦਾ ਹੈ, ਪਰ ਅਸਲੀਅਤ ਵਿਚ ਸਾਡਾ ਅਧਿਆਤਮਿਕ ਤੇ ਆਤਮਿਕ ਵਿਕਾਸ ਘੱਟ ਹੀ ਹੁੰਦਾ ਹੈ। ਜਿਸ ਕਰਕੇ ਸਾਡੀ ਆਤਮਾ ਦਾ ਵਿਕਾਸ ਵੀ ਨਹੀਂ ਹੁੰਦਾ।

ਬਹਿਰਹਾਲ! ਆਖਿਰ ਨੂੰ ਸੱਚਾਈ ਤਾਂ ਇਹ ਹੀ ਹੈ ਕਿ ਜੇ ਤੁਸੀਂ ਸਮਾਜ ਵਿਚ ਸਿਰਫ਼ ਸਰਮਾਏਦਾਰੀ ਤੇ ਅਮੀਰੀ ਦੇ ਬਲਬੂਤੇ ਫੈਲਦੇ ਹੋ ਅਤੇ ਜਾਂ ਫਿਰ ਰੁਤਬੇ-ਮੁਰਾਤਬਿਆਂ ਦੇ ਕਾਰਨ ਕੱਦਾਵਰ ਬਣਦੇ ਹੋ ਤਾਂ ਵੀ ਅਧਿਆਤਮਿਕ ਤੇ ਆਤਮਿਕ ਪਖੋਂ ਇਹ ਤੁਹਾਡੀ ਕੋਈ ਬਹੁਤ ਵੱਡੀ ਪ੍ਰਾਪਤੀ ਨਹੀਂ ਹੈ। ਸਗੋਂ ਮਨੁੱਖੀ ਜਾਮੇ ਵਿਚ ਜੇ ਤੁਸੀਂ ਰੂਹਾਨੀਅਤ ਦੇ ਰਾਹ 'ਤੇ ਚਲਦੇ ਹੋਏ ਸੱਚ-ਮੁੱਚ ਹੀ ਅਧਿਆਤਮ ਦੀ ਇਕ ਚਿਣਗ ਮਾਤਰ ਨਾਲ ਆਪਣੇ ਜੀਵਨ ਨੂੰ ਰੁਸ਼ਨਾ ਲੈਂਦੇ ਹੋ ਤਾਂ ਬੱਸ ਕਹਿਣਾ ਹੀ ਕੀ ਹੈ।



Original with;
Kulbir Singh Sidhu(I.A.S)
Digitized by;
Panjab Digital Library

ਖ਼ੈਰ! ਇਸ ਪ੍ਰਸੰਗ ਵਿਚ ਸਮਝਣ ਵਾਲੀ ਗਲ ਇਹ ਹੈ ਕਿ ਇਨਸਾਨੀ ਜੀਵਨ ਵਿਚ ਭੌਤਿਕ ਵਾਧਾ, ਬੌਧਿਕ ਵਿਸਥਾਰ ਤੇ ਆਤਮਿਕ ਵਿਕਾਸ ਤਿੰਨ ਵਖੋ-ਵੱਖਰੀਆਂ ਸਿਮਤਾਂ ਹਨ। ਇਸ ਪ੍ਰਥਾਇ ਇਹ ਪੂਰਨ ਤੌਰ 'ਤੇ ਸੱਚ ਹੈ ਕਿ ਅਸੀਂ ਸਾਰੀ ਉਮਰ ਧਰਾਤਲੀ ਪੱਧਰ 'ਤੇ ਆਪਣਾ ਭੌਤਿਕ ਤੇ ਪਦਾਰਥਵਾਦੀ ਵਿਸਥਾਰ ਕਰਦੇ ਰਹਿੰਦੇ ਹਾਂ, ਪਰ ਜਿੰਨੀ ਦੇਰ ਸਾਡਾ ਅਸਲ ਵਿਚ ਕੋਈ ਜ਼ਿਆਦਾ ਬੌਧਿਕ ਤੇ ਅਧਿਆਤਮਿਕ ਵਿਕਾਸ ਨਹੀਂ ਹੁੰਦਾ, ਉਨ੍ਹੀ ਦੇਰ ਸਾਡਾ ਸ਼ਖਸੀਅਤੀ ਤੌਰ 'ਤੇ ਕੋਈ ਜ਼ਿਆਦਾ ਆਤਮਿਕ ਵਿਕਾਸ ਨਹੀਂ ਹੁੰਦਾ।

ਦਰਹਕੀਕਤ ਭਾਵੇਂ ਸਾਨੂੰ ਇਹ ਕੌੜ ਤੁੰਮੇ, ਕਰੇਲੇ, ਔਲੇ ਤੇ ਨਿੰਮ ਵਰਗਾ ਕਸੈਲਾ ਪਰ ਗੁਣਕਾਰੀ ਸੱਚ ਕੌੜਾ ਹੀ ਲਗੇ, ਪਰ ਅਸੀਂ ਸੱਚਮੁੱਚ ਹੀ ਆਤਮਾ ਦੇ ਵਿਕਾਸ ਦੇ ਪੱਖੋਂ ਬੜੇ ਹੀ ਊਣੇ-ਬੌਣੇ ਜਿਹੇ ਰਹਿ ਜਾਂਦੇ ਹਾਂ। ਫਿਰ ਸਿਤਮ-ਜ਼ਰੀਫੀ ਇਹ ਹੈ ਕਿ ਸਾਰੀ ਉਮਰ ਤਾਂ ਬੰਦਾ 'ਅਧੂਰਾ' ਰਹਿੰਦਾ ਹੈ, ਪਰ ਪ੍ਰਾਣ ਤਿਆਗਣ 'ਤੇ ਐਵੇਂ-ਕੈਵੇਂ ਹੀ ਇਕ-ਦਮ ਲੋਕ ਉਸ ਨੂੰ 'ਪੂਰਾ' ਹੋਇਆ ਕਹਿਣ ਲਗ ਪੈਂਦੇ ਹਨ। ਜ਼ਾਹਿਰ ਹੈ ਕਿ ਇਹ ਸਭ ਕੁਝ ਦਿਖਾਵੇ ਮਾਤਰ ਝੂਠੀ-ਮੂਠੀ ਹੀ ਹੋ ਰਿਹਾ ਹੁੰਦਾ ਹੈ। ਜਦੋਂ ਕਿ ਸੱਚਾਈ ਤਾਂ ਇਹ ਹੈ ਕਿ ਰੱਬ ਦੇ ਬਖ਼ਸ਼ੇ ਥੋੜੇ ਹੀ ਬੰਦੇ ਆਤਮ-ਗਿਆਨ ਦੇ ਰਾਹ ਪੈ ਕੇ ਆਦਮੀ ਤੋਂ ਇਨਸਾਨ ਬਣਨ ਦੀ ਆਤਮਿਕ ਬੁਲੰਦੀ ਦਾ ਰੰਗ ਮਾਣਦੇ ਹਨ।

ਮੁੱਕਦੀ ਗੱਲ ਪਿਦਰਮ ਸੁਲਤਾਨ ਬੂਦ ਦੇ ਸੰਦਰਭ ਵਿਚ ਦੇਖਣ ਵਿਚ ਆਇਆ ਹੈ ਕਿ ਕਿਸੇ ਬੰਦੇ ਨੂੰ ਉਸ ਦੇ ਪੜਦਾਦੇ ਦਾ ਨਾਂ ਪੁੱਛੋ ਜਾਂ ਫੁੱਫੜ-ਮਾਸੜ ਦੇ ਪਿਉ ਦਾ ਨਾਂ ਪੁੱਛ ਲਓ। ਬਸ ਟਾਵੇਂ-ਟਾਵੇਂ ਸੱਜਣ ਹੀ ਆਪਣੇ ਹੋ ਬੀਤੇ ਵਡਿਕਿਆਂ ਦੇ ਨਾਮ ਦੱਸ ਸਕਣਗੇ। ਉਹ ਵੀ ਤਾਂ ਕਿ ਜੇ ਲੋਕ ਇਹ ਸਮਝਦੇ ਹੋਣ ਕਿ ਜੇ ਉਹ ਆਪਣੇ ਬਜ਼ੁਰਗਾਂ ਦਾ ਨਾਮ ਨਾ ਦੱਸ ਸਕੇ ਤਾਂ ਕਿਤੇ ਉਨ੍ਹਾਂ ਦੇ ਵਡੇਰਿਆਂ ਦਾ ਨਾਮ 'ਅਣਹੋਇਆਂ' ਦੀ ਫਰਿਹਿਤ ਵਿਚ ਸ਼ੁਮਾਰ ਨਾ ਜਾਵੇ।

ਬੇਸ਼ੱਕ ਸੰਸਾਰ ਭਰ ਦੇ ਧਰਮਾਂ ਤੇ ਗ੍ਰੰਥਾਂ ਨੇ ਮਨੁੱਖੀ ਸਰੀਰ ਨੂੰ ਨਾਸ਼ਵਾਨ ਅਤੇ ਆਤਮਾ ਨੂੰ ਨਾਸ਼-ਰਹਿਤ, ਸਥਾਈ ਤੇ ਸਦੈਵੀ ਦੱਸਿਆ ਹੈ। ਖ਼ਾਸ ਤੌਰ 'ਤੇ ਭਾਰਤੀ ਸੰਸਕ੍ਰਿਤੀ ਵਿਚ ਵੇਦ-ਗ੍ਰੰਥਾਂ ਨੇ ਆਤਮਾ ਨੂੰ ਪ੍ਰਮਾਤਮਾ ਦਾ ਅੰਸ਼ ਮੰਨ ਕੇ ਅਮਰ ਮੰਨਿਆ ਹੈ। ਇਨਸਾਨ ਰੂਹ ਸਬੰਧੀ ਇਹ ਸਭ ਗਿਆਨ-ਵਖਿਆਨ ਅਹਿਸਾਸ ਮਾਤਰ ਮਹਿਸੂਸ ਤਾਂ ਕਰਦਾ ਹੈ; ਪਰ ਇਸ ਸਾਰੇ ਅਧਿਆਤਮਿਕ ਯਥਾਰਥ ਨੂੰ ਸਮਝ ਜਾਂ ਸਮਝਾ ਨਹੀਂ ਸਕਦਾ। ਇਸ ਸੂਰਤ ਵਿਚ ਕਾਮਰੇਡ ਡਾਂਗ ਦਾ ਇਹ ਕਹਿਣਾ ਕਿ 'ਇਸ ਜੀਵਨ ਦਾ ਅੰਤ ਮੌਤ ਹੈ ਤੇ ਅਗਲੇ ਜਨਮ ਦਾ ਖ਼ਿਆਲ ਬੱਸ ਇਕ ਕਲਪਨਾ ਹੀ ਹੈ' ਕਿਸੇ ਵੀ ਤਰਕਸ਼ੀਲ ਬੰਦੇ ਨੂੰ ਜਚ ਸਕਦਾ ਹੈ। ਇਸ ਵਿਚਾਰ ਦੀ ਪ੍ਰੋੜਤਾ ਖ਼ਾਸ ਕਰਕੇ ਇਸ ਪਰਾ-ਭੌਤਿਕ ਤੱਥ ਤੋਂ ਵੀ ਹੁੰਦੀ ਹੈ ਕਿ ਨਾ ਤਾਂ ਦੁਨੀਆਂ ਨੂੰ ਇਹ ਪਤਾ ਲਗਦਾ ਹੈ ਕਿ ਮਰਨ ਤੋਂ ਬਾਅਦ ਜੀਵ ਕਿੱਥੇ ਗਿਆ ਹੈ ਅਤੇ ਇਸ ਦੇ ਨਾਲ ਹੀ ਵਿਛੜੀ ਆਤਮਾ ਨੂੰ ਸੰਸਾਰ 'ਤੇ ਦੁਬਾਰਾ ਆ ਕੇ ਇਹ ਪਤਾ ਨਹੀਂ ਚਲਦਾ ਕਿ ਉਹ ਕਿਥੋਂ-ਕਿਥੋਂ ਦਾ ਗੇੜਾ ਲਾ ਕੇ ਆਈ ਹੈ।



Original with;
Kulbir Singh Sidhu(I.A.S)
Digitized by;
Panjab Digital Library

ਖ਼ੈਰ! ਸਾਡੇ ਵਰਗੇ ਆਮ ਕਰੋੜਾਂ-ਅਰਬਾਂ ਹਮਾਤੜ ਸਾਥੀਆਂ ਵਾਸਤੇ ਤਾਂ ਇਹ ਵੀ ਸੱਚਾਈ ਹੈ ਕਿ ਅੰਤਿਮ ਸਵਾਸ ਤਕ ਬੰਦਾ ਜੋ ਕਹਿ ਗਿਆ ਤੇ ਜੋ ਕਰ ਗਿਆ ਬੱਸ ਉਹ ਹੀ ਸੱਚ ਹੈ ਅਤੇ ਉਹ ਹੀ ਪ੍ਰਤੱਖ ਹੈ। ਇਸ ਬ੍ਰਹਿਮੰਡੀ ਖੇਡ ਦਾ ਬਾਕੀ ਹੋਰ ਸਭ ਕੁਝ ਬੰਦੇ ਦੀ ਸਮਝ ਤੋਂ ਬਹੁਤ ਪਰ੍ਹੇ ਬਸ ਔਝਲ ਤੇ ਅਦ੍ਰਿਸ਼ ਹੀ ਰਹਿੰਦਾ ਹੈ। ਇਸ ਨੂੰ ਦੇਖਣ ਵਾਸਤੇ ਮਨੁੱਖੀ ਜੀਵ ਨੂੰ ਜਨਮ-ਜਨਮਾਂਤਰਾਂ ਤਕ ਕਰੜੀ ਸਾਧਨਾ ਕਰਨੀ ਪੈਂਦੀ ਹੈ। ਫਿਰ ਇਹ ਵੀ ਖਾਲਾ ਜੀ ਦਾ ਵਾੜਾ ਨਹੀਂ ਕਿ ਕੋਈ ਹਾਈਂ-ਮਾਈਂ ਕਰਮਾਂ ਦੀ ਇਸ ਔਖੀ ਘਾਟੀ ਨੂੰ ਪਾਰ ਕਰ ਜਾਵੇ। ਦਰਅਸਲ, ਇਹ ਹੀ ਰੱਬ ਦੀ ਮਾਇਆ ਹੈ, ਇਸ ਨੂੰ ਕਿਸੇ ਵਿਰਲੇ-ਵਾਂਝੇ ਬ੍ਰਹਮਗਿਆਨੀ ਨੇ ਤਾਂ ਭਾਵੇਂ ਜਾਣ ਲਿਆ ਹੋਵੇ; ਪਰ ਮਨੁੱਖੀ ਜਾਮੇ ਵਿਚ ਇਸ ਨੂੰ ਚਿਤਵਣਾ ਤੇ ਸਮਝਣਾ ਅਤਿਅੰਤ ਹੀ ਦੂਰ ਦੀ ਕੌਡੀ ਵਾਲੀ ਗੱਲ ਹੈ।

ਬੱਸ ਇਕ ਦੂਜੇ ਨੂੰ ਵੇਖਕੇ ਤੇ ਖ਼ਾਸ ਕਰਕੇ ਆਪਣੇ ਆਲੇ ਦੁਆਲੇ ਦੇ ਸਮਾਜਿਕ ਜੀਆਂ ਦੀ ਦੁਰਗਤੀ ਵੇਖਕੇ ਆਪਾਂ ਸ਼ਾਇਰ **ਅਬਦੁਲ ਹਮੀਦ 'ਅਦਮ'** ਦੇ ਮਸ਼ਹੂਰ ਸ਼ਿਅਰ "ਦਿਲ ਖ਼ੁਸ਼ ਹੂਆ ਹੈ ਮਸਜਿਦੇ-ਵੀਰਾਨ ਦੇਖ ਕਰ; ਮੇਰੀ ਤਰਹ ਖ਼ੁਦਾ ਕਾ ਭੀ ਖ਼ਾਨਾ ਖ਼ਰਾਬ ਹੈ" ਜਿਹੇ ਤਰਹ-ਮਿਸ਼ਰੇ ਨਾਲ ਹੀ ਮਨ ਨੂੰ ਸਮਝੌਤੀ ਦੇ ਕੇ ਦਿਲ ਪ੍ਰਚਾਅ ਲੈਂਦੇ ਹਾਂ। ਬਹਿਰਹਾਲ ! ਅਸੀਂ ਆਪਣੇ ਆਪ ਨੂੰ ਸੁਧਰਨ ਜਾਂ ਸੁਧਾਰਨ ਮਾਤਰ ਵੀ ਕੋਸ਼ਿਸ ਨਹੀਂ ਕਰਦੇ। ਇਸ ਵਾਸਤੇ ਕਿਸੇ ਵੀ ਇਨਸਾਨ ਨੂੰ ਰੱਬੀ ਬਖਸ਼ਿਸ਼ ਵਜੋਂ ਮਿਲੀ ਜ਼ਿੰਦਗੀ ਨੂੰ ਸਮਝਣ ਦੇ ਸੰਦਰਭ ਵਿਚ ਰੂਹਾਨੀਅਤ ਦੇ ਅੰਸ਼ ਨੂੰ ਸ਼ਾਮਿਲ ਕਰਨਾ ਨਹਾਇਤ ਜ਼ਰੂਰੀ ਹੁੰਦਾ ਹੈ।

ਇਸ ਸੰਦਰਭ ਵਿਚ ਮਹਾਤਮਾ ਬੁੱਧ ਤੇ ਬਾਬਾ ਨਾਨਕ ਜਿਹੇ ਪਰਮ-ਪੁਰਖਾਂ ਅਨੁਸਾਰ ਬ੍ਰਹਿਮੰਡੀ ਖੇਡ ਵਿਚ ਮਨੁੱਖਾ ਜੀਵਨ ਇਸ ਧਰਤੀ 'ਤੇ ਬਸ ਇਕ ਭੁਗਤਾਨ ਮਾਤਰ ਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫ਼ੁਰਮਾਨ 'ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ' ਦੇ ਮੁਤਾਬਿਕ ਤਾਂ ਇਸ ਜੀਵਨ ਵਿਚ ਲੈਣ-ਦੇਣ ਤੇ ਲਾਭ-ਹਾਨੀ ਜਿਹੇ ਸਭ ਘਟਨਾਕ੍ਰਮ ਬੰਦੇ ਦੇ ਆਪਣੇ ਸੰਸਕਾਰਾਂ ਤੇ ਕਰਮਾਂ ਦੀ ਮੁਨਾਸਬਿਤ ਵਿਚ ਵਾਪਰਦੇ ਹਨ। ਇਸ ਤਰ੍ਹਾਂ ਕਰਮ-ਕਿਸਮਤ ਦੀ ਖੇਡ ਅਨੁਸਾਰ ਬੰਦੇ ਦੀ ਜ਼ਿੰਦਗੀ ਵਿਚ ਚੜ੍ਹਾਅ -ਉਤਰਾਅ ਆਉਂਦੇ ਰਹਿੰਦੇ ਹਨ ਅਤੇ ਬੰਦਾ ਬਸ ਰੱਬ ਦੀ ਭੰਬੀਰੀ ਬਣਿਆ ਰਹਿੰਦਾ ਹੈ। ਫਿਰ ਇਹ ਵੀ ਵਿਡੰਬਣਾ ਹੈ ਕਿ ਆਦਮੀ ਦੀ ਜ਼ਿੰਦਗੀ ਵਿਚ ਜਦੋਂ ਚੜ੍ਹਾਅ ਆਉਂਦਾ ਹੈ ਤਾਂ ਉਹ ਬਸ ਰੱਬ ਨੂੰ ਵੀ ਵਿਸਾਰ ਦਿੰਦਾ ਹੈ।

ਪੰਜਵੇਂ ਪਾਤਿਸ਼ਾਹ ਦੇ ਫ਼ੁਰਮਾਨ "ਦਾਤਿ ਪਿਆਰੀ ਵਿਸਰਿਆ ਦਾਤਾਰਾ" ਦੀ ਅਟਲਾਧੀ ਸੱਚਾਈ ਅਨੁਸਾਰ ਜਦੋਂ ਬੰਦਾ ਰੱਬ ਨੂੰ ਹੀ ਭੁਲ ਜਾਂਦਾ ਹੈ ਤਾਂ ਫਿਰ ਉਹ ਜਨ-ਸਧਾਰਨ ਨੂੰ ਤਾਂ 'ਟੁਕ ਤੇ ਡੇਲਾ' ਹੀ ਸਮਝਣ ਲਗ ਪੈਂਦਾ ਹੈ। ਇਉਂ ਮਨੁੱਖਤਾ ਦੇ 'ਕਰਮਾ ਸੰਦੜਾ ਖੇਤੁ' ਜਿਹੇ ਜੀਵਨ ਦੇ ਅੰਦਰ ਹੋ ਰਹੀ ਇਸ ਮਨੁੱਖੀ ਗਤੀਵਿਧੀ ਨੂੰ ਮੋਟੇ ਤੌਰ 'ਤੇ ਸਮਝਣ ਵਾਸਤੇ ਲੋਕ ਸੇਵਾ ਵਜੋਂ ਪ੍ਰਸ਼ਾਸ਼ਨਿਕ ਸੇਵਾਵਾਂ ਦੀ ਉਦਾਹਰਣ ਇਥੇ ਬੜੀ ਢੁਕਦੀ-ਫਬਦੀ ਹੈ। ਇਸ ਪ੍ਰਥਾਇ ਕਿਹਾ ਜਾ ਸਕਦਾ ਹੈ ਕਿ



*Original with;*
Kulbir Singh Sidhu(I.A.S)
*Digitized by;*
Panjab Digital Library

ਜਿਵੇਂ ਕਿਸੇ ਵਿਅਕਤੀ ਨੂੰ ਵੀ ਇਹ ਪਤਾ ਨਹੀਂ ਹੁੰਦਾ ਕਿ ਜਿਸ ਸਥਾਨ 'ਤੇ ਜਿਸ ਘਰ ਵਿਚ ਉਸ ਦਾ ਜਨਮ ਹੋਇਆ ਹੈ; ਇਹ ਜਨਮ ਸਿਰਫ਼ ਉਥੇ ਹੀ ਕਿਉਂ ਹੋਇਆ ਹੈ? ਫਿਰ ਉਸ ਬੰਦੇ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਸਾਰੇ ਜੀਵਨ ਵਿਚ ਉਸ ਨੇ ਕਿੱਥੋਂ-ਕਿੱਥੋਂ ਦਾ ਅੰਨ-ਜਲ ਛਕਣਾ ਹੈ? ਇਸ ਤਰ੍ਹਾਂ ਹੀ ਲੋਕ ਸੇਵਾ ਦੇ ਦੌਰਾਨ ਕਿਸੇ ਅਧਿਕਾਰੀ ਨੂੰ ਅਕਸਰ ਹੀ ਇਉਂ ਵੀ ਨਹੀਂ ਪਤਾ ਹੁੰਦਾ ਕਿ ਅਗਲੇ ਦਿਨ ਉਸ ਨੇ ਕਿਹੜੇ ਨਗਰ-ਸ਼ਹਿਰ ਦਾ ਅੰਨ-ਪਾਣੀ ਛਕਣਾ ਹੈ ਤੇ ਕਿਹੜੀਆਂ ਟੂਟੀਆਂ ਦਾ ਜਲ ਪੀਣਾ ਹੈ।

ਫਿਰ ਜਨਾਬਾਂ ਨੂੰ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਅੱਗੇ ਹੋਰ ਕਿਹੜੇ ਸ਼ਹਿਰਾਂ ਦਾ ਆਟਾ-ਕੋਟਾ ਉਨ੍ਹਾਂ ਦੇ ਭਾਗਾਂ ਵਿਚ ਉਘੜਣਾ ਹੈ। ਇਹ ਹੀ ਨਹੀਂ; ਸਗੋਂ ਜਿਥੇ ਕੱਲ੍ਹ ਤਕ ਉਨ੍ਹਾਂ ਦੀ ਕਲਮ ਚਲਦੀ ਸੀ ਅਤੇ ਉਨ੍ਹਾਂ ਦੇ ਘੁੱਗੀ ਮਾਰਨ ਮਾਤਰ ਹਸਤਾਖਰਾਂ ਦੀ ਬੇਅੰਤ ਕਦਰ-ਕੀਮਤ ਸੀ; ਹੁਣ ਬਸ ਉਥੇ ਹੀ ਕਲਮ ਵਿਚ ਸਿਆਹੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਅਧਿਕਾਰੀਆਂ ਨੂੰ ਕਲਮ-ਬੰਦ ਰੱਖਣ ਦੀ ਮਜਬੂਰੀ ਹੋ ਜਾਂਦੀ ਹੈ। ਇਸ ਤਰ੍ਹਾਂ ਹੁਣ ਉਨ੍ਹਾਂ ਨੇ ਘੁੱਗੀ ਤਾਂ ਕੀ ਮਾਰਨੀ ਸੀ; ਸਗੋਂ ਉਹ ਤਾਂ ਕੀੜੀ ਵੀ ਨਹੀਂ ਮਾਰ ਸਕਦੇ। ਬੇਸ਼ੱਕ ਅਗਲੇ ਸਟੇਸ਼ਨ 'ਤੇ ਜਾ ਕੇ ਉਹ ਫਿਰ ਸਰਕਾਰੀ ਫਾਈਲਾਂ 'ਤੇ ਦੁਬਾਰਾ ਤੋਂ ਚੰਗੇ-ਮਾੜੇ ਹੁਕਮ ਝਰੀਟਦੇ ਰਹਿੰਦੇ ਹਨ।

ਇਸ ਤਰ੍ਹਾਂ ਅਧਿਕਾਰੀਆਂ ਦੀ ਸਰਵਿਸ ਦੌਰਾਨ ਉਨ੍ਹਾਂ ਨਾਲ ਵਾਪਰਨ ਵਾਲੇ ਘਟਨਾਕ੍ਰਮ ਦਾ ਖਾਕਾ ਕਿਸੇ ਵੀ ਬੰਦੇ ਦੇ ਜੀਵਨ ਦੇ ਘਟਨਾ-ਚੱਕਰ ਨਾਲ ਮੇਲ ਖਾਂਦਾ ਹੈ। ਜਿਵੇਂ ਕਿ ਕਿਸੇ ਬੰਦੇ ਨੂੰ ਕਿਸੇ ਖਾਸ ਨਗਰ-ਖਿੱਤੇ ਵਿਚ ਜਨਮ ਲੈ ਕੇ, ਗੁਜ਼ਰ-ਬਸਰ ਦੀ ਕਬੀਲਦਾਰੀ ਵਿਚੋਂ ਲੰਘਦੇ ਹੋਏ; ਕਈ-ਕਈ ਘਾਟਾਂ ਦਾ ਪਾਣੀ ਪੀਣਾ ਪੈਂਦਾ ਹੈ ਅਤੇ ਫਿਰ ਇਕ ਨਿਸ਼ਚਿਤ ਸਮੇਂ ਉਤੇ ਉਸ ਦੀ ਰਾਮ-ਸੱਤ ਹੋ ਜਾਂਦੀ ਹੈ। ਇਸ ਉਪਰੰਤ ਕੁਝ ਸਮਾਂ ਪੈ ਕੇ ਬੰਦੇ ਦੀ ਕਹਾਣੀ ਪੁਰਾਣੀ ਹੋ ਜਾਂਦੀ ਹੈ ਤੇ ਉਹ ਬੰਦਾ ਜੋ ਬੁੱਢੇ ਵਾਰੇ ਤੱਕ ਵੀ ਆਪਣੇ ਆਪ ਨੂੰ ਨਵਾਂ-ਨਕੋਰ ਸਮਝਦਾ ਹੈ; ਉਸ ਨੂੰ ਨਵੀਂ ਪੀੜ੍ਹੀ ਵੱਲੋਂ ਪੁਰਾਣਾ ਹੋ ਗਿਆ; ਗਰਦਾਨ ਕੇ ਭੁਲਾ ਦਿੱਤਾ ਜਾਂਦਾ ਹੈ। ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਮੌਲੇ ਬਲਦ ਦਾ ਰੱਸਾ ਜੱਟ ਲਾਹ ਦਿੰਦਾ ਹੈ ਕਿ ਚੱਲ ਜਾਹ ਹੁਣ ਜਿਥੇ ਤੇਰੀ ਮਰਜ਼ੀ ਖਾਹ। ਇਉਂ ਹੀ ਇਹ ਸਭ ਕੁਝ ਕਿਸੇ ਵੀ ਅਧਿਕਾਰੀ ਤੇ ਕਰਮਚਾਰੀ ਨਾਲ ਹੂ-ਬ-ਹੂ ਵਾਪਰਦਾ ਹੈ। ਇਸ ਵਾਸਤੇ ਆਮ ਬੰਦਿਆਂ ਦੀ ਕਰਮ-ਕਿਸਮਤ ਵਾਂਗ ਪ੍ਰਸ਼ਾਸਨਿਕ ਸੇਵਾ ਵੀ ਇਕ ਤਰ੍ਹਾਂ ਨਾਲ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਜੀਵਨ ਦੇ ਅਗਲੇ-ਪਿਛਲੇ ਕਰਮਕਾਂਡ ਦੀ ਤਸਵੀਰ ਹੀ ਸਮਝੀ ਜਾ ਸਕਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਨੌਕਰਸ਼ਾਹੀ ਨੂੰ ਆਪਣੇ ਸੇਵਾ-ਕਾਲ ਵਿਚ ਸਾਡੇ ਵੇਦਾਂ ਤੇ ਗ੍ਰੰਥਾਂ ਦੀ ਸਿੱਖਿਆ ਨੂੰ ਅਮਲੀ ਤੌਰ 'ਤੇ ਹੰਢਾਉਣ ਤੇ ਵੇਖਣ ਦਾ ਮੌਕਾ ਆਮ ਲੋਕਾਂ ਨਾਲੋਂ ਵੱਧ ਮਿਲਦਾ ਹੈ। ਪ੍ਰਸ਼ਾਸ਼ਨਿਕ ਸੇਵਾ ਦਾ ਚਲਣ ਵੀ ਮੁੱਢ ਤੋਂ ਕੁੱਝ ਅਜਿਹਾ ਹੀ ਹੁੰਦਾ ਹੈ। ਬੰਦਾ ਸਮਝਦਾ ਹੈ ਕਿ ਉਸ ਦਾ ਰੁਤਬਾ-ਮਰਾਤਬਾ



*Original with;*
Kulbir Singh Sidhu(I.A.S)
*Digitized by;*
Panjab Digital Library

ਸਭ ਉਸ ਦੀ ਮਿਹਨਤ, ਘਾਲਣਾ ਤੇ ਓਹੜ-ਪੋਹੜ ਦਾ ਹੀ ਨਤੀਜਾ ਹੈ। ਦੇਖਣ-ਸੁਣਨ ਨੂੰ ਵੀ ਇਹ ਠੀਕ ਲੱਗਦਾ ਹੈ, ਇਸ ਗੱਲ ਦਾ ਜੁਆਬ ਨਾ ਬੰਦੇ ਕੋਲ ਹੈ ਤੇ ਨਾ ਹੀ ਆਂਢ-ਗੁਆਂਢ ਕੋਲ ਕਿ ਉਸ ਦੇ ਮਾਂ ਜਾਏ ਭਰਾ ਜੋ ਕਿ ਉਸ ਨਾਲੋਂ ਵੀ ਮਿਹਨਤੀ ਤੇ ਸਿਆਣੇ ਹਨ, ਪਰ ਉਨ੍ਹਾਂ ਦਾ ਇਹ ਮੁਫਤੋ-ਮੁਫਤੀ ਦਾ ਕਾਰੋਬਾਰੀ ਜੁਗਾੜ ਕਿਉਂ ਨਹੀਂ ਬਣਿਆ।

ਬੇਸ਼ੱਕ, ਇਹ ਵੀ ਹੁੰਦਾ ਹੈ ਕਿ ਜਨਾਬਾਂ ਦੇ ਭੈਣ-ਭਾਈ ਜ਼ਿੰਦਗੀ ਵਿਚ ਕਿਸੇ ਹੋਰ ਜੁਗਾੜਬੰਦੀ ਸਦਕਾ ਕਥਿਤ ਸਾਹਿਬਾਂ ਤੋਂ ਕਿਤੇ ਸੌਖਾ ਤੇ ਸੋਹਣਾ ਜੀਵਨ ਨਿਰਬਾਅ ਕਰ ਰਹੇ ਹੁੰਦੇ ਹਨ। ਫਿਰ ਸੋਚਣ ਵਾਲੀ ਗੱਲ ਹੈ ਕਿ ਹਰ ਬੰਦੇ ਦੇ ਆਪਣੇ ਮਸਲੇ ਜਨਮ ਜਾਤ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਉਹ ਮਸਲੇ ਹੱਲ ਹੋਣ ਜਾਂ ਨਾ ਹੋਣ, ਪਰ ਸਾਹਿਬ ਬਣ ਕੇ ਉਹ ਲੋਕਾਂ ਦੇ ਮਸਲੇ ਹੱਲ ਕਰਾਉਂਦਾ ਫਿਰਦਾ ਹੈ। ਭੋਰਾ ਕੁ ਵਿਚਾਰ ਕੇ ਦੇਖੋ ਕਿ ਉਸ ਨੂੰ ਇਹ ਸਮਰਥਾ ਤੇ ਸਮੇਂ ਦੀ ਮੋਹਲਤ ਕਿੱਥੋਂ ਮਿਲਦੀ ਹੈ?

ਕਿਸੇ ਵੀ ਕਰਮਯੋਗੀ ਬੰਦੇ ਵਾਸਤੇ ਸਮੇਂ ਦੀ ਮੋਹਲਤ ਤੇ ਸਮਰਥਾ ਜਿਹੀਆਂ ਦੋ ਸ਼ਕਤੀਆਂ ਦਾ ਸੁਮੇਲ ਵੀ ਅਤਿ ਜ਼ਰੂਰੀ ਹੈ। ਕਈਆਂ ਨੂੰ ਮੋਹਲਤ ਹੀ ਨਹੀਂ ਮਿਲਦੀ। ਜਿਨ੍ਹਾਂ ਹਮਾਤੜ ਸਾਥੀਆਂ ਨੂੰ ਸਮੇਂ ਦੀ ਮੋਹਲਤ ਮਿਲਦੀ ਹੈ; ਉਨ੍ਹਾਂ ਦੀ ਸਮਰਥਾ ਲੋੜ ਵੇਲੇ ਜੁਆਬ ਦੇ ਜਾਂਦੀ ਹੈ ਤੇ ਉਹ ਕੁਝ ਕਰ ਸਕਣ ਜਾਂ ਕੁਝ ਸੰਵਾਰ ਸਕਣ ਦੀ ਵਾਰੀ ਟਿੰਡਾਂ ਬੰਨ੍ਹਣ ਵਿਚ ਹੀ ਗੁਆ ਦਿੰਦੇ ਹਨ। ਕੁਝ ਕੁ ਬੰਦੇ ਜਿਹੜੇ ਦੁਨੀਆਂਦਾਰੀ ਦੇ ਪੱਖੋਂ ਸਿਆਣੇ ਕਾਂ ਹੁੰਦੇ ਹਨ। ਉਹ ਸਮਝਦੇ ਹਨ ਕਿ "ਬਾਬਰ ਬਾ-ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ" ਭਾਵ ਉਹ ਸਮਝਦੇ ਹਨ ਕਿ ਇਹ ਸਮਾਂ ਤੇ ਮੋਹਲਤ ਲੋਕ ਸੇਵਾ ਲਈ ਨਹੀਂ; ਸਗੋਂ ਲੋਕਾਂ ਤੋਂ ਸੇਵਾ ਕਰਾਉਣ ਲਈ ਮਿਲਿਆ ਹੈ। ਫਿਰ ਉਹ ਇਹ ਵੀ ਸੋਚਦੇ ਹਨ ਕਿ ਜਦੋਂ ਲੋਕ ਸੇਵਾ ਦੇ ਜ਼ਰੀਏ ਜੇਬ-ਸੇਵਾ ਦਾ ਸਾਧਨ ਬਣਦਾ ਹੋਵੇ ਤਾਂ ਨਿਸ਼ਕਾਮ ਸੇਵਾ ਕਿਉਂ ਕੀਤੀ ਜਾਵੇ? ਫਿਰ ਅਜਿਹੇ ਪੁੱਠੇ ਅਮਲਾਂ ਕਰਕੇ ਭਾਵੇਂ ਦੇਸ਼ ਭਗਤੀ ਦਾ ਰੂਪ ਵਿਗਾੜ ਕੇ ਜੇਬ ਭਗਤੀ ਹੀ ਕਿਉਂ ਨਾ ਬਣ ਜਾਵੇ ।

ਫਿਰ ਇਕ ਹੋਰ ਪੜਾਅ ਪ੍ਰਸ਼ਾਸ਼ਨਿਕ ਜੀਵਨ ਵਿਚ ਆਉਂਦਾ ਹੈ। ਜਦੋਂ ਫਿਰ ਜਿਉਂਦੇ ਜੀਅ ਨੌਬਤ ਵਜਦੀ ਹੈ ਅਤੇ ਬਦਲੀ ਹੋ ਜਾਂਦੀ ਹੈ। ਕੁਦਰਤ ਉਸ ਨੂੰ ਫਿਰ ਰੱਬ ਦੇ ਰੰਗ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਬੰਦਿਆ ਤੂੰ ਸਮਝ; ਇਹ ਤਾਂ ਆਉਣ ਵਾਲੀ ਫਿਲਮ "ਕਾਢੋ-ਕਾਢੋ" ਦਾ ਟਰੇਲਰ ਹੈ। ਬਦਲੀ ਦਾ ਤੁਣਕਾ ਮਾਤਰ ਹੀ ਵਜਣ ਤੇ ਧਰਤੀ ਤੋਂ ਕੂਚ ਕਰਨ ਜਿਹਾ ਮਾਹੌਲ ਬਣ ਜਾਂਦਾ ਹੈ। ਮਿੱਤਰ-ਸੁਨੇਹੀ ਉਸ ਨੂੰ ਆਪਣੀ ਜੂਹ ਤੋਂ ਪਾਰ ਲੰਘਾਉਣ ਆਉਂਦੇ ਹਨ। ਬਹਿਰਹਾਲ, ਦੁਨੀਆਂ ਤੋਂ ਪੱਕੇ ਕੂਚ ਵੇਲੇ ਤਾਂ ਮਾੜੇ ਬੰਦੇ ਲਈ ਵੀ ਲੋਕਾਚਾਰੀ ਵਜੋਂ ਲੋਕ ਸ਼ਰਮੋਂ-ਸ਼ਰਮੀਂ ਕਹਿੰਦੇ ਸੁਣੇ ਜਾਂਦੇ ਹਨ ਕਿ ਚਲੋ ਕੁਲ ਮਿਲਾ ਕੇ ਬੰਦਾ ਠੀਕ ਹੀ ਸੀ। ਪਰ ਬਦਲੀ ਵੇਲੇ ਘੱਟ ਹੀ ਬੰਦੇ ਕਹਿੰਦੇ ਹਨ ਕਿ ਸਾਹਿਬ ਠੀਕ ਸੀ। ਨਹੀਂ ਤਾਂ ਬੀਤੇ ਕੱਲ੍ਹ ਤੱਕ ਜੋ ਸਾਰੇ ਲੋਕ ਤੇ ਸਾਥੀ ਸੰਗੀ ਕਹਿੰਦੇ ਸਨ ਕਿ ਜਿਥੇ ਚਲੇਂਗਾ, ਚੱਲਾਂਗੇ ਨਾਲ ਤੇਰੇ; ਹੁਣ ਛੱਡ ਕੇ ਮੈਦਾਨ ਭੱਜ ਗਏ; ਦਾ ਵਧੀਆ ਨਜ਼ਾਰਾ ਪੇਸ਼ ਕਰਦੇ ਹਨ। ਇਹ ਸਾਰੇ ਅਖੌਤੀ



*Original with;*
Kulbir Singh Sidhu(I.A.S)
*Digitized by;*
Panjab Digital Library

ਯਾਰ-ਬੇਲੀ ਜਾਣ ਵਾਲੇ ਅਫ਼ਸਰ ਦੇ ਕੱਚੇ ਚਿੱਠੇ ਹੀ ਪੜ੍ਹਦੇ ਨਜ਼ਰ ਆਉਂਦੇ ਹਨ। ਜਿਹੜੇ ਬੀਤੀ ਸ਼ਾਮ ਤੱਕ ਚੱਕੋ: ਬਈ ਚੱਕੋ ਦੀ ਜਾਮ ਖੁਮਾਰੀ ਤਹਿਤ ਕਹਿੰਦੇ ਰਹੇ ਕਿ ਵਾਹ ਸਾਹਿਬ! ਤੂੰ ਤਾਂ ਬੱਲੇ-ਬੱਲੇ ਕਰਾ ਦਿੱਤੀ ਹੈ, ਬਾਈ ਜੀ ਤੁਸੀਂ ਤਾਂ ਚੱਕਤੇ ਫੱਟੇ। ਹੁਣ ਸਲਾਹਾਂ ਦੇ ਰਹੇ ਹੁੰਦੇ ਹਨ ਕਿ ਸਾਹਿਬ ਤੂੰ ਐਉਂ ਨਹੀਂ ਸੀ ਕਰਨਾ ਤੇ ਐਉਂ ਕਰਨਾ ਸੀ। ਬੱਸ ਮਾੜੀ ਜਿਹੀ ਕਸਰ ਮਾਰ ਗਈ। ਜੇ ਤੂੰ ਇਉਂ ਨਾ ਕਰਦਾ ਤਾਂ ਤੇਰੇ ਹੁਣ ਆਪਣੇ ਫੱਟੇ ਨਾ ਚੱਕੇ ਜਾਂਦੇ।

ਮੁੱਕਦੀ ਗੱਲ; ਕੱਲ੍ਹ ਤੱਕ ਉਹ ਸਰੋਤੇ ਸਨ ਤੇ ਸਾਹਿਬ ਦੀ ਬੁਲਾਰੇ ਵਜੋਂ ਤੂਤੀ ਬੋਲਦੀ ਸੀ। ਅੱਜ ਹੁਣ ਬੁਲਾਰੇ ਹੋਰ ਹੁੰਦੇ ਹਨ ਤੇ ਸਾਹਿਬ ਘੋਗੜ ਕੰਨਾ ਬੁਝੜ ਜਿਹਾ ਬਣ ਕੇ ਚੰਗਾ-ਵਧੀਆ ਸਰੋਤਾ ਸਣਿਆ ਬੈਠਾ ਹੁੰਦਾ ਹੈ ਕਿਉਂਕਿ ਉਸ ਦੀ ਸੱਚੀਂ-ਮੁੱਚੀਂ ਬੋਲਤੀ ਬੰਦ ਹੋਈ ਪਈ ਹੁੰਦੀ ਹੈ। ਸ਼ਹਿਰ ਦੀ ਇਲੋ-ਕੋਕੋ, ਜੋ ਕਦੇ ਦੇਖੀ ਸੁਣੀ ਨਹੀਂ ਹੁੰਦੀ; ਹੁਣ ਉਸ ਦਾ ਝੁਰਮਟ ਘੱਟੀ ਬੈਠੀ ਹੁੰਦੀ ਹੈ। ਸਰਕਾਰੀ ਬੰਦੇ ਨੂੰ ਅਗਲੇ ਸਟੇਸ਼ਨ ਤੇ ਪੁੱਜਣ ਤੱਕ ਸਿਲਾ ਕੱਟਣ ਵਾਂਗੂ ਆਪਾ ਚੀਨਣ ਦਾ ਸਮਾਂ ਤਾਂ ਮਿਲਦਾ ਹੈ। ਪਰ ਸਟੇਸ਼ਨ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਾਵਾਂ-ਗਿਦੜਾਂ ਹੱਥ ਸੁਨੇਹੇ ਮਿਲਣੇ ਸ਼ੁਰੂ ਹੋ ਜਾਂਦੇ ਹਨ ਕਿ ਆਉ ਸਰਕਾਰ ਦੇ ਸ਼ੇਰ ਜੀ; ਆਉ ਬੱਬਰ ਸ਼ੇਰ ਜੀ; ਅਸੀਂ ਜਨ-ਜੀਵ ਤਾਂ ਆਪ ਜੀ ਦੀ ਇੰਤਜ਼ਾਰ ਵਿਚ ਅੱਖਾਂ ਵਿਛਾਈ ਬੈਠੇ ਹਾਂ। ਸਾਹਿਬ ਜੀ ਬਦਲੀ ਹੋਣ 'ਤੇ ਪਾਕਿਸਤਾਨ ਬਣਨ ਵੇਲੇ ਦੇ ਪਲਾਇਨ ਵਰਗੇ ਬਣੇ ਹਾਲਾਤਾਂ ਕਰਕੇ ਸੋਝੀ ਦੇ ਘਰ ਤਾਂ ਮਾੜਾ ਮੋਟਾ ਆਏ ਹੁੰਦੇ ਹਨ ਕਿ ਇਹ ਕੀ ਭਾਣਾ ਵਰਤ ਗਿਆ। ਪਰ ਫੇਰ ਵੀ ਮਹਾਨ ਕਵੀ ਵਰਡਜ਼ਵਰਥ ਦੇ ਕਹਿਣ ਅਨੁਸਾਰ ਚਾਹੁੰਦੇ ਹੋਏ ਵੀ ਅਸਲੀਅਤ ਤੋਂ ਮੁਨਕਰ ਹੋ ਕੇ ਕਬੂਤਰ ਵਾਂਗੂੰ ਅੱਖਾਂ ਮੀਚ ਲੈਂਦੇ ਹਨ।

ਫਿਰ ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ ਦੇ ਦਮਗਜਿਆਂ ਨਾਲ ਨਵੇਂ ਸਟੇਸ਼ਨ 'ਤੇ ਆਪਣਾ ਸਵਾਰਾ ਆ ਉਤਾਰਦੇ ਹਨ। ਇਸ ਤਰ੍ਹਾਂ ਉਹ ਦੁਬਾਰਾ ਫੇਰ ਨਵੇਂ ਸਟੇਸ਼ਨ 'ਤੇ ਮਿਲੇ ਲੋਕਾਂ ਵੱਲੋਂ ਆਪਣੀ ਤਾਰੀਫ ਸੁਣ ਕੇ ਬਿਲਕੁਲ ਤਾਜ਼ਾ ਦਮ ਹੋ ਜਾਂਦੇ ਹਨ। ਇਸ ਤਰ੍ਹਾਂ ਉਹ ਹੁਣ ਫੇਰ ਉਨ੍ਹਾਂ ਨੂੰ ਮਿਲੀ ਲੋਕ ਸੇਵਾ ਦੀ ਮੋਹਲਤ ਤੇ ਸਮਰਥਾ ਦੀ ਪੱਟੀ-ਮੇਸ ਕਰਨੀ ਸ਼ੁਰੂ ਕਰ ਦਿੰਦੇ ਹਨ। ਫੇਰ ਤੋਂ ਆਪਣੇ ਦਫ਼ਤਰ ਦੇ ਬਾਹਰ ਖੜ੍ਹੇ ਅਣਗਿਣਤ ਲੋੜਵੰਦਾਂ ਨੂੰ ਆਪਣੀ ਕਾਬਲੀਅਤ ਦਾ ਮੁਜ਼ਾਹਰਾ ਕਰਦੇ ਹੋਏ ਨਿਰਾਸ਼ ਕਰਦੇ ਹਨ ਅਤੇ ਦੂਜੇ ਪਾਸੇ ਸੰਸਾਰਕ ਪੱਖੋਂ, ਤਕੜੀਆਂ ਹਸਤੀਆਂ ਨੂੰ ਆਪਣੀ ਯਤਾਮਤ ਜਿਹੀ ਵਿਖਾ ਕੇ ਨਿਹਾਲ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਨਵੇਂ ਸਟੇਸ਼ਨ 'ਤੇ ਵੀ ਮਦਾਰੀ-ਡੁਗਡੁਗੀ ਜਾ ਵਜਦੀ ਹੈ।

ਇਥੇ ਸਮਝਣ ਵਾਲੀ ਗੱਲ ਹੈ ਕਿ ਭਲਾ ਕਦੇ ਸਮਾਂ ਵੀ ਰੁਕਿਆ ਹੈ, ਸਗੋਂ ਸਮੇਂ ਦਾ ਚੱਕਾ ਤਾਂ ਹਮੇਸ਼ਾਂ ਤੁਰਿਆ ਜਾਂਦਾ ਹੈ। ਬਸ ਚੰਗਾ-ਮਾੜਾ ਬੀਤਦਾ-ਬੀਤਦਾ, ਸਮਾਂ ਬੀਤ ਜਾਂਦਾ ਹੈ। ਫਿਰ ਦੁਨਿਆਵੀ ਰਿਟਾਇਰਮੈਂਟ ਤੋਂ ਬਾਅਦ ਦਾ ਇਕ ਅੰਤਲਾ ਦਰਗਾਹੀ ਜਿਹਾ ਝਟਕਾ ਜਾ ਵੱਜਦਾ ਹੈ। ਪਰ ਸੋਚੀਏ ਕਿ ਜੇ ਕਿਸੇ ਸਰੀਰ ਨੇ ਇੰਨੇ ਲੰਮੇ ਸਮੇਂ ਵਿਚ ਦਰਗਹਿ ਪ੍ਰਵਾਨ ਹੋਣ ਲਈ ਕੁੱਝ ਨਹੀਂ ਕੀਤਾ ਤਾਂ ਹੁਣ ਪਛਤਾਏ



*Original with;*
Kulbir Singh Sidhu(I.A.S)
*Digitized by;*
Panjab Digital Library

ਕਿਆ ਹੋਤ; ਜਬ ਚਿੜੀਆਂ ਚੁੱਗ ਗਈ ਖੇਤ ਵਾਲੀ ਅੰਤਲੀ ਸਥਿਤੀ ਵਿਚ ਕੀ ਕਰ ਸਕਦਾ ਹੈ।

ਖ਼ੈਰ! ਰੱਬ ਫਿਰ ਇਸ ਮਰਹੱਲੇ 'ਤੇ ਵੀ ਬੰਦੇ ਨੂੰ ਜਗਤ ਤੋਂ ਕੂਚ ਕਰਨ ਦੀ ਤਸਵੀਰ ਪੇਸ਼ ਕਰਦਾ ਹੈ ਕਿ ਬੰਦਿਆ; ਸਾਰੀ ਉਮਰ ਹੀ ਲੋਕਾਂ ਦਾ ਸਾਹਿਬ ਬਣ ਕੇ ਹੀ ਰਿਹਾ ਹੈਂ; ਸੋ ਹੁਣ ਹੀ ਤੂੰ ਮੇਰਿਆਂ ਬੰਦਿਆਂ ਵਿਚ ਸ਼ਾਮਿਲ ਹੋ ਜਾਹ। ਖੈਰ! ਫੇਰ ਇੰਨੀ ਦੇਰ ਹੋਣ ਤੋਂ ਬਾਅਦ ਕਿਸ ਨੂੰ ਸਮਝ-ਸੋਝੀ ਪਈ ਅਤੇ ਕਿਸ ਨੂੰ ਨਾ ਪਈ? ਬਸ ਇਸ ਦਾ ਕੋਈ ਬਹੁਤਾ ਫਰਕ ਨਹੀਂ ਪੈਂਦਾ ਕਿਉਂਕਿ ਅਸੀਂ ਬਹੁਤੀ ਉਮਰ ਤਾਂ ਕਪੁਠੜੇ ਕੰਮਾਂ ਵਿਚ ਗੁਆਈ ਹੁੰਦੀ ਹੈ। ਇਹ ਵੀ ਸੱਚ ਹੈ ਕਿ ਅੱਗੇ ਅਮਲਾਂ ਦੇ ਹੋਣਗੇ ਨਿਬੇੜੇ ਤੇ ਕਿਸੇ ਨਾ ਤੇਰੀ ਜਾਤ ਪੁੱਛਣੀ, ਵਰਗੀ ਅਟਲਾਧੀ ਸੱਚਾਈ ਨੂੰ ਜਾਨਣ ਦੇ ਬਾਵਜੂਦ ਵੀ ਰੱਬ ਦੇ ਨਾਂ ਦੀ ਮਾਲਾ ਫੇਰਨ ਵਾਲੇ ਸੱਜਣ ਵਿਰਲੇ-ਵਾਂਝੇ ਹੀ ਹੁੰਦੇ ਹਨ।

ਫਿਰ ਜਦੋਂ ਕਿਤੇ ਸਾਡਾ ਸਮਾਜ ਕਿਸੇ ਵੀ ਸਮਾਜਿਕ ਖੇਤਰ ਵਿਚ ਕੰਮ ਕਰਦੇ ਕਿਸੇ ਵੀ ਬੰਦੇ ਦੀ ਸੇਵਾ ਦਾ ਮੁਲਾਂਕਣ ਕਰਦਾ ਹੈ ਤਾਂ ਲੋਕ ਸੇਵਾ ਦੇ ਨਾਮ 'ਤੇ ਕੀਤੇ ਨੇਕ ਕਰਮਾਂ ਦੇ ਹਾਸਿਲ ਵਜੋਂ ਕੁਝ ਕੁ ਨੇਕ ਪ੍ਰਾਣੀਆਂ ਦੇ ਪੱਲੇ ਸਮਾਜ ਵਡਿਆਈ ਪਾਉਂਦਾ ਹੈ ਕਿ ਵਾਹ, ਬਈ ਵਾਹ! ਬਹੁਤ ਸੋਹਣੀ ਸੇਵਾ ਨਿਭਾਈ ਹੈ। ਸਮਾਜ ਦੂਜੇ ਬੰਨੇ ਬਹੁਤੇ ਸਰੀਰਾਂ ਵੱਲੋਂ ਕੀਤੀ 'ਖੱਟੀ ਕਮਾਈ' ਦੀ ਬੈਂਗਣੀ ਫੇਰ ਐਉਂ ਉਘਾੜਦਾ ਹੈ ਕਿ ਬਾਈ ਸਿਹੁੰ ਨੇ ਕਿਹੜੀ ਲੋਕ ਸੇਵਾ ਕੀਤੀ ਹੈ। ਇਹ ਤਾਂ ਆਪਣੀ ਹੀ ਜੇਬ ਸੇਵਾ ਕਰਦਾ ਰਿਹਾ ਹੈ। ਵੱਡਾ ਦੇਸ਼-ਭਗਤ ਬਣਿਆ ਫਿਰਦਾ ਸੀ ਸੌਹਰਾ; ਜੇਬ ਭਗਤੀ ਵਿਚ ਹੀ ਫਸਿਆ ਰਿਹਾ।

ਇਸ ਤਰ੍ਹਾਂ ਸਮਾਜ ਦਾ ਆਖਰੀ ਤੋੜਾ, ਅਜਿਹੇ ਭਾਗਹੀਣ ਕਥਿਤ ਲੋਕ ਸੇਵੀ ਸਾਹਿਬਾਂ ਤੇ ਇਉਂ ਝੜਦਾ ਹੈ ਕਿ ਲੈ ਬਈ! ਹੁਣ ਹੋਊ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ। ਲੈ ਬਾਈ ਸਿਹੁੰ ਦੀ ਸ਼ੋਹਰਤ ਦਾ ਪਹਾੜ ਹੇਠ ਬੋਤਾ, ਹੁਣ ਆਇਆ ਹੈ। ਹੁਣ ਲੱਗੂ ਪਤਾ ਜਨਾਬ ਨੂੰ ਜਦੋਂ ਆਪਣੇ ਹੀ ਫੱਟੇ ਚੱਕੇ ਜਾਣਗੇ। ਲੈ ਹੁਣ ਭਾ ਜੀ ਕੀੜੇ ਪੈ ਕੇ ਮਰੂ ਤੇ ਨਾਲੇ ਦੇਖਾਂਗੇ ਹੁਣ ਕਿਵੇਂ ਪਤੰਦਰ ਦੌਲਤ ਅੱਗੇ ਨਾ ਲੈ ਕੇ ਜਾਊ। ਐੱਵਲ ਤੇ ਆਖਿਰ ਇਸ ਤਰ੍ਹਾਂ ਹੀ ਸਮਾਜ ਦੇ ਮੁਨਸਫੀ ਤਰਾਜੂ ਤੇ ਬੰਦੇ ਦੇ ਕਰਮਾਂ ਦਾ ਨਿਤਾਰਾ ਹੁੰਦਾ ਰਿਹਾ ਹੈ ਅਤੇ ਅੱਗੇ ਵੀ ਇਸ ਤਰ੍ਹਾਂ ਹੀ ਹੁੰਦਾ ਰਹੇਗਾ। ਜਿਵੇਂ ਕਿ ਅਟਲਾਧੀ ਸੱਚਾਈ ਹੈ 'ਤਪੋਂ ਰਾਜ ਤੇ ਰਾਜੋਂ ਨਰਕ' ਭਾਵ ਬੰਦਾ ਕਈ ਜਨਮਾਂ ਦੇ ਤਪ-ਤਪੱਸਿਆ ਤੋਂ ਬਾਅਦ ਮਾਣ-ਮੁਰਾਤਬੇ ਹਾਸਿਲ ਕਰਦਾ ਹੈ। ਪਰ ਜਦੋਂ ਉਸ ਨੂੰ ਰੱਬੀ ਮੁਰਾਦ ਭੁੱਲ ਜਾਂਦੀ ਹੈ ਤੇ ਉਹ ਆਪਣੇ ਰੁਤਬਿਆਂ ਤੇ ਚੌਧਰ ਦੀ ਹਉਮੈ ਦਾ ਸ਼ਿਕਾਰ ਹੋ ਕੇ ਲੋਕ ਭਲਾਈ ਦੀ ਬਜਾਏ ਲੋਕ ਮਾਰੂ ਤੇ ਖਾਸ ਤੌਰ 'ਤੇ ਗਰੀਬ ਮਾਰੂ ਚਾਲਾਂ 'ਤੇ ਉਤਰ ਆਉਂਦਾ ਹੈ ਤਾਂ ਉਦੋਂ ਉਹ ਇਲਾਹੀ ਰਜ਼ਾ ਦੇ ਮੁਤਾਬਿਕ ਰਾਜ-ਭਾਗ ਤੋਂ ਨਰਕ ਵੱਲ ਨੂੰ ਤੁਰ ਪੈਂਦਾ ਹੈ।

ਫਿਰ ਇਉਂ ਹੀ ਦੁਨੀਆਂ ਨੇ ਵੀ ਕਿਸੇ ਬੰਦੇ ਨੂੰ ਪ੍ਰਾਪਤ ਰੱਬ ਦੀਆਂ ਇਲਾਹੀ



*Original with;*
Kulbir Singh Sidhu(I.A.S)
*Digitized by;*
Panjab Digital Library

ਬਖਸ਼ਿਸ਼ਾਂ ਪ੍ਰਤੀ ਉਸ ਦੀ ਆਸਥਾ ਤੇ ਕਰਮ ਅਨੁਸਾਰ ਹੀ ਉਸ ਦੇ ਕੰਮਾਂ ਦਾ ਮੁਲਾਂਕਣ ਕਰਨਾ ਹੁੰਦਾ ਹੈ। ਇਸ ਲਈ ਕਿਸੇ ਬੰਦੇ ਦੀ ਸਮਾਜ ਸੇਵਾ ਦੇ ਦਾਇਰੇ ਵਿਚ ਰਹਿੰਦੇ ਹੋਏ ਕਿਸੇ ਵੀ ਸ਼ੋਭੇ ਵਿਚ ਘਾਲ ਕਮਾਈ ਦੀ ਨਿਸ਼ਾਨਦੇਹੀ; ਉਸ ਵੱਲੋਂ ਆਪਣੇ ਸਮਾਜ ਪ੍ਰਤੀ ਕ੍ਰਿਤਗਤਾ ਸਹਿਤ ਕੀਤੀ ਸੇਵਾ ਜਾਂ ਇਸ ਦੇ ਉਲਟ ਉਸ ਵਲੋਂ ਦਿਖਾਈ ਗਈ ਅਕ੍ਰਿਤਘਣਤਾ ਦੇ ਮਾਪ-ਦੰਡਾਂ ਅਨੁਸਾਰ ਹੀ ਹੁੰਦੀ ਹੈ। ਇਸ ਵਾਸਤੇ ਸਾਡਾ ਸਮਾਜ ਨੇਕ ਸਖਸ਼ੀਅਤਾਂ ਦੀਆਂ ਪੈੜਾਂ ਦੇ ਨਿਸ਼ਾਨ ਉਨ੍ਹਾਂ ਵਲੋਂ ਕੀਤੀ ਸੇਵਾ ਘਾਲਣਾ ਦੀ ਨਿਸਬਤ ਅਨੁਸਾਰ ਹੀ ਵੇਖਦਾ ਹੈ। ਆਮ ਤੌਰ 'ਤੇ ਇਉਂ ਹੀ ਸਾਡੇ ਲੋਕ ਇਹ ਨਿਰਣਾ ਕਰਦੇ ਹਨ ਕਿ ਕਿੰਨ੍ਹਾਂ ਨੇਕ ਸੱਜਣਾਂ ਨੇ ਰੱਬ ਦੀ ਰਜ਼ਾ ਵਿਚ ਰਹਿੰਦੇ ਹੋਏ ਲੋਕ ਸੇਵਾ ਦੇ ਮਿਆਰੀ ਕੰਮ ਕਰਕੇ ਗੁਰਮੁੱਖਾਂ ਵਾਂਗ ਆਪਣਾ ਜਨਮ ਸੰਵਾਰਿਆ ਹੈ ਅਤੇ ਕਿੰਨ੍ਹਾਂ ਨੇ ਆਪਣੀ ਸ਼ੋਭਾ ਤੇ ਮਾਣ-ਮਰਿਆਦਾ ਨੂੰ ਕਸਾਰਾ ਲਾਇਆ ਹੈ।

ਇਉਂ ਦੁਨੀਆਂਦਾਰੀ ਦੇ ਬਹੁਤੇ ਮਾਹਿਰ ਕਹਾਉਂਦੇ ਕਈ ਸੱਜਣ ਰੱਬੋਂ ਮਿਲੀ ਸੋਹਣੇ ਕੰਮਾਂ ਦੀ ਮੋਹਲਤ ਤੇ ਸਮਰਥਾ ਅਜਾਈਂ ਹੀ ਗੁਆ ਲੈਂਦੇ ਹਨ। ਸਗੋਂ ਉਹ ਲੋਕ ਉਨ੍ਹਾਂ ਨੂੰ ਮਿਲੀ ਨੇਕ ਸ਼ਕਤੀਆਂ ਦੀ ਦਾਤ ਦੀ ਕੁਵਰਤੋਂ ਕਰਕੇ ਆਪਣੀ ਮਾਣ ਮਰਿਆਦਾ ਤੇ ਸ਼ੋਹਰਤ ਦੇ ਹੀ ਫੱਟੇ ਚੁਕਾ ਲੈਂਦੇ ਹਨ। ਪਰ ਜਿਹੜੇ ਰੱਬ ਦੇ ਬੰਦੇ; ਭਾਵੇਂ ਉਹ ਸਿਆਸੀ, ਪ੍ਰਸ਼ਾਸ਼ਨਿਕ, ਕਿਰਸਾਣੀ, ਵਪਾਰਕ, ਸਾਹਿਤਕ, ਕਲਾ, ਖੇਡ, ਫੌਜ ਜਾਂ ਜ਼ਿੰਦਗੀ ਦੇ ਕਿਸੇ ਵੀ ਸ਼ੋਭੇ ਦੇ ਮੈਦਾਨ ਵਿਚ ਸੱਜਣ ਬਣ ਕੇ ਨਿਰ-ਸੁਆਰਥ ਤੇ ਨਿਸ਼ਕਾਮ ਸੇਵਾ ਦੇ ਦਾਇਰੇ ਵਿਚ ਰਹਿੰਦੇ ਹੋਏ, ਤਿੱਲ-ਫੁੱਲ ਮਾਤਰ ਕੁਝ ਕਰ ਗੁਜ਼ਰਦੇ ਹਨ ਤਾਂ ਉਹ ਹੀ ਸੱਚੀ ਸ਼ੋਭਾ ਦੇ ਹੱਕਦਾਰ ਬਣਦੇ ਹਨ। ਜਿਹੜੇ ਨੇਕ ਇਨਸਾਨ ਇਸ ਧਰਤੀ 'ਤੇ ਆਪਣੇ ਆਉਣ ਦਾ ਮੰਤਵ ਸਮਝ ਕੇ ਉਸ ਅਕਾਲ ਪੁਰਖਿ ਦੀ ਰਜ਼ਾ ਵਿਚ ਹੀ ਰਹਿੰਦੇ ਹਨ ਅਤੇ ਆਪਣੇ ਸਮਾਜ ਤੇ ਦੇਸ਼ ਲਈ ਕੁਝ ਭੋਰਾ-ਮਾਸਾ ਕਰ ਵਿਖਾਉਂਦੇ ਹਨ; ਉਨ੍ਹਾਂ ਨੂੰ ਸਾਡਾ ਸਮਾਜ ਵੀ ਆਪਣੇ ਪਿਓ-ਦਾਦਿਆਂ ਨਾਲੋਂ ਵੀ ਵੱਧ ਪਿਆਰ ਦਿੰਦਾ ਹੈ ਅਤੇ ਢੇਰ ਚਿਰ ਤਕ ਉਨ੍ਹਾਂ ਨੂੰ ਯਾਦ ਕਰਕੇ ਸਨਮਾਨ ਦਿੰਦਾ ਹੈ।

ਫਿਰ ਇਹ ਵੀ ਸਾਡਾ ਪ੍ਰਮਾਣਿਤ ਵਰਤਾਰਾ ਹੈ ਕਿ ਸਮਾਜ ਸੇਵਾ ਦੀਆਂ ਪ੍ਰਵਾਨਿਤ ਸਖਸ਼ੀਅਤਾਂ ਕਿਸੇ ਪਛਾਣ ਦੀਆਂ ਮੁਥਾਜ ਨਹੀਂ ਹੁੰਦੀਆਂ। ਬੇਸ਼ੱਕ ਕਦੇ-ਕਦਾਈਂ ਇਹ ਵੀ ਹੁੰਦਾ ਹੈ ਕਿ ਅਜਿਹੀਆਂ ਸਖਸ਼ੀਅਤਾਂ ਦੇ ਨਾਮ ਸਾਨੂੰ ਅਜ ਦੇ ਜ਼ਮਾਨੇ ਦੀ ਖੁਸ਼ਕ ਫਿਜ਼ਾ ਤੇ ਕ੍ਰਿਤਗਤਾ ਦੀ ਨਮੀ ਤੋਂ ਸੱਖਣੀ ਹਵਾ ਦੇ ਅਸਰ ਤਹਿਤ ਕੁਝ ਦੇਰ ਵਾਸਤੇ ਕਿਤੇ ਭੁਲ ਵੀ ਜਾਂਦੇ ਹਨ। ਇਸ ਸੰਦਰਭ ਵਿਚ ਪਰ ਫਿਰ ਵੀ ਇਹ ਸਮਝਣ ਤੇ ਮੰਨਣ ਵਾਲੀ ਗੱਲ ਹੈ ਕਿ ਰੱਬ ਨੇ ਇਨ੍ਹਾਂ ਸਮਾਜ ਸੇਵਕਾਂ ਦੇ ਨਾਮਾਂ ਨੂੰ ਮਾਨਵਤਾ ਦੇ ਸਿਤਾਰਿਆਂ ਵਜੋਂ ਮਨੁੱਖਤਾ ਦੇ ਚਿਤਰਪੱਟ 'ਤੇ ਹਮੇਸ਼ਾਂ ਉਘਾੜੀ ਰੱਖਣਾ ਹੈ। ਜਿਸ ਵਾਸਤੇ ਅਕਾਲ ਪੁਰਖਿ ਨੇ ਆਪਣੇ ਬ੍ਰਹਿਮੰਡੀ ਨਿਜ਼ਾਮ ਵਿਚ ਕਿਸੇ ਨਾ ਕਿਸੇ ਕਾਦਰੀ ਹੀਲੇ-ਵਸੀਲੇ ਦਾ ਕੋਈ ਜੁਗਾੜ ਜ਼ਰੂਰ ਕੀਤਾ ਹੋਇਆ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਅਫ਼ਸਰ ਚੋਰ ਕਿ ਕਬੂਤਰ ਚੋਰ

ਵਾਹ ਓਏ! ਪਤੀਲੇ ਦਿਆ ਢੱਕਣਾ; ਤੇਰੀਆਂ ਕੀ ਰੀਸਾਂ। ਤੇਰੀਆਂ ਬੇਅੰਤ ਕਹਾਣੀਆਂ ਬਣੀਆਂ ਹਨ, ਬੇਸ਼ੱਕ ਹੁਣ ਉਹ ਕਹਾਣੀਆਂ ਤਾਂ ਚੁਲ੍ਹਿਆਂ ਦੀ ਥਾਂ ਗੈਸ ਦੇ ਚੁਲ੍ਹਿਆਂ ਤੇ ਕੁੱਕਰਾਂ ਦੇ ਆਉਣ ਨਾਲ ਮੁੱਕ ਗਈਆਂ ਹਨ। ਬਹਿਰਹਾਲ, ਹੁਣ ਤਾਂ ਇਹ ਵੀ ਹੋ ਗਿਆ ਹੈ ਕਿ ਤੇਰੀਆਂ ਕਹਾਣੀਆਂ ਤੋਂ ਕਿਤੇ ਵੱਧ ਢੱਕਣਾਂ ਤੇ ਪਤੀਲਿਆਂ ਦੀ ਥਾਂ ਦੇਗਾਂ ਵਰਗੇ ਢਿੱਡਲ ਤੇ ਕੁਰੱਪਟ ਅਧਿਕਾਰੀਆਂ ਦੀਆਂ ਕਹਾਣੀਆਂ ਅਜ ਘਰ-ਘਰ ਸੁਣੀਆਂ-ਸੁਣਾਈਆਂ ਜਾਣ ਲੱਗ ਪਈਆਂ ਹਨ।

ਇਹ ਇਕ ਅਜਿਹੇ ਹੀ ਅਫ਼ਸਰ ਦੀ ਆਪ-ਬੀਤੀ ਹੈ ਜੋ ਕਿ ਮੁਲਾਜ਼ਮਾਂ ਦੇ ਹੱਡਾਂ ਦਾ ਦਰਦ ਬਣ ਕੇ ਉਨ੍ਹਾਂ ਦੀ ਹੱਡਬੀਤੀ ਬਣ ਗਈ। ਇਕ ਵਾਰੀ ਇਕ ਗੁਦਾਮ ਵਿਚ ਅਨਾਜ ਦੀ ਘਾਟ ਸਬੰਧੀ ਬੇਨਾਮੀ ਜਿਹੀ ਸ਼ਿਕਾਇਤ ਹੈਡਕੁਆਰਟਰ 'ਤੇ ਪ੍ਰਾਪਤ ਹੋਈ। ਉੱਚ ਅਧਿਕਾਰੀਆਂ ਨੇ ਮੁਢਲੀ ਪੜਤਾਲ ਕਰਨ ਦੇ ਹੁਕਮ ਦਿੱਤੇ। ਫਿਰ ਇਸ ਸਬੰਧੀ ਮਹਿਕਮੇ ਵਿਚ ਹਰਕਤ ਹੋਈ। ਫਿਜ਼ੀਕਲ ਵੈਰੀਫਿਕੇਸ਼ਨ ਕਰਨ ਲਈ ਸੁਖ ਨਾਲ ਅਫ਼ਸਰ ਵੀ ਉਹ ਲੱਗਾ ਜੋ ਕੁੱਕੜ ਖਾਣ ਦਾ ਇੰਨਾ ਸ਼ੁਕੀਨ ਸੀ ਕਿ ਮੁਰਗਾ ਰਾਮ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ। ਅਜਿਹੇ ਨੇਕ ਨਾਮ ਅਫ਼ਸਰ ਦੀ ਕਮਾਨ ਹੇਠ ਪੀ.ਵੀ. ਭਾਵ ਸਟਾਕ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਲਈ ਉਡਣ-ਦਸਤਾ ਉਡਿਆ।

ਸਟਾਕ ਦੀ ਭੌਤਿਕ ਪੜਤਾਲ ਹੋਈ। ਕਾਗਜ਼ ਪੱਤਰ ਬਣੇ; ਦਸਤਖਤ ਹੋਏ। ਪਰ ਰਿਪੋਰਟ ਕਾਫੀ ਚਿਰੋਕੇ ਤਿਆਰ ਹੋਈ। ਰਿਪੋਰਟ ਵਿਚ ਦੱਸਿਆ ਗਿਆ ਕਿ ਸਬੰਧਤ ਸਟਾਫ ਨੇ ਘਾਲਾ-ਮਾਲਾ ਕੀਤਾ ਸੀ। ਮੁਢਲੀ ਪੜਤਾਲ ਦੇ ਨਤੀਜੇ ਵਜੋਂ ਚਾਰਜਸ਼ੀਟ ਜਾਰੀ ਹੋਈ ਤੇ ਇਨਕੁਆਰੀ ਅਫ਼ਸਰ ਨਿਯੁਕਤ ਹੋਇਆ। ਉਸ ਨੇ ਸਬੰਧਤ ਕਰਮਚਾਰੀਆਂ ਦੇ ਬਿਆਨ ਕਲਮ ਬੰਦ ਕੀਤੇ। ਉਸ ਸਾਹਮਣੇ ਬਰਾਂਚ ਦੇ ਸਟਾਫ ਵੱਲੋਂ ਕਰਾਸ-ਇਗਜ਼ਾਮੀਨੇਸ਼ਨ ਵਿਚ ਇਕ ਹੀ ਸਵਾਲ ਬਾਰ-ਬਾਰ ਦੁਹਰਾਇਆ ਗਿਆ ਕਿ ਕੀ ਇਹ ਰੌਲਾ ਪੀ.ਵੀ. ਵਿਚ ਦਰਸਾਈ ਗਈ ਘਾਟ ਦਾ ਹੈ ਜਾਂ ਢੱਕਣ ਸਮੇਤ ਪਤੀਲੇ ਦੇ ਗੁੰਮ ਹੋ ਜਾਣ ਦਾ ਹੈ? ਇਸ ਸਵਾਲ 'ਤੇ ਇਨਕੁਆਰੀ ਅਫ਼ਸਰ ਬੜੀ ਝੁੰਝਲਾਹਟ ਵਿਚ ਆਇਆ ਕਿ "ਪਤੀਲੇ ਤੇ ਢੱਕਣ" ਦਾ ਮਸਲਾ ਉਸ ਦੀ ਇਨਕੁਆਰੀ ਦਾ ਵਿਸ਼ਾ ਕਿਉਂ ਤੇ ਕਿਵੇਂ ਬਣ ਰਿਹਾ ਹੈ?

ਇਹ ਇਸ ਤਰ੍ਹਾਂ ਹੋਇਆ ਕਿ ਜਦੋਂ ਉਤਰਵਾਦੀਆਂ ਦੀ ਡੀਫੈਂਸ ਸਟੇਟਮੈਂਟ ਹੋਈ



Original with;
Kulbir Singh Sidhu(I.A.S)
Digitized by;
Panjab Digital Library

ਤਾਂ ਉਨ੍ਹਾਂ ਨੇ ਆਪਣੇ ਬਚਾਅ ਲਈ ਇਕ ਹੀ ਦਲੀਲ ਦਿੱਤੀ ਕਿ ਪੀ.ਵੀ. ਜ਼ਰੂਰ ਹੋਈ ਸੀ। ਪਰ ਉਸ ਪੀ.ਵੀ. ਅਨੁਸਾਰ ਉਡਣ-ਦਸਤੇ ਅਤੇ ਸਬੰਧਤ ਬਰਾਂਚ ਦੇ ਸਟਾਫ ਦੀ ਸਹਿਮਤੀ ਵੀ ਹੋ ਗਈ ਸੀ ਕਿ ਸ਼ਿਕਾਇਤ ਕਿਸੇ ਨੇ ਖਹਿਬਾਜ਼ੀ ਕਰਕੇ ਕੀਤੀ ਸੀ ਅਤੇ ਜਦੋਂ ਕਿ ਸਟਾਕ ਵਿਚ ਕੋਈ ਘਾਟ ਨਹੀਂ ਸੀ।

ਪੁੱਛ-ਪੜਤਾਲ ਤੋਂ ਬਾਅਦ ਯੋਧਿਆਂ ਦੀ ਪੁਰਾਣੀ ਰਵਾਇਤ ਅਨੁਸਾਰ ਸੂਰਜ ਛਿਪਣ 'ਤੇ ਹੈਡਕੁਆਰਟਰ ਅਤੇ ਬਰਾਂਚ ਸਟਾਫ ਨੇ ਇਕੱਠੇ ਹੀ ਪ੍ਰੀਤੀ ਭੋਜਨ ਕੀਤਾ ਸੀ। ਇਸ ਪ੍ਰੀਤੀ ਭੋਜਨ ਲਈ ਬਰਾਂਚ ਸਟਾਫ ਨੇ ਵਿੱਤੋਂ ਵੱਧ ਕੇ ਜ਼ੋਰ ਲਾਇਆ ਸੀ। ਸਮੁੱਚੇ ਤੌਰ 'ਤੇ, ਖਾਣਾ-ਪੀਣਾ ਬੜਾ ਤਸੱਲੀਬਖਸ਼ ਰਿਹਾ। ਪਰ ਉਡਣ-ਦਸਤੇ ਦੇ ਵੱਡੇ ਅਫ਼ਸਰ ਨੂੰ ਖਾਣੇ ਵਿਚ ਬਣਿਆ ਕੁੱਕੜ ਕੁੱਝ ਵਧੇਰੇ ਹੀ ਸਵਾਦੀ ਲੱਗਾ। ਉਸ ਨੇ ਖਾਹਿਸ਼ ਜ਼ਾਹਿਰ ਕੀਤੀ ਕਿ ਇਹ ਮੱਦ; ਉਸ ਦੇ ਵਾਪਸੀ ਸਫਰ ਵਾਸਤੇ ਵੀ ਰੱਖ ਦਿੱਤੀ ਜਾਵੇ। ਉਸ ਅਧਿਕਾਰੀ ਨੇ ਨਾਲ ਹੀ ਇਹ ਵੀ ਹਦਾਇਤ ਕੀਤੀ ਕਿ ਉਸ ਕੋਲ ਕਿਉਂਕਿ ਸਮਾਂ ਘੱਟ ਹੈ, ਇਸ ਲਈ ਸਬੰਧਤ ਬਰਾਂਚ ਅਧਿਕਾਰੀ ਕੁੱਝ ਖਾਲੀ ਪਰਫਾਰਮਿਆਂ ਉਤੇ ਆਪਣੇ ਦਸਤਖਤ ਕਰਕੇ ਦੇ ਦੇਣ ਤਾਂ ਕਿ ਭੌਤਿਕ ਪੜਤਾਲ ਦੀ ਰਿਪੋਰਟ ਹੈਡਕੁਆਰਟਰ 'ਤੇ ਪਹੁੰਚ ਕੇ ਬਣਾਈ ਜਾ ਸਕੇ।

ਬਹਿਰਹਾਲ, ਪੜਤਾਲੀਆ ਅਫ਼ਸਰ ਦੇ ਇਨ੍ਹਾਂ ਇਲਾਹੀ ਹੁਕਮ ਦੀ ਤਾਮੀਲ ਹੋਈ ਅਤੇ ਸਰਪੰਚ ਦੇ ਘਰੋਂ ਮੰਗੇ ਸਟੀਲ ਦੇ ਪਤੀਲੇ ਵਿਚ ਮੁਰਗਾ ਪਾ ਕੇ ਸਮੇਤ ਢੱਕਣ ਗੱਡੀ ਵਿਚ ਸੰਧਾਰੇ ਵਾਂਗੂ ਰੱਖ ਦਿੱਤਾ ਗਿਆ। ਉਧਰ ਦੋ ਚਾਰ ਦਿਨ ਬਾਅਦ ਮੰਗਵੇਂ ਪਤੀਲੇ ਦੇ ਮਾਲਕ ਨੇ ਆ ਕੇ ਜ਼ੋਰ ਪਾਇਆ ਕਿ ਉਸ ਦੇ ਘਰ ਤਾਂ ਜੰਗ ਦੀ ਸੂਰਤ ਬਣੀ ਹੋਈ ਹੈ। ਇਸ ਲਈ ਕਿਰਪਾ ਕਰਕੇ ਉਸ ਦੀ ਘਰਵਾਲੀ ਦੇ ਦਾਜ ਵਿਚ ਆਇਆ ਸਟੀਲ ਦਾ ਪਤੀਲਾ ਮੋੜ ਦਿੱਤਾ ਜਾਵੇ। ਬਰਾਂਚ ਦਾ ਇਕ ਨੁਮਾਇੰਦਾ ਇਹ ਮੰਗ ਲੈ ਕੇ ਹੈਡਕੁਆਰਟਰ 'ਤੇ ਪਹੁੰਚਿਆ। ਉਸ ਨੂੰ ਪਤੀਲਾ ਤਾਂ ਕੀ ਮਿਲਣਾ ਸੀ, ਸਗੋਂ ਉਸ ਨੂੰ ਬਾਕੀ ਸਹਿਯੋਗੀ ਕਰਮਚਾਰੀਆਂ ਦੇ ਨਾਲ ਛਾਂਦੇ ਵਾਂਗੂ ਇਕ ਚਾਰਜਸ਼ੀਟ ਮਿਲ ਗਈ।

ਹੁਣ ਪੜਤਾਲੀਆ ਰਿਪੋਰਟ ਲਿਖਣ ਵੇਲੇ ਇਨਕੁਆਰੀ ਅਫ਼ਸਰ ਦੇ ਸਾਹਮਣੇ ਬਾਰ-ਬਾਰ ਇਕ ਸੁਆਲ ਆ ਰਿਹਾ ਸੀ ਕਿ ਕੀ ਇਹ ਝਗੜਾ ਸਟਾਕ ਵਿਚ ਦਰਸਾਈ ਘਾਟ ਦਾ ਹੈ ਜਾਂ ਕਿਸੇ ਸ਼ਰੀਫ ਆਦਮੀ ਦੇ ਘਰੋਂ ਅਮਾਨਤੀ ਮੰਗੇ ਸਟੀਲ ਦੇ ਪਤੀਲੇ ਤੇ ਢੱਕਣ ਦੀ ਖਿਆਨਤ ਦਾ ਹੈ? ਉਹ ਰਿਪੋਰਟ ਵਿਚ ਲਿਖੇ ਤਾਂ ਕੀ ਲਿਖੇ? ਇਨਕੁਆਰੀ ਅਫ਼ਸਰ ਅਜੇ ਇਸ ਦੁਵਿਧਾ ਵਿਚ ਹੀ ਸੀ ਕਿ ਉਹ ਭੌਤਿਕ ਪੜਤਾਲ ਕਰਨ ਵਾਲੇ ਅਫ਼ਸਰ ਮੁਰਗਾ ਰਾਮ ਦੇ ਖਿਲਾਫ ਰਿਪੋਰਟ ਲਿਖੇ ਜਾਂ ਕਿ ਉਹ ਇਨਕੁਆਰੀ ਅਧੀਨ ਮੁਲਾਜ਼ਮਾਂ ਦੇ ਵਿਰੁੱਧ ਰਿਪੋਰਟ ਦੇਵੇ।

ਬਿਲਕੁਲ ਉਸ ਸਮੇਂ ਉਸ ਨੂੰ ਇਕ ਫੁਰਨਾ ਜਿਹਾ ਸਮਾਇਆ ਕਿ ਜੇ ਦੋਨੋਂ ਧਿਰਾਂ ਆਪਸ ਵਿਚ ਕੁਝ ਲੇਤ-ਦੇਤ ਕਰਕੇ ਅਤੇ ਉਸ ਦਾ ਬਣਦਾ ਹਿੱਸਾ ਕੱਢ ਕੇ ਬਿਆਨ ਦੇ ਦੇਣ ਕਿ ਉਨ੍ਹਾਂ ਦਾ ਹੁਣ ਆਪਸੀ ਕੋਈ ਤਨਾਜ਼ਾ ਨਹੀਂ ਰਿਹਾ ਤਾਂ ਇਹ ਇਨਕੁਆਰੀ



*Original with;*
Kulbir Singh Sidhu(I.A.S)
*Digitized by;*
Panjab Digital Library

ਫਾਈਲ ਕੀਤੀ ਜਾ ਸਕਦੀ ਹੈ। ਸੁੱਖ ਨਾਲ ਇਨਕੁਆਰੀ ਅਫ਼ਸਰ ਵੀ ਤਾਂ ਜਿਹੋ ਜਿਹੀ ਨੰਦੋ ਬਾਹਮਣੀ ਓਹੋ ਜਿਹਾ ਘੁੱਦੂ ਜੇਠ ਦੇ ਅਖਾਣ ਵਰਗਾ ਹੀ ਸੀ। ਸੋ ਲੈਣ-ਦੇਣ ਵਿਚੋਂ ਉਸ ਨੇ ਵੀ ਆਪਣਾ ਹਿੱਸਾ ਕਬੂਲ ਕਰਨ ਦੇ ਖ਼ੁਸ਼ੇ ਪ੍ਰਾਪਤ ਕੀਤੇ। ਖ਼ੈਰ! ਉਹ ਵੀ ਕਿਹੜਾ ਹਰਦੁਆਰ ਤੋਂ ਸੁੱਚਮ ਦਾ ਸਰਟੀਫਿਕੇਟ ਲੈ ਕੇ ਆਇਆ ਸੀ?

ਹੁਣ ਮਸਲਾ ਇਹ ਸੀ ਕਿ ਢੱਕਣ ਤੇ ਪਤੀਲੇ ਸਬੰਧੀ ਆਪਸੀ ਤਨਾਜ਼ੇ ਤੇ ਰੰਜਸ਼ਾਂ ਤਾਂ ਭਾਵੇਂ ਖਤਮ ਹੋ ਗਈਆਂ ਸਨ। ਪਰ ਪੀ.ਵੀ. ਵਿਚ ਆਈ ਘਾਟ ਨੂੰ ਕਿਵੇਂ ਤੇ ਕਿਥੇ ਖਪਾਇਆ ਜਾਵੇ? ਸਾਰੇ ਸਿਆਣਿਆਂ ਨੇ ਆਪਣੇ ਉਮਰਾਂ ਦੇ ਤਜਰਬੇ ਅਤੇ ਖਾਸ ਤੌਰ 'ਤੇ ਆਪਣੇ ਮਹਿਕਮੇ ਦੇ ਵਡੇਰਿਆਂ ਤੋਂ ਗ੍ਰਹਿਣ ਕੀਤੀ ਸਿੱਖਿਆ ਅਨੁਸਾਰ ਇਕਜੁੱਟ ਹੋ ਕੇ ਇਹ ਫੈਸਲਾ ਲਿਆ ਕਿ ਇਹ ਘਾਟ ਕਬੂਤਰਾਂ 'ਤੇ ਪਾ ਦਿੱਤੀ ਜਾਵੇ। ਇਨਕੁਆਰੀ ਅਫ਼ਸਰ ਨੂੰ ਇਹ ਤਜਵੀਜ਼ ਬਹੁਤ ਪਸੰਦ ਆਈ ਤੇ ਉਸ ਨੇ ਬਹੁਤ ਬਰੀਕਬੀਨੀ ਨਾਲ ਪੜਤਾਲੀਆ ਰਿਪੋਰਟ ਲਿਖੀ ਦਿੱਤੀ। ਜਨਾਬ ਨੇ ਉਸ ਵਿਚ ਹਿਸਾਬੀਂ-ਕਿਤਾਬੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਦਾਮ ਵਿਚ ਅਨਾਜ ਦੀ ਘਾਟ ਕਬੂਤਰਾਂ ਦਾ ਖਾਜਾ ਬਣ ਗਈ ਹੈ ਭਾਵ ਇਸ ਨੂੰ ਚਿੜੀ-ਜਨੌਰ ਤੇ ਕਾਂ-ਕਬੂਤਰ ਖਾ ਗਏ ਹਨ।

ਇੰਞ ਅਖੀਰ ਨੂੰ ਇਨਕੁਆਇਰੀ ਅਫ਼ਸਰ ਨੇ ਇਹ ਸਿੱਟਾ ਕੱਢਿਆ ਕਿ ਗੁਦਾਮ ਵਿਚ ਅਨਾਜ ਦੀ ਘਾਟ ਦੇ ਨਾ ਤਾਂ ਅਫ਼ਸਰ ਤੇ ਨਾ ਹੀ ਮੁਲਾਜ਼ਮ ਜ਼ਿੰਮੇਵਾਰ ਹਨ। ਇਸ ਲਈ ਉਨ੍ਹਾਂ ਵੱਲੋਂ ਚੋਰੀ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਸਗੋਂ ਅਸਲ ਵਿਚ ਤਾਂ ਵੱਡੇ ਤੇ ਪੱਕੇ ਚੋਰ ਤਾਂ ਕਬੂਤਰ ਹੀ ਹਨ।

ਬੱਸ ਇਉਂ ਹੁਣ ਸਿਤਮਜ਼ਰੀਫੀ ਇਹ ਹੈ ਕਿ ਕਦੇ ਸਾਡੇ ਅਫ਼ਸਰ ਸ਼ਾਨੋ-ਸ਼ੌਕਤ ਦੇ ਹਿਸਾਬ ਨਾਲ ਸੁਲਤਾਨ ਹੁੰਦੇ ਸਨ। ਫਿਰ ਸੱਠਵਿਆਂ ਤੇ ਸੱਤਰਵਿਆਂ ਦਹਾਕਿਆਂ ਵਿਚ ਉਹ ਘਟ ਕੇ ਨੌਕਰ-ਚਾਕਰ ਬਣ ਗਏ। ਸਗੋਂ ਹੁਣ ਤਾਂ ਇਹ ਕਹਿੰਦਿਆਂ ਨੂੰ ਵੀ ਸ਼ਰਮ ਆਉਂਦੀ ਹੈ ਕਿ ਅਸੀਂ ਅਫ਼ਸਰਾਂ ਦੀਆਂ ਸੁਲਤਾਨ ਤੇ ਸ਼ਾਹਾਨਾ ਪੀੜ੍ਹੀਆਂ ਦੇ ਵਾਰਿਸ ਹਾਂ ਕਿਉਂਕਿ ਸਾਡੇ ਵਿਚੋਂ ਬਹੁਤਿਆਂ ਦਾ ਨਾਂ ਤਾਂ ਚੋਰ-ਉਚੱਕਿਆਂ ਵਿਚ ਹੀ ਸ਼ੁਮਾਰ ਹੋਣ ਲੱਗ ਪਿਆ ਹੈ।

ਮੁੱਕਦੀ ਗੱਲ! ਇਹ ਸਭ ਕੋਝੇ ਵਰਤਾਰੇ ਅਜ ਸਾਡੇ ਬਦਰੰਗ ਹੋ ਰਹੇ ਸਭਿਆਚਾਰ ਦੀ ਝਲਕ ਵਜੋਂ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਰੂਪ ਵਿਚ ਸਾਮਰਤੱਖ ਦਿਸ ਰਹੇ ਹਨ। ਅਫ਼ਸੋਸ ਹੈ ਕਿ ਇਉਂ ਸਾਡਾ ਦਫ਼ਤਰੀ ਸਭਿਆਚਾਰ ਵੀ ਬਦਰੰਗੀ ਦੇ ਬਜ਼ਾਰ ਵਿਚ ਬੇਰੰਗ ਤੇ ਬਦਰੰਗ ਹੋ ਰਿਹਾ ਹੈ। ਬਸ ਰੱਬ ਹੀ ਮਿਹਰ ਕਰੇ।

ਸ਼ਾਲਾ! ਸਾਡੀ ਅਜੋਕੀ ਨੌਕਰਸ਼ਾਹੀ ਕੋਈ ਸੋਝੀ ਤੇ ਸੁਮੱਤ ਦੇ ਘਰ ਆ ਕੇ ਆਪਣੀ ਗੁਆਚ ਰਹੀ ਵਿਰਾਸਤੀ ਸ਼ਾਨ ਨੂੰ ਸੰਭਾਲ ਸਕੇ। ਰੱਬ ਕਰੇ, ਸਾਡੀ ਅਫ਼ਸਰਸ਼ਾਹੀ ਕਿਤੇ ਰੱਬੋਂ ਮਿਲੀਆਂ ਲੋਕ ਸੇਵਾਵਾਂ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਤੇ ਪਿਰਤਾਂ ਨੂੰ ਨਿਭਾਉਂਦੀ ਹੋਈ, ਕਦੇ ਫਿਰ ਤੋਂ 'ਨਸਲੇ-ਸ਼ਾਹੀ' ਹੋਣ ਦਾ ਆਦਰ-ਮਾਣ ਪਾ ਸਕੇ। ਰੱਬ ਰਾਖਾ।



*Original with;*
Kulbir Singh Sidhu(I.A.S)
*Digitized by;*
Panjab Digital Library

# ਬੁੱਢੇ-ਵਾਰੇ ਜਨਾਬਾਂ ਦਾ ਹਸ਼ਰ

ਸਾਡੇ ਸਮਾਜ ਵਿਚ ਪ੍ਰਸ਼ਾਸਨਿਕ ਸੇਵਾਵਾਂ ਪ੍ਰਤੀ ਇਕ ਬੜੀ ਵਿਅੰਗਾਤਮਿਕ ਜਿਹੀ ਧਾਰਨਾ ਬਣੀ ਹੋਈ ਹੈ ਕਿ ਜਿਵੇਂ-ਜਿਵੇਂ ਕਿਸੇ ਅਫ਼ਸਰ ਦੀ ਨੌਕਰੀ ਦੇ ਸਾਲ ਵਧਦੇ ਜਾਂਦੇ ਹਨ, ਉਸ ਅਨੁਸਾਰ ਹੀ ਉਸ ਦੀ ਰੀੜ੍ਹ ਦੀ ਹੱਡੀ ਦੇ ਮਣਕੇ ਸਾਲ ਦਰ ਸਾਲ ਘਟਦੇ ਜਾਂਦੇ ਹਨ। ਆਮ ਤੌਰ 'ਤੇ ਕਿਸੇ ਅਫ਼ਸਰ ਦੀ ਸਰਵਿਸ ਦੇ 33 ਸਾਲ ਹੁੰਦੇ ਹਨ ਤੇ ਸਾਡੀ ਰੀੜ੍ਹ ਦੀ ਹੱਡੀ ਦੇ ਮਣਕੇ ਵੀ 33 ਹੀ ਹੁੰਦੇ ਹਨ। ਇਸ ਲਈ ਹੀ ਕਹਿੰਦੇ ਹਨ ਕਿ ਰਿਟਾਇਰਮੈਂਟ ਤਕ ਜਾਂਦਾ-ਜਾਂਦਾ ਅਫ਼ਸਰ ਰੀੜ੍ਹ ਦੀ ਹੱਡੀ ਤੋਂ ਰਹਿਤ ਹੋ ਕੇ ਬਸ ਹਵਾ ਕੁੱਕੜ ਹੀ ਬਣ ਜਾਂਦਾ ਹੈ। ਉਹ ਸਿਆਸੀ ਤੇ ਪ੍ਰਸ਼ਾਸਨਿਕ ਹਵਾ ਦਾ ਰੁਖ਼ ਦੇਖ ਕੇ ਬਸ ਉਤੇ-ਥੱਲੇ ਤੇ ਖੱਬੇ-ਸੱਜੇ ਓਹਲਾ ਕਰਦਾ-ਕਰਦਾ; ਆਖਿਰ ਨੂੰ ਖ਼ੁਦ ਹੀ ਸਪਰਿੰਗ ਵਾਂਗੂੰ ਲਿਫ਼ਤਾ ਜਿਹਾ ਬਣ ਜਾਂਦਾ ਹੈ। ਜ਼ਾਹਿਰ ਹੈ ਕਿ ਬੰਦੇ ਵਿਚ ਬੇਗਾਨੀ ਚਾਕਰੀ ਦੇ ਕਾਰਨ ਕਈ ਸ਼ਖ਼ਸੀਅਤੀ ਕਮਜ਼ੋਰੀਆਂ ਆ ਜਾਂਦੀਆਂ ਹਨ।

ਇਸ ਪ੍ਰਸੰਗ ਵਿਚ ਨਿਰਸੰਦੇਹ ਹੁਣ ਦੇ ਨਿਜ਼ਾਮ ਵਿਚ ਇਕ ਪਾਸੇ ਗ਼ੈਰ-ਜ਼ਰੂਰੀ ਸਿਆਸੀ ਦਖ਼ਲਅੰਦਾਜ਼ੀ ਤੇ ਦੂਜੇ ਬੰਨੇ ਅਫ਼ਸਰਾਂ ਦੀਆਂ ਆਪਣੀਆਂ ਕਮੀਆਂ-ਕਮਜ਼ੋਰੀਆਂ ਨਸ਼ਰ ਹੋ ਰਹੀਆਂ ਹਨ; ਜਿਸ ਕਰਕੇ ਅਜ ਅਫ਼ਸਰ ਆਪਣੀ ਸਰਵਿਸ ਦੇ ਦੌਰਾਨ ਮੇਲੇ ਵਿਚ 'ਗੁਆਚੀ ਗਾਂ' ਵਾਗੂੰ ਭਮੱਤਰੇ ਜਿਹੇ ਫਿਰਦੇ ਹਨ। ਫਿਰ ਜੇ ਸੇਵਾ-ਮੁਕਤ ਅਫ਼ਸਰਾਂ ਦੀ ਗੱਲ ਕਰੀਏ ਤਾਂ ਉਹ ਪ੍ਰਸ਼ਾਸਨਿਕ ਅਧਿਕਾਰਾਂ ਤੋਂ ਵਾਂਝੇ ਹੋ ਕੇ ਨੰਗੇ ਧੜ ਤੇ ਨੰਗੇ ਪੈਰੀਂ ਹੋ ਤੁਰਦੇ ਹਨ। ਬਸ ਤਕਰੀਬਨ-ਤਕਰੀਬਨ ਇਹ ਸਾਰੇ ਹੀ ਪਰੌੜ ਜਰਨੈਲ ਅਖ਼ੀਰ ਨੂੰ ਪਿਆਦਾ ਫੌਜ ਵਾਂਗੂੰ ਪੈਦਲ ਸਵਾਰ ਹੀ ਹੋ ਜਾਂਦੇ ਹਨ।

ਬਹਿਰਹਾਲ, ਅਜੋਕੇ ਸਮੇਂ ਵਿਚ ਅਫ਼ਸਰਸ਼ਾਹੀ ਦੀ ਸਮੁੱਚੀ ਹਾਲਤ ਤੇ ਖ਼ਾਸ ਕਰਕੇ ਰਿਟਾਇਰਮੈਂਟ ਤੋਂ ਬਾਅਦ ਨੌਕਰਸ਼ਾਹੀ ਦੇ ਹਸ਼ਰ ਦੇ ਪ੍ਰਸੰਗ ਵਿਚ ਮੁੱਕਦੀ ਗੱਲ ਤਾਂ ਇਹ ਹੈ ਕਿ ਜਨਾਬੀ ਦੀਆਂ ਜੁਰਾਬਾਂ ਲੱਥਣ ਤੋਂ ਬਾਅਦ ਕੁਝ ਕੁ ਸ਼ਰੀਫ਼ ਅਫ਼ਸਰਾਂ ਦੀ ਸਥਿਤੀ ਤਾਂ ਮੇਲੇ ਵਿਚ ਬਾਪੂ ਗੁਆਚਣ ਜਿਹੀ ਹੋ ਜਾਂਦੀ ਹੈ। ਪਰ ਕਈ ਬਾਹਲੇ ਖ਼ਰੂਦੀ ਜਨਾਬ ਤਾਂ ਫਿਰ ਵੀ ਰਿਹਾੜ-ਢਾਂਡੀ ਭਾਵ ਬਿਫਰੀ ਹੋਈ ਗਾਂ ਵਾਂਗੂੰ ਖਰੂਦ ਵੀ ਪਾਉਂਦੇ ਰਹਿੰਦੇ ਹਨ। ਫਿਰ ਇਕੜ-ਦੁੱਕੜ ਅਜਿਹੇ ਆਕੜ-ਕੰਨੇ ਸਾਹਿਬ ਬਹਾਦਰ ਵੀ ਹੁੰਦੇ ਹਨ, ਜਿਹੜੇ ਆਪਣੀ ਔਕਾਤ ਤੋਂ ਬਾਹਰੇ ਹੋ ਕੇ ਮਾਰ-ਖੁੰਡੇ ਸਾਨ੍ਹ ਵਾਂਗ ਹਾਲੇ ਵੀ ਖੌਰੂ ਪੱਟਦੇ ਫਿਰਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਸਮੁੱਚੀ ਅਫ਼ਸਰਸ਼ਾਹੀ ਦੇ ਇਤਿਹਾਸਕ ਪਿਛੋਕੜ ਵਿਚ ਜ਼ਿਕਰਯੋਗ ਹੈ ਕਿ ਮੁਢ-ਕਦੀਮੀ ਬਾਦਸ਼ਾਹਾਂ, ਸੁਲਤਾਨਾਂ ਤੇ ਰਾਜਿਆਂ ਦੇ ਸਮਿਆਂ ਤੋਂ ਹੀ ਵਜ਼ੀਰਾਂ, ਅਹਿਲਕਾਰਾਂ ਤੇ ਫੌਜਾਂ ਦੇ ਰੂਪ ਵਿਚ ਨੌਕਰਸ਼ਾਹੀ ਦੀ ਹੋਂਦ ਹੈ। ਇਸ ਤਰ੍ਹਾਂ ਸ਼ੁਰੂ ਤੋਂ ਹੀ ਬਾਦਸ਼ਾਹਤਾਂ, ਸਲਤਨਤਾਂ ਤੇ ਸਰਕਾਰਾਂ ਦਾ ਦਾਰੋਮਦਾਰ ਫ਼ੌਜਾਂ ਤੇ ਅਫ਼ਸਰਸ਼ਾਹੀ 'ਤੇ ਹੀ ਰਿਹਾ ਹੈ। ਸਾਡੀ ਅਜੋਕੀ ਅਫ਼ਸਰਸ਼ਾਹੀ ਖ਼ਾਸ ਤੌਰ 'ਤੇ ਆਪਣੇ ਮੌਜੂਦਾ ਰੂਪ ਵਿਚ 19ਵੀਂ ਸਦੀ ਦੇ ਅਖੀਰ ਵਿਚ ਬ੍ਰਿਟਿਸ਼ ਰਾਜ ਦੇ ਸਮੇਂ ਆਪਣੇ ਜਲਵੇ-ਜਲੌਆਂ ਸਮੇਤ ਕਾਇਮ ਹੋਈ ਸੀ। ਸਾਡੀਆਂ ਇਹ ਪ੍ਰੀਮੀਅਰ ਸਰਵਿਸਿਜ਼ ਅੰਗਰੇਜ਼ਾਂ ਦੇ ਸਮੇਂ ਤੋਂ ਲੈ ਕੇ ਕੁਝ ਸਮਾਂ ਪਹਿਲਾਂ ਤੱਕ ਹਮੇਸ਼ਾਂ ਹੀ ਆਪਣੇ ਸਟੀਲ ਫਰੇਮ ਭਾਵ ਫੌਲਾਦੀ ਢਾਂਚੇ ਕਰਕੇ ਜਾਣੀਆਂ ਜਾਂਦੀਆਂ ਰਹੀਆਂ ਹਨ।

ਪਰ ਹੁਣ ਨਿਜ਼ਾਮ ਦੇ ਬਦਲ ਚੁੱਕੇ ਹਾਲਾਤਾਂ ਵਿਚ ਹਾਲੀਆ ਅਫ਼ਸਰਸ਼ਾਹੀ ਦੀ ਪਹਿਲਾਂ ਵਾਲੀ ਸ਼ਾਨੋ-ਸ਼ੌਕਤ ਨਹੀਂ ਰਹੀ। ਸਮਾਜ ਦੀ ਬਦਲ ਰਹੀ ਮਾਨਸਿਕਤਾ ਵਿਚ ਮਾਇਆਵਾਦੀ, ਤਿਜਾਰਤੀ ਤੇ ਮੌਕਾਪ੍ਰਸਤੀ ਪ੍ਰਵਿਰਤੀਆਂ ਪ੍ਰਧਾਨ ਹੋ ਚੁੱਕੀਆਂ ਹਨ। ਹੁਣ ਲੋਕ ਸੇਵਾ ਤੇ ਸਮਾਜ ਭਲਾਈ ਦੀ ਥਾਂ ਦਿੱਲੀ ਤੋਂ ਉਤਰ-ਦੱਖਣ ਤੱਕ ਚਾਰੇ ਪਾਸੇ ਬਜ਼ਾਰੀ ਸੋਚ ਹਾਵੀ ਹੋ ਰਹੀ ਹੈ, ਜਿਸ ਕਰਕੇ ਸਮਾਜਵਾਦ ਦੀ ਥਾਂ ਨਿਜਵਾਦ ਹਾਵੀ ਹੋ ਰਿਹਾ ਹੈ। ਇਸ ਲਈ ਅਫ਼ਸੋਸ ਦੀ ਗੱਲ ਹੈ ਕਿ ਇਸ ਸਿਆਸੀ ਖੇਡ ਵਿਚ ਹਾਲੀਆ ਅਫ਼ਸਰਸ਼ਾਹੀ ਵੀ ਝੁਕਦੇ ਪੱਲੜੇ ਦਾ ਪੱਖ ਪੂਰਨ ਦੀ ਮਜਬੂਰੀ ਦੇ ਕਾਰਨ ਆਪਣਾ ਪਹਿਲਾਂ ਵਾਲਾ ਦਬਦਬਾ ਤੇ ਰਸੂਖ ਗੁਆਉਂਦੀ ਜਾ ਰਹੀ ਹੈ।

ਮੁੱਕਦੀ ਗੱਲ, ਅਫ਼ਸਰਸ਼ਾਹੀ ਦਾ ਸਫ਼ਰ ਕਦੇ ਸਵੈਮਾਣ ਤੇ ਸ਼ਾਨ ਤੋਂ ਸ਼ੁਰੂ ਹੁੰਦਾ ਸੀ ; ਪਰ ਇਹ ਹੁਣ 'ਸ਼ਾਨ ਤੋਂ ਦੁਕਾਨ' ਤੱਕ ਜਾ ਮੁੱਕਦਾ ਹੈ। ਜ਼ਾਹਿਰ ਹੈ ਕਿ ਇਸ ਦੀ ਪਹਿਲਾਂ ਵਾਲੀ ਸੱਜ-ਧੱਜ ਤੇ ਪੁੱਛ-ਪ੍ਰਤੀਤ ਨਹੀਂ ਰਹਿ ਗਈ। ਇਸ ਦੇ ਨਾਲ ਹੀ ਅੱਜ-ਕੱਲ੍ਹ ਪ੍ਰਬੰਧਕੀ ਸੇਵਾਵਾਂ ਦੇ ਜ਼ਿਆਦਾਤਰ ਲਿਫ਼ਤਾ ਅਧਿਕਾਰੀ ਅਕਸਰ ਹੀ ਬੈਂਬੂ ਫਰੇਮਾਂ ਵਾਂਗ ਖੱਬੇ-ਸੱਜੇ ਹੀ ਨਹੀਂ; ਸਗੋਂ ਅੱਗੇ-ਪਿੱਛੇ ਵੀ ਲਿਫ਼ਣ-ਝੁਕਣ ਵਾਲੇ ਬਣ ਗਏ ਹਨ। ਲਿਫ਼ਣ ਦੀ ਗੱਲ ਤਾਂ ਛੱਡੋ, ਸਗੋਂ ਨੌਕਰਸ਼ਾਹੀ ਤਿੜਕਦੀ-ਟੁੱਟਦੀ ਹੋਈ ਅਰਸ਼ ਤੋਂ ਫਰਸ਼ ਤਕ ਢਹਿੰਦੀ ਜਾ ਰਹੀ ਹੈ।

ਖ਼ੈਰ! ਇਸ ਪ੍ਰਸ਼ਾਸਨਿਕ ਪ੍ਰਸੰਗ ਵਿਚ ਅਫ਼ਸਰਾਂ ਦੀ ਬਰਾਦਰੀ ਤੇ ਭਾਈਚਾਰੇ ਦੇ ਮੁੱਖ ਤੌਰ 'ਤੇ ਦੋ ਵੱਡੇ ਰੂਪ ਹੁੰਦੇ ਹਨ। ਪਹਿਲੇ ਰੂਪ ਦੇ ਵਿਚ ਦਬੰਗ ਤੇ ਜਥੇਦਾਰ ਟਾਈਪ ਅਫ਼ਸਰ ਆਉਂਦੇ ਹਨ, ਜਿਹੜੇ ਕਿ ਸੱਚੀ-ਮੁੱਚੀਂ ਹੀ ਧੜੱਲੇ ਨਾਲ ਡੰਕੇ ਦੀ ਚੋਟ 'ਤੇ ਆਪਣੀ ਅਸੂਲਪ੍ਰਸਤੀ ਅਨੁਸਾਰ ਆਪਣੀਆਂ ਹੀ ਸ਼ਰਤਾਂ 'ਤੇ ਨੌਕਰੀ ਕਰਦੇ ਹਨ। ਦੂਜੀ ਸ਼੍ਰੇਣੀ ਵਿਚ ਹਿਸਾਬੀ-ਕਿਤਾਬੀ ਜਿਹੇ ਅਫਸਰ ਆਉਂਦੇ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ 'ਪੋਥੀ-ਮਾਸਟਰ ਤੇ ਕਿਤਾਬੀ ਕੀੜਿਆਂ' ਵਜੋਂ ਜਾਣਿਆ ਜਾਂਦਾ ਹੈ। ਹੁਣ ਮੌਜੂਦਾ ਦੌਰ ਵਿਚ ਦੁਨੀਆਂਦਾਰੀ ਦੇ ਪੱਖੋਂ ਸਿਆਣੇ ਅਧਿਕਾਰੀਆਂ ਦੀ ਇਕ ਨਵੀਂ ਤਿਜਾਰਤੀ ਤੇ ਵਪਾਰੀ ਜਿਹੀ ਤੀਜੀ ਸ਼੍ਰੇਣੀ ਬਣ ਗਈ ਹੈ, ਜੋ ਕਿ ਆਪਣੇ ਨਿੱਜੀ ਸੁੱਖ ਨੂੰ ਮੁੱਖ ਰੱਖਦੇ



Original with;
Kulbir Singh Sidhu(I.A.S)
Digitized by;
Panjab Digital Library

ਹਾਂ ਅਤੇ ਹਵਾ ਦੀ ਦਿਸ਼ਾ ਦੱਸਣ ਵਾਲੇ ਹਵਾ-ਕੁੱਕੜ-ਯੰਤਰਾਂ ਵਾਂਗੂੰ ਆਪਣੇ ਆਗੂਆਂ ਤੇ ਉੱਚ ਅਧਿਕਾਰੀਆਂ ਦਾ ਰੁਖ਼-ਰਵੱਈਆ ਤੇ ਸਮੇਂ ਦੀ ਹਵਾ ਨੂੰ ਦੇਖ ਕੇ ਕੰਮ ਕਰਦੇ ਹਨ।

ਵੈਸੇ ਤਾਂ 1960ਵਿਆਂ ਤੋਂ ਸੱਤਰਵਿਆਂ ਦੇ ਦਹਾਕਿਆਂ ਤੱਕ ਆਉਂਦੀ-ਆਉਂਦੀ ਸਮੁੱਚੀ ਅਫ਼ਸਰਸ਼ਾਹੀ ਅਕੇਵੇਂ-ਥਕੇਵੇਂ ਦੀ ਮਾਰ ਹੇਠ ਆ ਗਈ ਅਤੇ ਇਸ ਦੇ ਨਾਲ ਹੀ ਧੜੱਲੇਦਾਰ ਅਫ਼ਸਰਾਂ ਦੀ ਨਸਲ ਵੀ ਤਕਰੀਬਨ-ਤਕਰੀਬਨ ਖਤਮ ਹੀ ਹੋ ਗਈ। ਜ਼ਾਹਿਰ ਹੈ ਕਿ ਨੌਕਰਸ਼ਾਹੀ ਚਲਦੇ-ਚਲਦੇ ਸਮੇਂ ਦੀ ਤਬਦੀਲੀ ਤੇ ਖ਼ਾਸ ਕਰਕੇ ਸਿਆਸੀ ਦਬਾਅ ਦੇ ਕਾਰਨ ਆਪਣੇ ਰੰਗ ਗਿਰਗਿਟ ਵਾਂਗੂੰ ਬਦਲਣ ਦੀ ਆਦੀ ਹੋ ਗਈ। ਗੌਰਤਲਬ ਹੈ ਕਿ ਕੁਝ ਕੁ ਸਮਾਂ ਪਹਿਲਾਂ ਤੱਕ ਜ਼ਿਆਦਾਤਰ ਅਫ਼ਸਰ ਅਸੂਲਪ੍ਰਸਤੀ ਦੇ ਸਿਰ 'ਤੇ ਬੜੇ ਜਬ੍ਹੇ ਨਾਲ ਨੌਕਰੀ ਕਰਦੇ ਸਨ ਤੇ ਇਹ ਆਪਣੀ ਦਬੰਗ ਤੇ ਦਮ-ਖਮ ਵਾਲੀ ਕਾਰਜਸ਼ੈਲੀ ਕਰਕੇ ਜਾਣੇ ਜਾਂਦੇ ਸਨ। ਇਨ੍ਹਾਂ ਅਸੂਲਪ੍ਰਸਤ ਤੇ ਸਿਧੇ ਰਾਹ ਚਲਣ ਵਾਲੇ ਅਫ਼ਸਰਾਂ ਬਾਰੇ ਮਸ਼ਹੂਰ ਹੁੰਦਾ ਸੀ ਕਿ ਇਹ ਸਵੇਰੇ ਉਠਣ ਵੇਲੇ ਹੀ ਆਪਣਾ ਬਿਸਤਰਾ ਬੰਨ੍ਹ ਆਉਂਦੇ ਸੀ ਕਿ ਪਤਾ ਨਹੀਂ ਕਦੋਂ ਮਾਰਚਿੰਗ ਆਰਡਰ ਆ ਜਾਣ, ਇਸ ਲਈ ਇਹ ਆਪਣੀ ਬਦਲੀ ਵਾਸਤੇ ਤਿਆਰ-ਬਰ-ਤਿਆਰ ਰਹਿੰਦੇ ਸਨ।

ਇਉਂ ਲੋਕ ਸੇਵਾ ਨੂੰ ਸਮਰਪਿਤ ਇਹ ਬਾਬੇ ਬਿਸਤਰਾ ਚੁੱਕੀ ਬੱਸ ਅਕਸਰ ਹੀ ਦਿੱਲੀ ਤੋਂ ਦੱਖਣ ਨੂੰ ਬੇਖ਼ੌਫ਼ ਤੁਰੇ ਰਹਿੰਦੇ ਸਨ। ਕੁਝ ਕੁ ਅਫ਼ਸਰ ਤਾਂ ਆਪਣੇ ਬੱਚਿਆਂ ਨੂੰ ਆਪਣੇ ਪੇਕੇ-ਸਹੁਰੇ ਭਾਵ ਆਪਣੇ ਪਿੰਡ ਜਾਂ ਆਪਣੇ ਨਿਆਣਿਆਂ ਦੇ ਨਾਨਕੇ ਰੱਖਦੇ ਸਨ। ਕੁਝ ਕੁ ਮਾਇਕ ਪੱਖੋਂ ਸਹਿੰਦੇ ਅਫ਼ਸਰ ਆਪਣੇ ਬੱਚਿਆਂ ਨੂੰ ਕਿਸੇ ਸ਼ਹਿਰ ਵਿਚ ਸੈਟਲ ਕਰ ਦਿੰਦੇ ਸਨ ਤਾਂ ਕਿ ਉਨ੍ਹਾਂ ਦੀਆਂ ਵਾਰ-ਵਾਰ ਬਦਲੀਆਂ ਨਾਲ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਹੋਵੇ। ਖ਼ੈਰ! ਭਾਵੇਂ ਹੁਣ ਵੀ ਕੋਈ ਟਾਵਾਂ-ਟੱਲਾ ਅਫ਼ਸਰ ਕਿਤੇ ਅਸੂਲਪ੍ਰਸਤੀ 'ਤੇ ਪਹਿਰਾ ਦੇ ਰਿਹਾ ਹੈ, ਪਰ ਅਜਿਹੇ ਨੇਕ ਚਲਣ ਤੇ ਇਨਸਾਫ ਪਸੰਦ ਅਫ਼ਸਰਾਂ ਨੂੰ ਅੱਜ ਵੀ ਅਕਸਰ ਹੀ ਖੁੱਡੇ ਲਾਈਨ ਪੋਸਟਿੰਗਾਂ ਹੀ ਮਿਲਦੀਆਂ ਹਨ। ਜ਼ਾਹਿਰ ਹੈ ਕਿ ਪੌਲੀਟੀਸ਼ਨ ਇਨ੍ਹਾਂ ਦਾ ਜੇ ਕੋਈ ਹੋਰ ਨੁਕਸਾਨ ਨਹੀਂ ਕਰ ਸਕਦੇ ਸਨ ਤਾਂ ਘੱਟੋ ਘੱਟ ਇਨ੍ਹਾਂ ਨੂੰ 'ਫੁੱਟਬਾਲ' ਤਾਂ ਜ਼ਰੂਰ ਬਣਾਈ ਰੱਖਦੇ ਸਨ।

ਜ਼ਿਕਰਯੋਗ ਹੈ ਕਿ ਉਦੋਂ ਜਾਇੰਟ ਪੰਜਾਬ ਦੇ ਸਮੇਂ ਉੱਤਰ ਦਿਸ਼ਾ ਵਿਚ ਇਕ ਪਾਸੇ ਦਿੱਲੀ ਦੇ ਨੇੜੇ ਰਾਜਸਥਾਨ ਬਾਰਡਰ 'ਤੇ ਮਹਿੰਦਰਗੜ੍ਹ ਲਗਦਾ ਸੀ ਅਤੇ ਦੂਜੇ ਪਾਸੇ ਦੱਖਣ ਵਿਚ ਪੰਜਾਬ ਤੇ ਰਾਜਸਥਾਨ ਦੀ ਹੱਦ ਉਤੇ ਬਠਿੰਡੇ ਵਰਗੇ ਜ਼ਿਲ੍ਹੇ ਦੀ ਪੋਸਟਿੰਗ ਸਜ਼ਾ ਦੇ ਤੌਰ 'ਤੇ ਮਿਲਿਆ ਕਰਦੀ ਸੀ। ਇਸ ਤਰ੍ਹਾਂ ਅਕਸਰ ਹੀ ਅਸੂਲਪ੍ਰਸਤ ਅਤੇ ਕਾਨੂੰਨ-ਵਿਧਾਨ ਦੇ ਪਾਬੰਦ ਅਫ਼ਸਰਾਂ ਦੇ ਬਾਲ-ਬੱਚੇ ਤਾਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਦੀ ਬਦਲੀ ਸਮੇਂ 'ਭਾਰਤ ਦਰਸ਼ਨ' ਹੀ ਕਰਦੇ ਰਹਿੰਦੇ ਸਨ।



Original with;
Kulbir Singh Sidhu(I.A.S)
Digitized by;
Panjab Digital Library

ਨਿਰਸੰਦੇਹ ਕਿਸੇ ਵੀ ਅਫ਼ਸਰ ਨੂੰ 'ਤਪੋਂ ਰਾਜ ਤੇ ਰਾਜ ਤੋਂ ਨਰਕ' ਜਿਹੀ ਵੇਦ ਗ੍ਰੰਥਾਂ ਦੀ ਸਿੱਖਿਆ ਲੋਕ ਸੇਵਾ ਦੇ ਉਤਰਾਵਾਂ-ਚੜ੍ਹਾਵਾਂ ਦੌਰਾਨ ਹੀ ਮਿਲ ਜਾਂਦੀ ਹੈ। ਜੇ ਸਹੀ ਰੂਪ ਵਿਚ ਦੇਖਿਆ ਜਾਵੇ ਤਾਂ ਨੇਕ ਨੀਅਤ, ਦਿਆਨਤਦਾਰੀ ਤੇ ਇਮਾਨਦਾਰੀ ਨਾਲ ਕੀਤੀ ਲੋਕ ਸੇਵਾ ਵੀ ਭਗਤੀ ਕਰਨ ਦੇ ਤੁਲ ਹੈ। ਇਸ ਤੋਂ ਇਲਾਵਾ ਮੁਲਾਜ਼ਮ ਵਰਗ ਨੂੰ ਇਸ ਧਰਤੀ 'ਤੇ ਜਨਮ ਲੈਣ ਤੋਂ ਮਰਨ ਤੱਕ ਦੇ ਦੈਵੀ ਸਿਧਾਂਤ 'ਤੇ ਮਕਸਦ ਨੂੰ ਸਮਝਣ ਲਈ ਸਰਕਾਰੀ ਲੋਕ ਸੇਵਾ ਮੁੱਢ ਤੋਂ ਅਖੀਰ ਤੱਕ ਬੜੀ ਸਹਾਈ ਹੁੰਦੀ ਹੈ।

ਜਦੋਂ ਕਿਸੇ ਅਫ਼ਸਰ ਦੀ ਬਦਲੀ ਹੁੰਦੀ ਹੈ ਤਾਂ ਉਹ ਅਕਸਰ ਇਹ ਸਮਝਦਾ ਹੈ ਕਿ ਜਿਥੋਂ ਉਸ ਦੀ ਬਦਲੀ ਕਰਵਾਈ ਗਈ ਹੈ, ਉਥੇ ਉਸ ਦਾ ਕੋਈ ਨਾ ਕੋਈ ਵਿਰੋਧੀ ਉਸ ਦੀ ਬਦਲੀ ਦਾ ਕਾਰਨ ਬਣਿਆ ਹੈ। ਫਿਰ ਜਿਥੇ ਉਸ ਨੂੰ ਅੱਗੇ ਪੋਸਟਿੰਗ ਮਿਲਦੀ ਹੈ, ਉਥੇ ਉਸ ਨੂੰ ਕੋਈ ਨਾ ਕੋਈ ਤਕੜਾ ਬੰਦਾ ਅਗਾਊਂ ਜੀ ਆਇਆਂ ਕਹਿ ਕੇ ਸਮਝਾਉਂਦਾ ਹੈ ਕਿ ਉਸ ਦੇ ਕਾਰਨ ਹੀ ਉਹ ਉਸ ਸ਼ਹਿਰ ਵਿਚ ਆਇਆ ਹੈ। ਪਰ ਜਦੋਂ ਕਿ ਸਮਝਣ ਅਤੇ ਵਿਚਾਰਨ ਦੀ ਗੱਲ ਇਹ ਹੈ ਕਿ ਕਿਸੇ ਬੰਦੇ ਦਾ ਕਿਸੇ ਖਾਸ ਸਥਾਨ 'ਤੇ ਰਹਿਣਾ ਤੇ ਰਹਿਣ ਦੇ ਸਮੇਂ ਦੀ ਮਿਆਦ ਮਹਿਜ਼ ਅਕਾਲ ਪੁਰਖ ਵਲੋਂ ਨਿਸ਼ਚਿਤ ਕੀਤੇ ਉਸ ਦੇ ਅੰਨ-ਜਲ 'ਤੇ ਨਿਰਭਰ ਕਰਦੀ ਹੈ ਕਿ ਉਸ ਨੇ ਕਿਸੇ ਸਥਾਨ 'ਤੇ ਕਿੰਨੀ ਦੇਰ ਰਹਿਣਾ ਹੈ ਤੇ ਪਰ-ਸੁਆਰਥ ਦੇ ਨਿਯਮ ਅਨੁਸਾਰ ਲੋਕ ਸੇਵਾ ਕਰਨੀ ਹੈ।

ਸਾਰੀ ਉਮਰ ਕੋਈ ਅਫ਼ਸਰ ਜਾਂ ਮੁਲਾਜ਼ਮ ਇਹ ਹੀ ਸਮਝਦਾ ਰਹਿੰਦਾ ਹੈ ਕਿ ਉਸ ਦੀ ਕਿਸੇ ਸ਼ਹਿਰ ਵਿਚੋਂ ਜੋ ਬਦਲੀ ਹੋਈ ਹੈ, ਉਹ ਉਸ ਦੇ ਵਿਰੋਧੀਆਂ ਤੇ ਖਾਸ ਤੌਰ 'ਤੇ ਸਿਆਸੀ ਆਗੂਆਂ ਨੇ ਕਰਵਾਈ ਹੈ। ਫਿਰ ਜਿਥੇ ਉਸ ਦੀ ਬਦਲੀ ਹੁੰਦੀ ਹੈ, ਉਸ ਬਾਰੇ ਉਥੋਂ ਦੇ ਨਵੇਂ-ਨਵੇਂ ਮਿਲੇ ਚਾਪਲੂਸਾਂ ਤੇ ਖੁਸ਼ਾਮਦੀਆਂ ਦੇ ਕਾਰਨ ਉਸ ਦੀ ਸੋਚ ਇਹ ਬਣਦੀ ਹੈ ਕਿ ਉਸ ਨੂੰ ਇਸ ਸ਼ਹਿਰ ਵਿਚ ਉਥੋਂ ਦੇ ਸਿਆਸੀ ਆਗੂ ਹੀ ਲੈ ਕੇ ਆਏ ਹਨ। ਪਰ ਅੰਨ-ਜਲ ਦੀ ਰੱਬੀ ਖੇਡ ਨੂੰ ਅਫ਼ਸਰ ਭੁੱਲ-ਭੁੱਲਾ ਹੀ ਜਾਂਦਾ ਹੈ। ਦਰਅਸਲ **ਬਾਬਾ ਨਾਨਕ** ਦੇ ਸ਼ਬਦਾਂ ਵਿਚ ਇਸ ਪੱਖੋਂ ਸੱਚ-ਸੱਚਾਈ ਇਹ ਹੈ

ਨਕਿ ਨਥੁ ਖਸਮ ਹਥਿ ਕਿਰਤਿ ਧਕੇ ਦੇਹਿ
ਜਹਾ ਦਾਣੇ ਤਹਾ ਖਾਣੇ ਨਾਨਕਾ ਸਚੁ ਇਹੇ॥

ਇਸ ਤਰ੍ਹਾਂ ਹੀ ਰਿਟਾਇਰਮੈਂਟ ਵੇਲੇ ਜਦੋਂ ਕੋਈ ਅਫਸਰ ਆਪਣੀ ਸਾਰੀ ਧਾਮ- ਝਾਮ, ਸ਼ਾਨੋ-ਸ਼ੌਕਤ ਤੇ ਸ਼ੋਹਰਤ ਤਿਆਗ ਕੇ ਸਰਕਾਰੀ ਸੇਵਾ ਤੋਂ ਰੁਖਸਤ ਹੁੰਦਾ ਹੈ ਤਾਂ ਉਸ ਨੂੰ ਬੜਾ ਵੱਡਾ ਸਬਕ ਮਿਲਦਾ ਹੈ ਕਿ ਇਹ ਸਭ ਕੁੱਝ ਨਿਸ਼ਚਿਤ ਵਕਤ ਲਈ ਹੀ ਸੀ। ਪਰ ਕੋਈ ਵਿਰਲਾ-ਟਾਵਾਂ ਅਫ਼ਸਰ ਹੀ ਇਸ ਦੁਨਿਆਵੀ ਵਰਤਾਰੇ ਤੋਂ ਸਬਕ ਸਿੱਖਦਾ ਹੈ ਕਿ ਦਰਅਸਲ ਬੰਦੇ ਨੇ ਇਸ ਦੁਨੀਆਂ ਦੇ ਵਿਚ ਜਨਮ ਲੈਣ ਤੋਂ ਬਾਅਦ ਅਵੱਸ਼ ਹੀ ਇਕ ਦਿਨ ਅਕਾਲ ਪੁਰਖ ਵਲੋਂ ਮਿਲੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਵਾਸਾਂ ਦੀ ਪੂੰਜੀ ਖਤਮ ਕਰਕੇ ਇਸ ਜਹਾਨ ਫਾਨੀ ਤੋਂ ਕੂਚ ਕਰਨਾ ਹੁੰਦਾ ਹੈ। ਇਸ ਲਈ ਆਦਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਜੀਵਨ ਤੇ ਆਪਣੇ ਲੋਕ ਸੇਵਾ ਦੇ ਕਾਲ ਵਿਚ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ, "ਵਿਚਿ ਦੁਨੀਆ ਸੇਵਿ ਕਮਾਈਐ ਤਾ ਦਰਗਹ ਬੈਸਣੁ ਪਾਈਐ" ਦਾ ਫ਼ਲਸਫ਼ਾ ਸਮਝਣ ਦੀ ਕੋਸ਼ਿਸ਼ ਕਰੇ।

ਇਸ ਪ੍ਰਥਾਇ ਮੇਰਾ ਵੀ ਨਿੱਜੀ ਅਕੀਦਾ ਰਿਹਾ ਹੈ ਕਿ ਸਾਰੀ ਸਰਵਿਸ ਦਾ ਸਮਾਂ ਕਿਸੇ ਵੀ ਮੁਲਾਜ਼ਮ ਨੂੰ ਇਸ ਜੀਵਨ ਦੇ ਮੰਤਵ, ਮਕਸਦ ਤੇ ਮੋਹਲਤ ਬਾਰੇ ਚੰਗੇ ਫਲਸਫਾਨਾ ਸੰਕੇਤ ਦਿੰਦਾ ਰਹਿੰਦਾ ਹੈ। ਪਰ ਅਸਲ ਗੱਲ ਇਹ ਹੈ ਕਿ 'ਮਲਾਹ ਦੀ ਹੁੱਕੀ ਸੁੱਕੀ' ਦੀ ਕਹਾਵਤ ਅਨੁਸਾਰ ਬੰਦੇ ਨੂੰ ਚੰਗੀ ਗੱਲ ਦੀ ਸੋਝੀ ਸਾਰੀ ਉਮਰ ਹੀ ਨਹੀਂ ਆਉਂਦੀ। ਜਿਵੇਂ ਮਲਾਹ ਆਪਣੇ ਹੁੱਕੇ ਨੂੰ ਤਾਜ਼ਾ ਕਰਨ ਲਈ ਇਹ ਹੀ ਸੋਚਦਾ ਰਹਿੰਦਾ ਹੈ ਕਿ ਉਹ ਪਾਣੀ ਦੇ ਵਿਚਕਾਰ ਹੋਣ ਕਰਕੇ ਜਦੋਂ ਜੀ ਚਾਹੇ ਹੁੱਕੇ ਵਿਚ ਪਾਣੀ ਪਾ ਲਵੇਗਾ। ਪਰ ਉਸ ਨੂੰ ਕੰਢੇ ਤੱਕ ਚੱਪੂ ਮਾਰਨ ਤੋਂ ਵਿਹਲ ਹੀ ਨਹੀਂ ਮਿਲਦੀ ਤੇ ਉਹ ਆਪਣੀ ਸੁੱਕੀ ਹੁੱਕੀ ਨਾਲ ਹੀ ਕਿਨਾਰੇ ਆ ਲਗਦਾ ਹੈ।

ਇਸ ਤਰ੍ਹਾਂ ਹੀ ਸਾਡੇ ਸਮਾਜ ਵਿਚ ਅਫ਼ਸਰਾਂ ਤੇ ਕਰਮਚਾਰੀਆਂ ਦੀ ਇਹ ਤ੍ਰਾਸਦੀ ਹੈ ਕਿ ਪਬਲਿਕ ਪਹਿਲਾਂ ਤਾਂ ਚੜ੍ਹਦੇ ਸੂਰਜ ਨੂੰ ਸੱਲਾਮ ਦੇ ਪ੍ਰਚੱਲਣ ਅਨੁਸਾਰ ਉਨ੍ਹਾਂ ਦੀ ਚਾਪਲੂਸੀ ਤੇ ਖੁਸ਼ਾਮਦ ਕਰਕੇ ਗੁੱਡੀ ਅਸਮਾਨੀ ਚੜ੍ਹਾ ਦਿੰਦੀ ਹੈ। ਫਿਰ ਇਹ ਗਰਜ਼ਮੰਦ ਲੋਕ ਬੰਦੇ ਦੀ ਝੂਠੀ ਤਾਰੀਫ ਦੇ ਪੁੱਲ੍ਹ ਬੰਨ੍ਹ ਕੇ ਇਉਂ ਭੂਤਨੀ ਭੁਲਾਉਂਦੇ ਹਨ ਕਿ ਉਸ ਨੂੰ ਆਪਣੀ ਸਹੀ ਔਕਾਤ ਤੇ ਜੀਵਨ ਦੇ ਮੰਤਵ ਦੀ ਸਾਰ ਹੀ ਨਹੀਂ ਸਮਝ ਆਉਂਦੀ। ਮੁੱਕਦੀ ਗੱਲ ਇਸ ਤਰ੍ਹਾਂ ਅਫ਼ਸਰਸ਼ਾਹੀ ਦਾ ਜ਼ਿਆਦਾ ਸਮਾਂ ਜ਼ਮਾਨੇ ਦੀ ਚਕਾਚੌਂਧ ਦੀ ਚੌਂਧੀ ਤੇ ਭੰਮੱਤਰੀ ਵਿਚ ਹੀ ਵਿਹਾਅ ਜਾਂਦਾ ਹੈ।

ਬਹਿਰਹਾਲ, ਇਸ ਚੱਲ ਰਹੇ ਪ੍ਰਸੰਗ ਵਿਚ ਆਤਮਾ ਦੀ ਅਵਾਜ਼ ਸੁਣਨ ਵਾਲੇ ਇਨਸਾਫ-ਪਸੰਦ ਅਫ਼ਸਰਾਂ ਦੇ ਪੌੜੇ ਦੇ ਉਲਟ ਇਕ ਹੋਰ ਤਬਕਾ ਬੇਮਤਲਬ ਹੀ ਅੱਖੜ ਤੇ ਹੈਂਕੜ ਖਾਂ ਅਫ਼ਸਰਾਂ ਦਾ ਵੀ ਹੁੰਦਾ ਹੈ, ਜਿਹੜੇ ਕਿ ਡੁਰਲੀ ਜੱਥੇ ਵਜੋਂ ਪ੍ਰਸਿੱਧ ਹੁੰਦੇ ਹਨ। ਅਜਿਹੇ ਡੰਡਾ-ਟੱਪ ਅਫ਼ਸਰਾਂ ਦੀ ਤਸ਼ਬੀਹ ਛੜਿਆਂ ਨਾਲ ਦਿੱਤੀ ਜਾਂਦੀ ਹੈ ਕਿਉਂਕਿ ਕਿ ਛੜਿਆਂ ਵਾਗੂੰ ਇਨ੍ਹਾਂ ਨੂੰ ਇਹ ਤਾਂ ਪਤਾ ਹੁੰਦਾ ਹੈ ਕਿ ਮਾਘੀ ਦਾ ਮੇਲਾ ਤਾਂ ਮੁਕਤਸਰ ਹੀ ਭਰਦਾ ਹੈ; ਪਰ ਇਸ ਦੇ ਨਾਲ ਹੀ ਇਹ 'ਮੇਲਾ ਮੁਕਤਸਰ ਦਾ, ਪਰ ਛੜਿਆਂ ਡਰੋਲੀ ਜਾਣਾ' ਵਰਗੀ ਪੁੱਠੀ ਧਾਰਨਾ ਦੇ ਮਾਲਕ ਹੁੰਦੇ ਹਨ।

ਪਰ ਕਿਸਮਤ ਦੀ ਇਹ ਖੇਡ ਵੀ ਦੇਖੋ ਕਿ ਇਨ੍ਹਾਂ 'ਮੈਂ-ਨਾ-ਮਾਨੂੰ' ਕਿਸਮ ਦੇ ਦਬੰਗ ਮੁਹੰਮਦ ਤੁਗਲਕਾਂ ਨੂੰ ਆਮ ਤੌਰ 'ਤੇ ਪਬਲਿਕ ਵੱਲੋਂ 'ਨਰ ਅਫ਼ਸਰ' ਹੋਣ ਦੀ ਵਿਲੱਖਣ ਉਪਾਧੀ ਮਿਲੀ ਹੁੰਦੀ ਹੈ। ਫਿਰ ਇਹ ਅਫ਼ਸਰ ਪਤਾ ਨਹੀਂ ਕਦੋਂ ਤੇ ਕਿੱਥੇ ਆਪਣੇ ਸਿਆਸੀ ਆਕਾ-ਆਗੂਆਂ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਉਣ ਵਾਸਤੇ ਕਿਸ ਉੱਤੇ ਦਫ਼ਾ 307 ਜਾਂ 302 ਤੱਕ ਦੇ ਕੇਸ ਪਾ ਕੇ ਕੀ ਭਾਣੇ ਵਰਤਾ ਦੇਣ? ਅਜਿਹੇ ਅਫ਼ਸਰ ਆਮ ਤੌਰ 'ਤੇ ਬੇਵਕੂਫ਼ੀ ਦਾ ਸਿਰਾ ਟੱਪੇ ਹੁੰਦੇ ਹਨ। ਇਸ ਵਾਸਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਅਕਲ ਦੇ ਦੁਸ਼ਮਣ ਇਨ੍ਹਾਂ ਅਫ਼ਸਰਾਂ ਦੀ ਹਉਮੈ ਨੂੰ ਪੱਠੇ ਪਾਉਣ ਦੀ ਖਾਤਿਰ ਜਨਤਾ ਇਨ੍ਹਾਂ ਨੂੰ ਫ਼ੀਲਡ ਮਾਰਸ਼ਲ ਕਹਿ ਕੇ ਵੀ ਫੂਕ ਦਿੰਦੀ ਹੈ।

ਖ਼ੈਰ! ਅਫ਼ਸਰੀ ਭਾਈਚਾਰੇ ਦੀ ਦੂਜੀ ਮੁੱਖ ਸ਼੍ਰੇਣੀ ਨਿਯਮ ਤੇ ਕਾਨੂੰਨ ਦੇ ਗਿਆਤਾ ਬਾਬੂ ਤੇ ਪੋਥੀ ਮਾਸਟਰਾਂ ਦੀ ਹੁੰਦੀ ਹੈ। ਇਹ ਉਹ ਅਫ਼ਸਰ ਹੁੰਦੇ ਹਨ ਕਿ ਜਿਹੜੇ ਬਾਬੂਗਿਰੀ ਦੇ ਤੌਰ ਤਰੀਕਿਆਂ ਅਨੁਸਾਰ ਹੀ ਡੰਗ ਟਪਾਊ ਕੰਮ ਕਰਦੇ ਹਨ ਤੇ ਇਉਂ ਬਸ ਆਪਣਾ ਸਮਾਂ ਟਪਾ ਲੈਂਦੇ ਹਨ। ਇਨ੍ਹਾਂ ਅਫ਼ਸਰਾਂ ਵਿਚ ਕੋਈ ਠੋਸ ਤੇ ਨਿੱਗਰ ਫੈਸਲਾ ਲੈਣ ਦੀ ਜੁਅਰਤ ਨਹੀਂ ਹੁੰਦੀ ਤੇ ਨਾ ਹੀ ਹੌਸਲੇ ਨਾਲ ਉਸ ਨੂੰ ਲਾਗੂ ਕਰਨ ਦੀ ਕੋਈ ਕਾਬਲੀਅਤ ਹੁੰਦੀ ਹੈ। ਬਸ ਇਹ ਲੋਕ ਆਪਣੇ ਬਾਬੂਡੰਮ ਦੇ ਦਾਇਰੇ ਵਿਚ ਰਹਿੰਦੇ-ਰਹਿੰਦੇ ਆਪਣੇ ਅਧੀਨ ਬਾਬੂਆਂ ਵਲੋਂ ਪਾਏ ਚਾਰ ਅੱਖਰਾਂ ਉਪਰ ਹੀ ਦਸਤਖਤ ਰੂਪੀ ਘੁੱਗੀ ਮਾਰ ਕੇ ਸਾਰੀ ਉਮਰ ਟਪਾ ਲੈਂਦੇ ਹਨ।

ਜੇ ਖੁਦਾ ਨਾ ਖਾਸਤਾ ਕੋਈ ਹਰਜ-ਮਰਜ ਹੋ ਜਾਏ ਤਾਂ ਇਹ ਆਪਣੇ 'ਤੇ ਗੱਲ ਨਹੀਂ ਲੈਂਦੇ ਤੇ ਆਪਣੀ ਜ਼ਿੰਮੇਵਾਰੀ ਟਾਲਣ ਲਈ ਆਪਣੇ ਅਧੀਨ ਬਾਬੂਆਂ ਨੂੰ ਦੋ ਮਿੰਟ ਵਿਚ ਟੰਗ ਦਿੰਦੇ ਹਨ। ਇਉਂ ਇਹ ਸਾਰੀ ਉਮਰ ਯਤਾਮਤ ਦੇ ਹੀ ਮਾਰੇ ਰਹਿੰਦੇ ਹਨ। ਇਨ੍ਹਾਂ ਦੀ ਕਮਜ਼ੋਰੀ ਤੇ ਯਤਾਮਤ ਦੀ ਤੁਲਨਾ 'ਫੀਸ-ਮੁਆਫ' ਵਿਦਿਆਰਥੀਆਂ ਨਾਲ ਕੀਤੀ ਜਾਂਦੀ ਹੈ। ਸਕੂਲਾਂ ਵਿਚ ਜਿਵੇਂ ਫੀਸ ਮੁਆਫ ਕਰਵਾਉਣ ਲਈ ਵਿਦਿਆਰਥੀ ਅਕਸਰ ਪਾਟੇ ਤੇ ਮੈਲੇ ਜਿਹੇ ਕੱਪੜੇ ਪਾ ਕੇ ਆਪਣਾ ਡੰਗਾ-ਫੰਗਾ ਸਾਰ ਲੈਂਦੇ ਸਨ। ਬਿਲਕੁਲ ਉਸ ਤਰ੍ਹਾਂ ਹੀ ਇਹ ਅਫ਼ਸਰ ਵੀ ਆਪਣੀ ਸਰਵਿਸ ਦੇ ਦੌਰਾਨ ਅੱਧੋ-ਰਾਣੇ ਜਿਹੇ ਕੱਪੜੇ ਤੇ ਸੂਟ-ਬੂਟ ਪਾ ਕੇ ਵਿਚਰਦੇ ਹਨ। ਇਉਂ ਹੀ ਫਿਰ ਇਹ ਅਫ਼ਸਰ ਆਪਣਾ 'ਦੁਪਹਿਰੀਆ' ਭੁੱਜੇ ਛੋਲੇ ਜਾਂ ਮਾੜੇ-ਮੋਟੇ ਸਲਾਦ-ਸਲੂਣੇ ਨਾਲ ਹੀ ਕਰ ਲੈਂਦੇ ਹਨ।

ਪਰ ਇਨ੍ਹਾਂ ਵਿਚ ਵੀ ਇਕ ਬੜੀ ਵੱਡੀ ਖੂਬੀ ਹੁੰਦੀ ਹੈ ਕਿ ਇਹ ਦਫ਼ਤਰਾਂ ਵਿਚ 9 ਵਜੇ ਤੋਂ 5 ਵਜੇ ਤੱਕ ਹਰ ਹਾਲ ਹਾਜ਼ਰੀ ਜ਼ਰੂਰ ਭਰਦੇ ਹਨ। ਇਹ ਗੱਲ ਵੱਖਰੀ ਹੈ ਕਿ ਇਹ ਲੋਕ ਸਾਰਥਿਕ ਸੋਚ ਦੀ ਅਣਹੋਂਦ ਤੇ ਸੁਚਾਰੂ ਫ਼ੈਸਲੇ ਲੈਣ ਦੀ ਅਸਮਰਥਤਾ ਦੇ ਕਾਰਨ ਸਾਰੀ ਉਮਰ ਕੁਰਸੀ ਦਾ ਬੋਝ ਬਣ ਕੇ ਬਸ 'ਗੱਦੀਆਂ' ਹੀ ਗੰਦੀਆਂ ਕਰਦੇ ਰਹਿੰਦੇ ਹਨ। ਜੇ ਰਾਸ਼ਨ ਦੀ ਲਾਈਨ ਵਾਂਗੂੰ ਤੁਰਦੇ-ਤੁਰਦੇ ਇਨ੍ਹਾਂ ਦੀ ਵਾਰੀ ਜੇਕਰ ਡੀ.ਸੀ. ਲੱਗਣ ਦੀ ਆ ਜਾਵੇ ਤਾਂ ਇਹ ਲਿਖ ਕੇ ਦੇ ਦਿੰਦੇ ਹਨ ਕਿ ਇਹ ਕੰਮ ਇਨ੍ਹਾਂ ਦੇ ਵਸ ਦਾ ਨਹੀਂ ਹੈ। ਭਲਾ ਕੋਈ ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ ਜੇ ਤੁਸੀਂ ਗਿੱਲੇ ਗੋਹੇ 'ਤੇ ਪੈਰ ਰੱਖਣੋ ਹੀ ਡਰਨਾ ਸੀ ਤਾਂ ਫੇਰ ਪ੍ਰਸ਼ਾਸਨ ਵਿਚ ਆਉਣ ਦੀ ਥਾਂ ਕਿਸੇ ਗੁਰਦੁਆਰੇ ਦੇ ਭਾਈ ਹੀ ਕਿਉਂ ਨਹੀਂ ਬਣ ਗਏ।

ਇਸ ਤਰ੍ਹਾਂ ਹੀ ਤਕਰੀਬਨ ਸਮੁੱਚੀ ਅਫ਼ਸਰਸ਼ਾਹੀ ਦਾ ਇਕ ਹੋਰ ਚੱਲਣ ਇਹ ਵੀ ਹੈ ਕਿ ਕਿਸੇ ਵੀ ਰਾਜਸੱਤਾ ਵਾਲੀ ਪਾਰਟੀ ਦੇ 5 ਸਾਲਾਂ ਦੇ ਅਹਿਦ ਵਿਚ ਇਹ ਅਖੀਰ ਤੱਕ ਬੜੀ ਸੇਵਾਦਾਰੀ ਨਿਭਾਉਂਦੇ ਹਨ। ਇਥੋਂ ਤੱਕ ਕਿ ਇਹ ਰਾਜਸੱਤਾ ਵਾਲੀ ਪਾਰਟੀ



Original with;
Kulbir Singh Sidhu(I.A.S)
Digitized by;
Panjab Digital Library

ਦੇ ਬਿਸਤਰੇ ਵਿਛਾਉਣ ਤੱਕ ਵੀ ਜਾਂਦੇ ਹਨ, ਪਰ ਜਿਉਂ ਹੀ ਰਾਜਭਾਗ ਦੀ ਝੰਡੀ ਦੇ ਬਦਲਣ ਦੇ ਸੰਕੇਤ ਮਿਲਦੇ ਹਨ ਤਾਂ ਇਹ ਰਾਜਸੱਤਾ ਵਾਲਿਆਂ ਦੇ ਬਿਸਤਰੇ ਬੰਨ੍ਹਣ ਤੇ ਆਉਣ ਵਾਲੀ ਪਾਰਟੀ ਦੇ ਬਿਸਤਰੇ ਖੋਲ੍ਹਣ-ਵਿਛਾਉਣ ਦੀ ਜੁਗਾੜਬੰਦੀ ਕਰਨੀ ਸ਼ੁਰੂ ਕਰ ਦਿੰਦੇ ਹਨ।

ਇਸ ਤਰ੍ਹਾਂ ਹੀ ਅਫ਼ਸਰਾਂ ਦੀਆਂ ਹੋਰ ਖਸਲਤਾਂ ਵਿਚੋਂ ਇਕ ਖਸਲਤ ਇਹ ਹੁੰਦੀ ਹੈ ਕਿ ਤਕਰੀਬਨ ਹਰ ਅਫ਼ਸਰ ਨਵੀਂ ਥਾਂ 'ਤੇ ਜੁਆਇਨ ਕਰਨ ਸਮੇਂ ਇਹ ਜ਼ਰੂਰ ਕਹਿੰਦਾ ਹੈ ਕਿ ਉਸ ਤੋਂ ਪਹਿਲਾਂ ਤਾਂ ਦਫ਼ਤਰ ਵਿਚ ਹਨ੍ਹੇਰ ਹੀ ਪਿਆ ਹੋਇਆ ਸੀ। ਬੱਸ ਹੁਣ ਉਸ ਦੇ ਆਉਣ ਨਾਲ ਹੀ ਚਾਨਣਾ ਹੋਇਆ ਹੈ। ਫਿਰ ਜਦੋਂ ਕੋਈ ਅਫ਼ਸਰ ਨਵੇਂ ਦਫ਼ਤਰ ਵਿਚ ਕੰਮਕਾਰ ਸ਼ੁਰੂ ਕਰਦਾ ਹੈ ਤਾਂ ਉਹ ਪਹਿਲਾਂ ਚੰਗੇ ਤਰਖਾਣ ਵਾਂਗੂੰ ਲੱਕੜ ਦੇ ਵਿੰਗ-ਵਲ ਦੇਖਣ ਵਾਂਗੂੰ ਫਾਈਲਾਂ ਨੂੰ ਪੁੱਠਾ-ਸਿੱਧਾ ਕਰਕੇ ਦੇਖਦਾ ਹੈ। ਫਿਰ ਤਰਖਾਣ ਦੇ ਰੰਦਾ ਲਾਉਣ ਵਾਂਗੂੰ ਉਹ ਆਪਣਾ ਕੰਮ ਕੱਢਣ ਲਈ ਜਨਤਾ 'ਤੇ ਦੁਬਾਰਾ ਤੋਂ ਰੰਦਾ ਫੇਰ ਕੇ ਉਸ ਦੇ ਸੱਕ-ਛੌਡੇ ਲਾਹੁੰਦਾ ਹੈ। ਜਿਸ ਕਰਕੇ ਦਫ਼ਤਰਾਂ ਵਿਚ ਪਹਿਲੇ ਅਫਸਰ ਤੋਂ ਬਾਅਦ ਦੂਜੇ ਅਫ਼ਸਰ ਦਾ ਅਕਸਰ ਹੀ ਨਵਾਂ ਹੀ ਮੀਟਰ ਚਲਦਾ ਹੈ ਤੇ ਬੱਸ ਗਰਜ਼ਮੰਦ ਪ੍ਰਾਰਥੀ ਭੁਗਤਦੇ ਹਨ।

ਖ਼ੈਰ! ਸਰਵਿਸ ਦੌਰਾਨ ਤੇ ਰਿਟਾਇਰਮੈਂਟ ਤੋਂ ਬਾਅਦ ਅਫ਼ਸਰਾਂ ਦੀ ਕਾਰਗੁਜ਼ਾਰੀ ਤੇ ਹਸ਼ਰ ਤੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਕੁਝ ਕੁ ਚਹੇਤੇ ਤੇ 'ਯੈੱਸ ਸਰ' ਅਫ਼ਸਰ ਅੱਗੇ ਵੀ ਲੋਕ ਸੇਵਾ ਦੇ ਨਾਮ 'ਤੇ ਕਿਸੇ ਅਦਾਰੇ ਵਿਚ ਅਟਕ ਜਾਂਦੇ ਹਨ ਅਤੇ ਆਪਣੀ 'ਜਨਾਬੀ ਦੀ ਉਮਰ' ਕੁਝ ਕੁ ਸਾਲ ਹੋਰ ਵਧਾ ਲੈਂਦੇ ਹਨ। ਇਉਂ ਹੀ ਕੁਝ ਕੁ ਅਫ਼ਸਰ ਜੋ ਸਰਵਿਸ ਵੇਲੇ ਹੀ ਸਾਧ-ਬਾਬਿਆਂ ਦੇ ਲੜ ਲਗ ਜਾਂਦੇ ਹਨ, ਉਹ ਡੇਰੇ ਭਾਲ ਲੈਂਦੇ ਹਨ। ਕਈ ਅਫ਼ਸਰ ਤਾਂ 'ਗੁਰੂ ਜਿੰਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ' ਅਨੁਸਾਰ ਸਾਧਾਂ ਨੂੰ ਵੀ ਟੱਪ ਜਾਂਦੇ ਹਨ ਅਤੇ ਖ਼ੁਦ 'ਅਫ਼ਸਰ ਬਾਬੇ' ਬਣ ਬੈਠਦੇ ਹਨ।

ਫੇਰ ਇਹ 'ਔਰੋਂ ਕੋ ਨਸੀਹਤ ਖ਼ੁਦ ਮੀਆਂ ਫਸੀਅਤ' ਮੁਤਾਬਿਕ ਜਦੋਂ ਧਰਮ-ਕਰਮ ਦੀ ਬਿਬ-ਵਿਚਾਰ ਕਰਦੇ ਹੋਏ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ ਤਾਂ ਉਹ ਨਜ਼ਾਰਾ ਦੇਖਣ ਵਾਲਾ ਹੀ ਹੁੰਦਾ ਹੈ। ਇਹ ਫਿਰ ਆਪਣੀਆਂ ਦਿਲ ਦੀਆਂ ਅਸਲੀ ਰਮਜ਼ਾਂ 'ਰੋਸੇ-ਘੋਸੇ ਉਮਰ ਗੁਆ ਲਈ, ਵਿਚ ਦੁੱਖਾਂ ਦੇ ਜਿੰਦੜੀ ਪਾ ਲਈ; ਕਰਤਾਰੀਏ ਝਾਕ ਨੀ ਦੋਤਾਰਾ ਖੱਮਣੀਆਂ ਵਾਲਾ' ਜਿਹੀਆਂ ਧਾਰਨਾਂ ਲਾ-ਲਾ ਕੇ ਲੋਕਾਂ ਨੂੰ ਸਮਝਾਉਂਦੇ ਹਨ।

ਕੁਝ ਕੁ ਅਫ਼ਸਰ ਇਹੋ ਜਿਹੇ ਵੀ ਹੁੰਦੇ ਹਨ ਕਿ ਜਿਹੜਿਆਂ ਨੇ ਦਫ਼ਤਰਾਂ ਵਿਚ ਬੈਠ ਕੇ ਟਾਈਮ ਪਾਸ ਕਰਨ ਲਈ ਕਿਤਾਬਾਂ ਤੇ ਨਾਵਲ ਹੀ ਪੜ੍ਹੇ ਹੁੰਦੇ ਹਨ, ਉਹ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦਾ ਲੜ ਫੜ ਕੇ ਕਿਤੇ ਨਾ ਕਿਤੇ ਸਾਹਿਤਕ ਸਰਗਰਮੀਆਂ ਵਿਚ ਜਾ ਵੜਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਪ੍ਰਧਾਨਗੀ ਦਾ ਜੁਗਾੜ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਹੀ ਜਿਹੜੇ ਅਫ਼ਸਰਾਂ ਨੇ ਸਰਵਿਸ ਦੇ ਦੌਰਾਨ ਵੱਡਾ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਾਂ ਗੌਲਫ ਹੀ ਖੇਡੀ ਹੁੰਦੀ ਹੈ, ਉਹ ਇਸ ਦੇ ਚਸਕੇ ਦੀਆਂ ਰਿਟਾਇਰਮੈਂਟ ਤੋਂ ਬਾਅਦ ਛੱਕਾਂ ਹੀ ਲਾਹ ਦਿੰਦੇ ਹਨ।

ਰਿਟਾਇਰ ਅਫ਼ਸਰਸ਼ਾਹੀ ਵੱਲੋਂ ਟਾਈਮ-ਪਾਸ ਕਰਨ ਦੇ ਪ੍ਰਸੰਗ ਵਿਚ ਫਿਰ ਡਾਕਟਰਾਂ ਦੇ ਡਰਾਏ ਕੁਝ ਕੁ ਅਫ਼ਸਰ ਸੁਵਖ਼ਤੇ ਸੈਰ, ਦੁਪਹਿਰੇ ਸੈਰ, ਸ਼ਾਮ ਨੂੰ ਸੈਰ ਤੇ ਫੇਰ ਰਾਤ ਨੂੰ ਸੈਰ ਕਰਨ ਦੇ ਬਹਾਨੇ ਆਪਣੀਆਂ ਟੰਗਾਂ ਦਾ 10-12 ਕਿਲੋਮੀਟਰ ਰੋਜ਼ਾਨਾ ਹੀ ਮੀਟਰ ਘੁੰਮਾ ਦਿੰਦੇ ਹਨ। ਇਹ ਸੱਜਣ ਜਦੋਂ ਕਿਤੇ ਕਿਸੇ ਵਿਆਹ-ਸ਼ਾਦੀ ’ਤੇ ਮਿਲਦੇ ਹਨ ਤਾਂ ਇਉਂ ਲਗਦਾ ਹੈ ਕਿ ਜਿਵੇਂ ਕਿਸੇ ਸਕੂਲ ਜਾਂ ਕਾਲਜ ਦੀ ਲੈਬੋਰੇਟਰੀ ਦੀ ਅਲਮਾਰੀ ਵਿਚੋਂ ਨਿਕਲ ਕੇ ਆ ਰਹੇ ਹੋਣ। ਵਰ੍ਹੇ-ਛਿਮਾਹੀ ਇਹੋ ਜਿਹੇ ਸੁਖ-ਦੁੱਖ ਦੇ ਵਿਆਹ-ਸ਼ਾਦੀ ਤੇ ਮਰਨੇ-ਪਰਨੇ ਦੇ ਸਮਾਗਮਾਂ ’ਤੇ ਮਿਲਣ ਸਮੇਂ ਇਨ੍ਹਾਂ ਦੀਆਂ ਇਕ ਦੂਜੇ ਨੂੰ ਦੇਖ ਕੇ ਬਾਛਾਂ ਖਿੜ ਜਾਂਦੀਆਂ ਹਨ। ਕਿਤੇ-ਕਿਤੇ ਤਾਂ ਬੰਦੇ ਨੂੰ ਹੈਰਾਨੀ ਦੇ ਨਾਲ ਹੋਰ ਵੀ ਖ਼ੁਸ਼ੀ ਵੀ ਹੁੰਦੀ ਹੈ ਕਿ ਜਦੋਂ ਉਹ ਆਪਣੀ ਗਲਤ-ਮਲ੍ਹਤ ਜਾਣਕਾਰੀ ਦੇ ਉਲਟ ਕਿਸੇ ਪੁਰਾਣੇ ਹਮਸਫ਼ਰ ਨੂੰ ਸਾਥੀ ਨੂੰ ਜਿਉਂਦਾ-ਜਾਗਦਾ ਦੇਖਦਾ ਹੈ।

ਇਸ ਤੋਂ ਇਲਾਵਾ ਬੁੱਢੇ-ਵਾਰੇ ਜਨਾਬਾਂ ਨੂੰ ਸਭ ਤੋਂ ਵੱਧ ਸਵਾਦ ਗੱਪ-ਛੱਪ ਲੜਾਉਣ ਤੇ ਫੜਾਂ-ਪਾਡੀਆਂ ਮਾਰਨ ਵਿਚ ਆਉਂਦਾ ਹੈ। ਬੱਸ ਇਨ੍ਹਾਂ ਦੇ ਕੋਲ ਕੋਈ ਸਰੋਤਾ ਨਾ ਆ ਜਾਵੇ, ਜਨਾਬ ਫਿਰ ਉਸ ਨੂੰ ਆਪਣੇ ਸਮੇਂ ਦੀਆਂ ਮਾਰੀਆਂ ਮੱਲਾਂ ਸਬੰਧੀ ਚਟਕਾਰੇ ਲਾ-ਲਾ ਕੇ ਗੱਲਾਂ ਸੁਣਾਉਂਦੇ ਹਨ। ਸਗੋਂ ਅਕਸਰ ਇਹ ਵੀ ਹੁੰਦਾ ਹੈ ਕਿ ਸਰਵਿਸ ਵੇਲੇ ਤਾਂ ਭਾਵੇਂ ਕਿਸੇ ਸਮੇਂ ਇਨ੍ਹਾਂ ਜਨਾਬਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੋਵੇ ਜਾਂ ਕਿਤੇ ਮੂੰਹ ਦੀ ਵੀ ਖਾਣੀ ਪਈ ਹੋਵੇ, ਪਰ ਅਜਿਹੀ ਕਿਸੇ ਘਟਨਾ ਦਾ ਬਿਆਨ ਕਰਦੇ ਹੋਏ ਇਹ ‘ਤੀਸ ਮਾਰ ਖਾਂ’ ਆਪਣੇ ਆਪ ਨੂੰ ਸ਼ੇਰ ਮਾਰ ਖਾਂ ਨਾਲੋਂ ਘੱਟ ਨਹੀਂ ਸਮਝਦੇ। ਇਸ ਪ੍ਰਥਾਇ ਆਪਣੇ ਜਾਮੇ ਦੇ ਮੇਚੇ ਤੋਂ ਬਾਹਰ ਹੋਏ ਇਨ੍ਹਾਂ ਅਫ਼ਸਰਾਂ ਬਾਰੇ ਕਿਸੇ ਸ਼ਾਇਰ ਨੇ ਕਿਹਾ ਹੈ ਕਿ ‘ਕਲ੍ਹ ਜੋ ਸ਼ਖ਼ਸ ਗੱਦੀ-ਨਸ਼ੀਨ ਥਾ, ਉਸੇ ਗੁਮਾਂ ਹੈ ਕਿ ਵੋ ਕਿਸੀ ਖ਼ੁਦਾ ਸੇ ਕਮ ਨਹੀਂ ਥਾ’। ਇਉਂ ਬੱਸ ਇਹ ਜਨਾਬੀ ਦੇ ਪੱਟ ਬਾਬੇ ਜਮਾਂ ਹੀ ਪੈਰ ਛੱਡ ਕੇ ਉੱਘ-ਪਤਾਲ ਦੀਆਂ ਬੇਥਵੀਆਂ ਜਿਹੀਆਂ ਬਾਤ-ਬਤੌਲੀਆਂ ਪਾਉਂਦੇ ਰਹਿੰਦੇ ਹਨ।

ਖ਼ੈਰ! ਇਉਂ ਹੀ ਇਨ੍ਹਾਂ ਬੁੱਢੇ ਜਰਨੈਲਾਂ ਨੂੰ ਆਪਣੇ ਜੂਨੀਅਰ ਅਫ਼ਸਰਾਂ ਬਾਰੇ ਜ਼ਿਕਰ ਕਰਨਾ ਬੜਾ ਭਾਉਂਦਾ ਹੈ ਕਿ ਫਲਾਨਾ ਚੀਫ ਸੈਕਟਰੀ ਜਾਂ ਕਮਿਸ਼ਨਰ ਇਨ੍ਹਾਂ ਦਾ ਸ਼ਗਿਰਦ ਰਿਹਾ ਹੈ। ਇਸ ਪ੍ਰਥਾਇ ਹੁਸ਼ਿਆਰਪੁਰ ਦੇ **ਹਰਬੰਸ ਲਾਲ** ‘ਮੁਜਰਿਮ ਦਸੂਹੀ’ ਦਾ ਸ਼ਿਅਰ ਇਨ੍ਹਾਂ ਦੀ ਹਉਮੈ ਵਾਲੀ ਮਾਨਸਿਕਤਾ ਦਾ ਬੜਾ ਢੁਕਵਾਂ ਪ੍ਰਗਟਾਵਾ ਕਰਦਾ ਹੈ ਕਿ :-

“ਹੋਰ ਹੋਵੇਗੀ ਭਲਾ ਉਸਤਾਦੀਆਂ ਦੀ ਕੀ ਸਨਦ;
ਹਜ਼ਰਤੇ ਮੁਜਰਿਮ ਦੇ ਸਭ ਸ਼ਾਗਿਰਦ ਨੇ ਉਸਤਾਦ ਹੁਣ”



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਤਰ੍ਹਾਂ ਇਹ ਬੁੱਢੇ-ਬਾਬੇ ਇਸ ਤਰ੍ਹਾਂ ਦੇ ਖਿਆਲੀ ਪਲਾਵਾਂ ਨਾਲ ਬੱਸ ਦਿਲ ਪ੍ਰਚਾਉਂਦੇ ਰਹਿੰਦੇ ਹਨ। ਸਿਰੇ ਦੀ ਗੱਲ ਤਾਂ ਇਹ ਹੈ ਕਿ ਇਹ ਰਿਟਾਇਰ ਬੰਦੇ ਦਫ਼ਤਰ ਤਾਂ ਛੱਡ ਦਿੰਦੇ ਹਨ, ਪਰ ਦਫ਼ਤਰ ਇਨ੍ਹਾਂ ਦੇ ਦਿਮਾਗ ਵਿਚੋਂ ਨਹੀਂ ਨਿਕਲਦਾ। ਇਸ ਪ੍ਰਥਾਇ ਉਸਤਾਦ ਸ਼ਾਇਰ **ਜ਼ੌਕ** ਦਾ ਇਹ ਸ਼ਿਅਰ ਇਨ੍ਹਾਂ ਦੀ ਮਾਨਸਿਕਤਾ 'ਤੇ ਢੁਕਦਾ ਹੈ।

'ਉਨ ਦਿਨੋਂ ਗਰਚੇ ਦਕਨ ਮੇਂ ਹੈ ਬੜੀ ਕਦਰੇ-ਸੁਖਨ;
ਕੌਨ ਜਾਏ ਜ਼ੌਕ ਪਰ ਦਿੱਲੀ ਕੀ ਗਲੀਆਂ ਛੋੜ ਕੇ'।।

ਇਸ ਪ੍ਰਸੰਗ ਵਿਚ ਹੀ ਮੈਨੂੰ ਇਕ ਇਤਿਹਾਸਿਕ ਘਟਨਾ ਯਾਦ ਆਈ ਹੈ ਕਿ ਮਹਾਨ ਸ਼ਾਇਰ ਜ਼ੌਕ ਦੇਹਲਵੀ ਤੇ ਗਾਲਿਬ ਦੋਵੇਂ ਹੀ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦੇ ਸਮੇਂ ਹੋਏ ਹਨ ਤੇ ਆਪਸ ਵਿਚ ਇਨ੍ਹਾਂ ਦਾ 'ਅੱਠ ਦਾ ਅੰਕੜਾ' ਪੈਂਦਾ ਸੀ। ਗੌਰਤਲਬ ਹੈ ਕਿ ਗਾਲਿਬ ਆਪਣੇ ਜ਼ਮਾਨੇ ਦਾ ਬਹੁਤ ਹੀ ਮਕਬੂਲ ਤੇ ਮਸ਼ਹੂਰ ਸ਼ਾਇਰ ਹੋਇਆ ਹੈ। ਇਸ ਪ੍ਰਥਾਇ ਉਸ ਦਾ ਆਪਣਾ ਇਕ ਸੁਖਨ ਹੈ ਕਿ : "ਹੈਂ ਔਰ ਭੀ ਦੁਨੀਆਂ ਮੇਂ ਸੁਖਨਵਰ ਬਹੁਤ ਅੱਛੇ; ਕਹਿਤੇ ਹੈਂ ਕਿ ਗਾਲਿਬ ਕਾ ਹੈ ਅੰਦਾਜ਼ੇ-ਬਿਆਂ ਔਰ"। ਇਸ ਵਾਸਤੇ ਗਾਲਿਬ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸੀ ਮੰਨਦਾ, ਪਰ ਮਨੋਂ-ਮਨੀਂ ਉਹ ਮੀਰ ਤਕੀ ਮੀਰ ਦਾ ਮੁਦਾਹ ਵੀ ਸੀ। ਇਸ ਲਈ ਉਸ ਨੇ ਗੋਲ-ਗੰਢ ਪਾਉਣ ਵਾਂਗੂੰ ਅਸਿੱਧੇ ਜਿਹੇ ਤਰੀਕੇ ਨਾਲ ਦੋ ਸ਼ਿਅਰ **ਜਨਾਬ ਮੀਰ ਸਾਹਿਬ** ਦੀ ਉਸਤਤ ਵਿਚ ਇਉਂ ਲਿਖੇ ਹਨ।

1. ਰੇਖ਼ਤੇ ਕਿ ਤੁਮਹੀ ਉਸਤਾਦ ਨਹੀਂ ਹੋ ਗਾਲਿਬ;
ਕਹਿਤੇ ਹੈਂ ਅਗਲੇ ਜ਼ਮਾਨੇ ਮੇਂ ਕੋਈ ਮੀਰ ਭੀ ਥਾ।
2. ਅਪਨਾ ਯੇ ਅਕੀਦਾ ਬਕੌਲੇ ਨਾਸਿਖ;
ਆਪ ਬੇ-ਬਹਿਰਾ ਹੈਂ ਜੋ ਮੋਹਤਕਦੇ ਮੀਰ ਨਹੀਂ।

ਇਉਂ ਹੀ ਇਹ ਅਫ਼ਸਰਾਂ ਦੀ ਵੀ ਆਮ ਤੌਰ 'ਤੇ ਇਹ ਹੀ ਫ਼ਿਤਰਤ ਹੁੰਦੀ ਹੈ ਕਿ ਪਹਿਲਾਂ ਤਾਂ ਇਹ ਆਪਣੇ ਨਾਲੋਂ ਹੋਰ ਕਿਸੇ ਬੰਦੇ ਨੂੰ ਕਾਬਿਲ ਤੇ ਸਿਆਣਾ ਸਮਝਦੇ ਹੀ ਨਹੀਂ। ਫਿਰ ਜੇ ਇਹ ਕਿਸੇ ਦੂਜੇ ਨੂੰ ਕਿਤੇ ਗਿਣਤੀ ਵਿਚ ਲੈ ਵੀ ਆਉਣ ਤਾਂ ਇਹ ਉਸ ਨੂੰ ਸਿਰਫ਼ ਔਪਚਾਰਰਿਕ ਤੌਰ 'ਤੇ ਮਾੜਾ-ਮੋਟਾ ਉਪਰਲੇ ਜਿਹੇ ਮਨੋਂ ਹੀ ਮੰਨਦੇ ਹਨ। ਸਿੱਧੀ ਗੱਲ ਹੈ ਕਿ ਆਦਮੀ ਤਾਂ ਅਫ਼ਸਰ ਬਣ ਸਕਦਾ ਹੈ, ਪਰ ਅਫ਼ਸਰ ਬੜਾ ਘਟ ਹੀ ਇਨਸਾਨ ਬਣਦਾ ਹੈ। ਸਗੋਂ ਲੋਕਾਂ ਨੂੰ ਤਾਂ ਅਫ਼ਸਰ ਸਾਰੀ ਉਮਰ ਬੰਦਾ ਬਣਾਉਣ ਦਾ ਬੀੜਾ ਚੁੱਕੀ ਫਿਰਦਾ ਹੈ, ਪਰ ਆਪ ਸਾਰੀ ਉਮਰ ਬੰਦਾ ਨਹੀਂ ਬਣਦਾ।

ਇਸ ਵਾਸਤੇ ਮੈਨੂੰ ਤਾਂ ਇੰਨੀ ਕੁ ਹੀ ਸਮਝ ਆਈ ਹੈ ਕਿ ਅਫ਼ਸਰਾਂ ਨੂੰ ਸਰਵਿਸ ਦੇ ਦੌਰਾਨ ਅਤੇ ਖ਼ਾਸ ਕਰਕੇ ਰਿਟਾਇਰਮੈਂਟ ਤੋਂ ਬਾਅਦ ਤਾਂ ਬਿਲਕੁਲ ਹੀ ਹਉਮੈ ਨੂੰ ਤਿਆਗਣ ਤੇ ਬੰਦਾ ਬਣਨ ਦੀ ਸਾਧਨਾ ਜ਼ਰੂਰ ਕਰਨੀ ਚਾਹੀਦੀ ਹੈ। ਖ਼ੈਰ! ਬਿਹਤਰ ਤਾਂ ਇਹ ਹੀ ਹੈ ਕਿ ਬੰਦਾ ਕਦੇ ਵੀ ਜ਼ਿੰਦਗੀ ਦੇ ਯਥਾਰਥ ਦਾ ਪੱਲਾ ਨਾ ਛੱਡੇ, ਸਗੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਚਾਹੀਦਾ ਤਾਂ ਇਹ ਵੀ ਹੈ ਕਿ ਆਦਮੀ ਹਮੇਸ਼ਾਂ ਹੀ ਇਹ ਖਿਆਲ ਰੱਖੇ ਕਿ :-

ਜਹਾਂ ਆਜ ਹਮ ਹੈਂ, ਕੱਲ੍ਹ ਯਹਾਂ ਕੋਈ ਔਰ ਥਾ!
ਯੇ ਭੀ ਇਕ ਦੌਰ ਹੈ, ਵੋਹ ਭੀ ਇਕ ਦੌਰ ਥਾ!!

ਸਗੋਂ ਇਸ ਤੋਂ ਵੀ ਕਿਤੇ ਅੱਗੇ ਬੰਦੇ ਨੂੰ **ਬਾਬਾ ਫ਼ਰੀਦ ਜੀ** ਦੀ ਨੇਕ ਨਸੀਹਤ "ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ, ਜਿਸੁ ਆਸਨਿ ਹਮ ਬੈਠੇ ਕੇਤੇ ਬੈਸਿ ਗਇਆ" ਉਤੇ ਅਮਲ ਕਰਨ ਦੀ ਅਹਿਮੀਅਤ ਨੂੰ ਦਿਲ ਵਿਚ ਵਸਾਉਣਾ ਚਾਹੀਦਾ ਹੈ। ਸਗੋਂ ਇਉਂ ਹੀ ਅਫ਼ਸਰਾਂ ਨੂੰ ਕਦੇ ਵੀ ਨੌਕਰੀ ਦੇ ਦੌਰਾਨ ਜਾਂ ਉਪਰੰਤ ਨੇਕ ਸੋਚ ਤੇ ਅਕਲ ਦਾ ਲੜ ਨਹੀਂ ਛੱਡਣਾ ਚਾਹੀਦਾ।

ਖ਼ੈਰ! ਹਾਲੇ ਵੀ ਸ਼ੁਕਰ ਹੈ ਕਿ ਸ਼ੈਤਾਨੀ ਤਾਕਤਾਂ ਨੇ ਨੌਕਰਸ਼ਾਹੀ ਤਬਕੇ ਨੂੰ ਹਉਮੈ ਤੇ ਈਰਖਾ ਦੇ ਪੁਤਲੇ ਬਣਾਉਣ ਤੋਂ ਬਾਅਦ ਵੀ ਆਪਣੇ ਅਫ਼ਸਰੀ ਭਾਈਚਾਰੇ ਦੀ ਮਾੜੀ-ਮੋਟੀ ਪਛਾਣ ਦਿੱਤੀ ਹੈ। ਦੁਨੀਆਂਦਾਰੀ ਤੇ ਕਬੀਲਦਾਰੀ ਵਿਚ ਦਾਦਕੇ-ਨਾਨਕਿਆਂ ਤੇ ਪੇਕੇ-ਸਹੁਰਿਆਂ ਦੇ ਰਿਸ਼ਤਿਆਂ ਤੋਂ ਪਰ੍ਹਾਂ ਨੌਕਰਸ਼ਾਹੀ ਦੀ ਸਾਕਾਚਾਰੀ ਵੀ ਇਕ ਵੱਖਰੇ ਹੀ ਤੀਜੇ ਭਾਈਚਾਰੇ ਦੇ ਰੂਪ ਵਿਚ ਦੇਖਣ ਨੂੰ ਮਿਲਦੀ ਹੈ। ਵਾਹਿਗੁਰੂ ਦੀ ਕ੍ਰਿਪਾ ਨਾਲ ਫਿਰ ਤਸੱਲੀ ਵਾਲੀ ਗੱਲ ਇਹ ਹੈ ਕਿ ਅਕਸਰ ਹੀ ਇਹ ਸਰਵਿਸ ਵੇਲੇ ਦਾ ਭਾਈਚਾਰਾ ਖਾਸਾ ਨਿਭਦਾ ਵੀ ਹੈ।

ਅਕਸਰ ਹੀ ਇਉਂ ਮਹਿਸੂਸ ਹੁੰਦਾ ਹੈ ਕਿ ਭਾਵੇਂ ਤੁਹਾਡਾ ਇਕ-ਦੂਜੇ ਨਾਲ ਖ਼ੂਨ ਦਾ ਰਿਸ਼ਤਾ ਜਾਂ ਫਿਰ ਕਿਸੇ ਹੋਰ ਨੇੜਤਾ ਤੇ ਸਾਂਝ ਦਾ ਰਿਸ਼ਤਾ ਨਾ ਵੀ ਹੋਵੇ ਤਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਇਨਸਾਨੀ ਰਿਸ਼ਤੇ 'ਰੂਹਾਂ ਦੇ ਰਿਸ਼ਤਿਆਂ' ਦੀ ਵਲਗਣ ਤੋਂ ਬਾਹਰ ਨਹੀਂ ਹੁੰਦੇ। ਇਸ ਤਰ੍ਹਾਂ ਹੀ ਮੇਰਾ ਮੰਨਣਾ ਹੈ ਕਿ ਰਿਸ਼ਤਿਆਂ ਵਿਚ ਗਿਣਤੀ-ਮਿਣਤੀ ਦੀ ਅਹਿਮੀਅਤ ਨਾਲੋਂ ਪਿਆਰ, ਖ਼ਲੂਸ ਤੇ ਸਾਂਝ ਵਾਲੇ ਹਮਦਮੇ ਦੈਰੀਨਾ ਭਾਵ ਚਿਰਾਂ ਤੋਂ ਖਿਆਲਾਂ ਦੀ ਸਾਂਝ ਵਾਲੇ ਰਾਜ਼ਦਾਰ ਦੋਸਤਾਂ ਦੀ ਕਿਤੇ ਵੱਧ ਮਹੱਤਤਾ ਹੈ।

ਬਹਿਰਹਾਲ, ਹੁਣ ਜਦੋਂ ਅਸੀਂ ਇਲਾਹੀ ਰੰਗਾਂ-ਰਮਜ਼ਾਂ ਦੀ ਗੱਲ ਛੱਡ ਕੇ ਫਿਰ ਆਪਣੀ ਹੀ ਦੁਨੀਆਂਦਾਰੀ ਦੀ ਗੱਲ ਕਰਦੇ ਹਾਂ ਤਾਂ ਕੁੱਲ ਮਿਲਾ ਕੇ ਰਿਟਾਇਰਮੈਂਟ ਤੋਂ ਬਾਅਦ ਬਹੁਤੇ ਅਫ਼ਸਰ ਤਾਂ ਹੀਰੋ ਤੋਂ ਜ਼ੀਰੋ ਹੋ ਜਾਂਦੇ ਹਨ। ਸਾਡੇ ਸਮਾਜ ਦਾ ਇਕ ਮਾੜਾ ਚੱਲਣ ਇਹ ਹੈ ਕਿ ਜਦੋਂ ਕੋਈ ਬੰਦਾ ਸਰਵਿਸ ਵਿਚ ਹੁੰਦਾ ਹੈ ਤਾਂ ਲੋਕ ਖ਼ੁਸ਼ਾਮਦ ਦੇ ਮਾਰੇ ਗਧੇ ਨੂੰ ਵੀ ਪਹਿਲਵਾਨ ਕਹੀ ਜਾਂਦੇ ਹਨ। ਪਰ ਸਰਵਿਸ ਤੋਂ ਬਾਅਦ ਜੇ ਕੋਈ ਪਹਿਲਵਾਨ ਵੀ ਹੋਵੇ ਤਾਂ ਉਸ ਨੂੰ ਵੀ ਕੋਈ ਪੁਰਾਣਾ ਹਰਖ ਕੱਢਣ ਲਈ ਗਧਾ ਕਹੀ ਜਾਂਦੇ ਹਨ। ਰਿਟਾਇਰਮੈਂਟ ਤੋਂ ਬਾਅਦ ਇਹ ਹੋਏ ਤੇ ਅਣਹੋਏ ਜਿਹੇ ਕਿਸਮ ਦੇ ਅਫ਼ਸਰ ਆਪਣੇ ਸ਼ਰੀਕੇ ਵਿਚ 'ਚੱਲੇ ਹੋਏ ਕਾਰਤੂਸ' ਜਾਂ 'ਤੇਰੇ ਵਰਗੇ ਛੱਤੀ ਆਏ ਤੇ ਛੱਤੀ ਗਏ' ਜਿਹੇ ਵਿਅੰਗਮਈ ਫ਼ਿਕਰਿਆਂ ਤੇ ਊਝਾਂ ਦੀ ਮਾਰ ਬਣਦੇ ਹਨ।



Original with;
Kulbir Singh Sidhu(I.A.S)
Digitized by;
Panjab Digital Library

ਬੱਸ ਇਸ ਤਰ੍ਹਾਂ ਨੌਕਰੀ ਖੁਸਣ ਤੋਂ ਬਾਅਦ ਸਰਕਾਰੀ ਅਫ਼ਸਰ ਬਰਾਦਰੀ ਕਿਸੇ ਕਟੀ ਪਤੰਗ ਵਾਂਗੂੰ ਡਿੱਕ-ਡੋਲੇ ਖਾਂਦੀ ਰਹਿੰਦੀ ਹੈ। ਸਰਵਿਸ ਦੇ ਦੌਰਾਨ ਜਿਹੜੇ ਹਮਾਤੜ ਕਿਤੇ ਗੈਸ ਦੇ ਗੁਬਾਰੇ ਵਾਂਗੂੰ ਅਕਾਸ਼ਾਂ 'ਤੇ ਉਡਦੇ ਫਿਰਦੇ ਸਨ, ਹੁਣ ਉਹ ਜਨਾਬੀ ਦੀ ਫੂਕ ਨਿਕਲਣ ਤੋਂ ਬਾਅਦ ਸਾਹ ਲੈਣ ਜੋਗੀ ਮਾੜੀ-ਮੋਟੀ ਗੈਸ-ਫੂਕ ਦੇ ਸਹਾਰੇ ਕਿਸੇ ਗੈਸ ਰਹਿਤ ਗੁਬਾਰੇ ਵਾਂਗੂੰ ਵਾਹਣਾਂ ਵਿਚ ਜਾ ਡਿੱਗਦੇ ਹਨ। ਫਿਰ ਜਿਵੇਂ ਕੋਈ ਜੱਟ ਆਪਣੇ ਨਿਆਣਿਆਂ ਨੂੰ ਵਰਚਾਉਣ ਵਾਸਤੇ ਭੁਕਾਨੇ ਨੂੰ ਚੁਕ ਕੇ ਘਰ ਲੈ ਆਉਂਦਾ ਹੈ; ਬੱਸ ਉਵੇਂ ਹੀ ਪੁਰਾਣੇ ਜਨਾਬਾਂ ਨੂੰ ਲੋਕਾਚਾਰੀ ਵਿਚ ਦਿਖਾਉਣ ਦੇ ਬਹਾਨੇ ਇਨ੍ਹਾਂ ਦਾ ਕੋਈ ਪੁਰਾਣਾ ਕਦਰਦਾਨ ਧਨਾਢ ਮਿੱਤਰ ਖਾਣੇ 'ਤੇ ਜਾਂ ਫਿਰ ਵਿਆਹ-ਸ਼ਾਦੀਆਂ 'ਤੇ ਬੁਲਾ ਲੈਂਦਾ ਹੈ। ਇਸ ਤਰ੍ਹਾਂ ਇਨ੍ਹਾਂ ਜਨਾਬ-ਬਹਾਦਰਾਂ ਦਾ ਵਿਖਾਲਾ ਐਂਟੀਕ ਪੀਸ ਭਾਵ ਪ੍ਰਾਚੀਨ ਕਲਾਕ੍ਰਿਤੀ ਵਾਂਗੂੰ ਪਾਇਆ ਜਾਂਦਾ ਹੈ। ਫਿਰ ਇਸ ਤਰ੍ਹਾਂ ਇਹ ਜਨਾਬ ਲੋਕ 'ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ' ਦੇ ਅਖਾਣ ਮੁਤਾਬਿਕ ਡੈਂਟਿੰਗ-ਪੈਂਟਿੰਗ ਕਰਕੇ 'ਟੌਹਰ ਪੁਰਾਣੀ ਤੇ ਉੱਖੜੀ ਚਾਲ' ਅਨੁਸਾਰ ਘਰ-ਘਰ ਅਲੱਖ ਜਗਾਉਂਦੇ ਫਿਰਦੇ ਹਨ।

ਪਰ ਇਸ ਸਭ ਕਾਸੇ ਦੇ ਬਾਵਜੂਦ ਵੀ ਜ਼ਿਕਰਯੋਗ ਹੈ ਕਿ ਮੁੱਢ ਕਦੀਮ ਤੋਂ ਹੀ ਅਫ਼ਸਰ ਤੇ ਕਰਮਚਾਰੀ ਆਪਣੀ ਸੇਵਾ ਦਾ ਨਿਸ਼ਚਿਤ ਕਾਲ ਪੂਰਾ ਹੋਣ 'ਤੇ ਰਿਟਾਇਰ ਹੁੰਦੇ ਆਏ ਹਨ, ਪਰ ਸਮੇਂ ਦੇ ਨਾਲ-ਨਾਲ ਰਿਟਾਇਰਮੈਂਟ ਤੱਕ ਪਹੁੰਚਦੇ-ਪਹੁੰਚਦੇ ਹੁਣ ਮੁਲਾਜ਼ਮਾਂ ਦੀ ਮੌਜੂਦਾ ਮਾਇਕ ਪੁਜੀਸ਼ਨ ਬਹੁਤ ਬਦਲ ਚੁੱਕੀ ਹੈ। ਪੁਰਾਣੇ ਸਮਿਆਂ ਵਿਚ ਚੰਗੇ ਅਹੁਦੇਦਾਰ ਘੋੜ ਸਵਾਰ ਬਣ ਕੇ ਰਿਟਾਇਰ ਹੁੰਦੇ ਸਨ। ਫਿਰ ਕਿਸੇ ਵੇਲੇ ਪੰਜਾਹਾਂ ਤੇ ਸੱਠਵਿਆਂ ਦੇ ਦਹਾਕਿਆਂ ਦੇ ਨੇੜੇ-ਤੇੜੇ ਤੱਕ ਆਮ ਤੌਰ 'ਤੇ ਅਫ਼ਸਰ ਸਾਈਕਲ ਜਾਂ ਵੱਧ ਤੋਂ ਵੱਧ ਸਕੂਟਰ-ਸਵਾਰ ਬਣ ਕੇ ਰਿਟਾਇਰ ਹੁੰਦੇ ਸਨ। ਜਦੋਂ ਕਿ ਹੁਣ ਬਾਬੂ ਵੀ ਆਪਣੀ ਸਰਕਾਰੀ ਸੇਵਾ ਘੱਟੋ ਘੱਟ ਸਕੂਟਰ ਤੋਂ ਸ਼ੁਰੂ ਕਰਦਾ ਹੈ ਤੇ ਕਾਰ ਤੱਕ ਪਹੁੰਚ ਕੇ ਰਿਟਾਇਰ ਹੁੰਦਾ ਹੈ। ਹੁਣ ਅਫਸਰਾਂ ਦੇ ਤਾਂ ਕਹਿਣੇ ਹੀ ਕੀ ਹਨ, ਉਹ ਰਿਟਾਇਰਮੈਂਟ ਤੋਂ ਬਾਅਦ ਹਾਈਂ-ਮਾਈਂ ਹਰ ਅਧਿਕਾਰੀ ਤੇ ਕਰਮਚਾਰੀ ਕੋਠੀਆਂ ਤੇ ਕਾਰਾਂ ਦਾ ਮਾਲਕ ਤਾਂ ਲਾਜ਼ਮੀ ਹੁੰਦਾ ਹੈ। ਕੁਝ ਕੁ ਧੱੜੇਲਦਾਰ ਅਫ਼ਸਰ ਤਾਂ ਸ਼ੌਪ-ਕਮ-ਆਫ਼ਿਸਾਂ ਤੋਂ ਲੈ ਕੇ ਸ਼ੋਅਰੂਮਾਂ ਤੇ ਫਿਰ ਅੱਗੇ ਮੈਰਿਜ ਪੈਲੇਸਾਂ, ਮਾਲ-ਪਲਾਜ਼ਿਆਂ ਤੇ ਖੇਤੀ-ਫਾਰਮਾਂ ਦੇ ਵੀ ਆਲ੍ਹਾ-ਮਾਲਕ ਬਣ ਜਾਂਦੇ ਹਨ।

ਫਿਰ ਇਸ ਤੋਂ ਅੱਗੇ ਕੁਝ ਕੁ ਅਫ਼ਸਰ ਰੀ-ਇੰਪਲਾਇਮੈਂਟ ਦਾ ਜੁਗਾੜ-ਗਿਵਾੜ ਵੀ ਬਣਾ ਲੈਂਦੇ ਹਨ। ਫਿਰ ਜਿਹੜੇ ਅਫ਼ਸਰ ਸਰਕਾਰੇ-ਦਰਬਾਰੇ ਬਹੁਤ ਹੀ ਨਜ਼ਰੇ-ਮਨਜ਼ੂਰ ਹੁੰਦੇ ਹਨ ਉਹ ਪਬਲਿਕ ਕਮਿਸ਼ਨਾਂ ਵਿਚ ਆ ਡਿੱਗਦੇ ਹਨ। ਫਿਰ ਜ਼ਾਹਿਰ ਹੈ ਕਿ ਪੋਲੀਟੀਕਲ ਬੰਦਿਆਂ ਤੇ ਚਹੇਤੇ ਅਫ਼ਸਰ 'ਚੁੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰੋਬਰ ਬੋਲੇ' ਦੇ ਅਖਾਣ ਮੁਤਾਬਿਕ ਫਿਰ ਸਿਆਸੀ ਲਿਹਾਜ਼-ਮੁਲਾਹਜ਼ੇ



*Original with;*
Kulbir Singh Sidhu(I.A.S)
*Digitized by;*
Panjab Digital Library

ਪੁਗਾਉਣ ਦੇ ਨਾਲ-ਨਾਲ ਆਪਣੇ ਮਹਿਲ-ਮਾੜੀਆਂ ਉਸਾਰਨ ਦੀ ਫ਼ਿਰਾਕ ਵਿਚ ਇਕ-ਦੋ ਸਾਬਕਾ ਚੇਅਰਮੈਨਾਂ ਵਾਂਗੂੰ ਪਹਿਲਾਂ ਅਦਾਲਤਾਂ ਵਿਚ ਜਾ ਉਤਾਰਾ ਕਰਦੇ ਹਨ ਤੇ ਅੰਤ ਨੂੰ ਜੇਲ੍ਹਾਂ ਵਿਚ ਜਾ ਡੇਰੇ ਲਾਉਂਦੇ ਹਨ।

ਬਹਿਰਹਾਲ ਇਉਂ ਆਈ.ਏ.ਐੱਸ. ਤੇ ਪੀ.ਸੀ.ਐੱਸ. ਅਤੇ ਖਾਸ ਕਰਕੇ ਇੰਜੀਨੀਅਰ ਤੇ ਐਕਸਾਈਜ਼ ਅਧਿਕਾਰੀਆਂ ਦੀ ਰੀ-ਇੰਪਲਾਇਮੈਂਟ ਭਾਵ ਮੁਲਾਜ਼ਮਤ ਦੀ ਖਜ਼ਾਲਤ ਦੀ ਮੰਡੀ ਵਿਚ ਬਹੁਤ ਮੰਗ ਹੁੰਦੀ ਹੈ। ਇਹ ਅਫ਼ਸਰ ਸਰਕਾਰ ਵਿਚ ਰਸੂਖ ਰੱਖਣ ਸਦਕਾ ਵੱਡੇ-ਵੱਡੇ ਕਾਰਪੋਰੇਟ ਹਾਊਸਾਂ ਨੂੰ ਭੂਮੀ-ਗ੍ਰਹਿਣ ਤੇ ਜ਼ਮੀਨਾਂ ਖਰੀਦਣ ਦੇ ਕਿਸਬਾਂ ਵਿਚ ਬਹੁਤ ਸਹਾਈ ਸਿੱਧ ਹੁੰਦੇ ਹਨ। ਇਨ੍ਹਾਂ ਨੂੰ ਇਹ ਵੱਡੇ-ਵੱਡੇ ਅਮੀਰ ਅਦਾਰੇ ਆਪਣੇ ਕਾਰਜ ਸਿੱਧੀ ਲਈ ਰੀ-ਇੰਪਲਾਇਮੈਂਟ ਤਾਂ ਦੇ ਲੈਂਦੇ ਹਨ, ਪਰ ਥੋੜ੍ਹੇ ਸਮੇਂ ਵਿਚ ਹੀ ਇਨ੍ਹਾਂ ਦੇ ਚੌਲ ਚਿੱਟੇ ਹੋ ਜਾਂਦੇ ਹਨ। ਜਦੋਂ ਜਨਾਬਾਂ ਦੀ ਟੋਪੀ ਕਦੋਂ ਪੌਂਟੀ ਦੇ ਸਿਰ 'ਤੇ ਫਿੱਟ ਹੋ ਜਾਂਦੀ ਹੈ, ਇਨ੍ਹਾਂ ਜਨਾਬਾਂ ਨੂੰ ਬਾਅਦ ਵਿਚ ਪਤਾ ਲਗਦਾ ਹੈ।

ਇਹ ਅਫ਼ਸਰ ਸਰਕਾਰ ਦੇ ਸਬੰਧਤ ਐਕਸਾਈਜ਼, ਬੀ ਐਂਡ ਆਰ, ਪਬਲਿਕ ਹੈਲਥ ਤੇ ਪੋਲਿਊਸ਼ਨ ਕੰਟਰੋਲ ਬੋਰਡ ਜਿਹੇ ਮਹਿਕਮਿਆਂ ਵਿਚ ਕਲੀ-ਜੋਟਾ ਖੇਡਦੇ ਹੋਏ, ਪ੍ਰਾਈਵੇਟ ਏਜੰਸੀਆਂ ਵਿਚ ਆਪਣਾ ਅੜ੍ਹਕਾ ਤਾਂ ਕਰ ਲੈਂਦੇ ਹਨ, ਪਰ ਅਖੀਰ ਵਿਚ ਇਨ੍ਹਾਂ ਦੇ ਵਕਤੀ ਮਾਲਕ ਇਕ ਦਿਨ ਆਪਣੀ ਮੰਤਵ ਸਿੱਧੀ ਹੋਣ ਉਪਰੰਤ ਇਨ੍ਹਾਂ ਜਨਾਬਾਂ ਦੀ ਜਨਾਬੀ ਟੋਪੀ ਲਾਹ ਕੇ ਇਨ੍ਹਾਂ ਨੂੰ ਰੁਖਸਤ ਕਰ ਦਿੰਦੇ ਹਨ। ਇਉਂ ਇਹ ਘਿਸੇ-ਪਿਟੇ ਟਾਇਰਾਂ ਵਾਂਗੂੰ ਅੰਤ ਨੂੰ 'ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ' ਦਾ ਰਾਗ ਅਲਾਪਦੇ ਹੋਏ ਮੁੜ ਘਰ ਆ ਵੜਦੇ ਹਨ।

ਫਿਰ ਕਿੱਸਾ ਮੁਖਤਸਰ ਇਹ ਕਿ ਬੰਦੇ ਨੂੰ ਤੇ ਖਾਸ ਕਰਕੇ ਅਫ਼ਸਰਾਂ ਨੂੰ ਸਮਾਂ ਵਿਹਾਉਣ ਤੋਂ ਬਾਅਦ ਹੀ ਸਮਝ ਆਉਂਦੀ ਹੈ ਕਿ ਇਹ ਨਕਲੀ ਕਲਗੀਆਂ ਵਾਲੇ ਜਨਾਬ ਤਾਂ ਇਕ ਪਾਸੇ ਰਹੇ, ਸਗੋਂ ਹੁਣ ਤਾਂ ਦੁਨੀਆਂਦਾਰੀ ਦੇ ਲਿਹਾਜ਼ ਨਾਲ ਆਪਣੇ ਬਾਲ-ਬੱਚੇ ਵੀ ਆਪਣੇ ਮਾਂ-ਪਿਓ ਨੂੰ ਪੁਰਾਣੇ ਫਰਨੀਚਰ ਵਾਂਗੂੰ ਵਾਧੂ ਸਮਝਦੇ ਹਨ। ਕਿਤੇ-ਕਿਤੇ ਬਦਕਿਸਮਤੀ ਨਾਲ ਇਹ ਵੀ ਭਾਣਾ ਵਰਤ ਰਿਹਾ ਹੈ ਕਿ ਜਿਵੇਂ ਵਾਧੂ ਫਰਨੀਚਰ ਕਬਾੜੀਆਂ ਨੂੰ ਦੇ ਦਿੱਤਾ ਜਾਂਦਾ ਹੈ, ਉਸ ਤਰ੍ਹਾਂ ਹੀ ਬੁੱਢੇ ਮਾਂ-ਬਾਪ ਨੂੰ ਘਰ-ਪਰਿਵਾਰ ਵਾਲੇ ਬਿਰਧ ਆਸ਼ਰਮਾਂ ਵਿਚ ਛੱਡ ਆਉਂਦੇ ਹਨ।

ਸਾਡਾ ਸਮਾਜ ਇਨ੍ਹਾਂ ਨੂੰ ਪੱਛਮੀ ਸਭਿਅਤਾ ਦੀ ਦੇਖਾ-ਦੇਖੀ ਸੀਨੀਅਰ ਤੇ ਐਲਡਰ ਸਿਟੀਜ਼ਨ ਤਾਂ ਕਹਿੰਦਾ ਹੈ, ਪਰ ਅਮਲੀ ਤੌਰ 'ਤੇ ਇਸ ਦਾ ਮਤਲਬ ਬੁੱਢਾ, ਬੌਂਡਾ ਢੱਗਾ ਤੇ ਚੱਲੇ ਕਾਰਤੂਸ ਹੀ ਹੁੰਦਾ ਹੈ। ਇਨ੍ਹਾਂ ਦੀ ਲੰਮੇ ਸਮੇਂ ਦੇ ਵਧੀਆ ਤਜਰਬੇ 'ਤੇ ਅਧਾਰਿਤ ਵੱਡਮੁੱਲੀ ਰਾਏ ਦੀ ਸਰਕਾਰ ਨੇ ਤਾਂ ਕਦਰ ਕੀ ਕਰਨੀ ਸੀ; ਸਗੋਂ ਘਰ ਵੀ ਇਨ੍ਹਾਂ ਦੀ ਅਖੌਤੀ ਸਿਆਣਪ ਦੀ ਅਕਸਰ ਛੋਤ ਹੁੰਦੀ ਰਹਿੰਦੀ ਹੈ। ਇਨ੍ਹਾਂ ਵੱਡਿਆਂ ਬੰਦਿਆਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਸਮਾਂ ਪੈ ਕੇ ਧੋਬੀ ਦਾ ਕੁੱਤਾ ਨਾ ਘਰ ਦਾ ਤੇ ਨਾ ਘਾਟ ਦਾ ਰਹਿੰਦਾ ਹੈ। ਸਰਵਿਸ ਦੌਰਾਨ ਇਹ ਲੋਕ ਪਹਿਲਾਂ



Original with;
Kulbir Singh Sidhu(I.A.S)
Digitized by;
Panjab Digital Library

ਪਰਿਵਾਰ ਨੂੰ ਪੂਰੀ ਤਨਖਾਹ ਦੇ ਕੇ ਸਿਰਫ 8-10 ਘੰਟੇ ਹੀ ਤੰਗ ਕਰਦੇ ਸਨ, ਪਰ ਹੁਣ ਇਹ ਟੱਬਰ ਨੂੰ ਅੱਧੀ ਤਨਖਾਹ ਦੇ ਕੇ 24 ਘੰਟੇ ਤੰਗ ਕਰਦੇ ਹਨ। ਇਨ੍ਹਾਂ ਦੀ ਇਹ ਕਰਤੂਤ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੁੰਦੀ। ਇਸ ਲਈ ਇਹ ਵਿਚਾਰੇ ਬੌਡਿਆਂ ਦੀ ਕਲੱਬ ਦੇ ਰੂਪ ਵਿਚ ਦੁਪਹਿਰੇ-ਸ਼ਾਮ ਪਾਰਕਾਂ ਤੇ ਲਾਇਬ੍ਰੇਰੀਆਂ ਨੂੰ ਭਾਗ ਲਾਉਂਦੇ ਦਿਸਦੇ ਹਨ।

ਖੈਰ! ਇਸ ਸਿਲਸਿਲੇ ਵਿਚ ਜੇ ਸੋਚੀਏ ਕਿ ਰਿਟਾਇਰਮੈਂਟ ਤੋਂ ਬਾਅਦ ਵੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਕਾਬਲੀਅਤ, ਤਜਰਬੇ ਤੇ ਅਨੁਭਵਾਂ ਦਾ ਫ਼ਾਇਦਾ ਉਠਾਇਆ ਜਾ ਸਕਦਾ ਹੈ ਤਾਂ ਸਾਡਾ ਇਹ ਕਦਮ ਬੜੀ ਸਹੀ ਦਿਸ਼ਾ ਵਿਚ ਹੋਵੇਗਾ। ਗੌਰਤਲਬ ਹੈ ਕਿ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਅਫ਼ਸਰਾਂ ਵਿਚ ਸਿਰਫ਼ ਤੇ ਸਿਰਫ਼ ਬੇਗਾਨੀ ਤੇ ਨਖਿੱਧ ਚਾਕਰੀ ਦੇ ਕਾਰਨ ਹੀ ਸ਼ਖਸੀਅਤੀ ਕਮਜ਼ੋਰੀਆਂ ਹੀ ਆਉਂਦੀਆਂ ਹਨ। ਵੈਸੇ ਵਜੂਦੀ ਖਾਮੀਆਂ ਦਾ ਤਾਂ ਬੰਦਾ ਆਪ ਹੀ ਸ਼ਿਕਾਰ ਹੁੰਦਾ ਹੈ।

ਸਗੋਂ ਇਸ ਦੇ ਉਲਟ ਸਮਾਜ ਭਲਾਈ ਤੇ ਲੋਕ ਸੇਵਾ ਤਾਂ ਅਕਸਰ ਹੀ ਅਫ਼ਸਰਾਂ ਨੂੰ ਕਿਰਦਾਰ ਤੇ ਕਾਰਵਿਹਾਰ ਦੀਆਂ ਬੁਲੰਦੀਆਂ ਵੀ ਦਿੰਦੀ ਹੈ। ਇਸ ਨਾਲ ਅਫ਼ਸਰਾਂ ਵਿਚ ਨੇਕ ਸੋਚਣੀ, ਕੰਮ ਕਰਨ ਦੀ ਸਮਰੱਥਾ ਤੇ ਕਾਬਲੀਅਤ ਵੀ ਵਧਦੀ ਹੈ। ਇਨ੍ਹਾਂ ਵਿਚੋਂ ਕੁਝ ਕੁ ਅਫ਼ਸਰਾਂ ਵਿਚ ਅਰਬੀ-ਫਾਰਸੀ ਨਾ ਆਉਂਦੇ ਹੋਣ ਦੇ ਬਾਵਜੂਦ ਵੀ ਕੁਰਾਨ ਲਿਖਣ ਜਿੰਨੀ ਅਕਲ ਤੇ ਕੁਵਤ ਹੁੰਦੀ ਹੈ ਅਤੇ ਜੇ ਲੋੜ ਪਵੇ ਤਾਂ ਇਹ 'ਚਿੜੀਆਂ ਦਾ ਦੁੱਧ' ਵੀ ਲਿਆ ਸਕਦੇ ਹਨ।

ਫਿਰ ਇਹ ਵੀ ਵੇਖਣ ਵਿਚ ਆਇਆ ਹੈ ਕਿ ਪ੍ਰਮਾਤਮਾ ਨੇ ਇਨ੍ਹਾਂ ਅਫ਼ਸਰਾਂ ਨੂੰ ਆਪਣੀ ਅਫ਼ਸਰੀ ਜੂਨ ਪੂਰੀ ਕਰਨ ਹਿੱਤ ਔਖੀਆਂ ਘਾਟੀਆਂ ਵਿਚੋਂ ਦੀ ਲੰਘਣ ਅਤੇ ਔਖੇ ਤੋਂ ਔਖੇ ਸਮੇਂ ਵਿਚ ਵੀ ਨਿਭ ਜਾਣ ਦੀ ਸਮਰਥਾ ਦਿੱਤੀ ਹੁੰਦੀ ਹੈ। ਇਸ ਵਾਸਤੇ ਇਹ ਸਰਵ ਪ੍ਰਵਾਨਿਤ ਹੈ ਕਿ ਕਈ-ਕਈ ਅਫ਼ਸਰ ਤਾਂ ਇੰਨੇ ਸਮਰਥ ਤੇ ਕਾਬਿਲ ਹੁੰਦੇ ਹਨ ਕਿ ਅਸਾਈਨਮੈਂਟ ਬੇਸਿਸ ਭਾਵ ਨਿਸ਼ਚਿਤ ਤੌਰ 'ਤੇ ਦਿੱਤੇ ਗਏ ਕੰਮ ਨੂੰ ਉਹ ਇਉਂ ਨਿਭਾ ਦਿੰਦੇ ਹਨ ਕਿ ਜਿਵੇਂ ਤੇਨਜ਼ਿੰਗ ਨੇ ਐਵਰੈਸਟ ਦੀ ਚੋਟੀ ਨੂੰ ਸਰ ਕੀਤਾ ਸੀ।

ਖ਼ੈਰ! ਇਸ ਸੰਦਰਭ ਵਿਚ ਇਹ ਵੀ ਗੌਰਤਲਬ ਹੈ ਕਿ ਜਿਵੇਂ ਕਹਿੰਦੇ ਹਨ ਕਿ ਕਿਸੇ ਚੀਜ਼ ਦਾ ਬੀਜ ਨਾਸ ਨਹੀਂ ਹੁੰਦਾ, ਉਸ ਤਰ੍ਹਾਂ ਹੀ ਇਸ ਧਰਤੀ 'ਤੇ ਹਾਲੇ ਵੀ ਨੇਕ ਨਾਮ ਅਫ਼ਸਰਾਂ ਦੀ ਘਾਟ ਨਹੀਂ ਹੈ ਕਿ ਜਿਨ੍ਹਾਂ ਦੀ ਆਪਣੀ ਹੀ ਵਿਲੱਖਣ ਤੇ ਨਿਵੇਕਲੀ ਪਛਾਣ ਹੈ। ਜ਼ਾਹਿਰ ਹੈ ਕਿ ਕੁਝ ਕੁ ਨੇਕਬਖ਼ਤ ਅਫ਼ਸਰਾਂ ਨੇ ਸੋਝੀ ਦੇ ਘਰ ਆ ਕੇ ਨੇਕ ਸੋਚ 'ਤੇ ਅਧਾਰਿਤ ਅਕਲਮੰਦੀ ਤੇ ਨੇਕ ਅਮਲਾਂ 'ਤੇ ਪਹਿਰਾ ਦਿੱਤਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਕਿਰਦਾਰ ਤੇ ਕਾਰਗੁਜ਼ਾਰੀ ਦਾ ਜਾਦੂ ਸਦਾ ਸਿਰ ਚੜ੍ਹ ਕੇ ਬੋਲਦਾ ਹੈ ਅਤੇ ਲੋਕ ਵੀ ਚਿਰ ਦੇਰ ਤੱਕ ਉਨ੍ਹਾਂ ਵੱਲੋਂ ਕੀਤੇ ਗਏ ਸਮਾਜ ਸੇਵਾ ਦੇ ਕੰਮਾਂ ਨੂੰ ਯਾਦ ਰੱਖਦੇ ਹਨ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ ਕਿ ਰਿਟਾਇਰਮੈਂਟ ਤੋਂ ਬਾਅਦ ਵੀ ਕੁੱਝ ਕੁ ਅਫ਼ਸਰਾਂ ਦੇ ਨਾਮ ਦਾ ਸਿੱਕਾ ਆਖਿਰ ਨੂੰ ਚਲਦਾ ਰਹਿੰਦਾ ਹੈ। ਇਸ ਲੜੀ ਵਿਚ ਦਾ ਨਿਸ਼ਮੰਦ ਅਫ਼ਸਰ 'ਸਿਰਦਾਰ' ਕਪੂਰ ਸਿੰਘ, ਸਿਰਜਣਾਤਮਿਕ ਅਫ਼ਸਰ ਡਾ.ਮਹਿੰਦਰ ਸਿੰਘ ਰੰਧਾਵਾ ਤੇ ਧੜੱਲੇਦਾਰ ਅਫ਼ਸਰ ਕੁਲਦੀਪ ਸਿੰਘ ਵਿਰਕ ਵਰਗੇ ਅਫ਼ਸਰਾਂ ਦਾ ਸ਼ੁਮਾਰ ਹੁੰਦਾ ਹੈ। ਨਹੀਂ ਤਾਂ; ਬਾਕੀ ਹਮਾਤੜ-ਸਾਥੀ ਤਾਂ ਗੁੰਮਨਾਮੀ ਦਾ ਖਾਜਾ ਹੀ ਬਣ ਜਾਂਦੇ ਹਨ। ਇਸ ਸਬੰਧ ਵਿਚ ਗੌਰਤਲਬ ਹੈ ਕਿ ਪੰਜਾਬ ਵਿਚ ਹਾਲੇ ਵੀ ਕੁਝ ਕੁ ਨਾਮੀਂ ਸਾਬਕਾ ਅਫ਼ਸਰਾਂ ਤੋਂ ਇਲਾਵਾ ਹਾਲੀਆ  ਅਫ਼ਸਰ ਆਪਣੇ ਪਾਏਦਾਰ ਪ੍ਰਸ਼ਾਸਨ ਕਰਕੇ ਜਾਣੇ ਜਾਂਦੇ ਹਨ। ਬੇਸ਼ੱਕ ਇਥੇ ਸਿਰਫ਼ ਉਨ੍ਹਾਂ ਚੁੰਣੀਂਦਾ ਅਫ਼ਸਰਾਂ ਦਾ ਜ਼ਿਕਰੇ-ਖ਼ਾਸ ਹੈ ਜੋ ਕਿ ਪੰਜਾਬ ਪ੍ਰਸ਼ਾਸਨ ਦੇ ਸਿਰਮੌਰ ਤੇ ਸਿਰਕੱਢ ਅਫ਼ਸਰ ਹੋਏ ਹਨ ਅਤੇ ਹੁਣ ਵੀ ਸਮੁੱਚੀ ਅਫ਼ਸਰਸ਼ਾਹੀ ਵਾਸਤੇ ਰੋਲ ਮਾਡਲ ਮੰਨੇ ਜਾਂਦੇ ਹਨ।

ਇਸ ਸਬੰਧ ਵਿਚ ਸਿਰਦਾਰ ਕਪੂਰ ਸਿੰਘ, ਇਕ ਸਚਿਆਰੇ, ਰੋਸ਼ਨ-ਦਿਮਾਗ ਤੇ ਗ਼ੈਰਤਮੰਦ ਅਫ਼ਸਰ ਸਨ ਕਿ ਜਿਨ੍ਹਾਂ ਨੇ ਕੌਮ ਦੇ ਸਵੈਮਾਣ ਤੇ ਇਜ਼ਤ ਦੀ ਖ਼ਾਤਿਰ ਆਪਣੀ ਆਈ.ਸੀ.ਐੱਸ. ਜਿਹੀ ਸਰਵਿਸ ਦਾਅ ਦੇ ਲਾ ਦਿੱਤੀ ਸੀ। ਲੋਕਾਂ ਨੇ ਉਨ੍ਹਾਂ ਦੀ ਵਿਦਵਤਾ ਦੇ ਸਦਕਾ ਹੀ ਉਨ੍ਹਾਂ ਨੂੰ ਗੁਰਬਾਣੀ ਅਨੁਸਾਰ ਸਰਦਾਰ ਦੀ ਥਾਂ ਸਹੀ ਤੌਰ 'ਤੇ 'ਸਿਰਦਾਰ' ਸ਼ਬਦ ਨਾਲ ਨਿਵਾਜਿਆ ਹੈ। ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਕੋਈ ਇਨਸਾਨ ਇਕੋ ਸਮੇਂ ਹੀ ਉਨ੍ਹਾਂ ਵਾਂਗੂੰ ਇਕ ਪਾਸੇ ਸਿਰੇ ਦਾ ਕਾਬਿਲ ਅਫ਼ਸਰ ਹੋਵੇ ਤੇ ਦੂਜੇ ਪਾਸੇ ਅਧਿਆਤਮਵਾਦ ਤੇ ਸਿੱਖ ਸਿਧਾਂਤ ਦਾ ਇੰਨਾ-ਵੱਡਾ ਧੁਰੰਧਰ ਵਿਦਵਾਨ ਹੋਵੇ ਅਤੇ ਖ਼ਾਸ ਕਰਕੇ ਇਸ ਦੇ ਨਾਲ ਹੀ ਖ਼ੁਦ ਗੁਰਮਤਿ ਦਾ ਪੱਕਾ ਧਾਰਨੀ ਹੋਵੇ। ਬੱਸ 'ਸੌ ਹੱਥ ਰੱਸਾ, ਸਿਰੇ 'ਤੇ ਗੰਢ' ਵਰਗੀ ਲੋਕ ਸਿਆਣਪ ਅਨੁਸਾਰ ਇਹ ਸਿਰਫ਼ ਸਿਰਦਾਰ ਕਪੂਰ ਸਿੰਘ ਹੀ ਹੋ ਸਕਦੇ ਸਨ ਕਿ ਜਿਨ੍ਹਾਂ ਦਾ ਸ਼ੁਮਾਰ ਸਿਰਮੌਰ ਅਫ਼ਸਰਾਂ ਵਿਚ ਹੁੰਦਾ ਹੈ।

ਫਿਰ ਇਸ ਸੰਦਰਭ ਵਿਚ ਸ੍ਰ. ਮਹਿੰਦਰ ਸਿੰਘ ਰੰਧਾਵਾ ਗੌਰਵਸ਼ਾਲੀ ਖੋਜੀ, ਸਿਰਜਕ, ਕਲਾ-ਪ੍ਰੇਮੀ ਤੇ ਲੇਖਕ ਅਫ਼ਸਰ ਦੇ ਤੌਰ 'ਤੇ ਜਾਣੇ ਜਾਂਦੇ ਹਨ। ਉਨ੍ਹਾਂ ਦੀ ਕਮਾਨ ਹੇਠ ਖ਼ਾਸ ਕਰਕੇ ਵਿਕਾਸ ਦੇ ਪ੍ਰੋਜੈਕਟ ਰੇਵੀਆ ਚਾਲ ਭਾਵ ਬਹੁਤ ਹੀ ਤੇਜ਼ ਰਫ਼ਤਾਰ ਨਾਲ ਸਿਰੇ ਚੜ੍ਹਦੇ ਸਨ। ਇਸ ਦੀ ਮੂੰਹ ਬੋਲਦੀ ਮਿਸਾਲ ਚੰਡੀਗੜ੍ਹ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਅਤੇ ਚੰਡੀਗੜ੍ਹ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਣ ਵਾਲੇ ਕਿੰਨੇ ਹੀ ਰੋਜ਼ ਗਾਰਡਨ, ਸੁਖਨਾ ਝੀਲ ਤੇ ਸਾਰੇ ਸ਼ਹਿਰ ਨੂੰ ਰੁੱਖਾਂ ਨਾਲ ਸਜਾਉਣ ਜਿਹੇ ਕਿੰਨੇ ਹੀ ਪ੍ਰੋਜੈਕਟ ਸਾਡੇ ਸਾਹਮਣੇ ਹਨ। ਸ੍ਰ. ਰੰਧਾਵਾ ਇਕੋ ਹੀ ਸਮੇਂ ਵਿਚ ਸਾਇੰਸਦਾਨ ਤੇ ਕਾਬਿਲ ਅਫ਼ਸਰ ਹੋਣ ਦੇ ਨਾਲ-ਨਾਲ ਸਾਹਿਤ ਤੇ ਕਲਾ ਦੇ ਬੜੇ ਵੱਡੇ ਪ੍ਰੇਮੀ ਤੇ ਸਰਪ੍ਰਸਤ ਸਨ। ਇਸ ਸਬੰਧ ਵਿਚ ਉਹ ਮਹਾਨ ਚਿੱਤਰਕਾਰ ਸੋਭਾ ਸਿੰਘ, ਲੋਕ ਗੀਤਾਂ ਦੇ ਖੋਜੀ-ਪਿਤਾਮਾ ਦਵਿੰਦਰ ਸਤਿਆਰਥੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਬਲਰਾਜ ਸਾਹਨੀ ਜਿਹੇ ਅਨੇਕਾਂ ਜਨਮਜਾਤ ਕਲਾਕਾਰਾਂ ਤੇ ਅਦਾਕਾਰਾਂ ਦੇ ਸਰਪ੍ਰਸਤ



Original with;
Kulbir Singh Sidhu(I.A.S)
Digitized by;
Panjab Digital Library

ਸਨ। ਉਨ੍ਹਾਂ ਨੇ ਕਾਂਗੜਾ ਵਾਦੀ ਦੇ ਲੋਕ ਗੀਤਾਂ ਤੇ ਕਾਂਗੜਾ ਪੇਟਿੰਗਜ਼ ਨੂੰ ਸੰਭਾਲ ਕੇ ਪੰਜਾਬੀ ਸਭਿਆਚਾਰ ਦੀ ਬੜੀ ਵੱਡਮੁਲੀ ਤੇ ਬੇਮਿਸਾਲ ਸੇਵਾ ਕੀਤੀ ਹੈ।

ਸ੍ਰ: ਮਹਿੰਦਰ ਸਿੰਘ ਰੰਧਾਵਾ ਦੀ ਪ੍ਰਸ਼ਾਸਨ ਦੇ ਹਰ ਖੇਤਰ ਵਿਚ ਵਿਲੱਖਣ ਦੇਣ ਦੇ ਸਦਕਾ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਵਰਗਾ ਸਿਰਕੱਢ ਤੇ ਅਕਲਮੰਦ ਅਫ਼ਸਰ ਕਦੇ-ਕਦਾਈਂ ਹੀ ਜ਼ਹੂਰ ਵਿਚ ਆਉਂਦਾ ਹੈ। ਇਉਂ ਲਗਦਾ ਹੈ ਕਿ ਅਜਿਹੇ ਲੋਕ ਪੈਦਾ ਨਹੀਂ ਹੁੰਦੇ, ਸਗੋਂ ਸੱਚਮੁੱਚ ਹੀ ਕਿਸੇ ਗੈਬੀ ਸ਼ਫਕਤ ਵਾਂਗੂੰ ਵਾਪਰਦੇ ਹਨ। ਇਸ ਪ੍ਰਥਾਇ ਸ਼ਾਇਰ **ਇਕਬਾਲ** ਦਾ ਇਕ ਮਕਬੂਲ ਸ਼ਿਅਰ ਹੈ :-

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਮੁੱਕਦੀ ਗੱਲ! ਸ੍ਰ. ਮਹਿੰਦਰ ਸਿੰਘ ਰੰਧਾਵਾ ਸੰਸਕ੍ਰਿਤੀ ਤੇ ਪ੍ਰਕਿਰਤੀ ਦੇ ਬੜੇ ਵੱਡੇ ਉਪਾਸ਼ਕ ਸਨ ਤੇ ਉਨ੍ਹਾਂ ਨੇ ਇਸ ਪ੍ਰਥਾਇ ਸਾਡੇ ਸਭਿਆਚਾਰ, ਸਾਹਿਤ ਤੇ ਖੇਤੀਬਾੜੀ ਦਾ ਬੇਅੰਤ ਪ੍ਰਚਾਰ ਤੇ ਪ੍ਰਸਾਰ ਕੀਤਾ ਹੈ। ਉਨ੍ਹਾਂ ਵਰਗੀ ਬਹੁਮੁਖੀ ਪ੍ਰਤਿਭਾ ਵਾਲੀ ਸ਼ਖਸੀਅਤ ਕਦੇ-ਕਦਾਈਂ ਹੀ ਜ਼ਹੂਰ ਵਿਚ ਆਉਂਦੀ ਹੈ।

ਇਉਂ ਹੀ ਸ੍ਰ. ਕੁਲਦੀਪ ਸਿੰਘ ਵਿਰਕ ਆਪਣੇ ਪ੍ਰਸ਼ਾਸਨਿਕ ਕੈਰੀਅਰ ਵਿਚ ਸ਼ੁਰੂ ਤੋਂ ਅਖੀਰ ਤਕ ਕਾਬਿਲ ਤੇ ਤਜਰਬੇਕਾਰ ਅਫ਼ਸਰ ਹੋਏ ਹਨ। ਉਹ ਆਪਣੇ ਲੰਬੇ-ਲੰਝੇ ਕੱਦ-ਬੁੱਤ ਵਾਂਗੂ ਅਜਿਹੇ ਬੁਲੰਦ ਇਖ਼ਲਾਕ ਪ੍ਰਸ਼ਾਸਨਿਕ ਸ਼ਾਹ-ਸੁਆਰ ਹੋਏ ਹਨ ਕਿ ਜਿਨ੍ਹਾਂ ਦੀ ਕਮਾਂਡ ਹੇਠ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਪੌਣ-ਵੇਗੀ ਜੰਗੀ ਘੋੜੇ ਵਾਂਗ ਤੇਜ਼ ਰਫ਼ਤਾਰ ਭੱਜਿਆ ਫਿਰਦਾ ਸੀ। ਫਿਰ ਇਹ ਖ਼ੂਬੀ ਹੀ ਉਨ੍ਹਾਂ ਦੇ ਮੁਰੀਦ ਅਫ਼ਸਰ ਸ੍ਰ. ਗੁਰਨਾਮ ਸਿੰਘ ਵਿਚ ਵੀ ਸੀ; ਉਹ ਮੇਰੇ ਸ਼ੁਰੂਆਤੀ ਸਾਲਾਂ ਵਿਚ ਡੀ.ਸੀ. ਰਹੇ। ਮੈਂ ਦਿਲੋਂ-ਮਨੋਂ ਮੰਨਦਾ ਹਾਂ ਕਿ ਮੇਰੇ ਵਰਗੇ ਅਫ਼ਸਰਾਂ ਦੇ ਅਧੀਨ ਜੇ ਪ੍ਰਸ਼ਾਸਨ ਤੁਰਦਾ ਸੀ ਤਾਂ ਸਰਦਾਰ ਗੁਰਨਾਮ ਸਿੰਘ ਦੇ ਸਮੇਂ ਦਾ ਪ੍ਰਸ਼ਾਸਨ ਰੇਵੀਆ ਭਾਵ ਦੁੜਕੀ ਚਾਲ ਹੀ ਤੁਰਦਾ ਸੀ।

ਸ੍ਰ. ਕੁਲਦੀਪ ਸਿੰਘ ਵਿਰਕ ਦੇ ਹੁਣ ਗੁਜ਼ਰ ਜਾਣ ਤੋਂ ਬਾਅਦ ਅੱਜ ਵੀ ਪ੍ਰਸ਼ਾਸਨਿਕ ਵਰਗ ਵਿਚ ਉਨ੍ਹਾਂ ਦੀ ਪਛਾਣ ਤੇ 'ਮੋਹਰ ਛਾਪ' ਇਕ ਨਾਮੀ-ਗਰਾਮੀ ਡੀ.ਸੀ. ਹੋਣ ਵਜੋਂ ਕਾਇਮ ਹੈ। ਜ਼ਿਕਰਯੋਗ ਹੈ ਕਿ ਸੰਨ 1965 ਵਿਚ ਭਾਰਤ ਤੇ ਪਾਕਿਸਤਾਨ ਦੀ ਲੜਾਈ ਸਮੇਂ ਜਦੋਂ ਉਹ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਡੀ.ਸੀ. ਸਨ ਤਾਂ ਜਿਸ ਤਰ੍ਹਾਂ ਉਨ੍ਹਾਂ ਨੇ ਖ਼ੁਦ ਪ੍ਰਸ਼ਾਸਨ ਵਲੋਂ ਫ਼ੌਜ ਨੂੰ ਬਾਰਡਰ ਤੋਂ ਅੱਗੇ ਤਕ ਅਵਾਮ ਵਲੋਂ ਮਦਦ ਪਹੁੰਚਾਈ, ਉਸ ਸਦਕਾ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਪਦਮਸ਼੍ਰੀ ਜਿਹਾ ਰਾਸ਼ਟਰੀ ਸਨਮਾਨ ਮਿਲਿਆ ।

ਇਸ ਪ੍ਰਥਾਇ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਰਾਸ਼ਟਰੀ ਸਨਮਾਨ ਨਾਲੋਂ ਵੀ ਵੱਧ ਲੋਕਾਂ ਨੇ ਪਿਆਰ ਤੇ ਸਨਮਾਨ ਦਿੱਤਾ। ਮੈਂ ਉਨ੍ਹਾਂ ਤੋਂ 35 ਸਾਲ ਬਾਅਦ ਖ਼ੁਦ ਸੰਨ 2000 ਵਿਚ ਬਤੌਰ ਡਿਪਟੀ ਕਮਿਸ਼ਨਰ ਉਨ੍ਹਾਂ ਪ੍ਰਤੀ ਲੋਕਾਂ ਦੇ ਪਿਆਰ ਦਾ ਚਸ਼ਮਦੀਦ ਗਵਾਹ ਬਣਿਆ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਤਰ੍ਹਾਂ ਹੀ ਇਕ ਨਾਮ ਪੰਜਾਬ ਦੀ ਕਿਰਸਾਣੀ ਪ੍ਰਤੀ ਨਿਸ਼ਠਾ ਤੇ ਵਚਨਬੱਧਤਾ ਦੇ ਪ੍ਰਸੰਗ ਵਿਚ ਵਾਈਸ ਚਾਂਸਲਰ ਸ੍ਰ. ਸਰਦਾਰਾ ਸਿੰਘ ਜੌਹਲ ਦਾ ਆਉਂਦਾ ਹੈ, ਜੋ ਕਿ ਇਕੋ ਸਮੇਂ ਵਿਚ ਹੀ ਖ਼ੁਦ ਬੇਹਦ ਚੇਤਨਸ਼ੀਲ ਕਿਰਸਾਣ, ਸਾਇੰਸਦਾਨ, ਅਰਥ ਸ਼ਾਸਤਰੀ ਤੇ ਤਕੜੇ ਐਡਮਨਿਸਟਰੇਟਰ ਰਹੇ ਹਨ। ਉਹ ਹੁਣ ਵੀ ਪੰਜਾਬ ਦੀ ਨਿਘਰਦੀ ਜਾ ਰਹੀ ਕਿਰਸਾਣੀ ਤੇ ਨੌਜੁਆਨੀ ਵਾਸਤੇ ਚਿੰਤਾਤੁਰ ਹਨ। ਇਸ ਵਾਸਤੇ ਉਹ ਆਪਣੀ ਉਮਰ ਦੇ 85 ਸਾਲਾਂ ਨੂੰ 'ਹਟ-ਪਿੱਛੇ' ਕਹਿ ਕੇ ਪੰਜਾਬ ਤੇ ਖ਼ਾਸ ਕਰਕੇ ਕਿਰਸਾਣੀ ਤੇ ਨੌਜੁਆਨੀ ਦੇ ਵਿਕਾਸ ਲਈ ਹਾਲੇ ਵੀ ਕਿਰਿਆਵੰਤ ਹਨ। ਇਸ ਵਾਸਤੇ ਜੌਹਲ ਸਾਹਿਬ ਕਿੰਨੀਆਂ ਹੀ ਵਿੱਦਿਅਕ ਸੰਸਥਾਵਾਂ ਤੇ ਵਿਕਾਸ ਦੇ ਅਦਾਰਿਆਂ ਨਾਲ ਆਪਣੀ ਸਿਰੇ ਦੀ ਸਮਰਪਿਤ ਭਾਵਨਾ ਨਾਲ ਜੁੜੇ ਹੋਏ ਹਨ।

ਜ਼ਾਹਿਰ ਹੈ ਕਿ ਅਜਿਹੇ ਵਿਅਕਤੀ ਜ਼ਮੀਨੀ ਪੱਧਰ 'ਤੇ ਤਾਂ ਸਧਾਰਨ ਬੰਦਿਆਂ ਵਾਂਗ ਹੀ ਵਿਚਰਦੇ ਹਨ, ਪਰ ਉਹ ਆਮ ਬੰਦਿਆਂ ਵਾਂਗੂੰ 'ਚੱਲ ਹੋਊ' ਜਿਹੀ ਉਦਾਸੀਨਤਾ ਨਾਲ ਨਹੀਂ ਜਿਉਂਦੇ। ਸਗੋਂ ਅਜਿਹੇ ਵਿਅਕਤੀ-ਵਿਸ਼ੇਸ਼ ਸਮਾਜ ਪ੍ਰਤੀ ਆਪਣੇ ਕੀਤੇ ਕਾਰਨਾਮਿਆਂ ਤੇ ਯੋਗਦਾਨ ਸਦਕਾ ਬੱਸ ਗੈਬੀ ਸ਼ਕਤੀਆਂ ਬਣ ਕੇ ਹੀ 'ਵਾਪਰਦੇ' ਹਨ। ਫਿਰ ਸਮਝਣ ਵਾਲੀ ਗੱਲ ਹੈ ਕਿ ਜਦੋਂ ਕੁਝ ਖ਼ਾਸ ਹੀ ਵਾਪਰਦਾ ਹੈ ਤਾਂ ਉਹ ਸਮਾਜ ਵਿਚ ਕੁਝ ਨਾ ਕੁਝ ਤਬਦੀਲੀ ਲਿਆਉਣ ਦੇ ਸਮਰੱਥ ਹੁੰਦਾ ਹੈ। ਅਜਿਹੇ ਬੰਦੇ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਵੀ ਕਿੰਨੀਆਂ ਹੀ ਸੁੱਤ-ਉਨੀਂਦੀਆਂ ਤੇ ਸਿਥਲ ਹੋਈਆਂ ਸਮਾਜਿਕ ਉਮੰਗਾਂ-ਤਰੰਗਾਂ ਜਾਗ੍ਰਿਤ ਕਰ ਦਿੰਦੇ ਹਨ।

ਗੌਰਤਲਬ ਹੈ ਕਿ ਅਜਿਹੇ ਕ੍ਰਿਸ਼ਮਈ ਸ਼ਖਸੀਅਤਾਂ ਦੇ ਉਲਟ ਬਹੁਤੇ ਲੋਕ ਪੂੰਜੀ-ਤੰਤਰ ਦੇ ਤਰਕ ਵਿਚ ਹੀ ਵਲੇਟੇ ਜਾਂਦੇ ਹਨ। ਇਉਂ ਜ਼ਿਆਦਾਤਰ ਲੋਕ ਉਨ੍ਹਾਂ ਨੂੰ ਕੁਦਰਤ ਵੱਲੋਂ ਮਿਲੀ ਸੇਵਾ ਤੇ ਸਮਰੱਥਾ ਦੇ ਮੌਕੇ ਨੂੰ ਅਜਾਈਂ ਹੀ ਗੁਆ ਦਿੰਦੇ ਹਨ। ਹੋਰ ਨਹੀਂ ਤਾਂ ਖ਼ਾਸ ਕਰਕੇ ਅਫ਼ਸਰ ਲੋਕ ਤਾਂ ਲੋਕ ਸੇਵਾ ਤੇ ਜੇਬ ਸੇਵਾ ਦੇ ਦਰਮਿਆਨੀ ਫਾਸਲੇ ਵਿਚ ਹੀ ਗੁਆਚੇ ਰਹਿੰਦੇ ਹਨ। ਇਸ ਤਰ੍ਹਾਂ ਉਹ ਸਾਰੀ ਉਮਰ 'ਮਨ ਡੋਲੇ, ਤਨ ਡੋਲੇ' ਜਿਹੀ ਡਾਵਾਂਡੋਲ ਮਾਨਸਿਕ ਸਥਿਤੀ ਤੇ ਢਹਿੰਦੀ ਕਲਾ ਦਾ ਸ਼ਿਕਾਰ ਰਹਿੰਦੇ ਹਨ ਅਤੇ ਥੋੜ੍ਹੇ ਵਕਤ ਲਈ ਆਪਣੀ ਡੁੱਗ-ਡੁੱਗੀ ਵਜਾ ਕੇ ਸਫ਼ਾ ਹਸਤੀ ਤੋਂ ਸਮੇਟੇ ਜਾਂਦੇ ਹਨ।

ਖ਼ੈਰ ! ਅੱਜ ਸਾਡੇ ਧਾਰਮਿਕ, ਰਾਜਸੀ ਤੇ ਪ੍ਰਸ਼ਾਸਨਿਕ ਖੇਤਰਾਂ ਵਿਚ ਅਜਿਹੇ ਪੰਜਾਬੀ ਮਾਂ ਦੇ ਸਪੂਤਾਂ ਦੀ ਲੋੜ ਹੈ ਜੋ ਕੌਮ ਵਿਚ ਪੰਜਾਬੀ ਹੋਣ ਦਾ ਸਵੈਮਾਣ ਪੈਦਾ ਕਰ ਸਕਣ। ਫਿਰ ਉਹ ਇਸ ਦੇ ਨਾਲ ਹੀ ਪੰਜਾਬੀ ਹੋਣ ਦੇ ਸੰਕਲਪ ਨੂੰ ਵਿਸਥਾਰ ਦੇ ਸਕਣ ਤੇ ਪੰਜਾਬੀ ਸਭਿਆਚਾਰ ਦੀਆਂ ਵਧੀਆਂ ਕਦਰਾਂ-ਕੀਮਤਾਂ ਨੂੰ ਅਜੋਕੇ ਸਮੇਂ ਦੀ ਲੋੜ ਮੁਤਾਬਿਕ ਨਵੇਂ ਅਰਥ ਦੇ ਸਕਣ।

ਖ਼ੈਰ! ਮੈਂ ਮਾਨਸਿਕ ਤੇ ਪ੍ਰੋਫੈਸ਼ਨਲ ਪੱਧਰ 'ਤੇ ਇਨ੍ਹਾਂ ਚਾਰਾਂ ਮਹਾਨੁਭਾਵਾਂ ਨੂੰ



*Original with;*
Kulbir Singh Sidhu(I.A.S)
*Digitized by;*
Panjab Digital Library

ਆਪਣਾ ਰੋਲ-ਮਾਡਲ ਮੰਨਿਆਂ ਹੈ। ਮੈਂ ਹਮੇਸ਼ਾਂ ਇਨ੍ਹਾਂ ਦੇ ਸਮਾਜ ਸੇਵਾ ਦੇ ਸਿਰਜਣਾਤਮਿਕ ਕਾਰਜਾਂ ਤੇ ਲੋਕ ਸੇਵਾ ਦੇ ਉੱਚੇ ਆਦਰਸ਼ਾਂ ਤੋਂ ਪ੍ਰੇਰਣਾ ਲਈ ਹੈ। ਆਪਣੇ ਪਿਤਾ ਜੀ ਸ੍ਰ: ਅਜਮੇਰ ਸਿੰਘ, ਡੀ.ਸੀ. ਸ੍ਰ. ਗੁਰਨਾਮ ਸਿੰਘ ਤੇ ਪ੍ਰਸ਼ਾਸਨਿਕ ਉਸਤਾਦ ਸ੍ਰ: ਮਨੋਹਰ ਸਿੰਘ ਚਾਂਦਲਾ ਜਿਹੇ ਕੁਝ ਹੋਰ ਵੀ ਮਾਰਗ ਦਰਸ਼ਕਾਂ ਤੋਂ ਮੈਂ ਲੋਕ ਸੇਵਾ ਦੇ ਆਦਰਸ਼ ਸੰਕਲਪਾਂ ਤੇ ਟੀਚਿਆਂ ਦੇ ਸੰਦਰਭ ਵਿਚ ਬੜਾ ਕੁਝ ਸਿੱਖਿਆ ਹੈ। ਇਉਂ ਮੈਂ ਹਮੇਸ਼ਾਂ ਹੀ ਇਸ ਗੱਲੋਂ ਸੁਚੇਤ ਰਿਹਾ ਹਾਂ ਕਿ ਅਕਾਲ ਪੁਰਖ ਵਲੋਂ ਕਿਸੇ ਵੀ ਬੰਦੇ ਨੂੰ ਲੋਕ ਭਲਾਈ ਦੀ ਨਿਸ਼ਚਿਤ ਮੋਹਲਤ ਤੇ ਸੀਮਿਤ ਸਮਰਥਾ ਮਿਲਦੀ ਹੈ। ਇਸ ਵਾਸਤੇ ਸਾਨੂੰ ਸਦਾ ਜਾਗਰੂਕ ਹੋਣ ਦੀ ਲੋੜ ਹੈ ਕਿ ਅਸੀਂ ਆਪਣਾ ਹਰ ਪਲ ਪਰਸੁਆਰਥ ਵਿਚ ਲਾ ਸਕੀਏ।

ਇਸ ਵਾਸਤੇ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਮੈਂ ਕਿਸੇ ਸਥਾਨ 'ਤੇ ਵੀ ਆਪਣੀ ਪ੍ਰਸ਼ਾਸਨਿਕ ਡਿਊਟੀ ਦੇ ਸਮੇਂ ਲੋਕ ਭਲਾਈ, ਸਭਿਆਚਾਰ ਤੇ ਕੌਮ ਦੇ ਵਿਰਾਸਤੀ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸਮੇਂ ਦੀ ਰਫ਼ਤਾਰ ਵਿਰੁੱਧ ਇਕ ਜਿਹਾਦ ਮਾਤਰ ਕੰਮ ਕਰਨ ਦੀ ਕੋਸ਼ਿਸ ਕੀਤੀ ਹੈ। ਇਸ ਪ੍ਰਸੰਗ ਵਿਚ ਮੈਂ ਅਨੰਦਪੁਰ ਸਾਹਿਬ ਵਿਖੇ ਅਪ੍ਰੈਲ 2013 ਵਿਚ ਇਕ ਫੰਕਸ਼ਨ ਦੌਰਾਨ ਪ੍ਰਿੰਸੀਪਲ ਹਰਸਿਮਰਨ ਸਿੰਘ ਦੇ ਕਹੇ ਸ਼ਬਦਾਂ ਨੂੰ ਪਾਠਕਾਂ ਨਾਲ ਸਾਂਝੇ ਕਰਨ ਦੀ ਖ਼ੁਸ਼ੀ ਲਵਾਂਗਾ। ਪ੍ਰਿੰਸੀਪਲ ਸਾਹਿਬ ਨੇ ਪੰਜਾਬ ਪ੍ਰਸ਼ਾਸਨ ਦੇ ਦੋ ਬਹੁਤ ਹੀ ਕਾਬਿਲ ਤੇ ਪ੍ਰਸਿੱਧ ਅਫ਼ਸਰਾਂ ਵਜੋਂ ਸਿਰਦਾਰ ਕਪੂਰ ਸਿੰਘ ਤੇ ਸ੍ਰ. ਮਹਿੰਦਰ ਸਿੰਘ ਰੰਧਾਵਾ ਦਾ ਨਾਮ ਲੈਣ ਉਪਰੰਤ ਕਿਹਾ ਕਿ ਇੰਨਾਂ ਮਹਾਨ ਅਫ਼ਸਰਾਂ ਤੋਂ ਬਾਅਦ ਹੁਣ ਮੌਜੂਦਾ ਸਮੇਂ ਵਿਚ ਕੁਲਬੀਰ ਸਿੰਘ ਸਿੱਧੂ ਤੀਜੇ ਬਹੁਤ ਵਧੀਆ ਅਫ਼ਸਰ ਹੋਏ ਹਨ।

ਪ੍ਰਿੰਸੀਪਲ ਸਾਹਿਬ ਦਾ ਮੇਰੇ ਬਾਰੇ ਇਜ਼ਹਾਰੇ-ਖ਼ਿਆਲ ਮੇਰੇ ਵਲੋਂ ਸੰਨ 1999 ਵਿਚ ਵਾਹਿਗੁਰੂ ਦੀ ਕਿਰਪਾ ਦੁਆਰਾ ਬਤੌਰ ਡੀ.ਸੀ. ਰੋਪੜ ਖਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ ਮਨਾਉਣ ਸਮੇਂ ਇਕ ਕਰੋੜ ਸੰਗਤਾਂ ਵਾਸਤੇ ਕੀਤੇ ਗਏ ਪੁਖਤਾ ਤੇ ਨੁਕਸ ਰਹਿਤ ਪ੍ਰਬੰਧਾਂ 'ਤੇ ਅਧਾਰਿਤ ਸੀ। ਬੇਸ਼ੱਕ ਉਨ੍ਹਾਂ ਦਾ ਕਹਿਣਾ ਠੀਕ ਸੀ ਕਿ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਹ ਮਹਾਨ ਸਮਾਗਮ 'ਮੈਗਨਮ ਓਪਸ' ਭਾਵ 'ਮਹਾਨਤਮ ਘਟਨਾ' ਅਤੇ 'ਓਪਸ ਐਕਸੀਜਾਈ' ਭਾਵ 'ਸਾਡੀ ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਹੀ ਵਾਪਰਨ ਵਾਲੀ' ਘਟਨਾ ਦੇ ਤੁੱਲ ਸਨ ਕਿਉਂਕਿ ਪੰਜਾਬ ਦੀ ਪ੍ਰਸ਼ਾਸਨਿਕ ਵਿਵਸਥਾ ਦੇ ਇਤਿਹਾਸ ਵਿਚ ਨਿਰਸੰਦੇਹ, ਇੰਨੇ ਵੱਡੇ ਪੈਮਾਨੇ 'ਤੇ ਪਹਿਲੀ ਵਾਰ ਇੰਨੇ ਵੱਡੇ ਬੰਦੋਬਸਤ ਹੋਏ ਸਨ ।

ਇਸ ਸੰਦਰਭ ਵਿਚ ਉਦੋਂ ਵੀ ਮੁੱਖ ਮੰਤਰੀ ਪੰਜਾਬ ਸ੍ਰ: ਪਰਕਾਸ਼ ਸਿੰਘ ਬਾਦਲ ਨੇ ਰੋਪੜ ਦੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਗਏ ਪ੍ਰਬੰਧਾਂ ਨੂੰ ਸ਼ਲਾਘਾਯੋਗ ਤਰੀਕੇ ਨਾਲ ਨੇਪਰੇ ਚਾੜ੍ਹਨ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਸੀ ਕਿ ਇਸ ਦਾ ਸਿਹਰਾ ਰੋਪੜ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਂਦਾ ਹੈ ਕਿ ਇੰਨੀਆਂ ਦੁਸ਼ਵਾਰੀਆਂ ਦੇ ਬਾਵਜੂਦ ਵੀ ਸਾਰੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਾਗਮਾਂ ਦੌਰਾਨ ਨਾ ਕੋਈ ਬੰਦਾ ਤੇ ਨਾ ਹੀ ਕੋਈ ਸਾਈਕਲ ਪੈਂਚਰ ਹੋਇਆ ਸੀ। ਅਕਾਲ ਪੁਰਖ ਦੀ ਕਿਰਪਾ ਨਾਲ ਬੇਸ਼ੱਕ ਇਹ ਇਲਾਹੀ ਤੇ ਕ੍ਰਿਸ਼ਮਾਈ ਜਲਵੇ ਦਾ ਮੈਂ ਚਸ਼ਮਦੀਦ ਗਵਾਹ ਰਿਹਾ ਹਾਂ। ਇਸ ਵਾਸਤੇ ਮੈਂ ਇੰਨ੍ਹਾਂ ਇੰਤਜ਼ਾਮਾਂ ਦਾ ਸੂਤਰਧਾਰ ਹੋਣ ਵਜੋਂ ਹਮੇਸ਼ਾਂ ਤੋਂ ਇਹ ਹੀ ਮੰਨਦਾ ਆ ਰਿਹਾ ਹਾਂ ਕਿ ਇਸ ਸਾਰੇ ਵਰਤਾਰੇ ਵਿਚ ਕਲਾ ਸਿਰਫ਼ ਤੇ ਸਿਰਫ਼ ਵਾਹਿਗੁਰੂ ਜੀ ਕੀ ਹੀ ਵਰਤੀ।

ਇਸ ਵਾਸਤੇ ਮੈਂ ਤੁਰੰਤ ਬੜੀ ਸੱਚੀ-ਸੁੱਚੀ ਨਿਰਮਾਣਤਾ ਤੇ ਨਿਮਰਤਾ ਨਾਲ ਉਨ੍ਹਾਂ ਦੇ ਵਿਖਿਆਨ ਦੌਰਾਨ ਹੀ ਆਪਣੀ ਚੇਤਨਾ ਦੀ ਟੁੰਬਣਾ ਨਾਲ ਬੋਲ ਉਠਿਆ ਕਿ ਤੀਜੇ ਅਫ਼ਸਰ ਦੇ ਤੌਰ 'ਤੇ ਮੈਂ ਨਹੀਂ, ਸਗੋਂ ਸ੍ਰ. ਕੁਲਦੀਪ ਸਿੰਘ ਵਿਰਕ ਹੋਏ ਹਨ। ਇਸ ਤੋਂ ਇਲਾਵਾ ਫਿਰ ਮੈਂ ਇਹ ਵੀ ਦਿਲੋਂ-ਮਨੋਂ ਸਰੋਤਿਆਂ ਨਾਲ ਗੱਲ ਸਾਂਝੀ ਕੀਤੀ ਕਿ ਸਗੋਂ ਪੰਜਾਬ ਦੀ ਕਿਰਸਾਣੀ ਪ੍ਰਤੀ ਵਾਈਸ ਚਾਂਸਲਰ ਸ੍ਰ. ਸਰਦਾਰਾ ਸਿੰਘ ਜੌਹਲ ਦੀਆਂ ਪ੍ਰਾਪਤੀਆਂ ਦੇ ਸਨਮੁੱਖ ਉਨ੍ਹਾਂ ਨੂੰ ਚੌਥੀ ਥਾਂ ਦੇਣ ਤੋਂ ਬਾਅਦ ਹੀ ਕਿਸੇ ਅਫ਼ਸਰ ਦਾ ਨਾਮ ਕਦੇ ਪੰਜਵੇਂ ਸਥਾਨ 'ਤੇ ਆਵੇਗਾ।

ਫਿਰ ਪ੍ਰਸ਼ਾਸਨ ਵਿਚ ਸਮਰਪਣ, ਕਾਰਜ-ਕੁਸ਼ਲਤਾ ਤੇ ਵਚਨਬੱਧਤਾ ਦੇ ਸੰਦਰਭ ਵਿਚ ਮੈਂ ਸ਼ਰੇਆਮ ਆਪਣੀ ਆਤਮਾ ਦੀ ਗਹਿਰਾਈ ਤੋਂ ਇਹ ਮੰਨਦਾ ਆ ਰਿਹਾ ਹਾਂ ਕਿ ਕਿ ਪੰਜਾਬ ਪ੍ਰਸ਼ਾਸਨ ਵਿਚ ਪਹਿਲੇ ਚਾਰ ਸਥਾਨਾਂ 'ਤੇ ਤਾਂ ਉਪਰੋਕਤ ਚਾਰ ਅਫ਼ਸਰ ਆ ਚੁੱਕੇ ਹਨ। ਬਹਿਰਹਾਲ! ਜੇ ਕੋਈ ਅਫ਼ਸਰ ਪੰਜਵੇਂ ਸਥਾਨ ਲਈ ਖ਼ਾਹਿਸ਼ਮੰਦ ਹੈ ਤਾਂ ਅਜੋਕੇ ਸਮੇਂ ਦੇ ਇਤਿਹਾਸ ਵਿਚ ਇਸ ਸਬੰਧੀ ਮੇਰੇ ਤੋਂ ਪਹਿਲਾਂ ਹੋ ਚੁੱਕੇ ਕਈ ਹੋਰ ਮੰਨੇ-ਦੰਨੇ ਅਫ਼ਸਰਾਂ ਅਤੇ ਮੇਰੇ ਸਮੇਂ ਦੇ ਕਈ ਹੋਰ ਆਪਣੇ ਆਪ ਨੂੰ ਕਹਿੰਦੇ-ਕਹਾਉਂਦੇ ਅਧਿਕਾਰੀਆਂ ਦੇ ਨਾਵਾਂ ਦੇ ਦਰਮਿਆਨ ਹਾਲੇ ਘਮਸਾਨ ਚਲ ਰਿਹਾ ਹੈ। ਇਸ ਵਾਸਤੇ ਮਹਾਂਬਲੀ ਵਕਤ ਦੀ ਅਦਾਲਤ ਵਿਚ ਇਹ ਫੈਸਲਾ ਹਾਲੇ ਲੰਬਿਤ ਹੈ ਤੇ ਸਮੇਂ ਦਾ ਇਤਿਹਾਸ ਹੀ ਇਸ ਦਾ ਕੋਈ ਫੈਸਲਾ ਕਰੇਗਾ।

ਖ਼ੈਰ! ਇਹ ਸਮਾਂ ਹੀ ਦਸੇਗਾ ਕਿ ਪੰਜਵੇਂ ਸਥਾਨ ਤੇ ਕਿਹੜਾ ਮਾਈ ਦਾ ਲਾਲ ਆਉਂਦਾ ਹੈ; ਬੇਸ਼ੱਕ ਕਈ ਹਮਾਤੜ ਸਾਥੀ 'ਮਾੜਾ ਟੱਟੂ ਸਵਖ਼ਤੇ ਸੁਆਰੀ' ਦੇ ਅਖਾਣ ਮੁਜਬ ਆਪਣੇ-ਆਪਣੇ ਘੋੜੇ ਭਜਾਈ ਜ਼ਰੂਰ ਫਿਰਦੇ ਹਨ। ਹੁਣ ਦੇਖੋ ਕਿ ਅਕਾਲ ਪੁਰਖ ਦੀ ਕਿਰਪਾ ਸਦਕਾ ਵਕਤ ਕਿਸ 'ਖਾਦਿਮੋ-ਖਲਕੇ-ਖ਼ੁਦਾ' ਨੂੰ ਭਾਵ ਖ਼ੁਦਾਈ ਖਿਦਮਤਗਾਰ ਗੁਰੂ ਦੇ ਲਾਲ ਨੂੰ ਨਿਵਾਜਦਾ ਹੈ। ਬਿਲਾ ਸ਼ੱਕ-ਓ-ਸ਼ੁਭਾ ਮੇਰਾ ਇਹ ਮੰਨਣਾ ਹੈ ਕਿ ਕਿਉਂਕਿ ਅਜਿਹੀਆਂ ਇਤਿਹਾਸਿਕ ਬਖ਼ਸ਼ਿਸ਼ਾਂ ਕਿਸੇ ਦੀ ਅਜ਼ਾਰੇਦਾਰੀ ਜਾਂ ਅਧਿਕਾਰ ਨਹੀਂ ਹੁੰਦੀਆਂ; ਸਗੋਂ ਇਹ ਇਲਾਹੀ ਨਿਵਾਜਸ਼ਾਂ ਤਾਂ ਰੱਬੀ ਰਜ਼ਾ ਵਿਚ ਹੀ ਬੰਦੇ ਦੇ ਭਾਗੀ ਆਉਂਦੀਆਂ ਹਨ।

ਖ਼ੈਰ! ਇਸ ਪ੍ਰਸੰਗ ਵਿਚ ਵੇਖਣ ਤੇ ਸਮਝਣ ਦੀ ਲੋੜ ਹੈ ਕਿ ਸਾਡੇ ਮੁਲਕ ਵਿਚ ਰਿਟਾਇਰਮੈਂਟ ਤੋਂ ਬਾਅਦ ਕਾਬਿਲ ਤੇ ਤਜਰਬੇਕਾਰ ਅਧਿਕਾਰੀਆਂ ਦੀ ਰਾਇ ਲੈਣ ਦਾ ਕੋਈ ਰਿਵਾਜ ਹੀ ਨਹੀਂ ਹੈ। ਜਦੋਂ ਕਿ ਬਾਹਰਲੇ ਮੁਲਕਾਂ ਵਿਚ 'ਸੀਨੀਅਰ



*Original with;*
Kulbir Singh Sidhu(I.A.S)
*Digitized by;*
Panjab Digital Library

ਸਿਟੀਜ਼ਨਜ਼' ਨੂੰ 'ਥਿੰਕ ਟੈਂਕ' ਅਰਥਾਤ ਸੋਚ-ਵਿਚਾਰ ਦਾ ਮੁਜੱਸਮਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣੇ ਨਵਿਰਤ ਹੋਏ ਅਧਿਕਾਰੀਆਂ ਨੂੰ ਕੌਮ ਦਾ ਸਰਮਾਇਆ ਸਮਝਦੇ ਹਨ ਤੇ ਉਨ੍ਹਾਂ ਦੇ ਤਜਰਬੇ ਦਾ ਭਰਪੂਰ ਲਾਹਾ ਲੈਂਦੇ ਹਨ। ਸੋ ਇਸ ਤਰ੍ਹਾਂ ਸਾਡੀਆਂ ਸਰਕਾਰਾਂ ਨੂੰ ਵੀ ਆਪਣੇ ਪੁਰਾਣੇ ਅਫ਼ਸਰਾਂ ਦੀ ਪੁਛ-ਪ੍ਰਤੀਤ ਕਰਨ ਦੀ ਲੋੜ ਹੈ ਤਾਂ ਕਿ ਪਲੈਨਿੰਗ ਪੱਧਰ 'ਤੇ ਦੇਸ਼ ਤੇ ਸਮਾਜ ਦੇ ਵਿਕਾਸ ਤੇ ਭਲਾਈ ਲਈ ਯੋਜਨਾਵਾਂ ਬਣਾਉਣ ਸਮੇਂ ਉਨ੍ਹਾਂ ਦੀ ਕਾਬਲੀਅਤ ਤੇ ਤਜਰਬੇ ਦਾ ਫ਼ਾਇਦਾ ਲਿਆ ਜਾ ਸਕੇ।

ਇਸ ਸਾਰ-ਵਿਸਥਾਰ ਵਿਚ ਕਹਿਣਾ ਯੋਗ ਹੋਵੇਗਾ ਕਿ ਸਾਡੇ ਸਿਆਸਤਦਾਨ ਸਾਰੀ ਉਮਰ ਕਦੇ ਰਿਟਾਇਰ ਹੀ ਨਹੀਂ ਹੁੰਦੇ, ਪਰ ਕੁਝ ਕੁ ਸਿਆਸੀ ਲੋਕ ਅਜਿਹੇ ਵੀ ਹੁੰਦੇ ਹਨ ਕਿ ਜਿਹੜੇ ਸਾਡੀ ਅਜੋਕੀ ਲੋਕ ਪ੍ਰਣਾਲੀ ਮੁਤਾਬਿਕ ਸਿਆਸਤ ਤੋਂ ਬਾਹਰ ਕਰ ਦਿੱਤੇ ਜਾਂਦੇ ਹਨ। ਇਸ ਲਈ ਸਾਨੂੰ ਆਪਣੇ ਪੁਰਾਣੇ ਸਿਆਸੀ ਆਗੂਆਂ ਤੋਂ ਵੱਲੋਂ ਯੋਗ ਅਗਵਾਈ ਤੇ ਸੇਧ ਪ੍ਰਾਪਤ ਕਰਨ ਦੀ ਵੀ ਵੱਡੀ ਲੋੜ ਹੈ। ਇਸ ਸਬੰਧ ਵਿਚ ਦਰਅਸਲ, ਸਾਨੂੰ ਹੋਰ ਕੁਝ ਨਹੀਂ ਤਾਂ ਘੱਟੋ-ਘੱਟ ਚੋਣਾਂ ਸਮੇਂ ਸਭ ਤੋਂ ਪਹਿਲਾਂ ਲੋਕ ਸੇਵਾ ਨੂੰ ਸਮਰਪਿਤ ਆਗੂਆਂ ਨੂੰ ਹੀ ਅੱਗੇ ਲਿਆਉਣਾ ਚਾਹੀਦਾ ਹੈ। ਜਦੋਂ ਕਿ ਹੁਣ ਇਸ ਦੇ ਬਿਲਕੁਲ ਉਲਟ ਅਸੀਂ ਖ਼ੁਦ ਆਪਣੀ ਵੋਟ ਦੇ ਕੁਝ ਕੁ ਦਮੜੇ ਵੱਟ ਕੇ ਆਪਣੀ ਵਾਗਡੋਰ ਗਲਤ ਤੇ ਅਯੋਗ ਲੋਕਾਂ ਦੇ ਹੱਥ ਫੜ੍ਹਾ ਰਹੇ ਹਾਂ ਅਤੇ ਆਪਣੇ ਅਹਿਮ ਕੌਮੀ ਫਰਜ਼ ਦੀ ਖਿਲਾਫ਼ਵਰਜ਼ੀ ਕਰ ਰਹੇ ਹਾਂ।

ਫਿਰ ਇਸ ਹੀ ਪ੍ਰਸੰਗ ਵਿਚ ਅਮਰੀਕਾ ਦੇ ਮਹਾਨ ਰਾਸ਼ਟਰਵਾਦੀ ਰਾਸ਼ਟਰਪਤੀ ਕੈਨੇਡੀ ਦੇ ਸ਼ਬਦਾਂ 'ਤੇ ਅਜ ਸਾਡੇ ਸਮਾਜ ਨੂੰ ਧਿਆਨ ਦੇਣ ਲੋੜ ਹੈ ਕਿ ਉਨ੍ਹਾਂ ਨੇ ਰਾਸ਼ਟਰਵਾਦੀ ਤੇ ਸਮਾਜਵਾਦੀ ਭਾਵਨਾਵਾਂ ਨੂੰ ਮੁੱਖ ਰੱਖਕੇ ਇਹ ਕਿਹਾ ਸੀ ਕਿ 'ਇਹ ਪੁੱਛਣ ਤੋਂ ਪਹਿਲਾਂ ਕਿ ਸਾਡਾ ਦੇਸ਼ ਸਾਡੇ ਵਾਸਤੇ ਕੀ ਕਰ ਸਕਦਾ ਹੈ, ਉਸ ਤੋਂ ਪਹਿਲਾਂ ਅਸੀਂ ਆਪਣੇ-ਆਪ ਨੂੰ ਪੁਛੀਏ ਕਿ ਅਸੀਂ ਆਪਣੇ ਦੇਸ਼ ਤੇ ਸਮਾਜ ਲਈ ਕੀ ਕਰ ਸਕਦੇ ਹਾਂ'। ਇਸ ਵਾਸਤੇ ਹੁਣ ਇਹ ਅਤਿਅੰਤ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੇ ਸੁਆਰਥੀ, ਮੌਕਾ-ਪ੍ਰਸਤ ਤੇ ਨਿਜਵਾਦੀ ਮੁਨਾਫ਼ੇ ਖੋਰੀ ਦੇ ਨਜ਼ਰੀਏ ਤੇ ਰਵਈਏ ਬਦਲੀਏ।

ਇਸ ਸੰਦਰਭ ਵਿਚ ਸਾਨੂੰ ਆਪਣੀ ਜੀਵਨ ਜਾਚ ਬਦਲ ਕੇ ਆਪਣੀ ਜੀਵਨਸ਼ੈਲੀ ਨੂੰ ਨਵੀਂ ਸੇਧ ਦੇਣ ਦੀ ਲੋੜ ਹੈ। ਇਹ ਗੱਲ ਭਾਵੇਂ ਅਤਿਕਥਨੀ ਜਿਹੀ ਜਾਪੇ, ਪਰ ਸੱਚੀ ਗੱਲ ਤਾਂ ਇਹ ਹੈ ਕਿ ਕੁਲ ਮਿਲਾਕੇ ਦਰਅਸਲ ਸਾਨੂੰ ਜਿਉਣਾ ਹੀ ਨਹੀਂ ਆਉਂਦਾ। ਇਸ ਵਾਸਤੇ ਸ਼ਾਇਰ ਸ਼ੁਜਾਹ ਖ਼ਾਵਰ ਦਾ ਕਹਿਣਾ ਹੈ:

ਸ਼ੁਜਾਹ ਮੌਤ ਸੇ ਪਹਿਲੇ ਜ਼ਰੂਰ ਜੀਅ ਲੇਨਾ
ਯੇ ਕਾਮ ਭੂਲ ਨਾ ਜਾਨਾ ਬਹੁਤ ਜ਼ਰੂਰੀ ਹੈ

ਪਰ ਇਸ ਦੇ ਉਲਟ ਅਕਸਰ ਹੀ ਇਹ ਵਰਤਾਰਾ ਵਰਤ ਰਿਹਾ ਹੈ ਕਿ ਸਰਕਾਰੀ



Original with;
Kulbir Singh Sidhu(I.A.S)
Digitized by;
Panjab Digital Library

ਜਾਂ ਪਰਿਵਾਰਿਕ ਕੰਮਾਂ ਤੋਂ ਰਿਟਾਇਰਮੈਂਟ ਦੇ ਸਮੇਂ ਕੁਝ ਢਲਦੀ ਉਮਰ ਦਾ ਪ੍ਰਭਾਵ ਤੇ ਕੁਝ ਕੁ ਸਾਡੇ ਸਮਾਜਿਕ ਤੇ ਆਰਥਿਕ ਢਾਂਚੇ ਦੀ ਖਲਜਗਣ ਦੀਆਂ ਮੁਸ਼ਕਿਲਾਂ ਸਾਨੂੰ ਸਾਹ ਹੀ ਨਹੀਂ ਲੈਣ ਦਿੰਦੀਆਂ। ਸਾਡੇ ਨਿਜ਼ਾਮ ਵਿਚ ਖ਼ਾਸ ਕਰਕੇ ਬੰਦੇ ਦੀ ਬੇਕਦਰੀ ਇੰਨੀ ਹੈ ਕਿ ਇਥੇ 'ਜੀਵਨ ਹੈ ਸਸਤਾ ਤੇ ਮੌਤ ਹੈ ਮਹਿੰਗੀ' ਜਿਹੀਆਂ ਮੁਲਾਮਤਾਂ ਸਾਡਾ ਖਹਿੜਾ ਹੀ ਨਹੀਂ ਛੱਡਦੀਆਂ ਅਤੇ ਸਾਡਾ ਸਾਹ-ਸੱਤ ਹੀ ਸੂਤੀ ਰਖਦੀਆਂ ਹਨ। ਇਸ ਵਾਸਤੇ ਸਾਡੀ ਜੀਉਣ ਦੀ ਮਨਸ਼ਾ ਤੇ ਉਮਾਹ ਦੇ ਅੱਧੇ ਪ੍ਰਾਣ-ਪੰਖੇਰੂ ਤਾਂ ਪਹਿਲਾਂ ਹੀ ਉੱਡ-ਪੁੱਡ ਜਾਂਦੇ ਹਨ।

ਬਸ, ਬੀਤੇ ਸਮੇਂ ਦਾ ਝੋਰਾ ਤੇ ਭਵਿੱਖ ਦੀ ਚਿੰਤਾ ਸਾਡੇ ਵਰਤਮਾਨ ਦਾ ਟੇਟੂਆ ਦਬੀ ਰਖਦੀ ਹੈ । ਇਉਂ ਹੀ ਮੌਜੂਦਾ ਸਮੇਂ ਦੀਆਂ ਬਜ਼ਾਰੂ ਕਦਰਾਂ-ਕੀਮਤਾਂ ਨੈਤਿਕਤਾ ਦਾ ਕਾਫ਼ੀਆ ਤੰਗ ਕਰੀ ਰੱਖਦੀਆਂ ਹਨ ਤੇ ਸਾਡੇ ਸਮਾਜ ਵਿਚ ਸਧਾਰਣ ਬੰਦੇ ਦਾ ਜਿਉਣਾ ਮੁਹਾਲ ਹੋਇਆ ਪਿਆ ਹੈ। ਬੇਸ਼ੱਕ ਇਸ ਵਿਚ ਕਸੂਰ ਸਾਡੀ ਆਪਣੀ ਹੀ ਸੋਚ ਤੇ ਕਿਰਦਾਰ ਦਾ ਹੈ, ਪਰ ਨਿਰਸੰਦੇਹ ਅਸੀਂ ਹਮੇਸ਼ਾ ਕਿਸੇ ਨਾ ਕਿਸੇ ਫ਼ਿਕਰ ਵਿਚ ਰਹਿੰਦੇ ਹੋਏ ਜ਼ਿੰਦਗੀ ਦੀ ਧੂਹਾ-ਘੜੀਸੀ ਕਰੀ ਜਾਂਦੇ ਹਾਂ। ਇਸ ਦੇ ਉਲਟ ਭੱਦਰ ਪੁਰਸ਼ਾਂ ਦੇ ਜੀਵਨ ਵਿਚ ਉਨ੍ਹਾਂ ਦੀ ਜੀਵਨ ਸਾਧਨਾ ਸਦਕਾ ਇਹ ਵੀ ਹੁੰਦਾ ਹੈ ਕਿ ਉਹ ਆਪਣਾ ਲੋਕ-ਪਰਲੋਕ ਸੁਹੇਲਾ ਕਰ ਲੈਂਦੇ ਹਨ। ਪਰ ਭਲੇਮਾਣਸ ਲੋਕਾਂ ਦਾ ਜੀਵਨ ਚੌਧਰੀਆਂ ਨਾਲੋਂ ਚੰਗਾ ਹੁੰਦਾ ਹੈ। ਖ਼ੈਰ! ਇਸ ਤੋਂ ਅੱਗੇ ਜੀਵਨ ਪੰਧ ਵਿਚ ਰੱਬ ਦੀ ਰਜ਼ਾ ਵਿਚ ਤਾੜੀ ਲਾ ਕੇ ਤੇ ਤਾੜੀ ਮਾਰਕੇ 'ਸ਼ੁਕਰ ਹੈ : ਸ਼ੁਕਰ ਹੈ' ਕਹਿਕੇ ਜੀਵਨ ਬਸਰ ਕਰਨਾ ਤਾਂ ਬੇਸ਼ੱਕ ਲੱਖਾਂ ਵਿਚੋਂ ਕਿਸੇ ਇਕ 'ਨਗੀਨੇ ਫ਼ੱਕਰ' ਦਾ ਹੀ ਕੰਮ ਰਹਿ ਗਿਆ ਹੈ। **ਹਜ਼ਰਤ ਸੁਲਤਾਨ ਬਾਹੂ** ਨੇ ਇਸ ਪ੍ਰਸੰਗ ਵਿਚ ਕਿਹਾ ਹੈ:

ਨਾਮ ਫ਼ਕੀਰ ਤਹੇਂਦਾ ਬਾਹੂ, ਕਬਰ ਜਹੇਂਦੀ ਜੀਵੇ ਹੂ ।।

ਖ਼ੈਰ! ਇਤਿਹਾਸ ਗਵਾਹ ਹੈ ਕਿ ਫ਼ਕੀਰਾਂ ਦੇ ਮਜ਼ਾਰਾਂ 'ਤੇ ਰੋਸ਼ਨੀਆਂ ਹੁੰਦੀਆਂ ਹਨ ਤੇ ਰੌਣਕਾਂ ਲਗਦੀਆਂ ਹਨ; ਪਰ ਬਾਦਸ਼ਾਹਾਂ ਦੀਆਂ ਸੁੰਨਸਾਨ ਕਬਰਾਂ ਦੀਵੇ-ਬੱਤੀ ਨੂੰ ਤਰਸਦੀਆਂ ਹਨ।

ਬਹਿਰਹਾਲ! ਪਰਸੁਆਰਥ ਤੇ ਸੁਆਰਥ ਦੇ ਪ੍ਰਸੰਗ ਵਿਚ ਕਿਸੇ ਵੀ ਸਰਵਿਸ ਦੇ ਸਮੇਂ ਦਾ ਇਕ ਭਲਾ ਯਥਾਰਥ ਇਹ ਵੀ ਹੈ ਕਿ ਡਿਊਟੀ ਦੀਆਂ ਜ਼ਿੰਮੇਵਾਰੀਆਂ ਵਿਚ ਰਚਿਤ-ਖਚਿਤ ਅਧਿਕਾਰੀਆਂ ਦਾ ਮਨ ਘਰੇਲੂ ਫ਼ਿਕਰਮੰਦੀਆਂ ਦੀ ਥਾਂ ਡਿਊਟੀ ਦੇ ਰੁਝੇਵਿਆਂ ਵਲ ਲਗਿਆ ਰਹਿੰਦਾ ਹੈ। ਜਿਸ ਕਰਕੇ ਬੰਦੇ ਦਾ ਮਨ ਲੋਕ-ਸੇਵਾ ਦੇ ਸਬੱਬੀ ਪੱਜ ਨਾਲ ਨਿੱਜੀ ਦੁਸ਼ਵਾਰੀਆਂ ਦੇ ਸਨਮੁੱਖ ਰਾਹਤ ਦਾ ਰਾਹ ਲੱਭ ਲੈਂਦਾ ਹੈ। ਇਸ ਤੋਂ ਇਲਾਵਾ ਸੱਚਾਈ ਇਹ ਵੀ ਹੈ ਕਿ ਮੁਲਾਜ਼ਮਤ ਦਾ ਜੂਲਾ ਚੁੱਕ-ਚੁੱਕ ਕੇ ਬੰਦੇ ਦੇ ਕੰਨ੍ਹਾਂ ਹੀ ਇੰਨਾਂ ਪਕਰੋੜ ਹੋ ਜਾਂਦਾ ਹੈ ਕਿ ਮਾੜੀ-ਮੋਟੀ ਸਿਤਮਜ਼ਰੀਫੀ ਤਾਂ ਮਾੜੀ ਹੀ ਨਹੀਂ ਲਗਦੀ ।

ਇਉਂ ਫਿਰ ਜਿੰਨ੍ਹਾਂ ਅਧਿਕਾਰੀਆਂ ਜਾਂ ਕਰਮਚਾਰੀਆਂ ਨੂੰ ਆਪਣੇ ਕਿੱਤੇ ਜਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਕੰਮ ਤੋਂ ਸੰਤੁਸ਼ਟੀ ਮਿਲ਼ਦੀ ਹੈ, ਉਹ ਲੋਕ ਸੇਵਾ ਦੀਆਂ ਜ਼ਿੰਮੇਵਾਰੀਆਂ ਵਿਚ ਇੰਨੇ ਰੁਝ ਜਾਂਦੇ ਹਨ ਕਿ ਉਨ੍ਹਾਂ ਨੂੰ ਦਰਪੇਸ਼ ਦੁਸ਼ਵਾਰੀਆਂ ਤਕਰੀਬਨ ਭੁੱਲ ਹੀ ਜਾਂਦੀਆਂ ਹਨ। ਇਸ ਤਰ੍ਹਾਂ ਫਿਰ ਉਨ੍ਹਾਂ ਵਾਸਤੇ ਤਾੜੀ ਮਾਰਕੇ ਔਖੀ-ਘੜੀ ਲੰਘਾਉਣਾ ਤੇ ਜਿਉਣਾ ਸੁਖੱਲਾ ਹੋ ਜਾਂਦਾ ਹੈ। ਇਸ ਵਾਸਤੇ ਸਰਵਿਸ ਦਾ ਸਕੂਨ ਤੇ ਲੋਕ ਸੇਵਾ ਦੇ ਕੰਮ ਕਰਮਚਾਰੀਆਂ ਨੂੰ ਫੁੱਲਫਿਲਮੈਂਟ ਅਰਥਾਤ ਦਿਲੀ-ਸੰਤੁਸ਼ਟੀ ਦੇ ਇਕ ਹੁਲਾਰੇ-ਹੁਲਾਸ ਵਰਗਾ ਅਹਿਸਾਸ ਦਿੰਦੇ ਹਨ। ਇਸ ਵਾਸਤੇ ਸਰਕਾਰੀ ਸੇਵਾ ਤੋਂ ਬਾਅਦ ਹੀ ਨਹੀਂ, ਸਗੋਂ ਕਬੀਲਦਾਰੀ ਦੇ ਰੁਝੇਵਿਆਂ ਤੋਂ ਵੀ ਰਿਟਾਇਰਮੈਂਟ ਜਿਹੀ ਨਿਜਾਤ ਪਾਉਣ ਲਈ ਕੋਈ ਨਾ ਕੋਈ ਸਿਰਜਾਣਤਮਿਕ ਤੇ ਸਾਰਥਿਕ ਰੁਝੇਵਾਂ ਲੱਭਣਾ ਬੜਾ ਲਾਭਕਾਰੀ ਸਿੱਧ ਹੁੰਦਾ ਹੈ।

ਜ਼ਾਹਿਰ ਹੈ ਕਿ ਕੋਈ ਵੀ ਧਾਰਮਿਕ, ਸਾਹਿਤਕ ਜਾਂ ਕੋਈ ਹੋਰ ਸਮਾਜ ਸੇਵਾ ਦਾ ਰੁਝੇਵਾਂ ਲੱਭਣ ਅਤੇ ਜਨੂੰਨੀ ਬਿਰਤੀ ਸਹਿਤ ਲੋਕ ਸੇਵਾ ਦਾ ਕੋਈ ਵੀ ਫ਼ਰਜ਼ ਨਿਭਾਉਣ ਨਾਲ ਤੁਹਾਡੇ ਮਨ ਦੀ ਚਾਹਤ ਤੇ ਖ਼ਾਹਿਸ਼ ਵੀ ਪੂਰੀ ਹੋ ਜਾਂਦੀ ਹੈ ਅਤੇ ਤੁਹਾਡਾ ਮਨਪਸੰਦ ਰੁਝੇਵਾਂ ਤੁਹਾਡਾ ਧਿਆਨ ਦੁਨੀਆਂ ਭਰ ਦੇ ਨਿੱਜੀ ਝਮੇਲਿਆਂ ਤੋਂ ਹਟਾ ਕੇ ਤੁਹਾਨੂੰ ਦਿਲੀ-ਰਾਹਤ ਤੇ ਮਾਨਸਿਕ ਸਕੂਨ ਦਿੰਦਾ ਹੈ। ਇਉਂ ਮੈਂ ਅਕਸਰ ਹੀ ਮੈਨੂੰ ਸੌਂਪੇ ਗਏ ਕੰਮ ਨੂੰ ਜਨੂਨ ਦੀ ਹੱਦ ਤੱਕ ਕਰਨ ਦਾ ਆਦੀ ਰਿਹਾ ਹਾਂ।

ਇਸ ਸਿਲਸਿਲੇ ਵਿਚ ਮੈਨੂੰ ਕਿਸੇ ਸਮਾਜਸੇਵੀ ਕਵਿਤਰੀ ਨੇ '25ਵੇਂ ਘੰਟੇ ਦਾ ਆਦਮੀ' ਕਿਹਾ ਸੀ ਕਿਉਂਕਿ ਉਸ ਦੇ ਵਿਚਾਰ ਅਨੁਸਾਰ ਮੈਂ ਦਿਨ ਦੇ 24 ਘੰਟੇ ਤਾਂ ਮੈਂ ਲੋਕਾਂ ਦਾ ਬੰਦਾ ਬਣ ਕੇ ਆਪਣੇ ਆਪ ਤੋਂ ਬਾਹਰਾ ਹੋ ਕੇ ਸਮਾਜ ਲਈ ਵਿਚਰਦਾ ਤੇ ਕੰਮ ਕਰਦਾ ਸੀ। ਮੇਰੇ ਕੰਮ-ਕਾਰ ਦੇ ਢੰਗ-ਤਰੀਕੇ ਬਾਰੇ ਉਸ ਦਾ ਖਿਆਲ ਸੀ ਕਿ ਮੈਨੂੰ ਲੋਕਾਂ ਦੇ ਕੰਮ ਕਰਨ ਵੇਲੇ ਸੱਚੀਂ-ਮੁੱਚੀਂ ਕੋਈ ਓਪਰੀ ਜਿਹੀ ਪੌਣ ਆਈ ਹੁੰਦੀ ਸੀ। ਉਸ ਭਲੀ-ਲੋਕ ਦੀ ਸੋਚ ਮੁਤਾਬਿਕ ਮੈਂ 'ਦਿਨ ਦੇ 25ਵੇਂ ਘੰਟੇ' ਵਿਚ ਹੀ ਆਪਣੇ ਵਜਦ ਤੋਂ ਵਾਪਿਸ ਵਜੂਦ ਵਿਚ ਆ ਕੇ ਆਪਣੇ ਪਰਿਵਾਰ ਤੇ ਪਿਆਰੇ ਸੱਜਣ ਸਨੇਹੀਆਂ ਲਈ ਕੁਝ ਸੋਚਦਾ, ਬੋਲਦਾ ਤੇ ਜਾਂ ਕੁਝ ਕਰਦਾ ਹਾਂ।

ਬੇਸ਼ੱਕ ਜ਼ਮਾਨੇਸਾਜ਼ੀ ਦੇ ਲਿਹਾਜ਼ ਨਾਲ ਆਪਣੇ ਨਿਜੀ ਸੁਆਰਥ ਅਤੇ ਆਪਣੇ ਆਪ ਨੂੰ ਭੁੱਲ ਕੇ ਇਕ ਵਜਦ ਜਿਹੇ ਵਿਚ ਕੰਮ ਕਰਨ ਵਾਲੇ ਬੰਦੇ ਦੁਨੀਆਂਦਾਰੀ ਦੇ ਪੱਖੋਂ ਬਹੁਤੇ ਕਾਮਯਾਬ ਨਾ ਬਣ ਸਕਣ, ਪਰ ਅਜਿਹੇ ਪਰਸੁਆਰਥੀ ਸਮਾਜਸੇਵੀ ਸਮਾਜ ਵਿਚ ਆਪਣਾ ਨਾਮ ਜ਼ਰੂਰ ਉਜਾਗਰ ਕਰ ਜਾਂਦੇ ਹਨ। ਮੰਨਿਆ ਕਿ ਅਜਿਹੇ ਭਲੇ ਮਾਣਸ ਲੋਕਾਂ ਦੀ ਗਿਣਤੀ ਸਮਾਜ ਦੇ ਫੰਨੇ ਖਾਂ ਕਹਾਉਂਦੇ ਘੜੰਮ ਚੌਧਰੀਆਂ ਵਿਚ ਨਹੀਂ ਹੁੰਦੀ, ਪਰ ਇੰਨ੍ਹਾਂ ਦਾ ਸ਼ੁਮਾਰ ਨੇਕ-ਨੀਅਤ ਭਦਰ ਪੁਰਸ਼ਾਂ ਵਿਚ ਜ਼ਰੂਰ ਹੁੰਦਾ ਹੈ। ਭਾਵੇਂ ਕੁਝ ਲੋਕ ਅਜਿਹੇ ਸ਼ਰੀਫ਼ ਬੰਦਿਆਂ ਦੀ ਇਸ ਨੀਤੀ ਨੂੰ ਐਸਕੇਪਿਸਟ ਪਾਲਿਸੀ ਭਾਵ ਟਾਲਾ-ਵਟੂ ਜਾਂ ਡਰੂ-ਡਰੋਕਲ ਜਿਹੀ ਮਾਨਵੀ ਕਮਜ਼ੋਰੀ ਨਾਲ ਤਸ਼ਬੀਹ ਦੇਣ, ਪਰ ਦਰਅਸਲ ਯਥਾਰਥ ਇਹ ਵੀ ਹੈ ਕਿ ਰਾਹ ਵਿਚ ਆਉਂਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਕੰਡਿਆਂ ਤੇ ਝਾੜਿਆਂ ਨੂੰ ਕੁੱਟਣ ਜਾਂ ਉਲਝਣ ਦੀ ਬਜਾਏ ਪਾਸਾ ਵੱਟ ਕੇ ਲੰਘ ਜਾਣ ਵਾਲੇ ਭਲੇਮਾਣਸ ਲੋਕ ਆਮ ਤੌਰ 'ਤੇ ਇਨਸਾਨੀਅਤ ਦੀ ਮੰਜ਼ਿਲ 'ਤੇ ਛੇਤੀ ਪਹੁੰਚ ਜਾਂਦੇ ਹਨ।

ਇਸ ਚਲ ਰਹੇ ਪ੍ਰਸੰਗ ਵਿਚ ਮੇਰਾ ਨਿੱਜੀ ਅਕੀਦਾ ਹੈ ਕਿ ਅੱਜ-ਕੱਲ੍ਹ ਦੇ ਬੱਚੇ ਵੀ ਵੱਡਿਆਂ ਨੂੰ ਸਹੀ ਸਲਾਹ ਦੇਣ ਦੇ ਸਮਰਥ ਹਨ; ਬਸ਼ਰਤੇ ਅਸੀਂ ਉਨ੍ਹਾਂ ਦੀ ਰਾਏ ਦੀ ਕਦਰ ਪਾਈਏ। ਪਿਛਲੇ ਕੁਝ ਸਾਲਾਂ ਵਿਚ ਮੇਰੇ ਬੇਟੇ ਅਮਨਬੀਰ ਨੇ ਮੈਨੂੰ ਕਈ ਵਾਰ ਕਿਹਾ ਹੈ: "ਪਾਪਾ! ਰਿਟਾਇਰਮੈਂਟ ਤੋਂ ਬਾਅਦ ਤਾਂ ਹੁਣ ਤੁਹਾਨੂੰ ਕੋਈ ਗ਼ੈਰਜ਼ਰੂਰੀ ਬੰਦਸ਼ਾਂ ਨਹੀਂ ਹਨ, ਇਸ ਵਾਸਤੇ ਹੋਰ ਵੀ ਵਧੀਆ ਮੌਕਾ ਹੈ ਕਿ ਤੁਸੀਂ ਆਪਣੀ ਜ਼ਮੀਰਪਸੰਦੀ ਤੇ ਅਸੂਲਪ੍ਰਸਤੀ ਅਨੁਸਾਰ ਹੁਣ ਨਵੇਂ ਸਿਰੇ ਤੋਂ ਮਨਭਾਉਂਦੇ ਤਰੀਕੇ ਨਾਲ ਜਿਉਣਾ ਸਿਖ ਲਵੋ"। ਇਉਂ ਜਿਹੇ ਹੀ ਕਦੇ ਵੱਡਾ ਬੇਟਾ ਦਮਨਬੀਰ ਵੀ ਕਹਿੰਦਾ ਹੈ ਕਿ ਪਾਪਾ ਜੀ ਰਿਟਾਇਰਮੈਂਟ ਤੋਂ ਬਾਅਦ ਤੁਸੀਂ ਹੁਣ ਵਰਤਮਾਨ ਨੂੰ ਫਿਰ ਪਹਿਲਾਂ ਵਾਂਗ ਹੀ ਤਾੜੀ ਮਾਰਕੇ ਜੀਵੋ।

ਖ਼ੈਰ! ਕਦੇ-ਕਦੇ ਬੱਚਿਆਂ ਦੀਆਂ ਇਹ ਗੱਲਾਂ ਬੇਸ਼ੱਕ ਸੁਣਨ ਨੂੰ ਤਾਂ ਭਾਵੇਂ ਗੁਸਤਾਖ਼ੀ ਭਰੀਆਂ ਲਗਦੀਆਂ ਹਨ, ਪਰ ਇਹ ਸੌ-ਫ਼ੀ-ਸਦੀ ਸੱਚੀਆਂ ਵੀ ਹਨ। ਖ਼ਾਸ ਕਰਕੇ ਜੇ ਅਸੀਂ ਇਹ ਸਮਝਣ ਤੇ ਮੰਨਣ ਨੂੰ ਤਿਆਰ ਹੋਈਏ ਕਿ ਵਰਤਮਾਨ ਸਮੇਂ ਦੇ ਸਾਡੇ ਬੱਚੇ ਵਾਕਿਆ ਹੀ ਆਪਣੇ ਆਲੇ-ਦੁਆਲੇ ਦੇ ਮਾਹੌਲ ਪ੍ਰਤੀ ਹੁਣ ਸਾਡੇ ਨਾਲੋਂ ਵੱਧ ਸੁਚੇਤ, ਸਿਆਣੇ ਤੇ ਸੁਲੱਗ ਹਨ।

ਖ਼ੈਰ! ਇਥੇ ਜ਼ਿਕਰਯੋਗ ਹੈ ਕਿ ਜਿਵੇਂ ਵੇਦਾਂ ਗ੍ਰੰਥਾਂ ਵਿਚ ਲਿਖਿਆ ਹੈ ਕਿ 'ਤਪੋਂ ਰਾਜ, ਰਾਜੋਂ ਨਰਕ' ਮਿਲਦਾ ਹੈ, ਬੱਸ ਠੀਕ ਉਸ ਅਨੁਸਾਰ ਹੀ ਰੱਬ ਰਿਟਾਇਰਮੈਂਟ ਤੋਂ ਬਾਅਦ ਜਿਉਂਦੇ ਜੀ ਹੀ ਅਖੀਰ ਵਿਚ ਜਨਾਬ-ਅਫ਼ਸਰਾਂ ਨੂੰ ਤਪੋਂ ਰਾਜ ਤੇ ਫਿਰ ਰਾਜ ਤੋਂ ਨਰਕ ਦੇ ਜਲਵੇ ਮਾਤਰ ਨਜ਼ਾਰੇ ਦਿਖਾ ਦਿੰਦਾ ਹੈ। ਫਿਰ ਉਨ੍ਹਾਂ ਨੂੰ ਦੇਰ ਆਏ ਦਰੁਸਤ ਆਏ ਦੀ ਸਿਆਣਪ ਅਨੁਸਾਰ 'ਇਸ਼ਕ ਨੇ ਗਾਲਿਬ ਨਿਕੰਮਾ ਕਰ ਦੀਆ ਵਰਨਾ ਹਮ ਭੀ ਆਦਮੀ ਥੇ ਕਾਮ ਕੇ' ਵਰਗੀ ਸੱਚਾਈ ਦਾ ਅਹਿਸਾਸ ਹੁੰਦਾ ਹੈ ਕਿ ਉਹ ਸਾਰੀ ਉਮਰ 'ਸਰ' ਤਾਂ ਬਣੇ ਰਹੇ, ਪਰ ਬੰਦੇ ਨਾ ਬਣ ਸਕੇ।

ਮੁੱਕਦੀ ਗੱਲ ਤਾਂ ਇਹ ਹੈ ਕਿ ਜਿਹੜੇ ਜਨਾਬ ਸਾਰੀ ਸਰਵਿਸ ਦੌਰਾਨ ਦੁਨਿਆਵੀ ਟੌਹਰ ਸਦਕਾ ਨਿੱਤ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਸਨ ਤੇ ਅਕਸਰ ਆਪਣੇ ਕਿਸੇ ਨਾ ਕਿਸੇ ਅਖੌਤੀ ਮਾਅਰਕੇ ਦੇ ਕਾਰਨ ਛਪਦੇ ਰਹਿੰਦੇ ਸਨ। ਹੁਣ ਬੱਸ ਅਚਨਚੇਤੀ ਜਿਹੇ ਹੀ ਇਕ ਦਿਨ ਹਸਪਤਾਲ ਵਿਚ ਭਰਤੀ ਦੀ ਖਬਰ ਨਾਲ ਪ੍ਰਗਟ ਹੁੰਦੇ ਹਨ। ਅਜਿਹੀਆਂ ਅਨੇਕਾਂ ਹੀ ਉਦਾਹਰਣਾਂ ਹਨ ਕਿ ਜਦੋਂ ਬਹੁਤ ਸਾਰੇ ਕਹਿੰਦੇ-ਕਹਾਉਂਦੇ ਫੰਨੇ ਖਾਂ ਅਫ਼ਸਰ ਰਿਟਾਇਰਮੈਂਟ ਤੋਂ ਬਾਅਦ ਪਹਿਲਾਂ ਤਾਂ ਜਲਾਵਤਨੀ ਵਰਗੀ ਗੁੰਮਨਾਮੀ ਵਿਚ ਰਹਿੰਦੇ ਹਨ ਤੇ ਫਿਰ ਇਕ ਦਿਨ ਅਚਾਨਕ ਹੀ "ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ, ਸਚੀ ਦਰਗਹਿ ਜਾਇ ਸਚਾ ਪਿੜ



Original with;
Kulbir Singh Sidhu(I.A.S)
Digitized by;
Panjab Digital Library

ਮੱਲਿਆ" ਵਰਗੀ ਖ਼ਬਰ ਨਾਲ ਸ਼ਰਧਾਂਜਲੀ ਕਾਲਮ ਵਿਚ ਹੀ ਦਿਸਦੇ ਹਨ।

ਫਿਰ ਸਮਾਜ ਵਿਚ ਕੋਈ ਉਸਾਰੂ ਤੇ ਸਾਰਥਕ ਕਾਰਜ ਕਰਨ ਵਾਲੇ ਅਜਿਹੇ ਲੋਕਾਂ ਦੇ ਕੂਚ ਕਰ ਜਾਣ 'ਤੇ ਮੁੱਖ ਮੰਤਰੀ ਜੀ ਦੇ 'ਨਾ ਪੂਰਾ ਹੋਣ ਵਾਲਾ ਘਾਟਾ' ਜਿਹੇ ਘੜੇ-ਘੜਾਏ ਬਿਆਨ ਨੂੰ ਲੋਕ ਸੰਪਰਕ ਵਿਭਾਗ ਵਾਲੇ 'ਐਵਰੈਡੀ ਬੈਟਰੀ ਸੈੱਲ' ਵਾਂਗੂੰ ਹਮੇਸ਼ਾ ਤਿਆਰ-ਬਰ-ਤਿਆਰ ਪ੍ਰੈੱਸ ਨੋਟ ਦਾਗ ਦਿੰਦੇ ਹਨ। ਭਾਵੇਂ ਸੱਚਾਈ ਇਹ ਹੁੰਦੀ ਹੈ ਕਿ ਸਰਕਾਰ ਨੇ ਅਜਿਹੇ ਪ੍ਰਸ਼ਾਸਨਿਕ ਤੇ ਸਮਾਜਿਕ ਖੇਤਰ ਦੇ ਚੰਗਿਆਂ ਬੰਦਿਆਂ ਦੀ ਕਦੇ ਭੁੱਲ ਕੇ ਵੀ ਸਾਰ ਨਹੀਂ ਲਈ ਹੁੰਦੀ। ਬੱਸ! ਰੱਬ ਖੈਰ ਹੀ ਕਰੇ।

ਬਹਿਰਹਾਲ! ਸ਼ਾਇਰ **ਅਕਬਰ ਇਲਾਹਾਬਾਦੀ** ਦੇ ਸ਼ਬਦਾਂ ਵਿਚ ਅਫ਼ਸਰਸ਼ਾਹੀ ਦੇ ਇਸ ਸਾਰੇ ਸਫ਼ਰਨਾਮੇ ਦਾ ਹੀਜ-ਪਿਆਜ਼ ਇਉਂ ਨਸ਼ਰ ਕੀਤਾ ਹੈ ਕਿ:-

*"ਹਮ ਕਯਾ ਕਹੇਂ ਅਹਬਾਬ ਕਯਾ ਕਾਰ-ਏ-ਨੁਮਾਇਆ ਕਰ ਗਏ*
*ਬੀ.ਏ ਹੂਏ, ਨੌਕਰ ਹੂਏ, ਪੈਨਸ਼ਨ ਮਿਲੀ, ਫਿਰ ਮਰ ਗਏ।"*

ਪਰ ਇਸ ਸੰਦਰਭ ਵਿਚ ਇਹ ਵੀ ਸਮਝਣ ਵਾਲੀ ਗੱਲ ਹੈ ਕਿ ਸਭ ਨੇ ਪਹਿਲਾਂ ਤਾਂ ਨੌਕਰੀ ਤੋਂ ਰਿਟਾਇਰ ਹੋਣਾ ਹੀ ਹੈ ਅਤੇ ਫਿਰ ਦੁਨੀਆਂ ਤੋਂ ਵੀ ਰੁਖ਼ਸਤ ਹੋਣਾ ਹੈ। ਜਿਹੜੇ ਕੁਝ ਕੁ ਅਧਿਕਾਰੀ ਤੇ ਕਰਮਚਾਰੀ ਲੋਕ ਸੇਵਾ ਨੂੰ ਇਕ ਰੱਬੀ ਮਿਸ਼ਨ ਸਮਝ ਕੇ ਪੂਰੀ ਪ੍ਰਤੀਬੱਧਤਾ ਤੇ ਵਚਨਬੱਧਤਾ ਨਾਲ ਕਰਦੇ ਹਨ, ਉਨ੍ਹਾਂ ਦਾ ਸਮਾਜ ਵਿਚ ਨਾਮ ਰਹਿੰਦਾ ਹੈ। ਇਸ ਪ੍ਰਸੰਗ ਵਿਚ ਜਦੋਂ ਸਰਕਾਰੀ ਤੌਰ 'ਤੇ ਚੰਗੇ ਸਮਾਜ-ਸੇਵਕ ਅਫ਼ਸਰਾਂ ਨੂੰ 'ਸੇਵਾਮੁਕਤ' ਕਿਹਾ ਜਾਂਦਾ ਹੈ ਤਾਂ ਮੈਨੂੰ ਖ਼ਿਆਲ ਆਉਂਦਾ ਹੈ ਕਿ ਅਜਿਹੇ ਅਫ਼ਸਰਾਂ ਨੂੰ ਜੇ ਤੁਸੀਂ ਸੇਵਾਮੁਕਤ ਜ਼ਰੂਰ ਹੀ ਕਹਿਣਾ ਹੈ ਤਾਂ ਬਿਹਤਰ ਇਹ ਹੋਵੇਗਾ ਕਿ ਇਨ੍ਹਾਂ ਨੂੰ 'ਦੋਸ਼-ਯੁਕਤ ਸਰਕਾਰੀ ਸੇਵਾਮੁਕਤ' ਕਹਿਣਾ ਚਾਹੀਦਾ ਹੈ। ਮੇਰੇ ਵਿਚਾਰ ਵਿਚ ਇਨ੍ਹਾਂ ਨੇਕਬਖ਼ਤ ਅਫ਼ਸਰਾਂ ਨੂੰ ਸਮਾਜਸੇਵਾ ਤੋਂ ਮੁਕਤ ਕਦੇ ਵੀ ਨਹੀਂ ਕਹਿਣਾ ਚਾਹੀਦਾ ਕਿਉਂਕਿ ਲੋਕ ਸੇਵਾ ਤੇ ਸਮਾਜ ਭਲਾਈ ਨੂੰ ਸਮਰਪਿਤ ਅਜਿਹੇ ਅਧਿਕਾਰੀ ਕਦੇ ਵੀ ਸੇਵਾਮੁਕਤ ਨਹੀਂ ਹੁੰਦੇ। ਆਮੀਨ!!



*Original with;*
Kulbir Singh Sidhu(I.A.S)
*Digitized by;*
Panjab Digital Library

# ਦੇਸ਼ ਨੂੰ ਪੈ ਗਏ ਮਾਮਲੇ ਭਾਰੀ

ਸਾਡੇ ਦੇਸ਼ ਦੇ ਮੌਜੂਦਾ ਦੌਰ ਵਿਚ ਦੇਸ਼-ਵਿਆਪੀ ਭ੍ਰਿਸ਼ਟਾਚਾਰ, ਕਾਲੇ ਧਨ, ਰਿਸ਼ਵਤਖੋਰੀ ਤੇ ਮਹਿੰਗਾਈ ਵਰਗੇ ਮਾਮਲੇ ਧੁਖਦੇ-ਧੁਖਦੇ ਹੁਣ ਭਾਂਬੜ ਬਣ ਚੁਕੇ ਹਨ। ਫਿਰ ਇਸ ਸੰਦਰਭ ਵਿਚ ਜਦੋਂ ਸਾਡੇ ਰਾਜਨੀਤਿਕ ਆਗੂ ਆਪਣੇ ਲੋਕਾਂ ਪ੍ਰਤੀ ਆਪਣੇ ਫਰਜ਼ ਤੇ ਜ਼ਿੰਮੇਵਾਰੀ ਅਨੁਸਾਰ ਆਪਣੇ ਦੇਸ਼ ਵਾਸੀਆਂ ਨੂੰ ਕੋਈ ਰਾਹਤ ਨਹੀਂ ਦੇ ਰਹੇ ਤਾਂ ਲੋਕਾਂ ਦੀ ਪ੍ਰੇਸ਼ਾਨੀ ਤੇ ਰੋਹ ਹੋਰ ਵੀ ਵਧਦਾ ਜਾ ਰਿਹਾ ਹੈ। ਸਗੋਂ ਇਹ ਸਥਿਤੀ ਹੁਣ ਦੇਸ਼ ਦੇ ਸਾਰੇ ਸੂਬਿਆਂ ਵਿਚ ਹੀ ਬਣੀ ਹੋਈ ਹੈ। ਇਸ ਪੱਖੋਂ ਪੰਜਾਬ ਵੀ ਕੋਈ ਅਲੂਣਾ ਨਹੀਂ ਰਿਹਾ, ਸਗੋਂ ਪੰਜਾਬ ਵਿਚ ਦੂਜੇ ਸੂਬਿਆਂ ਨਾਲੋਂ ਵੱਧ ਖੁਸ਼ਹਾਲੀ ਤੇ ਬਿਹਤਰ ਰਹਿਣ-ਸਹਿਣ ਦੇ ਹਿਸਾਬ ਨਾਲ ਇਥੇ ਰਿਸ਼ਵਤਖੋਰੀ, ਮੁਨਾਫ਼ੇਖੋਰੀ, ਨਸ਼ਾਖੋਰੀ, ਬੇਰੁਜ਼ਗਾਰੀ ਤੇ ਕਾਲੇ ਧਨ ਵਰਗੀਆਂ ਜ਼ਹਿਮਤਾਂ ਦੀ ਬਹੁਤਾਤ ਹੈ।

ਸਿਰੇ ਦੀ ਗੱਲ ਤਾਂ ਇਹ ਹੈ ਕਿ ਕਦੇ ਪੰਜਾਬ ਸਾਰੇ ਦੇਸ਼ ਦੇ ਸਰਹੱਦੀ ਮਸਲਿਆਂ ਤੋਂ ਲੈ ਕੇ ਅੰਨ-ਭੰਡਾਰਾਂ ਤੇ ਪਾਣੀਆਂ ਜਿਹੇ ਮਸਲਿਆਂ ਨੂੰ ਅਮੋਘ-ਅਸਤਰ ਬਣ ਕੇ ਹੱਲ ਕਰਦਾ ਸੀ। ਹੁਣ ਇਹ ਦੇਸ਼ ਦਾ ਸਿਰਮੌਰ ਸੂਬਾ ਪੰਜਾਬ ਆਪਣੇ ਹੀ ਧੁਖਦੇ-ਭਖਦੇ ਮਸਲਿਆਂ ਵਿਚ ਘਿਰਿਆ ਖ਼ੁਦ ਆਪ ਹੀ ਭਖਦਾ ਪਿਆ ਹੈ। ਅਜ ਸਾਡਾ ਸੋਹਣਾ ਪੰਜਾਬ ਆਪਣੇ ਹੀ ਮਸਲਿਆਂ ਵਿਚ ਉਲਝਿਆ ਪਿਆ ਹੈ ਤੇ ਦੁਨੀਆਂ ਦੀ ਨਜ਼ਰਾਂ ਵਿਚ ਆਪਣੇ-ਆਪ ਵਿਚ ਹੀ ਇਕ ਵੱਡਾ ਮਸਲਾ ਬਣ ਕੇ ਰਹਿ ਗਿਆ ਹੈ। ਬੇਸ਼ੱਕ ਜਨਤਾ-ਜਨਾਰਧਨ ਵਲੋਂ ਭ੍ਰਿਸ਼ਟਾਚਾਰ ਦੇ ਵਿਰੁੱਧ ਇਕ ਚੇਤਨਾ ਭਰੀ ਜੱਦੋ-ਜਹਿਦ ਆਰੰਭ ਹੋ ਚੁਕੀ ਹੈ, ਪਰ ਇਹ ਸ਼ੁਰੂਆਤੀ ਪੜਾਅ ’ਤੇ ਹੀ ਹੈ, ਜਦੋਂ ਕਿ ਇਸ ਦਾਵਾਨਲੀ ਅੱਗ ਦੇ ਸੰਤਾਪ ਵਿਰੁੱਧ ਜੰਗੀ ਪੱਧਰ ’ਤੇ ਸੰਗਰਾਮ ਵਿੱਢਣ ਦੀ ਲੋੜ ਹੈ।

ਜਦੋਂ ਕਿ ਹਾਲੇ ਵੀ ਅਸੀਂ ਇਸ ਭ੍ਰਿਸ਼ਟਾਚਾਰੀ ਨਿਜ਼ਾਮ ਦੇ ਵਿਰੁੱਧ ਸੰਗਰਾਮ ਦੇ ਪ੍ਰਸੰਗ ਵਿਚ ਇਹ ਕਹਿਣ ਨਾਲ ਹੀ ਆਪਣੀ ਤਸੱਲੀ ਕਰ ਲੈਂਦੇ ਹਾਂ ਕਿ ਕੇਂਦਰ ਵਿਚ ਭ੍ਰਿਸ਼ਟਾਚਾਰ, ਘੁਟਾਲੇ ਤੇ ਕਾਲੇ ਧਨ ਦੀ ਸਮੱਸਿਆ ਸਾਡੇ ਨਾਲੋਂ ਵੱਧ ਹੈ। ਫਿਰ ਸਾਡੇ ਆਗੂ ਇਹ ਵੀ ਹਾਲ-ਪਾਰ੍ਹਿਆ ਮਚਾ ਰਹੇ ਹਨ ਕਿ ਸਾਡੀਆਂ ਜਿੰਨੀਆਂ ਵੀ ਸਮੱਸਿਆਵਾਂ ਹਨ, ਉਹ ਕੇਂਦਰ ਸਰਕਾਰ ਦੇ ਕਾਰਨ ਹੀ ਹਨ। ਇਹ ਸਥਿਤੀ ਹੁਣ ਅਮਲੀ ਦੀ ਰਜ਼ਾਈ ਨੂੰ ਅੱਗ ਲੱਗਣ ਵਾਂਗ ਬਣੀ ਹੋਈ ਹੈ। ਇਕ ਵਾਰ ਚਿਲ੍ਮ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਚੰਗਿਆੜੀ ਨਾਲ ਇਕ ਅਮਲੀ ਦੀ ਰਜ਼ਾਈ ਧੁਖਣ ਲੱਗ ਪਈ, ਪਰ ਉਹ ਕਹੀ ਜਾਵੇ ਕਿ ਗੁਆਂਢੀ ਕਿੰਨੇ ਆਲਸੀ ਹਨ ਕਿ ਬਸੰਤਰ ਦੇਵਤਾ ਨੂੰ ਠੰਢਾ ਨਹੀਂ ਕਰ ਰਹੇ। ਜਦੋਂ ਸੇਕ ਉਸ ਦੀ ਦਾੜ੍ਹੀ ਤੱਕ ਆ ਪਹੁੰਚਿਆ ਤਾਂ ਜਾ ਕੇ ਉਸ ਨੂੰ ਸਮਝ ਆਈ ਨ੍ਹਿਕ ਭਾਈ ਅੱਗ ਤਾਂ ਆਪਣੇ ਹੀ ਘਰ ਲੱਗੀ ਹੈ। ਇਸ ਉਪਰੰਤ ਹੀ ਉਸ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਕਿ ਇਸ ਅੱਗ ਨੂੰ ਛੇਤੀ ਬੁਝਾਓ।

ਇਉਂ ਹੀ ਅਸੀਂ ਤਕਰੀਬਨ 30-40 ਵਰ੍ਹੇ ਤੋਂ ਇਹ ਕਹਿੰਦੇ ਰਹੇ ਹਾਂ ਕਿ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮੁਨਾਫ਼ੇਖੋਰੀ ਤੇ ਜਮਾਂਖੋਰੀ ਜਿਹੇ ਮਸਲੇ ਸਿਰਫ਼ ਇਕੱਲੇ ਸਾਡੇ ਦੇਸ਼ ਵਿਚ ਹੀ ਨਹੀਂ ਹਨ, ਸਗੋਂ ਇਹ ਤਾਂ ਵਿਸ਼ਵਵਿਆਪੀ ਹੀ ਹਨ। ਪਰ ਹੁਣ ਜਦੋਂ ਰਿਸ਼ਵਤਖੋਰੀ, ਮਹਿੰਗਾਈ, ਬੇਰੁਜ਼ਗਾਰੀ ਤੇ ਗਰੀਬੀ ਦੇ ਰੂਪ ਵਿਚ ਦੇਸ਼-ਵਿਆਪੀ ਭ੍ਰਿਸ਼ਟਾਚਾਰ ਦੇ ਦਾਵਾਨਲ ਨੇ ਸਾਡੇ ਸਾਰੇ ਅਰਥਚਾਰੇ ਨੂੰ ਪੂਰਨ ਤੌਰ ’ਤੇ ਹੀ ਗਰੱਸ ਲਿਆ ਹੈ ਤਾਂ ਸਾਨੂੰ ਕੁਝ ਸੁਰਤ-ਸੋਝੀ ਆਉਣ ਲੱਗੀ ਹੈ। ਹੁਣ ਗਾਂਧੀਵਾਦੀ ਅੰਨਾ ਹਜ਼ਾਰੇ, ਯੋਗ ਗੁਰੂ ਬਾਬਾ ਰਾਮਦੇਵ ਤੇ ਕੇਜਰੀਵਾਲ ਵਰਗੇ ਭ੍ਰਿਸ਼ਟਾਚਾਰ ਦੇ ਵਿਰੁੱਧ ਅਮੋਘ ਅਸਤਰ ਦੇ ਰੂਪ ਵਿਚ ਲੋਕਪਾਲ ਬਿੱਲ ਲਿਆਉਣ ਲਈ ਕੇਂਦਰੀ ਸਰਕਾਰ ਨੂੰ ਦੇਸ਼ ਦਾ ਵਿਧਾਨ-ਕਾਨੂੰਨ ਸਮਝਾਉਣ ਲੱਗੇ ਹਨ ਅਤੇ ਨਵੀਆਂ-ਨਵੀਆਂ ਨੀਤੀਆਂ ਦੇ ਰਹੇ ਹਨ।

ਇਸ ਪ੍ਰਥਾਇ ਭ੍ਰਿਸ਼ਟਾਚਾਰ ਬਨਾਮ ਲੋਕਪਾਲ ਬਿੱਲ ਦੇ ਇਸ ਭਾਰੇ ਮੁਕੱਦਮੇ ਵਿਚ ਕੁੱਝ ਕੁ ਸਵਾਲ ਉਭਰ ਕੇ ਸਾਹਮਣੇ ਆ ਰਹੇ ਹਨ ਕਿ ਸਰਕਾਰਾਂ ਇਨ੍ਹਾਂ ਅੰਦੋਲਨਕਾਰੀਆਂ ਨੂੰ ਨੀਤੀ-ਘਾੜੇ ਹੋਣ ਵਰਗਾ ਸਿਹਰਾ ਕਿਉਂ ਦੇ ਰਹੀਆਂ ਹਨ? ਕੀ ਅੰਨਾ ਲੋਕਪਾਲ ਬਿੱਲ ਬਾਰੇ ਦੇਸ਼ ਦੀ ਪ੍ਰਸ਼ਾਸਕੀ ਮਸ਼ੀਨਰੀ ਨਾਲੋਂ ਜ਼ਿਆਦਾ ਗਿਆਨ ਤੇ ਜਾਣਕਾਰੀ ਰੱਖਦਾ ਹੈ? ਕੀ ਫਿਰ ਦੇਸ਼ ਦੇ ਕਾਨੂੰਨਾਂ ਅਤੇ ਖਾਸ ਕਰਕੇ ਅੰਤਰਰਾਸ਼ਟਰੀ ਕਾਨੂੰਨਾਂ ਬਾਰੇ ਕੀ ਰਾਮਦੇਵ ਨੂੰ ਸਰਕਾਰ ਤੇ ਅਫ਼ਸਰਾਂ ਨਾਲੋਂ ਵੱਧ ਗਿਆਨਵਾਨ ਹੈ?

ਇਸ ਗਿਆਨ-ਵਿਚਾਰ ਨੂੰ ਸਿੱਧਾ ਤੇ ਸਪਸ਼ਟ ਤੌਰ ’ਤੇ ਹੱਥ ਪਾਉਣ ਲਈ ਸਰਕਾਰ ਨੂੰ ਇਹ ਵੀ ਦੱਸਣ-ਪੁੱਛਣ ਦੀ ਲੋੜ ਹੈ ਕਿ ਸਰਕਾਰ ਇਨ੍ਹਾਂ ਸਾਧੂਆਂ ਦੇ ਸਾਹਮਣੇ ‘ਚੋਰ ਦੀ ਮਾਂ ਕੋਠੀ ਵਿਚ ਮੂੰਹ’ ਦੇ ਅਖਾਣ ਵਾਂਗੂੰ ਚੋਰ-ਮੂੰਹੀ ਜਿਹੀ ਕਿਉਂ ਦਿਸ ਰਹੀ ਹੈ? ਫਿਰ ਸਰਕਾਰ ਇਨ੍ਹਾਂ ਰਾਮਦੇਵ ਤੇ ਅੰਨੇ ਵਰਗੇ ਬਾਬਿਆਂ ਤੋਂ ਡਰ ਵੀ ਰਹੀ ਹੈ। ਸਮਝ ਨਹੀਂ ਆਉਂਦੀ ਕਿ ਸਰਕਾਰ ਇਨ੍ਹਾਂ ਦੀਆਂ ਮਿੰਨਤਾਂ-ਸਮਾਇਤਾਂ ਕਿਉਂ ਕਰ ਰਹੀ ਹੈ? ਪਰ ਬੰਦ ਕਮਰਿਆਂ ਤੇ ਬੰਦ ਦਰਵਾਜ਼ਿਆਂ ਪਿੱਛੇ ਮਿੰਨਤ ਤਰਲਿਆਂ ਦੇ ਬਾਵਜੂਦ ਵੀ ਜਦੋਂ ਇਹ ਲੋਕ ਬਜ਼ਿੱਦ ਹਨ ਤਾਂ ਸਰਕਾਰ ‘ਖਿਸਿਆਨੀ ਬਿੱਲੀ ਖੰਭਾ ਨੋਚੇ’ ਦੀ ਕਹਾਵਤ ਅਨੁਸਾਰ ਇਨ੍ਹਾਂ ਅੱਗੇ ਲੇਲੜੀਆਂ ਕਿਉਂ ਕੱਢ ਰਹੀ ਹੈ?

ਇਸ ਤੋਂ ਅੱਗੇ ਹੋਰ ਸਵਾਲ ਇਹ ਵੀ ਹਨ ਕਿ ਕੀ ਇਨ੍ਹਾਂ ਅੰਦੋਲਨਾਂ ਤੇ ਮਰਨ ਵਰਤਾਂ ਦੀ ਰਿਵਾਇਤ ਸਾਡੀ ਆਪਣੀ ਹੀ ਚਲਾਈ ਹੋਈ ਸ਼ੁੱਧ-ਸਵਦੇਸ਼ੀ ਪ੍ਰੰਪਰਾ



*Original with;*
Kulbir Singh Sidhu(I.A.S)
*Digitized by;*
Panjab Digital Library

ਅਨੁਸਾਰ ਨਹੀਂ ਹੈ? ਇਸ ਲਈ ਹੁਣ ਆਪਣੇ ਗੌਰਵਮਈ ਲੋਕਤੰਤਰੀ ਮੁਜ਼ਾਹਰਿਆਂ ਤੇ ਅੰਦੋਲਨਾਂ ਤੋਂ ਭੈਅ-ਭੀਤ ਹੋਣ ਵਾਲੀ ਕਿਹੜੀ ਗੱਲ ਹੈ? ਇਥੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਸਾਡੀ ਰਾਜਨੀਤੀ ਵਿਚ 'ਦਾਲ ਵਿਚ ਕੁੱਝ ਕਾਲਾ ਹੋਣਾ' ਤਾਂ ਉਰ੍ਹਾਂ ਦੀ ਗੱਲ ਹੈ; ਕੀ ਕਿਤੇ ਸਾਡੀ ਸਾਰੀ ਦਾਲ-ਖਿਚੜੀ ਹੀ ਤਾਂ ਕਾਲੀ ਨਹੀਂ ਹੋ ਗਈ? ਫਿਰ ਸਰਕਾਰ ਨੂੰ ਇਹ ਵੀ ਸੋਚਣਾ ਪੈਣਾ ਹੈ ਕਿ ਕੀ ਹੁਣ ਦੇਸ਼ ਦੇ ਦਰਪੇਸ਼ ਹਰ ਮਸਲੇ ਦਾ ਹੱਲ ਅੰਦੋਲਨਕਾਰੀ ਤੇ ਮਰਨ ਵਰਤ ਰੱਖਣ ਵਾਲੇ ਹੀ ਲੱਭਿਆ ਕਰਨਗੇ? ਵੱਡਾ ਸੁਆਲ ਇਹ ਹੈ ਕਿ ਕੀ ਹੁਣ ਦੇਸ਼ ਦਾ ਸੰਵਿਧਾਨ ਤੇ ਵਿਧਾਨ ਸਰਕਾਰ ਦੀ ਥਾਂ ਸਾਧ ਚਲਾਉਣਗੇ?

ਦੇਸ਼ ਦੀ ਪ੍ਰਸ਼ਾਸਕੀ ਪ੍ਰਣਾਲੀ ਵਿਚ ਇਹ ਅਜਿਹਾ ਨਵੀਂ ਹੀ ਕਿਸਮ ਦਾ ਵਰਤਾਰਾ ਸਿਰਫ਼ ਕੇਂਦਰ ਵਿਚ ਹੀ ਨਹੀਂ ਵਰਤ ਰਿਹਾ। ਸਗੋਂ ਸਟੇਟਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਲੋਕ ਮਨਾਂ ਦੀ ਪ੍ਰੇਸ਼ਾਨੀ ਤੇ ਬੇਚੈਨੀ ਕਿਤੇ ਨਾ ਕਿਤੇ ਵਿਸਫੋਟਿਤ ਹੋ ਰਹੀ ਹੈ। ਪੰਜਾਬ ਵਿਚ ਵੀ ਥਾਂ-ਥਾਂ ਉਤੇ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਰਗ ਨਿੱਤ ਨਵੇਂ ਦਿਨ ਸਰਕਾਰ ਦੀ ਧੱਕਾ-ਮੁੱਕੀ ਦਾ ਸ਼ਿਕਾਰ ਹੋ ਰਹੇ ਹਨ। ਇਥੇ ਵੀ ਥਾਂ-ਥਾਂ 'ਤੇ ਮੁਜ਼ਾਹਰੇ ਤੇ ਧਰਨੇ ਦਿੱਤੇ ਜਾਂਦੇ ਹਨ। ਇਥੋਂ ਤੱਕ ਕਿ ਰਾਜ ਸੱਤਾ ਵਾਲੀ ਪਾਰਟੀ ਦੇ ਗਠਜੋੜ ਵਾਲੇ ਸਾਥੀ ਆਪਣੀ ਹੀ ਸਰਕਾਰ ਦੇ ਵਿਰੁੱਧ ਧਰਨੇ ਮਾਰਦੇ ਹਨ ਤੇ ਫਿਰ ਇਕ-ਦੂਜੇ ਜੂਸ ਪੀਅ-ਪਿਆ ਕੇ ਲੋਕਾਂ ਵਿਚ ਆਪਣੀ ਬੱਲੇ-ਬੱਲੇ ਕਰਵਾਉਂਦੇ ਹਨ।

ਬੁੱਧੀਜੀਵੀ ਅਖਵਾਉਂਦੇ ਅਧਿਆਪਕ ਵਰਗ ਨੇ ਤਾਂ ਪੁਲਿਸ ਦੀਆਂ ਡਾਂਗਾਂ ਤੋਂ ਬਚਣ ਲਈ ਅਤੇ ਉਨ੍ਹਾਂ ਨੇ ਆਪਣੇ ਮਸਲਿਆਂ ਦੇ ਹੱਲ ਲੱਭਣ ਲਈ ਟੈਂਕੀਆਂ 'ਤੇ ਚੜ੍ਹਨ-ਮਰਨ ਦੀ ਤਰਕੀਬ ਨੂੰ ਹਰ ਮਸਾਲੇ ਪਿਪਲਾਮੂਲ ਹੀ ਬਣਾ ਲਿਆ ਹੈ। ਉਹ ਦਿਨ ਦੂਰ ਨਹੀਂ ਕਿ ਜੇ ਜਨਤਾ ਦੀਆਂ ਇਨ੍ਹਾਂ ਵਿਆਪਕ ਪ੍ਰੇਸ਼ਾਨੀਆਂ ਵੱਲ ਉਚੇਚਾ ਧਿਆਨ ਨਾ ਦਿੱਤਾ ਗਿਆ ਤਾਂ ਥਾਂ-ਥਾਂ 'ਤੇ ਲੋਕ ਆਪਣੇ ਮਸਲਿਆਂ ਦੇ ਹੱਲ ਵਾਸਤੇ ਵਾਟਰ ਵਰਕਸ ਦੀਆਂ ਟੈਂਕੀਆਂ, ਬਿਜਲੀ ਦੇ ਖੰਭਿਆਂ ਅਤੇ ਜ਼ੀਰਕਪੁਰ ਵਾਂਗੂੰ ਦਰਖਤਾਂ 'ਤੇ ਹੀ ਚੜ੍ਹੇ ਦਿਸਣਗੇ। ਜੇ ਇਨ੍ਹਾਂ ਮਸਲਿਆਂ ਦਾ ਹੱਲ ਫੌਰੀ ਤੌਰ 'ਤੇ ਨਾ ਲੱਭਿਆ ਗਿਆ ਤਾਂ ਇਸ ਸੂਰਤ ਵਿਚ ਸੈਕਟਰੀਏਟ ਪੱਧਰ 'ਤੇ ਨੀਤੀ-ਨਿਰਧਾਰਣ ਕਰਨ ਵਾਲੇ ਉੱਚ ਅਧਿਕਾਰੀ ਤਾਂ ਭਾਵੇਂ ਵਿਹਲ ਕੱਟਣ ਲਈ ਗੌਲਫ ਖੇਡਦੇ ਦਿਸਣਗੇ। ਪਰ ਜ਼ਿਲ੍ਹਾ ਪੱਧਰ ਉਤੇ ਤਾਂ ਸਾਰਾ ਪ੍ਰਸ਼ਾਸਨ ਛੱਤਣੀ ਚੜ੍ਹੇ ਮੁਜ਼ਾਹਰੇਕਾਰਾਂ ਦੀ ਧਰਪਕੜ 'ਤੇ ਹੀ ਲੱਗਿਆ ਰਹੇਗਾ। ਇਸ ਵਿਚ ਕੋਈ ਅੱਲੋਕਾਰੀ ਨਹੀਂ ਕਿ ਇਨ੍ਹਾਂ ਹਾਲਾਤਾਂ ਵਿਚ ਡੀ.ਸੀ. ਤੇ ਐੱਸ.ਐੱਸ.ਪੀ ਹੋਰ ਲੋਕ ਹਿੱਤ ਦੇ ਅਹਿਮ ਤੇ ਮਹੱਤਵਪੂਰਨ ਕੰਮ ਛੱਡ ਕੇ ਇਨ੍ਹਾਂ ਅਸਮਾਨੀ ਚੜ੍ਹੇ ਵਿਖਾਵੇਕਾਰਾਂ ਨੂੰ ਮੰਨਣ-ਮੰਨਾਉਣ ਦੀਆਂ ਸਮਝੌਤੀਆਂ ਦੇਣ ਲਈ ਆਪਣੇ ਦਫ਼ਤਰਾਂ ਦਾ ਡੰਡਾ-ਡੋਰੀਆ ਵਾਟਰ ਵਰਕਸ ਦੀਆਂ ਟੈਂਕੀਆਂ 'ਤੇ ਹੀ ਚੁੱਕ ਕੇ ਲੈ ਜਾਣ।

ਜੇ ਸਰਕਾਰਾਂ ਇਹ ਸਮਝਦੀਆਂ ਹਨ ਕਿ ਮੁਜ਼ਾਹਰੇ ਕਰਨ ਵਾਲਿਆਂ ਅਖੌਤੀ



*Original with;*
Kulbir Singh Sidhu(I.A.S)
*Digitized by;*
Panjab Digital Library

ਲੀਡਰਾਂ ਦੇ ਪਿੱਛੇ ਵਿਰੋਧੀ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਨੇਤਾ ਹਨ, ਪਰ ਇਹ ਅੰਦੋਲਨਕਾਰੀ ਲੋਕਾਂ ਦੀਆਂ ਮੰਗਾਂ ਜਾਇਜ਼ ਹਨ ਤਾਂ ਸਰਕਾਰਾਂ ਇਹ ਦੇਖਣ ਕਿ ਉਹ ਵਿਰੋਧੀ ਧਿਰਾਂ ਦੀ ਬਜਾਏ ਆਪ ਖੁਦ ਇਨ੍ਹਾਂ ਦੀਆਂ ਸਰਪ੍ਰਸਤ ਕਿਉਂ ਨਹੀਂ ਬਣ ਜਾਂਦੀਆਂ? ਵੈਸੇ ਹੁਣ ਅੰਨਾ ਹਜ਼ਾਰੇ ਤੇ ਬਾਬਾ ਰਾਮਦੇਵ ਦੇ ਅੰਦੋਲਨਾਂ ਦੇ ਸਨਮੁੱਖ ਕੇਂਦਰ ਸਰਕਾਰ ਇਹ ਵੀ ਦੇਖੇ ਕਿ ਇਨ੍ਹਾਂ ਸਾਧੂ ਕਿਸਮ ਦੀਆਂ ਸ਼ਖਸੀਅਤਾਂ ਦੇ ਭ੍ਰਿਸ਼ਟਾਚਾਰ, ਕਾਲਾ ਧਨ ਤੇ ਸ਼ੋਸ਼ਣ ਨੂੰ ਦੇਸ਼ ਵਿਚੋਂ ਖਤਮ ਕਰਨ ਦੇ ਸੰਕਲਪ ਤੇ ਦਾਅਵੇ ਕੀ ਗਲਤ ਹਨ ਜਾਂ ਕੀ ਉਨ੍ਹਾਂ ਦੀਆਂ ਮੰਗਾਂ ਸਮੇਂ ਦੇ ਅਨੁਸਾਰ ਨਹੀਂ ਹਨ।

ਫਿਰ ਜੇ ਇਹ ਠੀਕ ਹਨ ਤਾਂ ਇਸ ਵਾਸਤੇ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਖੁਦ ਹੀ 'ਜਿਸ ਕਾ ਕਾਮ ਉਸੀ ਕੋ ਸਾਜੇ' ਦੀ ਲੋਕ ਸਿਆਣਪ ਅਨੁਸਾਰ ਅਜਿਹੇ ਦੇਸ਼ਵਿਆਪੀ ਕੁਕਰਮਾਂ ਨੂੰ ਖਤਮ ਕਰਨਾ ਚਾਹੀਦਾ ਹੈ। ਫਿਰ ਜੇ ਕਿਤੇ ਅਜਿਹੇ ਲੋਕਾਂ ਦੀ ਲੋੜ ਪੈ ਹੀ ਜਾਵੇ ਤਾਂ ਇਨ੍ਹਾਂ ਨੂੰ ਸਲਾਹਕਾਰ ਦੇ ਤੌਰ 'ਤੇ ਰੱਖਿਆ ਜਾ ਸਕਦਾ ਹੈ, ਪਰ ਕਹਾਣੀ ਕੁੱਝ ਔਝੜ ਰਾਹ ਪਈ ਜਾਪਦੀ ਹੈ ਅਤੇ ਸਰਕਾਰ ਮੰਨ ਰਹੀ ਹੈ ਕਿ ਇਹ ਅੰਨਾ ਤੇ ਰਾਮਦੇਵ ਵਰਗੇ ਲੋਕ ਦੇਸ਼ ਦੀ ਇਕ ਅਰਬ ਤੋਂ ਵੱਧ ਜਨਤਾ ਦੀ ਅਵਾਜ਼ ਬਣ ਚੁਕੇ ਹਨ। ਹੁਣ ਅਜਿਹੇ ਜਨੂੰਨੀ ਸਾਧੂਆਂ ਨੂੰ ਸਾਡੇ ਲੋਕ ਦੇਸ਼ ਦੇ ਅਰਥਚਾਰੇ ਦੀ ਮਹਿੰਗਾਈ ਤੇ ਲੋੜਾਂ-ਥੁੜਾਂ ਤੋਂ ਤੰਗ ਆ ਕੇ ਆਪਣਾ ਹੱਥਾ ਬਣਾ ਰਹੇ ਹਨ।

ਜਦੋਂ ਕਿ ਇਸਦੇ ਉਲਟ ਸਰਕਾਰ ਨੂੰ 'ਆਪਣੇ ਹਥੀ ਆਪਣਾ ਆਪੇ ਹੀ ਕਾਜਿ ਸਵਾਰੀਐ' ਦੇ ਉਪਦੇਸ਼ ਸਦਕਾ ਖੁਦ ਹੀ ਸਮੇਂ ਦੀ ਮੰਗ ਤੇ ਜਨਤਾ ਦੀ ਅਵਾਜ਼ ਨੂੰ ਸਨਮੁੱਖ ਰੱਖ ਕੇ ਕਿਰਿਆਸ਼ੀਲ ਹੋ ਜਾਣਾ ਚਾਹੀਦਾ ਹੈ। ਸਗੋਂ ਜਿੰਨੀ ਸਰਕਾਰੀ ਤਾਕਤ ਤੇ ਸਮਾਂ ਇਨ੍ਹਾਂ ਦੋ-ਚਾਰ ਮਹਾਨੁਭਾਵਾਂ ਨੂੰ ਸਮਝਾਉਣ ਤੇ ਟਿਕਾਉਣ ਲਈ ਲੱਗ ਰਿਹਾ ਹੈ, ਉਹ ਕਾਬਲੀਅਤ ਤੇ ਕਾਰਜ-ਕੁਸ਼ਲਤਾ ਸਰਕਾਰ ਨੂੰ ਦੇਸ਼ ਦੇ ਸ਼ੋਸ਼ਣ-ਕਰਤਾ ਵੱਡੇ-ਵੱਡੇ ਧਨਵਾਨਾਂ ਤੇ ਜ਼ਖੀਰਾਬਾਜ਼ਾਂ ਨੂੰ ਸੋਧਾ ਲਾਉਣ ਵਾਸਤੇ ਵਰਤਣੀ ਚਾਹੀਦੀ ਹੈ। ਇਹ ਕੰਮ ਸਾਡੇ ਦੇਸ਼ ਦੇ ਲੋਕਾਂ ਦੀ ਜ਼ਹਿਨੀਅਤ ਨੂੰ ਦੇਖਦੇ ਹੋਏ ਕੋਈ ਔਖਾ ਵੀ ਨਹੀਂ ਜਾਪਦਾ।

ਦੁਨੀਆਂ ਜਾਣਦੀ ਹੈ ਕਿ ਅਸੀਂ ਜ਼ਿਆਦਾਤਰ ਡਰਦੇ ਹੀ ਹਰਿ-ਹਰਿ ਕਰਦੇ ਹਾਂ। ਇਸ ਲਈ ਜੇ ਕਿਤੇ ਸਰਕਾਰ ਆਪਣੇ ਨਜ਼ਰੇ-ਮਨਜ਼ੂਰ ਮਾੜੇ ਲੋਕਾਂ ਵਾਸਤੇ ਆਪਣੀ ਨਜ਼ਰ ਥੋੜੀ ਜਿਹੀ ਵੀ ਕੈਰੀ-ਕਹਿਰੀ ਕਰ ਲਵੇ ਤਾਂ ਕੋਈ ਵੱਡੀ ਗੱਲ ਨਹੀਂ ਕਿ ਟੱਬਿਆਂ ਦੀ ਮਾਰੀ 12 ਮਣ ਫਸਲ ਝੜਨ ਦੇ ਲੋਕ ਅਖਾਣ ਵਾਂਗੂੰ ਦਿੱਲੀ ਤੋਂ ਦੱਖਣ ਤੱਕ ਦੇਸ਼ ਦੇ ਮਾੜੇ ਅਨਸਰ ਕਾਲੇ ਧਨ ਦੇ ਅੰਬਾਰ ਦਿੱਲੀ ਦਰਬਾਰੇ ਵਿਚ ਢੇਰੀ ਕਰ ਦੇਣਗੇ। ਪਰ ਜੇ ਦੇਸ਼, ਕੌਮ ਤੇ ਲੋਕ ਹਿੱਤਾਂ ਦੇ ਅਜਿਹੇ ਆਦਰਸ਼ ਮੁੱਦਿਆਂ 'ਤੇ ਵੀ ਮੁਲਕ ਦੇ ਰਹਿਬਰਾਂ ਨੇ ਰਾਜਨੀਤੀ ਹੀ ਕਰਨੀ ਹੈ ਤਾਂ ਗੱਲ ਵੱਖਰੀ ਹੈ।

ਬੇਸ਼ੱਕ ਹੁਣ ਸਰਕਾਰ ਇਨ੍ਹਾਂ ਮੁੱਦਿਆਂ ਨੂੰ ਸਿਧਾਂਤਿਕ ਤੌਰ 'ਤੇ ਤਾਂ ਠੀਕ ਕਹਿ ਰਹੀ ਹੈ, ਪਰ ਇਸ ਦੇ ਨਾਲ ਇਨ੍ਹਾਂ ਮੁੱਦਿਆਂ 'ਤੇ ਕੋਈ ਠੋਸ ਕਾਰਵਾਈ ਕਰਨ ਵਿਚ ਲੀਤੋ-ਲ੍ਹੇਲ ਦੀ ਨੀਤੀ ਅਪਣਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਸਰਕਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਸਮਝਦੀ ਹੈ ਕਿ ਇਨ੍ਹਾਂ ਅੰਦੋਲਨ ਤੇ ਭੁੱਖ ਹੜਤਾਲੀਆਂ ਦੇ ਪਿੱਛੇ ਜੋ ਵਿਰੋਧੀ ਸਿਆਸੀ ਪਾਰਟੀਆਂ ਹਨ ਕਿਤੇ ਸਰਕਾਰ ਦੀ ਚੰਗੀ ਕਾਰਵਾਈ ਦਾ ਸਿਹਰਾ ਉਹ ਨਾ ਲੈ ਜਾਣ। ਉਧਰ ਦੀਦਾ-ਦਨਿਸ਼ਤਾ ਇਹ ਨਜ਼ਰ ਆ ਰਿਹਾ ਹੈ ਕਿ ਵਿਰੋਧੀ ਸਿਆਸੀ ਪਾਰਟੀਆਂ ਨੂੰ ਦੇਸ਼ ਦੇ ਇਨ੍ਹਾਂ ਸੰਗੀਨ ਤੇ ਸੰਜੀਦਾ ਮਸਲਿਆਂ ਬਾਰੇ ਇੰਨੀ ਚਿੰਤਾ ਨਹੀਂ ਹੈ, ਜਿੰਨੀ ਕਿ ਉਨ੍ਹਾਂ ਨੂੰ ਸਿਆਸੀ ਲਾਹਾ ਲੈਣ ਦੀ ਕਾਹਲੀ ਲੱਗੀ ਹੋਈ ਹੈ। ਨਿਰਸੰਦੇਹ 'ਦੁਸ਼ਮਣ ਬਾਤ ਕਰੇ ਅਣਹੋਣੀ' ਦੀ ਕੂਟਨੀਤੀ ਤੇ ਰਣਨੀਤੀ ਸਰਕਾਰ ਨੂੰ ਇਕੋ ਵਾਰ ਹੀ ਸਮਝ ਲੈਣੀ ਚਾਹੀਦੀ ਹੈ।

ਖੈਰ! ਰਾਜਭਾਗ ਤੇ ਸਰਕਾਰਾਂ ਇਉਂ ਵੀ ਨਹੀਂ ਚਲਦੀਆਂ ਕਿ 'ਢਾਈ-ਟੋਟਰੂਆਂ' ਨੇ ਆਪਣੇ 'ਡੁਰਲੀ-ਜਥੇ' ਸਮੇਤ ਚਾਰ ਦਬਕਾੜੇ ਮਾਰ ਕੇ ਸਰਕਾਰ ਨੂੰ ਦਬਾ-ਧਮਕਾ ਕੇ ਡਰਾ ਲਿਆ। ਇਸ ਲਈ ਸਰਕਾਰ ਕਿਉਂ ਨਹੀਂ ਕਹਿ ਦਿੰਦੀ ਕਿ 'ਸੋ ਫਾਰ ਐਂਡ ਨੋ ਫਾਰਦਰ' ਮਤਲਬ ਕਿ ਬਸ ਬਹੁਤ ਹੋ ਗਿਆ, ਇਸ ਤੋਂ ਅੱਗੇ ਹੋਰ ਹਿਮਾਕਤ ਬਰਦਾਸ਼ਤ ਨਹੀਂ ਹੋਵੇਗੀ। ਫਿਰ ਵੀ ਜੇ ਇਹ ਜੁੰਡਲੀ ਦੇ ਯਾਰ ਮਹਿਜ਼ ਅਮਨ ਕਾਨੂੰਨ ਨੂੰ ਭੰਗ ਕਰਨ ਦੀਆਂ ਸਥਿਤੀਆਂ ਪੈਦਾ ਕਰ ਰਹੇ ਹਨ ਤਾਂ ਸਰਕਾਰ ਇਨ੍ਹਾਂ ਨੂੰ ਕਰੜੇ ਹੱਥੀਂ ਕਿਉਂ ਨਹੀਂ ਲੈਂਦੀ?

ਕੀ ਦੁਨੀਆਂ ਦੇ ਕਿਸੇ ਹੋਰ ਮੁਲਕ ਵਿਚ ਸਾਧ ਤੇ ਸਾਧੂ ਸਰਕਾਰੀ ਨੀਤੀਆਂ ਦਾ ਨਿਰਧਾਰਣ ਤੇ ਸੰਚਾਲਨ ਕਰਦੇ ਹਨ? ਕੀ ਸੰਸਾਰ ਵਿਚ ਕੋਈ ਹੋਰ ਵੀ ਦੇਸ਼ ਹੈ, ਜਿਥੇ ਕਿ ਕੋਈ ਸਰਕਾਰ ਇਕੜ-ਦੁੱਕੜ ਸਾਧਾਂ ਦੀ ਕੀਲ ਤੇ ਪੂਰਨ ਗ੍ਰਿਫਤ ਵਿਚ ਹੋਵੇ। ਕੀ ਇਹ ਸਪਸ਼ਟ ਨਹੀਂ ਹੈ ਕਿ ਸਾਡੀਆਂ ਅਜੋਕੀਆਂ ਸਰਕਾਰਾਂ ਲੋਕਤੰਤਰ ਦੀ ਵੋਟ ਪ੍ਰਣਾਲੀ ਦੀ ਮੁਥਾਜੀ ਸਹਿੰਦੀਆਂ-ਸਹਿੰਦੀਆਂ ਹੁਣ ਵੋਟ ਰਾਜ ਤੇ ਵੋਟ ਬੈਂਕਾਂ ਦੀਆਂ ਗੁਲਾਮ ਹੀ ਬਣ ਚੁਕੀਆਂ ਹਨ। ਫਿਰ ਲੋਕਤੰਤਰ ਵਿਚ ਬੇਵਜ੍ਹਾ ਲੋਕਾਂ ਦੀ ਮੁਥਾਜੀ ਦੀ ਇਸ ਬੇਕਾਇਦਗੀ ਤੋਂ ਵੀ ਬਹੁਤ ਅੱਗੇ ਲੰਘ ਕੇ ਕੀ ਸਰਕਾਰਾਂ ਆਪਣੇ ਹੀ ਭ੍ਰਿਸ਼ਟ ਮੰਤਰੀਆਂ, ਸਰਮਾਏਦਾਰਾਂ, ਉਦਯੋਗਪਤੀਆਂ ਤੇ ਇਥੋਂ ਤੱਕ ਰਿਸ਼ਵਤਖੋਰ ਅਫ਼ਸਰਾਂ ਦੀਆਂ ਰਖੈਲ ਨਹੀਂ ਬਣ ਚੁਕੀਆਂ? ਫਿਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ ਤੇ ਸਮਾਜ ਦੇ ਦੋਖੀਆਂ ਵਲੋਂ ਫੈਲਾਏ ਗਏ ਦੇਸ਼ਵਿਆਪੀ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਨੂੰ ਸਰਕਾਰ ਠੱਲ੍ਹ ਨਹੀਂ ਪਾ ਰਹੀ, ਸਗੋਂ ਸੱਪ ਨੂੰ ਡ਼ਾਂਗ ਨਾਲ ਮਾਰਨ ਦੀ ਬਜਾਏ ਕੋਈ ਨੀਤੀਆਂ ਤੇ ਸਿਧਾਂਤ ਹੀ ਘੜ ਰਹੀ ਹੈ।

ਇਸ ਪ੍ਰਸੰਗ ਵਿਚ ਸੰਨ 1981 ਦੀ ਗੱਲ ਹੈ ਕਿ ਉਦੋਂ ਮੈਂ ਐਸ.ਡੀ.ਐਮ. ਬਾਬਾ ਬਕਾਲਾ ਹੁੰਦਾ ਸੀ। ਉਸ ਵੇਲੇ ਸ੍ਰ. ਦਰਬਾਰਾ ਸਿੰਘ ਦੀ ਸਰਕਾਰ ਨੇ ਬੱਸਾਂ ਦੇ ਕਿਰਾਏ ਬਹੁਤ ਵਧਾ ਦਿੱਤੇ ਸਨ, ਜਿਸ ਕਰਕੇ ਲੋਕਾਂ ਨੇ ਖਾਸ ਕਰਕੇ ਵਿਦਿਆਰਥੀਆਂ ਨੇ ਆਪਣਾ ਰੋਹ-ਵਿਦਰੋਹ ਦਿਖਾਉਣ ਲਈ ਸੜਕਾਂ ਅਤੇ ਸਕੂਲਾਂ-ਕਾਲਜਾਂ ਅੱਗੇ ਚੱਕਾ ਜਾਮ ਕਰਨੇ ਸ਼ੁਰੂ ਕਰ ਦਿੱਤੇ ਸਨ। ਸਰਕਾਰ ਵਲੋਂ ਇਨ੍ਹਾਂ ਨਾਲ ਸਖਤੀ ਨਜਿਠਣ ਦੇ ਹੁਕਮਾਂ ਤਹਿਤ ਪੁਲਿਸ ਨੇ ਸਠਿਆਲੇ ਕਾਲਜ ਅੱਗੇ ਲਾਠੀਚਾਰਜ ਕਰ ਦਿੱਤਾ।



*Original with;*
Kulbir Singh Sidhu(I.A.S)
*Digitized by;*
Panjab Digital Library

ਉਸ ਸਮੇਂ ਵਿਰੋਧੀ ਧਿਰ ਵਲੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਐੱਸ.ਡੀ.ਐੱਮ. ਸਾਹਿਬ ਜੇ ਬਾਲਟੀ ਵਿਚ ਕਿਤੇ ਕੋਈ ਇੱਕਾ-ਦੁੱਕਾ ਛੇਕ ਹੋਵੇ ਤਾਂ ਮਾੜਾ ਮੋਟਾ ਮੋਂਦਾ ਲਾ ਕੇ ਪਾਣੀ ਵਗਣੋ ਰੋਕਿਆ ਜਾ ਸਕਦਾ ਹੈ। ਪਰ ਜੇ ਬਾਲਟੀ ਦਾ ਸਾਰਾ ਥੱਲਾ ਹੀ ਟੁੱਟਿਆ ਹੋਵੇ ਤਾਂ ਸਰਕਾਰ ਜਿੰਨੇ ਮਰਜ਼ੀ ਟੈਕਸ ਲਾਈ ਜਾਵੇ; ਆਮਦਨ ਪੱਖੋਂ ਤਾਂ ਸਰਕਾਰ ਦੀ ਬਾਲਟੀ ਖਾਲੀ ਦੀ ਖਾਲੀ ਹੀ ਰਹਿਣੀ ਹੈ। ਹੁਣ ਮੈਨੂੰ 35 ਕੁ ਸਾਲ ਬਾਅਦ ਨਿਜ਼ਾਮ ਦੇ ਆਪਣੇ ਖ਼ੁਦ ਦੇ ਬੜੇ ਕਰੀਬੀ ਤਜਰਬੇ ਨੂੰ ਦੇਖਣ-ਪਾਖਣ ਪਿੱਛੋਂ ਜਥੇਦਾਰ ਉਮਰਾਨੰਗਲ ਦੀ ਸਾਡੀਆਂ ਸਰਕਾਰਾਂ ਪ੍ਰਤੀ ਕਹੀ ਗੱਲ ਹੂ-ਬ-ਹੂ ਸੱਚ ਹੁੰਦੀ ਦਿਸਦੀ ਹੈ।

ਹੁਣ ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਬਹੁਤ ਪਾਣੀ ਪੁਲਾਂ ਦੇ ਹੇਠੋਂ ਦੀ ਲੰਘ ਗਿਆ ਹੈ। ਇਸ ਲਈ ਹੁਣ ਆਪਣੇ ਹੀ ਪੈਰ ਕੁਹਾੜੀ ਮਾਰਨ ਵਾਲੇ ਕਾਲੇ ਧਨ ਦੇ ਤਾਜਰਾਂ ਤੇ ਅਖੌਤੀ ਦੇਸ਼ ਪ੍ਰੇਮੀਆਂ ਨਾਲ ਦਸਤਪੰਜਾ ਲੈ ਹੀ ਲਿਆ ਜਾਵੇ। ਪਰ ਵੱਡਾ ਸਿਤਮ ਇਹ ਹੈ ਕਿ ਦਸਤਪੰਜਾ ਲੈਣਾ ਤਾਂ ਇਕ ਪਾਸੇ ਰਿਹਾ, ਸਗੋਂ ਸਰਕਾਰਾਂ ਦੇਸ਼ ਤੇ ਕੌਮ ਦੇ ਇਨ੍ਹਾਂ ਬੇਵਫਾ ਤੇ ਗੱਦਾਰ ਜ਼ਖੀਰੇਬਾਜ਼ਾਂ ਤੇ ਸੱਟੇਬਾਜ਼ਾਂ ਨਾਲ ਅੱਖ ਮਿਲਾਉਣ ਦੀ ਜੁਅੱਰਤ ਵੀ ਨਹੀਂ ਕਰ ਰਹੀਆਂ। ਇਸ ਦਾ ਕਾਰਨ ਸਪਸ਼ਟ ਹੈ ਕਿ ਕਿਤੇ ਨਾ ਕਿਤੇ ਸਰਕਾਰਾਂ ਤੇ ਦਰਬਾਰਾਂ ਵਿਚ ਵੀ ਇਹ ਧੁੜਕੂ ਲੱਗਾ ਹੋਇਆ ਕਿ ਕਿਤੇ ਆਪਣਾ ਹੀ ਢਿੱਡ ਨੰਗਾ ਨਾ ਹੋ ਜਾਵੇ। ਇਸ ਦੇ ਨਾਲ ਹੀ ਇਕ ਖਦਸ਼ਾ ਇਹ ਵੀ ਦੇਸ਼ ਦੇ ਵਾਯੂਮੰਡਲ ਵਿਚ ਲਹਿਰਾ ਰਿਹਾ ਹੈ ਕਿ ਜੇ ਇਹ ਲੀਰਾਂ ਦੀ ਖਿੱਦੋ ਖਿੰਡ ਗਈ ਤਾਂ ਪਤਾ ਨਹੀਂ ਕਿਹੋ ਜਿਹਾ ਉਥਲ-ਪੁੱਥਲ ਦਾ ਭਾਣਾ ਵਰਤ ਜਾਵੇਗਾ।

ਇਸ ਨਿਆਰੇ ਜਿਹੇ ਅੰਦੋਲਨਾਂ ਦੇ ਵਰਤਾਰੇ ਵਿਚ ਸਰਕਾਰ ਦੀ ਹਾਲਤ ਕੁਝ 'ਮਨ ਡੋਲੇ, ਮੇਰਾ ਤਨ ਡੋਲੇ, ਮੇਰੇ ਦਿਲ ਕਾ ਗਯਾ ਕਰਾਰ ਰੇ, ਯੇ ਕੌਨ ਬਜਾਏ ਬਾਂਸੁਰੀਆ' ਵਰਗੀ ਦਿਸ ਰਹੀ ਹੈ। ਸਰਕਾਰ ਦੀ ਬੇਕਰਾਰੀ ਤੇ ਪ੍ਰੇਸ਼ਾਨੀ ਸਪਸ਼ਟ ਦੱਸ ਰਹੀ ਹੈ ਕਿ ਸਰਕਾਰ ਖੁਦ ਜਾਣਦੀ ਹੈ ਕਿ ਰਾਜਭਾਗ ਵਿਚ ਸਭ ਠੀਕ ਨਹੀਂ ਹੈ। ਸਮੁੱਚਾ ਦੇਸ਼ ਤੇ ਕੌਮ ਬਰਨਿੰਗ ਟ੍ਰੇਨ 'ਤੇ ਸਵਾਰ ਹੈ। ਹੁਣ ਸੂਰਤੇ-ਹਾਲ ਇਸ ਬਣੀ ਹੋਈ ਹੈ ਕਿ ਜੇ ਭ੍ਰਿਸ਼ਟਾਚਾਰ ਦੀ 'ਫੁੱਲ ਸਪੀਡ' ਗੱਡੀ ਨੂੰ ਇਕਦਮ ਬਰੇਕ ਲਾਈ ਜਾਂਦੀ ਹੈ ਤਾਂ ਗੱਡੀ ਉਲਟਦੀ ਹੈ ਅਤੇ ਜੇ ਬਰੇਕਾਂ ਨਹੀਂ ਲਾਈਆਂ ਜਾਂਦੀਆਂ ਤਾਂ ਸੜਨ-ਮਰਨ ਦਾ ਖਤਰਾ ਹੈ। ਇਹ ਸਾਰਾ ਕਾਰਾ-ਵਰਤਾਰਾ ਹੁਣ ਖੁਦ ਸਾਡੀ ਸਰਕਾਰ ਡਰੇ ਕਬੂਤਰ ਵਾਂਗੂੰ ਬਿੱਲੀ ਨੂੰ ਦੇਖ ਤਾਂ ਰਹੀ ਹੈ, ਪਰ ਅੱਖਾਂ ਮੀਚ ਆਪਣੇ ਆਪ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਬਿੱਲੀ ਆਪੇ ਹੀ ਟਾਲਾ ਵੱਟ ਕੇ ਚਲੀ ਜਾਵੇਗੀ।

ਸਾਰੀ ਸਰਕਾਰ ਇਨ੍ਹਾਂ ਦੋ ਬਾਬਿਆਂ ਨਾਲ ਪਿਛਲੇ ਦੋ ਮਹੀਨਿਆਂ ਤੋਂ ਮੇਲ-ਮੁਲਾਕਾਤਾਂ ਤੇ ਮਿਲਾਪ ਕਰ ਰਹੀ ਹੈ। ਇਨ੍ਹਾਂ ਮੇਲ-ਮਿਲਾਪਾਂ ਵਿਚ ਸਰਕਾਰ ਦੀ ਹਾਲਤ 'ਮਿਲੋ ਨਾ ਤੁਮ ਤੋ ਦਿਲ ਘਬਰਾਏ, ਮਿਲੋ ਤੋ ਆਂਖ ਚੁਰਾਂਏ, ਹਮੇਂ ਯੇ ਕਯਾ ਹੋ ਗਯਾ ਹੈ' ਦੇ ਬਿਲਕੁਲ ਅਨੁਰੂਪ ਹੈ। ਅਸੀਂ ਬਾਬਿਆਂ ਨੂੰ ਵੱਡੇ-ਵੱਡੇ ਮੰਤਰੀ ਏਲਚੀਆਂ



*Original with;*
Kulbir Singh Sidhu(I.A.S)
*Digitized by;*
Panjab Digital Library

ਵਾਂਗੂੰ ਭੇਜ ਕੇ ਉਨ੍ਹਾਂ ਦੀ ਮਨਸ਼ਾ-ਮੁਬਾਰਿਕ ਜਾਨਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਸਭ ਕੁਝ ਜਾਣਦੇ-ਬੁਝਦੇ ਹਾਂ ਜੋ ਕੰਮ ਸਰਕਾਰ ਦਾ ਹੈ, ਉਹ ਬਾਬੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਫਿਰ ਵੀ ਅਸੀਂ 'ਤੇਲ ਦੇਖ, ਤੇਲ ਦੀ ਧਾਰ ਦੇਖ' ਦੀ ਨੀਤੀ ਨਾਲ ਰਾਜਨੀਤੀ ਵਿਚੋਂ ਬਦਨੀਤੀ ਤੇ ਬਦਨੀਤੀ ਵਿਚੋਂ ਨੀਤੀ ਲੱਭ ਰਹੇ ਹਾਂ। ਇਸ ਮਾਨਸਿਕ ਹਾਲਤ ਨੂੰ ਹੀ ਸ਼ਾਇਦ ਵਰਡਜ਼ਵਰਥ ਵਰਗੇ ਰੋਮਾਂਟਿਕ ਕਵੀ ਨੇ ਵਿਲਿੰਗ ਸਸਪੈਂਸ਼ਨ ਆਫ ਡਿਸਬਲੀਫ ਭਾਵ ਤਰਕ-ਵਿਚਾਰ ਨੂੰ ਕੁਝ ਸਮੇਂ ਲਈ ਮੁਲਤਵੀ ਕਰ ਦੇਣ ਦੀ ਤਸ਼ਬੀਹ ਦਿੱਤੀ ਸੀ।

ਹੁਣ ਵਿਰੋਧੀ ਪਾਰਟੀਆਂ ਵੀ ਸੱਪ ਦੇ ਮੂੰਹ ਵਿਚ ਆਈ ਕੋਹੜ-ਕਿਰਲੀ ਦੀ ਕਹਾਣੀ ਦੁਹਰਾਉਂਦੀਆਂ ਹੋਈਆਂ ਗੋਂਗਲੂਆਂ ਤੋਂ ਮਿੱਟੀ ਝਾੜ ਰਹੀਆਂ ਹਨ। ਇਕ ਲੋਕ ਕਹਾਣੀ ਹੈ ਕਿ ਇਕ ਵਾਰ ਸੱਪ ਦੇ ਮੂੰਹ ਵਿਚ ਕੋਹੜ-ਕਿਰਲੀ ਆ ਗਈ। ਜੇ ਉਹ ਉਸ ਨੂੰ ਖਾਂਦਾ ਹੈ ਤਾਂ ਕੋਹੜੀ ਬਣਦਾ ਹੈ ਅਤੇ ਜੇ ਉਸ ਨੂੰ ਛੱਡਦਾ ਹੈ ਉਸ ਨੂੰ ਕਮਜ਼ੋਰ ਹੋਣ ਦਾ ਕਲੰਕ ਲੱਗਦਾ ਹੈ। ਵਿਰੋਧੀ ਪਾਰਟੀਆਂ ਨੂੰ ਵੀ ਪਤਾ ਹੈ ਕਿ ਉਨ੍ਹਾਂ ਦੇ ਵਿਚ ਵੀ ਤਾਂ ਚੰਗੇ-ਮਾੜੇ ਆਪਣੇ ਹੀ ਦੇਸ਼ ਵਾਸੀ ਸਾਡੇ ਹੀ ਭੈਣ-ਭਰਾ ਹਨ। ਫਿਰ ਉਹ ਵੀ ਕਿਵੇਂ ਦੁੱਧ ਧੋਤੇ ਹੋਣ ਜਾਂ ਗੰਗਾ ਨ੍ਹਾਤੇ ਹੋਣ ਦਾ ਕਿਵੇਂ ਦਮ ਭਰ ਸਕਦੇ ਹਨ?

ਸਾਡੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅੰਦਰੋਂ-ਅੰਦਰੀ ਚਾਨਣਾ ਹੈ ਕਿ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਹਮਸਾਏ ਯਾਰ-ਬੇਲੀਆਂ ਦੇ ਚੌਲ ਚਿੱਟੇ ਹੋਏ ਪਏ ਹਨ ਕਿਉਂਕਿ ਇਹ ਚੌੜ-ਚਾਨਣ ਜ਼ਖੀਰਾਬਾਜ਼ੀ ਤੇ ਕਾਲੇ ਧਨ ਦੀਆਂ ਕਰਤੂਤਾਂ ਦੇ ਹੀ ਪੱਟੇ ਹੋਏ ਹਨ। ਇਹ ਲੋਕ ਸਿਰੇ ਦੇ ਧਨਾਢ ਸਰਮਾਏਦਾਰ, ਜ਼ਖੀਰਾਬਾਜ਼ ਤੇ ਦੇਸ਼-ਵਿਦੇਸ਼ ਵਿਚ ਕਾਲੇ ਧਨ ਦੇ ਮਾਲਿਕ ਹਨ। ਇਸ ਤਰ੍ਹਾਂ ਜਦੋਂ ਸਾਰੇ ਮੁਲਕ ਦੇ ਹੀ ਅਜਿਹੇ ਭੈੜੇ ਤੇ ਮਾੜੇ ਹਾਲਾਤ ਹਨ ਕਿ ਤਕਰੀਬਨ ਅਸੀਂ ਸਾਰੇ ਹੀ ਹਮਾਮ ਵਿਚ ਨੰਗੇ ਹਾਂ ਤਾਂ ਇਸ ਹਾਲ ਵਿਚ ਕੌਣ ਆਖੇ ਕਿ ਰਾਣੀਏ ਅੱਗਾ ਢਕ ਅਤੇ ਫਿਰ ਆਖੇ ਵੀ ਤਾਂ ਕਿਵੇਂ ਆਖੇ। ਬੱਸ ਕੀ ਮਿੱਤਰ, ਕੀ ਦੁਸ਼ਮਣ ਤੇ ਕੀ ਵਿਰੋਧੀ, ਸਭ ਨੂੰ ਧੁੜਕੂ ਲੱਗਾ ਹੋਇਆ ਹੈ ਕਿ ਹੁਣ ਪਤਾ ਨਹੀਂ ਕਦੋਂ ਧਰਪਕੜ ਦੀ ਖੇਡ ਸ਼ੁਰੂ ਹੋ ਜਾਵੇ।

ਫਿਰ ਹੋਰ ਤਾਂ ਹੋਰ ਕਈ ਭਲੇ-ਪੁਰਸ਼ਾਂ ਤੇ ਭਲੇਮਾਣਸਾਂ ਨੂੰ ਵੀ ਹੌਉ-ਵੜਿੱਕੇ ਆ ਰਹੇ ਹਨ ਕਿ ਕਿਤੇ ਕੋਈ ਨਾਮੀ ਚੋਰਾਂ ਦੀ ਪੈੜ ਜਾਂ ਉਨ੍ਹਾਂ ਦੇ ਚੋਰੀ-ਮਾਲ ਦਾ ਖੁਰਾ ਕਿਤੇ ਉਨ੍ਹਾਂ ਦੇ ਘਰ ਦੀ ਦਹਿਲੀਜ਼ ਹੀ ਨਾ ਟੱਪ ਗਿਆ ਹੋਵੇ, ਪਰ ਰਾਮ ਦੀਆਂ ਰਾਮ ਹੀ ਜਾਣੇ। ਬਹਿਰਹਾਲ, ਇਨ੍ਹਾਂ ਨੂੰ ਇਕ ਖ਼ਦਸ਼ਾ ਹੈ ਕਿ ਜਿੱਥੇ ਧੂੰਆਂ ਹੁੰਦਾ ਹੈ, ਉੱਥੇ ਹੀ ਅੱਗ ਹੁੰਦੀ ਹੈ ਅਤੇ ਇਨ੍ਹਾਂ ਦੀਆਂ ਆਪਣੀਆਂ ਕਾਲੀਆਂ ਕਰਤੂਤਾਂ ਦੇ ਪਿੱਛੇ ਕੋਈ ਨਾ ਕੋਈ ਤਾਂ ਆਪਣਾ ਹੀ ਪੱਟਿਆ ਖੂਹ-ਖਾਤਾ ਜ਼ਰੂਰ ਹੋਵੇਗਾ। ਚਲੋ, ਇਹ ਮਹਾਂਰਥੀ ਆਪਣੀਆਂ ਖੇਡਾਂ ਆਪ ਹੀ ਜਾਨਣ, ਸਗੋਂ ਆਪਾਂ ਇਹ ਕਰਨੀ-ਭਰਨੀ ਦੀਆਂ ਰੱਬ ਦੀਆਂ ਬਾਤਾਂ, ਰੱਬ ਤੇ ਹੀ ਛੱਡੀਏ।

ਖ਼ੈਰ! ਇਹ ਰੱਬੀ ਖੇਡ ਹੈ ਕਿ ਜਦੋਂ ਮਾੜੇ ਦਿਨ ਆਉਂਦੇ ਹਨ ਤਾਂ ਬਦਨਾਮੀ ਦੀ



*Original with;*
Kulbir Singh Sidhu(I.A.S)
*Digitized by;*
Panjab Digital Library

ਢੋਲਕੀ ਬਿਨ ਵਜਾਏ ਹੀ ਵੱਜਦੀ ਹੈ। ਦੁਨੀਆਂ ਹੀ ਜਾਣਦੀ ਹੈ ਕਿ ਦੇਸ਼ ਦੇ ਵੱਡੇ-ਵੱਡੇ ਲੱਖਾਂ-ਕਰੋੜਾਂ ਰੁਪਏ ਦੇ ਘਾਲੇ-ਮਾਲਿਆਂ ਵਿਚ ਕੀ ਰਾਜਾ ਤੇ ਕੀ ਰੰਕ, ਸਭ ਇਕੋ ਹੀ ਰੱਸੇ ਵਿਚ ਬੱਝਣ ਦੇ ਕਾਬਿਲ ਹਨ।

ਇਸ ਸੰਦਰਭ ਵਿਚ ਗੌਰਤਲਬ ਹੈ ਕਿ ਪਿਛਲੇ ਦੋ-ਚਾਰ ਮਹੀਨਿਆਂ ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਰਵਿੰਦ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' ਨੇ ਦੇਸ਼ ਦੀਆਂ ਪ੍ਰਮੁੱਖ ਪਾਰਟੀਆਂ ਦੇ ਸਿਰੇ ਦੇ ਲੀਡਰਾਂ ਨੂੰ ਹਰਾ ਕੇ ਤਰਥੋਲਾ ਹੀ ਪਾ ਦਿੱਤਾ ਸੀ। ਪਰ ਜਦੋਂ ਉਹ ਰਾਜਨੀਤੀ ਦੇ ਵੱਡੇ ਬਦਨੀਤਾਂ ਨੂੰ ਹੱਥ ਪਾਉਣ ਲੱਗਾ ਤਾਂ ਉਸ ਦੀ ਪਾਰਟੀ ਦੀ ਰਾਜਸੱਤਾ ਦੇ 50ਵੇਂ ਦਿਨ ਹੀ ਉਸ ਦੀ ਵਜ਼ਾਰਤ ਦਾ ਸੂਪੜਾ ਸਾਫ਼ ਕਰ ਦਿੱਤਾ ਗਿਆ। ਫਿਰ ਇਸ ਤੋਂ ਅੱਗੇ ਇਉਂ ਹੀ ਹੁਣ ਜਦੋਂ ਲੋਕ ਸਭਾ ਦੀਆਂ ਚੋਣਾਂ ਸਾਡੇ ਬੂਹੇ-ਬਰੂਹਾਂ 'ਤੇ ਹਨ ਤਾਂ ਦੇਸ਼ਵਾਸੀਆਂ ਵਾਸਤੇ ਇਹ ਭੰਬਲਭੂਸਾ ਬਣਿਆ ਹੋਇਆ ਹੈ ਕਿ ਉਹ ਆਪਣੀ ਹੋਣੀ ਤੇ ਕਰਮ-ਕਿਸਮਤ ਦੇ ਸੂਤਰਧਾਰ ਵਜੋਂ ਕੋਈ ਦਿਆਨਤਦਾਰ-ਕਰਣਧਾਰ ਕਿਥੋਂ ਲੱਭ ਕੇ ਲਿਆਉਣ।

ਮੁੱਕਦੀ ਗੱਲ ਇਹ ਹੈ ਕਿ ਬੇਸ਼ੱਕ ਦੇਸ਼ ਦੀ ਹੋਣੀ ਹੁਣ ਗੇੜਾ ਖਾ ਰਹੀ ਹੈ, ਪਰ ਉਸ ਤੋਂ ਵੀ ਇਕ ਹੋਰ ਵੱਡੀ ਹੈਰਾਨੀ ਇਹ ਬਣੀ ਹੋਈ ਹੈ ਕਿ ਸਾਡੇ ਦੇਸ਼ ਦੀ ਜਨਤਾ ਹਾਲੇ ਵੀ ਹੈਰਾਨ-ਪ੍ਰੇਸ਼ਾਨ ਖੜ੍ਹੀ ਆਪਣੀਆਂ ਵੋਟਾਂ ਦਾ ਸਹੀ ਇਸਤੇਮਾਲ ਕਰਨ ਦੀ ਥਾਂ ਸਿਆਸੀ ਪੰਡਤਾਂ-ਪਾਧਿਆਂ ਨੂੰ ਆਪਣੀ ਸਮੂਹਿਕ-ਹੋਣੀ ਦੇ ਪੰਚਾਂਗ-ਪੱਤਰੇ ਦਿਖਾ-ਪੜ੍ਹਾ ਰਹੀ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਸਰਹਿੰਦ ਫਤਹਿ ਤ੍ਰੈਸ਼ਤਾਬਦੀ ਦਾ ਮੁਲਾਂਕਣ

## ਭਲਾ ਹੋਇਆ ਮੇਰਾ ਚਰਖਾ ਟੁੱਟਾ

ਮੁਢ ਕਦੀਮ ਤੋਂ ਹੀ ਚਰਖਾ ਸਾਡੀ ਸਭਿਅਤਾ ਦੇ ਵਿਕਾਸ ਤੇ ਖੁਸ਼ਹਾਲੀ ਦਾ ਪ੍ਰਤੀਕ ਰਿਹਾ ਹੈ। ਪ੍ਰਾਚੀਨ ਸਭਿਅਤਾ ਦੀ ਪਹਿਲੀ ਗਤੀਸ਼ੀਲਤਾ ਤੇ ਖੁਸ਼ਹਾਲੀ ਦੇ ਪ੍ਰਤੀਕ ਗੱਡੇ ਦੇ ਪਹੀਏ ਤੋਂ ਲੈ ਕੇ ਸਾਡੇ ਹੁਣ ਤੱਕ ਦੇ ਵਿਗਿਆਨਕ ਯੁੱਗ ਦਾ ਮੂਲ ਆਧਾਰ ਚਰਖੇ ਦਾ ਚੱਕਰ ਹੀ ਹੈ। ਇਸ ਲਈ ਹੀ ਤਾਂ ਸਾਡੇ ਕੌਮੀ ਝੰਡੇ ਵਿਚ ਅਸ਼ੋਕ ਚੱਕਰ ਦੇ ਨਾਮ ਨਾਲ ਇਹ ਚੱਕਰ ਹਮੇਸ਼ਾਂ ਇਕ ਅਲੌਕਿਕ ਸਵੈਮਾਣ ਤੇ ਸ਼ਾਨ ਨਾਲ ਲਹਿਰਾਉਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਸਭਿਆਚਾਰ ਵਿਚ ਸਦੀਆਂ ਦੇ ਤਜਰਬੇ ਦੇ ਆਧਾਰ 'ਤੇ ਬਣੀ ਇਕ ਲੋਕ ਸਿਆਣਪ 'ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ' ਵਜੋਂ ਇਹ ਚਰਖੇ ਦਾ ਚੱਕਰ ਸਾਡੇ ਲੌਕਿਕ ਸਾਹਿਤ ਵਿਚ ਵੀ ਆਉਂਦਾ ਹੈ। ਜਿਸ ਦਾ ਸਪਸ਼ਟ ਮਤਲਬ ਇਹ ਹੈ ਕਿ ਜਦੋਂ ਕੋਈ ਕਿਸੇ ਮਜਬੂਰੀ ਵਸ ਅਣਚਾਹੇ ਜਿਹੇ ਮਨ ਨਾਲ ਕੋਈ ਨੇਕ ਕੰਮ ਕਰਦਾ ਹਾਂ ਤਾਂ ਉਹ ਛੇਤੀ ਹੀ ਉਸ ਕੰਮ ਤੋਂ ਅੱਕ-ਥੱਕ ਜਾਂਦਾ ਹੈ।

ਇਸ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਜੇ ਕੋਈ ਬੰਦਾ ਧੱਕੇ-ਧੋੜੀਂ ਮਾਲਾ ਫੇਰਨ ਲੱਗ ਵੀ ਜਾਵੇ ਤਾਂ ਥੋੜ੍ਹੇ ਸਮੇਂ ਬਾਅਦ ਉਹ 'ਸਾਥੋਂ ਭੁੱਖਿਆਂ ਤੋਂ ਭਗਤੀ ਨਾ ਹੁੰਦੀ, ਆਹ ਫੜ ਮਾਲਾ ਆਪ ਦੀ' ਕਹਿਣ ਲੱਗ ਪੈਂਦਾ ਹੈ। ਇਉਂ ਹੀ ਜੇ ਕੋਈ ਮਨਮੁੱਖ ਬੱਧਾ-ਰੁੱਧੀ ਚੱਟੀ ਭਰਨ ਵਜੋਂ ਗੁਰਦੁਆਰੇ ਵਿਚ ਜੋੜੇ ਝਾੜਣ ਤੋਂ ਲੈ ਕੇ ਇਤਿਹਾਸਕ ਸ਼ਤਾਬਦੀਆਂ ਮਨਾਉਣ ਤਕ ਦਾ ਅਡੰਬਰ ਰਚ ਬਹਿੰਦਾ ਹੈ ਤਾਂ ਉਹ ਅਕਸਰ ਡੰਗ-ਟਪਾਉਣ ਉਪਰੰਤ 'ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁਟੀ' ਕਹਿ ਕੇ ਸੇਵਾ ਤੋਂ ਆਪਣਾ ਪੱਲਾ ਝਾੜ ਲੈਂਦਾ ਹੈ। ਇਉਂ ਹੀ ਹੁਣ 1999 ਤੋਂ ਲੈ ਕੇ 2010 ਤੱਕ ਦੀਆਂ ਇਤਿਹਾਸਕ ਸ਼ਤਾਬਦੀਆਂ ਦਾ ਹੜ੍ਹ ਜਿਹਾ ਲੰਘ ਗਿਆ ਹੈ ਤਾਂ ਇਸ ਪਖੋਂ ਸਾਡੀ ਮਾਨਸਿਕਤਾ ਦੇ ਚੱਕੇ ਜਾਮ ਹੋਣੇ ਸ਼ੁਰੂ ਹੋ ਗਏ ਹਨ।

ਇਸ ਲਈ ਇਨ੍ਹਾਂ ਸਾਰੀਆਂ ਸ਼ਤਾਬਦੀਆਂ ਦੇ ਮੁਲਾਂਕਣ ਵਜੋਂ ਜੱਲ੍ਹਣ ਭਗਤ ਦੇ ਸ਼ਬਦਾਂ ਅਨੁਸਾਰ ਸਾਨੂੰ ਇਹ ਮੰਨਣਾ ਪਵੇਗਾ ਕਿ 'ਲੋਕਾਂ ਦੀਆਂ ਜਪਮਾਲੀਆਂ ਤੇ ਜੱਲ੍ਹਣ ਦਾ ਜਪਮਾਲ, ਪਰ ਸਾਰੀ ਉਮਰ ਜਪੇਂਦਿਆਂ ਇਕ ਨਾ ਖੁਥਾ ਵਾਲ' ਦੇ ਯਥਾਰਥ ਵਾਂਗੂੰ ਸਾਡੀ ਸਾਰੀ ਵਿਖਾਵੇ ਮਾਤਰ ਸ਼ਰਧਾ ਬਸ ਬੇਕਾਰ ਹੀ ਗਈ ਹੈ। ਇਸ ਸਬੰਧ ਵਿਚ ਹੁਣੇ ਜਿਹੇ ਹੀ ਮਈ 2010 ਵਿਚ ਸਰਹਿੰਦ ਫਤਹਿ ਦੀ ਤ੍ਰੈਸ਼ਤਾਬਦੀ ਵੀ ਆਈ; ਜਿਥੇ ਕੌਮ ਦੇ ਵੱਖ-ਵੱਖ ਪਾਰਟੀਆਂ ਤੇ ਵਰਗਾਂ ਦੇ ਅਲੰਬਰਦਾਰਾਂ ਨੇ



Original with;
Kulbir Singh Sidhu(I.A.S)
Digitized by;
Panjab Digital Library

ਦੇਖੋ-ਦੇਖੀ ਇਕ-ਦੂਜੇ ਨੂੰ ਸ਼ਤਾਬਦੀ ਸਮਾਰੋਹਾਂ ਨੂੰ ਮਨਾਉਣ ਵਿਚ ਪਛਾੜਣ ਦੀ ਕੋਸ਼ਿਸ਼ ਕੀਤੀ। ਇਕ-ਦੂਜੇ ਨੂੰ ਮਾਤ ਪਾਉਣ ਦੀ ਇਸ ਪ੍ਰਵਿਰਤੀ ਵਿਚ ਵੋਟ ਬੈਂਕ ਹਥਿਆਉਣ ਦੀ ਕਾਰਵਾਈ ਕਿਤੇ ਵੱਧ ਹਾਵੀ ਸੀ। ਅਫ਼ਸੋਸ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸ਼ਹੀਦ ਸਾਥੀਆਂ ਪ੍ਰਤੀ ਸ਼ਰਧਾ-ਸਤਿਕਾਰ ਦੀ ਭਾਵਨਾ ਨਾਲੋਂ ਧੜੇਬੰਦੀ ਦੀ ਸਿਆਸਤ ਕਿਤੇ ਵੱਧ ਵੇਖਣ ਨੂੰ ਮਿਲੀ।

ਬੇਸ਼ੱਕ ਇਹ ਇਕ ਇਤਿਹਾਸਿਕ ਸੱਚਾਈ ਹੈ ਕਿ ਸਰਹਿੰਦ ਦੀ ਇਹ ਅਲੌਕਿਕ ਫਤਹਿ ਮਹਿਮੂਦ ਗਜ਼ਨਵੀ ਦੇ ਸੰਨ 1000 ਵਿਚ ਪਹਿਲੇ ਹਮਲੇ ਤੋਂ ਲੈ ਕੇ 710 ਸਾਲ ਬਾਅਦ ਤਕ ਭਾਰਤ ਦੇ ਇਤਿਹਾਸ ਵਿਚ ਮੁਗਲ ਸਲਤਨਤ ਦੇ ਖਿਲਾਫ ਲੋਕ ਚੇਤਨਾ ਦੇ ਇਕ ਇਨਕਲਾਬ ਦੇ ਰੂਪ ਵਿਚ ਪਹਿਲੀ ਵਾਰ ਪ੍ਰਾਪਤ ਹੋਈ। ਇਸ ਸਦਕਾ ਇਹ ਭਾਰਤ ਤੇ ਖਾਸ ਤੌਰ 'ਤੇ ਪੰਜਾਬ ਦੀ ਅਜ਼ਾਦੀ ਦੀ ਜੰਗ ਦੀ ਪਹਿਲੀ ਨਿਰਣਾਇਕ ਜਿੱਤ ਸਾਬਿਤ ਹੋਈ। ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਸੰਦਰਭ ਵਿਚ ਇਸ ਤਰ੍ਹਾਂ ਹੀ ਸਾਡੇ ਜੀਵਨਾਂ ਵਿਚ ਇਹ ਮਹਾਨ ਸ਼ਤਾਬਦੀ ਆਈ ਅਤੇ ਬੇ-ਅਰਥ ਤੇ ਬੇਅਸਰ ਜਿਹੀ ਹੋ ਕੇ ਲੰਘ ਵੀ ਗਈ।

ਇਸ ਪ੍ਰਸੰਗ ਵਿਚ ਸੱਚੋ-ਸੱਚ ਗੱਲ ਤਾਂ ਇਹ ਹੈ ਕਿ ਸਰਹਿੰਦ ਫਤਹਿ ਦੀ ਤ੍ਰੈਸ਼ਤਾਬਦੀ ਸਮਾਗਮ ਆਪਣੇ ਡੰਡੇ ਡੋਰੀਏ ਤੇ ਤੰਬੂ ਕੁਨਾਤਾਂ ਤਾਂ ਸਾਂਭ ਕੇ ਸੰਪੰਨ ਹੋ ਚੁੱਕੇ ਹਨ। ਇਨ੍ਹਾਂ ਸ਼ਤਾਬਦੀ ਸਮਾਗਮਾਂ ਦਾ ਵਕਤੀ ਜਿਹਾ ਪ੍ਰਭਾਵ ਸਾਡੇ ਮਾਨਸਿਕ ਚਿੱਤਰਪੱਟ 'ਤੇ ਬੱਸ ਇਕ ਚੰਗੀ ਫਿਲਮ ਜਾਂ ਕਹਿ ਲਉ ਕਿ ਇਕ ਚੰਗੀ ਸਰਕਸ ਦੇ ਵਰਤਾਰੇ ਕੁ ਜਿੰਨਾ ਹੀ ਪਿਆ ਹੈ। ਬੱਸ ਜੁੰਮਾ-ਜੁੰਮਾ ਅੱਠ ਦੇ ਮੁਹਾਵਰੇ ਅਨੁਸਾਰ ਸ਼ੁੱਕਰਵਾਰ ਤੋਂ ਸ਼ੁੱਕਰਵਾਰ ਤੱਕ ਸਿਰਫ਼ ਅੱਠ ਦਿਨ ਦੇ ਨਮਾਜ਼ੀ ਜਿਹੇ ਕਰਮਕਾਂਡੀ ਅਸਰ ਤੋਂ ਵੱਧ ਇਨ੍ਹਾਂ ਸਮਾਗਮਾਂ ਦਾ ਚਿਰ ਸਥਾਈ ਪ੍ਰਭਾਵ ਨਹੀਂ ਬਣ ਸਕਿਆ।

ਹਾਂ! ਇਹ ਵੀ ਇਕ ਮੰਨਣ ਵਾਲੀ ਗੱਲ ਹੈ ਕਿ ਇਕ ਪਾਸੇ ਇਨ੍ਹਾਂ ਸ਼ਤਾਬਦੀਆਂ ਦੇ ਸੂਤਰਧਾਰ ਤੇ ਪ੍ਰਬੰਧਕ ਮਾਨਸਿਕ ਤੇ ਸਰੀਰਕ ਥਕੇਵੇਂ ਦੀ ਮਾਰ ਹੇਠ ਆਏ ਦੇਖੇ ਗਏ। ਦੂਜੇ ਪਾਸੇ ਸਾਡੇ ਆਗੂਆਂ ਤੇ ਸਮਾਜ ਸੇਵੀ ਅਲੰਬਰਦਾਰਾਂ ਦੀ ਵੀ ਮਨ ਡੋਲੇ-ਤਨ ਡੋਲੇ ਵਾਲੀ ਸਥਿਤੀ ਸਾਹਮਣੇ ਆਈ। ਸਾਨੂੰ ਸਭ ਨੂੰ ਸਮੁੱਚੇ ਤੌਰ 'ਤੇ ਇਕ ਡਰ ਜਿਹਾ ਸਤਾਉਂਦਾ ਜਾਪਿਆ ਕਿ ਜੇ ਕਿਤੇ ਜਨਤਾ-ਜਨਾਰਦਨ ਵਿਚ ਸ਼ਹੀਦਾਂ ਦੇ ਤਿਆਗ ਤੇ ਸ਼ਹੀਦੀ ਭਾਵਨਾ ਦੀ ਲਹਿਰ ਪ੍ਰਬਲ ਹੋ ਗਈ ਤਾਂ ਕਿਤੇ ਸਾਡਾ ਰਾਜ ਭਗਤੀ ਤੇ ਜੇਬ ਭਗਤੀ ਦਾ ਪਾਜ ਹੀ ਨਾ ਉੱਘੜ ਜਾਏ।

ਇਸ ਲਈ ਸਾਨੂੰ ਸਭ ਨੂੰ ਲੰਬੇ-ਮਿੱਠੇ ਵਾਅਦਿਆਂ ਭਰਪੂਰ ਭਾਸ਼ਣਾਂ ਤੋਂ ਬਾਅਦ ਖਹਿੜਾ-ਛਡਾਊ ਕਾਹਲੀ ਲੱਗੀ ਵੇਖੀ ਗਈ। ਕਈ ਤਾਂ ਭਾਸ਼ਣ ਕਰਨ ਤੋਂ ਤੁਰੰਤ ਬਾਅਦ ਹੀ ਸਟੇਜ ਤੋਂ ਖਿਸਕੰਤਰ ਹੁੰਦੇ ਦੇਖੇ ਗਏ। ਬੱਸ ਕਿ ਜਿਵੇਂ ਸਭ ਨੂੰ ਇਕ ਭੈਅ ਬਣਿਆ ਹੋਵੇ ਕਿ ਕਿਤੇ ਸ਼ਹੀਦਾਂ ਦੇ ਸ਼ਹੀਦੀ ਪਹਿਰੇ ਹੀ ਨਾ ਸਾਡੇ 'ਤੇ ਲੱਗ ਜਾਣ। ਸੋ ਉਹ ਸਾਰੇ ਹੀ ਵਾਅਦਾ-ਮੁਆਫ ਗਵਾਹਾਂ ਵਾਂਗੂ ਔਹ ਗਏ-ਔਹ ਗਏ ਕਰਦੇ ਛੂ-ਮੰਤਰ ਹੋ ਗਏ। ਬੱਸ ਪਿੱਛੇ ਤੰਬੂ-ਕਨਾਤਾਂ ਇਕੱਠੀਆਂ ਕਰਨ ਵਾਲੇ ਆਪੇ ਫਾਥੇ



*Original with;*
Kulbir Singh Sidhu(I.A.S)
*Digitized by;*
Panjab Digital Library

ਇਨ੍ਹਾਂ ਸਮਾਗਮਾਂ ਦੇ ਕੁਝ ਵਰਕਰ ਹੀ ਰਹਿ ਗਏ। ਵੱਡੇ ਤੇ ਕਾਮਯਾਬ ਸਮਾਰੋਹਾਂ ਦੇ ਮੁੱਖ ਪ੍ਰਬੰਧਕ ਤਾਂ ਸ਼ਾਇਦ ਗੋਲਕਾਂ ਗਿਣਨ ਦੇ ਚੱਕਰ ਵਿਚ ਗਲਤਾਨ ਹੋ ਗਏ ਹੋਣਗੇ। ਪਰ ਛੋਟੇ ਸਮਾਗਮਾਂ ਦੇ ਆਰਗੇਨਾਈਜ਼ਰ ਸ਼ਾਮਿਆਨਿਆਂ ਤੇ ਹੋਰ ਨਿੱਕ-ਸੁੱਕ ਜਿਹੇ ਖਰਚਿਆਂ ਦੇ ਭਾਰ ਹੇਠ ਇਕ ਦੂਜੇ ਨਾਲ ਗਲੋ-ਗੀਰ ਵੀ ਹੋਏ ਦਿਸੇ।

ਪਰ ਲੋਕਾਂ ਦਾ 'ਨੌਂ ਕਨੌਜੀਏ ਤੇਰਾਂ ਚੁੱਲ੍ਹੇ' ਵਾਲਾ ਖਦਸ਼ਾ ਬਿਲਕੁਲ ਸੱਚ ਸਾਬਿਤ ਹੋਇਆ। ਸ਼੍ਰੋਮਣੀ ਧਾਰਮਿਕ ਸੰਸਥਾਵਾਂ ਦੱਖਣ ਤੋਂ ਦਿੱਲੀ ਤੱਕ ਅਤੇ ਪੰਜਾਬ ਤੱਕ ਆਪੋ-ਆਪਣੀਆਂ ਵੱਖੋ-ਵੱਖ ਸਟੇਜਾਂ ਉਤੇ ਪਤਾ ਨਹੀਂ ਆਪਣੀਆਂ ਕਿੰਨੀਆਂ ਸ਼ੋਭਾ ਯਾਤਰਾਵਾਂ ਦਾ ਸੰਚਾਲਨ ਕਰਦੀਆਂ ਦਿਸੀਆਂ। ਕੁੱਲ ਮਿਲਾ ਕੇ ਸਿੱਖ ਆਪਸ ਵਿਚ ਬੇਮੁੱਖ ਨਹੀਂ ਹੋਏ; ਸਗੋਂ ਸਮੁੱਚੀ ਕੌਮ ਗੁਰੂਆਂ, ਪੀਰਾਂ ਤੇ ਆਪਣੇ ਸ਼ਹੀਦਾਂ ਤੋਂ ਵੀ ਬੇਮੁੱਖ ਹੁੰਦੀ ਦੇਖੀ ਗਈ। ਨੰਦੇੜ ਸਾਹਿਬ ਦੀ ਤ੍ਰੈਸ਼ਤਾਬਦੀ ਵਾਂਗੂ ਅਤੇ ਸ਼ਹੀਦ ਸ: ਭਗਤ ਸਿੰਘ ਦੀ ਸੌ ਸਾਲਾ ਜਨਮ ਸ਼ਤਾਬਦੀ ਵਾਂਗੂ ਸਰਹਿੰਦ ਫਤਹਿ ਦੀ ਤ੍ਰੈਸ਼ਤਾਬਦੀ ਵੀ ਸੌੜੀ ਸੋਚ ਦੇ ਕਾਰਨ ਕੌਮੀ ਪੱਧਰ ਦੀ ਨਾ ਬਣ ਕੇ ਇਲਾਕਾਈ ਪੱਧਰ ਤਕ ਹੀ ਸਿਮਟ ਗਈ।

ਬੇਸ਼ੱਕ ਹਮੇਸ਼ਾਂ ਵਾਂਗ ਸੰਗਤਾਂ ਦੀ ਸ਼ਰਧਾ ਤੇ ਸੇਵਾ ਵੀ ਬੇਅੰਤ ਦੇਖਣ ਨੂੰ ਮਿਲੀ। ਸਾਧਾਂ, ਸੰਤਾਂ ਤੇ ਸੰਗਤਾਂ ਵੱਲੋਂ ਲਾਏ ਗਏ ਲੰਗਰਾਂ ਤੇ ਛਬੀਲਾਂ ਦੀ ਸੇਵਾ ਵੀ ਬੇ-ਬਹਾਅ ਦੇਖਣ ਨੂੰ ਮਿਲੀ। ਪ੍ਰਸ਼ਾਸਕੀ ਪੱਧਰ 'ਤੇ ਲੋੜੀਂਦੇ ਸੁਰੱਖਿਆ ਪ੍ਰਬੰਧਾਂ ਤੋਂ ਲੈ ਕੇ ਪਾਰਕਿੰਗ ਤੇ ਜੰਗਲ ਪਾਣੀ ਤੱਕ ਦੇ ਪ੍ਰਬੰਧ ਕਰਨ ਵਿਚ ਅੱਡੀ-ਚੋਟੀ ਦਾ ਜ਼ੋਰ ਵੀ ਲੱਗਿਆ ਦੇਖਿਆ ਗਿਆ। ਪਰ ਹਮੇਸ਼ਾਂ ਵਾਂਗ ਬੱਧੀ-ਰੁੱਧੀ ਡਿਊਟੀ ਦੀ ਮਾਨਸਿਕਤਾ ਅਤੇ ਇਨ੍ਹਾਂ ਮਹਾਨ ਸਮਾਗਮਾਂ ਦੇ ਸਮੇਂ ਕੀਤੇ ਜਾਣ ਵਾਲੇ ਪ੍ਰਬੰਧਾਂ ਦੇ ਸਨਮੁੱਖ ਆਮ ਵਾਂਗ ਹੀ ਲੋੜੀਂਦੇ ਸਮੇਂ ਦੀ ਘਾਟ ਤਹਿਤ ਬੱਸ ਜੋ ਕੁਝ ਹੋਇਆ, ਉਸ ਨੂੰ ਵਧੀਆ ਹੀ ਕਹਿਕੇ ਪ੍ਰਮਾਤਮਾ ਦਾ ਸ਼ੁਕਰ ਕਰਨ ਦੀ ਲੋੜ ਹੈ।

ਖੈਰ! ਇਹ ਭਵਿੱਖ ਦੀ ਗੱਲ ਹੈ ਕਿ ਹੁਣ ਸੰਨ 2016 ਵਿਚ ਮਹਾਨ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ 740 ਸਿੰਘਾਂ ਸਾਥੀਆਂ ਦੀ ਤ੍ਰੈਸ਼ਤਾਬਦੀ ਮਨਾਉਣ ਵਾਸਤੇ ਦਮਗਜਿਆਂ ਭਰਪੂਰ ਬਿਆਨਬਾਜ਼ੀ ਵਜੋਂ ਐਲਾਨਨਾਮੇ ਜਾਰੀ ਹੋ ਚੁੱਕੇ ਹਨ। ਇਸ ਵਾਸਤੇ ਇਹ ਇਤਿਹਾਸਿਕ ਸ਼ਤਾਬਦੀਆਂ ਮਨਾਉਣ ਵਾਸਤੇ ਅੱਗੇ ਤੋਂ ਅਕਾਲ ਪੁਰਖ ਸਾਨੂੰ ਸਭ ਨੂੰ ਸਦਬੁੱਧੀ ਬਖਸ਼ੇ ਅਤੇ ਸਾਡਾ ਸਹਾਈ ਹੋਵੇ।

ਨਿਰਸੰਦੇਹ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਸੀਂ ਕੌਮੀ ਤੌਰ 'ਤੇ ਅਜਿਹੀਆਂ ਮਹਾਨ ਇਤਿਹਾਸਕ ਸ਼ਤਾਬਦੀਆਂ ਦੇ ਪਿੱਛੇ ਸ਼ਹੀਦਾਂ-ਮੁਰੀਦਾਂ ਦੇ ਜੀਵਨ ਫ਼ਲਸਫ਼ੇ ਤੇ ਇਨ੍ਹਾਂ ਸਮਾਗਮਾਂ ਦੀ ਇਤਿਹਾਸਕ ਤੇ ਸਾਹਿਤਕ ਗਾਥਾ ਦਾ ਪ੍ਰਚਾਰ ਤੇ ਪ੍ਰਸਾਰ ਕਿੰਨਾ ਕੁ ਕਰਦੇ ਹਾਂ। ਫਿਰ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਅਸੀਂ ਸਿੱਖ ਮੱਤ ਤੇ ਸਭਿਆਚਾਰ ਸਬੰਧੀ ਜਾਣਕਾਰੀ ਹਾਸਿਲ ਕਰਨ ਦੀ ਤਲਬਗਾਰ ਦੁਨੀਆਂ ਅਤੇ ਖਾਸ ਤੌਰ 'ਤੇ ਸਮੇਂ ਦੀ ਮੰਗ ਅਨੁਸਾਰ ਸਾਡੇ ਨੌਜਵਾਨ ਬੱਚਿਆਂ ਤੱਕ ਕਿੰਨੀ



*Original with;*
Kulbir Singh Sidhu(I.A.S)
*Digitized by;*
Panjab Digital Library

ਪਹੁੰਚ ਕਰਦੇ ਹਾਂ? ਹੁਣ ਵੀ ਸਾਨੂੰ 'ਮਹਾਨ ਗੁਰੂ ਦੇ ਮਹਾਨ ਬੰਦੇ' ਬਾਬਾ ਬੰਦਾ ਸਿੰਘ ਬਹਾਦਰ ਕਿ ਜਿਸ ਦੀ ਅਗਵਾਈ ਹੇਠ ਸਿੱਖਾਂ ਤੇ ਸਮੁਚੇ ਪੰਜਾਬੀਆਂ ਦੀ ਫਤਹਿ ਹੋਈ ਸੀ ਅਤੇ ਉਸ ਮਹਾਨ ਯੋਧੇ ਵਰਗੇ ਆਪਣੇ ਅਨੇਕਾਂ ਯੋਧਿਆਂ ਦੇ ਇਤਿਹਾਸ ਨੂੰ ਨਸ਼ਰ ਕਰਨਾ ਬਣਦਾ ਹੈ।

ਇਸ ਤੋਂ ਇਲਾਵਾ ਪੰਜਾਬ ਦੀ ਧਾਰਮਿਕ ਤੇ ਸਭਿਆਚਾਰਕ ਵਿਰਾਸਤ ਦੇ ਵਾਰਿਸ ਹੋਣ ਵਜੋਂ ਹਰ ਇਕ ਪੰਜਾਬੀ ਬੰਦੇ ਨੂੰ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਆਗੂਆਂ ਨੂੰ ਆਪਾ-ਚੀਨਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਆਤਮਿਕ ਆਪਾ-ਚੀਨਣ ਦੇ ਸਮੇਂ ਨਿਰਸੰਦੇਹ ਕਈ ਔਕੜਾਂ ਆ ਸਕਦੀਆਂ ਹਨ। ਪਰ ਸੱਚ ਆਖਣ ਤੇ ਸੱਚ ਮੰਨਣ ਦੀ ਜੁਰੱਅਤ ਦੀ ਭਾਵਨਾ ਨਾਲ ਇਹ ਕੌਮੀ ਪੱਧਰ 'ਤੇ ਆਪਾ-ਚੀਨਣ ਦਾ ਮੰਥਨ ਹੋਣਾ ਚਾਹੀਦਾ ਹੈ।

ਇਸ ਸੋਚ-ਵਿਚਾਰ ਸਮੇਂ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ 'ਸੱਚ ਆਖਾਂ ਤੇ ਭਾਂਬੜ ਮਚਦਾ ਏ; ਮੂੰਹ ਆਈ ਬਾਤ ਨਾ ਰਹਿੰਦੀ ਏ' ਅਤੇ ਇਉਂ ਹੀ ਕਵੀ ਸੁਰਜੀਤ ਪਾਤਰ ਦੇ 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ; ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ' ਜਿਹੇ ਕਥਨ ਸਾਡੀ ਸੰਵੇਦਨਾ ਤੇ ਵੇਦਨਾ ਨੂੰ ਝੰਜੋੜਨ ਮਾਤਰ ਸਾਡੇ ਪ੍ਰੇਰਣਾ ਸਰੋਤ ਬਣਨੇ ਚਾਹੀਦੇ ਹਨ। ਇਸ ਤੋਂ ਵੀ ਵੱਧ ਇਸ ਗੱਲ ਦੀ ਜ਼ਰੂਰਤ ਹੈ ਕਿ ਅਸੀਂ ਅਜੋਕੇ ਸਮੇਂ ਦੀਆਂ ਆਪਣੀਆਂ ਵਿਗੜ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਆਪਣੇ ਬਜ਼ੁਰਗਾਂ ਦੀਆਂ ਪੀੜ੍ਹੀਆਂ ਦੇ ਸਮਿਆਂ ਦੇ ਪ੍ਰਸੰਗ ਵਿਚ ਵੇਖੀਏ ਤੇ ਮਹਿਸੂਸ ਕਰੀਏ ਅਤੇ ਲੋੜੀਂਦੇ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰੀਏ।

ਇਸ ਸੰਵੇਦਨਾ ਨਾਲ ਹੀ ਨਵੀਂ ਸਦੀ ਦੀ ਸ਼ੁਰੂਆਤ ਵਜੋਂ 1969 ਤੋਂ ਖਾਲਸਾ ਸਿਰਜਣਾ ਤ੍ਰੈਸ਼ਤਾਬਦੀ ਤੋਂ ਲੈ ਕੇ ਹੁਣ ਤੱਕ ਮਨਾਈਆਂ ਗਈਆਂ 14 ਇਤਿਹਾਸਕ ਸ਼ਤਾਬਦੀਆਂ ਦਾ ਮੁਲਾਂਕਣ ਕਰਨ ਦੀ ਲੋੜ ਹੈ। ਜਿਸ ਦੇ ਸਿੱਟੇ ਵਜੋਂ ਕੁੱਲ ਮਿਲਾ ਕੇ ਗੁਰੂਆਂ, ਪੀਰਾਂ ਤੇ ਉਨ੍ਹਾਂ ਦੇ ਸ਼ਹੀਦਾਂ-ਮੁਰੀਦਾਂ ਦੇ ਸ਼ਤਾਬਦੀ ਸਮਾਗਮਾਂ ਦੇ ਰੂਪ ਵਿਚ ਸਿਰਫ਼ ਇਹ ਹੀ ਪ੍ਰਾਪਤੀ ਹੋਈ ਜਾਪਦੀ ਹੈ ਕਿ ਜਨ ਸਮੂਹ ਦੀ ਸੇਵਾ-ਸ਼ਰਧਾ ਤਾਂ ਬੇਅੰਤ ਦੇਖਣ ਨੂੰ ਮਿਲੀ ਹੈ। ਪਰ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਆਗੂ ਬੱਸ ਅਣਮੰਨੇ ਜਿਹੇ ਮਨ ਨਾਲ ਰੀਸੋ-ਰੀਸ ਆਪੋ-ਆਪਣੀ ਡਫਲੀ ਉਤੇ ਆਪੋ-ਆਪਣੇ ਰਾਗ ਅਲਾਪਦੇ ਰਹੇ ਹਨ। ਇਸ ਲਈ ਇਨ੍ਹਾਂ ਸ਼ਤਾਬਦੀਆਂ ਦੇ ਮਨਾਉਣ ਨਾਲ ਨਾ ਤਾਂ ਗੁਰੂਆਂ ਤੇ ਨਾ ਹੀ ਸ਼ਹੀਦਾਂ-ਮੁਰੀਦਾਂ ਦੇ ਜੀਵਨ ਤੇ ਫ਼ਲਸਫ਼ੇ ਸਬੰਧੀ ਬਹੁਤੀ ਜਾਣਕਾਰੀ ਦਾ ਅਦਾਨ-ਪ੍ਰਦਾਨ ਹੋ ਸਕਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਤੇ ਕੁਰਬਾਨੀਆਂ ਦੀ ਕੋਈ ਡੂੰਘੀ ਰੰਗਤ ਵਾਲੀ ਸਾਡੀ ਮਾਨਸਿਕਤਾ ਬਣ ਸਕੀ ਹੈ। ਹਾਂ! ਇਹ ਠੀਕ ਹੈ ਕਿ ਪਿੱਤਰਾਂ ਦੇ ਸ਼ਰਾਧ ਮਨਾਉਣ ਵਾਂਗੂ ਇਹ ਸ਼ਤਾਬਦੀਆਂ ਕਰਮਕਾਂਡੀ ਜਿਹੇ ਤਰੀਕੇ ਨਾਲ ਜ਼ਰੂਰ ਮਨਾਈਆਂ ਗਈਆਂ ਹਨ।

ਇਕ ਪਾਸੇ ਪ੍ਰਤੱਖ ਹੈ ਕਿ ਅਸੀਂ ਇਹ ਤਾਂ ਮੰਨਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਕੁਰਬਾਨੀ ਦੇ ਪੁੰਜਾਂ ਤੇ ਸੰਘਰਸ਼ੀ ਯੋਧਿਆਂ ਨੂੰ ਭੁੱਲ ਜਾਂਦੀਆਂ ਹਨ ਉਹ



*Original with;*
Kulbir Singh Sidhu(I.A.S)
*Digitized by;*
Panjab Digital Library

ਆਪ ਵੀ ਜ਼ਿਆਦਾ ਦੇਰ ਜ਼ਿੰਦਾ ਨਹੀਂ ਰਹਿੰਦੀਆਂ। ਅਸੀਂ ਇਹ ਵੀ ਮੰਨਦੇ ਹਾਂ ਕਿ ਅੱਜ ਸਾਡੀ ਅਜ਼ਾਦ ਹਸਤੀ ਤੇ ਹੋਂਦ ਵੀ ਸਾਡੇ ਕੌਮ ਦੇ ਮਹਾਨ ਸਪੂਤਾਂ ਸਦਕਾ ਹੀ ਹੈ। ਪਰ ਦੂਜੇ ਪਾਸੇ ਅੱਜ ਅਜ਼ਾਦੀ ਦੇ ਤਕਰੀਬਨ 65 ਸਾਲ ਬਾਅਦ ਵੀ ਸਾਡੇ ਸਾਹਿਤ ਜਾਂ ਇਤਿਹਾਸ ਦੀ ਕਿਸੇ ਪੁਸਤਕ ਵਿਚ ਅਸੀਂ ਮੁਗਲਾਂ ਤੇ ਅੰਗਰੇਜ਼ਾਂ ਵੱਲੋਂ ਦਿੱਤੇ ਗਏ ਗਿਆਨ-ਵਿਧਾਨ ਤੋਂ ਪਾਸੇ ਹਟ ਕੇ ਆਪਣੇ ਕੌਮੀ ਸ਼ਹੀਦਾਂ ਨੂੰ ਉਨ੍ਹਾਂ ਦਾ ਬਣਦਾ ਯੋਗ ਸਥਾਨ ਨਹੀਂ ਦੇ ਸਕੇ। ਇਥੋਂ ਤੱਕ ਕਿ ਅਸੀਂ ਆਪਣੇ ਵਿਦਿਅਕ ਕੋਰਸਾਂ ਰਾਹੀਂ ਅੱਜ ਵੀ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਕੁੱਟ ਕੇ ਖੀਰ ਖੁਵਾਉਣ ਵਾਂਗੂੰ ਗੈਰ ਮੁਲਕੀ ਹਾਕਮਾਂ ਦੇ ਸੋਹਲੇ ਪੜ੍ਹਾ ਰਹੇ ਹਾਂ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਇਸ ਮਾੜੇ ਚਲਣ ਲਈ **ਮੁਹੰਮਦ ਇਕਬਾਲ** ਨੇ ਕਿੰਨੇ ਵਿਅੰਗ ਨਾਲ ਸਹੀ-ਸਹੀ ਲਿਖਿਆ ਹੈ ਕਿ :-

ਮਗਰ ਸ਼ਿਕਾਇਤ ਹੈ ਮੁਝੇ ਯਾ ਰੱਬ, ਖੁਦਾਵੰਦਾਨਿ ਮਕਤਬ ਸੇ:
ਸਬਕ ਸ਼ਾਹੀਂ ਕੇ ਬੱਚੋਂ ਕੋ, ਦੇ ਰਹੇ ਹੈਂ, ਖਾਕਬਾਜ਼ੀ ਕਾ।

ਬੇਸ਼ੱਕ ਦੂਜੇ ਪਾਸੇ ਅੱਜ ਹਰ ਮਾਂ-ਬਾਪ ਇਕ ਘਰੇਲੂ ਜਿਹੀ ਚਿੰਤਾ ਵਿਚ ਗ੍ਰਸਿਆ ਹੋਇਆ ਹੈ ਕਿ ਉਸ ਦੇ ਧੀਆਂ-ਪੁੱਤ ਨਵੇਂ ਜ਼ਮਾਨੇ ਦੇ ਪ੍ਰਭਾਵ ਹੇਠ ਆਪਣੇ ਸਦਾਚਾਰ ਤੇ ਸਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੇ ਸਮੇਂ ਦੀਆਂ ਸਮਾਜਿਕ ਕਦਰਾਂ-ਕੀਮਤਾਂ ਬਾਰੇ ਕੋਈ ਜ਼ਿਆਦਾ ਸੋਝੀ ਨਹੀਂ ਹੈ। ਅਜਿਹੇ ਸਵਾਲ ਅੱਜ ਸਮੁੱਚੇ ਸਮਾਜ ਨੂੰ ਪ੍ਰੇਸ਼ਾਨ ਕਰ ਰਹੇ ਹਨ। ਪਰ ਸੰਜੀਦਗੀ ਨਾਲ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਸ ਲਈ ਧਾਰਮਿਕ, ਸਮਾਜਿਕ ਤੇ ਸਰਕਾਰਾਂ ਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ? ਕੀ ਅਸੀਂ ਖੁਦ ਇਕ ਪਰਿਵਾਰ ਦੇ ਆਗੂ ਹੋਣ, ਅਧਿਆਪਕ ਤੇ ਬੁੱਧੀਜੀਵੀ ਵਰਗ ਹੋਣ ਵਜੋਂ ਬੱਚਿਆਂ ਨੂੰ ਚੰਗੇ ਸੰਸਕਾਰ ਨਾ ਦੇ ਸਕਣ ਦੀ ਅਣਗਹਿਲੀ ਦਾ ਭਾਗੀਦਾਰ ਨਹੀਂ ਹਾਂ?

ਅਜੋਕੇ ਪਦਾਰਥਵਾਦੀ ਤੇ ਪ੍ਰਗਤੀਵਾਦੀ ਯੁੱਗ ਦੀ ਪੈਦਾਇਸ਼ ਸਾਡੇ ਬੱਚੇ ਸਾਡੇ ਇਸ ਫ਼ਿਕਰ ਨੂੰ ਸਮਝਣ ਤੋਂ ਅਸਮਰਥ ਹਨ। ਉਹ ਇਸ ਲਈ ਕਿ ਉਨ੍ਹਾਂ ਨੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਸਾਡੇ ਬਜ਼ੁਰਗਾਂ ਦੇ ਜ਼ਮਾਨੇ ਤਾਂ ਦੇਖੇ ਹੀ ਨਹੀਂ ਹਨ। ਫਿਰ ਅਸੀਂ ਬਜ਼ੁਰਗਾਂ ਤੇ ਬੱਚਿਆਂ ਦੀ ਦਰਮਿਆਨੀ ਪੀੜ੍ਹੀ ਹੋਣ ਸਦਕਾ ਆਪਣੇ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦੇ ਸਬਰ-ਸਬੂਰੀ ਤੇ ਰੱਬ ਦੇ ਹੈਅ-ਭੈਅ ਦੇ ਜੀਵਨਾਂ ਬਾਰੇ ਕੁਝ ਦੱਸ ਸਕਣ ਦੇ ਕਾਬਿਲ ਹੀ ਨਹੀਂ ਹਾਂ।

ਇਸ ਸੂਰਤੇ ਹਾਲ ਵਿਚ ਸਾਡੇ ਨੌਜਵਾਨ ਬੱਚਿਆਂ ਦਾ ਬਿਲਕੁਲ ਕੋਈ ਕਸੂਰ ਨਹੀਂ ਜਾਪਦਾ। ਉਹ ਤਾਂ ਮੌਜੂਦਾ ਮਾਇਆਧਾਰੀ ਯੁੱਗ ਦੀਆਂ ਕਦਰਾਂ-ਕੀਮਤਾਂ ਦੇ ਅਨੁਸਾਰ ਉਨ੍ਹਾਂ ਨੂੰ ਦਰਪੇਸ਼ ਜ਼ਿੰਦਗੀ ਦੇ ਮੁਕਾਬਲਿਆਂ ਵਿਚ ਜੇਤੂ ਹੋਣ ਦੀ ਗਰਜ਼ ਨਾਲ ਤੇ ਜਾਂ ਘੱਟੋ ਘੱਟ ਜਿਉਂਦੇ ਰਹਿਣ ਦੀ ਗਰਜ਼ ਨਾਲ ਹਾਈਂ-ਮਾਈਂ ਗੁਜ਼ਰ-ਬਸਰ ਕਰ ਹੀ ਰਹੇ ਹਨ। ਉਹ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਤੋਂ ਅਗਿਆਨੀ ਹੋਣ ਦੀ ਵਜ੍ਹਾ ਦੇ ਕਾਰਨ ਉਹ ਆਪਣਾ ਹਰ ਚਲਨ ਤੇ ਆਪਣਾ ਹਰ ਅਮਲ ਨਵੇਂ



Original with;
Kulbir Singh Sidhu(I.A.S)
Digitized by;
Panjab Digital Library

ਜ਼ਮਾਨੇ ਦੀਆਂ ਸਿੰਮਤਾਂ ਤੋਂ ਹੀ ਦੇਖਦੇ ਹਨ। ਇਸ ਲਈ ਉਨ੍ਹਾਂ ਦਾ ਚਲਣ ਤੇ ਹਰ ਅਮਲ ਭਾਵੇਂ ਸਮਾਜਿਕ ਪੱਖੋਂ ਸਾਡੇ ਲਈ ਮਾੜਾ ਹੀ ਹੋਵੇ, ਪਰ ਉਹ ਆਪਣੀ ਕਾਰਵਾਈ ਨੂੰ ਹਮੇਸ਼ਾਂ ਠੀਕ ਕਰਾਰ ਦੇਣ ਦੇ ਆਦੀ ਹੋ ਚੁੱਕੇ ਹਨ।

ਸਿੱਟਾ ਇਹ ਨਿਕਲਦਾ ਹੈ ਕਿ ਸਾਡੀ ਪੀੜ੍ਹੀ ਉਨ੍ਹਾਂ ਬਾਰੇ ਚਿੰਤਾਤੁਰ ਹੈ ਕਿ ਨੌਜਵਾਨ ਪੀੜ੍ਹੀ ਕਿੱਧਰ ਨੂੰ ਜਾ ਰਹੀ ਹੈ। ਇਸ ਦੇ ਨਾਲ ਹੀ ਵਿਡੰਬਣਾ ਇਹ ਹੈ ਕਿ ਨੌਜਵਾਨ ਪੀੜ੍ਹੀ ਆਪਣੀ ਵੱਡੀ ਪੀੜ੍ਹੀ ਬਾਰੇ ਫ਼ਿਕਰਮੰਦ ਹੈ ਕਿ ਸਾਡੇ ਬਜ਼ੁਰਗਾਂ ਦੀ ਸੋਚ ਕਿੱਡੀ ਪੁਰਾਣੀ, ਵਿਅਰਥ ਤੇ ਦਕੀਆਨੂਸੀ ਹੈ। ਉਹ ਆਪਣੇ ਵਡੇਰਿਆਂ ਨੂੰ ਘਰ ਦੇ ਪੁਰਾਣੇ ਫਰਨੀਚਰ ਵਾਂਗ ਅਰਥਹੀਣ ਤੇ ਲਾਭਹੀਣ ਵਸਤੂ ਹੀ ਸਮਝਦੇ ਹਨ। ਸਾਡੀਆਂ ਇਨ੍ਹਾਂ ਦੋਵਾਂ ਅਜੋਕੀਆਂ ਪੀੜ੍ਹੀਆਂ ਵਿਚ ਸੋਚ ਦਾ ਪਾੜਾ ਇਡਾ ਵੱਡਾ ਹੋ ਗਿਆ ਹੈ ਕਿ ਹਰ ਘਰ ਵਿਚ ਇਹ ਮਸਲਾ ਕਸ਼ਮੀਰ ਦੇ ਅਣਸੁਲਝੇ ਮਸਲੇ ਵਾਂਗੂੰ ਹੀ ਬਣ ਚੁੱਕਾ ਹੈ।

ਇਸ ਸੂਰਤ ਵਿਚ ਅੱਜ ਸਾਡੇ ਸਮਾਜ ਦਾ ਹਰ ਇਕ ਬੁੱਢਾ ਹੁਣ ਦੂਜੇ ਬੁੱਢੇ ਨੂੰ ਕਹਿੰਦਾ ਲਗਦਾ ਹੈ ਕਿ ਨਿਆਣਿਆਂ ਨੇ ਤਾਂ ਆਪਣੀ ਗੱਲ ਨਹੀਂ ਮੰਨਣੀ; ਚੱਲ ਘੱਟੋ ਘੱਟ ਆਪਾਂ ਦੋਵੇਂ ਤਾਂ ਇਕ-ਦੂਜੇ ਦੀ ਗੱਲ ਹੁਣ ਮੰਨ ਹੀ ਲਈਏ। ਇਸ ਤਰ੍ਹਾਂ ਇਕ ਬਾਬਾ ਦੂਜੇ ਬਾਬੇ ਨੂੰ ਪੜ੍ਹਾਉਂਦਾ ਤੇ ਸਮਝਾਉਂਦਾ ਹੈ ਕਿ ਹੁਣ ਬੱਸ ਆਪਾਂ ਨੂੰ ਹੀ ਆਪਣਾ ਮਨ ਸਮਝਾਉਣਾ ਪਊ ਕਿਉਂਕਿ ਕੋਈ ਹੋਰ ਤਾਂ ਆਪਣੀ ਗੱਲ ਸੁਣਦਾ-ਮੰਨਦਾ ਨਹੀਂ। ਇਸ ਤਰ੍ਹਾਂ ਬਜ਼ੁਰਗਾਂ ਅਤੇ ਖ਼ਾਸ ਤੌਰ 'ਤੇ ਸਾਡੇ ਬੁੱਧੀਜੀਵੀ ਵਰਗ ਦਾ ਇਕ-ਦੂਜੇ ਨੂੰ ਸਮਝਾਉਣਾ ਜਾਂ ਤਾਂ ਘਰ ਦੇ ਕਮਰਿਆਂ ਤਕ ਸੀਮਤ ਹੋ ਗਿਆ ਹੈ ਤੇ ਜਾਂ ਫਿਰ ਵੱਧ ਤੋਂ ਵੱਧ ਸੈਮੀਨਾਰਾਂ ਤੇ ਗੋਸ਼ਟੀਆਂ ਤਕ ਪਹੁੰਚ ਕੇ ਖਤਮ ਹੋ ਗਿਆ ਹੈ। ਫਿਰ ਸਾਹਿਤਕ ਸੈਮੀਨਾਰਾਂ ਤੇ ਗੋਸ਼ਟੀਆਂ ਵਿਚ ਵੀ ਨੌਜਵਾਨਾਂ ਦੀ ਹਾਜ਼ਰੀ ਨਾਮਾਤਰ ਹੀ ਹੁੰਦੀ ਹੈ। ਜਿਥੋਂ ਤਕ ਪਰਿਵਾਰਾਂ ਦਾ ਤੁਅਲਕ ਹੈ ਇਹ ਕਦੇ ਦੇਵਨੇਤ ਹੀ ਦੇਖਣ ਨੂੰ ਮਿਲਦਾ ਹੈ ਕਿ ਪਰਿਵਾਰ ਦੇ ਦੋ ਵੱਡੇ ਮੈਂਬਰ ਘਰ ਵਿਚ ਜਦੋਂ ਬੱਚਿਆਂ ਦੀ ਗੱਲ ਕਰ ਰਹੇ ਹੋਣ ਤਾਂ ਬੱਚੇ ਵੀ ਨਿਮਰਤਾ ਸਹਿਤ ਉਨ੍ਹਾਂ ਤੋਂ ਕੋਈ ਅਗਵਾਈ ਲੈਂਦੇ ਹੋਣ।

ਮੁੱਕਦੀ ਗੱਲ ਇਹ ਹੈ ਕਿ ਅਸੀਂ ਸਮਾਜਿਕ ਤੌਰ 'ਤੇ ਕੁੱਲ ਮਿਲਾ ਕੇ ਆਪਣੀ ਅਮੀਰ ਵਿਰਾਸਤ ਵਿਚ ਮਿਲੀਆਂ ਸਮਾਜਿਕ ਤੇ ਧਾਰਮਿਕ ਕ਼ਦਰਾਂ-ਕੀਮਤਾਂ ਨੂੰ ਨਾ ਤਾਂ ਖ਼ੁੱਦ ਆਪ ਅਪਣਾ ਸਕੇ ਹਾਂ ਅਤੇ ਨਾ ਹੀ ਇਨ੍ਹਾਂ ਸਬੰਧੀ ਅਗਲੀਆਂ ਪੀੜ੍ਹੀਆਂ ਨੂੰ ਕੁਝ ਸਿਖਾ ਜਾਂ ਸਮਝਾ ਸਕੇ ਹਾਂ। ਜਦੋਂ ਕਿ ਹਰ ਵੱਡੀ ਤੇ ਛੋਟੀ ਪੀੜ੍ਹੀ ਦੀ ਦਰਮਿਆਨੀ ਪੀੜ੍ਹੀ ਦਾ ਇਹ ਫਰਜ਼ ਅੱਵਲ ਹੁੰਦਾ ਹੈ ਕਿ ਉਹ ਭਵਿੱਖ ਦੇ ਉਸਰੱਈਏ ਨੌਜਵਾਨਾਂ ਨੂੰ ਸਹੀ ਜੀਵਨ ਜਾਚ ਤੇ ਜੀਵਨ ਸੇਧ ਦੇਵੇ। ਇਸ ਤਰ੍ਹਾਂ ਹੀ ਸਾਡੀ ਅਜੋਕੀ ਪੀੜ੍ਹੀ ਦਾ ਇਹ ਪਹਿਲਾ ਫਰਜ਼ ਹੈ ਕਿ ਅਸੀਂ ਆਪਣੇ ਨੌਜਵਾਨ ਬੱਚਿਆਂ ਨੂੰ ਭਾਰਤੀ ਸੰਸਕ੍ਰਿਤੀ, ਸਭਿਅਤਾ ਤੇ ਸਭਿਆਚਾਰ ਦੀਆਂ ਮਹਾਨ ਪ੍ਰੰਪਰਾਵਾਂ ਅਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਾਡੇ ਸ਼ਹੀਦਾਂ ਤੇ ਸੰਘਰਸ਼ੀ ਬਜ਼ੁਰਗਾਂ ਦੇ ਜੀਵਨ ਫ਼ਲਸਫ਼ੇ ਤੋਂ ਜਾਣੂ ਕਰਵਾਈਏ। ਸਪਸ਼ਟ ਤੌਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਸਾਡਾ ਇਹ ਕਰਮ ਸਮਾਜਿਕ ਪੱਧਰ 'ਤੇ ਸਾਡੇ ਲਈ ਇਕ ਅਹਿਮ ਫਰਜ਼ ਮਾਤਰ ਹੈ। ਇਹ ਸਾਡਾ ਆਉਣ ਵਾਲੀਆਂ ਪੀੜ੍ਹੀਆਂ ਉਤੇ ਕੋਈ ਸਾਡਾ ਅਹਿਸਾਨ ਨਹੀਂ ਹੈ।

ਇਸ ਸੰਦਰਭ ਵਿਚ ਮੈਂ ਆਪ ਜੀ ਨਾਲ ਮੇਰੇ ਪਾਪਾ ਜੀ ਸ੍ਰ: ਅਜਮੇਰ ਸਿੰਘ ਵੱਲੋਂ ਮੈਨੂੰ ਦਿੱਤੇ ਗਏ ਸਬਕ ਆਪ ਜੀ ਨਾਲ ਸਾਂਝੇ ਕਰਨੇ ਚਾਹਾਂਗਾ। ਉਹ ਕਹਿੰਦੇ ਹੁੰਦੇ ਸਨ "ਦੇਸ਼ ਦੀ ਅਜ਼ਾਦੀ ਤੋਂ ਬਾਅਦ ਅਸੀਂ ਕੌਮੀ ਚਰਿੱਤਰ ਤੇ ਕੌਮੀ ਅਨੁਸਾਸ਼ਨ ਜਿਹੀਆਂ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਆਪਣੇ ਸਵਾਰਥਾਂ ਤੇ ਸੁੱਖ-ਸਾਧਨਾਂ ਦੀ ਪੂਰਤੀ ਲਈ ਜਾਣ-ਬੁੱਝ ਕੇ ਤਿਲਾਂਜਲੀ ਦੇ ਦਿੱਤੀ ਹੈ। ਇਸ ਦਾ ਨਤੀਜਾ ਕੌਮ ਨੂੰ ਦੇਰ-ਸਵੇਰ ਭੁਗਤਣਾ ਪਵੇਗਾ"।

ਖ਼ੈਰ! ਅਸੀਂ ਸ਼ਤਾਬਦੀਆਂ ਦੀ ਗੱਲ ਕਰ ਰਹੇ ਸੀ। ਉਪਰੋਕਤ ਅਨੁਸਾਰ ਜਦੋਂ ਸਮੁੱਚੇ ਤੌਰ 'ਤੇ ਸਾਡੀ ਸਮਾਜਿਕ ਸੋਚ ਨੂੰ ਹੀ ਘੁਣ ਲੱਗ ਚੁੱਕਾ ਹੈ ਤਾਂ ਸਾਡੇ ਸਮਾਗਮਾਂ ਤੇ ਸਮਾਰੋਹਾਂ ਦਾ ਵੀ ਜੋ ਹਸ਼ਰ ਹੁੰਦਾ ਹੈ ਉਹ ਸਾਡੇ ਸਾਹਮਣੇ ਹੈ। ਭਾਵੇਂ ਇਹ ਸਮਾਗਮ ਧਾਰਮਿਕ ਸ਼ਤਾਬਦੀ ਸਮਾਗਮ ਹੋਣ ਜਾਂ ਕੌਮੀ ਪੱਧਰ ਦੇ ਇਤਿਹਾਸਕ ਸਮਾਰੋਹ ਹੋਣ; ਇਨ੍ਹਾਂ ਸਮਿਆਂ 'ਤੇ ਜੋ ਬੈਂਗਣੀ ਉਘੜਦੀ ਹੈ ਉਹ ਸਾਡੇ ਸਾਹਮਣੇ ਹੈ।

ਖ਼ੈਰ! ਇਨ੍ਹਾਂ ਸ਼ਤਾਬਦੀਆਂ ਵਿਚ ਜਨ ਸਮੂਹ ਦੀ ਧਰਾਤਲੀ ਪੱਧਰ ਦੀ ਸ਼ਰਧਾ ਤੋਂ ਇਲਾਵਾ ਅਸੀਂ ਹੋਰ ਕੋਈ ਅਧਿਆਤਮਕ ਪੱਧਰ ਦੀ ਗੱਲ ਨਹੀਂ ਕਰ ਸਕੇ। ਅਧਿਆਤਮਕ ਪੱਧਰ ਤਾਂ ਦੂਰ ਦੀ ਗੱਲ ਹੈ; ਅਸੀਂ ਤਾਂ ਸਦਾਚਾਰਕ ਪੱਧਰ ਦੀ ਗੱਲ ਕਰਨ ਜੋਗੇ ਵੀ ਨਹੀਂ ਹੋ ਸਕੇ। ਇਸ ਦਾ ਕਾਰਨ ਇਹ ਹੈ ਕਿ ਸਾਡੇ ਗੁਰੂ ਸਾਹਿਬਾਨ ਤੇ ਸ਼ਹੀਦਾਂ-ਮੁਰੀਦਾਂ ਪ੍ਰਤੀ ਸਾਡਾ ਆਪਣਾ ਗਿਆਨ ਅਧੂਰਾ-ਸਧੂਰਾ ਹੈ। ਅਸੀਂ ਖ਼ੁਦ ਉਨ੍ਹਾਂ ਦੇ ਤਪ-ਤਿਆਗ ਦੇ ਰਸਤੇ ਨੂੰ ਛੱਡ ਕੇ ਆਪਣੇ ਨਿੱਜ ਸਵਾਰਥ ਤੇ ਮੌਕਾ ਪ੍ਰਸਤੀ ਦੇ ਰਸਤੇ ਦੇ ਧਾਰਨੀ ਬਣ ਚੁਕੇ ਹਾਂ।

ਹੁਣ ਜਦੋਂ ਸਾਡੀ ਸ਼ਹੀਦਾਂ ਪ੍ਰਤੀ ਸ਼ਰਧਾ ਤੇ ਕਿਰਦਾਰ ਦੀ ਗੱਲ ਆਉਂਦੀ ਹੈ ਤਾਂ ਤ੍ਰੈਸ਼ਤਾਬਦੀ ਸਮਾਗਮਾਂ ਦੇ ਤੰਬੂ ਰੀਸੋ-ਰੀਸ ਜਿੰਨੀ ਛੇਤੀ ਲੱਗੇ; ਉਸ ਤੋਂ ਵੀ ਕਿਤੇ ਵੱਧ ਕਾਹਲੀ ਵਿਚ ਉਥੋਂ ਸਾਡਾ ਡੰਡਾ-ਡੋਰੀਆ ਚੁਕਿਆ ਗਿਆ। ਬੇਸ਼ਕ ਹਾਲ ਦੀ ਘੜੀ ਇਸ ਸ਼ਤਾਬਦੀ ਦੇ ਸਮਾਜਿਕ, ਧਾਰਮਿਕ ਤੇ ਇਤਿਹਾਸਕ ਪ੍ਰਭਾਵਾਂ ਬਾਰੇ ਕਹਿਣਾ ਭਾਵੇਂ ਜਲਦਬਾਜ਼ੀ ਹੋਵੇਗੀ, ਪਰ ਜੋ ਕੁਝ ਨੌਂ ਕਨੌਜੀਏ ਤੇਰਾਂ ਚੁੱਲਿਆਂ ਵਰਗੀ ਫੁਟ ਤੇ ਪਾੜੇ ਦਾ ਸਮਾਜਿਕ ਤੇ ਰਾਜਨੀਤਿਕ ਪੱਧਰ 'ਤੇ ਵਰਤਾਰਾ ਵਰਤਿਆ ਹੈ; ਉਸ ਤੋਂ ਤਾਂ ਇਹ ਹੀ ਲੱਗਦਾ ਹੈ ਕਿ ਇਹ ਸ਼ਤਾਬਦੀ ਵੀ ਪਹਿਲੀਆਂ ਸ਼ਤਾਬਦੀਆਂ ਵਾਂਗ ਕੋਈ ਚਿਰ ਸਥਾਈ ਚੰਗੇ ਪ੍ਰਭਾਵ ਨਹੀਂ ਛੱਡ ਸਕੇਗੀ।

ਖ਼ੈਰ! ਇਨ੍ਹਾਂ ਇਤਿਹਾਸਕ ਸ਼ਤਾਬਦੀਆਂ ਦਾ ਇਕ ਚੰਗਾ ਪੱਖ ਇਹ ਜ਼ਰੂਰ ਦੇਖਣ ਨੂੰ ਮਿਲਿਆ ਹੈ ਕਿ ਸਾਡਾ ਆਪਣਾ ਸਮਾਜ ਹੀ ਨਹੀਂ; ਸਗੋਂ ਦੁਨੀਆਂ ਵੀ



Original with;
Kulbir Singh Sidhu(I.A.S)
Digitized by;
Panjab Digital Library

ਸਾਡੀ ਅਮੀਰ ਸੰਸਕ੍ਰਿਤੀ, ਸਭਿਆਚਾਰ ਤੇ ਸਦਾਚਾਰ ਸਬੰਧੀ ਜਾਨਣ ਲਈ ਉਤਸਕ ਹੈ। ਜਿਸ ਲਈ ਕਿ ਜਿਥੇ ਸਾਹਿਤ ਤੇ ਇਤਿਹਾਸ ਵਿਚ ਲੋੜੀਂਦੀ ਸੋਧ ਕਰਕੇ ਉਸ ਨੂੰ ਸਹੀ ਪ੍ਰਸੰਗਤਾ ਵਿਚ ਲਿਖਣ ਦੀ ਲੋੜ ਹੈ; ਉਸ ਦੇ ਨਾਲ ਹੀ ਇਸ ਜਾਣਕਾਰੀ ਨੂੰ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਲਿਖਣ ਦੀ ਬੇਹੱਦ ਲੋੜ ਹੈ।

ਅਜੋਕੇ ਸਮੇਂ ਦਾ ਸਭ ਤੋਂ ਵੱਡਾ ਤੇ ਪ੍ਰਭਾਵਸ਼ਾਲੀ ਮਾਧਿਅਮ ਇਲੈਕਟ੍ਰੌਨਿਕ ਮੀਡੀਆ ਹੈ। ਇਸ ਲਈ ਹੁਣ ਇਸ ਗੱਲ ਦੀ ਬੇਇੰਤਹਾ ਜ਼ਰੂਰਤ ਹੈ ਕਿ ਅਸੀਂ ਸਾਡੀ ਸਭਿਆਚਾਰਕ ਵਿਰਾਸਤ ਦੀ ਤਲਬਗਾਰ ਦੁਨੀਆਂ ਨੂੰ ਅਤੇ ਖਾਸ ਤੌਰ ’ਤੇ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਜਾਗਰੂਕ ਕਰਨ ਹਿੱਤ ਇੰਟਰਨੈੱਟ ’ਤੇ ਵੈੱਬਸਾਈਟਾਂ ਰਾਹੀਂ ਲੋੜੀਂਦੀ ਜਾਣਕਾਰੀ ਦੇਣ ਦੇ ਉਪਰਾਲੇ ਕਰੀਏ। ਪਰ ਇਹ ਸਭ ਕੁਝ ਨਹੀਂ ਹੋ ਰਿਹਾ। ਇਸ ਦਾ ਇਕੋ-ਇਕ ਹੀ ਕਾਰਨ ਜਾਪਦਾ ਹੈ ਕਿ ਕੌਮੀ ਪੱਧਰ ’ਤੇ ਸਾਡੀ ਕਹਿਣੀ ਤੇ ਕਰਨੀ ਵਿਚ ਜ਼ਮੀਨ ਤੋਂ ਅਸਮਾਨ ਤੱਕ ਦਾ ਫਰਕ ਹੈ।

ਸਾਡੇ ਇਸ ਚੱਲਣ ਸਬੰਧੀ ਜੋ ਵਰਤਾਰਾ ਸਾਡੇ ਸਾਹਮਣੇ ਆ ਰਿਹਾ ਹੈ; ਜੇ ਉਸ ਨੂੰ ਨਿਰਾਸ਼ਾਵਾਦੀ ਸੋਚ ਨਾ ਸਮਝ ਕੇ ਇਕ ਪ੍ਰਤੱਖ ਸੱਚਾਈ ਵਜੋਂ ਦੇਖਿਆ ਜਾਵੇ ਤਾਂ ‘ਹੋਣੀ ਦੇ ਕੰਧ ਉਤੇ ਲਿਖੇ ਅੱਖਰਾਂ ਵਾਂਗ’ ਫਿਰ ਤੋਂ ਮਾੜੀ ਕਿਸਮਤ ਦੇ ਜਲਵੇ ਹੁਣ ਤੋਂ ਹੀ ਜਲਵਾਗਰ ਹੋ ਰਹੇ ਹਨ। ਪਰ ਇਸ ਪ੍ਰਸੰਗ ਵਿਚ ਹੀ ਕੌਮ ਦੇ ਚੰਗੇ ਭਾਗਾਂ ਨੂੰ ਪੰਜਾਬ ਦੇ ਵਿਦਵਾਨ ਚਿੰਤਕ ਸ੍ਰ: ਮਨੋਹਰ ਸਿੰਘ ਚਾਂਦਲਾ ਦੇ ਤਜਰਬੇ ਭਰਪੂਰ ਕਥਨ ਤੋਂ ਇਕ ਆਸ-ਉਮੀਦ ਦੀ ਕਿਰਨ ਵੀ ਉਪਜਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ‘ਸੂਰਜ ਨੂੰ ਗ੍ਰਹਿਣ ਤਾਂ ਲਗਦੇ ਹਨ; ਪਰ ਇਹ ਵਕਤੀ ਤੌਰ ’ਤੇ ਹੁੰਦੇ ਹਨ। ਸੱਚ ਦਾ ਸੂਰਜ ਹਮੇਸ਼ਾਂ ਲਈ ਕਦੇ ਵੀ ਗ੍ਰਹਿਣਿਆਂ ਨਹੀਂ ਜਾਂਦਾ’। ਇਉਂ ਫਿਰ ਇਕ ਢਾਰਸ ਜਿਹਾ ਬਝਦਾ ਹੈ ਕਿ ਸਾਡੇ ਮਹਾਨ ਗੁਰੂ-ਪੀਰਾਂ ਤੇ ਸ਼ਹੀਦਾਂ-ਮੁਰੀਦਾਂ ਦੀਆਂ ਦੇਸ਼ ਤੇ ਕੌਮ ਪ੍ਰਤੀ ਕੀਤੀਆਂ ਕੁਰਬਾਨੀਆਂ ਕਦੇ ਬੇਕਾਰ ਨਹੀਂ ਜਾ ਸਕਦੀਆਂ। ਇਸ ਵਾਸਤੇ ਸਾਡੇ ਕੌਮੀ ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਦੇ ਕੌਮੀ ਸੰਘਰਸ਼ ਤੇ ਸੰਗਰਾਮ ਇਕ ਦਿਨ ਸਾਡੀ ਅਗਿਆਨਤਾ, ਬੇਸਮਝੀ ਤੇ ਸਾਡੇ ਸੁਆਰਥੀ ਵਰਤਾਰਿਆਂ ਦੇ ਗ੍ਰਹਿਣਾਂ ਤੋਂ ਜ਼ਰੂਰ ਹੀ ਮੁਕਤ ਹੋਣਗੇ।

ਇਸ ਵਾਸਤੇ ਦੁਨੀਆਂ ਦੇ ਮਹਾਨ ਚਿੰਤਕਾਂ ਦੀ ਚਿਤਾਵਨੀ ‘ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ; ਆਓ! ਹੁਣ ਹੀ ਕੁਝ ਕਰੀਏ’ ’ਤੇ ਹੁਣ ਪੂਰੀ ਸੰਜੀਦਗੀ ਨਾਲ ਤੁਰੰਤ ਅਮਲ ਕਰਨ ਦੀ ਲੋੜ ਹੈ। ਅਜ ਇਹ ਹੀ ਸਮੇਂ ਦੀ ਪਹਿਲੀ ਤੇ ਆਖ਼ਰੀ ਮੰਗ ਹੈ ਅਤੇ ਇਹ ਹੀ ਸਾਡੀਆਂ ਅਜੋਕੀਆਂ ਪੀੜ੍ਹੀਆਂ ਦਾ ਅੱਵਲ ਤੇ ਆਖ਼ਰੀ ਕੌਮੀ ਫਰਜ਼ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

# ਇਤਿਹਾਸਿਕ ਘਟਨਾਵਾਂ ਦਾ ਸੱਚ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸੰਬਰ 1705 ਦੇ ਅਖੀਰਲੇ ਦਿਨਾਂ ਵਿਚ ਆਪਣੀ ਪਿਆਰੀ ਅਨੰਦਪੁਰੀ ਨੂੰ ਅਤਿ ਬਿਖੜੇ ਹਾਲਾਤਾਂ ਵਿਚ ਅਲਵਿਦਾ ਆਖੀ ਸੀ। ਮੁਗਲਾਂ ਤੇ ਪਹਾੜੀ ਰਾਜਿਆਂ ਵਲੋਂ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਤਕ ਇਕ ਭਿਆਨਕ ਚੱਕਰਵਿਊ ਰਚਾਇਆ ਗਿਆ ਸੀ। ਇਹ ਮਹਾਂ-ਸਮਰ ਫਿਰ ਅਗੇ ਖਿਦਰਾਣੇ ਦੀ ਢਾਬ 'ਤੇ 4 ਮਈ 1706 ਨੂੰ ਚਾਲੀ ਮੁਕਤਿਆਂ ਤੇ ਮਾਲਵੇ ਦੇ ਸੂਰਬੀਰ ਸਿੰਘਾਂ ਦੀ ਸ਼ਹੀਦੀ 'ਤੇ ਜਾ ਕੇ ਮੁੱਕਿਆ। ਇਥੇ ਗੁਰੂ ਸਾਹਿਬ ਵਲੋਂ 40 ਸਿੰਘਾਂ ਦੇ ਬੇਦਾਵੇ ਨੂੰ ਪਾੜ ਕੇ ਉਨ੍ਹਾਂ ਨਾਲ 'ਟੁੱਟੀ-ਗੰਢੀ' ਤੇ ਇਸ ਸਥਾਨ ਨੂੰ ਮੁਕਤਸਰ ਸਾਹਿਬ ਦਾ ਨਾਮ ਦਿੱਤਾ ਗਿਆ ਸੀ। ਇਹ ਸਾਰਾ ਘਟਨਾਕ੍ਰਮ ਇਤਿਹਾਸ ਵਿਚ ਸਿੱਖਾਂ ਵਲੋਂ ਗੁਰੂ ਪ੍ਰਤੀ ਪੂਰਨ ਸਮਰਪਣ ਤੇ ਗੁਰੂ ਦੇ ਬਖ਼ਸ਼ਿੰਦ ਰੂਪ ਦੀ ਅਜ ਅਲੌਕਿਕ ਦਾਸਤਾਨ ਬਣ ਚੁੱਕਾ ਹੈ।

ਇਸ ਇਤਿਹਾਸਕ ਘਟਨਾ ਨਾਲ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਕੁਝ ਕੁ ਸਿੰਘਾਂ ਵਲੋਂ ਗੁਰੂ ਤੋਂ ਬੇਮੁਖ ਹੋ ਕੇ ਬੇਦਾਵਾ ਦੇਣ ਅਤੇ ਬਾਅਦ ਵਿਚ ਆਪਣੀ ਗਲਤੀ ਦੇ ਪਛਤਾਵੇ ਵਜੋਂ ਪਿੰਡ ਝਬਾਲ ਦੀ ਮਾਈ ਭਾਗੋ ਦੀ ਪ੍ਰੇਰਣਾ ਸਦਕਾ ਮਾਝੇ ਦੇ ਜਥੇਦਾਰ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ 40 ਸਿੰਘਾਂ ਵਲੋਂ ਅੰਤ ਨੂੰ ਖਿਦਰਾਣੇ ਦੀ ਲੜਾਈ ਵਿਚ ਸਿੱਖੀ ਸਿਦਕ ਕੇਸੀ ਸਵਾਸੀਂ ਨਿਭਾਉਂਦੇ ਹੋਏ, ਸ਼ਹੀਦੀਆਂ ਪਾਉਣ ਦਾ ਸੁਨਹਿਰੀ ਬਾਬ ਜੁੜਿਆ ਹੋਇਆ ਹੈ।

ਇਹ ਘਟਨਾਕ੍ਰਮ ਦੁਨਿਆਵੀ ਪੱਧਰ 'ਤੇ ਤਾਂ ਸਿੱਖੀ-ਸਿਦਕ ਦੇ ਸਫ਼ਰ ਵਿਚ ਸਿੱਖਾਂ ਵਲੋਂ ਇਕ ਗਲਤੀਨਾਮੇ ਅਤੇ ਫਿਰ ਗੁਰੂ ਵਲੋਂ ਮੁਆਫ਼ੀਨਾਮੇ ਦੀ ਹੀ ਦਾਸਤਾਨ ਹੈ, ਪਰ ਅਧਿਆਤਮਿਕ ਪੱਧਰ 'ਤੇ ਇਹ ਗੁਰੂ ਤੋਂ ਬੇਮੁਖ ਹੋਏ ਮਨਮੁਖ ਸਿੱਖਾਂ ਵਲੋਂ ਆਖਿਰ ਨੂੰ ਗੁਰੂ ਦੇ ਸਨਮੁਖ ਹੋ ਕੇ 'ਗੋਬਿੰਦ ਮਾਰਗ' 'ਤੇ ਚਲਣ ਅਤੇ ਮੁਕਤ ਹੋਣ ਦੇ ਸਫ਼ਰ ਦਾ ਸੁਨਿਹਰਾ ਇਤਿਹਾਸ ਬਣਦਾ ਹੈ।

ਇਸ ਸਾਰੇ ਇਤਿਹਾਸਿਕ ਵਰਤਾਰੇ ਵਿਚ ਕੁਝ ਕੁ ਸਿੰਘਾਂ ਵਲੋਂ ਗੁਰੂ ਪ੍ਰਤੀ ਸ਼ਰਧਾ ਵਿਚ ਆਈ ਘਾਟ ਦੇ ਕਾਰਨ ਮਨ-ਮੁਟਾਵ ਤੇ ਗਿਲੇ-ਸ਼ਿਕਵੇ ਵਜੋਂ ਬੇਦਾਵਾ ਦੇਣ ਅਤੇ ਫਿਰ ਉਨ੍ਹਾਂ ਹੀ ਸਿੰਘਾਂ ਵਲੋਂ ਸੋਝੀ ਦੇ ਘਰ ਆਉਣ ਉਪਰੰਤ ਬਖਸ਼ਿੰਦ ਦਸਮੇਸ਼ ਪਿਤਾ ਵਲੋਂ ਆਪਣੇ ਸੂਰਮੇ ਸਿੰਘਾਂ ਨੂੰ ਕਲਾਵੇ ਵਿਚ ਲੈ ਕੇ ਬੇਦਾਵਾ ਪਾੜ੍ਹਨ ਦਾ ਪ੍ਰਸੰਗ ਦ੍ਰਿਸ਼ਟਮਾਨ ਹੈ। ਇਸ ਤਰ੍ਹਾਂ ਦਸਵੇਂ ਪਾਤਿਸ਼ਾਹ ਵਲੋਂ ਆਪਣੇ ਸਿੱਖਾਂ ਦੀ



Original with;
Kulbir Singh Sidhu(I.A.S)
Digitized by;
Panjab Digital Library

ਮਨਮੁਖਤਾ ਨੂੰ ਭੁਲਾ ਕੇ 'ਟੁੱਟੀ ਗੰਢੀ' ਤੇ ਉਨ੍ਹਾਂ ਨੂੰ 'ਮੁਕਤੀ' ਦਾ ਵਰਦਾਨ ਦੇ ਕੇ 'ਚਾਲੀ ਮੁਕਤੇ' ਬਣਾਉਣ ਉਪਰੰਤ ਖਿਦਰਾਣੇ ਦੀ ਢਾਬ ਨੂੰ ਮੁਕਤਸਰ ਸਾਹਿਬ ਦਾ ਨਾਮ ਦੇਣ ਦੇ ਸਾਰੇ ਘਟਨਾਕ੍ਰਮ ਨੂੰ ਲੋਕ ਚੇਤਨਾ ਨੇ ਅੱਜ ਤਕ ਵੀ ਸਾਂਭਿਆ ਹੋਇਆ ਹੈ।

ਭਾਵੇਂ ਸਮੇਂ-ਸਮੇਂ ਅਸੀਂ ਕਦੇ ਖੋਜੀ ਜਿਗਿਆਸਾ ਤੇ ਫਿਰ ਕਦੇ ਆਪਣੀ ਅਕਲ ਦੇ ਬੇਲਗਾਮ ਘੋੜੇ ਭਜਾਉਂਦੇ ਹੋਇਆਂ ਨੇ ਕੁਝ ਕੁ ਸਿੱਖਾਂ ਵਲੋਂ ਗੁਰੂ ਸ਼ਰਧਾ ਦੇ ਸੰਦਰਭ ਵਿਚ ਕੀਤੀ ਭੁੱਲ ਅਤੇ ਉਸ ਉਪਰੰਤ ਗੁਰੂ ਸਾਹਿਬ ਵਲੋਂ ਸਿੰਘਾਂ ਪ੍ਰਤੀ ਬਖਸ਼ਿੰਦਗੀ ਦੇ ਫਲਸਰੂਪ ਬੇਦਾਵੇ ਦੇ ਇਸ ਅਤਿ ਅਲੌਕਿਕ ਪ੍ਰਸੰਗ ਨੂੰ ਖਰੜ੍ਹ ਗਿਆਨ ਤੋਂ ਲੈ ਕੇ ਗੂੜ੍ਹ ਗਿਆਨ ਤਕ ਦੇ ਚੱਕਰਵਿਊ ਵਿਚ ਫਸਾ ਦਿੱਤਾ ਹੈ। ਇਸ ਤਰ੍ਹਾਂ ਆਪਣੀ ਅਗਿਆਨਤਾ ਤੇ ਅਣਗਹਿਲੀ ਦੇ ਕਾਰਨ ਇਕ ਇਤਿਹਾਸਕ ਪ੍ਰਸੰਗ ਨੂੰ ਅਸੀਂ ਬੇਮਤਲਬ ਹੀ ਕੱਚ-ਸੱਚ ਦੇ ਝਮੇਲੇ ਵਿਚ ਪਾ ਰਖਿਆ ਹੈ।

ਖੈਰ ! ਇਹ ਗੱਲ ਤਾਂ ਸਿਰਫ਼ ਗੁਰੂ ਤੇ ਸਿੰਘਾਂ ਦੇ ਦਰਮਿਆਨ ਸ਼ਰਧਾ-ਪਿਆਰ ਤੇ ਸਿੱਖੀ ਸਿਦਕ ਦੀ ਹੈ, ਪਰ ਵਾਲ ਦੀ ਖੱਲ੍ਹ ਲਾਹੁਣ ਦੀ ਗਰਜ਼ ਨਾਲ ਅਸੀਂ ਇਸ ਸਾਰੇ ਵਧੀਆ ਗਿਆਨ-ਵਿਚਾਰ ਨੂੰ ਰੋਲ-ਗਦੋਲ ਵਿਚ ਪਾ ਰੱਖਿਆ ਹੈ। ਅਜ ਇਸ ਘਟਨਾ ਦੇ ਮਾਰਮਿਕ ਪ੍ਰਸੰਗ ਨੂੰ ਇਕ ਪਾਸੇ ਰੱਖ ਕੇ ਅਸੀਂ ਇਸ ਗੱਲ ਵਿਚ ਉਲਝੇ ਫਿਰਦੇ ਹਾਂ ਕਿ ਸਿੰਘਾਂ ਵਲੋਂ ਬੇਦਾਵਾ ਲਿਖਿਆ ਵੀ ਗਿਆ ਸੀ ਜਾਂ ਨਹੀਂ ਅਤੇ ਫਿਰ ਇਹ ਬੇਦਾਵਾ ਕਦੋਂ ਤੇ ਕਿੱਥੇ ਗੁਰੂ ਸਾਹਿਬ ਨੂੰ ਦਿੱਤਾ ਗਿਆ ਸੀ। ਇਉਂ ਹੀ ਫਿਰ ਸਿਰੇ ਦੀ ਗੱਲ ਤਾਂ ਇਹ ਹੈ ਕਿ ਕੀ ਖਿਦਰਾਣੇ ਦੀ ਢਾਬ 'ਤੇ ਲੜਾਈ ਮਾਘੀ ਦੇ ਦਿਨ ਹੋਈ ਜਾਂ ਫਿਰ ਮਈ ਦੇ ਮਹੀਨੇ ਵਿਚ ਹੋਈ ਸੀ। ਅਸੀਂ ਇਸ ਸਾਰੇ ਅਧਿਆਤਮਿਕ ਪ੍ਰਸੰਗ ਨੂੰ ਮਹਿਜ਼ ਇਤਿਹਾਸਿਕ ਪ੍ਰਸੰਗ ਸਮਝ ਕੇ ਆਪਣੀ ਕਿੰਤੂ-ਪਰੰਤੂ ਦੀ ਪੁਰਾਣੀ ਆਦਤ ਮੁਤਾਬਿਕ ਇਕ ਵਾਦ-ਵਿਵਾਦ ਜਿਹਾ ਬਣਾ ਰਹੇ ਹਾਂ।

ਬੇਸ਼ੱਕ ਇਹ ਬਿਲਕੁਲ ਠੀਕ ਹੈ ਕਿ ਆਪਣੇ ਇਤਿਹਾਸ ਨੂੰ ਸਹੀ ਪਰਿਪੇਖ ਵਿਚ ਲਿਆਉਣ ਵਾਸਤੇ ਖੋਜ ਦੀ ਬੇਅੰਤ ਲੋੜ ਹੈ, ਪਰ ਇਹ ਹੋਰ ਵੀ ਜ਼ਰੂਰੀ ਹੈ ਕਿ ਖੋਜ ਦਾ ਕੰਮ ਸਿਰਫ਼ ਸੰਜੀਦਾ ਖੋਜਕਾਰਾਂ ਤੇ ਇਤਿਹਾਸਕਾਰਾਂ ਦਾ ਹੀ ਵਿਸ਼ਾ-ਵਸਤੂ ਰਹਿਣਾ ਚਾਹੀਦਾ ਹੈ। ਆਮ ਲੋਕਾਂ ਦੀ ਗੱਲ ਤਾਂ ਇਕ ਪਾਸੇ ਰਹੀ ਸਗੋਂ ਅਣਜਾਣ ਲੇਖਕ ਅਕਸਰ ਹੀ ਇਤਿਹਾਸਿਕ ਤੱਥਾਂ ਤੇ ਤਿੱਥਾਂ ਨੂੰ ਲੱਭਦੇ-ਲੱਭਦੇ ਸਿੱਖੀ ਸਿਧਾਂਤਾਂ, ਸੰਕਲਪਾਂ ਤੇ ਸ਼ਰਧਾ ਤੋਂ ਉਖੜ ਜਾਂਦੇ ਹਨ।

ਇਸ ਪ੍ਰਸੰਗ ਵਿਚ ਗੁਰੂ ਸਾਹਿਬਾਨ ਦੇ ਇਤਿਹਾਸ ਸਬੰਧੀ ਤਾਰੀਖਾਂ ਦਾ ਧੁੰਦਲਕਾ ਅਜ ਤਕ ਇੰਨਾਂ ਪਸਰ ਗਿਆ ਹੈ ਕਿ ਕਦੇ-ਕਦੇ ਤਾਂ ਇਹ ਖ਼ਦਸ਼ਾ ਹੁੰਦਾ ਹੈ ਕਿ ਚਲਦੇ-ਚਲਦੇ ਕਿਤੇ ਇਨ੍ਹਾਂ ਵਾਧੂ ਜਿਹੇ ਵਿਵਾਦੀ-ਵਿਚਾਰਾਂ ਦੇ ਕਾਰਨ ਹੁਣ ਅਸੀਂ ਆਪਣੇ ਇਤਿਹਾਸ ਨੂੰ ਆਪ ਹੀ ਮਿਥਿਹਾਸ ਨਾ ਬਣਾ ਲਈਏ। ਅਸੀਂ ਮੁੱਖ ਮੁੱਦੇ ਤੇ ਮੰਤਵ ਤੋਂ ਤਾਂ ਥਿੜਕਣਾ ਹੀ ਸੀ ਸਗੋਂ ਸ਼ਰਧਾ-ਸਨਮਾਨ ਦੇ ਪੱਖੋਂ ਵੀ ਔਝੜ ਰਾਹ ਪੈ ਜਾਂਦੇ ਹਾਂ। ਇਸ ਸਬੰਧ ਵਿਚ ਅਨੇਕਾਂ ਮਿਸਾਲਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ



*Original with;*
Kulbir Singh Sidhu(I.A.S)
*Digitized by;*
Panjab Digital Library

ਜਨਮ ਦਿਹਾੜੇ ਦੇ ਮਹੀਨੇ ਪ੍ਰਤੀ ਮੁਗਾਲਤਾ ਅਤੇ ਫਿਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ 'ਪਿਆਰੀ ਅਨੰਦਪੁਰੀ' ਨੂੰ ਦਸੰਬਰ 1704 ਵਿਚ ਛੱਡਿਆ ਸੀ ਜਾਂ ਦਸੰਬਰ 1705 ਵਿਚ ਛੱਡਿਆ ਜਿਹੇ ਤਾਰੀਖਾਂ ਦੇ ਭੰਬਲਭੂਸੇ ਵਿਚ ਸਿੱਖ-ਸੰਸਾਰ ਬੇਮਤਲਬ ਹੀ ਮੁੜਕੋ-ਮੁੜਕੀ ਹੋਇਆ ਪਿਆ ਹੈ।

ਗੁਰੂ ਸਾਹਿਬ ਵਲੋਂ ਅਨੰਦਪੁਰ ਸਾਹਿਬ ਨੂੰ ਛੱਡਣ ਦੇ ਪ੍ਰਸੰਗ ਵਿਚ ਗੱਲ ਸਿਰਫ਼ ਇੰਨੀ ਹੈ ਕਿ ਕਨਿੰਘਮ ਨੇ ਸਭ ਤੋਂ ਪਹਿਲਾਂ ਸਿੱਖ ਇਤਿਹਾਸ ਲਿਖਦੇ ਹੋਏ ਸੰਨ 1704 ਲਿਖ ਦਿੱਤਾ। ਉਸ ਦੀ ਰੀਸੋ-ਰੀਸ ਹੁਣ ਤਕ ਵੀ ਬਹੁਤੇ ਵਿਦਵਾਨ ਇਸ ਨੂੰ ਸੰਨ 1704 ਹੀ ਲਿਖ ਰਹੇ ਹਨ, ਇਸ ਧਾਰਨਾ ਅਨੁਸਾਰ ਗੁਰੂ ਸਾਹਿਬ ਵਲੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਪਹੁੰਚਣ ਤਕ ਦਾ ਸਮਾਂ 3 ਸਾਲ 9 ਮਹੀਨੇ ਬਣਦਾ ਹੈ। ਜਦੋਂ ਕਿ ਇਹ ਸਮਾਂ ਗਿਣਤੀ-ਮਿਣਤੀ ਵਿਚ ਸਿਰਫ਼ 2 ਸਾਲ 9 ਮਹੀਨੇ ਹੀ ਬਣਦਾ ਹੈ। ਇਸ ਦਾ ਸਪਸ਼ਟ ਭਾਵ ਇਹ ਹੈ ਕਿ ਦਸਵੇਂ ਪਾਤਿਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਦਸੰਬਰ 1705 ਵਿਚ ਛੱਡਿਆ ਸੀ। ਇਸ ਦੀ ਇਤਿਹਾਸਕ ਪ੍ਰੋੜ੍ਹਤਾ ਮੁਗਲ ਸਲਤਨਤ ਦੇ ਰੋਜ਼ਨਾਮਚਿਆਂ ਤੋਂ ਗੁਰੂ ਸਾਹਿਬ ਵਲੋਂ ਤਤਕਾਲੀਨ ਮੁਗਲ ਸਮਰਾਟ ਬਹਾਦਰ ਸ਼ਾਹ ਨਾਲ ਹੋਈ ਮੁਲਾਕਾਤ ਸਬੰਧੀ ਤੱਥਾਂ ਤੋਂ ਹੁੰਦੀ ਹੈ। ਪਰ ਅਸੀਂ ਆਪਣੇ ਇਤਿਹਾਸ ਸਬੰਧੀ ਭੁਲੇਖੇ ਦੂਰ ਕਰਨ ਲਈ ਸੰਜੀਦਗੀ ਦੀ ਥਾਂ ਆਪਣੀ ਚਲ-ਹੋਊ ਜਿਹੀ ਮਾਨਸਿਕਤਾ ਦੇ ਕਾਰਨ ਮੁਗਾਲਤਿਆਂ ਨੂੰ ਬੇਮਤਲਬ ਹੀ ਮਿਥਿਹਾਸ ਦੇ ਬੁੱਥੇ ਦੇ ਰਹੇ ਹਾਂ।

ਫਿਰ ਇਸ ਚਲ ਰਹੇ ਸੰਦਰਭ ਵਿਚ ਇਕ ਹੋਰ ਮਿਸਾਲ ਵਜੋਂ ਜਦੋਂ ਅਸੀਂ ਖਿਦਰਾਣੇ ਦੀ ਜੰਗ ਦੇ ਚਾਲੀ ਮੁਕਤਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਦੇ ਹਾਂ ਤਾਂ ਪਹਿਲਾਂ ਤਾਂ ਅਸੀਂ ਉਨ੍ਹਾਂ ਚਾਲੀ ਮੁਕਤਿਆਂ ਦੇ ਨਾਮ-ਧਾਮ ਵੀ ਸਹੀ ਤੌਰ 'ਤੇ ਨਿਸ਼ਚਿਤ ਨਹੀਂ ਕਰ ਸਕੇ। ਫਿਰ ਅਸੀਂ ਮਾਲਵੇ ਦੀ ਸਿੱਖੀ ਰੱਖਣ ਵਾਲੇ ਬਾਬਾ ਦਾਨ ਸਿੰਘ ਦੇ ਜਥੇ ਅਤੇ ਖਿਦਰਾਣੇ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਹੋਰ ਅਨੇਕਾਂ ਸਿੰਘਾਂ ਦਾ ਥਹੁ-ਪਤਾ ਵੀ ਨਹੀਂ ਲਾ ਸਕੇ। ਇਸ ਪਰਿਪੇਖ ਵਿਚ ਦਸਵੇਂ ਪਾਤਿਸ਼ਾਹ ਦੇ ਵਰਦਾਨ ਮਾਤਰ ਸ਼ਬਦਾਂ ਅਨੁਸਾਰ ਮਾਝੇ ਦੀ ਸਿੱਖੀ ਕਾਇਮ ਰੱਖਣ ਵਾਲੇ ਭਾਈ ਮਹਾਂ ਸਿੰਘ, ਮਾਈ ਭਾਗੋ ਤੇ 40 ਮੁਕਤਿਆਂ ਅਤੇ ਮਾਲਵੇ ਦੀ ਸਿੱਖੀ ਬਚਾਉਣ ਵਾਲੇ ਬਾਬਾ ਦਾਨ ਸਿੰਘ ਦੀ ਯਾਦ ਨੂੰ ਤਾਂ ਭਾਵੇਂ ਲੋਕਾਂ ਨੇ ਪੀੜ੍ਹੀ ਦਰ ਪੀੜ੍ਹੀ ਆਪਣੀ ਚੇਤਨਾ ਦਾ ਹਿੱਸਾ ਬਣਾ ਰਖਿਆ ਹੈ, ਪਰ ਗੌਰਤਲਬ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਇੰਨੇ ਅਹਿਮ ਤੱਥਾਂ ਨੂੰ ਅਸੀਂ ਕੋਈ ਯੋਗ ਸਥਾਨ ਜਾਂ ਅਹਿਮੀਅਤ ਨਹੀਂ ਦੇ ਸਕੇ।

ਸਗੋਂ ਇਤਿਹਾਸਿਕ ਪੱਖ ਤੋਂ ਮਹਿਜ਼ ਆਪਣੀ ਜਨਮਜਾਤ ਬੇਸਮਝੀ ਦੇ ਕਾਰਨ ਅਸੀਂ ਬੇਮਤਲਬ ਜਿਹਾ ਕਿੰਤੂ-ਪ੍ਰੰਤੂ ਕਰਨ ਦੇ ਆਦੀ ਹਾਂ। ਇਸ ਵਾਸਤੇ ਕਿੰਨੇ ਚਿਰ ਤੋਂ ਹੀ ਪਹਿਲਾਂ ਤਾਂ ਅਸੀਂ ਬੇਦਾਵਾ ਲਿਖਣ ਤੇ ਉਸ ਦੇ ਨਾਲ ਹੀ ਬੇਦਾਵਾ ਦੇਣ ਦੇ ਸਥਾਨ ਬਾਰੇ ਬੇਮਤਲਬ ਜਿਹੇ ਝੇੜੇ-ਝਾਂਜੇ ਛੇੜੇ ਹੋਏ ਹਨ। ਪਰ ਸ਼ੁਕਰ ਹੈ ਕਿ ਇਸ ਸਭ



Original with;
Kulbir Singh Sidhu(I.A.S)
Digitized by;
Panjab Digital Library

ਕਾਸੇ ਦੇ ਬਾਵਜੂਦ ਵੀ ਵਿਦਵਾਨਾਂ ਅਤੇ ਇਥੋਂ ਤੱਕ ਕਿ ਗੈਰ-ਮੁਲਕੀ ਇਤਿਹਾਸਕਾਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਇਹ ਸੱਚਾਈ ਅੰਕਿਤ ਕੀਤੀ ਹੈ ਕਿ ਸਾਡੇ ਗੁਰੂ ਸਾਹਿਬਾਨ ਦਾ ਬਿਰਦ ਬੜਾ ਮਹਾਨ ਤੇ ਬਖਸ਼ਿੰਦ ਸੀ, ਜਿਸ ਕਰਕੇ ਸ਼ੁਰੂ ਤੋਂ ਅਜ ਤਕ ਸਿੱਖ 'ਗੁਰਾਂ ਦੇ ਨਾਮ 'ਤੇ ਹੀ ਜਿਉਂਦੇ ਹਨ'।

ਇਸ ਪ੍ਰਸੰਗ ਵਿਚ ਗੌਰਤਲਬ ਹੈ ਕਿ ਮੁਕਾਬਲਿਤਨ ਮਾਲਵੇ ਵਿਚ ਕੁਲ ਮਿਲਾਕੇ ਸਿੱਖੀ ਸਿਦਕ ਦੀ ਘਾਟ ਰਹੀ ਹੈ, ਜਿਸ ਕਰਕੇ ਸ਼ੁਰੂ ਤੋਂ ਹੀ ਪੀਰਾਂ ਤੇ ਮੜ੍ਹੀ-ਮਸਾਣਾਂ ਦੀ ਪੂਜਾ ਮਾਲਵੇ ਦੇ ਲੋਕਾਂ ਦੀ ਜੀਵਨਸ਼ੈਲੀ 'ਤੇ ਹਾਵੀ ਰਹੀ ਹੈ। ਇਹ ਤਾਂ ਗੁਰੂ ਨਾਨਕ ਪਾਤਿਸ਼ਾਹ ਤੋਂ ਬਾਅਦ ਛੇਵੇਂ ਪਾਤਿਸ਼ਾਹ ਤੇ ਸੱਤਵੇਂ ਅਤੇ ਫਿਰ ਨੌਵੇਂ ਪਾਤਿਸ਼ਾਹ ਦੀਆਂ ਮਾਲਵਾ ਫੇਰੀਆਂ ਸਦਕਾ ਆਖਿਰ ਨੂੰ ਮਾਲਵੇ ਦੇ ਲੋਕਾਂ ਦਾ ਝੁਕਾਅ ਸਿੱਖੀ ਵੱਲ ਹੋਇਆ। ਫਿਰ ਦਸਵੇਂ ਪਾਤਿਸ਼ਾਹ ਵਲੋਂ ਇੰਨੀ ਕੁ ਕਿਰਪਾ ਹੋਈ ਕਿ ਉਨ੍ਹਾਂ ਨੇ ਪਟਿਆਲਾ ਰਾਜ ਘਰਾਣੇ ਦੇ ਵਡੇਰਿਆਂ ਨੂੰ 'ਤੇਰਾ ਘਰ ਮੇਰਾ ਅਸੈ' ਅਤੇ 'ਜ਼ਫ਼ਰਨਾਮੇ' ਵਿਚ ਮਾਲਵੇ ਦੇ ਲੋਕਾਂ ਤੇ ਖ਼ਾਸ ਕਰਕੇ ਬਰਾੜਾਂ ਦੀ ਕੌਮ ਨੂੰ ਆਪਣੇ ਨਾਲ ਹੋਣ ਦਾ ਵਰਦਾਨ ਦੇ ਕੇ ਨਿਵਾਜਿਆ।

ਫਿਰ ਮਾਲਵੇ ਦੀ ਸਿੱਖੀ ਦੇ ਪ੍ਰਸੰਗ ਵਿਚ ਖਿਦਰਾਣੇ ਦੀ ਲੜਾਈ ਤੋਂ ਬਾਅਦ ਸਿੱਧੂ-ਬਰਾੜਾਂ ਵਲੋਂ ਛੱਤੇਆਣੇ ਦੇ ਸਥਾਨ 'ਤੇ ਤਲਬਾਂ-ਤਨਖਾਹਾਂ ਮੰਗਣ ਉਪਰੰਤ ਇਹ ਬਾਬਾ ਦਾਨ ਸਿੰਘ ਦੀ ਸ਼ਰਧਾ ਹੀ ਸੀ ਕਿ ਉਨ੍ਹਾਂ ਵਲੋਂ ਇਸ ਕੌਮੀ ਕੋਤਾਹੀ ਵਾਸਤੇ ਗੁਰੂ ਸਾਹਿਬ ਤੋਂ ਮੁਆਫੀ ਮੰਗਦੇ ਹੋਏ, ਮਾਲਵੇ ਨੂੰ ਸਿੱਖੀ ਦਾ ਦਾਨ ਬਖ਼ਸ਼ਣ ਦੀ ਫਰਿਆਦ ਕੀਤੀ ਗਈ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਮਲਵਈਆਂ ਨੂੰ ਬੇਦਾਵੀਏ ਹੋਣ ਤੋਂ ਬਚਾ ਲਿਆ। ਨਹੀਂ ਤਾਂ; ਬਾਬਾ ਦਾਨ ਸਿੰਘ ਦੀ ਬੇਨਤੀ ਅਤੇ ਗੁਰੂ ਸਾਹਿਬ ਦੀ ਮਿਹਰ ਭਰੀ ਨਜ਼ਰ ਤੋਂ ਬਿਨਾਂ ਮਲਵਈਆਂ ਦੀ ਵੀ ਗੁਰੂ ਤੋਂ ਮਨਮੁਖ ਹੋਣ ਦੀ ਵੀ ਅੱਲ ਪੱਕੀ ਹੋ ਜਾਣੀ ਸੀ।

ਇਸ ਚੱਲ ਰਹੇ ਗੁਰੂ ਕ੍ਰਿਪਾ ਦੇ ਪ੍ਰਸੰਗ ਵਿਚ ਭਾਰਤ ਦੇ ਮਹਾਨ ਦਾਰਸ਼ਨਿਕ ਤੇ ਚਿੰਤਕ ਸਵਾਮੀ ਵਿਵੇਕਾਨੰਦ ਨੇ ਤਾਂਹੀਓ ਤਾਂ ਪੁਰਜ਼ੋਰ ਸ਼ਬਦਾਂ ਵਿਚ ਕਿਹਾ ਸੀ ਕਿ ਸਾਨੂੰ ਜੇ ਸਵੈਮਾਣ ਭਰਪੂਰ ਪੂਰਨ ਅਜ਼ਾਦੀ ਚਾਹੀਦੀ ਹੈ ਤਾਂ ਸਾਨੂੰ ਘਰ-ਘਰ ਗੁਰੂ ਗੋਬਿੰਦ ਸਿੰਘ ਸਾਹਿਬ ਵਰਗੀ ਸ਼ਖਸੀਅਤ ਪੈਦਾ ਕਰਨੀ ਪਵੇਗੀ ਕਿ ਜਿਸ ਨੇ ਕਿ ਸਰਬੰਸਦਾਨ ਦੇ ਕੇ ਦੇਸ਼ ਤੇ ਕੌਮ ਤੋਂ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ। ਉਹ ਅੱਗੇ ਲਿਖਦੇ ਹਨ ਕਿ ਜਿਨ੍ਹਾਂ ਲੋਕਾਂ ਲਈ ਦਸਵੇਂ ਪਾਤਿਸ਼ਾਹ ਨੇ ਸਰਬੰਸਦਾਨ ਤਕ ਕਰ ਦਿੱਤਾ, ਉਨ੍ਹਾਂ ਲੋਕਾਂ ਨੇ ਔਖੇ ਵਕਤ ਵਿਚ ਉਨ੍ਹਾਂ ਦਾ ਸਾਥ ਛੱਡ ਦਿੱਤਾ, ਪਰ ਫੇਰ ਵੀ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਬਾਰੇ ਇਕ ਵੀ ਮੰਦਾ ਸ਼ਬਦ ਨਹੀਂ ਬੋਲਿਆ ਅਤੇ ਉਹ ਅਖੀਰ ਨੂੰ ਰੱਬ ਦੀ ਰਜ਼ਾ ਵਿਚ ਰਹਿੰਦੇ ਹੋਏ ਬ੍ਰਹਮਲੀਨ ਹੋ ਗਏ।

ਖੈਰ! ਇਹ ਮੰਨਣਯੋਗ ਹੈ ਕਿ ਦਸਵੇਂ ਪਾਤਿਸ਼ਾਹ ਵਲੋਂ ਅਨੰਦਪੁਰ ਸਾਹਿਬ ਨੂੰ ਛੱਡਣ ਸਮੇਂ ਸਾਨੂੰ ਇਤਿਹਾਸ ਲਿਖਣ ਤੇ ਸਾਂਭਣ ਦਾ ਵਕਤ ਹੀ ਨਹੀਂ ਮਿਲਿਆ। ਭਾਵੇਂ ਇਸ ਸੰਦਰਭ ਵਿਚ ਇਥੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਧੰਨਤਾ ਜ਼ਿਕਰਯੋਗ



*Original with;*
Kulbir Singh Sidhu(I.A.S)
*Digitized by;*
Panjab Digital Library

ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਔਖਿਆਂ ਸਮਿਆਂ ਦੇ ਬਾਵਜੂਦ ਵੀ ਪਾਉਂਟਾ ਸਾਹਿਬ ਤੇ ਅਨੰਦਪੁਰ ਸਾਹਿਬ ਵਿਖੇ ਆਪਣੇ ਧਰਮ ਤੇ ਸਾਹਿਤ ਦੇ ਅਣਮੋਲ ਖ਼ਜ਼ਾਨੇ ਨੂੰ ਸਾਂਭ ਲਿਆ ਸੀ, ਪਰ ਸਦਅਫ਼ਸੋਸ ਕਿ ਉਹ ਸਾਰੀਆਂ ਬੇਸ਼ਕੀਮਤੀ ਲਿਖਤਾਂ ਤੇ ਰਚਨਾਵਾਂ ਸਰਸਾ ਨਦੀ ਨੂੰ ਪਾਰ ਕਰਨ ਵੇਲੇ ਹੜ੍ਹ ਦੀ ਭੇਟ ਚੜ੍ਹ ਗਈਆਂ।

ਇਉਂ ਹੀ ਬੇਦਾਵਾ ਲਿਖਣ ਦੇ ਚੱਲ ਰਹੇ ਪ੍ਰਸੰਗ ਵਿਚ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਉਸ ਔਖੀ ਘੜੀ ਵਿਚ ਸਿੱਖੀ ਤੋਂ ਮੁਨਕਰ ਹੋ ਕੇ ਗੁਰੂ ਦਾ ਸਾਥ ਛੱਡ ਦੇਣ ਨੂੰ ਹੀ 'ਬੇਦਾਵੀਆ ਵਲੋਂ ਬੇਦਾਵਾ' ਦੇਣਾ ਮੰਨ ਲਿਆ ਗਿਆ ਹੋਵੇਗਾ। ਫਿਰ ਪਛਤਾਵੇ ਵਜੋਂ ਜਾਨ ਹੂਲ ਕੇ ਲੜਨ ਵਾਲੇ ਉਨ੍ਹਾਂ ਬਹਾਦਰ ਸਿੰਘਾਂ ਨੂੰ ਗੁਰੂ ਵਲੋਂ ਫਿਰ ਤੋਂ ਗੁਰਮੁਖਾਂ ਵਜੋਂ ਆਪਣੇ ਕਲਾਵੇ ਵਿਚ ਲੈਣ ਨੂੰ 'ਟੁੱਟੀ ਗੰਢੀ' ਕਿਹਾ ਗਿਆ ਹੈ। ਇਸ ਤਰ੍ਹਾਂ ਗੁਰੂ ਸਾਹਿਬ ਵਲੋਂ ਉਨ੍ਹਾਂ ਮਨਮੁਖਾਂ ਨੂੰ ਮੁਆਫ ਕਰਦੇ ਹੋਏ ਅਵੱਗਿਆ ਤੋਂ ਮੁਕਤ ਕਰਨ ਵਜੋਂ 'ਚਾਲੀ ਮੁਕਤਿਆਂ' ਦੇ ਇਲਾਹੀ ਵਰਦਾਨ ਨਾਲ ਨਿਵਾਜਿਆ ਗਿਆ ਸੀ।

ਇਸ ਇਤਿਹਾਸਿਕ ਘਟਨਾ ਸਬੰਧੀ ਕੀ ਇਹ ਪ੍ਰਮਾਣ ਘੱਟ ਹੈ ਕਿ ਉਸ ਸਮੇਂ ਤੋਂ ਹੀ ਪੁਰਖਿਆਂ ਨੇ ਖਿਦਰਾਣੇ ਦੀ ਢਾਬ ਨੂੰ 'ਮੁਕਤਸਰ' ਦਾ ਨਾਮ ਦੇ ਕੇ ਸਾਡੀ ਲੋਕ ਚੇਤਨਾ ਦਾ ਹਿੱਸਾ ਬਣਾ ਦਿੱਤਾ ਹੈ। ਇਸ ਪ੍ਰਥਾਇ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਉਦੋਂ ਲਿਖਾਣ ਦੀ ਥਾਂ ਜ਼ੁਬਾਨ ਦੇ ਸੌਦੇ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਇਸ ਦਾ ਮਤਲਬ ਹੈ ਕਿ ਉਦੋਂ ਕਿਸੇ ਨੂੰ ਦਿੱਤੀ ਜ਼ੁਬਾਨ ਦੀ ਅਹਿਮੀਅਤ ਲਿਖਤੀ ਸਨਦ ਤੋਂ ਵੀ ਵੱਧ ਹੁੰਦੀ ਸੀ। ਸਾਡੇ ਪੰਜਾਬੀ ਸਭਿਆਚਾਰ ਵਿਚ 'ਪ੍ਰਾਣ ਜਾਏਂ ਪਰ ਵਚਨ ਨਾ ਜਾਈ' ਜਿਹੀ ਵਾਅਦਾਪ੍ਰਸਤੀ ਦੀ ਰਵਾਇਤ ਵੀ ਸਾਨੂੰ ਵਿਰਾਸਤ ਵਿਚ ਹੀ ਮਿਲੀ ਹੈ। ਪਰ ਅਸੀਂ ਇਨ੍ਹਾਂ ਸਮੇਂ ਪੁਰਾਣੀਆਂ ਪੁਰਾਣੀਆਂ ਰਵਾਇਤਾਂ ਨੂੰ ਭੁਲਾ ਹੀ ਦਿੱਤਾ ਹੈ।

ਇਸ ਪ੍ਰਥਾਇ ਖਾਸ ਕਰਕੇ ਅਸੀਂ ਆਪਣੇ ਕੁਰਬਾਨੀ ਦੇ ਪੁੰਜ ਗੁਰੂ ਸਾਹਿਬਾਨ ਦੇ ਇਤਿਹਾਸ, ਸਿੱਖੀ ਸਿਧਾਂਤਾਂ ਤੇ ਆਦਰਸ਼ ਸੰਕਲਪਾਂ ਨੂੰ ਨਾ ਤਾਂ ਸਹੀ ਪਰਿਪੇਖ ਵਿਚ ਲਿਆ ਸਕੇ ਹਾਂ ਅਤੇ ਨਾ ਹੀ ਲੋੜੀਂਦੀ ਸ਼ਰਧਾ ਤੇ ਵਚਨਬੱਧਤਾ ਨਾਲ ਗੁਰੂ ਕਾਲ ਦੀਆਂ ਪ੍ਰੰਪਰਾਵਾਂ ਤੇ ਮਰਿਆਦਾਵਾਂ ਨੂੰ ਅਸੀਂ ਸਾਂਭਣ ਦੀ ਕੋਸ਼ਿਸ਼ ਕੀਤੀ ਹੈ। ਨਿਰਸੰਦੇਹ ਇਤਿਹਾਸ ਲਿਖਣ ਦੇ ਸੰਦਰਭ ਵਿਚ ਇੱਕੜ-ਦੁੱਕੜ ਵਿਦਵਾਨਾਂ ਵਲੋਂ ਨਿੱਜੀ ਪੱਧਰ 'ਤੇ ਆਪ-ਮੁਹਾਰੇ ਜਿਹੇ ਯਤਨ ਵੀ ਹੋਏ ਹਨ, ਪਰ ਇਨ੍ਹਾਂ ਵਿਚ ਖੋਜ ਘੱਟ ਹੋਈ ਹੈ ਤੇ ਅੰਗਰੇਜ਼ ਇਤਿਹਾਸਕਾਰ ਕਨਿੰਘਮ ਦੀ ਨਕਲ ਜ਼ਿਆਦਾ ਕੀਤੀ ਗਈ ਹੈ।

ਇਸ ਸੰਦਰਭ ਵਿਚ ਜੇ ਇਹ ਵੀ ਮੰਨ ਲਈਏ ਕਿ ਉਦੋਂ ਸਾਡੇ ਕੋਲ ਕੌਮੀ ਪੱਧਰ 'ਤੇ ਜ਼ਿਆਦਾ ਲਿਖਣ-ਪੜ੍ਹਨ ਦਾ ਸਮਾਂ ਨਹੀਂ ਸੀ ਕਿਉਂਕਿ ਗੈਰਮੁਲਕੀ ਸ਼ਾਸਕ ਤੇ ਹਮਲਾਵਰਾਂ ਨੇ ਸਾਡੇ ਸਾਹ ਸੂਤ ਰੱਖੇ ਸਨ। ਪਰ ਇਸ ਪ੍ਰਸੰਗ ਵਿਚ ਹੀ ਹੁਣ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜ਼ਾਦੀ ਤੋਂ ਬਾਅਦ ਅਸੀਂ ਖੁਦ ਮੁਖਤਿਆਰ ਰਾਜਭਾਗ



*Original with;*
Kulbir Singh Sidhu(I.A.S)
*Digitized by;*
Panjab Digital Library

ਤੇ ਅਜ਼ਾਦ ਸੋਚ ਦੇ ਮਾਲਕ ਬਣਨ ਦੇ ਬਾਵਜੂਦ ਵੀ ਆਪਣੀ ਗੁਲਾਮ ਮਾਨਸਿਕਤਾ ਨੂੰ ਨਹੀਂ ਛੱਡ ਸਕੇ, ਜਿਸ ਕਰਕੇ ਅਸੀਂ ਆਪਣੇ ਸ਼ਾਨਦਾਰ ਵਿਰਸੇ ਪ੍ਰਤੀ ਆਪਣੇ ਅੰਦਰ ਸਵੈਮਾਣ ਨਹੀਂ ਪੈਦਾ ਕਰ ਸਕੇ। ਫਿਰ ਇਸ ਵਾਸਤੇ ਹੀ ਅਸੀਂ ਆਪਣੇ ਸ਼ਾਨਦਾਰ ਇਤਿਹਾਸ ਤੇ ਸ਼ਾਨਾਮੱਤੇ ਸਭਿਆਚਾਰ ਦੀਆਂ ਮਰਿਆਦਾ ਭਰਪੂਰ ਪ੍ਰੰਪਰਾਵਾਂ, ਨੇਕ ਕਦਰਾਂ-ਕੀਮਤਾਂ ਤੇ ਰਿਵਾਇਤਾਂ ਨੂੰ ਸੰਭਾਲਣ ਤੇ ਪ੍ਰਚਾਰਣ ਵਾਸਤੇ ਕੀਤੇ ਜਾਣ ਵਾਲੇ ਲੋੜੀਂਦੇ ਯਤਨਾਂ ਤੋਂ ਬੁਰੀ ਥਿੜਕ ਗਏ ਹਾਂ।

ਇਸ ਚਲ ਰਹੇ ਪ੍ਰਸੰਗ ਵਿਚ ਜ਼ਾਹਿਰ ਹੈ ਕਿ ਸਿੱਖ ਕੌਮ ਨੇ ਜੰਗਾਂ, ਯੁੱਧਾਂ ਤੇ ਨਸਲਕੁਸ਼ੀ ਜਿਹੇ ਕਾਲੇ ਦੌਰਾਂ ਵਿਚ ਲਾਸਾਨੀ ਇਤਿਹਾਸ ਤਾਂ ਸਿਰਜਿਆ ਹੈ, ਪਰ ਆਪਣੇ ਇਤਿਹਾਸ ਤੇ ਸਾਹਿਤ ਨੂੰ ਲਿਖਣ ਸਾਂਭਣ ਦਾ ਵਕਤ ਕਦੇ ਆਇਆ ਹੀ ਨਹੀਂ। ਫਿਰ ਜੇ ਕਿਤੇ ਗੈਰਮੁਲਕੀ ਹਾਕਮਾਂ ਵਲੋਂ ਕੁਝ ਕੁ ਘਟਨਾਵਾਂ ਦਾ ਜ਼ਿਕਰ ਹੋਇਆ ਵੀ ਹੈ ਤਾਂ ਉਹ ਮਹਿਜ਼ ਉਨ੍ਹਾਂ ਦੇ ਨਜ਼ਰੀਏ ਤੋਂ ਹੀ ਹੋਇਆ ਹੈ। ਬਹਿਰਹਾਲ ਫਿਰ ਵੀ ਬੜੇ ਅਚੰਭੇ ਤੇ ਵੱਡੇ ਸਕੂਨ ਦੀ ਗੱਲ ਇਹ ਹੈ ਕਿ ਮੁਗਲ ਕਾਲ ਵਿਚ ਵੀ ਨਾਦਰਸ਼ਾਹ ਤੇ ਅਬਦਾਲੀ ਵਰਗੇ ਨਾਬਰਾਂ-ਜਾਬਰਾਂ ਤੇ ਕਾਜ਼ੀ ਨੂਰਮੁਹੰਮਦ ਵਰਗੇ ਵਾਕਾ ਨਵੀਸਾਂ ਨੇ ਆਖਰ ਨੂੰ ਸਿੱਖਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਹੀ ਕੀਤੀ ਹੈ।

ਫਿਰ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ 700 ਸ਼ਹੀਦੀ ਸਾਥੀਆਂ ਦੇ ਜਿਗਰੇ ਤੇ ਸਬਰ ਨੂੰ ਉਸ ਵੇਲੇ ਦੇ ਮੁਸਲਮਾਨ ਵਾਕਿਆ ਨਵੀਸ ਖ਼ਾਫ਼ੀ ਖਾਨ, ਮਿਰਜ਼ਾ ਮੁਹੰਮਦ ਹਰੀਸੀ, ਮੁਹੰਮਦ ਕਾਸਿਮ ਲਾਹੌਰੀ ਤੇ ਮੁਹੰਮਦ ਸ਼ਫੀ ਵਾਰਿਦ ਵਰਗਿਆਂ ਤੋਂ ਇਲਾਵਾ ਈਸਟ ਇੰਡੀਆ ਕੰਪਨੀ ਦੇ ਜੌਨ ਸਰਮਨ, ਐਡਵਰਡ ਸਟੀਫਨਸਨ, ਕੋਜ਼ੀ, ਸਿਰਹੌਂਦ ਤੇ ਹਿਊ ਬਾਰਕਰ ਜਿਹੇ ਚਸ਼ਮਦੀਦ ਨਾਮਾਂਨਿਗਾਰਾਂ ਨੇ ਸਿੱਖੀ ਸਿਦਕ ਤੇ ਸ਼ਹਾਦਤਾਂ ਦਾ ਸੋਹਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਇਸ ਤਰ੍ਹਾਂ ਹੀ ਫਿਰ ਬ੍ਰਿਟਿਸ਼ ਰਾਜ ਦੇ ਸਮੇਂ ਕਨਿੰਘਮ ਨੇ ਪੰਜਾਬ ਦੇ ਇਤਿਹਾਸ ਦੀ ਪਹਿਲ-ਪਲੇਠੀ ਪ੍ਰਮਾਣਿਤ ਕਿਤਾਬ "ਹਿਸਟਰੀ ਆਫ ਦੀ ਸਿੱਖਸ" ਵਿਚ ਸੰਨ 1845-46 ਦੀ ਪਹਿਲੀ ਐਂਗਲੋ-ਸਿੱਖ ਵਾਰ ਵਿਚ ਸਿੱਖੀ ਸਿਦਕ, ਬਹਾਦਰੀ ਤੇ ਸ਼ਹੀਦੀ ਪ੍ਰਸੰਗਾਂ ਬਾਰੇ ਇੰਨਾਂ ਸੱਚੋ-ਸੱਚ ਲਿਖਿਆ ਕਿ ਉਸ ਨੂੰ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਹੱਥ ਧੋਣੇ ਪਏ। ਖੈਰ! ਇਹ ਵੀ ਸੱਚਾਈ ਹੈ ਕਿ ਇਸ ਤੋਂ ਇਲਾਵਾ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਹਾਰਡਿੰਗ, ਕਮਾਂਡਰ ਇਨ ਚੀਫ ਲਾਰਡ ਹਿਊ ਗੱਫ, ਹੋਪ ਗਰਾਂਟ ਤੇ ਜੌਹਨ ਗੌਰਡਨ ਜਿਹੇ ਕਈ ਹੋਰ ਜਰਨੈਲਾਂ ਤੇ ਜੰਗਨਾਮਿਆਂ ਦੇ ਲੇਖਕਾਂ ਨੇ ਸਿੱਖਾਂ ਦੀ ਸੂਰਮਗਤੀ ਤੇ ਕੁਰਬਾਨੀਆਂ ਦੀਆਂ ਪ੍ਰੰਪਰਾਵਾਂ ਤੇ ਸ਼ਾਨਦਾਰ ਰਿਵਾਇਤਾਂ ਦਾ ਜ਼ਿਕਰ ਕੀਤਾ ਹੈ।

ਮੁੱਕਦੀ ਗੱਲ ਇਹ ਹੈ ਕਿ ਅਸੀਂ ਆਪਣੇ ਇਤਿਹਾਸ, ਸਾਹਿਤ ਤੇ ਸਭਿਆਚਾਰ ਬਾਰੇ ਖੁਦ ਜਾਣਨ ਅਤੇ ਫਿਰ ਪੰਜਾਬ ਦੀ ਮਹਾਨ ਸੰਸਕ੍ਰਿਤੀ, ਪ੍ਰੰਪਰਾਵਾਂ ਤੇ ਰਿਵਾਇਤਾਂ ਨੂੰ ਆਪਣੀਆਂ ਅਜੋਕੀਆਂ ਪੀੜ੍ਹੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਾਉਣ ਲਈ ਸੰਭਾਲਣ ਤੇ ਪ੍ਰਚਾਰਣ ਹਿੱਤ ਕੋਈ ਵਾਜਬ ਤੇ ਕਾਰਆਮਦ



*Original with;*
Kulbir Singh Sidhu(I.A.S)
*Digitized by;*
Panjab Digital Library

ਕਾਰਵਾਈ ਕਰ ਸਕੇ। ਸਗੋਂ ਜੇ ਕਿਤੇ-ਕਤਾਈਂ ਅਸੀਂ ਕੋਈ ਇਤਿਹਾਸਿਕ ਤੇ ਸਭਿਆਚਾਰਕ ਖੋਜ ਦੀ ਗੱਲ ਕਰਦੇ ਵੀ ਹਾਂ ਤਾਂ ਅਸੀਂ ਆਪਣੀ ਅਖੌਤੀ ਵਿਦਵਤਾ ਦੀ ਪੂਛ ਨਹੀਂ ਛੱਡਦੇ, ਜਿਸ ਕਰਕੇ ਆਪਣੇ ਆਪ ਨੂੰ ਅੱਕਾਂ ਵਿਚੋਂ ਅਰਿੰਡ ਪ੍ਰਧਾਨ ਸਾਬਿਤ ਕਰਨ ਦੀ ਗਰਜ਼ ਨਾਲ ਆਪਣੀ ਗਲਤ-ਠੀਕ ਦਲੀਲਬਾਜ਼ੀ ਕਰਦੇ ਸਮੇਂ ਸਿੱਖੀ ਸਿਧਾਂਤ ਤੇ ਸੰਕਲਪ ਦੀ ਬੁਨਿਆਦੀ ਤੇ ਅਹਿਮ ਗੱਲ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਾਂ।

ਹੁਣ ਲਗਦੇ ਹੱਥ ਆਪਣੀ ਗੱਲ ਵੀ ਕਰ ਲਈਏ ਕਿ ਸਾਡੀਆਂ ਮਨਮੁਖ ਮਨਮਤੀਆਂ ਦੇ ਮੁਕਾਬਲੇ ਵਿਚ ਅੱਜ ਦੇ ਸਮੇਂ ਸਾਡੇ ਨਾਲੋਂ ਵੱਡਾ ਕੁਰਹਿਤੀਆ ਤੇ ਬੇਦਾਵੀਆ ਕੌਣ ਹੋਵੇਗਾ ਕਿ 4 ਮਈ ਦੀ ਜੰਗ ਦੀ ਇਤਿਹਾਸਿਕ ਘਟਨਾ ਨੂੰ ਅਸੀਂ ਕਿਸੇ ਸਮੇਂ ਵੈਸਾਖ ਭਾਵ ਅਪ੍ਰੈਲ ਦੇ ਮਹੀਨੇ ਹਾੜੀ ਦੀ ਫ਼ਸਲ ਸਾਂਭਣ ਦੇ ਲਾਲਚ ਤੇ ਗਰਜ਼ ਨਾਲ ਮਕਰ ਸੰਕ੍ਰਾਂਤੀ ਜਾਂ 13 ਜਨਵਰੀ ਦੇ ਮਾਘੀ ਇਸ਼ਨਾਨ ਨਾਲ ਜੋੜ ਲਿਆ ਹੈ। ਭਾਵੇਂ ਇਨ੍ਹਾਂ ਦੋਨਾਂ ਵਾਕਿਆਂ ਦੀਆਂ ਤਿੱਥਾਂ ਤੇ ਤਰੀਕਾਂ ਇਕ ਦੂਜੇ ਤੋਂ ਬਿਲਕੁਲ ਅਲੱਗ ਹਨ, ਪਰ ਚਿਰਕਾਲ ਤੋਂ ਅਸੀਂ ਆਪਣੇ ਪੰਜਾਬੀ ਸੁਭਾਅ ਵਿਚ ਆਪਹੁਦਰੇਪਣ ਤੇ ਮਨਮਰਜ਼ੀ ਕਰਨ ਦੀ ਆਦਤ ਦੇ ਕਾਰਨ ਛੜਿਆਂ ਭਾਵ ਇਕ ਵੱਖਰੀ ਸਮਾਜਿਕ ਸੋਚ ਰੱਖਣ ਵਾਲੇ ਵਰਗ ਵਾਂਗੂੰ ਪੰਜਾਬੀ ਦੇ ਅਖਾਣ 'ਮੇਲਾ ਮੁਕਤਸਰ ਦਾ ਪਰ ਛੜਿਆਂ ਡਰੋਲੀ ਜਾਣਾ' ਦੇ ਅਨੁਸਾਰ ਇਕ ਘਾੜ੍ਹਤ ਘੜ੍ਹ ਲਈ ਹੈ ਕਿ ਖਿਦਰਾਣੇ ਦੀ ਢਾਬ 'ਤੇ ਲੜਾਈ ਮਾਘੀ ਨੂੰ ਹੀ ਹੋਈ ਸੀ।

ਖੈਰ ਤਿੱਥਾਂ-ਤਿਉਹਾਰਾਂ ਨੂੰ ਮਨਾਉਣ ਵਜੋਂ ਇਹ ਤਾਂ ਠੀਕ ਹੈ ਕਿ ਜੋਤਿਸ਼ ਸ਼ਾਸਤਰ ਮੁਤਾਬਿਕ ਜਦੋਂ ਸੂਰਜ ਮਕਰ ਰਾਸ਼ੀ ਵਿਚ ਆਉਂਦਾ ਹੈ ਤਾਂ ਪੋਹ ਦਾ ਪਾਲਾ ਮਾਘ ਮਹੀਨੇ ਵਿਚ ਆਪਣੀ ਬੁੱਕਲ ਖੋਲ੍ਹਦਾ ਹੈ। ਮੇਰੀ ਜਾਚੇ ਇਹ ਕੁਦਰਤੀ ਵਰਤਾਰਾ 'ਲੋਹੜੀ ਮਘੇ ਮਾਘੀ ਤੇ ਪੋਹ ਦੇ ਪਾਲੇ ਦੀ ਟੁੱਟੇ ਤੜਾਗੀ' ਅਨੁਸਾਰ ਫਿਰ ਮਾਘ ਦਾ ਨਿੱਘ ਜੀਵ, ਜਨੌਰਾਂ ਤੇ ਫਸਲਾਂ ਨੂੰ ਸਫੁਰਤੀ ਤੇ ਖੇੜਾ ਦਿੰਦਾ ਹੈ। ਇਸ ਵਾਸਤੇ ਪਹਿਲੇ ਮਾਘ ਦੀ ਲੋਹੜੀ ਵਿਚ ਪੋਹ ਦੇ ਸਿਆਲੇ ਦਾ ਦਲਿੱਦਰ 'ਈਸ਼ਰ ਆ ਦਲਿੱਦਰ ਜਾ, ਦਲਿੱਦਰ ਦੀ ਜੂਨ ਚੁੱਲ੍ਹੇ ਪਾ' ਕਹਿ ਕੇ ਸਾੜਿਆ ਜਾਂਦਾ ਹੈ।

ਖੈਰ! ਇਥੇ ਸੰਜੀਦਗੀ ਨਾਲ ਜੋ ਵਿਚਾਰਨ ਦੀ ਗੱਲ ਹੈ ਉਹ ਇਹ ਹੈ ਕਿ ਅਸੀਂ ਖਿਦਰਾਣੇ ਦੀ ਲੜਾਈ ਨੂੰ ਮਾਘੀ ਦੇ ਮੇਲੇ ਨਾਲ ਜੋੜ ਕੇ ਆਪਣੇ ਇਤਿਹਾਸ ਨੂੰ ਆਪ ਹੀ ਤੋੜਿਆ-ਮਰੋੜਿਆ ਹੈ। ਫਿਰ ਇਸ ਤੋਂ ਵੀ ਕਿਤੇ ਅੱਗੇ ਹੁਣ ਅਸੀਂ ਰਹਿਤ ਮਰਿਆਦਾ ਨੂੰ ਛੱਡ ਕੇ ਖੁਦ ਹੋਰ ਵੀ ਬੜੇ ਵੱਡੇ ਕੁਰਹਿਤੀਏ ਬਣੇ ਹੋਏ ਹਾਂ। ਇਸ ਪ੍ਰਥਾਇ ਮਿਸਾਲ ਵਜੋਂ ਅਸੀਂ ਚਮਕੌਰ ਦੀ ਗੜ੍ਹੀ ਤੇ ਸਰਹਿੰਦ ਦੇ ਸ਼ਹੀਦੀ ਸਾਕਿਆਂ ਨੂੰ ਭੁਲਾ ਵਿਸਾਰ ਕੇ ਦਸੰਬਰ ਦੇ ਅਖੀਰਲੇ ਮਹੀਨੇ ਕ੍ਰਿਸਮਿਸ ਤੇ ਨਵੇਂ ਸਾਲ ਦੀਆਂ ਖੁਸ਼ੀਆਂ ਮਨਾ ਰਹੇ ਹੁੰਦੇ ਹਾਂ।

ਇਸ ਸੰਦਰਭ ਵਿਚ ਜ਼ਾਹਿਰ ਹੈ ਕਿ ਅਸੀਂ ਆਪਣੇ ਇਤਿਹਾਸ ਦੇ ਚੰਗੇ ਬਿਰਤਾਂਤਾਂ ਦੇ ਬਾਬਾਂ-ਚੈਪਟਰਾਂ ਤੋਂ ਸੇਧ ਨਹੀਂ ਲੈਂਦੇ ਤੇ ਮਾੜੀਆਂ ਇਤਿਹਾਸਕ ਘਟਨਾਵਾਂ ਤੋਂ ਸਬਕ ਨਹੀਂ ਲੈਂਦੇ। ਸਾਡੇ ਇਸ ਮਾੜੇ ਸੁਭਾਅ ਤੇ ਕਿਰਦਾਰ ਦੀ ਅਸਲੀ ਤਸਵੀਰ



Original with;
Kulbir Singh Sidhu(I.A.S)
Digitized by;
Panjab Digital Library

ਅਕਸਰ ਹੀ ਉਦੋਂ ਉਘੜਦੀ ਹੈ ਕਿ ਜਦੋਂ ਅਸੀਂ ਸਾਰੇ ਪੰਜਾਬੀ ਦੇਖੋ-ਦੇਖੀ ਬੇਗਾਨੇ ਮੁਲਕਾਂ ਤੇ ਲੋਕਾਂ ਦੇ ਤਿਉਹਾਰਾਂ ਵਿਚ ਧਮੱਚੜ ਪਾ ਰਹੇ ਹੁੰਦੇ ਹਾਂ। ਅਸੀਂ 'ਬੇਗਾਨੀ ਸ਼ਾਦੀ ਮੇਂ ਅਬਦੁੱਲਾ ਦੀਵਾਨਾ' ਦੇ ਅਖਾਣ ਮੁਤਾਬਿਕ ਸਾਕਾ ਚਮਕੌਰ ਸਾਹਿਬ ਤੇ ਛੋਟੀਆਂ ਜ਼ਿੰਦਾ ਦੇ ਵੱਡੇ ਸਾਕੇ ਫਤਿਹਗੜ੍ਹ ਸਾਹਿਬ ਦੇ ਨਾਲ ਸਰਬੰਸਦਾਨ ਦੀ ਦਿਲ ਦਹਿਲਾਊ ਦਾਸਤਾਨ ਨੂੰ ਭੁਲਾ ਕੇ ਉਸ ਦਿਨ ਕੀ ਦੇਸ਼ ਤੇ ਕੀ ਵਿਦੇਸ਼ ਯਾਨਿ ਹਰ ਥਾਂ 'ਤੇ ਕ੍ਰਿਸਮਿਸ ਦੀਆਂ ਖੁਸ਼ੀਆਂ ਦਾਰੂ ਦੇ ਜਾਮ ਛਲਕਾ ਰਹੇ ਹੁੰਦੇ ਹਾਂ।

ਬੇਸ਼ੱਕ ਅਸੀਂ ਮਾਨਵਤਾ ਦੇ ਪੈਗੰਬਰ ਈਸਾ ਮਸੀਹ ਦਾ ਜਨਮ ਦਿਹਾੜਾ ਮਨਾਈਏ ਜਾਂ ਦੁਨੀਆਂ ਦੇ ਨੇਕ ਬੰਦਿਆਂ ਦੇ ਯਾਦਗਾਰੀ ਦਿਹਾੜੇ ਮਨਾਈਏ, ਪਰ ਇਸ ਦੇ ਨਾਲ ਹੀ ਸਾਨੂੰ ਸਾਡੇ ਇਤਿਹਾਸ ਦੀਆਂ ਸੰਜੀਦਾ ਤੇ ਗੰਭੀਰ ਘਟਨਾਵਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਇਸ ਵਾਸਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਪੁਰਖਿਆਂ, ਕੌਮੀ ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਨੂੰ ਵੀ ਜ਼ਰੂਰ ਯਾਦ ਰਖੀਏ ਅਤੇ ਮੌਜ-ਮੇਲਿਆਂ ਦੀ ਮਸਤੀ ਨੂੰ ਆਪਣੀ ਮਾਨਸਿਕਤਾ 'ਤੇ ਹਾਵੀ ਨਾ ਹੋਣ ਦੇਈਏ।

ਫਿਰ ਇਉਂ ਹੀ ਅਸੀਂ ਫਿਰ ਐਂਗਲੋ-ਸਿੱਖ ਜੰਗ ਵਿਚ 10 ਫਰਵਰੀ ਨੂੰ ਹੋਈ ਸਭਰਾਉਂ ਦੀ ਲੜਾਈ ਦੇ ਸ਼ਹੀਦ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਵਰਗੇ ਮਰਜੀਵੜੇ ਸ਼ਹੀਦਾਂ ਤੇ ਦੇਸ਼ ਭਗਤ ਸ਼ੰਘਰਸ਼ੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਖ-ਪਰੋਖੇ ਕਰਕੇ 14 ਫਰਵਰੀ ਨੂੰ 'ਵੈਲਨਟਾਈਨ ਡੇਅ' ਦੀਆਂ ਖਰਮਸਤੀਆਂ ਵਿਚ ਮਸਤ ਹੁੰਦੇ ਹਾਂ। ਇਉਂ ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਸਭ ਨੇ ਕੌਮੀ ਪੱਧਰ 'ਤੇ ਆਪਣੇ ਸ਼ਹੀਦਾਂ ਸਬੰਧੀ ਅਲਗਰਜ਼ੀ ਦੀ ਭਾਵਨਾ ਤਹਿਤ ਬੜੀ ਢੀਠ ਜਿਹੀ ਨੀਅਤ ਬਣਾ ਰੱਖੀ ਹੈ।

ਖੈਰ! ਇਸ ਵਾਰ ਇਕ ਬਹੁਤ ਹੀ ਚੰਗੀ ਗੱਲ ਹੋਈ ਕਿ ਪੰਥ ਦੇ ਸਿਰਮੌਰ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹਦਾਇਤ ਹੋਈ ਕਿ ਪੋਹ ਭਾਵ ਦਸੰਬਰ ਤੋਂ ਅੱਧ ਜਨਵਰੀ ਤਕ ਪੈਂਦੇ ਸ਼ਹੀਦੀ ਜੋੜ ਮੇਲਿਆਂ 'ਤੇ ਸੰਜੀਦਗੀ ਤੇ ਗੰਭੀਰਤਾ ਦੇ ਪ੍ਰਗਟਾਵੇ ਵਜੋਂ ਲੰਗਰਾਂ ਵਿਚ ਖੀਰ-ਪੂੜਿਆਂ, ਜਲੇਬੀਆਂ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਮਿੱਠੇ ਪਕਵਾਨ ਵਰਤਾਉਣ ਤੋਂ ਗੁਰੇਜ਼ ਕੀਤਾ ਜਾਵੇ। ਇਸ ਦੇ ਨਾਲ ਹੀ ਸ਼ਹੀਦੀ ਜੋੜ ਮੇਲਿਆਂ 'ਤੇ ਨਸ਼ੇ-ਪੱਤਿਆਂ ਤੇ ਮੌਜ-ਮੇਲੇ ਦੀਆਂ ਖ਼ੁਰਾਫਾਤੀ ਇੱਲਤਾਂ ਤੋਂ ਬਚਿਆ ਜਾਵੇ।

ਇਸ ਐਲਾਨਨਾਮੇ ਦਾ ਚਮਕੌਰ ਸਾਹਿਬ ਵਿਖੇ ਪ੍ਰਤੱਖ ਅਸਰ ਦੇਖਣ ਨੂੰ ਮਿਲਿਆ ਸੀ, ਪਰ ਫਿਰ ਫਤਹਿਗੜ੍ਹ ਸਾਹਿਬ ਦੀ ਸਭਾ ਤਕ ਸਿਰਫ਼ ਤਿੰਨ-ਚਾਰ ਦਿਨਾਂ ਬਾਅਦ ਹੀ ਸਾਡੀ ਮਾਨਸਿਕਤਾ ਦੀ ਗਰਾਰੀ ਫਿਰ ਸਾਡੀਆਂ ਆਪਣੀਆਂ ਹੀ ਕਮਜ਼ੋਰੀਆਂ ਦੇ ਕਾਰਨ ਪੁੱਠਾ ਗੇੜਾ ਖਾ ਗਈ। ਵੱਡੇ ਸਿਆਸਤਦਾਨਾਂ ਵਲੋਂ ਇੰਨਾਂ ਹੀ ਕਹਿਣ ਦੀ ਢਿੱਲ ਸੀ ਕਿ ਪਾਰਟੀ ਦੇ ਸਿਆਸੀ ਏਜੰਡੇ ਲੋਕਾਂ ਸਾਹਮਣੇ ਜ਼ਰੂਰ ਰੱਖੇ ਜਾਣਗੇ, ਪਰ ਸਿਆਸੀ ਸਟੇਜਾਂ ਤੋਂ ਦੂਸ਼ਣਬਾਜ਼ੀ ਤੇ ਭੰਡੀ ਪ੍ਰਚਾਰ ਨਹੀਂ ਕੀਤਾ ਜਾਏਗਾ। ਇਸ ਦੇ ਨਤੀਜੇ ਵਜੋਂ ਬੱਸ ਪੁੱਠੀਆਂ ਸਮਝਣ ਵਾਲੇ ਸਿਆਸੀ ਲੋਕਾਂ ਨੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਿੰਘ ਸਾਹਿਬ ਵਲੋਂ ਦਿੱਤੀ ਗਈ ਨਸੀਹਤ ਦੇ ਉਲਟ ਇਕ-ਦੂਜੇ ਦੀ ਨਿੱਜੀ ਤੇ ਘਟੀਆ ਸਿਆਸੀ ਪਲਟਵਾਰਾਂ ਦੁਆਰਾ ਨਿਖੇਧੀ ਵੱਧ ਕੀਤੀ ਅਤੇ ਇਤਿਹਾਸ ਦੀ ਗੱਲ ਘੱਟ ਕੀਤੀ ਹੈ। ਉਧਰ ਫਿਰ ਜਨਤਾ ਜਨਾਰਧਨ ਨੇ ਇਸ ਸਰਕਾਰੀ ਐਲਾਨ ਨੂੰ ਖੁੱਲੀ ਛੁੱਟੀ ਨੂੰ ਲਾਈਸੈਂਸ ਮਾਤਰ ਸਮਝ ਕੇ ਮਨਮਰਜ਼ੀ ਦੇ ਮੌਜ-ਮੇਲੇ ਜਿਹੀਆਂ ਖੁੱਲ੍ਹੀਆਂ ਛੁੱਟੀਆਂ ਮਨਾਈਆਂ ਹਨ।

ਫਿਰ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ 'ਬੁਰਕੀ ਦੇ ਵਣਜਾਰਿਆਂ' ਤੇ 'ਦਾਰੂ ਦੇ ਪਿਅੱਕੜਾਂ' ਨੇ ਵੀ ਇਸ ਨੂੰ ਸਰਕਾਰੀ ਆਗਿਆ ਦੀ ਗਿੱਦੜ ਪਰਚੀ ਹੀ ਸਮਝ ਲਿਆ। ਫਿਰ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਵੇਲੇ ਖੀਰ-ਪੂੜੇ, ਜਲੇਬੀਆਂ ਤੇ ਪਤੌੜ ਖਾਣ ਤੇ ਦਾਰੂ ਪੀਣ ਦੇ ਪ੍ਰਹੇਜ਼ ਮਾਤਰ ਰੱਖੇ ਸਿਰਫ਼ ਤਿੰਨ-ਚਾਰ ਦਿਨ ਦੇ ਵਰਤ ਇਉਂ ਟੁੱਟੇ ਕਿ ਮਾੜੇ-ਧੀੜੇ ਚੀਂਗੜ ਬੋਟ ਦੀ ਗੱਲ ਤਾਂ ਛੱਡੋ, ਸਗੋਂ ਸਾਬਤ ਸੂਰਤ ਸਿੱਖ ਵੀ ਘਰਾਂ ਤੋਂ ਲੈ ਕੇ ਠੇਕਿਆਂ ਤੱਕ ਗਲਾਸੀਆਂ ਖੜਕਾਉਂਦੇ ਫਿਰਦੇ ਦਿਸੇ। ਇਹ ਸਾਰਾ ਕੋਝਾ ਵਰਤਾਰਾ ਵੇਖ ਕੇ ਹੀ ਹੁਣ ਸਮਾਜ ਦੇ ਕੁੱਝ ਵਰਗ ਵਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਸ ਪ੍ਰਥਾਇ ਸਿੰਘ ਸਾਹਿਬ ਵਲੋਂ ਹਦਾਇਤਨਾਮੇ ਦੀ ਥਾਂ 'ਹੁਕਮਨਾਮਾ' ਜਾਰੀ ਹੋਣਾ ਚਾਹੀਦਾ ਸੀ।

ਇਸ ਪ੍ਰਥਾਇ ਬੇਦਾਵੇ ਦੇ ਚੱਲ ਰਹੇ ਪ੍ਰਸੰਗ ਵਿਚ ਖਾਸ ਤੌਰ 'ਤੇ ਜਦੋਂ ਅਸੀਂ 40 ਮੁਕਤਿਆਂ ਤੇ ਟੁੱਟੀ ਗੰਢੀ ਦੇ ਸੰਦਰਭ ਵਿਚ ਗੁਰੂ ਪ੍ਰਤੀ ਸਿੱਖੀ ਸਿਦਕ ਦੀ ਪਾਵਨ ਯਾਦ ਵਿਚ ਮਾਘੀ ਦਾ ਮੇਲਾ ਮਨਾਉਂਦੇ ਹਾਂ ਤਾਂ ਇਹ ਨਹੀਂ ਹੋਣਾ ਚਾਹੀਦਾ ਕਿ ਇਸ ਮੇਲੇ ਵਿਚ ਅਸੀਂ ਸਿੱਖੀ ਸ਼ਰਧਾ ਦੀ ਗੱਲ ਭੁਲਾ ਕੇ ਅਸੀਂ ਆਪਣੀ ਸਿਆਸੀ ਭਾਸ਼ਣਬਾਜ਼ੀ ਤੇ ਇਕ ਦੂਜੇ 'ਤੇ ਦੂਸ਼ਣਬਾਜ਼ੀ ਦੀ ਡਫਲੀ ਹੀ ਖੜਕਾਉਂਦੇ ਫਿਰੀਏ। ਫਿਰ ਇਸ ਦੇ ਨਾਲ ਹੀ ਸੰਜੀਦਗੀ ਦਾ ਮਾਹੌਲ ਸਿਰਜਣ ਲਈ ਇਹ ਵੀ ਜ਼ਰੂਰੀ ਹੈ ਕਿ ਅਸੀਂ ਸਿੰਘ ਸਾਹਿਬ ਤੇ ਹੋਰ ਸੱਚੇ ਪੰਥ-ਹਿਤੈਸ਼ੀਆਂ ਦੀ ਨਸੀਹਤ 'ਤੇ ਅਮਲ ਕਰੀਏ। ਇਸ ਦੇ ਉਲਟ ਹੁਣ ਵਾਂਗੂੰ ਇਹ ਤਾਂ ਕਦਾਚਿਤ ਵੀ ਨਹੀਂ ਹੋਣਾ ਚਾਹੀਦਾ ਕਿ ਮਾਘੀ ਦੇ ਇਸ ਪਵਿਤਰ ਤਿਉਹਾਰ 'ਤੇ ਕਿਤੇ ਅਸੀਂ ਮੌਜ ਮੇਲੇ ਦੇ ਰੂਪ ਵਿਚ ਘੋੜਿਆਂ ਤੇ ਕੁੱਤਿਆਂ ਦੀਆਂ ਦੌੜਾਂ ਹੀ ਕਰਵਾਉਂਦੇ ਫਿਰੀਏ।

ਇਸ ਸੰਦਰਭ ਵਿਚ ਇਹ ਵੀ ਵਿਚਾਰਨਯੋਗ ਹੈ ਕਿ ਅਸੀਂ ਕਹਿਣ ਨੂੰ ਤਾਂ '300 ਸਾਲ ਗੁਰੂ ਦੇ ਨਾਲ' ਜਿਹੇ ਦਮਗਜੇ ਮਾਰਦੇ ਫਿਰਦੇ ਹਾਂ, ਪਰ ਅਸੀਂ ਆਪਣੇ ਕਿਰਦਾਰ ਤੇ ਕਾਰਗੁਜ਼ਾਰੀ ਦੇ ਪੱਖੋਂ ਪੂਰਨ ਤੌਰ 'ਤੇ ਕਦੇ ਵੀ ਗੁਰੂ ਦੇ ਨਾਲ ਜਾਂ ਸਿੱਖੀ ਸਿਧਾਂਤ 'ਤੇ ਪਹਿਰਾ ਦੇਣ ਜੋਗੇ ਕਦੇ ਵੀ ਨਹੀਂ ਹੋਏ। ਬੇਸ਼ੱਕ ਅਸੀਂ 1969 ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਆਗਮਨ ਪੁਰਬ, ਖਾਲਸਾ ਸਿਰਜਣਾ ਦਿਵਸ ਤੇ ਸ਼ਬਦ ਗੁਰੂ ਦੇ 400 ਸਾਲਾ ਪ੍ਰਕਾਸ਼ ਉਤਸਵ ਦੇ ਸਮੇਤ 14 ਸਿੱਖ ਇਤਿਹਾਸ ਦੀਆਂ ਸ਼ਤਾਬਦੀਆਂ ਮਨਾ ਕੇ ਨਿਰਸੰਦੇਹ ਸ਼ਲਾਘਾਯੋਗ ਕਰਮ ਕਰਨ ਦਾ ਫਰਜ਼ ਨਿਭਾਇਆ ਹੈ। ਪਰ ਅਜੋਕੀ ਪੀੜ੍ਹੀ ਹੋਣ ਵਜੋਂ ਇਸ ਪ੍ਰਥਾਇ ਧਰਮ ਦੇ ਸੰਚਾਰ ਅਤੇ ਸਭਿਆਚਾਰ, ਸਾਹਿਤ ਤੇ ਇਤਿਹਾਸ ਦੇ ਪ੍ਰਚਾਰ ਤੇ ਪ੍ਰਸਾਰ ਵਜੋਂ ਅਸੀਂ ਸੇਰ ਰੂੰ ਵਿਚੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਇਕ ਪੂਣੀ ਵੀ ਨਹੀਂ ਕੱਤ ਸਕੇ। ਸਗੋਂ ਪਿਛਲੇ ਸਾਲਾਂ ਵਿਚ ਇਸ ਦੇ ਵਿਪਰੀਤ ਸਭ ਕੁੱਝ ਚੰਗਾ ਨਹੀਂ ਹੋਇਆ।

ਇਸ ਸੰਦਰਭ ਵਿਚ ਇਕ ਪਾਰਟੀ ਦੀ ਸਰਕਾਰ ਨੇ ਚਮਕੌਰ ਸਾਹਿਬ ਵਿਖੇ 'ਸ਼ਹੀਦੀ ਪਾਰਕ' ਤੇ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ 'ਮੁਕਤਾ ਮਿਨਾਰ' ਬਣਾਉਣ ਦਾ ਵਧੀਆ ਸੰਕਲਪ ਲਿਆ, ਪਰ ਅਫ਼ਸੋਸ ਕਿ ਦੂਜੀ ਪਾਰਟੀ ਦੀ ਸਰਕਾਰ ਨੇ ਚਮਕੌਰ ਸਾਹਿਬ ਦੀ ਅਧੂਰੀ ਯਾਦਗਾਰ ਨੂੰ ਉਥੇ ਦਾ ਉਥੇ ਹੀ ਛੱਡ ਦਿੱਤਾ ਹੈ। ਇਸ ਤਰ੍ਹਾਂ ਸਾਡੀ ਸ਼ਾਨਦਾਰ ਵਿਰਾਸਤ ਬਸ ਸਿਆਸਤ ਦੇ ਧੱਕੇ ਚੜ੍ਹ ਕੇ ਹੀ ਰਹਿ ਗਈ ਹੈ। ਇਨ੍ਹਾਂ ਭਲੇਮਾਣਸ ਸਿਆਸਤੀ ਸਿੱਖਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਕਿ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਤੇ ਲਾਡਲੇ ਸਿੰਘ ਕੀ ਤੁਹਾਡੇ ਵਾਂਗੂੰ ਕਾਂਗਰਸੀ ਜਾਂ ਅਕਾਲੀ ਪਾਰਟੀ ਨਾਲ ਸਬੰਧਤ ਸਨ। ਵੈਸੇ ਸਾਡਾ ਇਹ ਚਲਣ ਸਾਡੇ ਵਾਸਤੇ ਸ਼ਰਮ ਨਾਲ ਡੁੱਬ-ਮਰਨ ਦੀ ਗੱਲ ਹੈ, ਪਰ ਇਹ ਗੱਲ ਵੱਖਰੀ ਹੈ ਕਿ ਸਾਡੀ ਹੈਅ-ਭੈਅ ਦੀ ਭਾਵਨਾ ਹੀ ਮਰ ਗਈ ਹੈ ਤੇ ਸਾਨੂੰ ਆਪਣੀ ਮਾੜੀ ਕਰਤੂਤ 'ਤੇ ਸੰਗ-ਸ਼ਰਮ ਹੀ ਨਹੀਂ ਆਉਂਦੀ।

ਇਸ ਪ੍ਰਥਾਇ ਫਿਰ ਹੁਣ ਮੁਕਤਸਰ ਸਾਹਿਬ ਵਿਖੇ 'ਮੀਨਾਰ-ਏ-ਮੁਕਤਾ' ਬਾਰੇ ਤਾਂ ਲੋਕ ਇਹ ਵੀ ਕਹਿੰਦੇ ਹਨ ਕਿ ਡੀ.ਸੀ. ਮੁਕਤਸਰ ਦੇ ਦਫ਼ਤਰ ਦੇ ਬਿਲਕੁਲ ਨਾਲ ਲਗਦੀ ਇਸ ਇਤਿਹਾਸਿਕ ਯਾਦਗਾਰ 'ਤੇ ਭਾਵੇਂ ਕੋਈ ਯਾਤਰੂ ਜਾਂ ਕੋਈ ਸਫ਼ਾਈ ਸੇਵਕ ਘੱਟ-ਵੱਧ ਹੀ ਜਾਂਦਾ ਹੈ, ਪਰ ਦੂਜੇ ਪਾਸੇ ਲੋੜਵੰਦ ਲੋਕ ਡੀ.ਸੀ. ਦਫ਼ਤਰ ਵਿਚ ਫਰਸ਼ੀ ਸਲਾਮਾਂ ਨਾਲ ਹੀ ਵਿਹੜਾ ਸੁੰਭਰਦੇ ਫਿਰਦੇ ਹਨ।

ਇਸ ਵਿਚ ਸਪਸ਼ਟ ਤੌਰ 'ਤੇ ਸਾਡੀਆਂ ਧਾਰਮਿਕ, ਸਮਾਜਿਕ, ਸਰਕਾਰੀ ਤੇ ਵਿਦਿਅਕ ਸੰਸਥਾਵਾਂ ਦਾ ਕਸੂਰ ਪ੍ਰਤੱਖ ਨਜ਼ਰ ਆਉਂਦਾ ਹੈ ਕਿ ਉਹ ਆਪਣੇ ਸ਼ਾਨਾਮੱਤੇ ਇਤਿਹਾਸ ਤੇ ਸ਼ਾਨਦਾਰ ਸਭਿਆਚਾਰ ਦੇ ਪ੍ਰਚਾਰ ਦੇ ਪੱਖੋਂ ਬੇਮਤਲਬ ਜਿਹੀ ਚੁੱਪ ਸਾਧੀ ਬੈਠੇ ਹਨ। ਧਰਮ ਸੰਚਾਰ ਤੇ ਪ੍ਰਚਾਰ ਦੀ ਘਾਟ ਦੇ ਕਾਰਨ ਸਾਨੂੰ ਅਧਿਆਤਮਕ ਸ਼ਕਤੀ ਨਾਲੋਂ ਦੁਨਿਆਵੀ ਤਾਕਤ ਅਕਸਰ ਹੀ ਜ਼ਿਆਦਾ ਲੁਭਾਉਂਦੀ ਹੈ। ਸਾਨੂੰ ਆਪਣੇ ਧਾਰਮਿਕ ਤੇ ਇਤਿਹਾਸਕ ਵਿਰਸੇ ਨੂੰ ਜਾਨਣ ਦੀ ਥਾਂ ਦੁਨੀਆਂਦਾਰੀ ਦੀ ਗਰਜ਼ਮੰਦੀ ਨੇ ਮਾਰ ਰਖਿਆ ਹੈ। ਮੁੱਕਦੀ ਗੱਲ ਸਾਨੂੰ ਹੁਣ ਸਾਨੂੰ ਆਪਣੇ ਜੀਵਨ ਵਿਚ ਸਹੀ ਤੇ ਗਲਤ ਸੋਚ ਤੇ ਕਰਮ ਦੇ ਵਿਚਕਾਰਲੇ ਫਾਸਲੇ ਦਾ ਸ਼ਊਰ ਵੀ ਨਹੀਂ ਰਹਿ ਗਿਆ। ਇਹ ਸਾਰੀ ਗੱਲ-ਕੱਥ ਦਾ ਸਾਰੰਸ਼ ਬਕੌਲ ਪ੍ਰਸਿੱਧ ਸ਼ਾਇਰ **'ਤਾਰਿਕ'** ਇਹ ਹੈ ਕਿ:-

ਯੇ ਸ਼ਊਰ ਭੀ ਸ਼ਾਇਦ ਛੀਨ ਲੇਗੀ ਦੁਨੀਆਂ
ਕਿਸ ਕੋ ਯਾਦ ਰੱਖਨਾ ਹੈ, ਕਿਸ ਕੋ ਭੂਲ ਜਾਨਾ ਹੈ

ਬਹਿਰਹਾਲ! ਪਿਛਲੇ ਕੁਝ ਕੁ ਸਮੇਂ ਵਿਚ ਹੁਣ ਐੱਸ.ਜੀ.ਪੀ.ਸੀ. ਨੇ ਇਤਿਹਾਸ ਨੂੰ ਸਾਂਭਣ ਦੇ ਪੱਖੋਂ ਕੁਝ ਕੁ ਯਤਨ ਕੀਤੇ ਹਨ, ਪਰ ਹਾਲੇ ਵੀ ਇਹ ਕਾਫ਼ੀ ਨਹੀਂ ਹਨ। ਠੀਕ ਹੈ ਕਿ ਕਿਸੇ ਸੰਕਲਪ ਨੂੰ ਸਿਰੇ ਚਾੜ੍ਹਨ ਲਈ ਠੋਸ ਕਦਮ ਚੁੱਕਣ ਦੀ ਬੜੀ ਲੋੜ



*Original with;*
Kulbir Singh Sidhu(I.A.S)
*Digitized by;*
Panjab Digital Library

ਹੁੰਦੀ ਹੈ, ਪਰ ਮੇਰੀ ਸਮਝ ਮੁਤਾਬਿਕ ਕੁਝ ਉਦਮੀ ਸੋਚ ਦੇ ਨਾਲ-ਨਾਲ ਇਸ ਪ੍ਰਥਾਇ ਨੈਣ-ਪ੍ਰਾਣ ਤੇ ਹੱਥ-ਪੈਰ ਹਿਲਾਉਣ ਦੀ ਹੋਰ ਵੀ ਵੱਧ ਲੋੜ ਹੁੰਦੀ ਹੈ ਤਾਂ ਕਿ 'ਅਸੀਂ ਕਦਮ ਚੁੱਕ ਰਹੇ ਹਾਂ' ਜਿਹਾ ਮੁਹਾਵਰੇ ਮਾਤਰ ਵਰਤਿਆ ਸਾਡਾ ਫ਼ਿਕਰਾ ਸਿਰਫ਼ ਇਕ ਸਿਆਸੀ ਨਾਅਰਾ ਤੇ ਪ੍ਰਸ਼ਾਸਨਿਕ ਲਾਰਾ ਹੀ ਨਾ ਬਣ ਕੇ ਰਹਿ ਜਾਵੇ।

ਜ਼ਾਹਿਰ ਹੈ ਕਿ ਇਸ ਵਾਸਤੇ ਸਾਡੀਆਂ ਅਜੋਕੀਆਂ ਪੀੜ੍ਹੀਆਂ ਨੂੰ ਆਪਣੇ ਸ਼ਾਨਦਾਰ ਵਿਰਸੇ ਤੇ ਵਿਰਾਸਤ ਦਾ ਹਾਣੀ ਬਣਾਉਣ ਲਈ ਅਸੀਂ ਉਨ੍ਹਾਂ ਨੂੰ ਘਰ, ਸਮਾਜ ਤੇ ਸਕੂਲਾਂ ਤੋਂ ਲੋੜੀਂਦੀ ਸਿੱਖਿਆ ਨਹੀਂ ਦੇ ਸਕੇ। ਇਸ ਪੱਖੋਂ ਖਾਸ ਕਰਕੇ ਅਸੀਂ ਆਪਣੇ ਨੌਜਵਾਨ ਬੱਚਿਆਂ ਨੂੰ ਸਹੀ ਸੇਧ ਜਾਂ ਦਸ਼ਾ ਤੇ ਦਿਸ਼ਾ ਦੇਣ ਵਾਸਤੇ ਪ੍ਰਾਇਮਰੀ ਜਮਾਤ ਤੋਂ ਯੂਨੀਵਰਸਿਟੀ ਪੱਧਰ ਦੇ ਵਿਦਿਅਕ ਕੋਰਸਾਂ ਵਿਚ ਸਦਾਚਾਰ ਤੇ ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕ ਕਰਨ ਸਬੰਧੀ ਕੋਈ ਜਾਣਕਾਰੀ ਸ਼ਾਮਲ ਨਹੀਂ ਕਰ ਸਕੇ ਕਿ ਉਹ ਜ਼ਿੰਦਗੀ ਵਿਚ ਕੁੱਝ ਨਾ ਕੁੱਝ ਬਣਨ ਤੋਂ ਪਹਿਲਾਂ ਚੰਗੇ ਨਾਗਰਿਕ ਬਣ ਸਕਣ। ਸਪਸ਼ਟ ਹੈ ਕਿ ਅਸੀਂ ਆਪਣੀ ਕੌਮ ਦੀ ਬੁਨਿਆਦ ਮਜ਼ਬੂਤ ਕਰਨ ਵਰਗੇ ਆਪਣੇ ਇਸ ਮੁੱਢਲੇ ਫਰਜ਼ ਨੂੰ ਕੋਈ ਤਰਜੀਹ ਜਾਂ ਅਹਿਮੀਅਤ ਹੀ ਨਹੀਂ ਦੇ ਰਹੇ, ਜੋ ਕਿ ਸਾਡਾ ਸਭ ਦਾ ਇਕ ਕੌਮੀ ਫਰਜ਼ ਹੈ।

ਖੈਰ! ਮੁੱਕਦੀ ਗੱਲ ਇਹ ਹੈ ਕਿ ਅਸੀਂ ਗੁਰੂ ਕਾਲ ਦੇ ਉਨ੍ਹਾਂ ਬੇਦਾਵੀਆਂ ਬਾਰੇ ਐਵੇਂ ਬੇਮਤਲਬ ਜਿਹੇ ਉਲਝੇਵਿਆਂ ਵਿਚ ਪਏ ਹੋਏ ਹਾਂ। ਜਦੋਂ ਕਿ ਉਨ੍ਹਾਂ ਬੇਦਾਵੀਆਂ ਨੇ ਤਾਂ ਆਪਣੇ ਗੁਰੂ ਦੇ ਸਨਮੁਖ ਹੁੰਦੇ ਹੋਏ ਪਸ਼ਚਾਤਾਪ ਕਰਨ ਉਪਰੰਤ ਆਪਣੇ ਆਪ ਨੂੰ ਬਖਸ਼ਵਾ ਕੇ, ਮੁਕਤੀ ਪ੍ਰਾਪਤ ਕਰਨ ਵਜੋਂ 'ਮੁਕਤੇ' ਹੋਣ ਦਾ ਵਰਦਾਨ ਪ੍ਰਾਪਤ ਕਰ ਲਿਆ ਸੀ। ਬਹਿਰਹਾਲ! ਹੁਣ ਜ਼ਰਾ ਆਪਾ-ਚੀਨਣ ਵਜੋਂ ਆਪਾਂ ਵੀ ਥੋੜ੍ਹਾ ਜਿਹਾ ਆਤਮ-ਚਿੰਤਨ ਕਰੀਏ ਤੇ ਸੋਚੀਏ ਕਿ ਅਸੀਂ ਕੀ ਖ਼ੁਦ ਵੀ ਬੜੇ 'ਵੱਡੇ ਬੇਦਾਵੀਏ' ਨਹੀਂ ਹਾਂ? ਫਿਰ ਅਸੀਂ ਇਹ ਵੀ ਵਿਚਾਰੀਏ ਕਿ ਅਸੀਂ ਵੀ ਕਦੇ ਕੀ ਆਪਣੀਆਂ ਭੁੱਲਾਂ ਬਖਸ਼ਵਾਉਣ ਵਾਸਤੇ ਕੋਈ ਚੰਗਾ ਕਰਮ ਕੀਤਾ ਹੈ। ਫਿਰ ਸਾਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਕਦੇ ਅਸੀਂ ਵੀ ਕੋਈ ਪਰਸੁਆਰਥ ਦਾ ਨੇਕ ਕੰਮ ਕਰਕੇ ਆਪਣੇ-ਆਪ ਨੂੰ ਗੁਰੂ ਦੀ ਖ਼ਿਮਾ ਦੇ ਕਾਬਿਲ ਬਣਾਇਆ ਹੈ ਜਾਂ ਨਹੀਂ?

ਇਸ ਪ੍ਰਥਾਇ ਆਖ਼ਿਰ ਨੂੰ ਅਸੀਂ ਆਪਣੇ-ਆਪ ਤੋਂ ਪੁਛੀਏ ਕਿ ਆਪਣੀਆਂ ਮਨਮਤੀਆਂ ਮੁਤਾਬਿਕ ਮਨਮੁਖਤਾ ਦੇ ਕਾਰੇ-ਵਰਤਾਰਿਆਂ ਦੀਆਂ ਖੇਡਾਂ ਇਉਂ ਹੀ ਖੇਡ ਕੇ ਅਸੀਂ ਕਦੋਂ ਤਕ 'ਗੁਰੂ ਦੇ ਨਾਲ' ਰਹਿ ਸਕਾਂਗੇ। ਫਿਰ ਇਸ ਤਰ੍ਹਾਂ ਹੀ ਕੀ ਆਪਾਂ ਕਦੇ ਧੁਰ-ਆਤਮਾ ਤੋਂ ਆਪਣੇ ਮਨ-ਚਿਤ ਵਿਚ ਇਹ ਚਿਤਵਿਆ ਵੀ ਹੈ ਕਿ ਗੁਰੂ ਦੇ ਸਨਮੁਖ ਹੋਣ ਦੀ ਥਾਂ ਗੁਰੂ ਤੋਂ ਮਨਮੁਖ ਹੋ ਕੇ ਅਸੀਂ ਕੀ ਕਦੇ ਵਾਕਿਆ ਹੀ 'ਗੁਰੂ ਵਾਲੇ' ਬਣ ਵੀ ਸਕਾਂਗੇ ਕਿ ਨਹੀ।



*Original with;*
Kulbir Singh Sidhu(I.A.S)
*Digitized by;*
Panjab Digital Library

# ਸ਼ਹੀਦੀ ਜੋੜ ਮੇਲੇ ਤੇ ਸਾਡਾ ਕਿਰਦਾਰ

ਪੰਜਾਬ ਦੇ ਇਤਿਹਾਸ ਵਿਚ ਅਨੇਕਾਂ ਹੀ ਰੂਹ ਨੂੰ ਵਲੂੰਧਰਣ ਵਾਲੇ ਸਾਕੇ ਹੋਏ ਹਨ। ਕਦੇ ਵੱਡੇ ਘੱਲੂਘਾਰੇ ਹੋਏ ਤੇ ਕਦੇ ਛੋਟੇ ਘੱਲੂਘਾਰੇ ਹੋਏ, ਜਿਨ੍ਹਾਂ ਵਿਚ ਮਾਸੂਮ ਬੱਚਿਆਂ, ਬੁੱਢਿਆਂ ਤੇ ਨਿਰਦੋਸ਼ ਔਰਤਾਂ ਤੱਕ ਦਾ ਘਾਣ ਹੋਇਆ। ਇਹ ਉਹ ਸਮਾਂ ਸੀ ਕਿ ਜਦੋਂ ਜ਼ੁਲਮੀ ਜਾਬਰਾਂ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਆਨਿਆਂ-ਟਕਿਆਂ ਵਿਚ ਪਾਇਆ। ਇਸ ਤਰ੍ਹਾਂ ਜਦੋਂ ਅਸੀਂ ਦਿਲ ਕੰਬਾਊ ਸਾਕਿਆਂ ਦੇ ਸੰਦਰਭ ਵਿਚ ਗੱਲ ਕਰਦੇ ਹਾਂ ਤਾਂ ਸਾਨੂੰ ਦਸੰਬਰ ਦੇ ਬਰਫ਼ੀਲੇ ਮਹੀਨੇ ਵਿਚ ਵਾਪਰੇ ਦਿਲ ਦਹਿਲਾਉਣ ਵਾਲੇ ਦੋ ਇਤਿਹਾਸਿਕ ਸਾਕੇ ਯਾਦ ਆਉਂਦੇ ਹਨ।

ਪਹਿਲਾ ਲਾਸਾਨੀ ਸ਼ਹੀਦੀ ਸਾਕਾ ਚਮਕੌਰ ਦੀ ਗੜ੍ਹੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਫਿਰ ਸਰਹਿੰਦ ਦੀ ਧਰਤੀ 'ਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਸ਼ਹੀਦੀਆਂ ਦੇ ਰੂਪ ਵਿਚ 18 ਦਸੰਬਰ ਤੋਂ 26 ਦਸੰਬਰ 1705 ਤਕ ਵਾਪਰਿਆ ਸੀ। ਉਦੋਂ ਫਿਰ 'ਛੋਟੀਆਂ ਜਿੰਦਾਂ ਤੇ ਵੱਡੇ ਸਾਕੇ' ਉਪਰੰਤ ਦਸਮੇਸ਼ ਪਿਤਾ ਵਲੋਂ ਧਰਮ ਤੇ ਕੌਮ ਦੀ ਰੱਖਿਆ ਖਾਤਿਰ ਵਿੱਢੇ ਅਲੌਕਿਕ ਸੰਗਰਾਮ ਵਿਚ ਇਉਂ ਲਾਸਾਨੀ ਤੇ ਲਾਫ਼ਾਨੀ ਸਰਬੰਸਦਾਨ ਨਾਲ ਇਹ ਬ੍ਰਹਿਮੰਡੀ ਹੋਮ-ਯੱਗ ਸੰਪੂਰਨ ਹੋਇਆ ਸੀ।

ਦੂਜਾ ਇਤਿਹਾਸਿਕ ਸਾਕਾ ਇਸ ਤੋਂ ਠੀਕ 140 ਸਾਲ ਬਾਅਦ 18 ਦਸੰਬਰ ਤੋਂ 25 ਦਸੰਬਰ 1845 ਤੱਕ ਐਂਗਲੋ-ਸਿੱਖ ਜੰਗ ਦੀਆਂ ਦੋ ਪਹਿਲੀਆਂ ਲੜਾਈਆਂ ਦੇ ਰੂਪ ਵਿਚ ਹਸਦੇ-ਵਸਦੇ ਪੰਜਾਬ ਦੇ ਸਿੱਖ ਰਾਜ ਨੂੰ ਤਹਿਸ-ਨਹਿਸ ਕਰ ਗਿਆ। ਇਹ ਸਾਰਾ ਕੋਝਾ ਕਾਰਾ-ਵਰਤਾਰਾ ਸਿੱਖ ਰਾਜ ਦੇ ਗੱਦਾਰਾਂ ਦੀ ਆਪਸੀ ਫੁੱਟ, ਕਲਾਹ-ਕਲੇਸ਼ ਤੇ ਆਪੋ-ਧਾਪੀ ਦੇ ਕਾਰਨ ਹੋਇਆ, ਜਿਸ ਵਿਚ ਕਿ ਸ਼ਹੀਦ ਸ੍ਰ: ਸ਼ਾਮ ਸਿੰਘ ਅਟਾਰੀ ਵਾਲਾ ਵਰਗੇ ਕੌਮ ਦੇ ਅਨੇਕਾਂ ਮਰਜੀਵੜੇ ਤੇ ਵਫ਼ਾਦਾਰ ਦੇਸ਼ ਭਗਤ ਸਾਥੋਂ ਸਦਾ ਲਈ ਵਿਛੜ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਸਾਡਾ ਪਹਿਲਾ ਤੇ ਆਖਰੀ ਸਿੱਖ ਰਾਜ ਖਤਮ ਹੋ ਗਿਆ ਅਤੇ ਆਖਿਰ ਨੂੰ ਪੰਜਾਬ ਵੀ ਹਿੰਦੋਸਤਾਨ ਦੇ ਬਾਕੀ ਸੂਬਿਆਂ ਵਾਂਗ ਗੁਲਾਮੀ ਦੀ ਪਕੜ-ਜਕੜ ਵਿਚ ਆ ਗਿਆ।

ਪਹਿਲੇ ਮਹਾਨ ਸ਼ਹੀਦੀ ਸਾਕੇ ਨੂੰ ਇਤਿਹਾਸ ਨੇ 'ਚਮਕੌਰ ਦੀ ਜੰਗ' ਤੇ 'ਸਰਹਿੰਦ ਦੀ ਕੰਧ' ਦੇ ਰੂਪ ਵਿਚ ਆਪਣੇ ਪੰਨਿਆਂ 'ਤੇ ਅੰਕਿਤ ਕੀਤਾ ਹੈ। ਜ਼ਿਕਰਯੋਗ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ 22



*Original with;*
Kulbir Singh Sidhu(I.A.S)
*Digitized by;*
Panjab Digital Library

ਦਸੰਬਰ 1705 ਨੂੰ ਚਮਕੌਰ ਦੀ ਗੜ੍ਹੀ ਵਿਚ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਅਤੇ ਸਾਹਿਬ ਜੁਝਾਰ ਸਿੰਘ, ਤਿੰਨ ਪਿਆਰੇ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਅਤੇ 37 ਕੁ ਹੋਰ ਸਿੰਘਾਂ ਦੀ ਸ਼ਹੀਦੀ ਹੋਈ। ਕੁਦਰਤ ਦੀ ਵਿਡੰਬਣਾ ਦੇਖੋ ਕਿ ਉਸ ਦਿਨ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 39ਵਾਂ ਜਨਮ ਦਿਹਾੜਾ ਵੀ ਸੀ। ਫਿਰ ਉਧਰ ਸਿਰਫ਼ ਚਾਰ ਦਿਨ ਬਾਅਦ ਸਰਹਿੰਦ ਵਿਚ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ, ਫਤਹਿ ਸਿੰਘ ਤੇ ਦਾਦੀ ਮਾਂ ਗੁਜਰ ਕੌਰ ਜੀ ਦੀਆਂ ਲਾਸਾਨੀ ਕੁਰਬਾਨੀਆਂ ਹੋਈਆਂ, ਜਿਨ੍ਹਾਂ ਨੂੰ ਕਿ ਲੋਕਾਈ ਨੇ 'ਛੋਟੀਆਂ ਜਿੰਦਾਂ ਤੇ ਵੱਡੇ ਸਾਕੇ' ਦਾ ਨਾਮ ਦਿੱਤਾ ਹੈ।

ਇਸ ਤਰ੍ਹਾਂ ਮਨੁੱਖਤਾ ਦੇ ਇਤਿਹਾਸ ਵਿਚ ਦਸਵੇਂ ਪਾਤਿਸ਼ਾਹ ਵਲੋਂ ਸਰਬੰਸਦਾਨ ਜਿਹਾ ਅਣਸੁਣਿਆ ਅਲੌਕਿਕ ਹੋਮ ਯੱਗ ਸੰਪੰਨ ਹੋਇਆ। ਇਹ ਸਰਬੰਸਦਾਨ ਦੁਨੀਆਂ ਦੇ ਇਤਿਹਾਸ ਵਿਚ ਇਕੋ-ਇਕ ਵਿਲੱਖਣ ਵਰਤਾਰਾ ਹੈ ਕਿ ਜਦੋਂ ਦਸਮੇਸ਼ ਪਿਤਾ ਦੇ ਲਖ਼ਤੇ-ਜਿਗਰ ਸਾਹਿਬਜ਼ਾਦਿਆਂ ਤੇ ਪੁੱਤਰਾਂ ਵਰਗੇ ਹੀ ਪਿਆਰੇ ਸਿੰਘਾਂ ਨੇ ਉਨ੍ਹਾਂ ਵਲੋਂ ਧਰਮ ਤੇ ਕੌਮ ਦੀ ਰੱਖਿਆ ਵਾਸਤੇ ਅਰੰਭੇ ਹੋਮ-ਯੱਗ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਪਾ ਕੇ ਆਪਣੇ ਗੁਰੂ-ਪਿਤਾ ਦੇ ਜਨਮ ਦਿਨ 'ਤੇ ਬੇਮਿਸਾਲ ਨਜ਼ਰਾਨਾ ਪੇਸ਼ ਕੀਤਾ। ਫਿਰ ਇਸ ਤੋਂ ਅੱਗੇ ਬ੍ਰਹਿਮੰਡੀ ਨਜ਼ਾਰਾ ਵੇਖੋ ਕਿ ਦਸ਼ਮੇਸ਼ ਪਿਤਾ ਨੇ ਆਪਣੇ ਸਾਹਿਬਜ਼ਾਦਿਆਂ ਤੇ ਖਾਲਸਾ ਰੂਪੀ ਪੁੱਤਰਾਂ ਦੀ ਜੀਵਨ ਰੂਪੀ ਅਮਾਨਤ ਨੂੰ ਮੋੜਦੇ ਹੋਏ ਅਕਾਲ ਪੁਰਖਿ ਦਾ ਸ਼ੁਕਰਾਨਾ ਕੀਤਾ। ਇਉਂ ਜੱਗ ਜ਼ਾਹਿਰ ਹੈ ਕਿ ਗੁਰੂ ਸਾਹਿਬ ਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਨੇ 'ਛੋਟੀਆਂ ਜਿੰਦਾਂ ਤੇ ਵੱਡੇ ਸਾਕੇ' ਕਰਕੇ ਦੁਨੀਆਂ ਨੂੰ ਪ੍ਰਤੱਖ ਦਿਖਾ ਦਿੱਤਾ ਕਿ ਜ਼ੁਲਮ ਤੇ ਜਬਰ ਦੀ ਲੜਾਈ ਵਿਚ ਜਿੱਤ ਸਦੈਵ ਹੀ ਸਿੱਦਕ-ਸਬਰ ਦੀ ਹੁੰਦੀ ਹੈ।

ਮਾਨਵਤਾ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਦਿੱਤੇ ਇਸ ਲਾਸਾਨੀ ਤੇ ਲਾਫ਼ਾਨੀ ਸਰਬੰਸਦਾਨ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਲੱਭਿਆਂ ਵੀ ਨਹੀਂ ਮਿਲਦੀ। ਇਸ ਸੰਦਰਭ ਵਿਚ ਹੀ ਗੌਰਤਲਬ ਹੈ ਕਿ ਜਦੋਂ ਸੰਨ 1705 ਵਿਚ ਇਕ ਪਾਸੇ ਦੁਨੀਆਂ ਰੱਬ ਦੇ ਇਕ ਪੈਗੰਬਰ ਈਸਾ ਮਸੀਹ ਦਾ ਜਨਮ ਦਿਹਾੜਾ ਕ੍ਰਿਸਮਿਸ ਦੇ ਰੂਪ ਵਿਚ ਮਨਾ ਰਹੀ ਸੀ ਤਾਂ ਉਦੋਂ ਰੱਬ ਦੇ ਹੀ ਇਕ ਪੁੱਤਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਉਸ ਸਾਲ ਪੰਜਾਬ ਦੀ ਧਰਤੀ 'ਤੇ ਆਪਣਾ ਇਕ ਜਨਮ ਦਿਹਾੜਾ ਧਰਮ ਤੇ ਕੌਮ ਦੀ ਰੱਖਿਆ ਖਾਤਿਰ ਆਪਣਾ ਸਰਬੰਸਦਾਨ ਕਰਕੇ ਮਨਾਇਆ ਸੀ। ਜੱਗ ਜ਼ਾਹਿਰ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਅੱਜ ਤਕ ਇਉਂ ਨਾ ਤਾਂ ਕਿਸੇ ਨੇ ਆਪਣਾ ਜਨਮ ਦਿਨ ਕਦੇ ਮਨਾਇਆ ਹੈ ਅਤੇ ਨਾ ਹੀ ਕਿਸੇ ਨੇ ਅੱਗੇ ਜਨਮ ਦਿਹਾੜਾ ਇੰਝ ਮਨਾਉਣਾ ਹੈ।

ਖੈਰ! ਸਮੁੱਚੇ ਪੰਜਾਬੀ ਸਮਾਜ ਨੇ ਚਿਰ-ਦੇਰ ਤੋਂ ਇਸ ਬ੍ਰਹਿਮੰਡੀ ਵਰਤਾਰੇ ਵਿਚ ਇਨ੍ਹਾਂ ਸ਼ਹੀਦੀਆਂ ਦੀ ਦਾਸਤਾਨ ਦੀ ਪਾਵਨ ਯਾਦ ਚਮਕੌਰ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਦੀਆਂ ਸਭਾਵਾਂ ਦੇ ਤੌਰ 'ਤੇ ਸਾਂਭੀ ਹੋਈ ਹੈ। ਸਗੋਂ ਜੇ ਦੇਖਿਆ



*Original with;*
Kulbir Singh Sidhu(I.A.S)
*Digitized by;*
Panjab Digital Library

ਜਾਏ ਤਾਂ ਚਮਕੌਰ ਦੀ ਸਭਾ ਤੋਂ ਪਹਿਲਾਂ ਗੁਰੂ ਸਾਹਿਬ ਵੱਲੋਂ ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਸਿਰਸਾ ਨਦੀ 'ਤੇ ਹੋਏ 'ਪਰਿਵਾਰ ਵਿਛੋੜੇ' ਦੀ ਮਨਾਂ ਨੂੰ ਵਲੂੰਧਰਦੀ ਯਾਦ ਵਿਚ ਇਨ੍ਹਾਂ ਸ਼ੋਕ ਸਭਾਵਾਂ ਦਾ ਸਿਲਸਿਲਾ ਰੋਪੜ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਫਿਰ ਚਮਕੌਰ ਸਾਹਿਬ ਦੀ ਸਭਾ ਤੋਂ ਬਾਅਦ ਮੋਰਿੰਡੇ ਦੀ ਸਭਾ ਭਰਦੀ ਹੈ ਜਿੱਥੇ ਕਿ ਛੋਟੇ ਸਾਹਿਬਜ਼ਾਦਿਆਂ ਸਾਹਿਬ ਜ਼ੋਰਾਵਰ ਸਿੰਘ, ਸਾਹਿਬ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਦੇ ਮੁਗ਼ਲ ਕੋਤਵਾਲਾਂ ਜਾਨੀ ਖਾਂ-ਮਾਨੀ ਖਾਂ ਨੇ ਗ੍ਰਿਫ਼ਤਾਰ ਕਰਕੇ ਸੂਬਾ ਸਰਹਿੰਦ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਸੀ।

ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਵਿਚ 18 ਦਸੰਬਰ ਤੋਂ 26 ਦਸੰਬਰ ਤੱਕ ਹੋ ਗੁਜ਼ਰਿਆ ਇਹ ਹਫਤਾ ਇਸਲਾਮੀ ਦੁਨੀਆਂ ਦੀ ਕਰਬਲਾ ਵਾਲੀ ਕੁਰਬਾਨੀ ਨੂੰ ਵੀ ਮਾਤ ਪਾਉਂਦਾ ਹੈ। ਪਰ ਅਫ਼ਸੋਸ ਹੈ ਕਿ ਅਸੀਂ ਹੁਣ ਤਕ ਇਹ ਹੀ ਭੁੱਲ ਗਏ ਹਾਂ ਕਿ ਜਿਸ ਦਿਨ ਦਸੰਬਰ ਦੇ ਮਹੀਨੇ ਵਿਚ ਰੱਬ ਦੇ ਇਕ ਮਸੀਹਾ ਦਾ ਜਨਮ ਹੋਇਆ ਸੀ, ਉਸ ਹਫਤੇ ਦੇ ਦੌਰਾਨ ਹੀ ਸਮਾਂ ਪੈ ਕੇ ਸਾਡੇ 'ਚਾਰ ਮਾਸੂਮ ਮਸੀਹਿਆਂ' ਤੇ ਸਾਡੀ 'ਜਗਤ ਮਾਤਾ' ਦੀ ਸ਼ਹੀਦੀ ਹੋਈ ਸੀ।

ਫਿਰ ਪੰਜਾਬ ਦੇ ਇਤਿਹਾਸ ਵਿਚ ਹੀ ਸੰਨ 1705 ਤੋਂ ਠੀਕ 140 ਸਾਲ ਦੇ ਵਕਫ਼ੇ ਬਾਅਦ ਅਜਿਹਾ ਦੂਜਾ ਹਫਤਾ ਸੰਨ 1845 ਵਿਚ 18 ਦਸੰਬਰ ਤੋਂ ਲੈ ਕੇ 25 ਦਸੰਬਰ ਤੱਕ ਪੰਜਾਬ ਦੀ ਧਰਤੀ 'ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਨਗਰਾਂ ਮੁਦਕੀ ਤੇ ਫੇਰੂ ਸ਼ਹਿਰ ਦੇ ਮੈਦਾਨਾਂ ਵਿਚ ਐਂਗਲੋ ਸਿੱਖ ਜੰਗ ਦੀਆਂ ਦੋ ਮੁੱਢਲੀਆਂ ਲੜਾਈਆਂ ਦੇ ਰੂਪ ਵਿਚ ਵਾਪਰਿਆ। ਗੌਰਤਲਬ ਹੈ ਕਿ ਮੁਦਕੀ ਦੀ ਲੜਾਈ ਤੋਂ ਬਾਅਦ 22 ਦਸੰਬਰ 1845 ਦੀ ਰਾਤ ਨੂੰ ਫੇਰੂ ਸ਼ਹਿਰ ਦੀ ਲੜਾਈ ਹੋਈ, ਜਿਸ ਵਿਚ ਅੰਗਰੇਜ਼ ਕਮਾਂਡਰਾਂ ਤੇ ਫੌਜ ਨੂੰ ਆਪਣੇ ਸਾਹਮਣੇ ਪ੍ਰਤੱਖ ਮੌਤ ਨਜ਼ਰ ਆ ਰਹੀ ਸੀ। ਬਿਲਕੁੱਲ ਉਦੋਂ ਹੀ ਸਿੱਖ ਫੌਜ ਦੇ ਗੱਦਾਰ ਵਜ਼ੀਰ ਲਾਲ ਸਿੰਘ ਤੇ ਸੈਨਾਪਤੀ ਤੇਜ ਸਿੰਘ ਜਿਹੇ ਡੋਗਰਿਆਂ ਨੇ ਸਿੱਖ ਰਾਜ ਅਤੇ ਪੰਜਾਬ ਦੀ ਕਿਸਮਤ ਨਾਲ ਅਣਹੋਣੀ ਚਾਲ ਖੇਡੀ ਅਤੇ ਸਿੱਖ ਫੌਜਾਂ ਨੂੰ ਜੰਗ ਦਾ ਮੈਦਾਨ ਛੱਡ ਕੇ ਵਾਪਸ ਸਤਲੁਜ ਦਰਿਆ ਪਾਰ ਕਰਨ ਦਾ ਹੁਕਮ ਦੇ ਦਿੱਤਾ। ਇਉਂ ਇਸ ਇਕ ਹਫਤੇ ਦੇ ਦੌਰਾਨ ਹੀ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਵਿਚ 30-40 ਹਜ਼ਾਰ ਤੋਂ ਵੱਧ ਬਹਾਦਰ ਸਿੱਖਾਂ ਤੇ ਪੰਜਾਬੀਆਂ ਦਾ ਘਾਣ ਹੋਇਆ।

ਇਸ ਉਪਰੰਤ 21 ਜਨਵਰੀ 1846 ਨੂੰ ਆਲੀਵਾਲ ਦੀ ਲੜਾਈ ਹੋਈ ਤੇ ਫਿਰ 10 ਫਰਵਰੀ 1846 ਨੂੰ ਸਭਰਾਓਂ ਦੀ ਫੈਸਲਾਕੁੰਨ ਲੜਾਈ ਹੋਈ। ਗੌਰਤਲਬ ਹੈ ਕਿ ਇਥੇ ਫਿਰ ਡੋਗਰੇ ਸਰਦਾਰਾਂ ਦੀ ਬਦਨੀਤੀ ਤੇ ਜਾਲਸਾਜ਼ੀ ਇਥੋਂ ਤੱਕ ਨਸ਼ਰ ਹੋਈ ਕਿ ਸਿੱਖ ਫੌਜ ਦੀ ਵਿਉਂਤਬੰਦੀ ਸਬੰਧੀ ਸਾਰੇ ਨਕਸ਼ੇ ਅੰਗਰੇਜ਼ ਜਰਨੈਲਾਂ ਨੂੰ ਪਹੁੰਚਾ ਦਿੱਤੇ ਗਏ। ਪਰ ਇਸ ਦੇ ਨਾਲ ਹੀ ਸਿੱਖ ਜਰਨੈਲਾਂ ਤੇ ਯੋਧਿਆਂ ਵੱਲੋਂ ਪੰਜਾਬ ਨਾਲ ਵਫ਼ਾਦਾਰੀ ਨਿਭਾਉਣ ਦੀ ਰਵਾਇਤ ਦਾ ਜ਼ਿਕਰ ਕਰਨਾ ਵੀ ਬੇਹੱਦ ਜ਼ਰੂਰੀ ਹੈ ਕਿ ਸਾਡੇ ਦੇਸ਼ ਭਗਤ ਸੂਰਬੀਰ ਜਰਨੈਲ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਨੇ ਇਸ ਲੜਾਈ ਵਿਚ ਜਾਣ ਤੋਂ ਪਹਿਲਾਂ ਸਹੁੰ ਖਾਧੀ ਸੀ ਕਿ ਜਾਂ ਤਾਂ ਉਹ ਇਹ ਜੰਗ ਜਿੱਤ ਕੇ



*Original with;*
Kulbir Singh Sidhu(I.A.S)
*Digitized by;*
Panjab Digital Library

ਆਉਣਗੇ ਨਹੀਂ ਤਾਂ ਜੰਗ ਦੇ ਮੈਦਾਨ ਵਿਚ ਲੜਦੇ ਹੋਏ ਸ਼ਹੀਦੀ ਪਾ ਜਾਣਗੇ। ਇਸ ਤਰ੍ਹਾਂ ਅਖੀਰ ਵਿਚ ਸ਼ਹੀਦ ਸ੍. ਸ਼ਾਮ ਸਿੰਘ ਅਟਾਰੀਵਾਲਾ ਨੇ ਆਪਣਾ ਇਹ ਪ੍ਰਣ ਆਪਣੇ 15-20 ਹਜ਼ਾਰ ਮਰਜੀਵੜੇ ਸਾਥੀਆਂ ਸਮੇਤ ਕੇਸੀਂ-ਸੁਆਸੀਂ ਨਿਭਾਇਆ ਅਤੇ ਸਭਰਾਓਂ ਦੇ ਰਣਤੱਤੇ ਵਿਚ ਸ਼ਹਾਦਤ ਪਾ ਗਏ।

ਪੰਜਾਬ ਦੇ ਮਹਾਨ ਕਿੱਸਾਕਾਰ ਸ਼ਾਹ ਮੁਹੰਮਦ ਨੇ ਸਭਰਾਉਂ ਦੀ ਲੜਾਈ ਵਿਚ ਸ੍: ਸ਼ਾਮ ਸਿੰਘ ਅਟਾਰੀਵਾਲਾ ਦੀ ਵਫ਼ਾਦਾਰੀ ਤੇ ਬਹਾਦਰੀ ਦਾ ਵਰਣਨ ਇਉਂ ਕੀਤਾ ਹੈ ਕਿ ਉਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ। ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ। ਸਣੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ। ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।।

ਨਿਰਸੰਦੇਹ ਇਤਿਹਾਸਕਾਰਾਂ, ਬ੍ਰਿਟਿਸ਼ ਸਰਕਾਰ ਦੇ ਉਚ ਅਧਿਕਾਰੀਆਂ ਤੇ ਖ਼ਾਸ ਕਰਕੇ ਅੰਗਰੇਜ਼ ਜਰਨੈਲਾਂ ਲਾਰਡ ਹਾਰਡਿੰਗ, ਹਿਯੂ ਗਫ਼, ਹੈਨਰੀ ਲਾਰੈਂਸ, ਕੈਪਟਨ ਜੇ.ਡੀ. ਕਨਿੰਘਮ ਅਤੇ ਇੰਗਲੈਂਡ ਦੇ ਪ੍ਰਾਈਮ ਮਨਿਸਟਰ ਸਰ ਰਾਬਰਟ ਪੀਲ ਵਰਗਿਆਂ ਨੇ ਵੀ ਸਿੱਖ ਫੌਜ ਦੀ ਬਹਾਦਰੀ ਤੇ ਕੁਰਬਾਨੀ ਨੂੰ ਸਵੀਕਾਰ ਕੀਤਾ। ਉਸ ਨੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਸਿੱਖਾਂ ਦੀ ਬਹਾਦਰੀ ਦਾ ਜ਼ਿਕਰ ਅੰਗਰੇਜ਼ ਕਮਾਂਡਰ ਹਿਊ ਗਫ ਦੇ ਹਵਾਲੇ ਨਾਲ ਇਸ ਤਰ੍ਹਾਂ ਕੀਤਾ ਕਿ "ਸਾਡੀ ਰਾਜਨੀਤੀ ਅਨੁਸਾਰ ਸਾਨੂੰ ਹੱਕ ਨਹੀਂ ਕਿ ਅਸੀਂ ਆਪਣੇ ਹਾਰੇ ਹੋਏ ਦੁਸ਼ਮਣ ਦੀ ਬਹਾਦਰੀ ਦੀ ਤਾਰੀਫ਼ ਕਰੀਏ। ਪਰ ਜੇ ਅਸੀਂ ਦੇਸ਼ ਭਗਤੀ ਦੇ ਜਜ਼ਬੇ ਦੇ ਪਾਬੰਦ ਨਾ ਹੁੰਦੇ ਤਾਂ ਅਸੀਂ ਜ਼ਰੂਰ ਹੀ ਸਿੱਖ ਸਰਦਾਰਾਂ ਅਤੇ ਸਿੱਖ ਫੌਜ ਦੀਆਂ ਕੁਰਬਾਨੀਆਂ ਨੂੰ ਵੇਖਦੇ ਹੋਏ, ਆਪਣੇ ਆਪ ਨੂੰ ਰੋਣ ਤੋਂ ਰੋਕ ਨਾ ਸਕਦੇ ਕਿ ਕਿਸ ਤਰ੍ਹਾਂ ਐਡੇ ਬਹਾਦਰ ਲੋਕਾਂ ਦਾ ਇੰਨ੍ਹਾਂ ਲੜਾਈਆਂ ਵਿਚ ਘਾਣ ਹੋਇਆ ਹੈ।"

ਇਸ ਸੰਦਰਭ ਵਿਚ ਸਪਸ਼ਟ ਹੈ ਕਿ ਇਹ ਇਸ ਲਈ ਹੋ ਰਿਹਾ ਹੈ ਕਿ ਸਾਡਾ ਰਾਹ ਹੁਣ ਆਪਣੇ ਸ਼ਹੀਦਾਂ-ਮੁਰੀਦਾਂ ਦੇ ਨਿਆਰੇ ਦੇਸ਼ ਭਗਤੀ ਦੇ ਰਸਤੇ ਨਾਲੋਂ ਬਿਲਕੁਲ ਅਲੱਗ ਹੋ ਗਿਆ ਹੈ। ਨਿਰਸੰਦੇਹ ਇਨ੍ਹਾਂ ਸਾਰੇ ਕੌਮੀ ਸਾਕਿਆਂ ਦਾ ਸਾਰ ਕੌਮ ਦੇ ਮੋਹਰੀਆਂ ਤੇ ਜੁਝਾਰੂਆਂ ਵੱਲੋਂ ਦੇਸ਼, ਧਰਮ ਤੇ ਕੌਮ ਦੇ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਵਜੋਂ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰ ਅਫ਼ਸੋਸ ਹੈ ਕਿ ਜਿਨ੍ਹਾਂ ਸੂਰਬੀਰਾਂ ਤੇ ਸੰਘਰਸ਼ੀ ਯੋਧਿਆਂ ਸਦਕਾ ਅੱਜ ਸਾਡੀ ਹੋਂਦ ਤੇ ਹਸਤੀ ਹੈ; ਅਸੀਂ ਉਨ੍ਹਾਂ ਉਪਕਾਰੀ ਕੌਮੀ ਸਪੂਤਾਂ ਨੂੰ ਵੀ ਭੁੱਲਦੇ ਜਾ ਰਹੇ ਹਾਂ।

ਇਥੋਂ ਤਕ ਕਿ ਇਨ੍ਹਾਂ ਦਿਨਾਂ ਵਿਚ ਜਦੋਂ ਅਸੀਂ ਆਪਣੇ ਇਤਿਹਾਸ ਦੇ ਉਨ੍ਹਾਂ ਰਚਣਹਾਰੇ ਕੁਰਬਾਨੀ ਦੇ ਪੁੰਜਾਂ ਦੇ ਕੌਮੀ ਸਾਕੇ ਮਨਾਉਂਦੇ ਹਾਂ ਤਾਂ ਕੋਈ ਦੁੱਖ ਜਾਂ ਗਮ ਮਹਿਸੂਸ ਕਰਨ ਦੀ ਥਾਂ ਅਸੀਂ ਕ੍ਰਿਸਮਿਸ ਦਿਹਾੜੇ ਦੀਆਂ ਖੁਸ਼ੀਆਂ ਮਨਾ ਰਹੇ ਹੁੰਦੇ ਹਾਂ। ਸਿਰਫ਼ ਕਿਤੇ-ਕਿਤੇ ਸਿਰਫ਼ ਗਿਣਤੀ-ਮਿਣਤੀ ਦੇ ਸੰਵੇਦਨਾਸ਼ੀਲ ਪੰਜਾਬੀ ਹੀ ਆਪਣੇ ਸ਼ਹੀਦਾਂ ਪ੍ਰਤੀ ਦਰਦ ਤੇ ਸੰਵੇਦਨਾ ਨਾਲ ਕੋਈ ਗੱਲ-ਕੱਥ ਰਹੇ ਹੁੰਦੇ ਹਨ। ਇਸ ਲਈ ਸਾਨੂੰ ਮੰਨਣਾ ਪਵੇਗਾ ਕਿ ਸਾਡੇ ਸ਼ਹੀਦ ਤੇ ਸੰਘਰਸ਼ੀ ਯੋਧੇ ਤਾਂ ਦੇਸ਼ ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਕੌਮ ਦੀ ਖਾਤਰ ਤਪ-ਤਿਆਗ ਤੇ ਕੁਰਬਾਨੀ ਦੇ ਮਾਰਗ 'ਤੇ ਚਲੇ ਸਨ, ਜਦੋਂ ਕਿ ਹੁਣ ਸਾਡਾ ਰਸਤਾ ਤਾਂ ਲਬ-ਲੋਭ ਤੇ ਨਿੱਜ-ਸਵਾਰਥ ਦੇ ਘਰ ਹੀ ਜਾਂਦਾ ਹੈ।

ਸਾਡੇ ਅਜਿਹੇ ਕਿਰਦਾਰ ਦੇ ਕਾਰਨ ਕੌਮੀ ਸਾਕਿਆਂ ਤੇ ਸ਼ਹੀਦੀ ਜੋੜ ਮੇਲਿਆਂ ਨੂੰ ਮੌਜ-ਮੇਲਿਆਂ ਵਜੋਂ ਮਨਾਉਣ ਦਾ ਪ੍ਰਚਲਣ ਹੋ ਰਿਹਾ ਹੈ। ਇਸ ਪ੍ਰਸੰਗ ਵਿਚ ਇਥੇ ਇਹ ਬੜੀ ਸੰਜੀਦਗੀ ਨਾਲ ਵਿਚਾਰ ਕਰਨ ਵਾਲੀ ਗੱਲ ਹੈ ਕਿ ਸਮੇਂ ਦੇ ਨਾਲ-ਨਾਲ ਵਧਦੀ ਹੋਈ ਅਬਾਦੀ ਤੇ ਸਾਡੀ ਤਿਜਾਰਤੀ ਸੋਚ ਦੇ ਕਾਰਨ ਇਨ੍ਹਾਂ ਰਿਵਾਇਤੀ ਸ਼ੋਕ ਸਭਾਵਾਂ ਦਾ ਰੂਪ ਸ਼ਹੀਦੀ ਜੋੜ ਮੇਲਿਆਂ ਦੇ ਸੰਜੀਦਾ ਮਾਹੌਲ ਤੋਂ ਕਿਤੇ ਨੀਵੀ ਪੱਧਰ ਤੇ ਆ ਕੇ ਖ਼ਰਮਸਤੀਆਂ ਤਕ ਪਹੁੰਚ ਗਿਆ ਹੈ।

ਇਹ ਕੋਈ ਬਹੁਤਾ ਸਮਾਂ ਪਹਿਲਾਂ ਦੀ ਗੱਲ ਨਹੀਂ ਹੈ ਕਿ ਸਾਡੇ ਧਾਰਮਿਕ ਮੇਲਿਆਂ ਤੇ ਸ਼ਹੀਦੀ ਜੋੜ ਮੇਲਿਆਂ ਵਿਚ ਧਾਰਮਿਕ ਜਜ਼ਬਾ ਪ੍ਰਧਾਨ ਹੁੰਦਾ ਸੀ। ਹੁਣ ਇਨ੍ਹਾਂ ਦੀ ਥਾਂ 'ਤੇ ਰਾਜਨੀਤੀ ਤੋਂ ਬਿਨਾਂ ਹੋਰ ਕੋਈ ਗੱਲ ਹੀ ਨਹੀਂ ਹੁੰਦੀ। ਇਸ ਪ੍ਰਸੰਗ ਵਿਚ ਕੁਝ ਸਮਾਂ ਪਹਿਲਾਂ ਤਕ ਆਮ ਲੋਕ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਨੂੰ ਸ਼ੋਕ ਸਭਾਵਾਂ ਵਜੋਂ ਮਨਾਉਂਦੇ ਹੁੰਦੇ ਸਨ। ਖਾਸ ਕਰਕੇ ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਤੇ ਇਨ੍ਹਾਂ ਨਗਰਾਂ ਦੇ ਆਲੇ-ਦੁਆਲੇ ਦੇ ਲੋਕ ਇਨ੍ਹਾਂ ਪੰਜ-ਸੱਤ ਦਿਨਾਂ ਦੇ ਦੌਰਾਨ ਲੋਕ ਮੰਜਿਆਂ 'ਤੇ ਨਹੀਂ ਸਨ ਸੌਂਦੇ ਅਤੇ ਕੁਝ ਕੁ ਸ਼ਰਧਾਲੂ ਤਾਂ ਚੁੱਲ੍ਹਿਆਂ ਵਿਚ ਅੱਗ ਵੀ ਨਹੀਂ ਪਾਉਂਦੇ ਸਨ। ਜਦੋਂ ਕਿ ਹੁਣ ਇਸ ਤੋਂ ਹੋਰ ਵੱਡੀ ਦੁਖਦਾਈ ਗੱਲ ਹੋ ਹੀ ਨਹੀਂ ਸਕਦੀ ਕਿ ਇਸ ਦੇ ਉਲਟ ਅਸੀਂ ਅਜ ਸੰਵੇਦਨਹੀਣ ਹੋ ਚੁੱਕੇ ਹਾਂ। ਹੁਣ ਆਮ ਲੋਕ ਦਾਰੂ ਪਿਆਲਿਆਂ ਦੀ ਮਦਹੋਸ਼ੀ ਤੇ ਮੇਲਿਆਂ ਵਾਲੀ ਮੌਜ-ਮਸਤੀਆਂ ਵਿਚ ਗਲਤਾਨ ਦਿਸਦੇ ਹਨ।

ਫਿਰ ਸਿਤਮ ਇਹ ਹੈ ਕਿ ਇਸ ਮਾੜੇ ਪ੍ਰਚੱਲਣ ਨੂੰ ਠੱਲਣ ਦੀ ਬਜਾਏ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਠੇਕੇਦਾਰਾਂ ਨੂੰ ਦਾਰੂ-ਸਿੱਕੇ ਦੇ ਠੇਕੇ ਹੁਣ ਠੰਢੇ ਜਲ ਦੀਆਂ ਛਬੀਲਾਂ ਵਾਂਗੂੰ ਲਾਉਣ ਦੀ ਖੁਲ੍ਹ ਦੇ ਰੱਖੀ ਹੈ। ਫਿਰ ਹੋਰ ਵੀ ਦੁਖਦਾਈ ਗੱਲ ਹੈ ਕਿ ਇਨ੍ਹਾਂ ਇਤਿਹਾਸਿਕ ਸ਼ਹੀਦੀ ਜੋੜ ਮੇਲਿਆਂ ਦੇ ਸਮੇਂ ਸਬੰਧਤ ਨਗਰਾਂ ਵਿਚ ਉਥੋਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਸ਼ਰਾਬ ਤੇ ਹੋਰ ਨਸ਼ੇ ਕਰਨ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹੁੰਦੇ ਹਨ, ਪਰ ਪੈਸੇ ਦੇ ਪੁੱਤ ਸੁਆਰਥੀ ਠੇਕੇਦਾਰ ਲੋਕ ਦੀਦਾ-ਦਨਿਸ਼ਤਾ ਇਨ੍ਹਾਂ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਹੁੰਦੇ ਹਨ ਅਤੇ ਪ੍ਰਸ਼ਾਸਨ ਹੱਥ 'ਤੇ ਹੱਥ ਧਰ ਕੇ ਇਸ ਤਸੱਲੀ ਵਿਚ ਇਸ ਮਾੜੇ ਵਰਤਾਰੇ ਦਾ ਮੂਕ ਦਰਸ਼ਕ ਬਣਿਆ ਬੈਠਾ ਹੁੰਦਾ ਕਿ ਉਨ੍ਹਾਂ ਨੇ ਤਾਂ ਲੋੜੀਂਦੇ ਕਾਗਜ਼ੀ ਹੁਕਮ ਜਾਰੀ ਕਰ ਦਿੱਤੇ ਹਨ। ਇਸ ਤਰ੍ਹਾਂ ਸਮੁੱਚਾ ਪ੍ਰਸ਼ਾਸਨ ਅੰਦਰੋਗਤੀ ਇਸ ਮਾੜੀ ਹਵਾ ਨੂੰ ਹਨ੍ਹੇਰੀ ਬਣਾਉਣ ਦੀਆਂ ਸਬੀਲਾਂ ਵਾਸਤੇ ਸਹਾਈ ਹੋ ਰਿਹਾ ਹੈ।

ਇਸ ਪ੍ਰਸੰਗ ਵਿਚ ਬੜੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਜਿਨ੍ਹਾਂ ਗੁਰੂਆਂ-ਪੀਰਾਂ, ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਅੱਜ ਸਾਡੀ ਕੌਮੀ ਹੋਂਦ ਤੇ ਹਸਤੀ ਬਰਕਰਾਰ ਹੈ ਅਸੀਂ ਉਨ੍ਹਾਂ ਨੂੰ ਹੀ ਭੁਲਾ-ਵਿਸਾਰ ਦਿੱਤਾ ਹੈ। ਅਫ਼ਸੋਸ ਹੈ ਕਿ ਸਾਡੀ ਅਜੋਕੀ ਵਪਾਰਕ ਸੋਚ ਤੇ ਕਿਰਦਾਰ ਦੇ ਕਾਰਨ



*Original with;*
Kulbir Singh Sidhu(I.A.S)
*Digitized by;*
Panjab Digital Library

ਆਪਣੇ ਗੁਰੂ ਸਾਹਿਬਾਨ ਤੇ ਕੁਰਬਾਨੀ ਦੇ ਪੁੰਜਾਂ ਪ੍ਰਤੀ ਕ੍ਰਿਤਗਤਾ ਦੀ ਬਜਾਏ ਹੁਣ ਕੌਮੀ ਪੱਧਰ 'ਤੇ ਅਕ੍ਰਿਤਘਣਤਾ ਦੇ ਕੁੱਝ ਹੋਰ ਹੀ ਮਾੜੇ ਜਲਵੇ ਉਜਾਗਰ ਹੋ ਰਹੇ ਹਨ। ਅੱਜ ਅਜ਼ਾਦੀ ਦੇ 65 ਸਾਲ ਬਾਅਦ ਵੀ ਸਾਡੀ ਗੁਲਾਮੀ ਦੀ ਕੋਝੀ ਵਿਰਾਸਤ ਵਜੋਂ ਸਾਡੀ ਗੁਲਾਮ ਜ਼ਹਿਨੀਅਤ ਕਾਇਮ ਮੁਕਾਮ ਹੈ ਅਤੇ ਸਾਡੀ ਇਹ ਬੇਗੈਰਤ ਤੇ ਘਟੀਆ ਸੋਚ ਸਾਡੀ ਕਹਿਣੀ ਤੇ ਕਰਨੀ ਉਪਰ ਬੁਰੀ ਤਰ੍ਹਾਂ ਭਾਰੂ ਹੋ ਰਹੀ ਹੈ, ਜਿਸ ਦੇ ਕਾਰਨ ਅਸੀਂ ਆਪਣੇ ਸ਼ਹੀਦਾਂ, ਸੰਘਰਸ਼ੀ ਯੋਧਿਆਂ ਤੇ ਕੌਮੀ ਸਪੂਤਾਂ ਤੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਤਕਰੀਬਨ ਭੁੱਲ ਹੀ ਚੁਕੇ ਹਾਂ।

ਸਾਡੇ ਮਾੜੇ ਕਿਰਦਾਰ ਦੀ ਅਜਿਹੀ ਭੱਦਰਕਾਰੀ ਦੀ ਖਾਸ ਕਰਕੇ ਬੈਂਗਣੀ ਉਦੋਂ ਉਘੜਦੀ ਹੈ ਕਿ ਜਦੋਂ ਦੇਖੋ-ਦੇਖੀ ਅਸੀਂ ਸਾਰੇ ਪੰਜਾਬੀ ਇਥੇ ਪੰਜਾਬ ਵਿਚ ਅਤੇ ਬਾਹਰ ਵਿਦੇਸ਼ਾਂ ਵਿਚ 'ਬੇਗਾਨੀ ਸ਼ਾਦੀ ਮੇਂ ਅਬਦੁੱਲਾ ਦੀਵਾਨਾ' ਦੇ ਵਿਅੰਗਮਈ ਟੋਟਕੇ ਦੇ ਮੁਤਾਬਿਕ ਸਰਬੰਸਦਾਨ ਦੀ ਦਿਲ ਦਹਿਲਾਊ ਦਾਸਤਾਨ ਨੂੰ ਭੁਲ-ਭੁਲਾ ਕੇ ਬਸ ਕ੍ਰਿਸਮਿਸ ਮਨਾ ਰਹੇ ਹੁੰਦੇ ਹਾਂ। ਇਥੋਂ ਤੱਕ ਕਿ ਮਾੜੇ-ਧੀੜੇ ਚੀਂਗੜ-ਬੋਟ ਨੂੰ ਤਾਂ ਛੱਡੋ, ਸਗੋਂ ਸਾਬਤ ਸੂਰਤ ਸਿੱਖ ਵੀ ਘਰਾਂ ਤੋਂ ਲੈ ਕੇ ਠੇਕਿਆਂ ਤੱਕ ਗਲਾਸੀਆਂ ਖੜਕਾਉਂਦੇ ਦੇਖੇ ਜਾ ਸਕਦੇ ਹਨ। ਬੇਸ਼ੱਕ ਮਾਨਵਤਾ ਦੇ ਪੈਗੰਬਰ ਈਸਾ ਮਸੀਹ ਦਾ ਵੀ ਜਨਮ ਦਿਹਾੜਾ ਮਨਾਉਣ ਦੀ ਲੋੜ ਹੈ, ਪਰ ਜ਼ਾਹਿਰ ਹੈ ਕਿ ਅਸੀਂ ਆਪਣੇ ਪੁਰਖਿਆਂ, ਕੌਮੀ ਸ਼ਹੀਦਾਂ ਤੇ ਸੰਘਰਸ਼ੀ ਯੋਧਿਆਂ ਦੀਆਂ ਕੁਰਬਾਨੀਆਂ ਦੇ ਸੰਜੀਦਾ ਮਾਹੌਲ ਉਪਰ ਕ੍ਰਿਸਮਿਸ ਦੇ ਮੌਜ-ਮੇਲੇ ਦੀ ਮਾਨਸਿਕਤਾ ਨੂੰ ਆਪਣੇ 'ਤੇ ਹਾਵੀ ਨਾ ਹੋਣ ਦੇਈਏ।

ਇਉਂ ਹੀ ਸਾਨੂੰ ਐਂਗਲੋ-ਸਿੱਖ ਜੰਗ ਦੇ ਜਰਨੈਲ ਸ਼੍ਰੋਮਣੀ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਉਨ੍ਹਾਂ ਦੇ ਮਰਜੀਵੜੇ ਸ਼ਹੀਦ ਸਾਥੀਆਂ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਨੂੰ ਨਹੀਂ ਭੁੱਲਣਾ ਚਾਹੀਦਾ। ਪਰ ਅਫ਼ਸੋਸ ਦੀ ਗੱਲ ਹੈ ਕਿ ਸਾਨੂੰ 10 ਫਰਵਰੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਨ ਦਾ ਤਾਂ ਚਿਤ-ਚੇਤਾ ਵੀ ਨਹੀਂ ਹੁੰਦਾ ਅਤੇ ਅਸੀਂ 14 ਫਰਵਰੀ ਨੂੰ 'ਵੈਲਨਟਾਈਨ ਡੇਅ' ਦੀਆਂ ਖ਼ਰਮਸਤੀਆਂ ਤੇ ਖਰੂਦ ਵਿਚ ਮਸਰੂਫ਼ ਹੁੰਦੇ ਹਾਂ। ਸਾਡੇ ਲਈ ਕੌਮੀ ਤੌਰ 'ਤੇ ਡੁੱਬ ਮਰਨ ਦੀ ਗੱਲ ਹੈ ਕਿ ਹਰ ਵੱਡਾ-ਛੋਟਾ ਬਸ ਅਸੀਂ ਸਾਰੇ ਹੀ ਪੰਜਾਬ ਦੇ ਇਤਿਹਾਸ ਦੀਆਂ ਸੰਜੀਦਾ ਘਟਨਾਵਾਂ ਵਾਲੇ ਦਿਨਾਂ ਦੇ ਦੌਰਾਨ ਵੀ ਬਿਨਾਂ ਵਜ੍ਹਾ ਭੰਗੜੇ ਪਾਉਂਦੇ ਫਿਰਦੇ ਹਾਂ।

ਬਹਿਰਹਾਲ! ਹੁਣ ਸਾਡਾ ਕਿਰਦਾਰ ਸਮਾਜ ਦੇ ਅਵੈੜੇ ਛੜਿਆਂ ਵਰਗਾ ਬਣਿਆ ਹੋਇਆ ਹੈ ਕਿ ਜਿਹੜੇ ਖ਼ੁਦ ਵਿਆਹ-ਖੁਣੋਂ ਪ੍ਰੇਸ਼ਾਨ ਹੋਣ ਕਰਕੇ 'ਮੇਲਾ ਮੁਕਤਸਰ ਦਾ, ਪਰ ਛੜਿਆਂ ਡਰੋਲੀ ਜਾਣਾ' ਜਿਹੀ ਸਮਾਜ ਤੋਂ ਵਖਰੀ ਹੀ ਧਾਰਨਾ ਰੱਖਦੇ ਹਨ। ਖੈਰ! ਛੜੇ ਲੋਕ ਸਮਾਜ ਵਿਚ ਕਦਰਾਂ-ਕੀਮਤਾਂ ਦੇ ਪੱਖੋਂ ਕੋਈ ਅਵੱਲੀ ਹੀ ਗੱਲ ਕੱਢ ਮਾਰਦੇ ਹਨ ਅਤੇ ਉਹ ਸਭ ਕੁੱਝ ਜਾਣਦੇ ਬੁਝਦੇ ਹੋਏ ਵੀ ਪੁੱਠੇ ਰਾਹ ਤੁਰਨ ਵਿਚ ਆਪਣੀ ਵਡਿਆਈ ਸਮਝਦੇ ਹਨ। ਬੱਸ ਇਉਂ ਹੀ ਹੁਣ ਅਸੀਂ ਵੀ ਆਪਣੇ ਸਾਰੇ ਇਤਿਹਾਸਿਕ ਤੇ ਸਭਿਆਚਾਰਕ ਪ੍ਰਸੰਗਾਂ ਤੇ ਵਧੀਆ ਰਵਾਇਤਾਂ ਨੂੰ ਸਮਝਣ ਦੇ ਬਾਵਜੂਦ ਵੀ ਨਵੇਂ ਜ਼ਮਾਨੇ ਦੀਆਂ ਨਵੀਆਂ ਫੈਲਸੂਫ਼ੀਆਂ ਦੇ ਤਹਿਤ ਰਲ-ਮਿਲ ਕੇ



*Original with;*
Kulbir Singh Sidhu(I.A.S)
*Digitized by;*
Panjab Digital Library

ਬੇਮਤਲਬ ਦੀਆਂ ਬਾਘੀਆਂ ਪਾ ਰਹੇ ਹਾਂ ਅਤੇ ਇਉਂ ਆਪਣੇ ਆਪ ਨੂੰ ਸਾਰੀਆਂ ਦੁਨੀਆਂ ਦੇ ਸਾਹਮਣੇ ਹਾਸੇ ਦਾ ਮੌਜੂ ਬਣਾ ਰਹੇ ਹਾਂ।

ਜ਼ਿਕਰਯੋਗ ਹੈ ਕਿ ਕਦੇ ਪੰਜਾਬ ਦੇ ਇਤਿਹਾਸਿਕ ਸਾਕੇ, ਸ਼ਹੀਦੀ ਜੋੜ ਮੇਲੇ, ਹੋਲੇ ਮਹੱਲੇ ਤੇ ਹੋਰ ਬਹੁਤ ਸਾਰੇ ਮੇਲੇ-ਮੁਸਾਹਬੇ ਨਿਰੋਲ ਇਤਿਹਾਸਿਕ ਤੇ ਸਭਿਆਚਾਰਕ ਮੇਲਿਆਂ ਦੇ ਰੂਪ ਵਿਚ ਮਨਾਏ ਜਾਂਦੇ ਸਨ। ਜਿੱਥੇ ਢਾਡੀ, ਕਵੀਸ਼ਰ ਤੇ ਗਵੰਤਰੀ ਧਾਰਮਿਕ ਤੇ ਸਭਿਆਚਾਰਕ ਅਖਾੜੇ ਲਗਾਉਂਦੇ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਧਾਰਮਿਕ ਰੰਗਣਾ ਤਹਿਤ ਸ਼ਹੀਦਾਂ, ਸੂਰਮਿਆਂ ਤੇ ਲੋਕ ਨਾਇਕਾਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ। ਅਫ਼ਸੋਸ ਦੀ ਗੱਲ ਹੈ ਕਿ ਹੁਣ ਤਾਂ ਸਾਡੇ ਤਕਰੀਬਨ ਸਾਰੇ ਧਾਰਮਿਕ, ਸਭਿਆਚਾਰਕ ਤੇ ਖਾਸ ਕਰਕੇ ਸ਼ਹੀਦੀ ਜੋੜ-ਮੇਲਿਆਂ ਦਾ ਸਰੂਪ ਵੀ ਮੁੱਖ ਤੌਰ 'ਤੇ ਮੌਜ-ਮੇਲੇ ਤੇ ਰਾਜਨੀਤਿਕ ਰੈਲੀਆਂ ਵਿਚ ਹੀ ਤਬਦੀਲ ਹੋ ਚੁੱਕਾ ਹੈ। ਸਮੇਂ ਦੀ ਨਵੀਂ ਰਫ਼ਤਾਰ ਤਹਿਤ ਅਸੀਂ ਆਪਣੀ ਸੁਆਰਥੀ ਤੇ ਤਿਜਾਰਤੀ ਸੋਚ ਦੇ ਕਾਰਨ ਸਾਡੇ ਸਮਿਆਂ ਪੁਰਾਣੇ ਭਾਈਚਾਰੇ ਤੇ ਮੇਲ-ਮਿਲਾਪ ਦੇ ਪ੍ਰਤੀਕ ਇਨ੍ਹਾਂ ਮੇਲਿਆਂ ਨੂੰ ਹੁਣ ਰੰਗ ਤਮਾਸ਼ੇ ਤੇ ਮਨਪ੍ਰਚਾਵੇ ਦੇ ਸਾਧਨ ਬਣਾਕੇ ਅਸੀਂ ਇਨ੍ਹਾਂ ਦੀ ਸ਼ਕਲ ਹੀ ਵਿਗਾੜ ਦਿੱਤੀ ਹੈ।

ਗੌਰਤਲਬ ਹੈ ਕਿ ਕਿਸੇ ਵੇਲੇ ਪੰਜਾਬ ਦੇ ਇਨ੍ਹਾਂ ਪ੍ਰਸਿੱਧ ਮੇਲਿਆਂ ਵਿਚ ਸਾਡੀ ਇਤਿਹਾਸਿਕ ਤੇ ਸਭਿਆਚਾਰਕ ਵਿਰਾਸਤ ਵਜੋਂ ਪੰਜਾਬੀ ਲੋਕਾਂ ਦੀ ਚੜ੍ਹਦੀ ਕਲਾ, ਸਰੀਰਿਕ ਹੁੰਦੜਹੇਲਤਾ ਤੇ ਕੌਮੀ ਚੜ੍ਹਤਲ ਦਾ ਪ੍ਰਗਟਾਵਾ ਪ੍ਰਤੱਖ ਹੁੰਦਾ ਸੀ। ਉਦੋਂ ਸਾਡੇ ਸਭਿਆਚਾਰ ਦੇ ਕੇਂਦਰ ਇਨ੍ਹਾਂ ਮੇਲਿਆਂ ਵਿਚ ਜਰਵਾਣਿਆਂ ਤੇ ਪਹਿਲਵਾਨਾਂ ਦੇ ਘੋਲ-ਅਖਾੜਿਆਂ ਤੋਂ ਇਲਾਵਾ ਢਾਡੀਆਂ, ਕਵੀਸ਼ਰਾਂ ਤੇ ਗਵੰਤਰੀਆਂ ਦੇ ਅਖਾੜੇ ਲਗਦੇ ਹੁੰਦੇ ਸਨ। ਪਰ ਹੁਣ ਅੱਜ ਦੇ ਇਨ੍ਹਾਂ ਮੇਲਿਆਂ ਦੇ ਰਾਜਨੀਤਿਕ ਅਖਾੜਿਆਂ ਵਿਚ ਤਾਂ ਰਾਜਨੀਤੀ, ਬਦਨੀਤੀ ਤੇ ਭੰਡੀ ਪ੍ਰਚਾਰ ਦੀ ਹੀ ਜ਼ੋਰ ਅਜ਼ਮਾਈ ਹੁੰਦੀ ਹੈ। ਇਹ ਮੇਲੇ ਹੁਣ ਜ਼ਿਆਦਾਤਰ ਰਾਜਨੀਤੀ ਦੇ ਅੱਡੇ ਤੇ ਅਖਾੜੇ ਹੀ ਬਣ ਗਏ ਹਨ। ਫਿਰ ਇਹ ਮੇਲੇ ਜੂਏ, ਸ਼ਰਾਬ ਤੇ ਹੋਰ ਨਸ਼ਿਆਂ ਦੀ ਚਾਸਣੀ ਚੜ੍ਹਣ ਕਰਕੇ ਆਪਣੀ ਧਾਰਮਿਕ ਰੰਗਤ ਹੀ ਗੁਆ ਬੈਠੇ ਹਨ। ਮੇਲਿਆਂ ਵਿਚ ਗਾਉਣ ਵਾਲਿਆਂ ਦੇ ਦੋਹਰੇ ਅਰਥਾਂ ਵਾਲੇ ਲੱਚਰ ਗੀਤਾਂ ਦੇ ਕਾਰਨ ਉਨ੍ਹਾਂ ਦੇ ਸਟੇਜੀ ਅਖਾੜੇ ਤਾਂ ਨਚਾਰਾਂ ਦੇ ਅਸ਼ਲੀਲਤਾ ਤੇ ਨੰਗੇਜ ਭਰਪੂਰ 'ਜ਼ਿੰਦਾ ਡਾਂਸ' ਦੇ ਅਖਾੜਿਆਂ ਨੂੰ ਵੀ ਮਾਤ ਪਾ ਗਏ ਹਨ।

ਮੁੱਕਦੀ ਗੱਲ ਤਾਂ ਇਹ ਹੈ ਕਿ ਹੁਣ ਇਤਿਹਾਸ ਤੇ ਸਭਿਆਚਾਰ ਦੇ ਨਾਂਅ 'ਤੇ ਮਨਾਏ ਜਾਂਦੇ, ਸਾਡੇ ਇਨ੍ਹਾਂ ਤਿਉਹਾਰਾਂ ਤੇ ਮੇਲਿਆਂ ਵਿਚ ਮਨਪ੍ਰਚਾਵੇ ਲਈ ਚੰਡੋਲਾਂ ਤੇ ਚਕਰਚੂੰਡਿਆਂ ਦੀ ਗੱਲ ਤਾਂ ਉਰ੍ਹਾਂ ਦੀ ਹੀ ਹੈ, ਸਗੋਂ ਅਫ਼ਸੋਸ ਹੈ ਕਿ ਉਸ ਤੋਂ ਪਰ੍ਹਾਂ ਕਿਤੇ ਅੱਗੇ ਹੁਣ ਮਨਪ੍ਰਚਾਵੇ ਲਈ ਅਸ਼ਲੀਲ ਗਾਉਣ-ਵਜਾਉਣ, ਜੂਏ ਵਰਗੀਆਂ ਇਲਤਾਂ, ਭੰਗ-ਪੋਸਤ ਦੇ ਪਕੌੜੇ ਤੇ ਦਾਰੂ-ਸਿੱਕਾ ਵਰਤਣ ਤੇ ਛਕਣ-ਛਕਾਉਣ ਦਾ ਨਾਂ ਹੀ ਮੇਲਾ ਰਹਿ ਗਿਆ ਹੈ। ਇਸ ਦੇ ਨਾਲ ਹੀ ਧਾਰਮਿਕ ਜਥੇਬੰਦੀਆਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਇਨ੍ਹਾਂ ਲੰਗਰਾਂ ਵਿਚ 36 ਪ੍ਰਕਾਰ ਦੇ ਭੋਜਨ ਤੇ ਮਿਸ਼ਠਾਨ



Original with;
Kulbir Singh Sidhu(I.A.S)
Digitized by;
Panjab Digital Library

ਵਰਤ ਰਹੇ ਹੁੰਦੇ ਹਨ, ਜਦੋਂ ਕਿ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦ੍ਰਿਸ਼ਟਮਾਨ ਕਰਦੇ ਇਨ੍ਹਾਂ ਸਮਾਗਮਾਂ 'ਤੇ ਇਹ ਅਗੜਮ-ਬਗੜਮ ਲੱਡੂ-ਜਲੇਬੀਆਂ ਤੇ ਪਤੌੜ ਕਿਸੇ ਤਰ੍ਹਾਂ ਵੀ ਨਹੀਂ ਸੋਭਦੇ।

ਇਸ ਪ੍ਰਸੰਗ ਵਿਚ ਪਰ ਇਕ ਹੋਰ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸ਼ਹੀਦੀ ਜੋੜ ਮੇਲਿਆਂ 'ਤੇ ਸਾਡੀ ਲੰਗਰ ਸੇਵਾ ਦੀ ਪੁਰਾਣੀ ਪ੍ਰਥਾ ਮੁਤਾਬਿਕ ਬਹੁਤ ਹੀ ਸਾਦੇ ਲੰਗਰ ਲਾਏ ਜਾਣ ਤੇ ਸੰਗਤ ਤੇ ਪੰਗਤ ਦੀ ਮਰਿਆਦਾ ਕਾਇਮ ਰੱਖੀ ਜਾਵੇ। ਇਸ ਸੰਦਰਭ ਵਿਚ ਸਾਡੇ ਤਖਤਾਂ ਦੇ ਜਥੇਦਾਰ ਸਾਹਿਬਾਨ, ਧਾਰਮਿਕ ਸੰਸਥਾਵਾਂ ਦੇ ਪ੍ਰਧਾਨ ਤੇ ਰਾਜਨੀਤਿਕ ਆਗੂਆਂ ਵਲੋਂ ਜ਼ਮੀਨੀ ਪੱਧਰ 'ਤੇ ਆਪਣੇ ਨੁਮਾਇੰਦਿਆਂ ਨੂੰ ਸਹੀ ਦਸ਼ਾ ਤੇ ਦਿਸ਼ਾ ਦੇਣ ਦੀ ਅਤਿਅੰਤ ਲੋੜ ਹੈ ਕਿਉਂਕਿ ਜਿਥੋਂ ਤੱਕ ਸਮਾਜ ਦੇ ਆਮ ਵਰਗਾਂ ਤੇ ਜਨ ਸਧਾਰਨ ਦਾ ਤੁਅੱਲਕ ਹੈ ਉਨ੍ਹਾਂ ਵਿਚ ਹਾਲੇ ਵੀ ਬੜੀ ਸੰਵੇਦਨਾ ਤੇ ਆਸਥਾ ਹੈ।

ਇਸ ਪ੍ਰਥਾਇ ਬੇਸ਼ੱਕ ਹਾਲੇ ਵੀ ਆਪਣੇ ਗੁਰੂ ਸਾਹਿਬਾਨ, ਸ਼ਹੀਦਾਂ, ਮੁਰੀਦਾਂ ਤੇ ਕੌਮ ਦੇ ਸੰਘਰਸ਼ੀ ਯੋਧਿਆਂ ਪ੍ਰਤੀ ਆਮ ਸਧਾਰਨ ਲੋਕਾਂ ਦੇ ਮਨਾਂ ਵਿਚ ਬੇਅੰਤ ਸ਼ਰਧਾ ਵੇਖਣ ਨੂੰ ਮਿਲਦੀ ਹੈ। ਮੈਂ ਖੁਦ ਬਤੌਰ ਡਿਪਟੀ ਕਮਿਸ਼ਨਰ ਰੂਪਨਗਰ ਖਾਲਸਾ ਸਿਰਜਣਾ ਦੀ ਤ੍ਰੈ-ਸ਼ਤਾਬਦੀ ਮਨਾਉਣ ਸਮੇਂ ਸੰਗਤਾਂ ਨੂੰ ਅਪ੍ਰੈਲ ਮਹੀਨੇ ਦੀ ਤਿੱਖੜ ਦੁਪਿਹਰ ਵਿਚ 3-3 ਘੰਟੇ ਲਾਈਨਾਂ ਵਿਚ ਤਪਦੀਆਂ ਸੜਕਾਂ 'ਤੇ ਬੜੀ ਸ਼ਰਧਾ ਨਾਲ ਮੱਥਾ ਟੇਕਣ ਲਈ ਪਿਆਸੇ-ਤਿਹਾਏ ਖੜ੍ਹੇ ਦੇਖਿਆ ਹੈ। ਇਉਂ ਹੀ ਸਾਡੇ ਪਿੰਡਾਂ ਤੇ ਨਗਰਾਂ ਦੇ ਆਮ ਲੋਕਾਂ ਵਲੋਂ ਖਾਸ ਕਰਕੇ ਸ਼ਹੀਦੀ ਜੋੜ ਮੇਲਿਆਂ ਦੇ ਸਮੇਂ ਬੜੀ ਸ਼ਰਧਾ ਸਹਿਤ ਅੱਧੇ-ਪੌਣੇ ਕਿਲੋਮੀਟਰ 'ਤੇ ਲੰਗਰ ਤੇ ਛਬੀਲਾਂ ਲਗਾਈਆਂ ਹੁੰਦੀਆਂ ਹਨ।

ਜ਼ਿਕਰਯੋਗ ਹੈ ਕਿ ਇਸ ਵਾਰ ਅਕਾਲ ਤਖਤ ਦੇ ਜਥੇਦਾਰ ਸਾਹਿਬ ਵਲੋਂ ਹਦਾਇਤ ਮਾਤਰ ਲੋਕਾਂ ਨੂੰ ਕਿਹਾ ਗਿਆ ਸੀ ਕਿ ਇਨ੍ਹਾਂ ਸ਼ਹੀਦੀ ਜੋੜ ਮੇਲਿਆਂ 'ਤੇ ਮਿੱਠੇ ਪਕਵਾਨ ਵਰਤਾਉਣ ਅਤੇ ਮੌਜ ਮੇਲੇ ਦੀ ਭਾਵਨਾ ਨਾਲ ਵਿਚਰਨ ਤੋਂ ਸੰਕੋਚ ਕੀਤਾ ਜਾਵੇ। ਇਸ ਦੀ ਪੁਰਜ਼ੋਰ ਪ੍ਰੋੜ੍ਹਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਕੀਤੀ ਸੀ। ਇਸ ਚੰਗੀ ਪਹਿਲ ਕਦਮੀ ਦਾ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲੇ 'ਤੇ ਕਾਫ਼ੀ ਚੰਗਾ ਅਸਰ ਵੇਖਣ ਨੂੰ ਮਿਲਿਆ। ਪਰ ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਸਿਰਫ ਤਿੰਨ ਦਿਨ ਬਾਅਦ ਸ੍ਰੀ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਮਨਾਉਣ ਸਮੇਂ ਸਮੁੱਚੇ ਪੱਧਰ 'ਤੇ ਸਾਡਾ ਇਹ ਵਰਤ ਰੱਖਣ ਜਿਹਾ ਪ੍ਰਹੇਜ਼ ਬੁਰੀ ਤਰ੍ਹਾਂ ਟੁੱਟ ਗਿਆ ਅਤੇ ਫਿਰ ਉਹੀ ਸਿਆਸੀ ਕਾਨਫਰੰਸਾਂ, ਸਿਆਸੀ ਦੂਸ਼ਣਬਾਜ਼ੀ ਤੇ ਮਿੱਠੇ ਪਕਵਾਨਾਂ ਦੇ ਲੰਗਰ ਇਸ ਲਾਸਾਨੀ ਸ਼ਹੀਦੀ ਸਾਕੇ ਦੀ ਸਾਰੀ ਸੰਜੀਦਗੀ ਤੇ ਸੰਵੇਦਨਾ 'ਤੇ ਹਾਵੀ ਰਹੇ। ਬੱਸ ਮੁੱਕਦੀ ਗੱਲ ਹਮੇਸ਼ਾਂ ਵਾਂਗ 'ਪੰਚਾਂ ਦਾ ਕਿਹਾ ਸਿਰ ਮੱਥੇ ਤੇ ਪਰਨਾਲਾ ਉਥੇ ਦਾ ਉਥੇ' ਵਾਲਾ ਢੀਠ ਵਰਤਾਰਾ ਪ੍ਰਤੱਖ ਵਰਤਿਆ।

ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਕੌਮ ਦੇ ਕੁੱਝ ਕੁ ਵਿਦਵਾਨ ਤੇ ਨਾਮੀ-ਗ੍ਰਾਮੀ ਵਿਅਕਤੀਆਂ ਨੇ ਜਥੇਦਾਰ ਸਾਹਿਬ ਦੇ ਹੁਕਮਨਾਮੇ ਜਿਹੇ ਐਲਾਨ 'ਤੇ ਕਿੰਤੂ-ਪ੍ਰੰਤੂ ਕਰਦੇ ਹੋਏ ਕਿਹਾ ਕਿ ਸ਼ੋਕ ਜਾਂ ਅਫ਼ਸੋਸ ਮਨਾਉਣਾ ਸਿੱਖ ਸੰਕਲਪ ਤੇ ਸਿਧਾਂਤ ਦੇ



Original with;
Kulbir Singh Sidhu(I.A.S)
Digitized by;
Panjab Digital Library

ਉਲਟ ਹੈ। ਇਸ ਸੰਦਰਭ ਵਿਚ ਸੋਚਣ ਵਾਲੀ ਗੱਲ ਇਹ ਹੈ ਕਿ ਨਿਰਾਸ਼ਾ ਤੇ ਦੁੱਖ ਦੇ ਸਮੇਂ ਵੀ ਚੜ੍ਹਦੀ ਕਲਾ ਵਿਚ ਰਹਿਣਾ ਤਾਂ ਸਿੱਖ ਧਰਮ ਦਾ ਬਹੁਤ ਵਧੀਆ ਪ੍ਰੇਰਣਾਦਾਇਕ ਸੰਦੇਸ਼ ਹੈ, ਪਰ ਇਸ ਦਾ ਮਤਲਬ ਇਹ ਕਦਾਚਿਤ ਵੀ ਨਹੀਂ ਬਣਦਾ ਕਿ ਅਸੀਂ ਇਨਸਾਨੀ ਤੌਰ 'ਤੇ ਇੰਨੇ ਸੰਵੇਦਨਾਹੀਣ ਹੋ ਜਾਈਏ ਕਿ ਦੁਖਦਾਈ ਮਾਹੌਲ ਵਿਚ ਵੀ ਤਾੜੀਆਂ ਵਜਾਉਂਦੇ ਤੇ ਬਾਘੀਆਂ ਪਾਉਂਦੇ ਫਿਰੀਏ। ਇਸ ਪ੍ਰਥਾਇ ਕੌਮ ਦੇ ਸ਼ਹੀਦੀ ਸਾਕਿਆਂ ਪ੍ਰਤੀ ਸੰਵੇਦਨਾ ਤੇ ਸੰਜੀਦਗੀ ਨੂੰ ਛੱਡ ਕੇ ਕੌਮੀ ਪੱਧਰ 'ਤੇ ਖਰਮਸਤੀਆਂ ਦਾ ਖੌਰੂ ਕਿਸੇ ਵੀ ਧਾਰਮਿਕ, ਸਮਾਜਿਕ ਜਾਂ ਰਾਜਨੀਤਿਕ ਨਜ਼ਰੀਏ ਤੋਂ ਨਹੀਂ ਸੋਭਦਾ।

ਇਸ ਪੱਖੋਂ ਨਿਰਣਾਇਕ ਤੌਰ 'ਤੇ ਹਾਲੇ ਵੀ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਾਡੀ ਇਨ੍ਹਾਂ ਸ਼ਹੀਦੀ ਜੋੜ ਮੇਲਿਆਂ ਸਮੇਂ 'ਤੇ ਮੌਜ-ਮੇਲੇ ਦੀ ਪ੍ਰਵਿਰਤੀ ਤਹਿਤ ਖੁਸ਼ੀਆਂ ਮਨਾਉਣ ਜਿਹੀ ਵਿਗੜ ਚੁਕੀ ਮਾਨਸਿਕਤਾ ਨੂੰ ਠੱਲ੍ਹਣ ਦੀ ਵੱਡੀ ਲੋੜ ਹੈ। ਇਸ ਵਾਸਤੇ ਅਜਿਹੇ ਧਾਰਮਿਕ ਤੇ ਸਮਾਜਿਕ ਸਮਾਗਮਾਂ ਨੂੰ ਲੋੜੀਂਦੀ ਸੰਜੀਦਗੀ ਤੇ ਗੰਭੀਰਤਾ ਨਾਲ ਮਨਾਉਣ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹਦਾਇਤਾਂ ਤੇ ਬੇਨਤੀਆਂ ਦੀ ਥਾਂ 'ਹੁਕਮਨਾਮੇ' ਜਾਰੀ ਕਰਨ ਤੇ ਫਿਰ ਇਨ੍ਹਾਂ ਦੀ ਤਾਮੀਲ ਵਾਸਤੇ 'ਸ਼ਹੀਦੀ ਪਹਿਰੇ' ਲਾਉਣ ਦੀ ਅਤਿਅੰਤ ਲੋੜ ਹੈ।

ਫਿਰ ਇਸ ਸੰਦਰਭ ਵਿਚ ਜੇ ਕਿਤੇ ਸੰਤ ਸਮਾਜ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਭਾਂਤ-ਭਾਂਤ ਦੇ ਮਿਸ਼ਠਾਨਾਂ ਭਰਪੂਰ ਲੰਗਰ ਲਾਉਣ ਦੀ ਬਜਾਏ ਸੰਗਤਾਂ ਨੂੰ ਇਸ ਸਮੇਂ ਪੰਜਾਬ ਦਾ ਸ਼ਾਨਾਮੱਤਾ ਇਤਿਹਾਸ ਤੇ ਸਾਹਿਤ ਵੰਡਣ ਲੱਗ ਪੈਣ ਤਾਂ ਕੌਮ ਦੇ ਹੋਰ ਵੀ ਵਾਰੇ-ਨਿਆਰੇ ਹੋ ਸਕਦੇ ਹਨ। ਫਿਰ ਜੇ ਖਾਸ ਕਰਕੇ ਸਰਕਾਰ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਗੁਰੂ ਘਰ ਦੇ ਮਾਇਕ ਪੱਖੋਂ ਰੱਜੇ-ਪੁੱਜੇ ਸ਼ਰਧਾਲੂ ਸੱਜਣ ਆਪਣੇ ਪੰਜਾਬੀ ਵੀਰਾਂ ਨੂੰ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੇ ਜੀਵਨਾਂ, ਉਨ੍ਹਾਂ ਦੇ ਫ਼ਲਸਫ਼ੇ ਤੇ ਕਾਰਨਾਮਿਆਂ ਬਾਰੇ ਜਾਣਕਾਰੀ ਦੇਣ ਵਜੋਂ ਇਕ 'ਲੋਕ ਲਹਿਰ' ਵਰਗੀ ਮੁਹਿੰਮ ਸ਼ੁਰੂ ਕਰ ਦੇਣ ਤਾਂ ਇਹ ਕੌਮ ਤੇ ਸਮਾਜ ਦੇ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਸਕਦੀ ਹੈ।

ਨਿਰਸੰਦੇਹ ਸਦਾਚਾਰ ਤੇ ਸਭਿਆਚਾਰ ਦੇ ਪੱਖੋਂ ਨਿਘਰ ਰਹੀ ਕੌਮ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਤੇ ਸਾਹਿਤ ਤੋਂ ਜਾਣੂੰ ਕਰਵਾਉਣ ਦੀ ਇਹ ਹੁਣ ਵੱਡੀ ਜ਼ਰੂਰਤ ਬਣ ਚੁੱਕੀ ਹੈ। ਇਸ ਲਈ ਅਜ ਸਮਾਂ ਆ ਚੁੱਕਾ ਹੈ ਕਿ ਸੰਗਤਾਂ ਨੂੰ ਲੰਗਰ ਛਕਾਉਣ ਦੇ ਉਮਾਹ ਭਰੇ ਧੱਕੇ ਦੇ ਨਾਲ-ਨਾਲ ਆਪਣਾ ਇਤਿਹਾਸ ਤੇ ਸਾਹਿਤ ਵੰਡਣ ਦੀ ਸੇਵਾ ਵੀ ਕੀਤੀ ਜਾਵੇ ਤਾਂ ਜੋ ਅਸੀਂ ਆਪਣੀਆਂ ਅਜੋਕੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਮਿਥਿਹਾਸ ਬਣਦੇ ਜਾ ਰਹੇ ਆਪਣੇ ਇਤਿਹਾਸਕ ਤੇ ਸਭਿਆਚਾਰਕ ਵਿਰਸੇ ਨੂੰ ਫ਼ਰਜ਼ ਮਾਤਰ ਸੰਭਾਲਣ ਤੇ ਪ੍ਰਚਾਰਣ ਦਾ ਕੋਈ ਲੋੜੀਂਦਾ ਉਦਮ-ਉਪਰਾਲਾ ਕਰ ਸਕੀਏ।



*Original with;*
Kulbir Singh Sidhu(I.A.S)
*Digitized by;*
Panjab Digital Library

# ਦੇਰ ਆਏ, ਦਰੁਸਤ ਆਏ ; ਪਰ ਹਾਲੇ ਵੀ ਘਰ ਨਹੀਂ ਆਏ

ਆਪਣੇ ਗੁਰੂਆਂ, ਪੀਰਾਂ ਤੇ ਸ਼ਹੀਦਾਂ-ਮੁਰੀਦਾਂ ਨੂੰ ਯਾਦ ਕਰਨਾ ਤੇ ਉਨ੍ਹਾਂ ਦੀ ਪਾਵਨ ਯਾਦ ਵਿਚ ਦਿਨ-ਤਿਉਹਾਰ ਮਨਾਉਣਾ ਕਿਸੇ ਵੀ ਕੌਮ ਦਾ ਬੜਾ ਵੱਡਾ ਫ਼ਰਜ਼ ਹੈ। ਆਪਣੇ ਪੁਰਖਿਆਂ, ਵਡੇਰਿਆਂ ਤੇ ਕੌਮੀ ਸ਼ਖਸੀਅਤਾਂ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਦੇ ਦਿਨ-ਦਿਹਾੜੇ ਜਾਂ ਫਿਰ ਇਤਿਹਾਸਿਕ ਸ਼ਤਾਬਦੀਆਂ ਮਨਾਉਣ ਦਾ ਮਹੱਤਵ-ਮਨੋਰਥ ਸਾਡੇ ਲਈ ਹੋਰ ਵੀ ਵੱਡੀ ਅਹਿਮੀਅਤ ਰੱਖਦਾ ਹੈ। ਇਸ ਵਾਸਤੇ ਸਾਡੀ ਸਮੁੱਚੀ ਕੌਮ ਵੱਲੋਂ ਇਸ ਸਬੰਧ ਵਿਚ ਯਤਨਸ਼ੀਲ ਹੋਣ ਦਾ ਉਪਰਾਲਾ ਹੋਰ ਵੀ ਸ਼ਲਾਘਾਯੋਗ ਹੈ। ਸੰਨ 1999 ਵਿਚ ਖਾਲਸਾ ਸਿਰਜਣਾ ਦੀ ਤ੍ਰੈਸ਼ਤਾਬਦੀ ਮਨਾਉਣ ਤੋਂ ਲੈ ਕੇ ਹੁਣ ਤਕ ਇਤਿਹਾਸਿਕ ਸ਼ਤਾਬਦੀਆਂ ਤੇ ਯਾਦਗਾਰੀ ਦਿਨ-ਦਿਹਾੜਿਆਂ ਨੂੰ ਮਨਾਉਣ ਦੇ ਸੰਦਰਭ ਵਿਚ ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਭ ਕੁਝ ਚੰਗਾ ਹੀ ਹੋਇਆ ਹੈ।

ਬਹਿਰਹਾਲ, ਧਰਾਤਲੀ ਪੱਧਰ 'ਤੇ ਤਾਂ ਇਹ ਇਤਿਹਾਸਿਕ ਦਿਹਾੜੇ ਮਨਾਉਣ ਵਿਚ ਬੇਸ਼ੱਕ ਅਸੀਂ ਕਿਸੇ ਹੱਦ ਤੱਕ ਕਾਮਯਾਬ ਹੋਏ ਹਾਂ, ਪਰ ਜੇ ਇਨ੍ਹਾਂ ਇਤਿਹਾਸਿਕ ਸ਼ਤਾਬਦੀਆਂ ਦੇ ਪਿਛੋਕੜ ਵਿਚ ਖੜ੍ਹੇ ਇਤਿਹਾਸ, ਫ਼ਲਸਫ਼ੇ ਤੇ ਸੰਕਲਪਾਂ ਦੇ ਸਨਮੁਖ ਵੇਖਿਆ ਜਾਵੇ ਤਾਂ ਜ਼ਾਹਿਰ ਹੈ ਕਿ ਅਸੀਂ ਆਪਣੇ ਧਰਮ, ਸਭਿਆਚਾਰ ਤੇ ਇਤਿਹਾਸ ਨੂੰ ਸਹੀ ਰੂਪ ਵਿਚ ਦੁਨੀਆਂ ਸਾਹਮਣੇ ਪੇਸ਼ ਨਹੀਂ ਕਰ ਸਕੇ। ਇਸ ਪ੍ਰਸੰਗ ਵਿਚ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਿਰਜਣਾ ਤ੍ਰੈਸ਼ਤਾਬਦੀ ਸਮਾਗਮਾਂ ਦੇ ਸਮੇਂ 22 ਨਵੰਬਰ 1998 ਨੂੰ ਪੰਜ ਪਿਆਰਿਆਂ ਵਲੋਂ ਦੁਨੀਆਂ ਦੇ ਅੱਠਵੇਂ ਅਜੂਬੇ ਵਜੋਂ ਖਾਲਸਾ ਹੈਰੀਟੇਜ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਇਸ ਮਹਾਨ ਵਿਰਾਸਤੀ ਕੰਪਲੈਕਸ ਦਾ ਕੰਮ ਸ਼ੁਰੂ ਤੋਂ ਹੁਣ ਤਕ ਰੁਕ-ਰੁਕ ਕੇ ਟ੍ਰੈਫਿਕ ਚੌਰਾਹੇ ਵਾਂਗੂੰ 'ਰੁਕੋ, ਦੇਖੋ ਤੇ ਫਿਰ ਚੱਲੋ' ਦੀ ਤਰਜ਼ 'ਤੇ ਚਲਦਾ ਰਿਹਾ ਹੈ।

ਖ਼ੈਰ! ਹਾਲੇ ਵੀ ਸ਼ੁਕਰ ਹੈ ਕਿ ਹੁਣ ਇਹ ਅਜੂਬਾ ਆਪਣੀ ਸੰਪੂਰਨਤਾ ਲਈ ਮਿੱਥੇ 2 ਜਾਂ 3 ਸਾਲ ਦੇ ਟੀਚੇ ਤੋਂ ਕਿਤੇ ਅੱਗੇ ਲੰਘ ਕੇ 13 ਸਾਲ ਬਾਅਦ ਮੁਕੰਮਲ ਹੋ ਗਿਆ ਹੈ ਅਤੇ ਇਸ ਦਾ ਉਦਘਾਟਨ 25 ਨਵੰਬਰ 2011 ਨੂੰ ਕੀਤਾ ਗਿਆ ਹੈ। ਪਰ ਇਸ ਖੁਸ਼ੀ ਦੇ ਮੌਕੇ ਜਿਹੜੀ ਮਾੜੀ ਗੱਲ ਹੋਈ, ਉਹ ਇਹ ਸੀ ਕਿ ਇਸ ਦੇ ਉਦਘਾਟਨ ਸਬੰਧੀ ਦੁਵੱਲਿਓਂ ਹੀ ਰਾਜਨੀਤਿਕ ਦਲਾਂ ਵਿਚ ਰਾਜਨੀਤੀ ਕਰਨ ਦਾ ਰੇੜਕਾ ਪੈ ਗਿਆ ਕਿਉਂਕਿ ਇਸ ਦੇ ਨਾਮ ਤੋਂ ਲੈ ਕੇ ਮੁੱਖ ਮਹਿਮਾਨ ਦੇ ਨਾਮ 'ਤੇ



*Original with;*
Kulbir Singh Sidhu(I.A.S)
*Digitized by;*
Panjab Digital Library

ਰਾਜਨੀਤੀ ਸ਼ੁਰੂ ਹੋ ਗਈ। ਇਸ ਸਬੰਧੀ ਬੜੀ ਹੈਰਾਨੀ ਹੋਈ ਕਿ ਅਸੀਂ ਸਿੱਖ ਮੱਤ ਦੇ ਸੰਦੇਸ਼ ਅਨੁਸਾਰ ਸਰਬੱਤ ਦਾ ਭਲਾ ਮੰਗਣ ਵਾਲੇ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਦੀ ਇਸ ਸਰਬ ਸਾਂਝੀ ਵਿਰਾਸਤ ਦੇ ਪ੍ਰਤੀਕ ਇਸ 'ਅੱਠਵੇਂ ਅਜੂਬੇ' ਦੇ ਨਾਮ 'ਤੇ ਹੀ ਇਕ ਰਾਇ ਨਹੀਂ ਹੋ ਸਕੇ।

ਬਹਿਰਹਾਲ, ਇਸ ਸ਼ਾਨਦਾਰ ਭਵਨ ਦਾ ਨਾਮ ਕਦੇ 'ਵਿਰਾਸਤ-ਏ-ਖਾਲਸਾ ਯਾਦਗਾਰ ਸੈਂਟਰ' ਤੇ ਕਦੇ ਸੈਂਟਰ ਦੀ ਥਾਂ ਕੰਪਲੈਕਸ ਦੇ ਭੰਬਲਭੂਸਿਆਂ ਵਿਚ ਪਿਆ ਰਿਹਾ ਹੈ। ਹੋਰ ਤਾਂ ਹੋਰ ਇਸ ਸਾਰੇ ਭੁਚੱਕੇ ਵਿਚ ਅਸੀਂ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਜਿਹੇ ਰੱਬ ਘਰ ਦੇ ਉਪਦੇਸ਼ ਅਤੇ ਬਾਬੇ ਨਾਨਕ ਦੇ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਜਿਹੇ ਸਰਬ ਸਾਂਝੀਵਾਲਤਾ ਦੇ ਸੰਦੇਸ਼ਾਂ ਤੇ ਸੰਕਲਪਾਂ ਤੋਂ ਵੀ ਥਿੜਕ ਗਏ ਹਾਂ। ਇਉਂ ਅਸੀਂ ਜਾਣੇ-ਅਣਜਾਣੇ ਹੋਰ ਹੀ ਔਝੜ ਰਾਹ ਨੂੰ ਤੁਰੇ ਰਹੇ ਹਾਂ ਕਿ ਸਿੱਖੀ ਦੇ ਇਸ ਮੁਜੱਸਮੇ ਦਾ ਉਦਘਾਟਨ ਕੌਣ ਕਰੇ ਅਤੇ ਫਿਰ ਕੀ ਸਾਡੇ ਪ੍ਰਧਾਨ ਮੰਤਰੀ ਇਸ ਸੁਨਿਹਰੀ ਅਵਸਰ 'ਤੇ ਆਨੰਦਪੁਰ ਸਾਹਿਬ ਵਿਖੇ ਆਉਣਗੇ ਵੀ ਕਿ ਨਹੀਂ।

ਸਗੋਂ ਇਸ ਮੁਬਾਰਿਕ ਮੌਕੇ 'ਤੇ ਚਾਹੀਦਾ ਤਾਂ ਇਹ ਸੀ ਕਿ ਸਿਆਸੀ ਰੰਜਿਸ਼ ਤੇ ਆਪਸੀ ਖਹਿਬਾਜ਼ੀ ਤੋਂ ਉਪਰ ਉਠ ਕੇ ਇਸ ਅਜੂਬਾਨੁਮਾ ਸ਼ਾਨਦਾਰ ਖਾਲਸਾ ਵਿਰਾਸਤ ਭਵਨ ਨੂੰ ਅਸੀਂ ਸੰਸਾਰ ਭਰ ਵਿਚ ਸਹੀ ਤਰੀਕੇ ਨਾਲ ਉਜਾਗਰ ਕਰਦੇ। ਫਿਰ ਸਭ ਤੋਂ ਵੱਧ ਜ਼ਰੂਰੀ ਇਹ ਸੀ ਕਿ ਸਾਡੇ ਇਤਿਹਾਸ, ਸਾਹਿਤ ਤੇ ਸਭਿਆਚਾਰ ਦੇ ਮੁਜੱਸਮੇ ਇਸ ਵਿਰਾਸਤੀ ਭਵਨ ਦੁਆਰਾ ਸਿੱਖ ਧਰਮ ਦੇ ਫ਼ਲਸਫ਼ੇ, ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੀ ਬਾਣੀ ਦੇ ਬੋਹਿਥ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ-ਸੰਥਾ ਨੂੰ ਅਸੀਂ ਬਹੁਤ ਵਧੀਆ ਸਲੀਕੇ ਨਾਲ ਨਸ਼ਰ ਕਰਕੇ ਦੁਨੀਆਂ ਤਕ ਪਹੁੰਚਾਉਣ ਦੇ ਯਤਨ ਕਰਦੇ। ਇਉਂ ਅਸੀਂ ਸੰਸਾਰ ਨੂੰ ਆਪਣੀ 'ਖਾਲਸਾ ਵਿਰਾਸਤ' ਤੋਂ ਜਾਣੂੰ ਕਰਵਾਉਂਦੇ, ਪਰ ਅਫ਼ਸੋਸ ਹੈ ਕਿ ਅਸੀਂ ਸਭ ਕੁਝ ਜਾਣਦੇ-ਬੁਝਦੇ ਹੋਏ ਵੀ ਇਸ ਸੰਦਰਭ ਵਿਚ ਕੋਈ ਜ਼ਿਆਦਾ ਸ਼ਲਾਘਾਯੋਗ ਉਪਰਾਲੇ ਨਹੀਂ ਕਰ ਸਕੇ। ਸਗੋਂ ਸਾਡੀ ਹੁਣ ਤਕ ਦੀ ਸਾਰੀ ਕਾਰਗੁਜ਼ਾਰੀ ਦਾ ਤਫ਼ਸਰਾ ਧੰਨੇ ਭਗਤ ਦਾ ਇਕ ਦੋਹਾ 'ਸਾਰੀ ਉਮਰ ਜਪੇਦਿਆਂ ਇਕ ਨਾ ਖੁੱਥਾ ਵਾਲ' ਦਾ ਯਥਾਰਥ ਹੀ ਕਰ ਦਿੰਦਾ ਹੈ।

ਇਸ ਪ੍ਰਸੰਗ ਵਿਚ ਸਿਰਫ਼ ਇਕ ਮਿਸਾਲ ਮਾਤਰ ਇਥੇ ਗੌਰਤਲਬ ਹੈ ਕਿ ਇਸ ਵਿਰਾਸਤ-ਏ-ਖਾਲਸਾ ਦਾ ਮੁੱਖ ਦਰਵਾਜ਼ਾ ਲੰਘਦੇ ਹੀ ਪੰਜਾਬੀ ਸਭਿਆਚਾਰ ਦੇ ਨਾਮ 'ਤੇ ਹੀਰ-ਰਾਂਝੇ ਦੇ ਕਿੱਸੇ ਦਾ ਚਿਤਰਣ-ਮਾਤਰ ਵਿਖਾਵਾ ਕਿਸੇ ਵੀ ਸੂਰਤ ਵਿਚ ਸੋਭਦਾ ਨਹੀਂ। ਬੇਸ਼ੱਕ ਇਹ ਕਿੱਸੇ-ਕਹਾਣੀਆਂ ਪੰਜਾਬੀ ਵਿਰਾਸਤ ਤਾਂ ਹੈ; ਪਰ ਨਿਸ਼ਚੇ ਹੀ ਇਹ ਖਾਲਸਾਈ ਵਿਰਾਸਤ ਤਾਂ ਕਦਾਚਿਤ ਵੀ ਨਹੀਂ ਹੋ ਸਕਦੇ। ਇਸ ਦੀ ਥਾਂ ਕਿੰਨਾਂ ਹੀ ਚੰਗਾ ਹੁੰਦਾ ਕਿ ਇਸ ਖਾਲਸਾ ਭਵਨ ਦੀ ਦਰਸ਼ਨੀ ਡਿਊਢੀ ਵੜਦਿਆਂ ਹੀ ਸਭ ਤੋਂ ਪਹਿਲਾਂ ਇਸ ਦੇ ਦਰੋ-ਦੀਵਾਰ 'ਤੇ ਸਾਨੂੰ ਗੁਰੂ ਸਾਹਿਬਾਨ ਦੇ ਅਧਿਆਤਮ ਅਤੇ ਖਾਲਸੇ ਦੀ ਚੜ੍ਹਦੀ ਕਲਾ ਤੇ ਸੂਰਬੀਰਤਾ ਦੇ ਦਰਸ਼ਨ-ਦੀਦਾਰੇ



*Original with;*
Kulbir Singh Sidhu(I.A.S)
*Digitized by;*
Panjab Digital Library

ਹੁੰਦੇ। ਇਸ ਉਪਰੰਤ ਬੇਸ਼ਕ ਸਾਨੂੰ ਕਿਸੇ ਹੋਰ ਅਗਲੀ ਗੈਲਰੀ ਵਿਚ ਅੱਗੇ ਚਲਦੇ-ਚਲਦੇ ਆਪਣੀ ਸਭਿਆਚਾਰਕ ਵਿਰਾਸਤ ਦੀ ਝਲਕ ਵੀ ਮਿਲਦੀ।

ਇਸ ਪ੍ਰਸੰਗ ਵਿਚ ਇਥੇ 'ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ' ਜਿਹੀ ਲੋਕ ਸਿਆਣਪ ਮੁਤਾਬਿਕ ਇਹ ਗ਼ੌਰਤਲਬ ਹੈ ਕਿ ਇਸ ਤਰ੍ਹਾਂ ਹੀ ਪਿਛਲੇ ਇਕ-ਦੋ ਦਹਾਕਿਆਂ ਵਿਚ ਆਈਆਂ ਸਾਰੀਆਂ ਸ਼ਤਾਬਦੀਆਂ ਸਮੇਂ ਸਾਥੋਂ ਇਹ ਹੀ ਗ਼ਲਤੀ ਹੁੰਦੀ ਰਹੀ ਹੈ ਕਿ ਅਸੀਂ ਸਿੱਖ ਫ਼ਲਸਫ਼ੇ ਤੇ ਸੰਕਲਪਾਂ ਨੂੰ ਨਸ਼ਰ ਨਹੀਂ ਕਰ ਸਕੇ। ਸਗੋਂ ਅਸੀਂ ਮਾਨਸਿਕ ਪੱਧਰ 'ਤੇ 'ਭਲਾ ਹੋਇਆ ਮੇਰਾ ਚਰਖਾ ਟੁੱਟਾ ਤੇ ਜਿੰਦ ਅਜਾਬੋਂ ਛੁਟੀ' ਜਿਹੀ ਅਕ੍ਰਿਤਘਣ ਤੇ ਕੋਝੀ ਸੋਚ ਦਾ ਹੀ ਸਬੂਤ ਦਿੱਤਾ ਹੈ। ਜ਼ਾਹਿਰ ਹੈ ਕਿ 9 ਜੂਨ 2016 ਵਿਚ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ 740 ਮਰਜੀਵੜੇ ਸਿੰਘਾਂ ਦੀਆਂ ਬੇਮਿਸਾਲ ਸ਼ਹੀਦੀਆਂ ਦੀ ਤੀਜੀ ਸ਼ਤਾਬਦੀ ਮਨਾਉਣ ਤਕ 1966 ਤੋਂ 2016 ਤੱਕ ਪੰਜਾਹ ਸਾਲਾਂ ਵਿਚ 15 ਸ਼ਤਾਬਦੀਆਂ ਮਨਾ ਚੁੱਕੇ ਹੋਵਾਂਗੇ। ਇਸ ਤੋਂ ਇਲਾਵਾ ਸਿੱਖ ਇਤਿਹਾਸ ਵਿਚ ਹੋਰ ਵੀ ਕਿੰਨੇ ਕੌਮ ਦੇ ਸ਼ਹੀਦ ਤੇ ਹੋਰ ਕਿੰਨੇ ਇਤਿਹਾਸਿਕ ਦਿਹਾੜੇ ਹਨ, ਜੋ ਕਿ ਕੌਮ ਦੇ ਲਈ ਬਾਇਸੇ-ਫ਼ਖਰ ਹਨ ਅਤੇ ਇਨ੍ਹਾਂ ਨੂੰ ਆਪਣੇ ਫਰਜ਼-ਅੱਵਲ ਵਜੋਂ ਮਨਾਏ ਜਾਣ ਦੀ ਵੀ ਅਤਿ ਜ਼ਰੂਰਤ ਹੈ।

ਖੈਰ! ਧਰਾਤਲੀ ਪੱਧਰ 'ਤੇ ਤਾਂ ਖਾਲਸਾ ਸਿਰਜਣਾ ਦੀ ਤ੍ਰੈਸ਼ਤਾਬਦੀ ਸ਼ਤਾਬਦੀ ਦੀ ਯਾਦ ਤਾਂ ਹੁਣ ਸਾਡੀ ਚੇਤਨਾ ਦਾ ਕਾਫ਼ੀ ਵੱਡਾ ਹਿੱਸਾ ਬਣ ਗਈ ਹੈ। ਪਰ ਇਸ ਦੇ ਬਾਵਜੂਦ ਵੀ ਇਸ ਸ਼ਤਾਬਦੀ ਪਿੱਛੇ ਸਿੱਖੀ ਤੋਂ ਖਾਲਸਾ ਸਿਰਜਣਾ ਤੱਕ ਦੇ ਕੌਮੀ ਫ਼ਲਸਫ਼ੇ ਤੇ ਸੰਕਲਪਾਂ ਤੋਂ ਅਸੀਂ ਸਾਰੇ ਹੀ ਕੀ ਵੱਡਾ ਤੇ ਕੀ ਛੋਟਾ ਮਤਲਬ ਸਾਰਾ ਸਿੱਖ ਸਮਾਜ ਹੀ ਕੋਹਾਂ ਦੂਰ ਰਿਹਾ ਹੈ। ਇਸ ਪ੍ਰਥਾਇ **ਸ਼ਾਇਰ ਗੌਹਰ** ਸਾਡੀ ਇਸ ਮਾਨਸਿਕ ਸਥਿਤੀ ਦੀ ਬਹੁਤ ਹੀ ਸੱਚੀ-ਸੁੱਚੀ ਤੇ ਵਧੀਆ ਤਰਜਮਾਨੀ ਕਰਦਾ ਹੈ ਕਿ : –

ਕਰੋ ਤੁਮ ਲਾਖ ਸਜਦੇ, ਦੈਰ ਹੋ ਮਸਜਿਦ ਹੋ ਕਾਬਾ ਹੋ;
ਅਕੀਦਤ ਹੀ ਨਾ ਹੋ ਦਿਲ ਮੇਂ, ਤੋ ਸਜਦੇ ਸੇ ਕਯਾ ਹਾਸਿਲ।

ਇਥੇ ਇਹ ਗੱਲ ਬੜੀ ਫ਼ਿਕਰ ਵਾਲੀ ਤੇ ਕਾਬਿਲੇ-ਗੌਰ ਹੈ ਕਿ ਅਖੀਰ ਵਿਚ ਸ਼ਾਹ-ਸਫੈਦ ਰੰਗ ਵਿਚ ਰੰਗੇ ਸ੍ਰੀ ਅਨੰਦਪੁਰ ਸਾਹਿਬ ਵਿਚ ਖਾਲਸਾ ਸਿਰਜਣਾ ਦੇ ਸੰਕਲਪਾਂ ਤੇ ਫ਼ਲਸਫ਼ੇ ਦਾ ਪ੍ਰਚਾਰ-ਪ੍ਰਸਾਰ ਜਗਤ ਪ੍ਰਸਿੱਧ ਰੌਸ਼ਨੀਆਂ ਦੇ ਜਲੌਅ ਨਾਲ ਹੀ ਬੁਝ-ਬੁਝਾ ਗਿਆ। ਬਹਿਰਹਾਲ, ਸਾਡੀਆਂ ਸਰਕਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਸੰਸਥਾਵਾਂ ਤੇ ਸਿੱਖ ਸਮਾਜ ਵਾਸਤੇ ਕੌਮੀ ਪੱਧਰ 'ਤੇ ਹੋਰ ਵੀ ਗੌਰਤਲਬ ਹੈ ਕਿ ਅਨੰਦਪੁਰ ਸਾਹਿਬ ਵਿਖੇ ਖੰਡੇ-ਬਾਟੇ ਨੁਮਾ 'ਖਾਲਸਾ ਮਿਨਾਰ' ਬਣਾਉਣ ਦਾ ਸੰਕਲਪ ਹਾਲੇ ਵੀ ਅਧੂਰਾ ਹੈ।

ਸਾਡੀ ਇਸ ਇਤਿਹਾਸਕ ਕੁਤਾਹੀ ਦੇ ਪਿਛੇ ਬੜਾ ਬੇਹੂਦਾ ਜਿਹਾ ਕਾਰਨ ਇਹ ਸੀ ਕਿ ਖੰਡੇ ਦਾ ਬਲੇਡ ਉਤਾਂਹ ਰਖਿਆ ਜਾਵੇ ਜਾਂ ਹੇਠਾਂ ਨੂੰ ਰਖਿਆ ਜਾਵੇ। ਇਹ ਸ਼ਰਾਰਤੀ ਜਿਹੀ ਛਛੂੰਦਰ ਰਾਜਨੀਤਿਕ ਪੱਧਰ 'ਤੇ ਪੰਥ ਦੇ ਦੂਜੇ ਗਰੁੱਪ ਦੇ ਇਕ ਅਖੌਤੀ ਜਿਹੇ ਬੁਧੀਜੀਵੀ ਖ਼ੈਰਖ਼ਵਾਹ ਨੇ ਛੱਡੀ ਸੀ, ਪਰ ਅਫ਼ਸੋਸ ਕਿ ਇਸ ਖਾਲਸਾ



*Original with;*
Kulbir Singh Sidhu(I.A.S)
*Digitized by;*
Panjab Digital Library

ਸਿਰਜਣਾ ਦਾ ਪ੍ਰਤੀਕ ਇਹ ਖੰਡਾ ਤਾਂ ਅੱਜ ਤਕ ਨਾ ਤਾਂ ਸਿੱਧਾ ਤੇ ਨਾ ਹੀ ਪੁੱਠਾ ਲੱਗ ਸਕਿਆ ਹੈ। ਬਹਿਰਹਾਲ, ਦੁਨੀਆਂ ਜਾਣਦੀ ਹੈ ਕਿ ਉਸ 'ਜਨਾਬ ਅਬੁੱਧ ਜੀ' ਦੀ ਸੁਆਰਥ ਪੂਰਤੀ ਦੇ ਉਲੂ ਕਈ ਵਾਰ ਸਿੱਧੇ ਹੋਏ ਹਨ ਅਤੇ ਹੁਣ ਤਕ ਕਿੰਨੀ ਵਾਰੀ ਹੀ ਉਨ੍ਹਾਂ ਦੀ ਲਾਲਸਾ ਦੀਆਂ ਨਰਦਾਂ ਪੁੱਠੀਆਂ ਪੈ ਕੇ ਉਨ੍ਹਾਂ ਦੇ ਉੱਲੂ-ਬਾਟੇ ਅਖ਼ੀਰ ਨੂੰ ਹੁਣ ਮੂੰਧੇ ਵੀ ਵਜ ਚੁੱਕੇ ਹਨ।

ਬੱਸ ਮੁੱਕਦੀ ਗੱਲ ਇਹ ਹੈ ਕਿ ਰਾਜਨੀਤੀ ਵਿਚ ਧਰਮ ਆ ਜਾਵੇ ਤਾਂ ਠੀਕ ਹੈ, ਪਰ ਜਦੋਂ ਧਰਮ ਵਿਚ ਰਾਜਨੀਤੀ ਆ ਵੜਦੀ ਹੈ ਤਾਂ ਅਧਿਆਤਮਵਾਦ, ਸਦਾਚਾਰ ਤੇ ਇਥੋਂ ਤਕ ਸਾਡੇ ਇਤਿਹਾਸਿਕ ਪਿਛੋਕੜ ਦੀ ਗੱਲ-ਬਾਤ ਸਾਨੂੰ ਭੁੱਲ-ਭੁਲਾ ਹੀ ਜਾਂਦੀ ਹੈ। ਇਸ ਪ੍ਰਸੰਗ ਦੀ ਲਗਾਤਾਰਤਾ ਵਿਚ ਇਹ ਤਾਂ ਮੰਨਣਯੋਗ ਹੈ ਕਿ ਰਾਜਨੀਤੀ ਵਿਚ ਧਰਮ ਦਾ ਅੰਸ਼ ਸ਼ਾਮਲ ਹੋਵੇ, ਪਰ ਧਰਮ ਉਤੇ ਰਾਜਨੀਤੀ ਦਾ ਭਾਰੂ ਹੋਣਾ ਬਿਲਕੁੱਲ ਹੀ ਨਹੀਂ ਜਚਦਾ। ਵੈਸੇ ਹੁਣ ਜਦੋਂ ਇਸ ਪੱਖੋਂ ਉਪਰੋ-ਥਲੀ ਆਈ ਹੋਈ ਹੈ ਤਾਂ ਇਉਂ ਜਾਪਦਾ ਹੈ ਕਿ ਜਿਵੇਂ ਹਰ ਪਾਸੇ ਬੋਲ਼ੇ ਨੂੰ ਅੰਨ੍ਹਾ ਘੜੀਸੀ ਜਾ ਰਿਹਾ ਹੈ।

ਸਿਆਸਤ ਵਿਚ ਤਾਂ ਖਾਸ ਕਰਕੇ ਇਹ ਗੱਲ ਸਮਝਣ ਦੀ ਵੱਡੀ ਜ਼ਰੂਰਤ ਹੈ ਕਿ ਹੁਣ ਉਹ ਨਾਦਰਸ਼ਾਹੀ ਤੇ ਤਾਨਾਸ਼ਾਹੀ ਜ਼ਮਾਨੇ ਨਹੀਂ ਰਹੇ ਕਿ ਜਦੋਂ ਵਿਰੋਧੀ ਦਾਂ ਸਿਰ ਕਲਮ ਕਰਕੇ ਜਾਂ ਹੱਥ ਪੈਰ ਵੱਢ ਕੇ ਉਸ ਦਾ ਕੱਦ ਛੋਟਾ ਕੀਤਾ ਜਾਂਦਾ ਸੀ ਤੇ ਆਪਣਾ ਕੱਦ-ਬੁੱਤ ਵਧਾਇਆ ਜਾਂਦਾ ਸੀ। ਫਿਰ ਹੁਣ ਤਾਂ ਦੁਨੀਆਂ ਭਰ ਵਿਚ ਸਭਿਅਕ ਲੋਕਤੰਤਰੀ ਪ੍ਰਣਾਲੀ ਦਾ ਸਮਾਂ ਤੇ ਬੋਲਬਾਲਾ ਹੈ। ਇਸ ਲਈ ਵਿਰੋਧੀ ਧਿਰ ਵਲੋਂ ਲੋਕ ਹਿੱਤ ਵਿਚ ਆਪਣੀ ਕਾਰਗੁਜ਼ਾਰੀ ਦੀ ਵਾਹੀ ਹੋਈ ਲਕੀਰ ਨੂੰ ਕੱਟਣ ਜਾਂ ਮਿਟਾਉਣ ਦੀ ਬਜਾਏ ਆਪਣੇ ਕਾਰਨਾਮਿਆਂ ਨਾਲ ਆਪਣੀ ਲਕੀਰ ਨੂੰ ਵੱਡਾ ਕਰਨ ਦੀ ਅਹਿਮੀਅਤ ਨੂੰ ਸਮਝਣ ਤੇ ਵਿਚਾਰਨ ਦੀ ਲੋੜ ਹੈ।

ਖ਼ੈਰ! 'ਦੇਰ ਆਏ ਦਰੁਸਤ ਆਏ' ਦੇ ਚਲ ਰਹੇ ਪ੍ਰਸੰਗ ਅਨੁਸਾਰ ਫਿਰ 2004 ਤੋਂ 2006 ਤੱਕ ਸ਼ਤਾਬਦੀਆਂ ਆਈਆਂ ਕਿ ਜਿਨ੍ਹਾਂ ਨੂੰ ਮਨਾਉਣ ਸਮੇਂ ਸਾਡੀ ਰਾਜਨੀਤੀ ਵਿਚ ਧਰਮ ਤੇ ਧਾਰਮਿਕ ਜਜ਼ਬੇ ਦੀ ਮਾੜੀ-ਮੋਟੀ ਚੰਗੀ ਝਲਕ ਦੇਖਣ ਨੂੰ ਮਿਲੀ। ਜ਼ਿਕਰਯੋਗ ਹੈ ਕਿ ਇਸ ਪ੍ਰਥਾਇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਾਰਟੀ ਵਿਚ ਹੋਈ ਅਲੋਚਨਾ ਤੋਂ ਇਲਾਵਾ ਕਿੰਨੀਆਂ ਹੀ ਅੜਚਣਾਂ ਦਾ ਤਕੜੇ ਹੋ ਕੇ ਸਾਹਮਣਾ ਕੀਤਾ। ਇਥੋਂ ਤੱਕ ਕਿ ਉਨ੍ਹਾਂ ਦੀ ਪਾਰਟੀ ਦੇ ਕਈ ਵੱਡੇ ਲੀਡਰ ਤੇ ਖ਼ਾਸ ਕਰਕੇ ਪੰਜਾਬ ਪੱਧਰ ਦੇ ਕਈ ਮੰਤਰੀ ਵੀ ਆਪਣੀ ਇਸ ਨੈਤਿਕ ਤੇ ਇਤਿਹਾਸਿਕ ਜ਼ਿੰਮੇਵਾਰੀ ਤੋਂ ਪੱਤਰਾ ਵਾਚ ਗਏ। ਇਉਂ ਹੀ ਫਿਰ ਪੰਥਕ ਜਥੇਬੰਦੀਆਂ ਤੇ ਸੰਸਥਾਵਾਂ ਨੇ ਵੀ ਕੌਮ ਦੇ ਅਜਿਹੇ ਧਾਰਮਿਕ ਤੇ ਇਤਿਹਾਸਿਕ ਮਸਲਿਆਂ 'ਤੇ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਣ ਦੀ ਬਜਾਏ ਆਪਣੇ ਫਰਜ਼ਾਂ ਤੋਂ ਪੱਲਾ ਝਾੜ ਲਿਆ।

ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਸਭ ਕਾਸੇ ਦਾ ਨਤੀਜਾ ਇਹ



Original with;
Kulbir Singh Sidhu(I.A.S)
Digitized by;
Panjab Digital Library

ਨਿਕਲਿਆ ਕਿ ਇਨ੍ਹਾਂ ਸ਼ਤਾਬਦੀਆਂ ਦੀਆਂ ਮੁਸ਼ਕ-ਕਫੂਰ ਤੇ ਇਤਰ-ਫੁਲੇਲਾਂ ਵਰਗੀਆਂ ਸੁੰਗਧੀਆਂ ਨੂੰ ਅਸੀਂ ਹੱਥੋ ਹੱਥੀ ਸਭ ਨੇ ਮਿਲ-ਮਿਲਾ ਕੇ ਕਫੂਰ ਕਰ ਦਿੱਤਾ। ਇਸ ਪ੍ਰਸੰਗ ਵਿਚ ਹੀ ਜ਼ਿਕਰਯੋਗ ਹੈ ਕਿ ਚਮਕੌਰ ਸਾਹਿਬ ਵਿਖੇ ਦਸੰਬਰ 2004 ਵਿਚ ਵੱਡੇ ਸਾਹਿਬਜ਼ਾਦਿਆਂ, ਗੁਰੂ ਸੰਵਾਰੇ ਯੋਧਿਆਂ ਤੇ ਸ਼ਹੀਦਾਂ ਦੀ ਪਾਵਨ ਯਾਦ ਵਿਚ ਤਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਥੀਮ ਪਾਰਕ ਸ਼ੁਰੂ ਕਰਵਾਇਆ ਸੀ, ਪਰ ਇਹ ਉਨ੍ਹਾਂ ਦੇ ਅਹਿਦ ਵਿਚ ਮੁਕੰਮਲ ਨਹੀਂ ਹੋ ਸਕਿਆ। ਉਨ੍ਹਾਂ ਤੋਂ ਬਾਅਦ ਅਵਾਮ ਦੀ ਮੰਗ ਦੇ ਬਾਵਜੂਦ ਵੀ ਆਪਣੇ ਆਪ ਨੂੰ ਪੰਥਕ ਕਹਾਉਂਦੀ ਸਰਕਾਰ ਪਤਾ ਨਹੀਂ ਆਪਣੀ ਕਿਹੜੀ ਮਜ਼ਬੂਰੀ ਦੇ ਕਾਰਨ ਇਸ ਨੂੰ ਮੁਕੰਮਲ ਨਹੀਂ ਕਰ ਸਕੀ। ਸਗੋਂ ਹੁਣ ਤਕ ਵੀ ਇਹ ਅਧੂਰਾ ਹੀ ਖੜ੍ਹਾ ਹੈ ਅਤੇ ਇਹ ਗੱਲ ਸਾਰੇ ਸਿੱਖ ਸਮਾਜ ਵਾਸਤੇ ਸ਼ਰਮ ਦਾ ਬਾਇਸ ਬਣ ਚੁਕੀ ਹੈ ਕਿ ਇਥੋਂ ਰੇਤਾ, ਬਜਰੀ, ਇੱਟਾਂ ਤੇ ਸਰੀਆ ਭਾਵ ਉਸਾਰੀ ਦਾ ਸਮਾਨ ਖੁਰਦ-ਬੁਰਦ ਹੀ ਹੋ ਗਿਆ ਹੈ।

ਸਾਡੀ ਕੌਮ ਤੇ ਖ਼ਾਸ ਕਰਕੇ ਸਾਡੇ ਆਗੂਆਂ ਲਈ ਇਹ ਆਤਮ-ਚਿੰਤਨ ਕਰਨ ਵਾਲੀ ਗੱਲ ਹੈ ਕਿ ਸਾਡੇ ਗੁਰੂ ਸਾਹਿਬਾਨ, ਸਾਹਿਬਜ਼ਾਦੇ ਤੇ ਸ਼ਹੀਦ ਸਿੰਘ ਕੀ ਕਿਸੇ ਰਾਜਸੀ ਪਾਰਟੀ ਨਾਲ ਸਬੰਧ ਰੱਖਦੇ ਸਨ ਕਿ ਜਿਸ ਕਰਕੇ ਉਹ ਹੁਣ ਸਾਡੀਆਂ ਰਾਜਸੀ ਕਿੜ੍ਹਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਪ੍ਰਥਾਇ ਕਹਿੰਦੇ ਹਨ ਕਿ ਜਿਹੜਾ ਕੰਮ ਹਿੰਦੂ ਆਪਣੇ ਤਰੀਕੇ ਨਾਲ ਕਰਦੇ ਹਨ, ਉਹੀ ਕੰਮ ਮੁਸਲਮਾਨ ਆਪਣੇ ਵੱਖਰੇ ਹੀ ਢੰਗ-ਤਰੀਕੇ ਨਾਲ ਕਰਦੇ ਹਨ। ਇਸ ਦੀ ਇਕ ਮਿਸਾਲ ਹੈ ਕਿ ਅਸੀਂ ਸਾਰੇ ਹੱਥ ਹੇਠਾਂ ਨੂੰ ਕਰਕੇ ਧੋਂਦੇ ਹਾਂ, ਪਰ ਮੁਸਲਮਾਨ ਹੱਥ ਉਤਾਂਹ ਨੂੰ ਕਰਕੇ ਪਾਣੀ ਕੂਹਣੀਆਂ ਵੱਲ ਨੂੰ ਵਗਾਉਂਦੇ ਹਨ। ਬੱਸ ਅਜਿਹਾ ਕੁਝ ਹੀ ਹੁਣ ਸਾਡੇ ਸਮਾਜ ਵਿਚ ਵੱਖ-ਵੱਖ ਸੰਪ੍ਰਦਾਵਾਂ, ਰਾਜਸੀ ਪਾਰਟੀਆਂ ਤੇ ਫ਼ਿਰਕਿਆਂ ਦੀ ਕਾਰਗੁਜ਼ਾਰੀ ਵਿਚ ਦ੍ਰਿਸ਼ਟਮਾਨ ਹੋ ਰਿਹਾ ਹੈ।

ਬਹਿਰਹਾਲ, ਇਸ ਤਰ੍ਹਾਂ ਹੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 4 ਮਈ 2005 ਨੂੰ ਮੁਕਤਸਰ ਵਿਖੇ 40 ਮੁਕਤਿਆਂ ਦੀ ਬੇਮਿਸਾਲ ਕੁਰਬਾਨੀ ਦੀ ਯਾਦ ਵਿਚ 'ਮੁਕਤਾ ਮਿਨਾਰ' ਬਣਾਇਆ ਸੀ। ਇਹ ਗੱਲ ਵਖਰੀ ਹੈ ਕਿ ਉਰਦੂ ਜ਼ੁਬਾਨ ਦੀ ਅਧੂਰੀ ਜਾਣਕਾਰੀ ਦੇ ਕਾਰਨ ਅਸੀਂ ਇਸ ਨੂੰ ਮੁਸਲਮਾਨੀ ਤਰਜ਼ 'ਤੇ 'ਮੀਨਾਰ-ਏ-ਮੁਕਤਾ' ਕਿਹਾ ਹੈ। ਗੌਰਤਲਬ ਹੈ ਕਿ ਇਸ ਸਮਾਰਕ ਦੇ ਸਥਾਨ ਤੇ ਨਾਮ ਦੀ ਚੋਣ ਸਬੰਧੀ ਉਦੋਂ ਦੀ ਵਿਰੋਧੀ ਧਿਰ ਵਲੋਂ ਖਾਸਾ ਵਾਵੇਲਾ ਹੋਇਆ ਸੀ। ਚਲੋ, ਇਹ ਤਾਂ ਹੋਈ ਬੀਤੀ, ਪਰ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਬਿਲਕੁਲ ਨਾਲ ਹੋਣ ਦੇ ਬਾਵਜੂਦ ਵੀ ਇਸ ਯਾਦਗਾਰ ਦੀ ਸੰਭਾਲ ਨਹੀਂ ਹੋ ਰਹੀ। ਹੁਣ ਇਹ ਸਮਾਰਕ ਸਾਂਭ-ਸੰਭਾਲ ਦੇ ਪੱਖੋਂ ਬੁਰੇ ਹਾਲ ਤੇ ਬੌਂਕੇ-ਦਿਹਾੜੇ ਹੈ ਕਿਉਂਕਿ ਇਹ ਸਮਾਰਕ ਬਣਨ ਵੇਲੇ ਹੋਰ ਸਰਕਾਰ ਸੀ ਤੇ ਹੁਣ ਹੋਰ ਸਰਕਾਰ ਹੈ।

ਇਉਂ ਹੀ ਉਦੋਂ ਮੁਕਤਸਰ ਸਾਹਿਬ ਤੇ ਫ਼ਤਿਹਗੜ੍ਹ ਸਾਹਿਬ ਵਿਖੇ ਯਾਦਗਾਰੀ ਦਰਸ਼ਨੀ ਡਿਊਢੀਆਂ ਦੀ ਉਸਾਰੀ ਕਰਵਾਈ ਗਈ ਸੀ, ਜਿਹੜੀਆਂ ਕਿ ਅਜ ਵੀ



Original with;
Kulbir Singh Sidhu(I.A.S)
Digitized by;
Panjab Digital Library

ਸਹੀ ਸੰਭਾਲ ਦੀਆਂ ਮੁਥਾਜ ਹਨ। ਬਸ ਕਿਤੇ ਲੋਕਾਂ ਵਲੋਂ ਰੌਲਾ ਪੈਣ 'ਤੇ ਹੀ ਪ੍ਰਸ਼ਾਸਨ ਦਾ ਇਸ ਪਾਸੇ ਧਿਆਨ ਜਾਂਦਾ ਹੈ। ਫਿਰ ਇਸ ਗੱਲ ਦੀ ਹੈਰਾਨੀ ਵੀ ਹੁੰਦੀ ਹੈ ਤੇ ਸ਼ਰਮ ਵੀ ਆਉਂਦੀ ਹੈ ਕਿ ਹੁਣ ਵੀ ਹਰ ਸਾਲ ਚਮਕੌਰ ਸਾਹਿਬ ਤੇ ਫ਼ਤਿਹਗੜ੍ਹ ਸਾਹਿਬ ਜਾਂ ਫਿਰ ਮਾਘੀ ਦੇ ਮੇਲੇ 'ਤੇ ਅਸੀਂ ਸਾਰੇ ਤੇ ਖ਼ਾਸ ਕਰਕੇ ਸਾਡੇ ਆਗੂ ਇਨ੍ਹਾਂ ਸ਼ਹੀਦਾਂ ਦੇ ਦਿਨ-ਦਿਹਾੜੇ ਮਨਾਉਂਦੇ ਹੋਏ, ਸ਼ਹੀਦਾਂ ਦੀ ਸ਼ਹਾਦਤ ਦੇ ਸੰਦਰਭ ਵਿਚ ਆਪਣੀ ਅਖੌਤੀ ਸ਼ਰਧਾ ਦੀਆਂ ਟਾਹਰਾਂ ਮਾਰਦੇ ਹੋਏ, ਅਕਸਰ ਹੀ ਇਹ ਕਹਿੰਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਤੇ ਆਪਣੇ ਸੰਘਰਸ਼ੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੀਆਂ ਹਨ, ਉਹ ਵੀ ਖਤਮ ਹੋ ਜਾਂਦੀਆਂ ਹਨ।

ਇਸ ਸੰਦਰਭ ਵਿਚ ਇਸ ਦੇ ਉਲਟ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਮੁਕਤਸਰ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਦੇ ਸ਼ਹੀਦਾਂ-ਮੁਰੀਦਾਂ ਦੀ ਯਾਦ ਵਿਚ ਬਣਾਏ ਗਏ ਇਨ੍ਹਾਂ ਦਰਸ਼ਨੀ ਦਰਵਾਜ਼ਿਆਂ ਦੇ ਪਿਛੋਕੜ ਵਿਚ ਖੜ੍ਹੇ ਇਤਿਹਾਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਇਉਂ ਹੀ ਇਨ੍ਹਾਂ ਡਿਊਢੀਆਂ ਨਾਲ ਜੁੜੇ ਸਾਡੇ ਸਿਰਕੱਢ ਕੌਮੀ ਸ਼ਹੀਦਾਂ, ਮੁਰੀਦਾਂ ਤੇ ਮਰਜੀਵੜਿਆਂ ਦੀ ਜੀਵਨ ਸਾਰਨੀ ਜਾਂ ਉਨ੍ਹਾਂ ਦੀ ਕੌਮ ਨੂੰ ਦੇਣ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਹੋਰ ਗੱਲ ਤਾਂ ਛੱਡੋ, ਸਗੋਂ ਤੀਰਥਾਂ ਦੇ ਤੁਲ ਸਾਡੇ ਇਨ੍ਹਾਂ ਪਾਵਨ ਇਤਿਹਾਸਿਕ ਗੁਰਦੁਆਰਿਆਂ ਸਬੰਧੀ ਜਾਣਕਾਰੀ ਦੇਣ ਵਾਲੇ ਸੇਵਾਦਾਰ ਵੀ ਸਾਨੂੰ ਤਕਰੀਬਨ-ਤਕਰੀਬਨ ਇਤਿਹਾਸ ਦੀ ਥਾਂ ਮਿਥਿਹਾਸ ਹੀ ਸੁਣਾ ਰਹੇ ਹੁੰਦੇ ਹਨ। ਉਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਦਾ ਤੋੜਾ ਅਖੀਰ ਨੂੰ ਉਸ ਪਾਵਨ ਇਤਿਹਾਸਿਕ ਸਥਾਨ ਉਤੇ ਦੁੱਧ-ਪੁੱਤ ਦੀਆਂ ਸੁੱਖਣਾ-ਸੁੱਖਣ ਤੇ ਸੁੱਖਣਾ ਲਾਹੁਣ 'ਤੇ ਹੀ ਝੜਦਾ ਹੈ।

ਇਸ ਤਰ੍ਹਾਂ ਹੀ ਸੰਨ 2010 ਵਿਚ 'ਮਹਾਨ ਗੁਰੂ ਦੇ ਮਹਾਨ ਬੰਦੇ' ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਦੇ ਸਿੱਖਾਂ ਤੇ ਪੰਜਾਬੀਆਂ ਵਲੋਂ 710 ਸਾਲ ਦੀ ਲਗਾਤਾਰ ਗੁਲਾਮੀ ਤੋਂ ਬਾਅਦ ਪ੍ਰਾਪਤ ਕੀਤੀ ਜਿਤ ਦੀ ਯਾਦ ਵਿਚ 300 ਸਾਲਾ 'ਸਰਹਿੰਦ ਫਤਹਿ ਦਿਵਸ' ਮਨਾਇਆ ਗਿਆ। ਇਸ ਚੱਪੜਚਿੜੀ ਦੇ ਮੈਦਾਨ ਵਿਚ ਸਰਹਿੰਦ ਫਤਹਿ ਦੀ ਯਾਦਗਾਰ ਵਜੋਂ ਹੁਣ 'ਮਿਨਾਰ-ਏ-ਫਤਹਿ' ਉਸਾਰਿਆ ਗਿਆ ਹੈ।

ਖੈਰ! ਇਤਿਹਾਸਿਕ ਸ਼ਤਾਬਦੀਆਂ ਮਨਾਉਣ ਦੇ ਪ੍ਰਸੰਗ ਵਿਚ 12 ਮਈ 2010 ਨੂੰ 'ਸਰਹਿੰਦ ਫਤਹਿ ਦੀ ਤ੍ਰੈਸ਼ਤਾਬਦੀ' ਚੰਡੀਗੜ੍ਹ ਤੇ ਮੋਹਾਲੀ ਦੇ ਨਾਲ ਲਗਦੇ ਹੁਣ ਤਕ ਅਣਗੌਲੇ ਜਿਹੇ ਇਤਿਹਾਸਿਕ ਨਗਰ ਚੱਪੜਚਿੜੀ ਵਿਚ ਮਨਾਈ ਗਈ। ਇਸ ਸ਼ਤਾਬਦੀ ਦਾ ਤਾਂ ਕੀ ਕਹਿਣਾ ਹੈ, ਸਗੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀ ਜਰਨੈਲ ਵੀ ਸਾਡੀ ਫ਼ਿਰਕਾਪ੍ਰਸਤੀ ਤੇ ਸਿਆਸਤ ਦੀ ਪਾਟੋ-ਧਾੜ ਦਾ ਸ਼ਿਕਾਰ ਹੋ ਗਏ। ਹਰ ਪਾਰਟੀ ਤੇ ਹਰ ਫਿਰਕਾ ਤਿੰਨ ਸਦੀਆਂ ਬਾਅਦ ਨਵੀਂ-ਨਵੀਂ ਜਾਗ੍ਰਿਤ ਹੋਈ ਇਤਿਹਾਸਿਕ ਲਾਲਸਾ ਦੇ ਤਹਿਤ 'ਮਹਾਨ ਗੁਰੂ ਦੇ ਮਹਾਨ ਬੰਦੇ' ਨੂੰ ਆਪਣਾ ਕਹਿਣ ਅਤੇ ਨਿੱਜੀ ਤੌਰ 'ਤੇ ਕਰੀਬੀ ਬਣਾਉਣ ਦੀ ਦੌੜ ਵਿਚ ਅੱਡੀਆਂ ਚੁਕੀ ਖੜ੍ਹਾ ਸੀ।



Original with;
Kulbir Singh Sidhu(I.A.S)
Digitized by;
Panjab Digital Library

ਇਸ ਸੰਦਰਭ ਵਿਚ ਹੋਰ ਤਾਂ ਹੋਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕਦਮ ਤਿੰਨ ਸਦੀਆਂ ਬਾਅਦ ਇੰਨੀਆਂ ਸਰਗਰਮ ਹੋ ਗਈਆਂ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਜੰਗੀ ਲਿਬਾਸ ਵਿਚ ਲੋਹ ਟੋਪ ਦੀ ਵਰਤੋਂ ਹੋਈ ਸੀ ਜਾਂ ਪੱਗ ਸ਼ਾਮਲ ਸੀ; ਬੱਸ ਉਹ ਇਸ ਮਸਲੇ 'ਤੇ ਗਲੋਗੀਰ ਹੁੰਦੀਆਂ ਰਹੀਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ 740 ਸਿੰਘਾਂ ਦੀ ਲਸਾਨੀ ਕੁਰਬਾਨੀ ਜਾਂ ਫਿਰ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਦਾ ਮਹਾਨ ਬੰਦਾ ਜਾਂ ਸੇਵਕ ਹੋਣ ਦੀ ਅਹਿਮ ਗਾਥਾ ਪ੍ਰਚਾਰ ਤੇ ਪ੍ਰਸਾਰ ਦੇ ਪੱਖੋਂ ਹੁਣ ਵੀ ਪਿਛਲੀਆਂ ਤਿੰਨ ਸਦੀਆਂ ਵਾਂਗੂੰ ਅਣਗੌਲੀ ਹੀ ਪਈ ਹੈ।

ਗੌਰਤਲਬ ਹੈ ਕਿ ਫਿਰ ਚੱਪੜਚਿੜੀ ਵਿਖੇ ਬਣਾਈ ਜਾ ਰਹੀ ਯਾਦਗਾਰ ਦੇ ਡਿਜ਼ਾਈਨ 'ਤੇ ਨਾਮਕਰਣ ਦੇ ਮਸਲੇ 'ਤੇ ਬਹੁਤ ਚਿਰ ਅਖ਼ਬਾਰੀ ਮੱਥਾਪੱਚੀ ਹੁੰਦੀ ਰਹੀ ਹੈ। ਕੁਝ ਕੁ ਲੋਕਾਂ ਦਾ ਸੁਝਾਅ ਸੀ ਕਿ ਇਸ ਯਾਦਗਾਰ ਦਾ ਹੁਣ ਵਾਲਾ ਨਾਮ 'ਮਿਨਾਰ-ਏ-ਫਤਹਿ' ਰੱਖਿਆ ਜਾਵੇ। ਇਕ ਵਿਚਾਰ ਇਸ ਤੋਂ ਵੀ ਵਧੀਆ ਸੀ ਕਿ ਇਸ ਦਾ ਨਾਂਅ ਫਤਹਿ-ਮਿਨਾਰ ਜਾਂ ਖਾਲਸਾ ਫਤਹਿ ਬੁਰਜ ਰੱਖਿਆ ਜਾਵੇ, ਪਰ ਇਹ ਸੁਝਾਅ ਸਰਵੇ-ਸਰਵਾ ਲੋਕਾਂ ਨੂੰ ਇਸ ਲਈ ਮਨਜ਼ੂਰ ਨਹੀਂ ਸੀ ਕਿਉਂਕਿ ਸੁਝਾਅ ਦੇਣ ਵਾਲੇ ਵਿਰੋਧੀ ਧਿਰ ਨਾਲ ਸਬੰਧ ਰੱਖਦੇ ਸਨ। ਮੁਕਦੀ ਗੱਲ ਕਿ ਦੋਨੋਂ ਪਾਸਿਆਂ ਤੋਂ ਕਥਿਤ ਵਿਦਵਤਾ ਦੀ ਗੁੱਲੀ ਦਣ ਪਾਉਣ ਮਾਤਰ ਬਹਿਸਬਾਜ਼ੀ ਵਿਚ ਇਤਿਹਾਸਿਕ ਤੌਰ 'ਤੇ ਕਿਤੇ ਨਾ ਕਿਤੇ ਸ਼ਹੀਦਾਂ ਪ੍ਰਤੀ ਪ੍ਰੇਮ ਤੇ ਸ਼ਰਧਾ ਕਾਫ਼ੀ ਹੱਦ ਤੱਕ ਮਨਫ਼ੀ ਸੀ।

ਇਸ ਤਰ੍ਹਾਂ ਉਰਦੂ ਨਾਮਕਰਣ ਦੇ ਪ੍ਰਸੰਗ ਵਿਚ ਇਕ ਨਵੀਂ ਹੀ ਗੱਲ ਸਾਹਮਣੇ ਆਉਂਦੀ ਹੈ ਕਿ ਜਦੋਂ ਕਿਤੇ ਸਾਨੂੰ ਸ਼ਾਇਰੀ ਦਾ ਸ਼ੌਕ ਚਰਮਰਾਉਂਦਾ ਹੈ ਜਾਂ ਸਾਨੂੰ ਇਤਿਹਾਸ ਦੀ ਗੱਲ ਚੇਤੇ ਆਉਂਦੀ ਹੈ ਤਾਂ ਸਾਡੇ ਉਪਰ ਭੁੱਲੀ-ਵਿਸਰੀ ਉਰਦੂ ਭਾਸ਼ਾ ਨੂੰ ਬੇਮਤਲਬ ਹੀ ਵਰਤਣ ਦਾ ਭੂਤ ਸਵਾਰ ਹੋ ਜਾਂਦਾ ਹੈ। ਜ਼ਾਹਿਰ ਹੈ ਕਿ ਜਦੋਂ ਸਾਨੂੰ ਇਤਿਹਾਸਿਕ ਯਾਦਗਾਰਾਂ ਜਾਂ ਰੇਲ ਗੱਡੀਆਂ ਦੇ ਨਾਮਕਰਣ ਵਾਸਤੇ ਉਰਦੂ ਭਾਸ਼ਾ ਵਰਤਣ ਦਾ ਸ਼ੌਕ ਜਾਗਦਾ ਹੈ ਤਾਂ ਅਸੀਂ ਇਸ ਜ਼ੁਬਾਨ ਦੀਆਂ ਬਾਰੀਕੀਆਂ ਤੋਂ ਅਣਜਾਣ ਹੋਣ ਕਰਕੇ ਅਕਸਰ ਹੀ ਇਸ ਜ਼ੁਬਾਨ ਦੀ ਮਾੜੀ-ਮੋਟੀ ਕਦਰ ਕਰਦੇ-ਕਰਦੇ, ਇਸ ਦੀ ਬੇਕਦਰੀ ਬਹੁਤੀ ਕਰ ਦਿੰਦੇ ਹਾਂ।

ਇਸ ਦੀ ਇਕ ਮਿਸਾਲ ਹੈ ਕਿ ਹੁਸੈਨੀਵਾਲਾ ਬਾਰਡਰ 'ਤੇ ਉਸਾਰੇ ਗਏ ਗੇਟ ਦਾ ਨਾਮ 'ਸ਼ਾਨ-ਏ-ਹਿੰਦ' ਤਾਂ ਜਚਦਾ ਹੈ ਅਤੇ ਇਸ ਤਰ੍ਹਾਂ ਹੀ ਰੇਲ ਗੱਡੀ ਦਾ ਨਾਮ 'ਸ਼ਾਨ-ਏ-ਪੰਜਾਬ' ਵੀ ਬਣਦਾ-ਫ਼ਬਦਾ ਹੈ; ਪਰ ਜਦੋਂ ਅਸੀਂ ਮੁਕਤਸਰ ਦੇ ਚਾਲੀ ਮੁਕਤਿਆਂ ਦੀ ਯਾਦ ਵਿਚ ਬਣੇ ਮਿਨਾਰ ਨੂੰ 'ਮੀਨਾਰ-ਏ-ਮੁਕਤਾ' ਅਤੇ ਅਨੰਦਪੁਰ ਸਾਹਿਬ ਵਿਖੇ 'ਖਾਲਸਾ ਵਿਰਾਸਤ' ਨੂੰ 'ਵਿਰਾਸਤ-ਏ-ਖਾਲਸਾ ਸੈਂਟਰ' ਅਤੇ ਜਾਂ ਫਿਰ ਚੱਪੜਚਿੜੀ ਵਿਖੇ 'ਸਰਹਿੰਦ ਫਤਹਿ ਮਿਨਾਰ' ਨੂੰ 'ਮਿਨਾਰ-ਏ-ਫਤਹਿ' ਲਿਖਦੇ ਜਾਂ ਬੋਲਦੇ ਹਾਂ ਤਾਂ ਜਾਪਦਾ ਹੈ ਕਿ ਅਸੀ ਉਰਦੂ ਜ਼ੁਬਾਨ ਨੂੰ ਮਹਿਜ਼ ਵਰਤਣ ਦੀ



Original with;
Kulbir Singh Sidhu(I.A.S)
Digitized by;
Panjab Digital Library

ਖ਼ਾਤਿਰ ਬੇਮਤਲਬ ਹੀ ਗ਼ਲਤ-ਮਲ੍ਹਤ ਮੂੰਹ ਮਾਰਨ ਦੀ ਕੋਸ਼ਿਸ਼ ਕਰਦੇ ਹਾਂ।

ਖੈਰ! ਇਸ ਤੋਂ ਅੱਗੇ ਇਕ ਹੋਰ ਮਤਲਬ ਦੀ ਗੱਲ ਕਰੀਏ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵਿਸਾਖੀ ਦੇ ਇਤਿਹਾਸਿਕ ਦਿਹਾੜੇ ਤੇ ਘਟਨਾਵਾਂ ਦੀ ਯਾਦ ਨੂੰ ਬਹਾਲ ਕਰਨ ਵਾਸਤੇ 10 ਅਪ੍ਰੈਲ 1973 ਨੂੰ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤਲਵੰਡੀ ਸਾਬੋ ਤੱਕ 577 ਕਿਲੋਮੀਟਰ 'ਗੁਰੂ ਗੋਬਿੰਦ ਸਿੰਘ ਮਾਰਗ' ਬਣਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਸੀ। ਬੇਸ਼ੱਕ ਹੁਣ ਵੱਧ ਚੁਕੀ ਅਬਾਦੀ ਤੇ ਬੇਸ਼ੁਮਾਰ ਬੱਸਾਂ, ਕਾਰਾਂ ਤੇ ਟਰੱਕਾਂ ਦੀ ਆਵਾਜਾਈ ਵਾਸਤੇ ਇਹ ਮਾਰਗ ਕਈ ਥਾਵਾਂ 'ਤੇ ਧਰਾਤਲੀ ਪੱਧਰ ਉਪਰ ਚੌੜਾ ਹੋਇਆ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਸਾਨੂੰ ਸ਼ੁਰੂ ਤੋਂ ਲੈ ਕੇ ਹੁਣ ਤਕ ਅਧਿਆਤਮਿਕ ਪੱਧਰ 'ਤੇ ਇਸ ਮਾਰਗ ਦੀ ਅਹਿਮੀਅਤ ਸਮਝ ਹੀ ਨਹੀਂ ਆਈ। ਇਸ ਵਾਸਤੇ ਇਹ 'ਗੋਬਿੰਦ ਮਾਰਗ' ਸਾਡੇ ਆਪਣੇ ਜੀਵਨ ਦੇ ਗਾਡੀ-ਰਾਹਾਂ ਵਾਂਗ ਹੀ ਚਿੱਕੜ ਤੇ ਦਲਦਲ ਦੇ ਵਿਚੋਂ ਹੀ ਲੰਘ ਰਿਹਾ ਹੈ।

ਵੈਸੇ ਦੇਰ ਆਏ ਦਰੁਸਤ ਆਏ ਦੇ ਪ੍ਰਸੰਗ ਵਿਚ ਸ਼ੁਕਰ ਹੈ ਕਿ ਹੁਣ ਕੁੱਪ-ਰਹੀੜੇ ਤੇ ਕਾਹਨੂੰਵਾਨ ਦੇ ਦੋਨੋਂ ਛੋਟੇ-ਵੱਡਿਆਂ ਘੱਲੂਘਾਰਿਆਂ ਦੀਆਂ ਯਾਦਗਾਰਾਂ ਮੁਕੰਮਲ ਹੋ ਗਈਆਂ ਹਨ। ਪਰ ਇਹ ਵੀ ਚੱਪੜਚਿੜੀ ਦੇ ਸਰਹਿੰਦ ਫਤਿਹ ਸਮਾਰਕ ਵਾਂਗੂੰ ਕੋਈ ਖ਼ਾਸ ਇਤਿਹਾਸਿਕ ਜਾਂ ਸਭਿਆਚਾਰਕ ਜਾਣਕਾਰੀ ਦੇਣ ਦੇ ਪੱਖੋਂ ਖਾਮੋਸ਼ ਖੜ੍ਹੇ ਹਨ। ਫਿਰ ਦੁੱਖ ਦੀ ਗੱਲ ਇਹ ਵੀ ਹੈ ਕਿ ਇਨ੍ਹਾਂ ਸਮਾਰਕਾਂ ਦੀਆਂ ਸਰਪ੍ਰਸਤ ਸਰਕਾਰਾਂ ਜਾਂ ਧਾਰਮਿਕ ਸੰਸਥਾਵਾਂ ਵੀ ਚੁੱਪ-ਗੜੁੱਪ ਹਨ। ਕੌਮੀ ਸਪੂਤਾਂ ਤੇ ਸ਼ਹੀਦਾਂ ਦੇ ਕਾਰਨਾਮਿਆਂ ਦੀ ਜਾਣਕਾਰੀ ਅੱਗੇ ਤੋਰਨ ਦੇ ਪੱਖੋਂ ਥੋੜ੍ਹੀ ਜਿਹੀ ਤਸੱਲੀ ਵਾਲੀ ਕਾਰਵਾਈ ਨਾਮਧਾਰੀ ਸੰਪ੍ਰਦਾ ਵੱਲੋਂ ਕੀਤੀ ਜਾ ਰਹੀ ਹੈ। ਮਲੇਰਕੋਟਲਾ ਵਿਖੇ ਕੂਕਿਆਂ ਦੀ ਯਾਦਗਾਰ ਮੁਕੰਮਲ ਹੋ ਚੁੱਕੀ ਹੈ ਤੇ ਨਾਮਧਾਰੀ ਸਿੰਘਾਂ ਵੱਲੋਂ ਕੂਕੇ ਸ਼ਹੀਦਾਂ ਤੇ ਸੰਘਰਸ਼ੀਆਂ ਦੀਆਂ ਕੁਰਬਾਨੀਆਂ ਨੂੰ ਪ੍ਰਚਾਰਣ ਤੇ ਪ੍ਰਸਾਰਣ ਲਈ ਕਈ ਯਤਨ ਹੋ ਰਹੇ ਹਨ। ਇਸ ਪ੍ਰਥਾਇ ਸਾਨੂੰ ਪੰਥਕ ਸੋਚ ਵਾਲਿਆਂ ਨੂੰ ਘੱਟੋ-ਘੱਟ ਉਨ੍ਹਾਂ ਤੋਂ ਹੀ ਕੋਈ ਸਬਕ ਲੈਣ ਦੀ ਲੋੜ ਹੈ।

ਬੇਸ਼ੱਕ ਕੌਮ ਵੱਲੋਂ ਸੰਨ 1966 ਤੋਂ ਲੈ ਕੇ 2010 ਹੁਣ ਤੱਕ 14 ਸ਼ਤਾਬਦੀਆਂ ਮਨਾਉਣ ਦਾ ਉਦਮ-ਉਪਰਾਲਾ ਆਪਣੇ ਪੁਰਖਿਆਂ ਦੇ ਪ੍ਰਤੀ ਕ੍ਰਿਤਗਤਾ ਦੇ ਇਜ਼ਹਾਰ ਵਜੋਂ ਇਕ ਸੋਹਣੀ ਸ਼ੁਰੂਆਤ ਕਿਹਾ ਜਾ ਸਕਦਾ ਹੈ, ਪਰ ਸਿੱਖ ਧਰਮ ਦੇ ਮਹਾਨ ਫ਼ਲਸਫ਼ੇ, ਸਿਧਾਂਤਾਂ ਤੇ ਸੰਕਲਪਾਂ ਸਬੰਧੀ ਕਿਹਾ ਜਾ ਸਕਦਾ ਹੈ ਕਿ ਸੇਰ ਰੂੰ ਵਿਚੋਂ ਹਾਲੇ ਪੂਣੀ ਵੀ ਨਹੀਂ ਕੱਤੀ ਗਈ। ਫਿਰ ਸਪਸ਼ਟ ਹੈ ਕਿ ਸਾਡੇ ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਿਸ਼ਵਵਿਆਪੀ ਤੇ ਅਟਲਾਧੀਆਂ ਸਿੱਖਿਆਵਾਂ ਨੂੰ ਅਸੀਂ ਪੰਜਾਬ ਦੀਆਂ ਸਰਹੱਦਾਂ ਤੋਂ ਅੱਗੇ ਨਹੀਂ ਲਿਜਾ ਸਕੇ, ਜੋ ਕਿ ਸਾਡੀ ਘੋਰ ਅਵੇਸਲਾਪਣ ਤੇ ਅਣਗਹਿਲੀ ਹੈ। ਇਉਂ ਹੀ ਅਸੀਂ ਆਪਣੇ ਗੁਰੂ ਸਹਿਬਾਨ, ਉਨ੍ਹਾਂ ਦੇ ਸ਼ਹੀਦਾਂ-ਮੁਰੀਦਾਂ ਤੇ ਸਾਡੇ ਕੌਮੀ ਸੰਘਰਸ਼ੀ ਯੋਧਿਆਂ ਦੇ ਜੀਵਨ



Original with;
Kulbir Singh Sidhu(I.A.S)
Digitized by;
Panjab Digital Library

ਇਤਿਹਾਸ ਤੇ ਕਾਰਨਾਮਿਆਂ ਬਾਰੇ ਸਹੀ ਜਾਣਕਾਰੀ ਨੂੰ ਸਹੀ ਪਰਿਪੇਖ ਵਿਚ ਲਿਆ ਕੇ ਦੁਨੀਆਂ ਵਿਚ ਨਸ਼ਰ ਕਰਨ ਦੀ ਵੱਡੀ ਮੁਹਿੰਮ ਹਾਲੇ ਬਾਕੀ ਹੈ।

ਇਸ ਪ੍ਰਸੰਗ ਵਿਚ ਸਾਨੂੰ ਆਪਣੇ ਇਤਿਹਾਸਿਕ ਤੇ ਸਾਹਿਤਕ ਵਿਰਸੇ ਨੂੰ ਸੰਭਾਲਣ ਦੀ ਗਰਜ਼ ਨਾਲ ਯੂਰਪੀਅਨ ਤੇ ਖਾਸ ਕਰਕੇ ਇੰਗਲੈਂਡ ਦੇ ਲੋਕਾਂ ਤੋਂ ਬਹੁਤ ਹੀ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਦੇ ਨਗਰਾਂ, ਪਾਰਕਾਂ ਤੇ ਸੜਕਾਂ ਵਿਚ ਥਾਂ-ਥਾਂ 'ਤੇ ਉਨ੍ਹਾਂ ਦੀਆਂ ਮਹਾਨ ਸ਼ਖਸੀਅਤਾਂ ਤੇ ਉਨ੍ਹਾਂ ਦੇ ਕਾਰਨਾਮਿਆਂ ਬਾਰੇ ਮੂੰਹੋਂ ਬੋਲਦੀ ਜਾਣਕਾਰੀ ਮਿਲਦੀ ਹੈ। ਮੈਂ ਇੰਗਲੈਂਡ ਤੋਂ ਸਕਾਟਲੈਂਡ ਤਕ ਉਥੋਂ ਦੇ ਨਗਰ ਤੇ ਮਿਊਜ਼ੀਅਮ ਵੇਖੇ ਹਨ। ਹੈਰਾਨੀ ਦੀ ਗੱਲ ਹੈ ਕਿ ਸਾਡੇ ਦੇਸ਼ ਦੇ ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਉਥੇ ਸ਼ਹੀਦ ਹੋਏ ਸੈਨਿਕਾਂ ਬਾਰੇ ਵੀ ਉਥੇ ਜਾਣਕਾਰੀ ਮਿਲਦੀ ਹੈ, ਪਰ ਸਾਨੂੰ ਉਨ੍ਹਾਂ ਸੈਨਿਕਾਂ ਦਾ ਕੋਈ ਚਿੱਤ-ਚੇਤਾ ਵੀ ਨਹੀਂ ਹੈ। ਆਪਣੇ ਇਤਿਹਾਸ, ਸਾਹਿਤ ਤੇ ਸਭਿਆਚਾਰ ਨੂੰ ਖੁਦ ਜਾਨਣ ਤੇ ਅੱਗੇ ਆਪਣੀਆਂ ਨੌਜਵਾਨ ਪੀੜ੍ਹੀਆਂ ਨੂੰ ਜਾਣਕਾਰੀ ਦੇਣ ਜਾਂ ਇਸ ਸਬੰਧੀ ਦੁਨੀਆਂ ਨੂੰ ਚਾਨਣ ਕਰਾਉਣ ਦਾ ਮਸਲਾ ਸਾਡੇ ਲਈ 'ਕਸ਼ਮੀਰ ਦਾ ਮਸਲਾ' ਬਣ ਚੁੱਕਾ ਹੈ।

ਇਸ ਸਬੰਧ ਵਿਚ ਲੁਧਿਆਣੇ ਦੀ ਬਸਤੀ ਜੋਧੇਵਾਲ ਦੇ ਨੌਜਵਾਨ ਕਵੀ **ਮੀਤ ਅਨਮੋਲ** ਦੀ ਗੱਲ ਬਹੁਤ ਹੀ ਧਿਆਨ ਨਾਲ ਸੁਣਨ ਵਾਲੀ ਹੈ ਕਿ "ਮੀਤ ਬਹਿ ਮਸਲਾ ਦਿਲ ਦਾ ਹੱਲ ਕਰ ਲਈਏ, ਇਹ ਦਰਦੇ-ਮੁਹੱਬਤ ਦਾ ਕਸ਼ਮੀਰ ਨਾ ਬਣ ਜਾਵੇ।" ਇਥੇ ਜ਼ਿਕਰਯੋਗ ਹੈ ਕਿ ਸੰਨ 2010 ਵਿਚ ਇਕ ਵਾਰ ਮੈਂ ਵੀ ਕਿਸੇ ਵੀ ਪੰਜਾਬੀ ਵਾਂਗ ਐਲਬਰਟ ਮਿਊਜ਼ੀਅਮ ਲੰਦਨ ਵਿਚ ਬੜਾ ਉਦਾਸ ਜਿਹਾ ਮਹਾਰਾਜਾ ਰਣਜੀਤ ਸਿੰਘ ਦੀ 'ਦਰਬਾਰੀ ਕੁਰਸੀ' ਨੂੰ ਨਿਹਾਰ ਰਿਹਾ ਸੀ। ਮੈਂ ਆਪਣੇ ਇਸ ਨਿਰਾਸ਼ ਜਿਹੇ ਇਜ਼ਹਾਰ ਦਾ ਪ੍ਰਗਟਾਵਾ ਆਪਣੇ ਰਿਸ਼ਤੇਦਾਰ ਭਰਾ ਨਾਲ ਸਾਂਝਾ ਕਰ ਰਿਹਾ ਸੀ ਕਿ ਇਹ ਕੁਰਸੀ ਸਾਡੀ ਕੌਮੀ ਵਿਰਾਸਤ ਹੈ, ਪਰ ਅੰਗਰੇਜ਼ ਸਾਨੂੰ ਇਹ ਵਾਪਿਸ ਨਹੀਂ ਮੋੜ ਰਹੇ।

ਮੇਰੇ ਵੀਰ ਦਾ ਕਹਿਣਾ ਸੀ ਕਿ ਬਾਈ ਜੀ! ਦੇਖੋ ਇਨ੍ਹਾਂ ਨੇ ਇਸ ਕੁਰਸੀ ਨੂੰ ਕਿੰਨੇ ਹੀ ਸੋਹਣੇ ਤਰੀਕੇ ਤੇ ਸਲੀਕੇ ਨਾਲ ਸਾਂਭ ਕੇ ਰੱਖਿਆ ਹੈ ਅਤੇ ਇਸ ਦਾ ਕਿੱਡਾ ਸੋਹਣਾ ਇਤਿਹਾਸ ਲਿਖ ਕੇ ਲਾਇਆ ਹੋਇਆ ਹੈ। ਫਿਰ ਉਸ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਜੇ ਕਿਤੇ ਇਹ ਕੁਰਸੀ ਪੰਜਾਬ ਵਿਚ ਚਲੀ ਜਾਵੇ ਤਾਂ ਹਰ ਕਿਸੇ ਨੇ ਮਹਾਰਾਜਾ ਰਣਜੀਤ ਸਿੰਘ ਦਾ ਆਪਣੇ ਆਪ ਨੂੰ ਵਾਰਿਸ ਬਣਾ ਕੇ ਇਸ ਦੀਆਂ ਟੰਗਾਂ-ਬਾਹਾਂ ਤੋੜ ਕੇ ਆਪਣੇ ਘਰਾਂ ਨੂੰ ਲੈ ਜਾਣੀਆਂ ਹਨ। ਮੇਰੇ ਵੀਰ ਦੀ ਇਹ ਸ਼ੰਕਾ ਇੰਨੀ ਮਤਲਬ ਭਰਪੂਰ ਸੀ ਕਿ ਮੈਂ ਚੁੱਪ ਹੀ ਹੋ ਗਿਆ।

ਬੇਸ਼ੱਕ ਕਹਿਣ-ਸੁਣਨ ਨੂੰ ਤਾਂ ਅਸੀਂ ਅਕਸਰ ਹੀ ਕਹਿੰਦੇ-ਸੁਣਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਗੁਰੂਆਂ, ਪੀਰਾਂ ਤੇ ਸ਼ਹੀਦਾਂ ਨੂੰ ਵਿਸਾਰ ਦਿੰਦੀਆਂ ਹਨ, ਉਹ ਵੀ ਮਨੁੱਖਤਾ ਦੀਆਂ ਸਫ਼ਾ ਹਸਤੀ ਤੋਂ ਮਿਟ ਜਾਂਦੀਆਂ ਹਨ। ਪਰ ਅਸੀਂ ਇਤਿਹਾਸਿਕ ਸੱਚਾਈ ਨੂੰ ਮਾਨਸਿਕ ਤੇ ਅਮਲੀ ਤੌਰ 'ਤੇ ਕਦੇ ਵੀ ਨਹੀਂ ਸਮਝਿਆ।



*Original with;*
Kulbir Singh Sidhu(I.A.S)
*Digitized by;*
Panjab Digital Library

ਕੰਧ 'ਤੇ ਲਿਖੇ ਅੱਖਰਾਂ ਵਾਂਗ ਕੌਮ ਦੀ ਕਿਸਮਤ ਨੂੰ ਅਸੀਂ ਪੜ੍ਹਨ ਦੀ ਬਜਾਏ ਅੱਖ-ਪਰੋਖੇ ਹੀ ਕੀਤਾ ਹੈ, ਜਿਸ ਕਰਕੇ ਸਿੱਖ ਮੱਤ ਦਾ 'ਸਰਬੱਤ ਦੇ ਭਲੇ' ਵਾਲਾ ਮਹਾਨਤਮ ਫ਼ਲਸਫ਼ਾ ਸਾਡੀਆਂ ਝੂਠੀਆਂ ਕਸਮਾਂ-ਵਾਅਦਿਆਂ ਤੇ ਸਾਡੀ ਲੱਛੇਦਾਰ ਬਿਆਨਬਾਜ਼ੀ ਤਕ ਹੀ ਸਿਮਟ ਕੇ ਰਹਿ ਗਿਆ ਹੈ। ਇਸ ਪ੍ਰਥਾਇ ਹੋਰ ਨਹੀਂ ਤਾਂ ਹੁਣ ਹੀ ਆਪਾਂ ਮਿੱਤਰੋ ਸਾਡੇ ਚਿੰਤਕ **ਸ਼ਾਇਰ ਇਕਬਾਲ** ਦੀ ਕਹਿਣੀ 'ਤੇ ਹੀ ਕੰਨ ਧਰੀਏ:

ਵਤਨ ਕੀ ਫ਼ਿਕਰ ਕਰ ਨਾਦਾਂ ਮੁਸੀਬਤ ਆਨੇ ਵਾਲੀ ਹੈ,
ਤੇਰੀ ਬਰਬਾਦੀਓਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ।

ਬਹਿਰਹਾਲ, ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇ ਹਾਲੇ ਵੀ ਇਹੋ ਸਭ ਕੁਝ ਬਸ ਅੱਗੇ ਵੀ ਇਉਂ ਹੀ ਹੁੰਦਾ ਰਿਹਾ ਤਾਂ ਰੱਬ ਜਾਣੇ ਸਾਡੇ ਸ਼ਹੀਦਾਂ ਦੀਆਂ ਸ਼ਹੀਦੀਆਂ ਤੇ ਸੰਘਰਸ਼ੀ ਯੋਧਿਆਂ ਦੇ ਸੰਗਰਾਮ ਤੇ ਕੁਰਬਾਨੀਆਂ ਕਿਧਰ ਜਾਣਗੀਆਂ। ਫਿਰ ਇਸ ਸੂਰਤ ਵਿਚ ਸਾਡਾ ਕੁਰਬਾਨੀਆਂ ਭਰਿਆ ਇਤਿਹਾਸ, ਸ਼ਾਨਾਮੱਤਾ ਪੰਜਾਬੀ ਵਿਰਸਾ ਤੇ ਸਭਿਆਚਾਰ ਕਿਧਰ ਜਾਵੇਗਾ। ਬਸ ਰੱਬ ਮਿਹਰ ਹੀ ਕਰੇ।

ਇਸ ਸੰਦਰਭ ਵਿਚ ਹੀ ਅਜ ਸਾਡਾ ਸ਼ਾਨਾਮੱਤਾ ਇਤਿਹਾਸ ਸਾਨੂੰ ਪੁੱਛਦਾ ਹੈ ਕਿ ਅਸੀਂ ਚੁੱਪ ਕਿਉਂ ਹਾਂ? ਕੀ ਕਰੋੜਾਂ ਪੰਜਾਬੀ ਵੀਰਾਂ-ਭੈਣਾਂ ਵਿਚੋਂ ਸਾਡੇ ਕਿਸੇ ਇਕ ਕੋਲ ਵੀ ਇਸ ਇਤਿਹਾਸਿਕ ਵੰਗਾਰ ਦਾ ਜਵਾਬ ਹੈ? ਜੇ ਜੁਆਬ ਹੈ ਤਾਂ ਵਾਹ ਭਲਾ; ਨਹੀਂ ਤਾਂ, ਹੁਣ ਅਸੀਂ ਸਮਾਂ ਰਹਿੰਦੇ-ਰਹਿੰਦੇ ਹੀ ਇਸ ਵਾਸਤੇ ਕੁਝ ਕਹੀਏ, ਕੁਝ ਵਿਚਾਰੀਏ ਤੇ ਫਿਰ ਕੁਝ ਕਰੀਏ। ਅਜ ਸਮੇਂ ਦੀ ਮੰਗ ਹੈ ਕਿ ਅਸੀਂ ਆਪਣੀ ਹੋਂਦ ਤੇ ਹਸਤੀ ਨੂੰ ਕਾਇਮ-ਦਾਇਮ ਰੱਖਣ ਵਾਸਤੇ ਪਹਿਲਾਂ ਖ਼ੁਦ ਆਪਣੇ ਮਹਾਨ ਗੁਰੂ ਸਾਹਿਬਾਨ, ਉਨ੍ਹਾਂ ਦੇ ਸੰਗੀ-ਸਾਥੀ ਸ਼ਹੀਦਾਂ ਤੇ ਮੁਰੀਦਾਂ ਨੂੰ ਜਾਣੀਏ। ਫਿਰ ਸਭ ਤੋਂ ਵੱਧ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਪੁਰਖਿਆਂ ਤੇ ਆਪਣੇ ਭਵਿੱਖ ਦੀਆਂ ਵਾਰਿਸ ਨੌਜਵਾਨ ਪੀੜ੍ਹੀਆਂ ਦੇ ਵਿਚਕਾਰ 'ਇਕ ਕੜੀ' ਬਣ ਕੇ ਸਿੱਖ ਮੱਤ ਦੇ ਫ਼ਲਸਫ਼ੇ ਤੇ ਸਿੱਖ ਕੌਮ ਦੇ ਇਤਿਹਾਸ ਨੂੰ ਪਹਿਲਾਂ ਆਪਣੀਆਂ ਨੌਜਵਾਨ ਪੀੜ੍ਹੀਆਂ ਅਤੇ ਫਿਰ ਦੁਨੀਆਂ ਭਰ ਦੇ ਲੋਕਾਂ ਵਿਚ ਸੰਸਾਰ ਦੀਆਂ ਚਹੁੰ-ਕੂੰਟਾਂ ਤਕ ਨਸ਼ਰ ਕਰੀਏ।

ਸ਼ਾਲਾ! ਅਕਾਲ-ਪੁਰਖਿ ਵਾਹਿਗੁਰੂ ਸਾਨੂੰ ਭੋਰਾ ਕੁ ਅਕਲ ਦਾ ਦਾਨ ਬਖਸ਼ੇ ਤਾਂ ਕਿ ਇਸ ਪੱਖੋਂ ਸਾਡੀ ਕੌਮ ਤੇ ਸਾਡਾ ਸਮੁੱਚਾ ਪੰਜਾਬੀ ਸਮਾਜ ਸੋਝੀ ਤੇ ਸੁਮੱਤ ਦੇ ਘਰ ਆ ਸਕੇ।



*Original with;*
Kulbir Singh Sidhu(I.A.S)
*Digitized by;*
Panjab Digital Library

# ਉੱਚਾ ਬੁਰਜ ਲਾਹੌਰ ਦਾ ਕਿਤ ਬਿਧ ਦੀਵਾ ਧਰੀਏ

ਸਾਡਾ ਸੋਹਣਾ ਪੰਜਾਬ ਹੁਣ ਚਲ ਰਹੇ ਦੌਰੇ-ਦੌਰਾਂ ਵਿਚ ਸਮੇਂ ਦੀ ਔਖੀ ਘਾਟੀ ਵਿਚੋਂ ਲੰਘ ਰਿਹਾ ਹੈ ਤੇ ਸਾਡਾ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਢਾਂਚਾ ਅਜ ਚਰਮਰਾ ਰਿਹਾ ਹੈ। ਅੰਨਦਾਤਾ ਕਹਾਉਂਦੇ ਸਾਡੇ ਪੰਜਾਬ ਦਾ ਅਰਥਚਾਰਾ ਖ਼ੁਦ ਹੀ ਬਿਮਾਰ ਹੋਇਆ ਦਿਸਦਾ ਹੈ। ਪੰਜਾਬ ਦੀ ਰਾਜਸੀ ਤੇ ਪ੍ਰਸ਼ਾਸਨਿਕ ਪ੍ਰਣਾਲੀ **ਸ਼ਿਵ ਕੁਮਾਰ ਬਟਾਲਵੀ** ਦੇ ਸੁਖਨ "ਮੈਂ ਮਸੀਹਾ ਦੇਖਿਆ ਬਿਮਾਰ ਤੇਰੇ ਸ਼ਹਿਰ ਦਾ" ਦੀ ਸਦਾਕਤ ਦੇ ਅਨੁਰੂਪ ਬਣੀ ਹੋਈ ਹੈ। ਪੰਜਾਬ ਦੀ ਤਵਾਰੀਖ ਨੂੰ ਇਕ ਵਾਰ ਬਸ ਫਿਰ ਗ੍ਰਹਿਣ ਲੱਗਿਆ ਜਾਪਦਾ ਹੈ।

ਅਜ ਸਾਡੇ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਜੀਵਨ ਵਿਚ ਗਿਰਾਵਟ ਆਉਣ ਕਰਕੇ ਸਾਡੀਆਂ ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਵਿਚ ਵੀ ਵੱਡਾ ਨਿਘਾਰ ਆ ਗਿਆ ਹੈ। ਬੇਸ਼ੱਕ ਇਹ ਵਰਤਾਰਾ ਦੇਸ਼ਵਿਆਪੀ ਹੈ ਤੇ ਵਿਸ਼ਵਵਿਆਪੀ ਵੀ ਹੈ, ਪਰ ਪੰਜਾਬੀ ਦੇ ਅਖਾਣ 'ਹੋਰਾਂ ਨੂੰ ਹੋਰੀ ਦੀ ਤੇ ਅੰਨ੍ਹੇ ਨੂੰ ਡੰਗੋਰੀ ਦੀ' ਅਨੁਸਾਰ ਜਦੋਂ ਅਸੀਂ ਆਪਣੀ ਜਨਮ ਤੇ ਕਰਮ ਭੂਮੀ ਆਪਣੇ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਇਹ ਲਾਜ਼ਮੀ ਹੈ ਕਿ ਸਾਨੂੰ ਬਾਕੀ ਦੁਨੀਆਂ ਦੇ ਮਾੜੇ-ਚੰਗੇ ਵਰਤਾਰਿਆਂ ਨਾਲੋਂ ਆਪਣੇ ਸਰੋਕਾਰਾਂ ਦਾ ਕਿਤੇ ਵੱਧ ਫ਼ਿਕਰ ਪੈ ਜਾਂਦਾ ਹੈ। ਜ਼ਾਹਿਰ ਹੈ ਕਿ ਇਸ ਸੰਦਰਭ ਵਿਚ ਪੰਜਾਬ ਦੇ ਮੌਜੂਦਾ ਹਾਲਾਤਾਂ ਅਨੁਸਾਰ ਸਾਡੀ ਸਭਿਅਤਾ ਦੇ ਵਿਹੜੇ ਵਿਚ ਇਕ ਵਾਰ ਫਿਰ ਸੇਹ ਦਾ ਤਕਲਾ ਗੱਡਿਆ ਗਿਆ ਹੈ। ਜਿਸ ਕਾਰਨ ਸਾਡਾ ਸਭਿਆਚਾਰ ਬੁਰੀ ਤਰ੍ਹਾਂ ਡੰਗਿਆ ਗਿਆ ਹੈ ਅਤੇ ਸਮੁੱਚੀ ਪੰਜਾਬੀਅਤ ਨੂੰ ਇਕ ਮਾਰੂ ਜ਼ਹਿਰ ਚੜ੍ਹੀ ਹੋਈ ਹੈ।

ਪੰਜਾਬ ਨੂੰ ਦਰਪੇਸ਼ ਧੁਖਦੇ-ਭਖਦੇ ਮਸਲੇ ਸੁਲਘਦੇ-ਸੁਲਘਦੇ ਹੁਣ ਭਖਕੇ ਭਾਂਬੜ ਜਿਹੇ ਬਣ ਚੁੱਕੇ ਹਨ ਅਤੇ ਇਨ੍ਹਾਂ ਦਾ ਦਾਵਾਨਲੀ ਸੇਕ ਹੁਣ ਸਮੁੱਚੇ ਪੰਜਾਬੀ ਸਮਾਜ ਨੂੰ ਤਪਾ-ਖਪਾ ਰਿਹਾ ਹੈ। ਇਨ੍ਹਾਂ ਧੁਖਦੇ-ਭਖਦੇ ਮਸਲਿਆਂ ਦੇ ਕਾਰਨ ਹੁਣ ਸਾਰਾ ਪੰਜਾਬ ਭਖ ਰਿਹਾ ਹੈ। ਸਾਡੇ ਸਮਾਜ ਵਿਚ ਅਨੈਤਿਕਤਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਜਮਾਂਖੋਰੀ, ਘਾਟੇਵੰਦ ਕਿਰਸਾਣੀ, ਭਰੂਣ ਹੱਤਿਆ, ਨਸ਼ਿਆਂ ਦੀ ਚੜ੍ਹਤ ਤੇ ਬੇਰੁਜ਼ਗਾਰੀ ਜਿਹੀਆਂ ਸਮੱਸਿਆਵਾਂ ਤੇ ਫਿਰ ਉਤੋਂ ਰਾਜਨੀਤੀ ਵਿਚ ਬਦਨੀਤੀ ਤੇ ਖੋਟ ਜਿਹੇ ਕਿੰਨੇ ਹੀ ਮਸਲਿਆਂ ਦਾ ਸੰਤਾਪ ਅੱਜ ਅਸੀਂ ਭੋਗ ਰਹੇ ਹਾਂ। ਫਿਰ ਸਿਤਮ ਦਰ ਸਿਤਮ



*Original with;*
Kulbir Singh Sidhu(I.A.S)
*Digitized by;*
Panjab Digital Library

ਇਹ ਹੈ ਕਿ ਜਿੰਨੀ ਸਾਡੀ ਨੀਅਤ ਖੋਟੀ ਹੈ, ਉਨਾਂ ਹੀ ਸਾਡੀ ਰਾਜਸੀ ਵਿਵਸਥਾ ਵਿਚ ਖੋਟ ਹੈ। ਮੁੱਕਦੀ ਗੱਲ ਤਾਂ ਇਹ ਹੈ ਕਿ ਹੁਣ ਸਾਡੇ ਜੀਵਨ ਦੇ ਸਾਰੇ ਧੁਖਦੇ-ਭਖਦੇ ਮਸਲੇ ਤਾਂ ਇਕ ਪਾਸੇ ਰਹੇ, ਸਗੋਂ ਅਜ ਸਾਡਾ ਸਮੁੱਚਾ ਪੰਜਾਬ ਵੀ ਆਪਣੇ-ਆਪ ਵਿਚ ਹੀ ਦਾਵਾਨਲੀ ਮਸਲਿਆਂ ਦੇ ਅੜਿੱਕੇ ਚੜ੍ਹਿਆ ਹੋਇਆ ਹੈ।

ਬਹਿਰਹਾਲ! ਇਹ ਤਾਂ ਹੁਣ ਅੰਨ੍ਹਿਆਂ-ਬੋਲਿਆਂ ਨੂੰ ਵੀ ਦਿਸਦਾ-ਸੁਣਦਾ ਹੈ ਕਿ ਅਜ ਸਮੁੱਚਾ ਪੰਜਾਬ ਤੇ ਪੰਜਾਬ ਵਾਸੀ ਦਰਹਕੀਕਤ ਜ਼ਿੰਦਗੀ ਦੇ ਹਰ ਸ਼ੋਬੇ ਵਿਚ ਲੋੜੀਂਦੇ ਮਨੁੱਖੀ ਅਧਿਕਾਰਾਂ, ਸੁਧਾਰਾਂ ਤੇ ਸਮਾਜਿਕ ਇਨਸਾਫ਼ ਵਾਸਤੇ ਤਰਲੋ-ਮੱਛੀ ਹੋ ਰਹੇ ਹਨ। ਇਸ ਲਈ ਪੰਜਾਬੀ ਲੋਕ ਭਾਵੇਂ ਦੁਨੀਆਂ ਵਿਚ ਕਿਤੇ ਵੀ ਬੈਠੇ ਹਨ; ਪਰ ਉਹ **ਸ਼ਿਵ ਕੁਮਾਰ** ਦੇ ਸ਼ਬਦਾਂ ਦੇ ਹਮਰਾਹ ਹੋ ਕੇ ਆਪਣੇ ਸੋਹਣੇ ਪੰਜਾਬ ਦੀ ਖੁਸ਼ਹਾਲੀ ਵਾਸਤੇ ਸਾਡੇ ਸਿਆਣੇ ਆਗੂਆਂ, ਅਦੀਬਾਂ ਤੇ ਬੁੱਧੀਜੀਵੀਆਂ ਨੂੰ ਪੁਕਾਰ ਰਹੇ ਹਨ ਕਿ :-

'ਸੁਣਿਓਂ ਵੇ ਕਲਮਾਂ ਵਾਲਿਓ, ਸੁਣਿਓਂ ਵੇ ਅਕਲਾਂ ਵਾਲਿਓ, ਸੁਣਿਓਂ
ਵੇ ਹੁਨਰਾਂ ਵਾਲਿਓ, ਸਮਿਆਂ ਦੀ ਥੋਹਰ ਪੀੜ ਕੇ, ਦੁੱਧਾਂ ਦਾ ਛੱਟਾ ਮਾਰਿਓ'।

ਬਹਿਰਹਾਲ! ਪੰਜਾਬ ਨੂੰ ਦਰਪੇਸ਼ ਮਸਲੇ ਤੇ ਖਾਸ ਕਰਕੇ ਪੰਜਾਬੀ ਸੂਬਾ ਬਣਨ ਤੋਂ ਬਾਅਦ ਪੈਦਾ ਹੋਏ ਝਮੇਲੇ ਜਿਵੇਂ ਕਿ ਚੰਡੀਗੜ੍ਹ ਨੂੰ ਰਾਜਧਾਨੀ ਬਣਾਉਣ, ਪੰਜਾਬੀ ਬੋਲਦੇ ਇਲਾਕਿਆਂ ਦੀ ਅਦਲਾ-ਬਦਲੀ ਤੇ ਪਾਣੀਆਂ ਦੀ ਵੰਡ ਹੁਣ ਵੱਡੇ ਪੁਆੜੇ ਬਣਕੇ ਜਿਉਂ ਦੇ ਤਿਉਂ ਹੀ ਖੜ੍ਹੇ ਦਿਖਾਈ ਦੇ ਰਹੇ ਹਨ। ਇਸ ਤਰ੍ਹਾਂ ਹੀ ਭਾਸ਼ਾਈ ਰੇੜਕਿਆਂ ਦੇ ਗੁੰਝਲਦਾਰ ਸਵਾਲ ਤਾਂ ਹਾਲੇ ਵੀ ਹਲ ਨਹੀਂ ਹੋਏ, ਸਗੋਂ ਇਨ੍ਹਾਂ ਵਿਚ ਕਿੰਨੇ ਹੀ ਹੋਰ ਸਮਾਜਿਕ ਤੇ ਆਰਥਿਕ ਵਾਅ-ਵਰੋਲਿਆਂ ਦੇ ਕੱਖ-ਕਾਣ ਰਲ-ਮਿਲ ਗਏ ਹਨ। ਇਉਂ ਬੱਸ ਸਾਡੇ ਇਹ ਮਸਲੇ ਮਤਵਾਤਰ ਸੁਲਘ ਰਹੇ ਹਨ ਅਤੇ ਸਮੁੱਚਾ ਪੰਜਾਬ ਭੱਠ ਬਣ ਕੇ ਭਖ-ਤਪ ਰਿਹਾ ਹੈ।

ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਜੇ ਅਸੀਂ ਆਪਣੇ ਰਾਜਨੀਤਿਕ ਲੋਕਾਂ ਤੇ ਰਾਜਨੀਤੀ ਦੀ ਗੱਲ ਕਰੀਏ ਤਾਂ ਸਾਡੇ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਦੇ ਅਨੁਸਾਰ ਹੁਣ ਹਰ ਪੰਜ ਸਾਲ ਦੇ ਬਾਅਦ ਖੂਹ ਦੀਆਂ ਟਿੰਡਾਂ ਵਾਂਗੂੰ ਕੋਈ ਨਾ ਕੋਈ ਚੋਣਾਂ ਸਾਡੇ ਬੂਹੇ 'ਤੇ ਆਈਆਂ ਰਹਿੰਦੀਆਂ ਹਨ। ਇਸ ਵਾਸਤੇ ਸਾਡੇ ਸਿਆਸੀ ਆਗੂ ਜਨਤਾ ਤੋਂ 'ਲੋਕ ਰਾਜ' ਤੇ ਖਾਸ ਕਰਕੇ ਆਮ ਲੋਕਾਂ ਦੇ ਅਧਿਕਾਰਾਂ ਤੇ ਵੋਟ ਰਾਜ ਦੀ ਸ਼ਕਤੀ ਦਾ ਵਾਸਤਾ ਪਾ ਕੇ ਬਹੁਤ ਕੁੱਝ ਮੰਗਦੇ ਹਨ। ਮੌਜੂਦਾ ਸਮੇਂ ਵਿਚ ਹੁਣ ਚੋਣ ਸਰਗਰਮੀਆਂ ਇੰਨੀਆਂ ਵੱਧ ਗਈਆਂ ਹਨ ਕਿ ਇਨ੍ਹਾਂ ਦਾ ਸੇਕ ਪੋਹ-ਮਾਘ ਦੀ ਠੰਡ-ਠਾਰੀ ਨੂੰ ਵੀ ਗਰਮਾ ਦਿੰਦਾ ਹੈ। ਇਸ ਪ੍ਰਥਾਇ ਮਸ਼ਹੂਰ ਸ਼ਾਇਰ **'ਮਜੀਦ ਲਾਹੌਰੀ'** ਦੇ ਨੁਕਤਾ-ਨਿਗਾਹ ਤੋਂ ਕਿਹਾ ਜਾ ਸਕਦਾ ਹੈ ਕਿ :-

ਹਰ ਤਰਫ਼ ਜਾਰੀ ਹੈ ਕੁਰਸੀ ਕੇ ਲੀਏ ਸਰਗਰਮੀਆਂ
ਆ ਗਈ ਅਪਨੀ ਸਿਆਸਤ ਮੇਂ ਭੀ ਗਰਮੀ ਜੂਨ ਕੀ



*Original with;*
Kulbir Singh Sidhu(I.A.S)
*Digitized by;*
Panjab Digital Library

ਬੇਸ਼ੱਕ ਅੱਜ ਦਾ ਇਹ ਹੀ ਪ੍ਰਚੱਲਣ ਹੈ ਕਿ ਸਾਡੇ ਲੀਡਰ ਤਾਂ ਸਾਨੂੰ ਬਹੁਤ ਕੁਝ ਲਾਰਾ-ਲੱਪਾ ਜਿਹਾ ਸੁਣਾਉਂਦੇ ਰਹਿੰਦੇ ਹਨ। ਪਰ ਬਹੁਤ ਹੀ ਸੰਜੀਦਗੀ ਨਾਲ ਆਪਣੇ ਮਾੜੇ ਮੋਟੇ ਲੋਭ-ਲਾਲਚਾਂ ਤੇ ਮਹਿਜ਼ ਧੜੇਬੰਦੀ ਤੋਂ ਉਪਰ ਉਠ ਕੇ ਸਾਡੇ ਆਪਣੇ ਹੀ ਸਿਆਸੀ ਲੋਕਾਂ ਦੀਆਂ ਹੁਕਮਾਂ ਵਰਗੀਆਂ ਬੇਨਤੀਆਂ ਸੁਣਨ ਦੇ ਨਾਲ-ਨਾਲ ਇਹ ਵੇਲਾ ਹੁਣ ਜਨਤਾ ਵਲੋਂ ਵੀ ਆਪਣੇ ਸਿਆਸੀ ਆਗੂਆਂ ਨੂੰ ਬਹੁਤ ਕੁਝ ਕਹਿਣ ਤੇ ਸੁਣਾਉਣ ਦਾ ਹੈ। ਇਸ ਵਾਸਤੇ ਸਾਨੂੰ ਆਪਣੇ ਆਪ ਨੂੰ ਸੰਭਾਲ ਕੇ ਚੋਣਾਂ ਨੂੰ ਹੁਣ 'ਸੁਣਨ-ਸੁਣਾਉਣ ਕੀ ਬੇਲਾ' ਸਮਝਦੇ ਹੋਏ ਸਮੇਂ ਨੂੰ ਸੰਭਾਲਣ ਤੇ ਸਕਾਰਥ ਕਰਨ ਦੀ ਬੇਹੱਦ ਲੋੜ ਹੈ। ਨਹੀਂ ਤਾਂ ਸਮਝੋ ਕਿ ਬੇਸ਼ੱਕ ਪੰਜ ਸਾਲ ਲਈ ਰਾਜਭਾਗ ਤਾਂ ਬਦਲ ਜਾਣਗੇ, ਪਰ ਖ਼ਦਸ਼ਾ ਇਹ ਹੈ ਕਿ ਸਾਡੇ ਇਨ੍ਹਾਂ ਨਿਜ਼ਾਮਦਾਰਾਂ ਦੀ ਉਹ ਹੀ ਪੁਰਾਣੀ ਸੋਚ ਤੇ ਉਹੀ ਨਿਜ਼ਾਮ ਦੇ ਪੁਰਾਣੇ ਤਰੀਕਾਕਾਰ ਰਹਿਣਗੇ ਕਿ ਜਿਵੇਂ **ਪ੍ਰੋ. ਮੋਹਨ ਸਿੰਘ** ਨੇ ਕਿਹਾ ਹੈ :-

ਨਾ ਹਿਣਕੋ ਘੋੜਿਉ ਜੇਕਰ ਨਵਾਂ ਨਿਜ਼ਾਮ ਆਇਆ
ਨਵਾਂ ਨਿਜ਼ਾਮ ਹੈ ਲੈ ਕੇ ਨਵੀਂ ਲਗਾਮ ਆਇਆ।

ਇਉਂ ਹੁਣ ਇਹ ਵੀ ਸਮਝਣ ਸੋਚਣ ਦੀ ਲੋੜ ਹੈ ਕਿ ਅਸੀਂ ਆਪਣੇ ਸਮਾਜ ਦੀ ਕਰਮ-ਕਿਸਮਤ ਦੀ ਡੋਰ ਆਪਣੇ ਕਿਹੜੇ ਲੀਡਰਾਂ ਨੂੰ ਫੜਾਉਂਦੇ ਹਾਂ। ਇਸ ਪ੍ਰਥਾਇ ਸਾਡੇ ਦੇਸ਼ ਤੇ ਸਮਾਜ ਦੇ ਮੌਜੂਦਾ ਹਾਲਾਤਾਂ ਅਨੁਸਾਰ **ਮੁਹੰਮਦ ਇਕਬਾਲ** ਦਾ ਸ਼ਿਅਰ ਸਾਡੇ ਆਗੂਆਂ ਦੇ ਕਿਰਦਾਰ 'ਤੇ ਬੜਾ ਢੁਕਦਾ ਹੈ।

ਮਸਜਿਦ ਤੋ ਬਨਾ ਲੀ ਸ਼ਬ ਭਰ ਮੇਂ, ਈਮਾਂ ਕੀ ਹਰਾਰਤ ਵਾਲੋਂ ਨੇ
ਮਨ ਅਪਨਾ ਪੁਰਾਨਾ ਪਾਪੀ ਹੈ, ਬਰਸੋਂ ਸੇ, ਨਮਾਜ਼ੀ ਬਨ ਨ ਸਕਾ

ਇਸ ਤਰ੍ਹਾਂ ਹੀ ਜਦੋਂ ਅਸੀਂ ਬਿਆਨਬਾਜ਼ੀ ਦਾ ਹੇਰ-ਫੇਰ ਕਰਕੇ ਆਪਣੀਆਂ ਕਮਜ਼ੋਰੀਆਂ ਨੂੰ ਦੂਜਿਆਂ ਦੇ ਸਿਰ ਮੜ੍ਹਦੇ ਹਾਂ ਤਾਂ ਸ਼ਾਇਰ **ਇਕਬਾਲ** ਸੱਚ ਕਹਿੰਦਾ ਜਾਪਦਾ ਹੈ :-

ਇਕਬਾਲ ਬੜਾ ਉਪਦੇਸ਼ਕ ਹੈ, ਮਨ ਬਾਤੋਂ ਸੇ ਮੋਹ ਲੇਤਾ ਹੈ,
ਗੁਫ਼ਤਾਰ ਕਾ ਯਿਹ ਗਾਜ਼ੀ ਤੋ ਬਨਾ, ਕਿਰਦਾਰ ਕਾ ਗਾਜ਼ੀ ਬਨ ਨਾ ਸਕਾ

ਇਸ ਲਈ ਸੰਜੀਦਗੀ ਨਾਲ ਵਿਚਾਰਨ ਦੀ ਗੱਲ ਹੈ ਕਿ ਅਸੀਂ ਸਾਡੇ ਵਡੇਰਿਆਂ ਦੀਆਂ ਨੈਤਿਕ ਕਦਰਾਂ ਕੀਮਤਾਂ 'ਤੇ ਅਧਾਰਿਤ ਆਪਣਾ ਪਰਸੁਆਰਥੀ ਸੇਵਾ ਦਾ ਸੁਭਾਅ ਛੱਡ ਕੇ ਆਪਣੇ ਲਾਲਚ ਤੇ ਲਾਲਸਾ ਦੇ ਵੱਸ ਨਿਜ ਸੁਆਰਥੀ ਜੀਵਨ ਨੂੰ ਅਪਣਾ ਲਿਆ ਹੈ। ਇਸ ਤਰ੍ਹਾਂ ਅਸੀਂ ਰੱਬ ਦੇ ਦਰਿ-ਘਰਿ ਪ੍ਰਵਾਨ 'ਲੋਕ ਸੇਵਾ' ਨੂੰ ਤਿਆਗ ਕੇ ਹੁਣ ਨਿੱਜ-ਸੇਵਾ ਦੀਆਂ ਸਫ਼ਾਂ ਵਿਛਾ ਲਈਆਂ ਹਨ। ਸਾਡੇ ਆਗੂਆਂ ਨੂੰ ਬਾਤ-ਬਤੌਲੀਆਂ ਪਾਉਣ ਦਾ ਸ਼ੌਕ ਹੈ ਤੇ ਆਪਣੀ ਸੁਆਰਥ ਸਿੱਧੀ ਵਾਸਤੇ ਜਨਤਾ ਨੂੰ ਆਪਣੇ ਮਗਰ ਲਾਉਣ ਲਈ ਬਤੌਲੇਬਾਜ਼ੀ ਦੀ ਮੁਹਾਰਤ ਵੀ ਹਾਸਲ ਹੈ।



*Original with;*
Kulbir Singh Sidhu(I.A.S)
*Digitized by;*
Panjab Digital Library

ਫਿਰ ਸਾਨੂੰ ਸਭ ਨੂੰ ਵੀ ਆਪਣੀਆਂ ਨਾਨੀਆਂ-ਦਾਦੀਆਂ ਦੇ ਸਮੇਂ ਤੋਂ ਹੀ ਕਹਾਣੀਆਂ ਤੇ ਬਾਤਾਂ ਸੁਣਨ ਦੀ ਆਦਤ ਪਈ ਹੋਈ ਹੈ।

ਬੱਸ ਇਸ ਵਾਸਤੇ ਸਾਡੇ ਵਲੋਂ ਚੁਣੇ ਗਏ ਸਾਡੇ ਮੀਰੇ-ਕਾਰਵਾਂ ਸਾਨੂੰ ਪੂਰੇ ਪੰਜ ਸਾਲ ਗੱਲਾਂ-ਬਾਤਾਂ ਵਿਚ ਲਾ ਕੇ 'ਓਹ ਗਏ-ਓਹ ਗਏ' ਕਰਕੇ ਪਾਰ ਜਾਂਦੇ ਹਨ। ਪਰ ਗੌਰਤਲਬ ਹੈ ਕਿ ਸਾਡੇ ਨੇਤਾਗਣ ਸੱਤਾ ਦੇ ਸਮੇਂ ਦੌਰਾਨ ਆਪਣੇ ਉੱਲੂ ਸਿੱਧੇ ਕਰਨ ਅਤੇ ਨਿੱਜੀ ਜ਼ਮੀਨ-ਜਾਇਦਾਦਾਂ ਬਣਾਉਣਾ ਨਹੀਂ ਭੁੱਲਦੇ। ਇਨ੍ਹਾਂ ਦੀ ਰੀਸੋ-ਰੀਸੀ ਸਾਡੀ ਪ੍ਰਸ਼ਾਸਨਿਕ ਵਿਵਸਥਾ ਵੀ ਰੋਟੀਆਂ ਸੇਕਣ ਤੇ ਤੋਰੀ-ਫੁਲਕਾ ਚਲਾਉਣ ਲਈ ਵੀ ਖ਼ਾਸੀ ਮਾਹਿਰ ਤੇ ਪ੍ਰਸਿੱਧ ਹੋ ਚੁੱਕੀ ਹੈ। ਫਿਰ ਸਿਤਮ ਇਹ ਹੈ ਕਿ ਹੁਣ ਸਾਡੀ ਜਨਤਾ ਵੀ ਇਸ ਸਾਰੇ ਰਾਜਨੀਤਿਕ ਤੇ ਸਮਾਜਿਕ ਪ੍ਰਚਲਣ ਨੂੰ 'ਰੱਬ ਦਾ ਭਾਣਾ' ਹੀ ਸਮਝਣ ਲਗ ਪਈ ਹੈ। ਇਸ ਵਾਸਤੇ ਸਾਡੇ ਲੋਕ ਆਪਣੇ ਆਪ ਨੂੰ 'ਬਾਲਿਆ ਦੇਖ ਰੰਗ ਕਰਤਾਰ ਦੇ' ਜਿਹੀਆਂ ਸਮਝੌਤੀਆਂ ਦਿੰਦੇ ਹੋਏ ਅਕਸਰ ਹੀ ਕਹਿੰਦੇ ਸੁਣੇ ਜਾਂਦੇ ਹਨ ਕਿ ਬੱਸ ਭਾਈ ਦੇਖੀ ਚੱਲੋ ਕਿਉਂਕਿ ਆਪਾਂ ਹੋਰ ਕਰ ਵੀ ਕੀ ਸਕਦੇ ਹਾਂ।

ਪਰ ਸਮੇਂ ਦਾ ਸੱਚ ਇਹ ਹੈ ਕਿ ਚੋਣਾਂ ਵੇਲੇ ਸਾਡੇ ਵੋਟਰ ਕੁਝ-ਕੁ ਨੋਟਾਂ ਜਾਂ ਦਾਰੂ ਪਿਆਲੇ ਦੇ ਛੋਟੇ-ਛੋਟੇ ਲਾਲਚਾਂ ਵਿਚ ਆ ਕੇ ਪੰਜ ਸਾਲ ਲਈ ਆਪਣੀਆਂ ਆਸਾਂ-ਉਮੀਦਾਂ ਨੂੰ ਖ਼ੁਦ ਹੀ ਟਾਲ ਦਿੰਦੇ ਹਨ ਤੇ ਆਪਣੀ ਹੋਣੀ ਨੂੰ ਅਣਹੋਣੀ ਵਿਚ ਤਬਦੀਲ ਕਰਵਾ ਲੈਂਦੇ ਹਨ। ਹੁਣ ਇਸ ਸੂਰਤ ਵਿਚ ਆਪਣੇ ਆਪ ਨੂੰ ਭਾਰਤੀ ਨਾਗਰਿਕ ਵਜੋਂ ਵਾਰ-ਵਾਰ ਇਹ ਦ੍ਰਿੜ ਕਰਵਾਉਣ ਦੀ ਲੋੜ ਹੈ ਕਿ ਅਸੀਂ ਪਿਛਲੇ 65 ਸਾਲ ਤੋਂ ਅਜ਼ਾਦ ਹਾਂ ਅਤੇ ਆਪਣੀ ਹੋਣੀ ਦੇ ਖ਼ੁਦ-ਮੁਖਤਿਆਰ ਸਿਰਜਕ ਹਾਂ। ਇਸ ਸਬੰਧ ਵਿਚ ਸਮਝਣ ਵਾਲੀ ਗੱਲ ਹੈ ਕਿ ਜਦੋਂ ਅਸੀਂ ਆਪਣੇ ਨੈਤਿਕ, ਸਮਾਜਿਕ ਤੇ ਰਾਜਨੀਤਿਕ ਫਰਜ਼ਾਂ ਨੂੰ ਨਿਭਾਉਣ ਵਿਚ ਕੁਤਾਹੀ ਕਰਦੇ ਹਾਂ ਤਾਂ ਅਸੀਂ ਆਪਣੇ ਲਈ ਆਪ ਹੀ ਕੰਡੇ ਬੀਜਦੇ ਹਾਂ। ਫਿਰ ਜ਼ਾਹਿਰ ਹੈ ਕਿ ਸਭ ਤੋਂ ਪਹਿਲਾਂ ਸਪਸ਼ਟ ਤੌਰ 'ਤੇ ਅਸੀਂ ਆਪਣੀਆਂ ਨੌਜਵਾਨ ਪੀੜ੍ਹੀਆਂ ਦੇ ਵੱਡੇ ਦੇਣਦਾਰ ਤੇ ਗੁਨਾਹਗਾਰ ਵੀ ਹਾਂ ਕਿਉਂਕਿ ਸਾਨੂੰ ਆਪਣੇ ਪੁਰਖਿਆਂ ਤੋਂ ਜੋ ਅਮਾਨਤ ਰੂਪੀ ਮਾਣਮੱਤੀ ਸਭਿਆਚਾਰਕ ਵਿਰਾਸਤ ਮਿਲੀ ਸੀ, ਉਸ ਨੂੰ ਅਸੀਂ ਪਹਿਲਾਂ ਆਪਣੇ ਘਰਾਂ ਤੋਂ ਸ਼ੁਰੂ ਕਰਕੇ ਅੱਗੇ ਆਪਣੇ ਸਕੂਲਾਂ ਤੇ ਧਾਰਮਿਕ ਸੰਸਥਾਵਾਂ ਰਾਹੀਂ ਆਪਣੇ ਬੱਚਿਆਂ ਤਕ ਨਹੀਂ ਪਹੁੰਚਾ ਸਕੇ।

ਇਸ ਵਾਸਤੇ ਹੀ ਸਾਡੇ ਲਈ ਇਹ ਅਤਿ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਸਾਡੇ ਆਪਣੇ ਤੇ ਆਪਣੀਆਂ ਵਾਰਿਸ ਨੌਜਵਾਨ ਪੀੜ੍ਹੀਆਂ ਦੇ ਚੰਗੇ ਭਵਿੱਖ ਵਾਸਤੇ ਆਪਣੇ ਸਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਤੋਂ ਇਲਾਵਾ ਆਪਣੇ ਸਾਹਿਤ ਤੇ ਇਤਿਹਾਸ ਨੂੰ ਮੁੜ ਤਰਤੀਬ ਦੇ ਕੇ ਪੁਨਰ ਸੁਰਜੀਤ ਕਰਨ ਵਾਸਤੇ ਇਨ੍ਹਾਂ ਲੀਡਰਾਂ ਤੋਂ



*Original with;*
Kulbir Singh Sidhu(I.A.S)
*Digitized by;*
Panjab Digital Library

ਮਿਤੀਬੱਧ ਪ੍ਰੋਗਰਾਮ ਲਈਏ। ਇਹ ਹੀ ਨਹੀਂ, ਸਗੋਂ ਖ਼ਾਸ ਕਰਕੇ ਇਕ ਸਾਲ ਦੇ ਅੰਦਰ-ਅੰਦਰ ਸਾਡੇ ਵਿੱਦਿਆ ਅਚਾਰੀਆਂ ਤੇ ਰਾਜਨੀਤਿਕ ਆਗੂਆਂ ਤੋਂ ਸਾਡੇ ਵਿਦਿਅਕ ਸੰਸਥਾਵਾਂ ਦੇ ਕੋਰਸਾਂ ਤੇ ਸਿਲੇਬਸਾਂ ਵਿਚ ਸਾਡੀ ਅਮੀਰ ਸਭਿਅਤਾ, ਸੰਸਕ੍ਰਿਤੀ ਤੇ ਸਭਿਆਚਾਰ 'ਤੇ ਅਧਾਰਿਤ ਪਾਠਕ੍ਰਮ ਸ਼ਾਮਿਲ ਕਰਨ ਦਾ ਪ੍ਰਯੋਜਨ ਕਰਵਾਇਆ ਜਾਵੇ। ਇਸ ਤੋਂ ਇਲਾਵਾ ਸਾਡੇ ਸਮਾਜ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਰਹਿਬਰਾਂ ਅਤੇ ਅਜੋਕੇ ਸਿਆਸੀ ਮਹੰਤਾਂ ਤੋਂ ਸਾਡੇ ਜਨਜੀਵਨ ਤੇ ਖ਼ਾਸ ਕਰਕੇ ਬੱਚਿਆਂ ਦੇ ਆਚਰਣ ਵਿਚ ਸਦਾਚਾਰ ਤੇ ਸਾਡੇ ਕਾਰਵਿਹਾਰ ਵਿਚ ਸਚਿਆਰਾਪਣ ਲਿਆਉਣ ਹੇਤੂ ਉੱਦਮ ਉਪਰਾਲੇ ਕਰਵਾਉਣ ਦੀ ਚਿਤਾਵਨੀ ਰੂਪੀ ਮੰਗ ਕੀਤੀ ਜਾਵੇ।

ਇਸ ਵਾਸਤੇ ਇਸ ਸਭ ਹੋਰ ਕਾਸੇ ਦੇ ਨਾਲ-ਨਾਲ ਦੇਸ਼ ਦੇ ਭਵਿੱਖ ਦੇ ਵਾਰਿਸ ਤੇ ਸੂਤਰਧਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੇ ਜ਼ਮਾਨੇ ਦੀਆਂ ਬੇਰੁਖੀਆਂ ਤੋਂ ਬਚਾਉਣ ਲਈ ਰੋਟੀ-ਰੋਜ਼ੀ ਦੇ ਮੌਕੇ ਤੇ ਵਸੀਲੇ ਪੈਦਾ ਕਰਨ ਦੀ ਅਜ ਹੱਦੋਂ ਪਰ੍ਹੇ ਦੀ ਲੋੜ ਹੈ। ਇਸ ਸੂਰਤ ਵਿਚ ਇਸ ਡਰ-ਖਦਸ਼ੇ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਜੇ ਅਸੀਂ ਨੌਜਵਾਨਾਂ ਨੂੰ ਆਪਣੇ ਵਲੋਂ ਸਹੀ ਦਿਸ਼ਾ ਤੇ ਦਸ਼ਾ ਨਾ ਦੇ ਸਕੇ ਤਾਂ ਉਹ ਕਿਤੇ ਆਪਣੀ ਜ਼ਿੰਦਗੀ ਦੇ ਮੁਕਾਮ ਭਾਲਣ ਲਈ ਖ਼ੂਨੀ ਰਾਹਾਂ ਦੇ ਇਨਕਲਾਬ ਵੱਲ ਨੂੰ ਹੀ ਨਾ ਤੁਰ ਪੈਣ। ਇਸ ਸੰਦਰਭ ਵਿਚ **ਅਲਾਮਾ ਇਕਬਾਲ** ਨੇ ਲਿਖਿਆ ਹੈ ਕਿ :-

ਉਕਾਬੀ ਰੂਹ ਜਬ ਬੇਦਾਰ ਹੋਤੀ ਹੈ ਜਵਾਨੋਂ ਮੇਂ
ਨਜ਼ਰ ਆਤੀ ਹੈ ਉਨ ਕੋ ਅਪਨੀ ਮੰਜ਼ਿਲ ਆਸਮਾਨੋਂ ਮੇਂ।

ਦਰਹਕੀਕਤ ਮੌਜੂਦਾ ਸੂਰਤੇਹਾਲ ਵਿਚ ਪੰਜਾਬ ਵਿਚ ਨਸ਼ਿਆਂ ਦੀ ਖ਼ੁਰਾਫ਼ਾਤੀ ਇੱਲਤ ਤਾਂ ਹੁਣ ਸ਼ਰ੍ਹੇਆਮ ਨਸ਼ਰ ਹੋ ਕੇ ਸਿਰਫ਼ ਭਾਰਤ ਦੇ ਇਲੈਕਸ਼ਨ ਕਮਿਸ਼ਨ ਨੂੰ ਹੀ ਹੈਰਾਨ-ਪ੍ਰੇਸ਼ਾਨ ਨਹੀਂ ਕਰ ਰਹੀ, ਸਗੋਂ ਘਰ-ਘਰ ਵਿਚ ਹੁਣ ਇਸ ਘਾਤਿਕ ਕਹਿਰ ਦਾ ਸੰਤਾਪ ਹੰਢਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਮਹਾਂਮਾਰੀ ਵਰਗੀ ਸਮੱਸਿਆ ਨੂੰ ਖ਼ਤਮ ਕਰਨ ਦੇ ਬਿਲਕੁਟ ਉਲਟ ਹੁਣ ਤਾਂ ਸ਼ਰਾਬੀਆਂ ਤੇ ਨਸ਼ੇੜੀਆਂ ਨੂੰ ਕਿਸੇ ਬਹੁਤੇ ਫ਼ਿਕਰ-ਫ਼ਾਕੇ ਦੀ ਲੋੜ ਹੀ ਨਹੀਂ ਰਹੀ ਜਾਪਦੀ। ਗੌਰਤਲਬ ਹੈ ਕਿ ਪਿਛਲੇ ਦਹਾਕੇ ਦੀਆਂ ਚੋਣਾਂ ਵਿਚ ਨਸ਼ੇ ਵੰਡਣ ਦੇ ਹੁਣ ਤਕ ਜੋ ਮਿਆਰੀ ਰਿਕਾਰਡ ਸਥਾਪਿਤ ਹੋਏ ਹਨ, ਉਹ ਨਸ਼ੇ ਕਰਨ ਦੇ ਅੰਤਰਰਾਸ਼ਟਰੀ ਰਿਕਾਰਡਾਂ ਨੂੰ ਮਾਤ ਪਾਉਂਦੇ ਹਨ। ਫਿਰ ਹੁਣ ਤਾਂ ਸਿਆਸੀ ਬੰਦੇ ਖ਼ੁਦ ਹੀ ਹਰ ਆਉਣ ਵਾਲੀਆਂ ਚੋਣਾਂ ਵਿਚ ਪੁਰਾਣੇ ਰਿਕਾਰਡਾਂ ਨੂੰ ਤੋੜਨ ਲਈ ਨਵੇਂ ਟਾਰਗਿਟ ਤੇ ਨਵੀਆਂ ਸਕੀਮਾਂ-ਸਬੀਲਾਂ ਬਣਾਕੇ ਪ੍ਰਵਾਨ ਚੜ੍ਹਾਉਣ ਦੀ ਫ਼ਿਕਰ ਵਿਚ ਰਹਿੰਦੇ ਹਨ।

ਇਹ ਬਹੁਤ ਹੀ ਕੌੜੀ ਸੱਚਾਈ ਹੈ ਕਿ ਸਰਕਾਰ ਦੀ ਹੱਲਾਸ਼ੇਰੀ ਅਤੇ ਮਾੜੇ ਅਨਸਰਾਂ ਤੇ ਪ੍ਰਸ਼ਾਸਨ ਦੀ ਮਿਲੀ-ਭੁਗਤ ਦੇ ਕਾਰਨ ਹੁਣ ਨਸ਼ਿਆਂ ਦਾ ਛੇਵਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਦਰਿਆ ਹੁਣ ਪੰਜਾਬ ਵਿਚ 'ਸਮੁੰਦਰ' ਦਾ ਰੂਪ ਧਾਰਨ ਕਰ ਗਿਆ ਹੈ। ਇਸ ਲਈ ਹੁਣ ਕੋਈ ਨਹੀਂ ਕਹਿ ਸਕਦਾ ਕਿ ਪੰਜਾਬ ਵਿਚ ਕੋਈ ਸਮੁੰਦਰ ਨਹੀਂ ਹੈ, ਸਗੋਂ ਨਸ਼ਿਆਂ ਦੇ ਇਸ ਸਮੁੰਦਰ ਦੀਆਂ ਸੁਨਾਮੀ ਲਹਿਰਾਂ ਨੇ ਤਾਂ ਪੰਜਾਬ ਦੀਆਂ ਗਲੀ-ਮੁਹੱਲਿਆਂ ਤਕ ਲਹਿਰਾਂ-ਬਹਿਰਾਂ ਲਾ ਦਿੱਤੀਆਂ ਹਨ।

ਇਸ ਵਾਸਤੇ ਹੋਰ ਸਭ ਕਾਸੇ ਤੋਂ ਪਹਿਲਾਂ ਅੱਜ ਨਸ਼ਿਆਂ ਵਿਚ ਗਲਤਾਨ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਹਿੱਤ ਹੁਣ ਪੰਜਾਬ ਦੇ ਵਿਚ ਫੈਲ ਚੁਕੇ ਨਸ਼ਿਆਂ-ਪੱਤਿਆਂ ਦੇ ਦਾਵਾਨਲ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਜੰਗਲ ਦੀ ਅੱਗ ਵਾਂਗੂੰ ਫੈਲੇ ਨਸ਼ਿਆਂ ਨੇ ਪੰਜਾਬ ਦੀ ਅੱਧੀ ਤੋਂ ਵੱਧ ਜਵਾਨੀ ਖਾ ਲਈ ਹੈ। ਇਸ ਵਾਸਤੇ ਜੇ ਪੰਜਾਬ ਵਿਚ ਨਸ਼ਿਆਂ ਨੂੰ ਨੱਥ ਨਾ ਪਾਈ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਸੰਭਾਵੀ ਭਵਿੱਖ ਦੀ ਗੱਲ ਕਰਨੀ ਵੀ ਬੇਵਕੂਫ਼ੀ ਹੀ ਜਾਪੇਗੀ।

ਫਿਰ ਪੰਜਾਬ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਦੇ ਸਬੰਧ ਵਿਚ ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਜੀਵਨ ਵਿਚ ਸਾਡੇ ਪੁਰਖਿਆਂ ਦੀ ਜ਼ਿੰਦਗੀ ਵਾਲਾ ਸਬਰ ਤੇ ਸੰਤੋਖ ਬਿਲਕੁਲ ਖਤਮ ਹੋ ਚੁਕਾ ਹੈ। ਸਗੋਂ ਸਾਡਾ ਲਾਲਚ ਇੰਨਾਂ ਵਧ ਗਿਆ ਹੈ ਕਿ ਜ਼ਖੀਰੇਬਾਜ਼ਾਂ ਤੇ ਨਸ਼ਿਆਂ ਦੇ ਤਾਜਰਾਂ ਦਾ ਹਜ਼ਾਰਾਂ ਕਰੋੜ ਦੀ ਜਮ੍ਹਾਖੋਰੀ ਤੋਂ ਬਾਅਦ ਵੀ ਮਨ ਨਹੀਂ ਭਰਦਾ। ਇਸ ਲਈ ਬੱਸ ਸਾਨੂੰ ਸਵੇਰੇ-ਸ਼ਾਮ 'ਹੋਰ ਬਈ ਹੋਰ' ਬੱਸ ਦੰਮਾ-ਦਮ ਮਾਇਆ ਮੰਗਣ ਦੀ ਰੱਟ ਲੱਗੀ ਹੋਈ ਹੈ।

ਅੱਜ ਸਾਨੂੰ ਆਪਣੀਆਂ ਨਿੱਜੀ ਲੋੜਾਂ-ਗਰਜ਼ਾਂ ਤੇ ਲਾਲਚਾਂ ਤੋਂ ਉਪਰ ਉਠ ਕੇ ਆਪਣੇ ਦੇਸ਼ ਤੇ ਸਮਾਜ ਬਾਰੇ ਸੰਜੀਦਗੀ ਨਾਲ ਸੋਚਣ ਦੀ ਜ਼ਰੂਰਤ ਹੈ। ਇਸ ਪ੍ਰਸੰਗ ਵਿਚ ਸਿੱਖਾਂ ਤੇ ਪੰਜਾਬੀਆਂ ਦੀ ਪਛਾਣ ਦਾ ਮਸਲਾ ਪੰਜਾਬ ਤੋਂ ਲੈ ਕੇ ਦੇਸ਼ ਅਤੇ ਉਸ ਤੋਂ ਅੱਗੇ ਅੰਤਰਰਾਸ਼ਟਰੀ ਪੱਧਰ 'ਤੇ ਅਤਿ ਗੰਭੀਰ ਮਸਲਾ ਬਣ ਚੁਕਾ ਹੈ। ਇਉਂ ਹੀ ਸਾਨੂੰ ਲੋਕਾਂ ਨੂੰ ਨਿੱਤ ਦਿਹਾੜੇ ਦਰਪੇਸ਼ ਲੋਕਲ ਮੁੱਦਿਆਂ ਜਿਵੇਂ ਕਿ ਵਧਦੀ ਅਬਾਦੀ, ਭ੍ਰਿਸ਼ਟਾਚਾਰ, ਭਰੂਣ ਹੱਤਿਆ, ਨਾਰੀ ਜਗਤ ਦੀ ਦੁਰਗਤੀ, ਬੇਰੁਜ਼ਗਾਰੀ, ਗਰੀਬੀ ਤੇ ਕਿਰਸਾਣੀ ਦੀਆਂ ਸਮੱਸਿਆਵਾਂ ਨੂੰ ਨਿੱਠ ਕੇ ਨਜਿੱਠਣ ਦੀ ਲੋੜ ਹੈ।

ਇਸ ਤਰ੍ਹਾਂ ਹੀ ਪੰਜਾਬ ਦੀ ਖੇਤੀਬਾੜੀ ਤੇ ਦੇਸ਼ ਦੇ ਅੰਨਦਾਤੇ ਕਿਰਸਾਣਾਂ ਦੀ ਮੰਦਹਾਲੀ ਤੇ ਬਦਹਾਲੀ ਨੂੰ ਵੀ ਡੱਕਾ ਲਾਉਣ ਦੀ ਲੋੜ ਹੈ। ਸਿਤਮ ਇਹ ਹੈ ਕਿ ਅਸੀਂ 'ਅੰਨਦਾਤਾ ਪੰਜਾਬ' ਨੂੰ ਵੇਖਦੇ-ਵੇਖਦੇ ਹੀ ਪਹਿਲਾਂ ਕਰਜ਼ਾਈ ਤੇ ਹੁਣ ਮੰਗਤਾ ਬਣਾ ਲਿਆ ਹੈ। ਫਿਰ ਹੁਣ ਤਾਂ ਸਿਤਮਜ਼ਰੀਫ਼ੀ ਦੀ ਇੰਤਹਾ ਹੀ ਹੋ ਗਈ ਹੈ ਕਿ ਦੇਸ਼ ਦਾ 'ਅੰਨ-ਪਾਣੀ ਦਾਤਾ ਸਾਡਾ ਪੰਜਾਬ' ਇਕ ਲੱਖ ਕਰੋੜ ਤੋਂ ਵੀ ਵੱਧ ਰੁਪਏ ਦਾ ਕਰਜ਼ਾਈ ਹੋ ਕੇ ਮੰਗਤਿਆਂ ਦੀ ਕਤਾਰ ਵਿਚ ਸ਼ਰਮਿੰਦਾ ਹੋਇਆ ਖੜ੍ਹਾ ਹੈ। ਇਸ ਵਾਸਤੇ ਹੀ ਸਮਝਣ ਦੀ ਲੋੜ ਹੈ ਕਿ ਜੇ ਪੰਜਾਬ ਹੀ ਖੁਸ਼ਹਾਲ ਨਾ ਰਿਹਾ ਤਾਂ ਪੰਜਾਬ ਦੀ ਕਿਰਸਾਣੀ ਤਾਂ ਖੁਸ਼ਹਾਲੀ ਮਾਣ ਹੀ ਨਹੀਂ ਸਕਦੀ। ਇਸ ਸੂਰਤ ਵਿਚ ਨਾ ਤਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਖੁਸ਼ਹਾਲ ਪੰਜਾਬ ਰਹੇਗਾ ਅਤੇ ਨਾ ਹੀ ਖੁਸ਼ੀ-ਖੁਸ਼ਹਾਲੀ ਪੰਜਾਬ ਦੇ ਕਰੋੜਾਂ ਕਿਰਸਾਣਾਂ ਦਾ ਨਸੀਬਾ ਬਣ ਸਕੇਗੀ।

ਸਗੋਂ ਹੋਰ ਵੀ ਵੱਡੇ ਫ਼ਿਕਰ ਵਾਲੀ ਗੱਲ ਹੈ ਕਿ ਜੇ ਅਜੋਕੇ ਸਮੇਂ ਦੇ ਤਕਰੀਬਨ 70 ਫ਼ੀ-ਸਦੀ ਕਿਰਸਾਣ ਹੀ ਨਾ ਰਹੇ ਜਾਂ ਫਿਰ ਪੰਜਾਬੀਆਂ ਦੀ ਅਬਾਦੀ ਦੇ 50 ਫ਼ੀ-ਸਦੀ ਤੋਂ ਵੱਧ ਬਣਦੇ ਸਾਡੇ ਨੌਜਵਾਨਾਂ ਦਾ ਭਵਿੱਖ ਹੀ ਖਤਮ ਹੋ ਗਿਆ ਤਾਂ ਸਮੁੱਚੀ ਪੰਜਾਬੀਅਤ ਦਾ ਕੀ ਬਣੂੰ। ਇਸ ਲਈ ਅਸੀਂ ਹੁਣ ਫਿਰ ਆਪ ਹੀ ਸੋਚੀਏ ਕਿ ਜੇ ਸਾਡੇ ਤਤਕਾਲੀ ਮਸਲਿਆਂ ਦੇ ਸਿੜ੍ਹੀ-ਸਿਆਪੇਂ ਇਉਂ ਹੀ ਰਹੇ ਤਾਂ ਸਾਨੂੰ ਸਾਡਾ ਸੋਹਣਾ ਤੇ ਸ਼ਾਨਾਮੱਤਾ ਪੰਜਾਬ ਕਿੱਥੋਂ ਲੱਭੇਗਾ?

ਇਸ ਤਰ੍ਹਾਂ ਹੀ ਚਿਰ ਦੇਰ ਤੋਂ ਪੰਜਾਬ ਦੇ ਸਾਹਮਣੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਮਸਲੇ ਹਾਲੇ ਵੀ ਲਟਕ ਰਹੇ ਹਨ। ਸਿੱਖਾਂ ਤੇ ਪੰਜਾਬੀਆਂ ਦੀ ਪਛਾਣ, ਪੱਗ ਦੀ ਸ਼ਾਨ ਦੀ ਬਹਾਲੀ ਤੇ ਪਾਣੀਆਂ ਦਾ ਮਸਲਾ ਕੌਮਾਂਤਰੀ ਪੱਧਰ ਦੇ ਮਸਲੇ ਹਨ। ਇਸ ਤਰ੍ਹਾਂ ਹੀ ਕੌਮੀ ਪੱਧਰ 'ਤੇ ਨੈਤਿਕ ਕਦਰਾਂ-ਕੀਮਤਾਂ ਦੀ ਬਦਹਾਲੀ, ਪੰਜਾਬੀ ਮਾਂ ਬੋਲੀ ਦੀ ਦੁਰਦਸ਼ਾ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ, ਕਿਰਸਾਣੀ ਦੀ ਦੁਰਗਤੀ, ਆਰਥਿਕ ਮੰਦਹਾਲੀ, ਨਸ਼ਿਆਂ ਦੀ ਮਾਰ ਅਤੇ ਭਰੂਣ ਹੱਤਿਆ ਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਕਿ ਪੰਜਾਬ ਸਰਕਾਰ ਨੂੰ ਫੌਰੀ ਤੌਰ 'ਤੇ ਹੁਣ ਪਹਿਲ ਦੇਣ ਦੀ ਲੋੜ ਹੈ। ਇਸ ਤਰ੍ਹਾਂ ਹੀ ਗੌਰਤਲਬ ਹੈ ਕਿ ਖਾਸ ਕਰਕੇ ਸੰਨ 1975 ਤੋਂ ਬਾਅਦ ਵਧਦੀ ਅਬਾਦੀ ਨੂੰ ਰੋਕਣ ਵਾਸਤੇ ਨਾ ਤਾਂ ਦੇਸ਼ ਵਿਚ ਅਤੇ ਨਾ ਹੀ ਪੰਜਾਬ ਵਿਚ ਕਿਸੇ ਵੀ ਪਾਰਟੀ ਜਾਂ ਸਰਕਾਰ ਨੇ ਕੋਈ ਉਦਮ-ਉਪਰਾਲਾ ਕੀਤਾ ਹੈ। ਸਿਰੇ ਦਾ ਸੱਚ ਤਾਂ ਇਹ ਹੈ ਕਿ ਦੇਸ਼ ਵਿਚ ਵਧਦੀ ਅਬਾਦੀ ਅਤੇ ਰੋਜ਼ਾਨਾ ਦੇ ਹਿਸਾਬ ਨਾਲ ਵਧ ਰਹੇ ਭ੍ਰਿਸ਼ਟਾਚਾਰ ਨੇ ਪੰਜਾਬ ਤੇ ਪੰਜਾਬੀਆਂ ਦੀ ਬਹਿ-ਜਾ: ਬਹਿ-ਜਾ ਕਰਾ ਰੱਖੀ ਹੈ।

ਨਿਰਸੰਦੇਹ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਆਗੂਆਂ ਤੋਂ ਪੁਛੀਏ ਕਿ ਹੁਣ ਤਕ ਉਨ੍ਹਾਂ ਨੇ ਵਧਦੀ ਅਬਾਦੀ ਨੂੰ ਰੋਕਣ ਤੇ ਸਮਾਜ ਨਿਰਮਾਣ ਵਾਸਤੇ ਹੁਣ ਤਕ ਕੀ ਠੋਸ ਨਿੱਗਰ ਨੀਤੀਆਂ ਬਣਾਈਆਂ ਹਨ ਅਤੇ ਉਨ੍ਹਾਂ ਨੀਤੀਆਂ ਨੂੰ ਕਿੰਨਾਂ ਕੁ ਸਾਰਥਿਕ ਤੇ ਸੁਚਾਰੂ ਬਣਾਇਆ ਹੈ। ਇਸ ਤੋਂ ਵੀ ਵਧ ਆਪਣੇ ਆਗੂਆਂ ਨੂੰ ਖਾਸ ਕਰਕੇ ਚੋਣਾਂ ਤੋਂ ਪਹਿਲਾਂ ਇਹ ਸਵਾਲ ਕਰਨ ਦੀ ਲੋੜ ਹੈ ਕਿ ਉਨ੍ਹਾਂ ਨੇ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਦੀ ਬਹਾਲੀ ਤੇ ਪੰਜਾਬ ਦੇ ਅਮੀਰ ਸਭਿਆਚਾਰ ਵਾਸਤੇ ਪਹਿਲਾਂ ਕਿਹੜੇ ਯਤਨ ਕੀਤੇ ਹਨ। ਇਉਂ ਹੀ ਉਨ੍ਹਾਂ ਨੂੰ 'ਸੌ ਹੱਥ ਰੱਸਾ ਤੇ ਸਿਰੇ ਤੇ ਗੰਢ' ਅਨੁਸਾਰ ਇਹ ਪੁੱਛਣ ਦੀ ਲੋੜ ਹੈ ਕਿ ਉਨ੍ਹਾਂ ਨੇ ਅਜ ਤਕ ਆਪਣੇ ਰਾਜ-ਭਾਗ ਦੇ ਸੁਖ-ਅਨੰਦ ਤਾਂ ਮਾਣੇ ਹਨ, ਪਰ ਉਨ੍ਹਾਂ ਨੇ ਸਾਡੇ ਕੌਮੀ ਆਚਰਣ ਨੂੰ ਫਿਰ ਤੋਂ ਪੁਨਰ ਸੁਰਜੀਤ ਕਰਨ ਲਈ ਹੁਣ ਤਕ ਕੀ ਕੀਤਾ ਹੈ। ਇਹ ਕੁਝ ਅਜਿਹੇ ਸਵਾਲ ਹਨ ਕਿ ਜਿਨ੍ਹਾਂ ਬਾਰੇ ਹਰ ਚੋਣ ਤੋਂ ਪਹਿਲਾਂ ਆਪਣੇ



*Original with;*
Kulbir Singh Sidhu(I.A.S)
*Digitized by;*
Panjab Digital Library

ਸਿਆਸੀ, ਸਮਾਜਿਕ ਤੇ ਧਾਰਮਿਕ ਆਗੂਆਂ ਨੂੰ ਕੌਮ ਵੱਲੋਂ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਪਹਿਲਾਂ ਦੀ ਗੱਲ ਤਾਂ ਛੱਡੋ, ਪਰ ਇਸ ਪ੍ਰਥਾਇ ਹੁਣ ਹੀ ਆਪਣਾ ਆਸ਼ਾ-ਮੰਤਵ, ਇਰਾਦਾ ਤੇ ਮਨਸੂਬਾ ਦੱਸਣ ਦੀ ਖੇਚਲ ਕਰੋ ਅਤੇ ਹੁਣ ਉਨ੍ਹਾਂ ਦਾ ਕੀ ਇਰਾਦਾ ਤੇ ਮਨਸੂਬਾ ਹੈ।

ਅਜ ਸਾਨੂੰ ਆਪਣੇ ਆਗੂਆਂ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਸਾਡੀਆਂ ਘੋਰ ਅਣਗਹਿਲੀਆਂ ਦੇ ਕਾਰਨ ਇਕ ਪਾਸੇ ਪੰਜਾਬੀ ਮਾਂ ਬੋਲੀ ਦੀ ਬਦਹਾਲੀ ਹੋ ਰਹੀ ਹੈ ਤੇ ਦੂਜੇ ਪਾਸੇ ਕਿਰਸਾਣੀ ਦੀ ਮੰਦਹਾਲੀ ਦੇ ਕਾਰਨ ਖੇਤੀ ਘਾਟੇ ਵਾਲਾ ਸੌਦਾ ਬਣ ਚੁਕੀ ਹੈ। ਬੇਰੁਜ਼ਗਾਰੀ ਤੋਂ ਨਿਰਾਸ਼ ਤੇ ਹਤਾਸ਼ ਬੇਰੁਜ਼ਗਾਰ ਨੌਜਵਾਨੀ ਦਿਨ-ਰਾਤ ਦੇ ਹਿਸਾਬ ਨਾਲ ਨਸ਼ਿਆਂ-ਪੱਤਿਆਂ ਦੇ ਛੇਵੇਂ ਦਰਿਆ ਵਿਚ ਰੁੜ੍ਹ ਰਹੀ ਹੈ। ਸਾਡਾ ਨਾਰੀ ਸੰਸਾਰ ਸਾਡੀ ਬੇਕਿਰਕ ਬੇਰੁਖੀ ਦੇ ਕਾਰਨ ਭਰੂਣ ਹੱਤਿਆ ਤੋਂ ਲੈ ਕੇ ਅਣਖ ਲਈ ਹੋ ਰਹੇ ਕਤਲਾਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਵਾਸਤੇ ਅਜ ਆਪਣੇ ਆਗੂਆਂ ਨੂੰ ਦੱਸਣ ਦੀ ਬਜਾਏ ਪੁੱਛਣ ਦੀ ਲੋੜ ਹੈ ਕਿ ਇਸ ਪ੍ਰਥਾਇ ਇਨ੍ਹਾਂ ਨੇ ਹੁਣ ਤਕ ਕੀ ਕੀਤਾ ਹੈ ਤੇ ਅਗੇ ਇਨ੍ਹਾਂ ਕੋਲ ਕਿਹੜੀਆਂ ਠੋਸ ਸਕੀਮਾਂ ਹਨ।

ਅਜ ਸਮੇਂ ਦੀ ਮੰਗ ਹੈ ਕਿ 'ਅੰਨਦਾਤਾ-ਪੰਜਾਬ' ਦੇ ਅੰਨਦਾਤੇ ਕਿਰਸਾਣਾਂ ਨੂੰ ਸਬਸਿਡੀਆਂ ਦੇ ਸਹਾਰੇ ਜਿਉਂਦੇ ਮੰਗਤਿਆਂ ਜਿਹੀ ਸਥਿਤੀ ਵਿਚੋਂ ਕੱਢ ਕੇ ਮੁੜ ਤੋਂ ਸਵੈ-ਨਿਰਭਰ ਬਣਾਇਆ ਜਾਵੇ। ਅਜ ਸਚ-ਮੁੱਚ ਹੀ ਸਾਡੇ ਇਹ ਲੋਕ ਆਪਣੀਆਂ ਵੋਟਾਂ ਦੇ ਬਦਲੇ 'ਰੋਟੀਆਂ ਦਾ ਸਿਰਨਾਵਾਂ' ਮੰਗ ਰਹੇ ਹਨ। ਪੰਜਾਬ ਦੇ 46 ਲੱਖ ਪਰਿਵਾਰਾਂ ਵਿਚੋਂ 13 ਲੱਖ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ। ਫਿਰ ਦੁਖ ਦੀ ਗੱਲ ਹੈ ਕਿ ਮਹਿੰਗਾਈ ਛੜੱਪੇ ਮਾਰਕੇ ਵਧ ਰਹੀ ਹੈ। ਫਿਰ ਰਹਿਣ-ਸਹਿਣ ਦੀਆਂ ਬੁਨਿਆਦੀ ਸਹੂਲਤਾਂ ਰੇਟ ਦਿਨ-ਰਾਤ ਵਧ ਰਹੇ ਹਨ। ਇਉਂ ਬਿਜਲੀ, ਪਾਣੀ, ਬਸਾਂ ਦੇ ਕਿਰਾਏ ਤੇ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਇਸ ਲਈ ਹੀ ਪੰਜਾਬ ਦੇ 2 ਕਰੋੜ 77 ਲੱਖ ਲੋਕਾਂ ਵਿਚੋਂ ਤਕਰੀਬਨ ਇਕ ਕਰੋੜ ਆਦਮੀ ਅਜ ਗਰੀਬੀ ਰੇਖਾ ਤੋਂ ਥੱਲੇ ਹੋਣ ਦੇ ਕਾਰਨ ਰੋਟੀ ਤਾਂ ਮੰਗਦੇ ਹੀ ਹਨ, ਪਰ ਉਹ ਰੋਟੀ ਨਾਲੋਂ ਵੀ ਵੱਧ ਰੋਜ਼ੀ-ਰੋਜ਼ਗਾਰ ਦੀ ਮੰਗ ਕਰ ਰਹੇ ਹਨ।

ਇਸ ਵਾਸਤੇ ਸਾਨੂੰ ਕਿਰਸਾਣੀ ਤੇ ਨੌਜਵਾਨ ਵਰਗ ਵਾਸਤੇ ਰੋਜ਼ਗਾਰ ਦੇ ਨਵੇਂ-ਨਵੇ ਹੀਲੇ-ਵਸੀਲੇ ਤੇ ਸਾਧਨ ਪੈਦਾ ਕਰਨ ਦੀ ਲੋੜ ਹੈ। ਮੁੱਕਦੀ ਗੱਲ ਤਾਂ ਇਹ ਹੈ ਕਿ ਹੁਣ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸੰਭਾਲਣ ਤੇ ਸੰਵਾਰਨ ਦਾ ਸਮਾਂ ਆ ਚੁੱਕਾ ਹੈ। ਇਸ ਵਾਸਤੇ ਸਾਡੇ ਰਹਿਬਰ ਤੇ ਰਹਿਨੁਮਾ ਆਗੂਆਂ ਨੂੰ ਤਾਂ ਗੂੜ੍ਹੀ ਨੀਂਦ ਵਿਚੋਂ ਨਿਕਲਣ ਦੀ ਲੋੜ ਹੈ, ਪਰ ਇਸ ਦੇ ਨਾਲ ਹੀ ਸਮੁੱਚੇ ਪੰਜਾਬੀਆਂ ਨੂੰ ਵੀ ਅਜ ਜਾਗਰੂਕ ਹੋਣ ਦੀ ਲੋੜ ਹੈ। ਪੰਜਾਬੀਆਂ ਨੂੰ ਤੇ ਖਾਸ ਕਰਕੇ ਵੋਟਰਾਂ ਨੂੰ ਪਹਿਲਾਂ ਖੁਦ ਰੁਪਈਏ-ਪੈਸੇ ਤੇ ਦਾਰੂ-ਪਿਆਲੇ ਦੀਆਂ ਗਰਜ਼ਾਂ, ਲਾਲਚਾਂ ਤੇ ਖੁਸ਼ਾਮਦਾਂ



*Original with;*
Kulbir Singh Sidhu(I.A.S)
*Digitized by;*
Panjab Digital Library

ਨੂੰ ਛੱਡਣ ਦੀ ਲੋੜ ਹੈ। ਫਿਰ ਹੀ ਉਹ ਵਾਜਿਬ ਤੌਰ 'ਤੇ ਹੀ ਆਪਣੇ ਚੋਣ ਉਮੀਦਵਾਰਾਂ ਨੂੰ ਵੋਟ ਦੇਣ ਤੋਂ ਪਹਿਲਾਂ **ਸ਼ਹਾਬ ਜਾਫ਼ਰੀ** ਦੇ ਸ਼ਬਦਾਂ ਵਿਚ ਕਹਿ ਸਕਣਗੇ ਕਿ :-

ਤੂ ਇਧਰ ਉਧਰ ਕੀ ਨਾ ਬਾਤ ਕਰ ਯੇ ਬਤਾ ਕਿ ਕਾਫਿਲਾ ਕਿਊਂ ਲੁਟਾ,
ਮੁਝੇ ਰਾਹਜ਼ਨੋਂ ਸੇ ਗਰਜ਼ ਨਹੀਂ ਤੇਰੀ ਰਹਿਬਰੀ ਕਾ ਸੁਆਲ ਹੈ।

ਫਿਰ ਇਹ ਸੋਚਣ-ਵਿਚਾਰਨ ਵਾਲੀ ਗੱਲ ਹੈ ਕਿ ਕਿਸੇ ਵੀ ਕੌਮ ਤੇ ਸਮਾਜ ਦੀ ਇਹ ਇਕ ਬੁਨਿਆਦੀ ਲੋੜ ਹੁੰਦੀ ਹੈ ਕਿ ਉਹ ਆਪਣੇ ਗੁਰੂਆਂ, ਪੀਰਾਂ, ਸੰਤਾਂ ਤੇ ਪੂਜਨੀਕ ਪੁਰਖਿਆਂ ਦੀ ਸੰਸਕ੍ਰਿਤੀ ਤੇ ਸਭਿਆਚਾਰ ਨਾਲ ਆਪ ਜੁੜਣ ਤੇ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਆਪਣੇ ਵਡੇਰਿਆਂ ਬਾਰੇ ਜਾਣਕਾਰੀ ਦੇ ਕੇ ਆਪਣੇ ਮਹਾਨ ਵਿਰਸੇ ਨਾਲ ਜੋੜਣ। ਪਰ ਸਾਡੀਆਂ ਸਿੱਖਿਆ ਸੰਸਥਾਵਾਂ ਤੇ ਸਾਡੇ ਬੁੱਧੀਜੀਵੀ ਇਸ ਪੱਖੋਂ ਇਕ ਸ਼ੇਰ ਰੂੰ ਵਿਚੋਂ ਇਕ ਪੂਣੀ ਦੇ ਬਰਾਬਰ ਵੀ ਨਹੀਂ ਕੱਤ ਸਕੇ।

ਇਸ ਤੋਂ ਇਲਾਵਾ ਸਾਨੂੰ ਪੰਜਾਬੀ ਤਹਿਜ਼ੀਬ, ਸਭਿਆਚਾਰ, ਪੰਜਾਬੀ ਭਾਸ਼ਾ ਦੀ ਦੁਰਦਸ਼ਾ ਅਤੇ ਸਮਾਜ ਦੀ ਜੀਵਨਸ਼ੈਲੀ ਵਿਚ ਸਦਾਚਾਰ ਤੇ ਸਲੀਕੇ ਪ੍ਰਤੀ ਮਨਫ਼ੀ ਹੋ ਰਹੇ ਮੁੱਦਿਆਂ ਪਹਿਲ ਦੇ ਅਧਾਰ 'ਤੇ ਨਜਿੱਠਣਾ ਪਵੇਗਾ। ਇਸ ਵਾਸਤੇ ਸਾਨੂੰ ਆਪਣੇ ਸ਼ਾਨਾਮੱਤੇ ਸਭਿਆਚਾਰ ਤੇ ਸਾਡੇ ਪੁਰਖਿਆਂ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲਣ ਦੀ ਬੇਹੱਦ ਲੋੜ ਹੈ।

ਜ਼ਿਕਰਯੋਗ ਹੈ ਕਿ ਸਾਡੇ ਕੋਲ 'ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸਵਰੂਪ ਵਿਚ ਇਲਾਹੀ ਗੁਰਬਾਣੀ ਦੇ ਅਲੌਕਿਕ ਤੇ ਮਹਾਨ ਫ਼ਲਸਫ਼ੇ ਦੀ ਵਿਰਾਸਤ ਹੈ, ਪਰ ਅਫ਼ਸੋਸ ਹੈ ਕਿ ਅਸੀਂ ਇਸ ਵੱਡਮੁੱਲੀ ਦਾਤ ਦੀ ਅਹਿਮੀਅਤ ਨੂੰ ਹਾਲੇ ਤਕ ਆਪ ਵੀ ਨਹੀਂ ਸਮਝ ਸਕੇ। ਇਸ ਵਾਸਤੇ ਅਜ ਸਮੇਂ ਦੀ ਮੰਗ ਹੈ ਕਿ ਗੁਰਬਾਣੀ ਦੇ ਇਸ ਰੂਹਾਨੀ ਚਾਨਣ ਨਾਲ ਹਰ ਪੰਜਾਬੀ ਤੇ ਖਾਸ ਕਰਕੇ ਹਰ ਸਿੱਖ ਪਹਿਲਾਂ ਆਪਣੇ ਜੀਵਨ ਨੂੰ ਰੁਸ਼ਨਾਵੇ ਅਤੇ ਫਿਰ ਉਹ ਤਨੋਂ-ਮਨੋਂ ਸਿੱਖੀ ਦੇ ਆਦਰਸ਼ ਸਿਧਾਂਤਾਂ ਤੇ ਸੰਕਲਪਾਂ ਤੋਂ ਦੁਨੀਆਂ ਭਰ ਦੇ ਲੋਕਾਂ ਨੂੰ ਜਾਣੂੰ ਕਰਾਉਣ ਦਾ ਆਪਣਾ ਫਰਜ਼ ਨਿਭਾਵੇ। ਇਸ ਵਾਸਤੇ ਧਾਰਮਿਕ ਸੰਸਥਾਵਾਂ, ਧਰਮ-ਪ੍ਰਚਾਰ ਕਮੇਟੀਆਂ, ਸਰਕਾਰਾਂ ਤੇ ਸਾਡਾ ਸਭ ਦਾ ਫ਼ਰਜ਼ ਹੈ ਕਿ ਅਸੀਂ 'ਗੁਰਬਾਣੀ ਦੇ ਚਾਨਣ' ਨੂੰ ਸੰਸਾਰ ਦੀਆਂ ਚਹੁੰਕੂਟਾਂ ਵਿਚ ਦੁਨੀਆਂ ਤਕ ਪ੍ਰਚਾਰੀਏ ਤੇ ਪ੍ਰਸਾਰੀਏ ਅਤੇ ਇਹ ਹੀ ਸਾਡੇ ਜੀਵਨ ਦਾ ਮੁਖ ਸੰਕਲਪ ਦੇ ਉਦੇਸ਼ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ ਹੀ ਅਸੀਂ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਸਿਧਾਂਤ ਤੋਂ ਬੁਰੀ ਤਰ੍ਹਾਂ ਥਿੜਕੇ ਤੇ ਅਸਫਲ ਹੋਏ ਹਾਂ। ਇਸ ਵਾਸਤੇ ਸਾਡੀ ਵਿਦਿਅਕ ਪ੍ਰਣਾਲੀ ਨੂੰ ਵੀ ਸੋਧਾ ਲਾਉਣ ਦੀ ਲੋੜ ਹੈ। ਇਉਂ ਸਾਨੂੰ ਆਪਣੀਆਂ ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਸੋਧਣ ਤੋਂ ਇਲਾਵਾ ਆਪਣੇ ਇਤਿਹਾਸ ਤੇ ਸਾਹਿਤ ਨੂੰ ਸਹੀ ਪਰਿਪੇਖ ਵਿਚ ਲਿਆਉਣ ਉਪਰੰਤ ਦੁਨੀਆਂ ਵਿਚ ਨਸ਼ਰ ਕਰਨ ਦੀ ਵੀ ਬੇਹੱਦ ਜ਼ਰੂਰਤ ਹੈ। ਸਾਡਾ ਕੁਰਬਾਨੀਆਂ ਭਰਿਆ ਇਤਿਹਾਸ, ਅਮੀਰ ਸਾਹਿਤ, ਸ਼ਾਨਦਾਰ



*Original with;*
Kulbir Singh Sidhu(I.A.S)
*Digitized by;*
Panjab Digital Library

ਸਭਿਆਚਾਰ ਤੇ ਧਾਰਮਿਕ ਵਿਰਸਾ ਹੈ, ਪਰ ਸਾਡੀਆਂ ਸਰਕਾਰਾਂ, ਵਿਦਿਅਕ ਸੰਸਥਾਵਾਂ, ਖਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਧਾਰਮਿਕ ਸੰਸਥਾਵਾਂ, ਸੰਤ-ਮਹਾਤਮਾਂ, ਅਜੋਕੇ ਡੇਰਿਆਂ ਦੇ ਬਾਬੇ, ਬੁੱਧੀਜੀਵੀ ਤੇ ਅਸੀਂ ਸਾਰੇ ਹੀ ਇਸ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ ਬਿਲਕੁੱਲ ਅਸਫਲ ਰਹੇ ਹਾਂ।

ਜਦੋਂ ਕਿ ਅਸੀਂ ਸਾਰੇ ਹੀ ਇਹ ਵੀ ਜਾਣਦੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਗੁਰੂਆਂ, ਪੀਰਾਂ ਤੇ ਸ਼ਹੀਦਾਂ ਦੇ ਵਿਰਸੇ-ਵਿਰਾਸਤ ਨੂੰ ਅੱਗੇ ਦੁਨੀਆਂ ਨੂੰ ਨਹੀਂ ਦੱਸ ਸਕਦੀਆਂ, ਉਨ੍ਹਾਂ ਕੌਮਾਂ ਨੂੰ ਸੰਸਾਰ ਧੇਲੇ ਵੱਟੇ ਵੀ ਨਹੀਂ ਸਿਆਣਦਾ। ਇਸ ਵਾਸਤੇ ਸਾਨੂੰ ਸਭ ਨੂੰ ਤੇ ਖਾਸ ਕਰਕੇ ਸਾਡੀਆਂ ਸਰਕਾਰਾਂ ਤੇ ਧਾਰਮਿਕ ਤੇ ਸਮਾਜਿਕ ਆਗੂਆਂ ਨੂੰ ਇਹ ਸਾਰੇ ਕਾਰਜ ਹੁਣ ਬਿਨਾਂ ਸਮਾਂ ਗੁਆਏ ਤੁਰੰਤ ਹੀ ਸ਼ੁਰੂ ਕਰਨ ਦੀ ਲੋੜ ਹੈ।

ਫਿਰ ਇਸ ਤਰ੍ਹਾਂ ਹੀ ਸਾਨੂੰ ਆਪਣੇ ਸਮਾਜ ਦੇ ਵਿਗੜ ਚੁੱਕੇ ਸਭਿਆਚਾਰਕ ਤੇ ਖ਼ਾਸ ਕਰਕੇ ਸਮਾਜਿਕ ਤੇ ਰਾਜਨੀਤਿਕ ਮਾਹੌਲ ਨੂੰ ਥਾਂ-ਸਿਰ ਕਰਨ ਦੀ ਬੜੀ ਵੱਡੀ ਲੋੜ ਹੈ। ਹੁਣ ਇਹ ਗੱਲ ਵੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ ਕਿ ਹੁਣ ਪੰਜਾਬ ਦੀ ਹਰ ਸਮੱਸਿਆ ਦੀ ਜ਼ਿੰਮੇਵਾਰੀ ਹਰ ਵੇਲੇ ਕੇਂਦਰ ਸਰਕਾਰ 'ਤੇ ਸੁੱਟ ਕੇ ਪੰਜਾਬ ਦੇ ਵਿਕਾਸ ਦੀ ਕਹਾਣੀ ਸਿਰੇ ਨਹੀਂ ਚੜ੍ਹਨੀ। ਸਗੋਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਆਪਾ ਚੀਨਣ ਅਤੇ ਲੋਕ ਭਲਾਈ ਤੇ ਪੰਜਾਬ ਦੇ ਸਮੁੱਚੇ ਵਿਕਾਸ ਵਾਸਤੇ ਖੁਦ ਨੈਣ-ਪ੍ਰਾਣ ਥਾਵੇਂ-ਸਾਵੇਂ ਕਰਨ ਦੀ ਬੇਅੰਤ ਜ਼ਰੂਰਤ ਹੈ। ਪਰ ਇਸ ਸਭ ਕਾਸੇ ਵਾਸਤੇ ਸਾਨੂੰ ਵੀ ਤੇ ਖਾਸ ਕਰਕੇ ਚੋਣਕਾਰਾਂ ਨੂੰ ਹੁਣ ਵਧੀਆ ਤੇ ਕਾਬਿਲ ਸਿਆਸੀ ਆਗੂਆਂ ਨੂੰ ਚੁਣਨ ਸਬੰਧੀ ਆਪਣੀ ਸੋਚ ਤੇ ਵੋਟ ਪਾਉਣ ਦੀ ਪ੍ਰਕਿਰਿਆ ਨੂੰ ਸੋਧਾ ਲਾਉਣ ਦੀ ਬੇਹੱਦ ਲੋੜ ਹੈ।

ਫਿਰ ਇਸ ਤੋਂ ਇਲਾਵਾ ਹੁਣ ਇਥੇ ਸਾਡੇ ਰਾਜਨੀਤਿਕ ਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੂੰ ਵੀ ਨੋਟ ਤੇ ਵੋਟ ਦੀ ਮੂੜ੍ਹ-ਮੱਤ ਤੇ ਦੁਰ-ਮੱਤ ਦੀ ਸਿਆਸਤ ਕਰਨ ਦੀ ਥਾਂ ਗੁਰਮਤਿ ਦੀ ਸੰਥਾ 'ਮਨਿ ਜੀਤੈ ਜਗੁ ਜੀਤੁ' ਮਨਾਂ ਵਿਚ ਵਸਾਉਣ ਦੀ ਲੋੜ ਹੈ। ਇਸ ਵਾਸਤੇ ਹੁਣ ਇਹ ਸਮੇਂ ਦੀ ਪਹਿਲੀ ਮੰਗ ਹੈ ਕਿ ਅਸੀਂ ਪਹਿਲਾਂ ਆਪਣੀਆਂ ਲਾਲਸੀ ਤੇ ਲਾਲਚੀ ਮਨੋਵਰਿਤੀਆਂ 'ਤੇ ਕਾਬੂ ਪਾਈਏ ਤੇ ਉਪਰੰਤ ਆਪਣੇ ਲੋਕਾਂ ਦਾ ਮਨ ਜਿੱਤ ਕੇ ਰਾਜਸੀ ਰਾਜਭਾਗ ਦੇ ਤੌਰ-ਤਰੀਕਿਆਂ ਦੀ ਥਾਂ ਲੋਕ ਸੇਵਾ ਤੇ ਲੋਕ ਭਲਾਈ ਦੇ ਆਦਰਸ਼ਾਂ ਤੇ ਅਸੂਲਾਂ ਨੂੰ ਤਰਜੀਹ ਦੇਈਏ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ 'ਹਲੇਮੀ ਰਾਜ' ਦੀ ਬਕਾਇਮੀ ਕਰੀਏ। ਬੇਸ਼ੱਕ ਇਹ ਕਾਰਜ ਸੌਖਾ ਵੀ ਨਹੀਂ ਹੈ ਕਿਉਂਕਿ ਜ਼ਮਾਨੇ ਨੂੰ ਬਦਲਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ।

ਇਸ ਸਬੰਧ ਵਿਚ ਕਿਸੇ ਸ਼ਾਇਰ ਮਜਾਜ਼ ਲਖਨਵੀ ਨੇ ਵੀ ਕਿਹਾ ਹੈ ਕਿ "ਬਹੁਤ



*Original with;*
Kulbir Singh Sidhu(I.A.S)
*Digitized by;*
Panjab Digital Library

ਮੁਸ਼ਕਿਲ ਹੈ ਦੁਨੀਆਂ ਕਾ ਸੰਵਰਨਾ, ਤੇਰੀ ਜ਼ੁਲਫ ਕਾ ਪੇਚੋ-ਖ਼ਮ ਨਹੀਂ ਹੈ।" ਪਰ ਇਹ ਵੀ ਜ਼ਮਾਨੇ ਦਾ ਉਨਾ ਹੀ ਸੱਚ ਹੈ ਕਿ ਸਮਾਜ ਨੂੰ ਉਹ ਹੀ ਮਰਦੇ-ਮੁਜਾਹਿਦ ਬਦਲਦੇ ਹਨ ਜੋ ਕਿ ਬਕੌਲ ਸ਼ਾਇਰ **ਜਿਗਰ ਮੁਰਦਾਬਾਦੀ** ਕਹਿ ਸਕਣ ਕਿ 'ਹਮ ਕੋ ਮਿਟਾ ਸਕੇ ਯੇ ਜ਼ਮਾਨੇ ਮੇ ਦਮ ਨਹੀਂ; ਹਮ ਸੇ ਜ਼ਮਾਨਾ ਖ਼ੁਦ ਹੈ, ਜ਼ਮਾਨੇ ਸੇ ਹਮ ਨਹੀਂ।'

ਮੁਕਦੀ ਗੱਲ, ਜਿਹੜੇ ਲੋਕ ਆਪਣੇ ਸੁਆਰਥਾਂ ਤੋਂ ਉਪਰ ਉਠ ਕੇ ਪਰਸੁਆਰਥ ਲਈ ਜਿਉਂਦੇ ਹਨ, ਉਨ੍ਹਾਂ ਕੌਮ ਦੇ ਖ਼ੁਦਾਈ-ਖ਼ਿਦਮਤਗਾਰਾਂ ਅਤੇ ਸਮਾਜ ਦੇ ਨਿਸ਼ਕਾਮ ਸੇਵਕਾਂ ਨੂੰ ਬਕੌਲ **ਸਾਹਿਰ ਲੁਧਿਆਣਵੀ** ਇਹ ਵੀ ਵੱਡੀ ਤਸੱਲੀ ਹੁੰਦੀ ਹੈ ਕਿ "ਮਾਨਾ ਕਿ ਇਸ ਜਹਾਂ ਕੋ, ਨਾ ਗੁਲਜ਼ਾਰ ਕਰ ਸਕੇ; ਕੁਝ ਖ਼ਾਰ ਕਮ ਤੋ ਕਰ ਗਏ, ਗੁਜ਼ਰੇ ਜਿਧਰ ਸੇ ਹਮ।" ਸਗੋਂ **ਸੁਰਜੀਤ ਪਾਤਰ** ਤਾਂ ਇਨ੍ਹਾਂ ਦੇ ਵਡੱਪਣ ਦਾ ਬੜਾ ਸੋਹਣਾ ਖੁਲਾਸਾ ਕਰਦਾ ਹੋਇਆ ਕਹਿੰਦਾ ਹੈ:-

ਇੰਨਾਂ ਹੀ ਬਹੁਤ ਹੈ ਮੇਰੇ ਖ਼ੂਨ ਨੇ ਰੁੱਖ ਸਿੰਜਿਆ
ਕੀ ਹੋਇਆ ਜੇ ਪੱਤਿਆਂ 'ਤੇ ਮੇਰਾ ਨਾਮ ਨਹੀਂ ਹੈ।

ਇਸ ਵਾਸਤੇ ਇਉਂ ਸਾਨੂੰ ਖ਼ੁਦਾਈ-ਖ਼ਿਦਮਤਗਾਰ ਬਣਨ ਵਾਸਤੇ ਪਹਿਲਾਂ ਆਪਣੇ ਆਪ ਨੂੰ 'ਬੰਦਾ' ਬਣਾਉਣ ਦੀ ਲੋੜ ਹੈ। ਸਾਡੇ ਅਜੋਕੇ ਸਮਾਜਿਕ ਤੇ ਰਾਜਨੀਤਿਕ ਮਾਹੌਲ ਵਿਚ ਅਸੀਂ ਇਕ ਨਹੀਂ, ਸਗੋਂ ਕਈ ਕਾਰਨਾਂ ਕਰਕੇ ਸ਼ੈਤਾਨ ਦੇ ਚਰਖੇ ਜਿਹੇ ਬਣ ਕੇ ਸ਼ੈਤਾਨੀਅਤ ਤੇ ਅੱਗੇ ਹੈਵਾਨੀਅਤ ਨੂੰ ਪਹੁੰਚਦੇ ਜਾ ਰਹੇ ਹਾਂ। ਇਸ ਵਾਸਤੇ ਸਭ ਤੋਂ ਪਹਿਲਾਂ ਤਾਂ ਸਾਨੂੰ ਮਨੁੱਖ ਤੋਂ ਮਾਨਵ ਬਣਨ ਲਈ ਸ਼ੈਤਾਨੀ ਡਗਰ ਛੱਡਣ ਤੇ ਇਨਸਾਨੀਅਤ ਦੇ ਰਾਹ 'ਤੇ ਤੁਰਨ ਦੀ ਲੋੜ ਹੈ। ਇਸ ਵਾਸਤੇ ਸਾਨੂੰ ਪਹਿਲਾਂ ਆਪਣੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਬਹਾਲ ਕਰਨ ਦੀ ਵੀ ਲੋੜ ਹੈ ਤਾਂ ਕਿ ਅਸੀਂ ਬੰਦੇ ਤੋਂ ਇਨਸਾਨ ਬਣਨ ਲਈ 'ਗੋਬਿੰਦ-ਮਾਰਗ' ਦੇ ਧਰਮੀ ਪਾਂਧੀ ਬਣ ਸਕੀਏ।

ਜ਼ਾਹਿਰ ਹੈ ਕਿ ਅਜੋਕੇ ਪੰਜਾਬ ਦੇ ਸਾਹਮਣੇ ਲਾਹੌਰ ਦੇ ਬੁਰਜ ਜਿੰਨੀਆਂ ਉੱਚੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਖੜ੍ਹੀਆਂ ਹਨ। ਬੇਸ਼ੱਕ 'ਉੱਚਾ ਬੁਰਜ ਲਾਹੌਰ ਦਾ, ਕਿਤ ਬਿਧ ਦੀਵਾ ਧਰੀਏ' ਜਿਹੇ ਸਾਡੇ ਲੋਕਯਾਨ ਦੇ ਸੂਤਰ ਅਨੁਸਾਰ ਇਨ੍ਹਾਂ ਸਮੱਸਿਆਵਾਂ ਨਾਲ ਜੂਝਣਾ ਹੀ ਆਪਣੇ ਵਿਚ ਇਕ ਜੰਗ ਹੈ। ਫਿਰ ਇਸ ਜੰਗ ਵਿਚ ਫਤਿਹ ਹਾਸਿਲ ਕਰਨਾ ਤਾਂ ਹੋਰ ਵੀ ਔਖੀ ਗੱਲ ਜਾਪਦੀ ਹੈ, ਪਰ ਕੌਮ ਦੇ ਰਹਿਬਰ ਆਗੂਆਂ ਤੋਂ ਅਜ ਪੰਜਾਬੀਆਂ ਦੀ ਇਹ ਹੀ ਆਸ-ਉਮੀਦ ਹੈ ਕਿ ਸਾਡੇ ਇਹ ਮੀਰੇ-ਕਾਰਵਾਂ ਫਿਰ ਤੋਂ ਸਾਡੇ ਪੰਜਾਬ ਨੂੰ ਕੁਝ ਚਿਰ ਪਹਿਲਾਂ ਵਾਲੀ ਸਮਾਜਿਕ, ਸਭਿਆਚਾਰਕ ਤੇ ਆਰਥਿਕ ਖੁਸ਼ਹਾਲੀ ਦਿਵਾਉਣਗੇ। ਇਉਂ ਪੰਜਾਬੀ ਲੋਕ ਆਪਣੀ ਹੁਣ ਵਾਲੀ ਸੁਤ-ਉਨੀਂਦੀ ਅਵਸਥਾ ਵਿਚੋਂ ਨਿਕਲ ਕੇ ਦੁਬਾਰਾ ਤੋਂ ਸਭਿਆਚਾਰਕ ਖੁਸ਼ਹਾਲੀ ਨੂੰ ਆਪਣਾ ਨਸੀਬਾ ਬਣਾਉਣਗੇ।



*Original with;*
Kulbir Singh Sidhu(I.A.S)
*Digitized by;*
Panjab Digital Library

ਇਸ ਸੰਦਰਭ ਵਿਚ ਹੁਣ ਕੌਮ ਦੀ ਪੁਨਰ-ਉਸਾਰੀ ਦੇ ਇਸ ਸੰਘਰਸ਼ ਵਿਚ ਜਿੱਤ ਤੇ ਹਾਰ ਦਾ ਰੂਪ-ਸਵਰੂਪ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਅਸੀਂ ਕਿੰਨੀ ਦਿਆਨਤਦਾਰੀ ਨਾਲ ਆਪਣੇ ਸਮਾਜ ਨੂੰ ਦਿਸ਼ਾ ਤੇ ਦਸ਼ਾ ਦਿੰਦੇ ਹਾਂ। ਇਥੇ ਸਾਡੀਆਂ ਸਰਕਾਰਾਂ ਨੂੰ ਸਭ ਤੋਂ ਵੱਡੀ ਇਹ ਗੱਲ ਸਮਝਣ ਦੀ ਲੋੜ ਹੈ ਕਿ ਜੇ ਸਰਕਾਰਾਂ ਸਿਆਸੀ ਜਿੱਤ ਜਿੱਤਣ ਉਪਰੰਤ ਵੀ ਪੰਜਾਬ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਦੀ ਮੁਹਿੰਮ ਵਿਚ ਫੇਲ੍ਹ ਹੋ ਜਾਂਦੀਆਂ ਹਨ ਤਾਂ ਅਸਲ ਵਿਚ ਇਹ ਉਨ੍ਹਾਂ ਦੀ ਸਿਆਸੀ ਹਾਰ ਹੀ ਹੋਵੇਗੀ। ਫਿਰ ਦੂਜੇ ਪਾਸੇ ਮੰਨ ਲਉ ਕਿ ਇਸ ਸਭਿਆਚਾਰਕ ਇਨਕਲਾਬ ਦੇ ਉਦੇਸ਼ਾਂ ਤੇ ਆਸ਼ਿਆਂ ਨੂੰ ਹਾਸਿਲ ਕਰਨ ਵਿਚ ਜੇ ਕਿਤੇ ਖ਼ੁਦਾ ਨਾ ਖ਼ਾਸਤਾ ਰਾਜਸੱਤਾ ਵੀ ਗੁਆਉਣੀ ਪੈਂਦੀ ਹੈ ਤਾਂ ਸਰਕਾਰ ਦੀ ਇਹ ਹਾਰ ਵੀ ਪੰਜਾਬ ਦੇ ਮਹਾਨ ਯੋਧੇ ਪੋਰਸ ਵਾਂਗ ਸਿਕੰਦਰੀ ਤਾਕਤਾਂ ਦੇ ਖਿਲਾਫ਼ ਇਤਿਹਾਸ ਦੇ ਪੰਨਿਆਂ ਵਿਚ ਜਿੱਤ ਬਣ ਕੇ ਹੀ ਅੰਕਿਤ ਹੋਵੇਗੀ।

ਜ਼ਾਹਿਰ ਹੈ ਕਿ ਇਉਂ ਸਾਡੀ ਦੇਸ਼ ਨਿਰਮਾਣ ਤੇ ਕੌਮੀ ਪੁਨਰ-ਸੁਰਜੀਤੀ ਦੀ ਇਹ ਸੁਵੰਡਣੀ ਕਾਰਵਾਈ ਸਾਡੇ ਅਜੋਕੇ ਸਮਾਜ ਤੇ ਸਰਕਾਰ ਨੂੰ ਸਦੀਵੀ ਅਮਰਤਾ ਦੇ ਜਾਵੇਗੀ। ਇਉਂ ਹੀ ਲੋਕ ਭਲਾਈ ਦੇ ਸਾਡੇ ਇਹ ਸੁਵੰਡਣੇ ਕਾਰਜ ਅਜੋਕੇ ਸਮਾਜ ਦੀ ਕਾਰਗੁਜ਼ਾਰੀ ਨੂੰ ਅਮਰ ਬਣਾ ਦੇਣਗੇ। ਇਸ ਤਰ੍ਹਾਂ ਸਾਡੇ ਲੋਕ ਸੇਵਾ ਦੇ ਇਹ ਨੇਕ ਸੰਕਲਪ ਤੇ ਨੇਕ ਇਰਾਦੇ ਸਾਡੀਆਂ ਅਜੋਕੀਆਂ ਪੀੜ੍ਹੀਆਂ ਅਤੇ ਖ਼ਾਸ ਕਰਕੇ ਸਾਡੇ ਧਾਰਮਿਕ ਤੇ ਸਮਾਜਿਕ ਰਹਿਨੁਮਾਵਾਂ ਅਤੇ ਸਾਡੇ ਮੀਰੇ-ਕਾਰਵਾਂ ਬਣੇ ਸਿਆਸੀ ਆਗੂਆਂ ਨੂੰ 'ਹਰਿ ਕੀ ਪੌੜੀ' ਜਿਹੀ ਮੁਕਤੀਦਾਇਕ ਮੰਜ਼ਿਲ ਤਕ ਪਹੁੰਚਣ ਲਈ ਸਦੈਵ ਹੀ ਸਹਾਈ ਹੋਣਗੇ।

ਇਸ ਸਬੰਧ ਵਿਚ ਸਾਡੇ ਸਭ ਵਾਸਤੇ ਹੁਣ ਇਹ ਸਮਝ ਲੈਣ ਦਾ ਵੇਲਾ-ਵਕਤ ਹੈ ਕਿ ਮਨੁੱਖਾ ਜੀਵਨ ਵਿਚ ਸਾਤਵਿਕ ਸਿਫ਼ਤਾਂ-ਸਫ਼ੁਰਤੀਆਂ ਭਰਪੂਰ ਬਿਰਤੀਆਂ ਸਦਾ ਹੀ ਬੰਦੇ ਦੀਆਂ ਤਾਮਸਿਕ ਪ੍ਰਵਿਰਤੀਆਂ ਤੋਂ ਕਿਤੇ ਉਪਰ ਹੁੰਦੀਆਂ ਹਨ। ਇਸ ਤਰ੍ਹਾਂ ਹੀ ਨਾਦਰਸ਼ਾਹੀ, ਤਾਨਾਸ਼ਾਹੀ ਤੇ ਰਾਜਾਸ਼ਾਹੀ ਤੌਰ-ਤਰੀਕਿਆਂ ਨਾਲ ਰਾਜ ਕਰਨ ਨਾਲੋਂ ਦੈਵੀ ਸ਼ਕਤੀਆਂ ਦੀ ਸ਼ਰਨ ਵਿਚ ਰਹਿ ਕੇ 'ਹਲੇਮੀ ਰਾਜ' ਦੀ ਤਰਜ਼ 'ਤੇ ਕੌਮੀ ਉਸਾਰੀ ਤੇ ਦੇਸ਼ ਦਾ ਨਿਰਮਾਣ ਰੱਬ ਨੂੰ ਸਦਾ ਹੀ ਭਾਉਂਦਾ ਹੈ, ਜਿਸ ਕਰਕੇ ਸਾਡੇ ਇਹ ਨੇਕ ਸੰਕਲਪ ਤੇ ਇਰਾਦੇ ਦੋ ਜਹਾਨਾਂ ਵਿਚ ਇਥੇ-ਉਥੇ ਰੱਬ ਦੀ ਬਾਰਗਾਹ ਤੇ ਦਰਗਾਹਿ ਵਿਚ ਮਨਜ਼ੂਰ ਹੁੰਦੇ ਹਨ।

ਮੁੱਕਦੀ ਗੱਲ! ਸਾਡੇ ਸੋਹਣੇ ਪੰਜਾਬ ਦੀ ਸਰਜ਼ਮੀਨ 'ਤੇ ਅਜ ਕਿੰਨੀਆਂ ਹੀ ਭ੍ਰਿਸ਼ਟਾਚਾਰੀ ਬਿਜਲੀਆਂ ਦਾ ਕੱਟਕ ਚੜ੍ਹਿਆ ਹੋਇਆ ਹੈ। ਇਸ ਕਰਕੇ ਪੰਜਾਬੀ ਸਭਿਅਤਾ ਤੇ ਸੰਸਕ੍ਰਿਤੀ ਦੀ ਧਰੋਹਰ ਸਾਡੀ ਮਾਂ ਬੋਲੀ ਪੰਜਾਬੀ, ਸਾਡਾ ਸਾਹਿਤ, ਇਤਿਹਾਸ ਤੇ ਸਾਡਾ ਸ਼ਾਨਦਾਰ ਸਭਿਆਚਾਰਕ ਵਿਰਸਾ ਆਪਣੀਆਂ ਸੋਹਣੀਆਂ ਪ੍ਰੰਪਰਾਵਾਂ ਤੇ ਰਵਾਇਤਾਂ ਦੇ ਬਾਵਜੂਦ ਵੀ ਖੁਰਦਾ-ਭੁਰਦਾ ਜਾ ਰਿਹਾ ਹੈ। ਅਜ



*Original with;*
Kulbir Singh Sidhu(I.A.S)
*Digitized by;*
Panjab Digital Library

ਸਮੁੱਚੀ ਪੰਜਾਬੀਅਤ ਨੂੰ ਸਮੇਂ ਦੀ ਇਹ ਵੰਗਾਰ ਹੈ ਕਿ ਅਸੀਂ ਆਪਣੇ ਬੇਰੰਗ ਤੇ ਬਦਰੰਗ ਹੋ ਚੁਕੇ ਪੰਜਾਬੀ ਸਭਿਆਚਾਰ ਨੂੰ ਫਿਰ ਤੋਂ ਰਵਾਇਤੀ ਆਣ-ਬਾਣ ਤੇ ਸ਼ਾਨ ਦੇ ਸਕੀਏ।

ਅਕਾਲ ਪੁਰਖਿ ਦੇ ਦਰਿ 'ਤੇ ਅਰਦਾਸ-ਬੰਦਨਾ ਹੈ ਕਿ ਸਾਡਾ ਬਦਰੰਗ ਹੋ ਰਿਹਾ ਪੰਜਾਬੀ ਸਭਿਆਚਾਰ ਫਿਰ ਤੋਂ ਆਪਣੇ ਸੋਹਣੇ-ਸੁਹਾਵਣੇ ਰੰਗਾਂ ਵਿਚ ਆ ਸਕੇ, ਜਿਸ ਸਦਕਾ ਸਾਡਾ ਦਿਨ-ਬ-ਦਿਨ ਬੇਰੰਗ ਹੋ ਰਿਹਾ ਪੰਜਾਬ ਇਕ ਵਾਰ ਫਿਰ 'ਰੰਗਲਾ ਪੰਜਾਬ' ਬਣ ਜਾਵੇ।

ਸ਼ਾਲਾ! ਪੰਜਾਬੀ ਕੌਮ ਦੇ ਇਨ੍ਹਾਂ ਉੱਚੇ-ਸੁੱਚੇ ਅਕੀਦਿਆਂ ਦਾ ਵਾਹਿਗੁਰੂ ਨਿਗਾਹਬਾਨ ਹੋਵੇ ਤਾਂ ਕਿ ਅਸੀਂ ਆਪਣੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸੋਹਣੇ ਤੇ ਆਦਰਸ਼ ਸੰਕਲਪਾਂ ਦੀ ਤਾਬੀਰ ਤੇ ਤਾਮੀਰ ਕਰ ਸਕੀਏ।

ਇਤਿ ਵਾਰਤਾ।

*Original with;*
Kulbir Singh Sidhu(I.A.S)
*Digitized by;*
Panjab Digital Library

*Original with;*
Kulbir Singh Sidhu(I.A.S)
*Digitized by;*
Panjab Digital Library

*Original with;*
Kulbir Singh Sidhu(I.A.S)
*Digitized by;*
Panjab Digital Library

*Original with;*
Kulbir Singh Sidhu(I.A.S)
*Digitized by;*
Panjab Digital Library

Title Concept by:
**Kulbir Singh Sidhu**
Portrait by:
**Jarnail Singh Canada**

B-025039

*Original with;*
Kulbir Singh Sidhu(I.A.S)
*Digitized by;*
Panjab Digital Lib

**SANGAM PUBLICATIONS**
Sekhon Colony, Near Bus Stand
**Samana**-147101, Distt, Patiala (Pb.)
Ph. 01764-223047
Mob. 99151-03490, 98152-43917
**sangam541@gmail.com**

ISBN 93-83654-80-5
9 789383 654802

₹ 425/-